Digitized by Arya Samaj Foundation Chennai and eGangotri

100060

ਸਫ਼ਰਨਾਮਾ

ਸੰਤੋਖ ਸਿੰਘ ਧੀਰ

# ਮੇਰੀ ਇੰਗਲੈਂਡ ਯਾਤਰਾ

CC-0. In Public Domain. Gurukul Kangri Collection, Haridwar

ਸੰਤੋਖ ਸਿੰਘ ਧੀਰ

# ਮੇਰੀ ਇੰਗਲੈਂਡ ਯਾਤਰਾ

a Samaj Foundation Chennai
Domain. Gurukul Kangri Coll

Digitized by Arya Samaj Foundation Chennai and eGangotri

गुरुकुल कांगड़ी विश्वविद्यालय
कृपया पुस्तक के ऊपर कोई निशान आदि
न लगायें।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# पुस्तकालय

## गुरुकुल कांगड़ी विश्वविद्यालय, हरिद्वार

वर्ग संख्या ..........                                                  आगत संख्या............

पुस्तक-वितरण की तिथि नीचे अंकित है। इस तिथि सहित ३० वें दिन तक यह पुस्तक पुस्तकालय में वापिस आ जानी चाहिए। अन्यथा ५० पैसे प्रतिदिन के हिसाब से विलम्ब-दण्ड लगेगा। पुस्तक लेने के पहले पाठ्य पुस्तक की भली-भांति जांच कर लें। इश्यू होने के पश्चात फटी पुस्तक, विलुप्त पृष्ठो की कोई जिम्मेदारी पुस्तकालय की नहीं होगी।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੇਰੀ ਇੰਗਲੈਂਡ ਯਾਤਰਾ
(ਸਫ਼ਰਨਾਮਾ)

Forwarded Free of cost, and
with the compliments of the
Department of Education,
Govt. of India,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਲੇਖਕ ਦੀਆਂ ਹੋਰ ਰਚਨਾਵਾਂ

### ਕਹਾਣੀ-ਸੰਗ੍ਰਹਿ

ਸ਼ਰਾਬ ਦਾ ਗਲਾਸ, ਸਾਂਝੀ ਕੰਧ, ਸਵੇਰ ਹੋਣ ਤਕ,
ਸਿੱਟਿਆਂ ਦੀ ਛਾਂ

### ਕਾਵਿ-ਸੰਗ੍ਰਹਿ

ਅੱਗ ਦੇ ਪੱਤੇ, ਬਿਹਰੜੇ, ਪੱਤ ਝੜੇ ਪਰਾਣ,
ਧਰਤੀ ਮੰਗਦੀ ਮੀਂਹ ਵੇ, ਪਹੁ ਫੁਟਾਲਾ

### ਨਾਵਲ

ਉਹ ਦਿਨ, ਸ਼ਰਾਬੀ

### ਲੋਕ-ਸਾਹਿਤ

ਲੋਕ ਗੀਤਾਂ ਬਾਰੇ, ਪੰਜਾਬ ਦੀਆਂ ਲੋਕ ਕਹਾਣੀਆਂ

### ਅਨੁਵਾਦ

ਕਬੀਰ ਵਚਨਾਵਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਮੇਰੀ ਇੰਗਲੈਂਡ ਯਾਤਰਾ

DONATION

100060

ਸੰਤੋਖ ਸਿੰਘ ਧੀਰ

Forwarded Free of cost, and with the compliments of the Department of Education, Govt. of India,

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੱਕ ਰਾਖਵੇਂ ਹਨ

ਪਹਿਲੀ ਵਾਰ
ਜੁਲਾਈ, ੧੯੭੮

ਪ੍ਰਕਾਸ਼ਕ
ਆਰਸੀ ਪਬਲਿਸ਼ਰਜ਼
ਚਾਂਦਨੀ ਚੌਕ, ਦਿੱਲੀ

ਛਾਪਕ
ਅਵਾਮੀ ਪ੍ਰਿੰਟਿੰਗ ਪ੍ਰੈਸ
ਨਹਿਰੂ ਗਾਰਡਨ ਰੋਡ, ਜਲੰਧਰ

ਮੁੱਲ 1 50

ਧੰਨਵਾਦ
ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਵਲੋਂ ੩੫੦੦ ਰੁਪਏ ਦੀ ਰਕਮ ਗਰਾਂਟ ਵਜੋਂ ਦਿਤੀ ਗਈ ਹੈ। ਲੇਖਕ ਧੰਨਵਾਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੂਚੀ


| | |
|---|---|
| ਸੱਦਾ ਪੱਤਰ | ੯ |
| ਪਾਸਪੋਰਟ ਤੇ ਵੀਜ਼ਾ | ੧੧ |
| ਰਵਾਨਗੀ | ੧੫ |
| ਉਡਾਰੀ | ੨੨ |
| ਇੰਗਲੈਂਡ ਵਿਚ ਲਹਿਣਾ | ੩੦ |
| ਇੰਗਲੈਂਡ ਵਿਚ ਪਹਿਲੀ ਚਾਹ | ੩੭ |
| ਲੰਡਨ ਤੋਂ ਕਾਵੈਂਟਰੀ | ੪੩ |
| ਤਿੰਨ ਕਵਿਤਾਵਾਂ | ੪੮ |
| ਇੰਗਲੈਂਡ ਦੀ ਹਵਾ, ਪਾਣੀ ਅਤੇ ਬੀਅਰ | ੫੨ |
| ਲੰਡਨ ਵਿਚ ਛੇ ਦਿਨ | ੫੬ |
| ਕਾਵੈਂਟਰੀ ਗੁਰਦੁਆਰੇ ਵਿਚ | ੬੮ |
| ਸ਼ੈਕਸਪੀਅਰ ਦਾ ਘਰ | ੭੫ |
| ਬੀ. ਬੀ. ਸੀ. ਨਾਲ ਇੰਟਰਵਿਊ | ੮੧ |
| ਡੋਰਚੈਸਟਰ | ੯੭ |
| ਲਿਵਰਪੂਲ ਦੀ ਫੇਰੀ | ੧੦੫ |
| ਇੰਗਲੈਂਡ ਵਿਚ ਪੰਦਰਾਂ ਅਗਸਤ | ੧੧੫ |
| ਨੈਸ਼ਨਲ ਫਰੰਟ ਵਿਰੁੱਧ ਮੁਜ਼ਾਹਰਾ | ੧੨੩ |
| ਹਡਰਸਫ਼ੀਲਡ | ੧੨੬ |
| ਨੌਟਿੰਘਮ | ੧੩੩ |
| ਲੰਡਨ ਦਾ ਅਜਾਇਬ ਘਰ ਤੇ ਮੈਡਮ ਟੂਸਾਡਜ਼ | ੧੩੯ |
| ਲੰਡਨ ਦੀ ਆਰਟ ਗੈਲਰੀ | ੧੪੫ |
| ਇੰਗਲੈਂਡ ਵਿਚ ਭਾਰਤੀ ਪਰਵਾਸੀਆਂ ਦਾ ਜੀਵਨ | ੧੪੯ |
| ਇੰਗਲੈਂਡ ਵਿਚ ਹਰੀਜਨ ਵੀਰ | ੧੬੪ |


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦਾ ਮੁਸ਼ਾਇਰਾ ੧੭੦
ਇੰਗਲੈਂਡ ਅਤੇ ਭਾਰਤ ੧੭੯
"ਪਾਕਿਸਤਾਨੀ ਹਾਈ ਕਮਿਸ਼ਨਰ" ੨੦੧
ਕੁਝ ਅਜੀਬ ਵਤਨੀ ਭਾਈ ੨੦੫
ਇੰਗਲੈਂਡ ਦੀਆਂ ਕੁਝ ਵਿਕੋਲਿੱਤਰੀਆਂ ਯਾਦਾਂ ੨੧੬
ਕੁਝ ਬੜੇ ਹੀ ਕੀਮਤੀ ਹੀਰੇ ੨੪੦
ਕੁਝ ਬੱਚੇ ੨੫੦
ਵਾਪਸੀ ੨੫੬

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਗਾ ਅਤੇ ਥੇਮਜ਼

ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸੱਦਾ ਪੱਤਰ

੧੯੭੨ ਦੇ ਅਕਤੂਬਰ ਦੇ ਸ਼ੁਰੂ ਦੇ ਦਿਨ ਸਨ। ਕਾਵੇਂਟਰੀ (ਇੰਗਲੈਂਡ) ਤੋਂ ਪੰਜਾਬੀ ਕਵੀ ਹਰਭਜਨ ਸਿੰਘ ਬਿਰਕ ਦੀ ਇਕ ਚਿੱਠੀ ਆਈ। ਲਿਖਿਆ ਸੀ ਕਿ ਮੈਨੂੰ ਉਹ ਇੰਗਲੈਂਡ ਬੁਲਾਉਣਾ ਚਾਹੁੰਦੇ ਹਨ, ਮੈਂ ਪਰਵਾਨਗੀ ਪੱਤਰ ਭੇਜਾਂ। ਸਗੋਂ ਇਹ ਵੀ ਲਿਖਿਆ ਸੀ ਕਿ ਜੇ ਮੈਂ ਸੱਦਾ ਪੱਤਰ ਨੂੰ ਪਰਵਾਨ ਨਹੀਂ ਕਰਾਂਗਾ ਤਾਂ ਉਹਨਾਂ ਨੂੰ ਦੁੱਖ ਹੋਵੇਗਾ। ਬੜਾ ਹੀ ਪ੍ਰੇਮ-ਭਰਿਆ ਸੀ ਇਹ ਸੱਦਾ ਪੱਤਰ ਉਹਨਾਂ ਦਾ। ਮੈਨੂੰ ਬੜੀ ਹੀ ਖ਼ੁਸ਼ੀ ਹੋਈ।

ਅੱਜ ਤਕ ਮੈਂ ਕਦੇ ਕੋਈ ਪਰਦੇਸ ਨਹੀਂ ਸੀ ਦੇਖਿਆ। ਮੇਰੇ ਦਿਲ ਵਿਚ ਕਿਸੇ ਪਰਦੇਸ ਨੂੰ ਦੇਖਣ ਦਾ ਬੜਾ ਹੀ ਚਾਓ ਸੀ, ਪਰ ਮੌਕਾ ਨਹੀਂ ਬਣ ਰਿਹਾ ਸੀ। ਪਰਦੇਸ ਤਾਂ ਇਕ ਪਾਸੇ ਰਿਹਾ, ਆਪਣਾ ਸਾਰਾ ਦੇਸ ਵੀ ਮੈਂ ਦੇਖਿਆ ਹੋਇਆ ਨਹੀਂ ਸੀ। ਕਸ਼ਮੀਰ ਕਿੰਨਾ ਸੁੰਦਰ ਹੈ, ਉਹ ਵੀ ਨਹੀਂ ਸੀ ਦੇਖਿਆ। ਅਜੰਤਾ ਅਤੇ ਐਲੋਰਾ ਮੈਨੂੰ ਕਦੋਂ ਦੇ ਦੇਖਣੇ ਚਾਹੀਦੇ ਸਨ, ਉਹ ਵੀ ਮੈਂ ਨਹੀਂ ਦੇਖੇ ਸਨ। ਦੱਖਣ ਨਹੀਂ ਦੇਖਿਆ। ਇਥੋਂ ਤਕ ਕਿ ਜਦ ਤੋਂ ਪਾਕਿਸਤਾਨ ਪਰਦੇਸ ਬਣ ਗਿਆ ਹੈ, ਉਹ ਵੀ ਨਹੀਂ ਸੀ ਦੇਖਿਆ। ਲਾਹੌਰ ਅਤੇ ਅੰਮ੍ਰਿਤਸਰ ਵਿਚ ਬਹੁਤ ਹੀ ਥੋੜੀ ਵਿੱਥ ਹੈ—ਤੀਹ ਜਾਂ ਚਾਲੀ ਮੀਲਾਂ ਦੀ। ਵੰਡ ਤੋਂ ਪਹਿਲਾਂ ਰਾਵਲਪਿੰਡੀ ਤਕ ਮੈਂ ਘੁੰਮਿਆ ਹੋਇਆ ਸਾਂ। ਪੰਜਾ ਸਾਹਿਬ (ਹਸਨ ਅਬਦਾਲ) ਮੈਂ ਦੋ ਵਾਰ ਦੇਖਿਆ ਹੋਇਆ ਸੀ। ਮਰੀ (ਕੋਹ ਮਰੀ) ਵੀ ਦੇਖੀ ਹੋਈ ਸੀ। ਵੰਡ ਤੋਂ ਮਗਰੋਂ ਅੰਮ੍ਰਿਤਸਰ ਤਾਂ ਕਈ ਵਾਰ ਜਾ ਚੁੱਕਾ ਸਾਂ, ਪਰ ਪਰਦੇਸ ਬਣ ਚੁੱਕੇ ਹੋਏ ਲਾਹੌਰ ਨਹੀਂ ਜਾ ਸਕਿਆ ਸਾਂ। ਜੇ ਲਾਹੌਰ ਜਾਂ ਰਾਵਲਪਿੰਡੀ ਜਾਣ ਦਾ ਮੌਕਾ ਬਣ ਵੀ ਜਾਂਦਾ, ਤਾਂ ਵੀ, ਕੀ ਮੈਂ ਕਿਸੇ ਪਰਦੇਸ ਦੀ ਧਰਤੀ ਉਤੇ ਪੁੱਜ ਗਿਆ ਹੁੰਦਾ? ਨਹੀਂ, ਉਹ ਪਰਦੇਸ ਨਹੀਂ, ਉਹ ਤਾਂ ਮੇਰਾ ਦੇਸ ਹੀ ਸੀ ਜੋ ਟੁਕੜੇ ਕੀਤਾ ਗਿਆ ਸੀ।

ਮੈਂ ਸੱਦਾ ਪੱਤਰ ਦੀ ਪਰਵਾਨਗੀ ਭੇਜ ਦਿਤੀ ਸੀ। ਮੈਂ ਪਰਦੇਸ ਜਾਣਾ ਸੀ ਤੇ ਜਾਣਾ ਵੀ ਇੰਗਲੈਂਡ ਸੀ। ਮੈਨੂੰ ਇਸ ਦੀ ਖ਼ੁਸ਼ੀ ਸੀ। ਮੇਰੇ ਘਰ ਦੇ ਜੀਆਂ ਨੂੰ ਵੀ ਇਸ ਦੀ ਖ਼ੁਸ਼ੀ ਹੋਈ ਸੀ।

ਦੁਨੀਆਂ ਸਾਰੀ ਹੀ ਚੰਗੀ ਹੈ, ਪਰ ਕੁਝ ਇਕ ਮੁਲਕ ਅਜਿਹੇ ਹਨ ਜਿਨ੍ਹਾਂ ਦਾ ਨਾਂ ਕੁਝ ਵੱਡਾ ਹੈ। ਨਿਰਸੰਦੇਹ, ਇੰਗਲੈਂਡ ਅਜਿਹੇ ਮੁਲਕਾਂ ਵਿਚੋਂ ਇਕ ਹੈ।

ਅੰਗਰੇਜ਼ ਸਾਡੇ ਦੇਸ ਉਤੇ ਰਾਜ ਕਰਦੇ ਰਹੇ ਹਨ। ਮੈਂ ਉਹ ਅੰਗਰੇਜ਼ ਦੇਖੇ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਸਾਡੇ ਹਾਕਮ ਹੁੰਦੇ ਸਨ। ਪਰ ਕਹਿੰਦੇ ਸਨ ਕਿ ਉਹ ਅੰਗਰੇਜ਼ ਤੇ ਇੰਗਲਿਸਤਾਨ ਦਾ ਆਮ ਅੰਗਰੇਜ਼ ਦੋਵੇਂ ਬਿਲਕੁਲ ਵੱਖ ਹਨ। ਉਹ ਅੰਗਰੇਜ਼ ਹੋਰ ਸੀ ਜੋ ਰਾਜ ਕਰਦਾ ਹੁੰਦਾ ਸੀ, ਆਮ ਅੰਗਰੇਜ਼ ਬਿਲਕੁਲ ਹੋਰ। ਆਮ ਅੰਗਰੇਜ਼ ਬਹੁਤ ਸਾਦਾ, ਨਿਰਛਲ ਅਤੇ ਗ਼ਰੀਬ ਹੈ; ਜਿਵੇਂ ਸਾਰੀ ਦੁਨੀਆਂ ਵਿਚ ਹੀ ਆਮ ਅੱਵਾਮ ਹੁੰਦੇ ਹਨ। ਮੈਂ ਇਹਨਾਂ ਅੰਗਰੇਜ਼ਾਂ ਵਿਚਲਾ ਫ਼ਰਕ ਵੀ ਦੇਖਣਾ ਚਾਹੁੰਦਾ ਸਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਾਸਪੋਰਟ ਤੇ ਵੀਜ਼ਾ

ਇੰਗਲੈਂਡ ਜਾਣ ਲਈ ਰਸਤੇ ਵਿਚ ਸਮੁੰਦਰ ਝਾਗਣੇ ਪੈਂਦੇ ਹਨ। ਪਰ ਦੋ ਸਮੁੰਦਰ ਹੋਰ ਹਨ ਜੋ ਦੇਸ ਵਿਚ ਹੀ, ਖ਼ੁਸ਼ਕੀ ਉਤੇ, ਪਹਿਲਾਂ ਤਰਨੇ ਪੈਂਦੇ ਹਨ। ਇਹ ਪਾਸਪੋਰਟ ਤੇ ਵੀਜ਼ਾ ਹਨ।

੧੬ ਅਪਰੈਲ, ੭੩ ਨੂੰ ਮੈਂ ਰੀਜਨਲ ਆਫ਼ਿਸ, ਚੰਡੀਗੜ੍ਹ, ਵਿਚ ਪਾਸਪੋਰਟ ਲਈ ਅਰਜ਼ੀ ਦਿਤੀ। ਮੇਰਾ ਫ਼ਾਰਮ ਚੰਡੀਗੜ੍ਹ ਯੂਨੀਅਨ ਟੈਰੇਟਰੀ ਦੇ ਫ਼ਾਈਨਾਂਸ ਸਕੱਤਰ ਵਲੋਂ ਤਸਦੀਕ ਕੀਤਾ ਹੋਇਆ ਸੀ। ਆਸ ਸੀ ਕਿ ਮੈਨੂੰ ਫ਼ੌਰਨ ਪਾਸਪੋਰਟ ਮਿਲ ਜਾਵੇਗਾ। ਹਫ਼ਤਾ ਮਸੀਂ ਲੱਗੇਗਾ। ਪਰ ਲਗ ਭਗ ਇਸ ਨੂੰ ਡੇਢ ਜਾਂ ਪੌਣੇ ਦੋ ਮਹੀਨੇ ਲੱਗੇ ਸਨ।

ਏਨੇ ਵੱਡੇ ਅਫ਼ਸਰ ਦੀ ਤਸਦੀਕ ਹੀ ਉਂਜ ਤਾਂ ਕਾਫ਼ੀ ਸੀ; ਪਰ ਮੈਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੂੰ ਤੇ ਇਕ ਦੋ ਹੋਰ ਵਜ਼ੀਰਾਂ ਨੂੰ ਵੀ ਇਸ ਸੰਬੰਧੀ ਮਿਲਿਆ ਸਾਂ। ਉਹਨਾਂ ਨੇ ਫ਼ੋਨ ਕੀਤੇ ਤੇ ਆਖਿਆ ਕਿ ਮੈਨੂੰ ਛੇਤੀ ਪਾਸਪੋਰਟ ਦਿਤਾ ਜਾਵੇ। ਮੇਰੇ ਪਾਸਪੋਰਟ ਉਤੇ ੪ ਮਈ, ੧੯੭੩ ਦੀ ਤਾਰੀਖ਼ ਹੈ। ਪਰ ਪਾਸਪੋਰਟ ੩ ਜੂਨ, ੭੩ ਮੈਨੂੰ ਦਿਤਾ ਗਿਆ। ਕਿਉਂ? ਇਸ ਦਾ ਕਾਰਨ ਸੁਣੋ:

੩ ਮਈ, ੭੩ ਨੂੰ ਮੈਂ ਪਾਸਪੋਰਟ ਲਈ ਪੁੱਛਣ ਗਿਆ। ਪਾਸਪੋਰਟ ਦੇ ਦਫ਼ਤਰ ਵਲੋਂ ਮੈਨੂੰ ਆਖਿਆ ਗਿਆ ਸੀ ਕਿ ਮੈਨੂੰ ਪਰਸੋਂ, ਪੰਜ ਮਈ ਨੂੰ, ਪਾਸਪੋਰਟ ਮਿਲ ਜਾਵੇਗਾ, ਮੈਂ ਪੰਜ ਮਈ ਨੂੰ ਆਵਾਂ ਤੇ ਪਾਸਪੋਰਟ ਲੈ ਲਵਾਂ। ਪਰ ਜਦ ਮੈਂ ਪੰਜ ਤਰੀਕ ਨੂੰ ਗਿਆ ਤਾਂ ਮੈਨੂੰ ਉੱਤਰ ਮਿਲਿਆ ਕਿ ਉਹਨਾਂ ਵਲੋਂ ਮੇਰੇ ਕਾਗ਼ਜ਼ ਪੁਲਸ ਨੂੰ ਭੇਜੇ ਹੋਏ ਹਨ। ਪੁਲਸ ਦੀ ਰਿਪੋਰਟ ਆਇਆਂ ਹੀ ਪਾਸਪੋਰਟ ਮਿਲ ਸਕੇਗਾ।

ਮੈਂ ਇਤਰਾਜ਼ ਕੀਤਾ ਕਿ ਜਦੋਂ ਮੇਰੇ ਫ਼ਾਰਮ ਦੀ ਤਸਦੀਕ ਏਨੀ ਵੱਡੀ ਹੈ; ਮੁੱਖ ਮੰਤਰੀ, ਹੋਰ ਮੰਤਰੀ, ਜ਼ੁੰਮੇਵਾਰੀ ਲੈ ਰਹੇ ਹਨ; ਫੇਰ ਪੁਲਸ ਨੂੰ ਪੁੱਛਣ ਵਾਲੀ ਕਿਹੜੀ ਗੱਲ ਰਹਿ ਜਾਂਦੀ ਹੈ। ਪਰ ਦਫ਼ਤਰ ਦਾ ਜਵਾਬ ਸੀ ਕਿ ਉਹਨਾਂ ਲਈ ਮੁਸ਼ਕਲ ਹੁੰਦੀ ਹੈ। ਪੁਲਸ ਤੋਂ ਰਿਪੋਰਟ ਲੈਣੀ ਵੀ ਉਹਨਾਂ ਲਈ ਜ਼ਰੂਰੀ ਹੈ। ਨਹੀਂ ਤਾਂ ਮਗਰੋਂ ਪੁਲਸ ਉਹਨਾਂ ਨੂੰ ਤੰਗ ਕਰਨ ਲਗ ਜਾਂਦੀ ਹੈ। ਅੱਗੇ ਇਕ ਦੋ ਕੇਸਾਂ ਵਿਚ ਇਉਂ ਉਹਨਾਂ ਨਾਲ ਹੋ ਚੁੱਕਿਆ ਹੈ।

ਅਸਲ ਵਿਚ ਉਹ ਮੇਰੇ ਕਾਗ਼ਜ਼ ਮੰਤਰੀਆਂ ਦੇ ਫ਼ੋਨ ਆਉਣ ਤੋਂ ਪਹਿਲਾਂ ਭੇਜ ਚੁੱਕੇ ਸਨ। ਮੰਤਰੀਆਂ ਦੇ ਫ਼ੋਨਾਂ ਮਗਰੋਂ ਸ਼ਾਇਦ ਉਹਨਾਂ ਨੇ ਪੁਲਸ ਨੂੰ ਮੇਰੇ ਕਾਗ਼ਜ਼ਾਂ ਬਾਰੇ

Forwarded Free of cost, and with the compliments of the Department of Education, Govt. of India.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁੱਛਿਆ ਹੋਵੇ। ਉਹਨਾਂ ਇਹ ਵੀ ਕਿਹਾ ਸੀ ਕਿ ਚਾਰ ਤ੍ਰੀਕ ਨੂੰ ਪੁਲਸ ਵਲੋਂ ਉਹਨਾਂ ਨੂੰ ਫ਼ੋਨ ਆ ਗਿਆ ਸੀ ਕਿ ਅਜੇ ਮੇਰਾ ਪਾਸਪੋਰਟ ਮੈਨੂੰ ਈਸ਼ੂ ਨਾ ਕੀਤਾ ਜਾਵੇ। ਉਹਨਾਂ ਪੜਤਾਲ ਕਰਨੀ ਹੈ। ਉਹਨਾਂ ਦੀ ਪੜਤਾਲ ਤੋਂ ਮਗਰੋਂ ਪਾਸਪੋਰਟ ਦਿਤਾ ਜਾਵੇ।

ਪਾਸਪੋਰਟ ਚਾਰ ਮਈ ਨੂੰ, ਠੀਕ, ਤਿਆਰ ਹੋ ਗਿਆ ਸੀ ਤੇ ਇਸੇ ਲਈ ਮੈਨੂੰ ਪੰਜ ਮਈ ਨੂੰ ਆਉਣ ਲਈ ਆਖਿਆ ਗਿਆ ਸੀ, ਪਰ ਚਾਰ ਮਈ ਨੂੰ ਪੁਲਸ ਵਲੋਂ ਉਹਨਾਂ ਨੂੰ ਰੋਕੇ ਜਾਣ ਕਾਰਨ ਪੰਜ ਮਈ ਨੂੰ ਪਾਸਪੋਰਟ ਦਿਤਾ ਨਹੀਂ ਜਾ ਸਕਦਾ ਸੀ। ਇਸ ਲਈ ਹੁਣ ਪੁਲਸ ਦੀ ਰਿਪੋਰਟ ਦੀ ਉਡੀਕ ਸੀ।

ਪੁਲਸ ਦੀ ਰਿਪੋਰਟ ਆਉਣ ਨੂੰ ਕਾਫ਼ੀ ਦੇਰ ਲਗ ਰਹੀ ਸੀ। ਇਸ ਲਈ ਮੈਨੂੰ ਡੀ.ਆਈ.ਜੀ., ਸੀ.ਆਈ.ਡੀ. ਨੂੰ ਮਿਲਣਾ ਪਿਆ। ਫੇਰ ਰਿਪੋਰਟ ਛੇਤੀ ਆਈ। ਨਹੀਂ ਤਾਂ ਇਸ ਰਿਪੋਰਟ ਨੂੰ ਵੀ ਕਾਫ਼ੀ ਸਮਾਂ ਲਗ ਸਕਦਾ ਸੀ। ਇਉਂ ਮੈਨੂੰ ਪਾਸਪੋਰਟ ਲਈ ਚੰਡੀਗੜ੍ਹ ਦੇ ਅੱਠ ਕਿ ਦਸ ਚੱਕਰ ਮਾਰਨੇ ਪਏ ਸਨ।

ਇਕ ਵਾਰ ਇਕ ਉੱਚ ਅਧਿਕਾਰੀ ਨੇ ਮੇਰੀ ਫ਼ਾਈਲ ਦੇਖੀ ਤੇ ਮੈਨੂੰ ਪੈਰੋਂ ਕੱਢਦੇ ਕਿਹਾ : "ਉਹੋ, ਸਰਦਾਰ ਸਾਹਿਬ, ਤੁਹਾਡਾ ਕੇਸ ਤਾਂ ਬਹੁਤ ਖ਼ਰਾਬ ਹੈ! ਤੁਹਾਨੂੰ ਤਾਂ ਇੰਦਰਾ ਗਾਂਧੀ ਵੀ ਪਾਸਪੋਰਟ ਦੁਆ ਨਹੀਂ ਸਕਦੀ!"

"ਕਿਉਂ ਜਨਾਬ ? ਕੀ ਗੱਲ ?"

"ਤੁਹਾਡੀ ਤਾਂ ਰਿਪੋਰਟ ਹੀ ਅਜੇ ਪੁਲੀਸ ਵਲੋਂ ਨਹੀਂ ਆਈ।"

ਮੈਨੂੰ ਬਹੁਤ ਗ਼ੁੱਸਾ ਆਇਆ। ਇਹ ਅਧਿਕਾਰੀ ਮੈਨੂੰ ਕੁਝ ਬਦਨੀਅਤ ਜਿਹਾ ਵੀ ਜਾਪਿਆ। ਭਾਰਤ ਦੀ ਪ੍ਰਧਾਨ ਮੰਤਰੀ, ਇੰਦਰਾ ਗਾਂਧੀ, ਪਾਸਪੋਰਟ ਦੁਆਉਣ ਤੋਂ ਅਸਮਰਥ ਹੈ, ਇਹ ਅਧਿਕਾਰੀ ਚਾਹੇ ਤਾਂ ਪਾਸਪੋਰਟ ਦੇ ਸਕਦਾ ਹੈ, ਇਸ ਲਈ ਮੈਨੂੰ ਇਸ ਅਧਿਕਾਰੀ ਦੀ ਪੂਜਾ ਕਰਨੀ ਚਾਹੀਦੀ ਹੈ। ਮੈਨੂੰ ਇਸ ਅਧਿਕਾਰੀ ਨਾਲ ਕਾਫ਼ੀ ਝਗੜਾ ਕਰਨਾ ਪਿਆ। ਮੈਨੂੰ ਉਸਦੀ ਗੱਲ ਦਾ ਲਹਿਜਾ ਬਹੁਤ ਹੀ ਭੈੜਾ ਲੱਗਾ ਸੀ।

ਵੀਜ਼ਾ ਹਾਸਿਲ ਕਰਨ ਲਈ ਤਾਂ ਬਹੁਤ ਖ਼ੁਆਰ ਹੋਣਾ ਪਿਆ। ਬ੍ਰਿਟਿਸ਼ ਹਾਈ ਕਮਿਸ਼ਨ ਵਲੋਂ ਬਹੁਤ ਸਵਾਲ ਕੀਤੇ ਗਏ। ਸਵਾਲ ਵੀ ਬੜੇ ਹੀ ਬੇ-ਸਿਰ ਪੈਰੇ। ਬੀਵੀ, ਬੱਚੇ, ਧੀਆਂ, ਪੁੱਤਰ, ਸਭ ਦਾ ਸਭ ਕੁਝ ਪੁੱਛਿਆ ਗਿਆ। ਬੀਵੀ ਕੀ ਕੰਮ ਕਰਦੀ ਹੈ, ਬੱਚੇ ਕੀ ਕੁਝ ਕਰਦੇ ਹਨ, ਬੀਵੀ ਕਿਥੇ ਰਹਿੰਦੀ ਹੈ, ਬੱਚੇ ਕਿਥੇ ਰਹਿੰਦੇ ਹਨ, ਘਰ ਦੇ ਕਿੰਨੇ ਕਮਰੇ ਹਨ। ਇਕ ਸਵਾਲ ਇਹ ਵੀ ਸੀ :

"ਲੇਖਕ ਹੋ ?"

"ਹਾਂ ਜੀ।"

"ਕੀ ਕੁਝ ਲਿਖਦੇ ਹੁੰਦੇ ਹੋ ?"

"ਕਵਿਤਾਵਾਂ, ਕਹਾਣੀਆਂ, ਨਾਵਲ ਤੇ ਲੇਖ ਆਦਿ।"

"ਇੰਗਲੈਂਡ ਕਿਸ ਲਈ ਚੱਲੇ ਹੋ ?"

"ਸਿਰਫ਼ ਘੁੰਮਣ ਫਿਰਨ ਲਈ।"

"ਹੋਰ ਉਥੇ ਕੀ ਕਰੋਗੇ ?"


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
"ਆਪਣੇ ਲੋਕਾਂ ਨੂੰ ਮਿਲਾਂਗਾ।"

"ਹੋਰ . ?"

"ਮੀਟਿੰਗਾਂ ਵਿਚ ਬੋਲਾਂਗਾ।"

"ਕੀ ਬੋਲੋਗੇ ਮੀਟਿੰਗਾਂ ਵਿਚ ?"

"ਕਵਿਤਵਾਂ, ਕਹਾਣੀਆਂ ਤੇ ਲੈਕਚਰ ਆਦਿ ਵੀ ਦਿਆਂਗਾ।"

"ਕਵਿਤਾਵਾਂ ਗਾ ਕੇ ਪੜ੍ਹੋਗੇ ?"

"ਨਹੀਂ ਜੀ, ਉਂਜੇ ਹੀ, ਮੈਂ ਗਾਉਣ ਨਹੀਂ ਜਾਣਦਾ।"

"ਕਹਾਣਆਂ ਗਾ ਕੇ ਪੜ੍ਹੋਗੇ ?"

"ਨਹੀਂ ਜੀ", ਮੈਂ ਹਸਕੇ ਕਿਹਾ, "ਕਹਾਣੀਆਂ ਨਹੀਂ ਕੋਈ ਗਾਉਂਦਾ ਹੁੰਦਾ।"

"ਇਹ ਦੱਸੋ, ਨਾਵਲ ਅਤੇ ਕਹਾਣੀ ਵਿਚ ਕੀ ਫ਼ਰਕ ਹੈ ?"

ਮੈਨੂੰ ਕੁਝ ਹੈਰਾਨੀ ਹੋਈ। ਇਹ ਅੰਗਰੇਜ਼ ਆਖ਼ਿਰ ਮੈਨੂੰ ਕੀ ਸਵਾਲ ਪੁੱਛ ਰਿਹਾ ਹੈ ? ਪਰ ਮੈਂ ਫੇਰ ਵੀ ਉੱਤਰ ਦਿੱਤਾ :

"ਕਹਾਣੀ ਸਾਡੇ ਜੀਵਨ ਦਾ ਇਕ ਨਿੱਕਾ ਟੁਕੜਾ ਹੁੰਦੀ ਹੈ, ਨਾਵਲ ਪੂਰਾ ਜੀਵਨ।"

ਮੈਂ ਆਪਣੀ ਇਕ ਕਿਤਾਬ ਵੀ ਆਪਣੇ ਨਾਲ ਲੈ ਗਿਆ ਸਾਂ ਤਾਂ ਜੋ ਮੇਰੇ ਲੇਖਕ ਹੋਣ ਵਿਚ ਉਹਨਾਂ ਨੂੰ ਕੋਈ ਸ਼ੱਕ ਨਾ ਰਹੇ। ਉਸ ਨੇ ਉਸ ਕਿਤਾਬ ਨੂੰ ਚੁੱਕ ਕੇ ਏਧਰੋਂ ਉਧਰੋਂ ਦੇਖਿਆ ਤੇ ਫੇਰ ਪੁਛਿਆ :

"ਇਸ ਕਿਤਾਬ ਦਾ ਨਾਂ ਕੀ ਹੈ ?"

ਮੈਂ ਕਿਤਾਬ ਦਾ ਨਾਂ ਦੱਸ ਦਿੱਤਾ।

"ਇਹ ਨਾਂ ਕਿਉਂ ਰੱਖਿਆ ਹੈ ?"

"ਇਸ ਨਾਂ ਦੀ ਇਕ ਕਹਾਣੀ ਇਸ ਕਿਤਾਬ ਵਿਚ ਸ਼ਾਮਲ ਹੈ। ਉਸ ਕਹਾਣੀ ਦੇ ਨਾਂ ਉਤੇ ਮੈਂ ਇਸ ਦਾ ਨਾਂ ਰਖ ਦਿਤਾ ਹੈ।"

"ਇਸ ਵਿਚ ਕਿੰਨੀਆਂ ਕਹਾਣੀਆਂ ਹਨ ?"

ਮੈਂ ਸੂਚੀ ਵਾਲੇ ਪੰਨੇ ਉਤੇ ਉਸ ਨੂੰ ਗਿਣਕੇ ਦੱਸਦੇ ਕਿਹਾ : "ਪੰਦਰਾਂ।"

"ਇਸ ਤੋਂ ਬਿਨਾਂ ਹੋਰ ਤੁਸੀਂ ਕਿੰਨੀਆਂ ਪੁਸਤਕਾਂ ਲਿਖੀਆ ਹਨ ?"

ਮੈਂ ਦੂਜਾ ਪੰਨਾ ਥੱਲਦੇ ਕਿਹਾ : "ਇਹ ਹਨ ਜੀ ਕੁਲ ਕਿਤਾਬਾਂ ਜਿਹੜੀਆਂ ਹੁਣ ਤਕ ਛਪੀਆਂ ਹਨ। ਇਹ ਬਾਰਾਂ ਹਨ। ਗਿਆਰਾਂ ਇਸ਼ਤਿਹਾਰ ਵਿਚ ਤੇ ਬਾਰ੍ਹਵੀਂ ਇਹ—ਜੋ ਹੱਥ ਵਿਚ ਹੈ।"

ਫੇਰ ਸਭ ਕਿਤਾਬਾਂ ਦੇ ਨਾਂ ਤੇ ਫੇਰ ਉਸ ਅੰਗਰੇਜ਼ੀ ਵਿਚ ਇਹਨਾਂ ਨਾਵਾਂ ਦੇ ਤਰਜਮੇ ਪੁੱਛੇ।

ਇਹ ਅੰਗਰੇਜ਼ ਸਵਾਲ ਜਵਾਬ ਨਾਲੋ ਨਾਲ ਲਿਖ ਰਿਹਾ ਸੀ। ਕਈ ਵਾਰ ਉਸਨੇ ਮੇਰੇ ਪਾਸਪੋਰਟ ਨੂੰ ਦੇਖਿਆ ਤੇ ਕਿੰਨੀ ਵਾਰ ਸਪਾਂਸਰਸ਼ਿਪ ਨੂੰ। ਸਪਾਂਸਰਸ਼ਿਪ ਹਰਭਜਨ ਸਿੰਘ ਬਿਰਕ ਨੇ ਭੇਜੀ ਹੋਈ ਸੀ। ਪਰ ਏਥੇ ਇਕ ਗ਼ਲਤੀ ਸੀ। ਬਿਰਕ ਨੇ ਆਪਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੱਠੀਆਂ ਵਿਚ ਆਪਣਾ ਨਾਂ ਹਰਭਜਨ ਸਿੰਘ ਬਿਰਕ ਲਿਖਿਆ ਹੋਇਆ ਸੀ. ਪਰ, ਸਪਾਂਸਰਸ਼ਿਪ ਵਿਚ ''ਹਰਭਜਨ'' ਸਿੰਘ ਬਿਰਕ ਦੀ ਥਾਂ ਸਿਰਫ਼ ''ਭਜਨ'' ਸਿੰਘ ਬਿਰਕ ਸੀ। ਇਥੋਂ ਰੱਟਾ ਪੈ ਗਿਆ ਤੇ ਮੇਰਾ ਕੇਸ ਹੋਮ ਆਫ਼ਿਸ, ਲੰਡਨ, ਨੂੰ ਰੈਫ਼ਰ ਕੀਤਾ ਗਿਆ। ਲੰਡਨ ਕੇਸ ਚਲੇ ਜਾਣ ਨਾਲ ਵੀਜ਼ਾ ਖੂਹ ਵਿਚ ਡਿਗ ਪਿਆ।

ਮੈਨੂੰ ਦੋ ਜਾਂ ਤਿੰਨ ਮਹੀਨੇ ਦਾ ਸਮਾਂ ਦਿਤਾ ਗਿਆ ਸੀ। ਪਰ ਅੱਠ ਜਾਂ ਨੌਂ ਮਹੀਨੇ ਤਕ ਵੀ ਕੋਈ ਪਤਾ ਨਾ ਦਿਤਾ ਗਿਆ। ਇਸ ਦੌਰਾਨ ਮੈਂ ਕਈ ਇਕ ਚਿੱਠੀਆਂ ਬ੍ਰਿਟਿਸ਼ ਹਾਈ ਕਮਿਸ਼ਨ ਨੂੰ ਲਿਖੀਆਂ। ਪਰ ਇਹ ਚਿੱਠੀਆਂ ਲੋਹੇ ਦੀ ਦੀਵਾਰ ਨਾਲ ਮੱਥਾ ਮਾਰਨਾ ਸੀ। ਕੋਈ ਜਵਾਬ ਨਹੀਂ ਦਿਤਾ ਗਿਆ।

ਸੰਨ ਚੁਹੱਤਰ ਆ ਗਿਆ। ਮਾਰਚ ਦੇ ਅਖ਼ੀਰਲੇ ਹਫ਼ਤੇ ਫੇਰ ਮੈਂ ਜਤਨ ਸ਼ੁਰੂ ਕੀਤੇ। ਦੋ ਸਪਾਂਸ਼ਰਸ਼ਿਪਾਂ ਹੋਰ ਇੰਗਲੈਂਡ ਤੋਂ ਭੇਜੀਆਂ ਗਈਆਂ ਸਨ। ਇਕ ਗੁਰਦਿਆਲ ਸਿੰਘ ਗੁਰੂ ਦੀ ਸੀ ਤੇ ਇਕ ਗੁਰਦੀਪ ਮੁਠੱਡਾ ਦੀ। ਇਹਨਾਂ ਸਪਾਂਸਰਸ਼ਿਪਾਂ ਨਾਲ ਹੁਣ ਫੇਰ ਕੋਸ਼ਿਸ਼ ਹੋ ਸਕਦੀ ਸੀ।

ਗੁਰਮੁਖ ਸਿੰਘ ਮੁਸਾਫ਼ਰ, ਜਗਜੀਤ ਸਿੰਘ ਆਨੰਦ ਤੇ ਗ਼ਾਨ ਸਿੰਘ ਭੌਰਾ ਹੋਰਾਂ ਨੇ ਇਸ ਵਿਚ ਕਾਫ਼ੀ ਮਦਦ ਕੀਤੀ। ਤਿੰਨੇ ਪਾਰਲੀਮੈਂਟ ਦੇ ਮੈਂਬਰ। ਵੀਜ਼ੇ ਲਈ ਹੁਣ ਬਹੁਤ ਹੀ ਉੱਚੀਆਂ ਸਿਖਰਾਂ ਉਤੇ ਜਾਣਾ ਪਿਆ। ਬਦੇਸ਼ ਮੰਤਰੀ ਸਵਰਨ ਸਿੰਘ ਨਾਲ ਮੁਲਾਕਾਤ ਕਰਨੀ ਪਈ। ਉਸ ਦੀ ਮਦਦ ਨਾਲ ਹੀ ਵੀਜ਼ਾ ਖੂਹੋਂ ਬਾਹਰ ਕਢਿਆ ਗਿਆ।

ਪਾਰਲੀਮੈਂਟ ਦੇ ਕਾਗਜ਼ ਉਤੇ ਇਕ ਸਿਫ਼ਾਰਸ਼ੀ ਚਿੱਠੀ ਬ੍ਰਿਟਿਸ਼ ਹਾਈ ਕਮਿਸਨ ਨੂੰ ਲਿਖੀ ਗਈ ਜਿਸ ਵਿਚ ਲਿਖਿਆ ਗਿਆ ਸੀ ਕਿ ਮੈਂ ਇਗਲੈਂਡ ਕੇਵਲ ਘੁੰਮਣ ਫਿਰਨ ਲਈ ਹੀ ਚੱਲਿਆ ਹਾਂ ਤੇ ਮੇਰਾ ਉਥੇ ਰਹਿ ਜਾਣ ਦਾ ਕੋਈ ਇਰਾਦਾ ਨਹੀਂ ਹੈ। ਇਹ ਚਿੱਠੀ ਪਾਰਲੀਮੈਂਟ ਦੇ ਅੱਠਾਂ ਮੈਂਬਰਾਂ ਵਲੋਂ ਸੀ।

੨੯ ਅਪਰੈਲ, ੭੪ ਮੈਨੂੰ ਵੀਜ਼ਾ ਦਿਤਾ ਗਿਆ ਸੀ। ਤਿੰਨ ਕਿ ਚਾਰ ਚੱਕਰ ਮੈਨੂੰ ਦਿੱਲੀ ਦੇ ਮਾਰਨੇ ਪਏ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਰਵਾਨਗੀ

ਮੈਨੂੰ ਵੀਜ਼ਾ ਮਿਲਣ ਨਾਲ ਬੜੀ ਹੀ ਖ਼ੁਸ਼ੀ ਹੋਈ ਸੀ। ਮੇਰੇ ਘਰ ਦੇ ਜੀਆਂ ਨੂੰ ਤੇ ਮੇਰੇ ਦੋਸਤਾਂ ਮਿੱਤਰਾਂ ਨੂੰ ਵੀ ਬੜੀ ਹੀ ਖ਼ੁਸ਼ੀ ਹੋਈ ਸੀ। ਜਿਹੜੀ ਰਾਹ ਵਿਚ ਲੋਹੇ ਦੀ ਜਾਂ ਪੱਥਰ ਦੀ ਦੀਵਾਰ ਸੀ, ਉਹ ਢਹਿ-ਢੇਰੀ ਹੋ ਗਈ ਸੀ। ਹੁਣ ਰਸਤਾ ਬਿਲਕੁਲ ਸਾਫ਼ ਸੀ।

ਵੀਜ਼ਾ ਮਿਲਦੀ ਸਾਰ ਹੀ ਮੈਂ ਵਾਪਸ ਪਿੰਡ ਆ ਗਿਆ ਸਾਂ। ਬਾਰਾਂ ਮਈ ਨੂੰ ਮੇਰੀ ਇਕ ਲੜਕੀ ਦਾ ਵਿਆਹ ਸੀ। ਇਸ ਵਿਆਹ ਤੋਂ ਮਗਰੋਂ ਹੀ ਮੈਂ ਸੀਟ ਬੁੱਕ ਕਰਵਾਉਣੀ ਸੀ।

ਮਈ ਦੇ ਸ਼ੁਰੂ ਦੇ ਦਿਨਾਂ ਵਿਚ ਮੇਰੇ ਉਤੇ ਮਨੋ ਰੋਗ ਦਾ ਫੇਰ ਵਾਰ ਹੋ ਗਿਆ ਸੀ। ਇਹ ਬੀਮਾਰੀ ਕਾਫ਼ੀ ਚਿਰ ਤੋਂ ਮੈਨੂੰ ਤੰਗ ਕਰ ਰਹੀ ਹੈ। ਇਹ ਚੌਥੀ ਪੰਜਵੀਂ ਵਾਰੀ ਸੀ। ਬਾਰਾਂ ਮਈ ਦੇ ਨੇੜੇ ਤੇੜੇ ਮੇਰੇ ਮਨ ਨੂੰ ਢਹਿੰਦੀ ਕਲਾ ਨੇ ਘੇਰਾ ਪਾਇਆ ਹੋਇਆ ਸੀ। ਮੈਨੂੰ ਬੜੀ ਤਕਲੀਫ਼ ਹੋਈ। ਜੇ ਹੁਣ ਵੀਜ਼ਾ ਮਿਲਿਆ ਹੈ ਤਾਂ ਹੁਣ ਬੀਮਾਰੀ ਨੇ ਅਗੋਂ ਆ ਕੇ ਰਸਤਾ ਰੋਕ ਲਿਆ ਹੈ। ਮੇਰਾ ਹਾਲ ਤਾਂ ਉਹੀਓ ਹੈ: ਗ਼ਰੀਬ ਜੇ ਰੋਜ਼ੇ ਰਖਦਾ ਹੈ ਤਾਂ ਦਿਨ ਵੱਡੇ ਹੋ ਜਾਂਦੇ ਹਨ।

ਜੇ ਮੈਂ ਠੀਕ ਹੁੰਦਾ ਤਾਂ ਵਿਆਹ ਤੋਂ ਫ਼ੌਰਨ ਮਗਰੋਂ ਹੀ ਮੈਂ ਸੀਟ ਬੁੱਕ ਕਰਵਾਉਣੀ ਸੀ। ਪਰ ਹੁਣ ਮੇਰਾ ਸਭ ਤੋਂ ਪਹਿਲਾ ਕੰਮ ਇਲਾਜ ਕਰਵਾਉਣਾ ਸੀ ਤੇ ਕੁਝ ਕੁ ਠੀਕ ਹੋ ਕੇ ਹੀ ਮੈਂ ਸੀਟ ਬੁੱਕ ਕਰਵਾਉਣੀ ਸੀ।

ਪੀ. ਜੀ. ਆਈ. ਚੰਡੀਗੜ੍ਹ ਦੇ ਮਨੋਰੋਗ ਦੇ ਮਹਿਕਮੇ ਦੇ ਡਾਕਟਰ ਮੇਰੇ ਮਿੱਤਰ ਸਨ। ੧੯੭੨ ਵਿਚ ਮੈਂ ਜਦੋਂ ਬੀਮਾਰ ਹੋਇਆ ਸਾਂ ਤਾਂ ਪੀ. ਜੀ. ਆਈ. ਚੰਡੀਗੜ੍ਹ ਹੀ ਮੇਰਾ ਇਲਾਜ ਹੋਇਆ ਸੀ। ਲੇਖਕ ਕਰ ਕੇ, ਡਾਕਟਰਾਂ ਨੇ, ਪਿਆਰ ਅਤੇ ਦਿਲੀ ਸਤਿਕਾਰ ਨਾਲ ਮੇਰਾ ਇਲਾਜ ਕੀਤਾ ਸੀ ਅਤੇ ਉਹ ਮੇਰੇ, ਹੌਲੀ ਹੌਲੀ, ਮਿੱਤਰ ਹੀ ਬਣ ਗਏ ਸਨ।

ਮੈਂ ਪੀ. ਜੀ. ਆਈ. ਪਹੁੰਚਿਆ। ਡਾਕਟਰ ਖੰਨਾ ਤੇ ਡਾਕਟਰ ਕਾਲਾ ਮੇਰੇ ਬੜੇ ਹੀ ਮਿੱਤਰ ਸਨ। ਉਹਨਾਂ ਇਲਾਜ ਸ਼ੁਰੂ ਕੀਤਾ। ਕੁਝ ਕੁ ਦਿਨਾਂ ਵਿਚ ਹੀ ਮੈਨੂੰ ਕਾਫ਼ੀ ਫ਼ਾਇਦਾ ਹੋ ਗਿਆ। ਘੱਟੋ ਘੱਟ ਉਦਾਸੀ ਅਤੇ ਢਹਿੰਦੀ ਕਲਾ ਹੁਣ ਨਹੀਂ ਸੀ। ਅਸਾਵਾਂ, ਮੈਂ ਜ਼ਰੂਰ ਸਾਂ, ਪਰ ਖ਼ੁਸ਼ੀ ਅਤੇ ਉਤਸ਼ਾਹ ਵਿਚ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਈ ਦੇ ਅੰਤਲੇ ਹਫ਼ਤੇ ਵਿਚ ਮੈਂ ਦਿੱਲੀ ਸੀਟ ਬੁੱਕ ਕਰਵਾਈ। ੧੬ ਜੂਨ, ੭੪ ਨੂੰ ਸਵੇਰੇ ਸਵਾ ਪੰਜ ਵਜੇ ਜਹਾਜ਼ ਦੀ ਉਡਾਰੀ ਸੀ। ਮੇਰੀ ਇਕ ਖ਼ਾਹਿਸ਼ ਸੀ : ਮੇਰਾ ਜਹਾਜ਼ ਦਿਨ ਵਿਚ ਉੱਡੇ, ਤਾਂ ਜੁ, ਮੈਂ ਜਹਾਜ਼ ਵਿਚੋਂ ਕੁਲ ਪ੍ਰਕਿਰਤੀ ਦੇਖਦਾ ਜਾਵਾਂ। ਇਸ ਹਿਸਾਬ ਮੇਰੀ ਖ਼ਾਹਿਸ਼ ਪੂਰੀ ਤਾਂ ਹੋ ਗਈ ਸੀ, ਪਰ ਸਵਾ ਪੰਜ ਦਾ ਸਮਾਂ ਮੈਨੂੰ ਕਾਫ਼ੀ ਮੁਸ਼ਕਲ ਲਗਦਾ ਸੀ। ਸਵਾ ਪੰਜ ਦਾ ਮਤਲਬ ਸੀ, ਤਿੰਨ ਸਵਾ ਤਿੰਨ ਸਵੇਰੇ ਏਅਰਪੋਰਟ ਪਹੁੰਚਣਾ। ਪਰ ਜਿਵੇਂ ਵੀ ਸੀ, ਠੀਕ ਸੀ। ਆਖ਼ਿਰ ਮੇਰੀ ਮਰਜ਼ੀ ਨਾਲ ਜਹਾਜ਼ ਤਾਂ ਨਹੀਂ ਨਾ ਉੱਡਣਾ ਸੀ ?

ਜੂਨ ਦੇ ਸ਼ੁਰੂ ਦੇ ਦਿਨ ਸਨ। ਹੁਣ ਮੈਂ ਆਪਣੇ ਕੰਮਾਂ ਨੂੰ ਸਮੇਟਣ ਲੱਗਾ ਹੋਇਆ ਸਾਂ। ਦੋ ਜਾਂ ਤਿੰਨ ਦਿਨ ਪਹਿਲਾਂ ਹੀ ਮੈਂ ਦਿੱਲੀ ਲਈ ਚਲ ਪੈਣਾ ਸੀ। ਕੁਝ ਇਕ ਕੰਮ ਅਜਿਹੇ ਸਨ ਜੋ ਦਿੱਲੀ ਕਰਨ ਵਾਲੇ ਸਨ। ਇਕ ਤਾਂ ਕਰ ਵਿਭਾਗ ਤੋਂ ਮੈਂ ਇਨਕਮ ਟੈਕਸ ਕਲੀਅਰੈਂਸ ਦਾ ਸਰਟੀਫ਼ੀਕੇਟ ਲੈਣਾ ਸੀ। ਦੂਜੇ, ਮੈਂ ਜਹਾਜ਼ ਬਾਰੇ ਵੀ ਫੇਰ ਇਹ ਪਤਾ ਕਰਨਾ ਸੀ ਕਿ ਕੀ ਜਹਾਜ਼ ਨੀਯਤ ਸਮੇਂ ਅਨੁਸਾਰ ਹੀ ਉੱਡ ਰਿਹਾ ਹੈ ਜਾਂ ਅੱਗੇ ਪਿੱਛੇ ਹੋ ਗਿਆ ਹੈ। ਜਹਾਜ਼ ਦਾ ਪਤਾ ਕਰਨ ਤੋਂ ਬਾਅਦ ਇੰਗਲੈਂਡ ਨੂੰ ਤਾਰ ਦੇਣੀ ਸੀ ਕਿ ਏਨੇ ਵਜੇ ਚੱਲ ਕੇ ਮੈਂ ਏਨੇ ਵਜੇ ਪੁੱਜ ਰਿਹਾ ਹਾਂ।

ਕੁਝ ਇਕ ਕੰਮ ਹੋਰ ਵੀ ਸਨ ਜੋ ਇਹਨਾਂ ਤੋਂ ਮਗਰੋਂ ਕਰਨੇ ਸਨ। ਇਕ ਪੱਗ ਖ਼ਰੀਦਣੀ ਸੀ ਜੋ ਘੁੱਗੀ ਅਤੇ ਬਟੇਰੇ ਦੇ ਵਿਚਕਾਰ ਜਿਹੇ ਦੇ ਰੰਗ ਦੀ ਸੀ। ਇਹ ਪੰਜਾਬ ਵਿਚ ਮੇਰੇ ਨੇੜੇ ਕਿਤੋਂ ਵੀ ਨਹੀਂ ਮਿਲ ਸਕੀ ਸੀ। ਇਕ ਬੈਂਜੋ ਲੈਣਾ ਸੀ ਜੋ ਬਿਰਕ ਨੇ ਮੰਗਵਾਇਆ ਸੀ। ਕੁਝ ਕੁ ਅੰਬ ਵੀ ਲੈਣੇ ਸਨ ਜੋ ਇੰਗਲੈਂਡ ਲੈ ਜਾਣੇ ਸਨ। ਮੇਰੀਆਂ ਦੋ ਕਿਤਾਬਾਂ ਨਵਯੁਗ ਪਬਲਿਸ਼ਰਜ਼ ਨੇ ਛਾਪੀਆਂ ਸਨ। ਕੁਝ ਕੁ ਉਹ ਵੀ ਦਿੱਲੀ ਨਵਯੁਗ ਪ੍ਰੈਸ ਤੋਂ ਮੈਂ ਲੈਣੀਆਂ ਸਨ। ਇਹਨਾਂ ਸਾਰੇ ਕੰਮਾਂ ਨੂੰ ਇਕ ਪੂਰਾ ਦਿਨ ਲਗ ਸਕਦਾ ਸੀ। ਘੱਟੋ ਘੱਟ ਇਕ ਜਾਂ ਅੱਧਾ ਪਹਿਲਾਂ ਦੱਸੇ ਕੰਮਾਂ ਨੂੰ।

੧੪ ਜੂਨ, ੭੪ ਨੂੰ ਸਵੇਰੇ ਸੱਤ ਕੁ ਵਜੇ ਨਾਲ ਮੈਂ ਆਪਣੇ ਪਿੰਡੋਂ ਤੁਰਿਆ ਤੇ ਦਿੱਲੀ ਲਈ ਰਵਾਨਾ ਹੋਇਆ। ਮੇਰੇ ਨਾਲ ਮੇਰੇ ਕੁਝ ਨਜ਼ੀਕੀਆਂ ਨੇ ਵੀ ਜਾਣਾ ਸੀ। ਜਿਵੇਂ ਮੇਰਾ ਛੋਟਾ ਭਰਾ ਰਿਪੁਦਮਨ ਸਿੰਘ ਰੂਪ, ਮੇਰਾ ਜੁਆਈ ਬਲਜੀਤ ਪੰਨੂੰ, ਅਤੇ ਮੇਰੇ ਲੜਕੇ ਨਵਨੀਤ ਨੇ ਨਾਲ ਹੋਣਾ ਸੀ। ਉਹਨਾਂ ਨੇ ਮੈਨੂੰ ਦਿੱਲੀ ਤਕ ਜਹਾਜ਼ ਚੜ੍ਹਾਉਣ ਲਈ ਜਾਣਾ ਸੀ। ਘਰੋਂ ਅਸੀਂ ਚਾਰੇ ਜਾਣੇ ਦਿੱਲੀ ਲਈ ਰਵਾਨਾ ਹੋਏ।

ਅਸੀਂ ਮੰਡੀ ਗੋਬਿੰਦਗੜ੍ਹ ਤੋਂ ਦਿੱਲੀ ਦੀ ਸਿੱਧੀ ਬਸ ਫੜੀ। ਪਰ ਇਹ ਬਸ ਕਰਨਾਲ ਤੋਂ ਥੋੜਾ ਅੱਗੇ ਆ ਕੇ ਵਿਗੜ ਗਈ। ਕਾਫ਼ੀ ਚਿਰ ਉਡੀਕਣ ਮਗਰੋਂ ਦੂਜੀ ਬਸ ਤਬਦੀਲ ਕੀਤੀ। ਪਹਿਲੀ ਬਸ ਜੇ ਠੀਕ ਰਹਿੰਦੀ, ਅਸੀਂ ਡੇਢ ਜਾਂ ਦੋ ਕੁ ਵਜੇ ਦਿੱਲੀ ਪਹੁੰਚ ਜਾਣਾ ਸੀ। ਪਰ ਹੁਣ ਲਗ ਪਗ ਸਵਾ ਤਿੰਨ ਹੀ ਅਸੀਂ ਦਿੱਲੀ ਪਹੁੰਚ ਸਕੇ।

ਅਸੀਂ, ਦਿੱਲੀ ਪਹੁੰਚਦੀ ਸਾਰ, ਬਸ ਸਟੈਂਡ ਤੋਂ ਟੈਕਸੀ ਕਰ ਕੇ, ਕਰ ਵਿਭਾਗ ਦੇ ਦਫ਼ਤਰ ਗਏ। ਉਥੋਂ ਝਟ ਹੀ ਇਨਕਮ ਟੈਕਸ ਦਾ ਸਰਟੀਫ਼ੀਕੇਟ ਮਿਲ ਗਿਆ ਸੀ। ਫੇਰ, ਉਸੇ ਟੈਕਸੀ ਵਿਚ, ਜਹਾਜ਼ ਦਾ ਪਤਾ ਕਰਨ ਲਈ, ਆਰੀਆਨਾ ਅਫ਼ਗ਼ਾਨ ਏਅਰਲਾਈਨਜ਼ ਦੇ ਦਫ਼ਤਰ ਪਹੁੰਚ ਗਏ। ਜਹਾਜ਼ ਦਾ ਸਮਾਂ ਠੀਕ ਹੀ ਸੀ। ਸੋਲਾਂ ਜੂਨ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਵੇਰੇ ਸਵਾ ਪੰਜ ਵਜੇ ਉਡਾਰੀ ਸੀ ਤੇ ਉਸੇ ਸ਼ਾਮ ਲੰਡਨ ਉਸ ਨੇ ਪੰਜ ਵਜੇ ਪੁੱਜ ਜਾਣਾ ਸੀ। ਉੱਡਣਾ, ਸਵਾ ਪੰਜ ਸਵੇਰੇ, ਭਾਰਤੀ ਸਮੇਂ ਅਨੁਸਾਰ ਸੀ ਤੇ ਪੁੱਜਣਾ ਲੰਡਨ ਟਾਈਮ ਅਨੁਸਾਰ।

ਜਹਾਜ਼ ਦਾ ਪਤਾ ਕਰ ਕੇ ਅਸੀਂ ਟੈਕਸੀ ਵਿਚ ਹੀ ਪੋਸਟ ਐਂਡ ਟੈਲੀਗਰਾਫ਼ ਆਫ਼ਿਸ ਪੁੱਜੇ। ਇੰਟਰਨੈਸ਼ਨਲ ਤਾਰ ਘਰ ਤੋਂ ਬਿਰਕ ਦੇ ਨਾਂ ਤਾਰ ਦਿਤੀ। ਅੱਜ ਦੇ ਲਗ ਪਗ ਸਾਰੇ ਕੰਮ ਹੀ ਅਸੀਂ ਮੁਕਾ ਲਏ ਹੋਏ ਸਨ।

ਦਿੱਲੀ ਅਸੀਂ ਗੁਰਬਚਨ ਸਿੰਘ ਭੁੱਲਰ ਦੇ ਘਰ ਰਹਿਣਾ ਸੀ। ਅਸੀਂ ਟੈਕਸੀ ਕੀਤੀ ਤੇ ਨਿੰਮੜੀ ਕਾਲੋਨੀ ਗੁਰਬਚਨ ਸਿੰਘ ਭੁੱਲਰ ਦੇ ਘਰ ਚਲੇ ਗਏ।

ਬਲਦੇਵ ਸਿੰਘ ਰਿਪੁਦਮਨ ਦਾ ਇਕ ਬੜਾ ਹੀ ਗੂਹੜਾ ਦੋਸਤ ਹੈ ਜੋ ਲੁਧਿਆਣੇ ਰਹਿੰਦਾ ਹੈ। ਸਾਡੇ ਨਾਲ ਜਹਾਜ਼ ਚੜ੍ਹਾਉਣ ਲਈ ਉਹਨੇ ਵੀ ਦਿੱਲੀ ਆਉਣਾ ਸੀ। ਉਹਨੇ ਰਾਤ ਜਾਂ ਅੱਜ ਸਵੇਰੇ ਸਾਡੇ ਕੋਲ ਪੁੱਜ ਜਾਣਾ ਸੀ। ਪਰ ਉਹ ਪੱਛੜ ਗਿਆ ਸੀ ਤੇ ਹੁਣ ਉਹ ਸਿੱਧਾ ਲੁਧਿਆਣਿਓਂ ਦਿੱਲੀ ਹੀ ਪੁੱਜ ਗਿਆ ਸੀ। ਦਿੱਲੀ ਸਾਡੇ ਠਹਿਰਨ ਦਾ ਸਿਰਨਾਵਾਂ ਉਸ ਨੂੰ ਪਤਾ ਸੀ। ਅਸੀਂ ਨਿੰਮੜੀ ਪੁੱਜੇ ਤਾਂ ਅੱਗੇ ਸਾਥੋਂ ਪਹਿਲਾਂ ਹੀ ਬਲਦੇਵ ਪਹੁੰਚਿਆ ਹੋਇਆ ਸੀ।

ਅਗਲੇ ਦਿਨ ਅਸੀਂ ਦਿੱਲੀ ਦੇ ਬਾਕੀ ਰਹਿੰਦੇ ਕੰਮ ਮੁਕਾਏ। ਪੱਗ, ਬੈਂਜੋ, ਅੰਬ, ਕਿਤਾਬਾਂ, ਸਭ ਸਾਮਾਨ ਖ਼ਰੀਦਿਆ। ਦੋ ਏਅਰ ਬੈਗ ਖ਼ਰੀਦੇ। ਇਕ ਬੈਗ ਵੱਡਾ ਸੀ ਜਿਸ ਵਿਚ ਅੰਬ ਪਾਉਣੇ ਸਨ, ਇਕ ਉਸ ਤੋਂ ਛੋਟਾ ਸੀ ਜਿਸ ਵਿਚ ਕਿਤਾਬਾਂ ਜਾਂ ਹੋਰ ਸਾਮਾਨ ਪਾਉਣਾ ਸੀ। ਅਸੀਂ ਸ਼ਾਮ ਨੂੰ ਸੱਤ ਕੁ ਵਜੇ ਵਾਪਸ ਘਰ ਆ ਗਏ ਸਾਂ।

ਦੋ ਕੁ ਘੰਟੇ ਪਹਿਲਾਂ, ਅਸੀਂ, ਤਿੰਨ ਜਾਂ ਸਵਾ ਤਿੰਨ ਸਵੇਰੇ, ਏਅਰਪੋਰਟ ਜਾਣਾ ਸੀ। ਪਰ ਅਸੀਂ ਰਾਤ ਨੂੰ ਸੌਣ ਦਾ ਖ਼ਤਰਾ ਮੁੱਲ ਨਹੀਂ ਸਾਂ ਲੈਣਾ ਚਾਹੁੰਦੇ। ਇਸ ਲਈ ਅਸੀਂ ਰਾਤ ਨੂੰ ਹੀ ਲਗ ਪਗ ਦਸ ਜਾਂ ਗਿਆਰਾਂ ਕੁ ਵਜੇ ਏਅਰਪੋਰਟ ਪਹੁੰਚ ਗਏ। ਰਾਤ ਅਸੀਂ ਸਭ ਨੇ ਏਅਰਪੋਰਟ ਹੀ ਬਿਤਾਉਣੀ ਸੀ।

ਪਹਿਲੀ ਵਾਰ ਮੈਂ ਪਾਲਮ ਦਾ ਹਵਾਈ ਅੱਡਾ ਦੇਖਿਆ। ਅੱਡਾ ਕਾਫ਼ੀ ਸੁਹਣਾ ਸੀ। ਏਧਰ ਉਧਰ ਵੰਨ-ਸੁਵੰਨੇ ਕਾਊਚ ਡਹੇ ਹੋਏ ਸਨ।

ਮੈਨੂੰ ਕੁਝ ਥਕਾਵਟ ਅਤੇ ਨੀਂਦ ਮਹਿਸੂਸ ਹੋ ਰਹੀ ਸੀ। ਥੋੜੀ ਦੇਰ ਮਗਰੋਂ ਇਕ ਵੱਡਾ ਕਾਊਚ ਖ਼ਾਲੀ ਹੋਇਆ। ਮੈਂ ਆਪਣੀ ਪੱਗ ਉਤਾਰ ਕੇ ਫ਼ਰਸ਼ ਉੱਤੇ ਰੱਖੀ ਤੇ ਫੇਰ ਲੰਮਾ ਪੈ ਗਿਆ। ਬਾਕੀ ਸਾਰੇ, ਸਾਰੀ ਰਾਤ ਹੀ, ਮੇਰੇ ਲਈ ਜਾਗਦੇ ਰਹੇ ਸਨ।

ਸਵੇਰ ਦੇ ਦੋ ਕਿ ਢਾਈ ਸਨ। ਬਲਦੇਵ ਬੜੀ ਹੌਲੀ ਮੇਰੇ ਕਾਊਚ ਲਾਗੇ ਆਇਆ ਤੇ ਬੜੀ ਹੀ ਹੌਲੀ ਹੌਲੀ ਮੈਨੂੰ ਛੁਹਾਂ ਨਾਲ ਜਗਾਉਣ ਲੱਗਾ: "ਵੀਰ ਜੀ, ਉੱਠੋ, ਕਰੰਸੀ ਐਕਸਚੇਂਜ ਕਰਵਾਓ, ਆਵਾਜ਼ ਦਿਤੀ ਗਈ ਹੈ।" ਮੈਂ ਸੁੱਤ-ਉਣੀਂਦਾ ਉਠਿਆ ਤੇ ਫੇਰ ਥੋੜਾ ਟਹਿਕਣ ਲਗਾ। ਨੇੜੇ ਹੀ ਸਟੇਟ ਬੈਂਕ ਆਫ਼ ਇੰਡੀਆ ਦਾ ਕੈਬਿਨ ਸੀ। ਉਹਨਾਂ ਪ੯ ਰੁਪਏ ਲਏ ਤੇ ਮੈਨੂੰ ਤਿੰਨ ਪੌਂਡ ਦੇ ਦਿਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਸਮੇਂ ਤਕ ਮੇਰੇ ਠੰਡੇ ਕੱਪੜੇ ਪਹਿਨੇ ਹੋਏ ਸਨ। ਪਿੰਡੋਂ ਗਰਮ ਕੱਪੜੇ ਵੀ ਮੈਂ ਨਾਲ ਲਿਆਂਦੇ ਹੋਏ ਸਨ ਜੋ ਏਥੇ ਬਦਲੇ ਜਾਣੇ ਸਨ। ਇਹ ਕੰਬੀਨੇਸ਼ਨ ਸੂਟ ਸੀ।

ਫੇਰ ਮੈਂ ਟਾਇਲਟ ਗਿਆ ਤੇ ਕੱਪੜੇ ਬਦਲਣ ਲੱਗ ਪਿਆ। ਨਵਰੀਤ ਮੇਰੇ ਨਾਲ ਸੀ। ਹੁਣ ਮੈਂ ਕੋਟ, ਪਤਲੂਨ ਅਤੇ ਨਕਟਾਈ ਲਾ ਲਈ ਹੋਈ ਸੀ। ਜਦ ਮੈਂ ਬਾਹਰ ਆਇਆ ਤਾਂ ਅੱਗੇ ਨਾਲੋਂ ਭਾਰਾ ਅਤੇ ਚੁਸਤ ਜਿਹਾ ਹੋ ਗਿਆ ਸਾਂ। ਕੋਟ ਅਜੇ ਨਹੀਂ ਪੈਂਦਾ ਸੀ। ਇਹ ਮੈਂ ਲਾਹ ਕੇ ਆਪਣੀ ਖੱਬੀ ਬਾਂਹ ਉੱਤੇ ਰੱਖ ਲਿਆ ਸੀ।

ਤਿੰਨ ਕੁ ਵਜੇ ਆਵਾਜ਼ ਪਈ ਕਿ ਆਰੀਆਨਾ ਅਫ਼ਗਾਨ ਰਾਹੀਂ ਇੰਗਲੈਂਡ ਜਾਣ ਵਾਲੇ ਮੁਸਾਫ਼ਰ ਬੂਹਿਓਂ ਅੰਦਰ ਲੰਘ ਆਉਣ। ਅਸੀਂ ਸਾਮਾਨ ਚੁੱਕਿਆ ਤੇ ਬੂਹੇ ਵਲ ਨੂੰ ਜਾਣ ਲਗੇ। ਅੱਗੇ ਸਿਰਫ਼ ਮੁਸਾਫ਼ਰ ਨੂੰ ਹੀ ਜਾਣ ਦੀ ਆਗਿਆ ਹੁੰਦੀ ਹੈ, ਛੱਡਣ ਆਏ ਲੋਕਾਂ ਨੂੰ ਨਹੀਂ।

ਮੈਂ ਸਾਮਾਨ ਤੁਲਾਉਣ ਲਈ ਇਕ ਪਾਲ ਵਿਚ ਖਲੋਤਾ ਸਾਂ ਤੇ ਹੌਲੀ ਹੌਲੀ, ਸਣੇ ਸਾਮਾਨ, ਅੱਗੇ ਵਧਦਾ ਜਾਂਦਾ ਸਾਂ। ਰਿਪੁਦਮਨ, ਬਲਜੀਤ, ਬਲਦੇਵ, ਭੁੱਲਰ, ਸਭ ਮਹਿਸੂਸ ਕਰਦੇ ਸਨ ਕਿ ਜੇ ਇਜਾਜ਼ਤ ਹੋਵੇ, ਉਹ ਆਪ ਅੰਦਰ ਆ ਕੇ ਮੇਰੀ ਇਸ ਕੰਮ ਵਿਚ ਮਦਦ ਕਰਨ। ਪਰ ਇਹ ਹੋ ਨਹੀਂ ਸਕਦਾ ਸੀ।

ਇਸ ਸਮੇਂ ਉਹ ਸਾਰੇ ਲੋਹੇ ਦੇ ਜੰਗਲੇ ਪਿੱਛੇ ਖੜੇ ਸਨ ਤੇ ਮੇਰੇ ਵਲ ਉਹ ਸਾਰੇ ਜਣੇ ਏਕਣ ਦੇਖ ਰਹੇ ਸਨ ਜਿਵੇਂ ਕਿਸੇ ਕੈਦੀ ਨੂੰ ਮੁਲਕਾਤੀ ਦੇਖਦੇ ਹੁੰਦੇ ਹਨ। ਮੈਂ ਪਰਦੇਸ ਜਾ ਰਿਹਾ ਸਾਂ, ਭਾਵੇਂ ਕੁਝ ਮਹੀਨਿਆਂ ਲਈ ਹੀ ਖ਼ੁਸ਼ੀ ਨਾਲ ਜਾ ਰਿਹਾ ਸਾਂ, ਤਾਂ ਵੀ, ਮੇਰੇ ਮਨ ਵਿਚ ਇਕ ਉਦਰੇਵਾਂ ਜਿਹਾ ਆ ਗਿਆ ਸੀ। ਮੈਂ ਪਾਲ ਵਿਚੋਂ ਤੁਰ ਕੇ ਉਹਨਾਂ ਨੂੰ ਫੇਰ ਮਿਲਣ ਲਈ ਆ ਗਿਆ। ਰਿਪੁਦਮਨ ਨੂੰ ਮੈਂ ਆਖਿਆ ਕਿ ਘਰ ਵਿਚ ਚੰਗੀ ਤਰ੍ਹਾਂ ਰਹਿਣਾ। ਨਵਰੀਤ ਨੂੰ ਮੈਂ ਆਖਿਆ ਕਿ ਆਪਣੇ ਚਾਚੇ ਦਾ ਕਹਿਣਾ ਮੰਨੀ। ਭੁੱਲਰ ਨੂੰ ਮੈਂ ਪਹਿਲਾਂ ਘੁੱਟ ਕੇ ਜੱਫੀ ਪਾ ਕੇ ਮਿਲਿਆ ਸਾਂ, ਪਰ ਹੁਣ ਫੇਰ ਵੀ ਹੱਥ ਮਿਲਾਇਆ। ਬਲਦੇਵ ਦੇ, ਰਿਪੁਦਮਨ ਵਾਂਗ ਹੀ, ਮੋਢੇ ਉਤੇ ਹੱਥ ਰੱਖਿਆ। ਬਲਜੀਤ ਨੀਵਾਂ ਹੋਇਆ ਤੇ ਉਸ ਨੂੰ ਮੈਂ ਪਿਆਰ ਦਿਤਾ। ਆਖ਼ਿਰ ਮੋਹ ਨੂੰ ਤੋੜ ਕੇ ਮੈਂ ਫੇਰ ਕਤਾਰ ਵਿਚ ਆ ਖਲੋਇਆ। ਹੌਲੀ ਹੌਲੀ ਇਹ ਕਤਾਰ ਅੱਗੇ ਵਧਦੀ ਜਾਂਦੀ ਸੀ।

ਬਾਂਹ ਉੱਤੇ ਰਖਿਆ ਕੋਟ ਮੈਨੂੰ ਔਖ ਦੇ ਰਿਹਾ ਸੀ। ਮੈਂ ਬਿਨਾਂ ਲੋੜ ਹੀ ਉਸ ਕੋਟ ਨੂੰ ਆਪਣੇ ਗਲ ਵਿਚ ਪਾ ਲਿਆ ਤੇ ਹਲਕਾ ਫੁਲਕਾ ਹੋ ਗਿਆ। ਬਾਹਰੋਂ ਸਭ ਨੇ ਦੇਖ ਕੇ ਕਿਹਾ: "ਹਾਂ, ਇਹ ਬਿਲਕੁਲ ਠੀਕ ਹੈ।" ਉਂਜ ਵੀ ਮੈਂ ਕੋਟ ਪਹਿਨ ਕੇ ਹੋਰ ਚੁਸਤ ਹੋ ਗਿਆ ਸਾਂ।

ਆਖ਼ਿਰ ਮੈਂ ਸਾਮਾਨ ਲੈ ਕੇ ਕਾਊਂਟਰ ਅੱਗੇ ਚਲਾ ਗਿਆ। ਅੰਬਾਂ ਵਾਲਾ ਬੈਗ ਮੈਂ ਆਪਣੇ ਕੋਲ ਹੀ ਰਖਣਾ ਚਾਹੁੰਦਾ ਸਾਂ, ਪਰ ਵਰਦੀ ਪਹਿਨੇ ਹੋਏ ਜਹਾਜ਼ ਦੇ ਮੁਖੀ ਕਰਮਚਾਰੀ ਨੇ ਕਿਹਾ: "ਇਹ ਬੈਗ ਵੀ ਰੱਖੋ ਜੀ! ਇਹ ਵੀ ਨਾਲ ਹੀ ਤੁਲੇਗਾ।" ਜਦ ਮੈਂ ਬੈਗ ਰਖਿਆ ਤਾਂ ਵਜ਼ਨ ਕਾਫ਼ੀ ਵਧ ਗਿਆ। ਕਰਮਚਾਰੀ ਬੋਲਿਆ: "ਤੁਹਾਡਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਜ਼ਨ ਵੱਧ ਹੈ ਜੀ ! ਵਾਧੂ ਪੈਸੇ ਲੱਗਣਗੇ ।'' ਮੈਂ ਆਖਿਆ, ਵੱਡਾ ਬੈਗ ਮੈਂ ਆਪਣੇ ਕੋਲ ਹੀ ਰੱਖਾਂਗਾ, ਇਸ ਤੋਂ ਬਿਨਾਂ ਤੋਲੋ ਤੁਸੀਂ । ਵਰਦੀ ਵਾਲਾ ਕਰਮਚਾਰੀ ਬੜੇ ਰੋਅਬ ਨਾਲ ਬੋਲਿਆ : ''ਇਹ ਨਹੀਂ ਹੋ ਸਕੇਗਾ । ਤੁਸੀਂ ਤਾਂ ਵੀਹ ਕਿੱਲੋ ਦਾ ਬੈਗ ਵੀ ਆਪ ਹੀ ਰੱਖਣਾ ਚਾਹੋਗੇ ।''

''ਚੰਗਾ'', ਮੈਂ ਆਖਿਆ, ''ਮੈਂ ਛੋਟਾ ਬੈਗ ਲੈ ਲੈਂਦਾ ਹਾਂ !''

''ਹਾਂ, ਛੋਟਾ ਬੈਗ ਲੈ ਲਓ ।''

ਮੈਂ ਛੋਟਾ ਬੈਗ ਲਾਹਿਆ ਤਾਂ ਵਜ਼ਨ ਠੀਕ ਹੋ ਗਿਆ । ਖ਼ੈਰ, ਝਗੜਾ ਮੁੱਕ ਗਿਆ । ਸਾਮਾਨ ਨੇ ਹੁਣ ਆਪਣੇ ਆਪ ਜਹਾਜ਼ ਵਿਚ ਜਾ ਰਹਿਣਾ ਸੀ ।

ਛੋਟਾ ਬੈਗ ਲੈ ਕੇ ਮੈਂ ਉਸ ਪਾਸੇ ਵਲ ਤੁਰ ਪਿਆ ਜਿਸ ਪਾਸੇ ਵਲ ਜਾਣ ਲਈ ਅਮਲਾ ਫੈਲਾ ਕਹਿੰਦਾ ਰਹਿੰਦਾ ਸੀ । ਇਕ ਥਾਵੇਂ ਪਾਸਪੋਰਟ ਤੇ ਟਿਕਟ ਆਦਿ ਦੇਖੇ ਗਏ । ਟੀਕਿਆਂ ਵਾਲਾ ਇੰਟਰਨੈਸ਼ਨਲ ਸਰਟੀਫ਼ੀਕੇਟ ਦੇਖਿਆ ਗਿਆ । ਇਕ ਪਾਸੇ ਮੈਥੋਂ ਪਹਿਲਾਂ ਮੇਰਾ ਸਾਮਾਨ ਜਾ ਚੁੱਕਾ ਸੀ । ਇਥੇ ਇਸ ਸਾਮਾਨ ਦੀ ਤਲਾਸ਼ੀ ਲਈ ਗਈ ਸੀ ।

ਆਰੀਆਨਾ ਅਫ਼ਗਾਨ ਏਅਰਲਾਈਨਜ਼ ਦੇ ਮੁਸਾਫ਼ਰ ਸਾਰੇ ਇਕ ਥਾਂ ਬੈਠੇ ਹੋਏ ਸਨ । ਬੜਾ ਹੀ ਸੁਹਣਾ ਲਾਂਜ ਸੀ । ਪੈਰਾਂ ਹੇਠ ਕਾਲੀਨ ਸਨ ਤੇ ਮੋਟੇ ਮੋਟੇ ਕਾਊਚ ਸਨ । ਅਸੀਂ ਹੁਣ ਅਫ਼ਗ਼ਾਨ ਏਅਰਲਾਈਨਜ਼ ਦੇ ਮਹਿਮਾਨ ਸਾਂ ।

ਅਜੇ ਪੰਜ ਨਹੀਂ ਵਜੇ ਸਨ । ਚਾਰ, ਸਵਾ ਚਾਰ ਦਾ ਜਾਂ ਸਾਢੇ ਚਾਰ ਦਾ ਵਕਤ ਸੀ । ਪੰਜ ਕੁ ਵਜੇ ਸਾਨੂੰ ਕਿਸੇ ਕਰਮਚਾਰੀ ਨੇ ਆਖਿਆ ਕਿ ਅਸੀਂ ਬਾਹਰ ਆਈਏ ਤੇ ਵੈਨ ਵਿਚ ਸਵਾਰ ਹੋਈਏ । ਅਸੀਂ ਬਾਹਰ ਆਏ ਤੇ ਵੈਨ ਵਿਚ ਸਵਾਰ ਹੋਏ । ਵੈਨ ਕਾਫ਼ੀ ਲੰਮੀ ਸੀ ਤੇ ਬਣੀ ਹੋਈ ਵੀ ਸੁਹਣੀ ਸੀ । ਇਸ ਵੈਨ ਨੇ ਸਾਨੂੰ ਜਹਾਜ਼ ਦੇ ਲਾਗੇ ਲੈ ਕੇ ਜਾਣਾ ਸੀ ।

ਅਸੀਂ ਜਹਾਜ਼ ਦੇ ਲਾਗੇ ਗਏ ਤੇ ਵੈਨ ਵਿਚੋਂ ਬਾਹਰ ਆਏ । ਪਹਿਲੀ ਵਾਰ ਜਹਾਜ਼ ਨੂੰ ਮੈਂ ਨੇੜਿਓਂ ਦੇਖ ਰਿਹਾ ਸਾਂ ।

ਮੈਂ ਜਹਾਜ਼ ਦੀ ਵੱਖੀ ਵਲ ਹੀ ਪੌੜੀਆਂ ਦੇਖੀਆਂ ਹੋਈਆਂ ਸਨ ਜੋ ਫ਼ੋਟੋਆਂ ਵਿਚ ਹੀ ਦੇਖੀਆਂ ਸਨ । ਇਕ ਪੌੜੀ ਜਹਾਜ਼ ਦੀ ਪੂਛਲ ਵਲ ਵੀ ਲੱਗੀ ਹੁੰਦੀ ਹੈ, ਇਹ ਮੈਂ ਹੁਣੇ ਹੀ ਦੇਖਿਆ ।

ਮੇਰੇ ਟਿਕਟ ਉੱਤੇ ਨੰਬਰ ਬਾਈ ਲਿਖਿਆ ਹੋਇਆ ਸੀ । ਇਹ ਮੇਰੀ ਸੀਟ ਦਾ ਨੰਬਰ ਸੀ ਜਾਂ ਕਿਸੇ ਹੋਰ ਹੀ ਲਿਸਟ ਦਾ ? ਮੈਨੂੰ ਇਸ ਦੀ ਸਮਝ ਨਾ ਆਈ । ਜਾਪਦਾ ਹੈ, ਇਹ ਸੀਟ ਦੀ ਬੁਕਿੰਗ ਵੇਲੇ ਦਾ ਨੰਬਰ ਸੀ ਕਿ ਮੈਂ ਮੁਸਾਫ਼ਰ ਬਾਈਵਾਂ ਹਾਂ । ਜਿਹੜੀ ਲਿਸਟ ਮੁਸਾਫ਼ਰਾਂ ਦੀ ਉਹਨਾਂ ਬਣਾਈ ਹੋਵੇਗੀ ਉਸ ਲਿਸਟ ਵਿਚ ਮੇਰੇ ਨਾਂ ਦਾ ਬਾਈਵਾਂ ਨੰਬਰ ਹੋਵੇਗਾ । ਨਹੀਂ ਤਾਂ ਮੈਨੂੰ ਇਸ ਨੰਬਰ ਦਾ ਹੋਰ ਕੋਈ ਕਾਰਨ ਨਹੀਂ ਸੀ ਦਿਸਿਆ ।

ਮੈਂ ਜਹਾਜ਼ ਦੀ ਵੱਖੀ ਵਾਲੀ ਪੌੜੀ ਲਾਗੇ ਖੜਾ ਸਾਂ ਜਿਸ ਦਾ ਮੂੰਹ ਇਸ ਸਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਡੇ ਦੀ ਬਿਲਡਿੰਗ ਵਲ ਨੂੰ ਸੀ। ਜਹਾਜ਼ ਦੀ ਪੌੜੀ ਲਾਗੇ ਜਹਾਜ਼ ਦੇ ਕਰਮਚਾਰੀ ਖੜੇ ਸਨ ਜੋ ਸਭ ਨੂੰ ਚਿਟਾਂ ਦੇਖ ਦੇਖ ਕੇ ਉੱਪਰ ਜਾਣ ਲਈ ਕਹਿੰਦੇ ਸਨ। ਜਦ ਮੈਂ ਅੱਗੇ ਵਧਿਆ ਤਾਂ ਮੈਨੂੰ ਰੋਕ ਕੇ ਆਖਿਆ ਗਿਆ ਕਿ ਮੈਂ ਪੂਛਲ ਵਲ ਨੂੰ ਜਾਵਾਂ। ਮੈਨੂੰ ਬੜੀ ਹੈਰਾਨੀ ਹੋਈ। ਮੈਨੂੰ ਪੂਛਲ ਵਲ ਦੀ ਕਿਉਂ ? ਪਰ ਮੈਂ ਉੱਧਰ ਚਲਿਆ ਗਿਆ। ਉਂਜ ਮੈਂ ਥੋੜਾ ਆਪਣੇ ਆਪ ਨੂੰ ਹੀਣਾ ਜਿਹਾ ਮਹਿਸੂਸ ਕੀਤਾ। ਜਿਵੇਂ ਮੈਨੂੰ ਭਰੇ ਹਾਲ ਵਿਚ ਪਿੱਛੇ ਬਹਿਣ ਲਈ ਕਿਹਾ ਗਿਆ ਹੋਵੇ।

ਪਰ, ਮੈਂ ਜੋ ਕੁਝ ਚਾਹੁੰਦਾ ਸਾਂ, ਉਹ ਮੈਨੂੰ ਮਿਲ ਗਿਆ ਸੀ। ਉਹ ਸੀ ਬਾਰੀ ਨਾਲ ਦੀ ਸੀਟ।

ਜਹਾਜ਼ ਵਿਚ ਮੈਂ ਕਾਫ਼ੀ ਪਿੱਛੇ ਸੱਜੇ ਪਾਸੇ ਬੈਠਾ ਸਾਂ। ਮੈਨੂੰ ਏਅਰ ਹੋਸਟੈਸ ਨੇ ਚਿਟ ਦੇਖ ਕੇ ਕਿਹਾ ਸੀ ਕਿ ਮੈਂ ਇਸ ਥਾਂ ਬੈਠ ਜਾਵਾਂ। ਤਿੰਨੇ ਸੀਟਾਂ ਖ਼ਾਲੀ ਸਨ। ਮੈਂ ਬਾਰੀ ਲਾਗੇ ਬਹਿ ਗਿਆ। ਜੇ ਕੋਈ ਹੋਰ ਆ ਜਾਂਦਾ, ਉਹ ਵੀ ਬਾਰੀ ਨਾਲ ਬਹਿ ਸਕਦਾ ਸੀ। ਸੀਟਾਂ ਬੁੱਕ ਨਹੀਂ ਸਨ, ਸਿਰਫ਼ ਕਤਾਰਾਂ ਬੁੱਕ ਸਨ।

ਏਅਰ ਹੋਸਟੈਸਾਂ ਲਗ ਪਗ ਸਭੇ ਬਹੁਤ ਸੁਹਣੀਆਂ ਸਨ। ਹਲਕੀ ਘੁੱਗੀ ਰੰਗੀ ਵਰਦੀ ਉਹਨਾਂ ਨੇ ਪਹਿਨੀ ਹੋਈ ਸੀ। ਸਿਰਾਂ ਉਤੇ ਇਕੋ ਜਿਹੀਆਂ ਘੁੱਗੀ ਰੰਗੀਆਂ ਕੈਪਾਂ ਸਨ ਜੋ ਖ਼ੂਬਸੂਰਤ ਹੋਸਟੈਸਾਂ ਨੂੰ ਹੋਰ ਵੀ ਸੁਹਣਾ ਕਰਦੀਆਂ। ਇਹਨਾਂ ਸੁਹਣੀਆਂ ਕੈਪਾਂ ਹੇਠਾਂ ਕਿਸੇ ਦੇ ਪਿਛੇ ਜੂੜਾ ਸੀ ਤੇ ਕਿਸੇ ਦੇ ਪਿੱਛੇ ਕੱਟੇ ਵਾਲ। ਜੂੜੇ ਵਾਲੀਆਂ ਹੋਸਟੈਸਾਂ ਕਾਫ਼ੀ ਸੁੰਦਰ ਲਗਦੀਆਂ।

ਰੰਗ ਸਭ ਦਾ ਗੋਰਾ ਸੀ ਤੇ ਨਾਲ ਮੇਕਅੱਪ ਕੀਤੀ ਸੀ। ਇਕ ਏਅਰ ਹੋਸਟੈਸ ਨੇ ਆਪਣੀਆਂ ਸੁੰਦਰ ਭਿੱਫਣਾਂ ਉਤੇ ਨੀਲਾ ਜਿਹਾ ਕੁਝ ਲਾਇਆ ਸੀ ਜੋ ਬੜਾ ਹੀ ਸੁਹਣਾ ਲਗਦਾ ਸੀ। ਇਹ ਨਵਾਂ ਫ਼ੈਸ਼ਨ ਚਲਿਆ ਸੀ। ਸੁਰਮੇ ਦੀ ਥਾਂ ਭਿੱਫਣਾਂ ਉਤੇ ਹਲਕਾ ਹਲਕਾ ਨੀਲਾ ਪਾਲਿਸ਼।

ਜਹਾਜ਼ ਏਅਰ ਅਫ਼ਗਾਨ ਦਾ ਸੀ। ਜਾਪਦਾ ਸੀ, ਹੋਸਟੈਸਾਂ ਸਭੋ ਹੀ ਅਫ਼ਗਾਨਣਾਂ ਸਨ।

ਕਹਿੰਦੇ ਸਨ ਕਿ ਜਦੋਂ ਮੁਸਾਫ਼ਰ ਜਹਾਜ਼ ਚੜ੍ਹਨ ਲਗਦੇ ਹਨ ਤਾਂ ਏਅਰ ਹੋਸਟੈਸਾਂ ਉਹਨਾਂ ਨਾਲ ਪਹਿਲਾਂ ਹੱਥ ਮਿਲਾਉਂਦੀਆਂ ਤੇ 'ਜੀਓ ਆਇਆਂ' ਆਖਣ ਵਜੋਂ ਸੁਹਣਾ ਮੁਸਕ੍ਰਾਉਂਦੀਆਂ ਹਨ। ਪਰ ਮੇਰੇ ਨਾਲ ਇਹ ਨਹੀਂ ਹੋਇਆ। ਮੈਂ ਤਾਂ ਜਦੋਂ ਪੌੜੀਆਂ ਚੜ੍ਹ ਕੇ ਬੂਹੇ ਵਿਚ ਜਾ ਪੁੱਜਾ ਸਾਂ ਤਾਂ ਏਅਰ ਹੋਸਟੈਸ ਨੇ ਮੈਨੂੰ ਰਸਤਾ ਜਿਹਾ ਛੱਡ ਦਿਤਾ ਸੀ ਤੇ ਫੇਰ ਅੰਦਰ ਆ ਕੇ ਮੈਨੂੰ ਮੇਰੀ ਸੀਟ ਦੱਸ ਦਿਤੀ ਸੀ। ਹਾਂ, ਲਹਿਜਾ ਚੰਗਾ ਸੀ। ਮੱਥੇ ਵਿਚ ਬਨਾਵਟ ਨਾਲ ਤਿਊੜੀ ਜਿਹੀ ਨਹੀਂ ਪਾਈ ਸੀ।

ਸਵਾ ਪੰਜ ਹੋ ਚੱਲੇ ਸਨ। ਇਕ ਦਮ ਸਾਰਾ ਅਮਲਾ ਫੈਲਾ ਜਿਵੇਂ ਚੇਤੰਨ ਹੋ ਗਿਆ ਸੀ। ਜਹਾਜ਼ ਵਿਚ ਇਕ ਹਲਕੇ ਜਿਹੇ ਮਾਈਕਰੋਫ਼ੋਨ ਉਤੇ ਸਾਨੂੰ ਪੇਟੀਆਂ ਬੰਨ੍ਹਣ ਲਈ ਕਿਹਾ ਗਿਆ। ਮੈਂ ਆਪਣੀ ਪੇਟੀ ਬੰਨ੍ਹੀ ਤੇ ਧੁਕ ਧੁਕੇ ਨਾਲ ਤੱਕਣ ਲੱਗਾ—ਦੇਖਾਂ, ਹੁਣ ਕੀ ਹੋਵੇਗਾ ਤੇ ਕਿਵੇਂ ਜਹਾਜ਼ ਉੱਡੇਗਾ !



CC-0. In Public Domain. Gurukul Kangri Collection, Haridwar

ਠੀਕ ਸਵਾ ਪੰਜ ਵਜੇ ਜਹਾਜ਼ ਦੀ ਗੂੰਜ ਪੈਣ ਲੱਗੀ। ਜਹਾਜ਼ ਦੇ ਪਾਸਿਆਂ ਵਾਲੇ ਪੱਖੇ ਪਿੱਛੇ ਵਲ ਨੂੰ ਜਾਂਦੇ ਸਨ ਤੇ ਸੱਜਾ ਪੱਖਾ ਮੈਨੂੰ ਪੂਰੇ ਦਾ ਪੂਰਾ ਨਜ਼ਰ ਆ ਰਿਹਾ ਸੀ। ਇਹ ਪੱਖਾ ਇਕੋ ਪੀਸ ਦਾ ਬਣਿਆ ਹੋਇਆ ਨਹੀਂ ਸੀ, ਸਗੋਂ ਇਸ ਦੇ ਉਤਲੇ ਪਾਸੇ ਚੋਰਸ ਚੋਰਸ ਟੁਕੜੇ ਸਨ, ਜਿਵੇਂ ਟਾਕੀਆਂ ਲਗੀਆਂ ਹੋਣ।

ਜਹਾਜ਼ ਪਹਿਲਾਂ ਹੋਲੀ ਹੋਲੀ ਧਰਤੀ ਉਤੇ ਤੁਰਨ ਲਗਾ। ਫੇਰ ਧਰਤੀ ਉਤੇ ਹੀ ਉਹ ਤੇਜ਼ ਤੇਜ਼ ਚੱਲਣ ਲਗਾ। ਜਾਪਦਾ ਸੀ, ਜਿਵੇਂ ਜਹਾਜ਼ ਨੇ ਇਵੇਂ ਹੀ ਚੱਕਰ ਕੱਢਣੇ ਹਨ, ਅਤੇ ਉਡਾਰੀ ਨਹੀਂ ਭਰਨੀ। ਪਰ ਫੇਰ ਸਮਾਂ ਆਇਆ ਕਿ ਪਿਛੇ ਵਲ ਨੂੰ ਜਾਂਦੇ ਪੱਖੇ ਦੀਆਂ ਵੱਡੀਆਂ ਵੱਡੀਆਂ ਚੋਰਸ ਟਾਕੀਆਂ ਆਪਣੇ ਆਪ ਹੀ ਖੁਲ੍ਹਣ ਲਗੀਆਂ, ਜਿਵੇਂ ਕਬੂਤਰ ਆਪਣੇ ਖੰਭ ਹਵਾ ਵਿਚ ਖੋਲ੍ਹਣ ਲਗਦਾ ਹੈ।

ਜਹਾਜ਼ ਨੇ ਧਰਤੀ ਛੱਡੀ ਤੇ ਥੋੜਾ ਜਿਹਾ ਉੱਚਾ ਹੋਇਆ। ਫੇਰ ਸਲਾਮੀ ਭਰੀ ਤੇ ਹੋਰ ਵੀ ਉੱਚਾ ਹੋ ਗਿਆ। ਫੇਰ ਹੋਰ ਵੀ ਉੱਚਾ ਹੋ ਕੇ ਆਪਣੇ ਰਾਹੇ ਪੈ ਗਿਆ।

ਪਹਿਲਾਂ ਦਿੱਲੀ ਦੀਆਂ ਬਿਲਡਿੰਗਾਂ ਕੁਝ ਵੱਡੀਆਂ ਵੱਡੀਆਂ ਦਿਸਦੀਆਂ। ਫੇਰ ਨਿੱਕੀਆਂ ਨਿੱਕੀਆਂ ਹੋਈਆਂ। ਫੇਰ ਦਿੱਲੀ ਦੀ ਥਾਵੇਂ ਹੁਣ ਹੋਰ ਪ੍ਰਕਿਰਤੀ ਦਿਸਣ ਲਗੀ।

Digitized by Arya Samaj Foundation Chennai and eGangotri
100060



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਉਡਾਰੀ

ਮੈਨੂੰ ਕਿਸੇ ਨੇ ਦੱਸਿਆ ਸੀ ਕਿ ਜਿਸ ਸਮੇਂ ਹਵਾਈ ਜਹਾਜ਼ ਉਡਾਰੀ ਸ਼ੁਰੂ ਕਰਦਾ ਹੈ ਤਾਂ ਅਗਲਾ ਪਾਸਾ ਉੱਚਾ ਅਤੇ ਪਿਛਲਾ ਨੀਵਾਂ ਹੋ ਜਾਂਦਾ ਹੈ ਤੇ ਬੰਦੇ ਨੂੰ ਇਉਂ ਲਗਦਾ ਹੈ ਕਿ ਮੈਂ ਗਿਆ, ਬਸ ਮੈਂ ਗਿਆ। ਪਰ ਇਹ ਸਹੀ ਨਹੀਂ ਸੀ। ਹੁੰਦਾ ਹੋਵੇਗਾ ਕਈਆਂ ਨਾਲ, ਪਰ ਮੇਰੇ ਨਾਲ ਨਹੀਂ ਹੋਇਆ ਏਕਣ। ਮੈਂ ਤਾਂ ਸਗੋਂ ਉਡਣ ਵੇਲੇ ਬਹੁਤ ਹੀ ਲੁਤਫ਼ ਮਹਿਸੂਸ ਕੀਤਾ।

ਜਿੰਨਾ ਚਿਰ ਜਹਾਜ਼ ਦੇ ਪਹੀਏ ਧਰਤੀ ਨੂੰ ਛੂਹ ਰਹੇ ਸਨ, ਜਹਾਜ਼ ਕੁਝ ਕੁਝ ਧੜਕਦਾ, ਬੁੜ੍ਹਕਦਾ ਤੇ ਉਛਲਦਾ। ਪਰ ਜਦੋਂ ਧਰਤੀ ਛੱਡੀ ਤਾਂ ਜਿਵੇਂ ਹਵਾ ਵਿਚ ਤੈਰਨ ਲਗਾ।

ਹੇਠਾਂ, ਧਰਤੀ ਉਤੇ ਇਕ ਕਾਲੀਨ ਜਿਹਾ ਵਿਛਿਆ ਹੋਇਆ ਸੀ ਜਿਸ ਦਾ ਰੰਗ ਬਹੁਤ ਕਰਕੇ ਸਾਵਾ ਅਤੇ ਜਾਮਣੀ ਸੀ। ਕਿਤੇ ਕਿਤੇ ਪਿੰਡ, ਸ਼ਹਿਰ, ਨਗਰੀਆਂ ਤੇ ਕਸਬੇ ਦਿਸਦੇ। ਪਰ ਇਹ ਬਿਲਕੁਲ ਨਿੱਕੀਆਂ ਨਿੱਕੀਆਂ ਚੀਜ਼ਾਂ ਵਾਂਗ ਹੀ ਨਜ਼ਰ ਆਉਂਦੇ। ਜਿਵੇਂ ਦੀਆ-ਸਲਾਈ ਦੀਆਂ ਡੱਬੀਆਂ ਜੋੜ ਕੇ ਰੱਖੀਆਂ ਹੋਈਆਂ ਹੋਣ।

ਸਾਡਾ ਰਸਤਾ ਇਹ ਸੀ : ਲਾਹੌਰ, ਕਾਬਲ, ਤਹਿਰਾਨ, ਇਸਤੰਬੋਲ, ਫ਼ਰੈਂਕ-ਫ਼ੋਰਟ, ਲੰਡਨ। ਮੈਨੂੰ ਇਹ ਤਾਂ ਪਤਾ ਸੀ ਕਿ ਅਸੀਂ ਕਾਬਲ ਜਾਵਾਂਗੇ, ਪਰ ਲਾਹੌਰ ਵੀ ਉਤਰਾਂਗੇ, ਇਹ ਮੈਨੂੰ ਪਤਾ ਨਹੀਂ ਸੀ। ਅਗਲੇ ਏਅਰਪੋਰਟਾਂ ਦਾ ਵੀ ਮੈਨੂੰ ਪਤਾ ਨਹੀਂ ਸੀ। ਇਹ ਮੈਂ ਨਾਲੋ ਨਾਲ ਜਹਾਜ਼ ਵਿਚ ਕਿਸੇ ਤੋਂ ਪੁੱਛਦਾ ਰਿਹਾ ਸਾਂ। ਜਾਂ ਫੇਰ ਚੜ੍ਹਨ ਜਾਂ ਲਹਿਣ ਵੇਲੇ ਜਦੋਂ ਅਨਾਊਂਸਮੈਂਟ ਹੁੰਦੀ, ਉਸ ਤੋਂ ਸਮਝ ਪੈਂਦੀ ਸੀ।

ਹੁਣ ਅਸੀਂ ਦਿੱਲੀ ਤੋਂ ਲਾਹੌਰ ਵਲ ਜਾ ਰਹੇ ਸਾਂ। ਕਹਿੰਦੇ ਸਨ, ਲਾਹੌਰ ਲਗ ਪਗ ਘੰਟੇ ਭਰ ਦਾ ਰਸਤਾ ਹੈ, ਪਰ ਅਸੀਂ ਲਾਹੌਰ ਘੱਟੋ ਘੱਟ ਦੋ ਘੰਟੇ ਵਿਚ ਪੁੱਜੇ ਸਾਂ। ਪਤਾ ਨਹੀਂ ਕੀ ਕਾਰਨ ਸੀ, ਜਹਾਜ਼ ਘੁੰਮ ਕੇ ਆਇਆ ਸੀ। ਨਹੀਂ ਤਾਂ ਸਾਨੂੰ ਇਕ ਘੰਟਾ ਵੀ ਮੁਸ਼ਕਲ ਨਾਲ ਹੀ ਲਗਣਾ ਸੀ।

ਅੰਮ੍ਰਿਤਸਰ ਤੋਂ ਦਿੱਲੀ ਤੀਕਰ ਚਾਲੀ ਕੁ ਮਿੰਟ ਲਗਦੇ ਹਨ। ਲਾਹੌਰ ਅੱਗੇ ਮੁਸ਼ਕਲ ਨਾਲ ਤੀਹ ਜਾਂ ਪੈਂਤੀ ਮੀਲ ਹੀ ਹੈ। ਏਨਾ ਚਿਰ ਕਿਉਂ ਲਗਦਾ ਗਿਆ ? ਕਿਸੇ ਨੇ ਕਿਹਾ, ਜਹਾਜ਼ ਕਿਸੇ ਹੋਰ ਰੂਟ ਤੋਂ ਆਇਆ ਹੈ, ਇਸ ਲਈ ਵਕਤ ਲੱਗਾ ਹੈ। ਪਰ ਉਹ ਰੂਟ ਕਿਹੜਾ ਸੀ ? ਇਸ ਦੀ ਸਮਝ ਨਹੀਂ ਆ ਸਕੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਲੀਓਂ ਭਾਰਤੀ ਟਾਈਮ ਅਨੁਸਾਰ, [illegible] ਪੰਜ ਸਵੇਰੇ ਚਲ ਕੇ, ਸ਼ਾਮ ਦੇ ਪੰਜ, ਲੰਡਨ ਟਾਈਮ, ਅਸੀਂ ਲੰਡਨ ਪੁੱਜਣਾ ਸੀ। ਇਉਂ ਸਾਡਾ ਸਾਰਾ ਸਫ਼ਰ ਸਤਾਰਾਂ ਕੁ ਘੰਟੇ ਦਾ ਹੋਣਾ ਸੀ। ਪਰ ਇਸਤੰਬੋਲ ਤੋਂ ਅੱਗੇ ਫ਼ਰੈਂਕਫ਼ੋਰਟ ਛਡਿਆ ਜਾਣਾ ਤੇ ਇਸਤੰਬੋਲ ਤੋਂ ਸਿੱਧਾ ਅਸੀਂ ਲੰਡਨ ਵਲ ਹੋ ਪੈਣਾ ਸੀ। ਇਉਂ ਅਸੀਂ ਮਿਥੇ ਸਮੇਂ ਤੋਂ ਘੰਟਾ ਪਹਿਲਾਂ ਪੁੱਜਣਾ ਤੇ ਸਾਡਾ ਸਫ਼ਰ ਲਗ ਪਗ ਸੋਲਾਂ ਘੰਟੇ ਦਾ ਰਹਿ ਜਾਣਾ ਸੀ। ਸਾਡੇ ਅਤੇ ਲੰਡਨ ਟਾਈਮ ਵਿਚ ਚਾਰ ਜਾਂ ਲਗ ਪਗ ਸਾਢੇ ਚਾਰ ਘੰਟੇ ਦਾ ਫ਼ਰਕ ਹੁੰਦਾ ਹੈ ਤੇ ਸਾਡਾ ਟਾਈਮ ਚਾਰ ਜਾਂ ਸਾਢੇ ਚਾਰ ਘੰਟੇ ਅੱਗੇ ਹੈ। ਲੰਡਨ ਵਿਚ ਜਦੋਂ ਸ਼ਾਮ ਦੇ ਪੰਜ ਵਜ ਗਏ ਹੁੰਦੇ ਹਨ, ਭਾਰਤ ਵਿਚ ਉਦੋਂ ਰਾਤ ਦੇ ਨੌਂ ਜਾਂ ਸਾਢੇ ਨੌਂ ਹੁੰਦੇ ਹਨ। ਲੰਡਨ ਜਾਂ ਇੰਗਲੈਂਡ ਹੀ ਸਾਰਾ ਜਦੋਂ ਜਾਗਦਾ ਹੁੰਦਾ ਹੈ, ਭਾਰਤ ਉਦੋਂ ਸੁੱਤਾ ਪਿਆ ਘੁਰਾੜੇ ਮਾਰਦਾ ਹੁੰਦਾ ਹੈ। ਜਦੋਂ ਇੰਗਲੈਂਡ ਸੌਂਦਾ ਹੈ, ਉਦੋਂ ਭਾਰਤ ਮੂੰਹ-ਝਾਖਰੇ ਪਹੁ ਵਲ ਤੱਕਦਾ ਹੁੰਦਾ ਹੈ। ਇੰਗਲੈਂਡ ਵਿਚ ਜਦੋਂ ਰਾਤ ਦੇ ਬਾਰਾਂ ਵਜ ਗਏ ਹੁੰਦੇ ਹਨ, ਉਦੋਂ ਭਾਰਤ ਵਿਚ ਪਹੁ ਦਾ ਪੰਛੀ ਖੰਭ ਫੜਕਾਉਣ ਲਗ ਜਾਂਦਾ ਹੈ।

ਲਾਹੌਰ ਲਈ ਘੰਟਾ ਵੱਧ ਲਗ ਜਾਣ ਦਾ ਮੈਨੂੰ ਅਫ਼ਸੋਸ ਸੀ। ਸ਼ਾਇਦ ਇਸ ਲੰਮੇ ਚੱਕਰ ਵਿਚ ਸਰਕਾਰਾਂ ਦੇ ਕੁਝ ਚੱਕਰ ਹੋਣ। ਪਰ ਇਹ ਚੱਕਰ ਗ਼ਲਤ ਹਨ। ਸਾਡੇ ਰਸਤੇ ਸਿੱਧੇ ਅਤੇ ਇਕ ਹੋ ਜਾਣੇ ਚਾਹੀਦੇ ਹਨ।

ਮੈਨੂੰ ਬੜੇ ਸਵੇਲੇ ਜਿਹੇ ਬੈੱਡ-ਟੀ ਪੀਣ ਦੀ ਆਦਤ ਹੈ। ਪੀਂਦਾ ਵੀ ਮੈਂ ਕਈ ਕੱਪ ਹਾਂ। ਪਰ ਕਾਫ਼ੀ ਸਮਾਂ ਲੰਘੇ ਤੋਂ ਵੀ ਨੇੜੇ ਤੇੜੇ ਚਾਹ ਨਾ ਆਈ। ਆਖ਼ਿਰ ਸੱਤ ਕੁ ਵਜੇ ਨਾਲ ਏਅਰ ਹੋਸਟੈਸਾਂ ਸਾਨੂੰ ਪੇਸਟਰੀਆਂ ਦੇਣ ਲਗੀਆਂ। "ਹੈਂ!" ਮੈਂ ਆਖਿਆ, "ਇਹ ਨਾਸ਼ਤਾ ਸ਼ੁਰੂ ਹੋ ਗਿਆ?"

"ਨਹੀਂ", ਕਿਸੇ ਨੇ ਆਖਿਆ, "ਇਹ ਪਹਿਲੀ ਚਾਹ ਹੈ, ਬੈੱਡ-ਟੀ ਹੀ।"

"ਬੈੱਡ-ਟੀ ਨਾਲ ਵੀ ਪੇਸਟਰੀਆਂ?"

"ਹਾਂ, ਇਹ ਇਵੇਂ ਹੀ ਦਿੰਦੇ ਹਨ।"

ਪੇਸਟਰੀਆਂ ਚੰਗੀਆਂ ਸਨ। ਵੱਡੀਆਂ ਅਤੇ ਪੋਲੀਆਂ। ਪਰ ਚਾਹ ਦਾ ਇਕ ਇਕ ਕੱਪ ਹੀ ਸੀ।

ਫੇਰ ਲਾਹੌਰ ਆ ਗਿਆ। ਮਸੀਂ ਲਾਹੌਰ ਆਇਆ ਸੀ। ਲਾਹੌਰ ਦੇ ਏਅਰ ਪੋਰਟ ਉਤੇ ਹਵਾਈ ਜਹਾਜ਼ ਘੁੰਮਿਆ ਤੇ ਫੇਰ ਲੈਂਡ ਕਰਨ ਲਗਾ। ਲੈਂਡ ਕਰਨ ਵੇਲੇ ਫੇਰ ਅਨਾਊਂਸਮੈਂਟ ਹੋਈ ਕਿ ਅਸੀਂ ਪੇਟੀਆਂ ਬੰਨ੍ਹ ਲਈਏ। ਦਿੱਲੀ, ਜਦੋਂ ਜਹਾਜ਼ ਉੱਚਾ ਹੋ ਕੇ ਰਵਾਂ ਹੋ ਗਿਆ ਸੀ ਤਾਂ ਸਾਨੂੰ ਆਪਣੀਆਂ ਪੇਟੀਆਂ ਖੋਲ੍ਹ ਲੈਣ ਲਈ ਕਿਹਾ ਗਿਆ ਸੀ। ਹੁਣ ਲੈਂਡ ਕਰਨ ਵੇਲੇ ਫੇਰ ਬੰਨ੍ਹਣੀਆਂ ਜ਼ਰੂਰੀ ਸਨ।

ਜਹਾਜ਼ ਨੀਵਾਂ ਹੋਇਆ ਤੇ ਫੇਰ ਸੜਕ ਨੂੰ ਛੂਹਣ ਲਗਾ। ਉਫ਼! ਜਦੋਂ ਪਹੀਏ ਹੇਠਾਂ ਧਰਤੀ ਉਤੇ ਲਗੇ ਸਨ ਤਾਂ ਏਨੀ ਧੂੜ ਉੱਡੀ ਸੀ ਜਿਵੇਂ ਹਨੇਰੀ ਆ ਗਈ ਹੋਵੇ। ਦਸ ਹਜ਼ਾਰ ਰਾਖਸ਼ਾਂ ਵਾਂਗ ਜਹਾਜ਼ ਚੀਖਾਂ ਮਾਰਦਾ ਤੇ ਦਨਦਨਾਂਦਾ ਲਗਦਾ ਸੀ। ਜਹਾਜ਼ ਛੇ ਸੌ ਮੀਲ ਦੀ ਰਫ਼ਤਾਰ ਉਤੇ ਉਡਦਾ ਸੀ। ਪਰ ਲੈਂਡ ਕਰਨ ਵੇਲੇ ਜੇ ਵੱਧ ਨਹੀਂ ਤਾਂ ਦੋ ਸੌ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੀਲ ਰਫ਼ਤਾਰ ਜ਼ਰੂਰ ਹੋਵੇਗੀ। ਇਹ ਨਜ਼ਾਰਾ ਮਹਾਂ ਭਾਰਤ ਦੇ ਯੁੱਧ ਤੋਂ ਘੱਟ ਨਹੀਂ ਸੀ। ਜਾਪਦਾ ਸੀ, ਕੁਰੂਕਸ਼ੇਤਰ ਵਿਚ ਕੌਰਵਾਂ ਅਤੇ ਪਾਂਡਵਾਂ ਦੇ ਹਾਥੀ ਚੀਖ਼ ਰਹੇ ਸਨ। ਧੂੜਾਂ ਭਾਵੇਂ ਉੱਡੀਆਂ ਨਹੀਂ, ਪਰ ਧੂੜਾਂ ਪੁੱਟੀਆਂ ਗਈਆਂ ਸਨ। ਧੰਨ ਹੈ ਇਹ ਧਰਤੀ ਮਾਤਾ ਜਿਹੜੀ ਏਨੇ ਜ਼ੋਰਾਂ ਅਤੇ ਝੱਖੜਾਂ ਨੂੰ ਸਹਿ ਜਾਂਦੀ ਹੈ! ਕਿੰਨੇ ਦੈਂਤ ਇਸ ਧਰਤੀ ਦੇ ਸੀਨੇ ਉਤੇ ਕੁੱਦਦੇ ਤੇ ਇਸ ਨੂੰ ਮਾਰਨਾ ਚਾਹੁੰਦੇ ਹਨ। ਪਰ ਇਹ ਧਰਤੀ ਮਰੇਗੀ ਨਹੀਂ।

ਲਾਹੌਰ ਏਅਰਪੋਰਟ ਅਸੀਂ ਥੋੜਾ ਚਿਰ ਹੀ ਠਹਿਰੇ ਸਾਂ। ਦੇਸ਼ ਦੀ ਵੰਡ ਤੋਂ ਮਗਰੋਂ ਮੈਂ ਪਹਿਲੀ ਵਾਰ ਲਾਹੌਰ ਆਇਆ। ਪਰ ਲਾਹੌਰ ਮੈਂ ਆਇਆ ਕੀ? ਸਿਰਫ਼ ਜਹਾਜ਼ ਦੇ ਪਹੀਏ ਹੇਠਾਂ ਧਰਤੀ ਨੂੰ ਛੂਹ ਰਹੇ ਸਨ।

ਫੇਰ ਲਾਹੌਰ ਤੋਂ ਉੱਡੇ ਤੇ ਕਾਬਲ ਵਲ ਰਵਾਨਾ ਹੋਏ। ਸਾਢੇ ਅੱਠ ਕੁ ਵਜੇ ਸਨ ਕਿ ਫੇਰ ਨਾਸ਼ਤਾ ਆ ਗਿਆ। ਨਾਸ਼ਤਾ ਬਹੁਤ ਤਕੜਾ ਸੀ। ਖ਼ੈਰ, ਨਾਸ਼ਤਾ ਕੀਤਾ ਤੇ ਨਾਲੇ ਚਾਹ ਵੀ ਫੇਰ ਪੀਤੀ! ਚਾਹ ਇਸ ਵਾਰ ਕੁਝ ਬਹੁਤੀ ਸੀ।

ਨੌਂ ਵਜ ਕੇ ਪੱਚੀ ਮਿੰਟ ਅਸੀਂ ਕਾਬਲ ਲੈਂਡ ਕੀਤਾ। ਇਹ ਭਾਰਤੀ ਟਾਈਮ ਸੀ। ਕਾਬਲ ਸਾਨੂੰ ਕਿਹਾ ਗਿਆ, ਜਹਾਜ਼ ਬਦਲਿਆ ਜਾਣਾ ਹੈ। ਅਸੀਂ ਇਸ ਜਹਾਜ਼ ਵਿਚੋਂ ਸਭ ਮੁਸਾਫ਼ਰ ਬਾਹਰ ਆਏ। ਸਾਨੂੰ ਏਅਰਪੋਰਟ ਦੇ ਇਕ ਲਾਂਜ ਵਿਚ ਬਿਠਾਇਆ ਗਿਆ। ਲਾਂਜ ਖ਼ੂਬਸੂਰਤ ਸੀ। ਦਿੱਲੀ ਵਾਂਗ ਕਾਲੀਨ ਅਤੇ ਰੰਗ ਬਰੰਗੇ ਕਾਊਚ ਸਨ।

ਥੋੜੀ ਦੇਰ ਹੀ ਬੈਠੇ ਸਾਂ ਕਿ ਫੇਰ ਆਖਿਆ ਗਿਆ ਕਿ ਇਸੇ ਜਹਾਜ਼ ਵਿਚ ਜਾਣਾ ਹੈ। ਅਸੀਂ ਉਥੋਂ ਉਠੇ ਤੇ ਕਾਹਲੇ ਕਾਹਲੇ, ਜਿੱਧਰ ਸਾਨੂੰ ਕਰਮਚਾਰੀ ਕਹਿੰਦੇ ਸਨ, ਉੱਧਰ ਵਲ ਨੂੰ ਹੁੰਦੇ ਗਏ। ਇਕ ਦਰਵਾਜ਼ੇ ਵਿਚੋਂ ਸਾਨੂੰ ਨਵੀਆਂ ਚਿਟਾਂ ਦਿਤੀਆਂ ਗਈਆਂ। ਪਹਿਲੀਆਂ ਚਿਟਾਂ ਰੱਦ ਸਨ। ਇਹ ਚਿਟਾਂ ਜਹਾਜ਼ ਦੀ ਸੀਟ ਜਾਂ ਪਾਲ ਦੇ ਨੰਬਰ ਵਾਲੀਆਂ ਸਨ। ਅਸੀਂ ਚਿਟਾਂ ਲਈਆਂ ਤੇ ਫੇਰ ਜਹਾਜ਼ ਵਲ ਤੁਰ ਪਏ। ਬਿਲਕੁਲ ਉਹੀਓ ਗੱਲ ਸੀ ਜਿਵੇਂ ਪੰਜਾਬ ਦੀਆਂ ਬੱਸਾਂ ਵਾਲੇ ਆਮ ਹੀ ਕਰਦੇ ਰਹਿੰਦੇ ਹਨ। "ਇਹ ਬੱਸ ਨਹੀਂ ਜਾਣੀ ਬਈ! ਚਲੋ, ਦੂਜੀ ਬੱਸ ਵਿਚ ਬੈਠੋ।" ਅਸੀਂ ਸਾਰੇ ਹੇੜਾਂ ਵਾਂਗ ਜਹਾਜ਼ ਵਲ ਜਾ ਰਹੇ ਸਾਂ। ਜਿਵੇਂ ਸਾਨੂੰ ਆਪਣੀ ਸੀਟ ਦੀ ਕੋਈ ਗਰੰਟੀ ਰਹੀ ਨਾ ਹੋਵੇ।

ਹਾਂ, ਤਬਦੀਲੀ ਹੋਈ ਸੀ। ਜਹਾਜ਼ ਨਹੀਂ ਸੀ ਬਦਲਿਆ, ਜਹਾਜ਼ ਦਾ ਅਮਲਾ ਫੈਲਾ ਅਤੇ ਨੰਬਰ ਬਦਲਿਆ ਗਿਆ ਸੀ। ਪਹਿਲਾਂ ਇਸ ਜਹਾਜ਼ ਦਾ ਨੰਬਰ ਐਫ.ਜੀ. ੩੧੧ ਸੀ, ਕਾਬਲ ਤੋਂ ਇਹ ਨੰਬਰ ਐਫ.ਜੀ. ੭੦੧ ਹੋ ਗਿਆ ਸੀ। ਇਹ ਸਭ ਸੀਟ ਦੀ ਬੁਕਿੰਗ ਸਮੇਂ ਟਿਕਟ ਵਿਚ ਲਿਖਿਆ ਗਿਆ ਸੀ, ਪਰ ਮੈਂ ਗੌਲਿਆ ਨਹੀਂ ਸੀ ਜੋ ਮੈਨੂੰ ਗੌਲਣਾ ਚਾਹੀਦਾ ਸੀ। ਇੰਗਲੈਂਡ ਨੂੰ ਮੈਂ ਜਿਹੜੀਆਂ ਚਿੱਠੀਆਂ ਆਪਣੇ ਆਉਣ ਦੀਆਂ ਲਿਖੀਆਂ ਸਨ, ਉਹਨਾਂ ਵਿਚ ਫ਼ਲਾਈਟ ਨੰਬਰ ਐਫ. ਜੀ. ੩੧੧ ਹੀ ਲਿਖਿਆ ਜਦ ਕਿ ਮੈਨੂੰ ਐਫ.ਜੀ. ੭੦੧ ਹੀ ਲਿਖਣਾ ਚਾਹੀਦਾ ਸੀ ਜਿਸ ਨੇ ਲੰਡਨ ਪੁੱਜਣਾ ਸੀ। ਐਫ.ਜੀ. ੩੧੧ ਸਿਰਫ਼ ਕਾਬਲ ਤਕ ਦਾ ਨੰਬਰ ਸੀ।

ਚੰਗਾ ਹੋਇਆ, ਇਸੇ ਜਹਾਜ਼ ਦਾ ਨੰਬਰ ਬਦਲਿਆ ਗਿਆ ਸੀ। ਜੇ ਜਹਾਜ਼ ਹੀ ਬਦਲਿਆ ਜਾਂਦਾ, ਕਾਫ਼ੀ ਔਖ ਹੋ ਸਕਦੀ ਸੀ। ਮੇਰੇ ਕੋਲ ਇਕ ਬੜਾ ਹੀ ਸੁਹਣਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਰਮੋਨੀਅਮ ਵਾਜਾ ਸੀ ਜੋ ਕਿਸੇ ਨੇ ਮੈਨੂੰ ਅੱਗੇ ਕਿਸੇ ਨੂੰ ਤੋਹਫ਼ਾ ਦੇਣ ਲਈ ਦਿਤਾ ਸੀ। ਬਹੁਤਾ ਡਰ ਤਾਂ ਇਹ ਸੀ ਕਿ ਕਿਤੇ ਸਾਮਾਨ ਉਤਾਰਨ ਕਰਨ ਵਿਚ ਵਾਜਾ ਅਤੇ ਬੈਂਜੋ ਦੋਵੇਂ ਚੂਰ ਚੂਰ ਹੀ ਨਾ ਹੋ ਜਾਣ। ਅੰਬਾਂ ਦੀ ਵੀ ਇਸ ਹਿਸਾਬ ਨਾਲ ਚਟਣੀ ਹੀ ਬਣ ਸਕਦੀ ਸੀ। ਪਰ ਇਹ ਸਭ ਕੁਝ ਠੀਕ ਹੀ ਸੀ। ਜਹਾਜ਼ ਬਦਲੇ ਜਾਣ ਨਾਲ ਵੀ ਇਹਨਾਂ ਨੇ ਠੀਕ ਹੀ ਰਹਿਣਾ ਸੀ।

ਹਾਂ, ਨੰਬਰ ਬਾਈ ਦੀ ਵੀ ਮੈਨੂੰ ਸਮਝ ਪੈ ਗਈ ਸੀ ਜੋ ਮੇਰੀ ਟਿਕਟ ਉਤੇ ਸੀ। ਪਹਿਲਾਂ ਮੈਨੂੰ ਸੀਟ ਦਾ ਨੰਬਰ ਬਾਈ ਡੀ ਦਿਤਾ ਗਿਆ ਸੀ ਜੋ ਸੱਜੀ ਬਾਰੀ ਲਾਗੇ ਸੀ। ਹੁਣ ਇਹ ਨੰਬਰ 'ਡੀ' ਦੀ ਥਾਵੇਂ ਬਾਈ ਸੀ ਹੋ ਗਿਆ ਸੀ ਤੇ ਹੁਣ ਇਹ ਖੱਬੇ ਪਾਸੇ ਸੀ ਤੇ ਸੀ ਵੀ ਥੋੜਾ ਅੱਗੇ ਵਲ। ਪਰ ਇਕ ਔਖ ਹੋ ਗਈ ਸੀ। ਮੈਥੋਂ ਪਹਿਲਾਂ ਇਸ ਪਾਲ ਵਿਚ ਇਕ ਬਜ਼ੁਰਗ ਸਿੱਖ ਸਰਦਾਰ ਬਾਰੀ ਅੱਗੇ ਜਾ ਬੈਠਾ ਸੀ ਜੋ ਸੱਠ ਵਰ੍ਹੇ ਤੋਂ ਉਤੇ ਸੀ ਤੇ ਕਾਫ਼ੀ ਲੰਮਾ ਤੇ ਤਕੜਾ ਸੀ। ਦਾੜ੍ਹੀ ਖੁਲ੍ਹੀ ਤੇ ਲੰਮੀ ਸੀ। ਗਲ ਵਿਚ ਲੰਮਾ ਕੁੜਤਾ ਤੇ ਚੂੜੀਦਾਰ ਪਜਾਮਾ ਸੀ ਤੇ ਉਤੇ ਵਾਸਕਟ ਪਹਿਨੀ ਸੀ। ਇਕ ਵੱਡਾ ਕੋਟ ਵੀ ਉਸ ਨੇ ਹੱਥ ਵਿਚ ਫੜਿਆ ਹੋਇਆ ਸੀ ਜੋ ਗਰਮ ਅਤੇ ਭਾਰਾ ਸੀ। ਇਸ ਬਜ਼ੁਰਗ ਨੇ ਬਾਰੀ ਨਾਲ ਦੀ ਸੀਟ ਪਹਿਲਾਂ ਮੱਲ ਲਈ ਸੀ ਤੇ ਮੇਰੀ ਉਸ ਦੇ ਨਾਲ ਦੀ ਸੀ। ਏਧਰ, ਮੇਰੇ ਸੱਜੇ, ਇਕ ਕੋਈ ਪਾਕਿਸਤਾਨੀ ਬੈਠਾ ਸੀ ਜੋ ਲਾਹੌਰ ਤੋਂ ਚੜ੍ਹਿਆ ਸੀ। ਯਨੀ ਮੈਂ ਵਿਚਕਾਰ ਸਾਂ ਤੇ ਆਪਣੇ ਆਪ ਵਿਚ ਥੋੜੀ ਥੋੜੀ ਔਖ ਮਹਿਸੂਸ ਕਰ ਰਿਹਾ ਸਾਂ। ਚਾਹੁੰਦਾ ਸਾਂ ਮੈਂ ਬਾਰੀ ਲਾਗੇ ਤਾਂ ਜੋ ਹੇਠਾਂ ਧਰਤੀ ਅਤੇ ਕੁਲ ਪ੍ਰਕਿਰਤੀ ਤੱਕਦਾ ਜਾਵਾਂ।

ਇਸ ਬਜ਼ੁਰਗ ਨੂੰ ਅੰਤ ਹਿਸਾਬ ਦੀਆਂ ਨੀਂਦਾਂ ਚੜ੍ਹੀਆਂ ਹੋਈਆਂ ਸਨ। ਬਾਰੀ ਉਤੇ ਸਿਰ ਸੁਟ ਉਹ ਅੱਧਾ ਲੇਟਿਆ ਹੋਇਆ ਸੀ ਤੇ ਆਪਣੀਆਂ ਟੰਗਾਂ ਦਾ ਅੱਧਾ ਭਾਰ ਉਸ ਮੇਰੇ ਉਤੇ ਸੁਟ ਰਖਿਆ ਸੀ। ਕਦੇ ਘੁਰਾੜੇ ਮਾਰਦਾ ਤੇ ਕਦੇ ਬੁਲ੍ਹ ਫਰੁਕਾਉਣ ਲਗਦਾ। ਏਅਰ ਹੋਸਟੈਸਾਂ ਨੂੰ ਵੀ ਉਸ ਦੀ ਸਮਝ ਨਹੀਂ ਆਉਂਦੀ ਸੀ। ਖਾਣੇ ਵੇਲੇ ਆਖਿਆ ਕਿ ਉਹ ਵੈਜੀਟੇਰੀਅਨ ਹੈ। ਪਰ ਜਦੋਂ ਮੇਰੀ ਮੇਜ਼ ਉਤੇ ਆਮਲੇਟ ਪਿਆ ਨਜ਼ਰੀਂ ਆਇਆ, ਫੇਰ ਆਖਣ ਲਗਾ ਕਿ ਆਮਲੇਟ ਉਹ ਖਾਵੇਗਾ। ਅੱਧ ਪਚੱਧੀ ਨੀਂਦ ਵਿਚ ਅੰਗਰੇਜ਼ੀ ਬੁੜਬੁੜਾਉਂਦਾ ਤੇ ਕੁਝ ਦਾ ਕੁਝ ਪਿਆ ਆਖਦਾ। ਪਰੀਆਂ ਵਰਗੀਆਂ ਹੋਸਟੈਸਾਂ ਨੂੰ ਉਸ ਦੀ ਕੁਝ ਵੀ ਸਮਝ ਨਾ ਪੈਂਦੀ।

ਹਾਂ, ਇਹਨਾਂ ਏਅਰ ਹੋਸਟੈਸਾਂ ਦੀ ਵਰਦੀ ਲਾਲ ਸੀ। ਲਾਲ ਹੀ ਇਹਨਾਂ ਦੀਆਂ ਕੈਪਾਂ ਸਨ। ਇਹ ਨਵੀਆਂ ਸਨ ਜਾਂ ਉਹੀਓ ਸਨ, ਬਹੁਤਾ ਫਰਕ ਨਹੀਂ ਜਾਪਿਆ। ਕਿਉਂਕਿ ਇਹ ਵੀ ਸੁਹਣੀਆਂ ਸਨ ਤੇ ਉਹਨਾਂ ਵਾਂਗ ਹੀ ਉਮਰਾਂ ਸਨ। ਹਾਂ, ਝੁਰੜੀ ਕਿਸੇ ਦੇ ਵੀ ਮੂੰਹ ਉਤੇ ਨਹੀਂ ਦਿਸਦੀ ਸੀ। ਨਾ ਇਹਨਾਂ ਦੇ, ਨਾ ਪਹਿਲੀਆਂ ਦੇ। ਰੰਗ ਵੀ ਉਵੇਂ ਹੀ ਗੋਰੇ ਸਨ। ਸਗੋਂ ਲਾਲ ਵਰਦੀਆਂ ਵਿਚ ਇਹ ਲਾਲ ਪਰੀਆਂ ਦਿਸਦੀਆਂ।

ਅਨਾਊਂਸਮੈਂਟ ਕਦੇ ਏਅਰ ਹੋਸਟੈਸਾਂ ਕਰਦੀਆਂ, ਕਦੇ ਕਦੇ ਕੋਈ ਮਰਦ ਆਵਾਜ਼। ਅਨਾਊਂਸਮੈਂਟ ਹਮੇਸ਼ਾ ਦੋ ਜ਼ਬਾਨਾਂ ਵਿਚ ਹੀ ਹੁੰਦੀ ਸੀ। ਅੰਗਰੇਜ਼ੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਫ਼ਗਾਨੀ ਵਿਚ। ਇਹ ਜ਼ਬਾਨ ਕੁਝ ਫ਼ਾਰਸੀ ਜਾਂ ਪਸ਼ਤੋ ਵਰਗੀ ਹੁੰਦੀ ਸੀ। ਏਅਰ ਹੋਸਟੈਸਾਂ ਦੇ ਮੂੰਹੋ ਅਫ਼ਗ਼ਾਨੀ ਬਹੁਤ ਸੁਹਣੀ ਲਗਦੀ।

ਜਿਥੋਂ ਤਕ ਯਾਦ ਹੈ ਮੈਨੂੰ, ਕਾਬਲ ਤਕ ਅੰਗਰੇਜ਼ੀ ਵਿਚ ਹੀ ਸਭ ਕੁਝ ਦੱਸਿਆ ਜਾਂਦਾ ਸੀ ਤੇ ਇਹ ਅਫ਼ਗ਼ਾਨੀ ਕਾਬਲ ਤੋਂ ਹੀ ਬੋਲਣੀ ਸ਼ੁਰੂ ਹੋਈ ਸੀ। ਕਾਬਲ ਤੋਂ ਸਵਾਰੀਆਂ ਦਾ ਵੀ ਫ਼ਰਕ ਪੈ ਗਿਆ ਹੋਵੇਗਾ। ਨਾਲੇ ਆਪਣੀ ਬੋਲੀ ਅਤੇ ਸਭਿਆਚਾਰ ਦੀ ਗੱਲ ਵੀ ਸੀ। ਦਿੱਲੀ, ਏਅਰਪੋਰਟ ਉਤੇ, ਅੱਡਾ ਫ਼ੀਸ ਦਾ ਜਿਹੜਾ ਟਿਕਟ ਉਹਨਾਂ ਵਲੋਂ ਮੇਰੇ ਟਿਕਟ ਦੇ ਉਤੇ ਚੇਪਿਆ ਗਿਆ ਸੀ, ਉਸ ਦੇ ਇਕ ਕੋਨੇ ਵਿਚ, ਹੱਥ ਜੋੜ ਕੇ, ਹਿੰਦੀ ਵਿਚ, "ਨਮਸਤੇ" ਛਪਿਆ ਹੋਇਆ ਸੀ। "ਨਮਸਤੇ" ਉਤੇ ਜੁੜੇ ਹੋਏ ਹੱਥ ਬਹੁਤ ਹੀ ਸੁਹਣੇ ਲਗਦੇ ਸਨ। ਜੁੜੇ ਹੋਏ ਹੱਥ ਭਾਰਤੀ ਸਭਿਆਚਾਰ ਦੀ ਨਿਸ਼ਾਨੀ ਹਨ।

ਹੁਣ ਜਹਾਜ਼ ਕਾਬਲ ਤੋਂ ਈਰਾਨ ਦੀ ਰਾਜਧਾਨੀ ਤਹਿਰਾਨ ਵਲ ਉੱਡ ਪਿਆ ਸੀ। ਪਿਛੇ ਵੀ ਤੇ ਹੁਣ ਵੀ, ਮੈਨੂੰ ਹੇਠਾਂ ਧਰਤੀ ਉਤੇ ਭੂਰੇ ਭੂਰੇ ਜਿਹੇ ਟਿੱਬੇ ਦਿੱਸੇ। ਇਹ ਟਿੱਬੇ ਕੋਹ ਹਿੰਦੂ ਕੁਸ਼ ਦੀਆਂ ਪਹਾੜੀਆਂ ਸਨ। ਇਹ ਪਹਾੜੀਆਂ ਬਿਲਕੁਲ ਕੱਚੀ ਮਿੱਟੀ ਦੀਆਂ ਲਗ ਰਹੀਆਂ ਸਨ। ਮਿੱਟੀ ਦਾ ਰੰਗ ਲਾਲ ਸੀ। ਕਦੇ ਕਦੇ ਸਾਵੀਆਂ ਪਹਾੜੀਆਂ ਵੀ ਦਿਸਦੀਆਂ ਤੇ ਕਦੇ ਕਦੇ ਪਹਾੜ ਵੀ। ਅਨਾਊਂਸਮੈਂਟ ਹੋਈ ਕਿ ਹੁਣ ਜਹਾਜ਼ ਤੀਹ ਹਜ਼ਾਰ ਫੁੱਟ ਉੱਚਾ ਉਡ ਰਿਹਾ ਹੈ। ਫੇਰ ਆਖਿਆ ਗਿਆ ਕਿ ਹੁਣ ਜਹਾਜ਼ ਬੱਤੀ ਹਜ਼ਾਰ ਫੁੱਟ ਉੱਚਾ ਜਾ ਰਿਹਾ ਹੈ। ਇਕ ਗੱਲ ਬੜੀ ਅਜੀਬ। ਜਹਾਜ਼ ਛੇ ਸੌ ਮੀਲ ਦੀ ਰਫ਼ਤਾਰ ਉਤੇ ਜਾ ਰਿਹਾ ਸੀ, ਪਰ ਜੇ ਹੇਠਾਂ ਦੇਖੋ ਤਾਂ ਸਾਈਕਲ ਦੀ ਰਫ਼ਤਾਰ ਨਾਲ ਹੀ ਜਾਂਦਾ ਨਜ਼ਰ ਆਉਂਦਾ ਸੀ। ਅਸੀਂ ਬਹੁਤ ਉੱਚੇ ਸਾਂ। ਜੋ ਪਹਾੜੀ, ਪਿੰਡ ਜਾਂ ਸ਼ਹਿਰ ਸਾਨੂੰ ਹੇਠਾਂ ਦਿਸਦਾ ਸੀ, ਬਹੁਤ ਉੱਚੇ ਹੋਣ ਕਰਕੇ, ਉਹੀਓ ਦਿਸਦਾ ਰਹਿੰਦਾ ਸੀ ਤੇ ਜਾਪਦਾ ਸੀ ਜਿਵੇਂ ਅਸੀਂ ਸਾਈਕਲ ਵਾਂਗ ਹੀ ਜਾਂਦੇ ਹਾਂ। ਪਰ ਹਕੀਕਤ ਇਹ ਸੀ ਕਿ ਅਸੀਂ ਛੇ ਸੌ ਮੀਲ ਦੀ ਰਫ਼ਤਾਰ ਨਾਲ ਜਾ ਰਹੇ ਸਾਂ।

ਇਕ ਵਾਰ ਥੋੜੇ ਚਿਰ ਲਈ ਉਹ ਬਜ਼ੁਰਗ ਜਾਗਿਆ ਤੇ ਸਿੱਧਾ ਹੋ ਕੇ ਬਹਿ ਗਿਆ। ਮੈਂ ਬੇਨਤੀ ਵਾਂਗੂ ਆਖਿਆ ਕਿ ਉਹਨਾਂ ਨੇ ਤਾਂ ਸੌਣਾ ਹੀ ਹੈ, ਜੇ ਉਹ ਮੈਨੂੰ ਆਪਣੇ ਵਾਲੀ ਬਾਰੀ ਨਾਲ ਦੀ ਸੀਟ ਦੇ ਦੇਣ ਤਾਂ ਮਿਹਰਬਾਨੀ ਹੋਵੇਗੀ। ਮੈਂ ਹੇਠਾਂ ਧਰਤੀ ਦੇ ਨਜ਼ਾਰੇ ਦੇਖਣਾ ਚਾਹੁੰਦਾ ਹਾਂ। ਉਹ ਬਜ਼ੁਰਗ ਮੰਨ ਗਿਆ, ਪਰ ਮੰਨਿਆ ਬੜੀ ਮੁਸ਼ਕਲ ਨਾਲ। ਨਾਂਹ ਤਾਂ ਉਸ ਨੇ ਕੀਤੀ ਨਹੀਂ, ਪਰ ਹਾਂ ਵੀ ਕਹਿਣਾ ਨਹੀਂ ਸੀ ਚਾਹੁੰਦਾ। ਪਰ ਮੈਂ ਕਿਉਂਕਿ ਬੜੀ ਹੀ ਮਿੰਨਤਦਾਰੀ ਨਾਲ ਉਸ ਨੂੰ ਕਿਹਾ ਸੀ, ਇਸ ਲਈ ਉਸ ਨੂੰ ਮੰਨਣਾ ਪਿਆ। ਹੁਣ ਮੈਂ ਬਾਰੀ ਨਾਲ ਸਾਂ, ਅਤੇ ਉਹ ਮੇਰੀ ਥਾਂ, ਵਿਚਕਾਰ।

ਜਾਪਦਾ ਸੀ, ਇਹ ਬਜ਼ੁਰਗ ਕਾਫ਼ੀ ਘੁੰਮਿਆ ਫਿਰਿਆ ਸੀ ਤੇ ਰੋਜ਼ ਹੀ ਜਹਾਜ਼ਾਂ ਵਿਚ ਉਹ ਸਫ਼ਰ ਕਰਦਾ ਰਹਿੰਦਾ ਸੀ, ਇਸ ਲਈ ਉਸ ਨੂੰ ਕਿਸੇ ਪਾਸੇ ਵੀ ਦੇਖਣ ਦੀ ਲੋੜ ਨਹੀਂ ਸੀ। ਪਰ ਮੈਂ ਨਵਾਂ ਨਵਾਂ ਸਾਂ ਤੇ ਸਭ ਕੁਝ ਦੇਖਣਾ ਚਾਹੁੰਦਾ ਸਾਂ, ਇਸ ਲਈ ਮੈਂ ਇਕ ਪਲ ਵੀ ਅੱਖ ਲਾਉਣ ਦੀ ਨਹੀਂ ਸੋਚੀ। ਮੈਨੂੰ ਲਾਹਾ ਇਹ ਸੀ ਕਿ ਉੱਚਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਡ ਕੇ ਵਧ ਤੋਂ ਵਧ ਮੈਂ ਇਸ ਧਰਤੀ ਦੇ ਦਰਸ਼ਨ ਕਰਾਂ। ਪਹਾੜਾਂ ਦੇ, ਸਮੁੰਦਰਾਂ ਦੇ, ਫ਼ਸਲਾਂ ਦੇ, ਤੇ ਵਾਦੀਆਂ ਦੇ।

ਖ਼ੈਰ, ਜਹਾਜ਼ ਉਡਦਾ ਗਿਆ। ਸਾਢੇ ਬਾਰਾਂ ਅਸੀਂ ਤਹਿਰਾਨ ਦੇ ਅੱਡੇ ਉਤੇ ਲੈਂਡ ਕੀਤਾ। ਭਾਰਤੀ ਸਮੇਂ ਅਨੁਸਾਰ ਹੀ।

ਹੁਣ ਜਹਾਜ਼ ਨੇ ਟਰਕੀ ਦੇ ਬੜੇ ਹੀ ਖ਼ੂਬਸੂਰਤ ਸ਼ਹਿਰ ਇਸਤੰਬੋਲ ਲਹਿਣਾ ਸੀ। ਰਾਜਧਾਨੀ ਅਨਕਰਾ ਹੈ, ਪਰ ਜਹਾਜ਼ ਨੇ ਇਸਤੰਬੋਲ ਦੇ ਏਅਰਪੋਰਟ ਹੀ ਲਹਿਣਾ ਸੀ।

ਤਹਿਰਾਨ ਤੋਂ ਅਸੀਂ ਕਾਲੋ ਸਾਗਰ ਦੀ ਝੀਲ ਉਤੋਂ ਉੱਡੇ ਤੇ ਫੇਰ ਕਾਲੇ ਸਾਗਰ ਉਤੋਂ। ਕਾਲੇ ਸਾਗਰ ਦੀ ਝੀਲ ਸਾਨੂੰ ਟੋਭੇ ਵਾਂਗ ਲਗ ਰਹੀ ਸੀ ਤੇ ਕਾਲਾ ਸਾਗਰ ਢਾਬ ਵਾਂਗ। ਫੇਰ ਇਸਤੰਬੋਲ ਪਹੁੰਚੇ। ਇਸਤੰਬੋਲ : ਜਿਸ ਨੂੰ ਪਹਿਲਾਂ ਕੁਸਤੁਨਤੁਨੀਆ ਕਹਿੰਦੇ ਸਨ।

ਇਸਤੰਬੋਲ ਕਾਲੇ ਸਾਗਰ ਦੀ ਜਿੱਥੇ ਪੇਤਲੀ ਥਾਂ ਹੈ, ਉਸ ਦੇ ਦੋਵੇਂ ਪਾਸੇ ਇਸਤੰਬੋਲ ਵਸਿਆ ਹੋਇਆ ਹੈ। ਇਸਤੰਬੋਲ ਯੂਰਪ ਅਤੇ ਏਸ਼ੀਆ ਦੀ ਸਰਹੱਦ ਹੈ।

ਇਸਤੰਬੋਲ ਏਅਰਪੋਰਟ ਸਾਡੇ ਜਹਾਜ਼ ਤੋਂ ਪਹਿਲਾਂ ਦੋ ਹੋਰ ਜਹਾਜ਼ ਲਹਿ ਰਹੇ ਸਨ। ਉਨੀ ਦੇਰ ਲਈ ਸਾਡਾ ਜਹਾਜ਼ ਇਸਤੰਬੋਲ ਦੇ ਸ਼ਹਿਰ ਉਤੇ ਗੇੜੇ ਕੱਢਣ ਲਗ ਪਿਆ ਤੇ ਆਪਣਾ ਸਮਾਂ ਗੁਜ਼ਾਰਨ ਲਗਾ। ਪੋਰਟ ਵਿਹਲਾ ਹੋਣ ਨਾਲ ਹੀ ਸਾਡੇ ਜਹਾਜ਼ ਨੇ ਲਹਿਣਾ ਸੀ। ਇਹ ਕੁਝ ਸਾਨੂੰ ਨਾਲ ਦੀ ਨਾਲ ਹੀ ਮਾਈਕ ਦੱਸਦਾ ਰਹਿੰਦਾ ਸੀ। ਨਹੀਂ ਤਾਂ ਸਾਨੂੰ ਕੀ ਪਤਾ ਸੀ ਕਿ ਹੇਠਾਂ ਕੀ ਹੋ ਰਿਹਾ ਹੈ।

ਹਾਏ! ਪਿਆਰਾ ਇਸਤੰਬੋਲ ਬੜਾ ਹੀ ਖ਼ੂਬਸੂਰਤ ਸੀ। ਹੇਠਾਂ ਬੜੀਆਂ ਪਿਆਰੀਆਂ ਪਿਆਰੀਆਂ ਮਸਜਿਦਾਂ ਦਿਸ ਰਹੀਆਂ ਸਨ। ਮੈਨੂੰ ਹੋਰ ਵੀ ਮੋਹ ਸੀ: ਇਸਤੰਬੋਲ ਮਹਾਂ ਕਵੀ ਨਾਜ਼ਮ ਹਿਕਮਤ ਦਾ ਸ਼ਹਿਰ ਸੀ। ਇਸਤੰਬੋਲ ਬਾਰੇ ਉਸ ਨੇ ਬਹੁਤ ਕਵਿਤਾਵਾਂ ਲਿਖੀਆਂ ਸਨ ਜੋ ਮੈਂ ਪੜ੍ਹੀਆਂ ਹੋਈਆਂ ਸਨ। ਨਾਜ਼ਮ ਹਿਕਮਤ ਇਸਤੰਬੋਲ ਨੂੰ ਬਹੁਤ ਪਿਆਰ ਕਰਦਾ ਸੀ। "ਹਾਏ! ਮੇਰੇ ਇਸਤੰਬੋਲ—ਬੜੇ ਪਿਆਰੇ ਇਸਤੰਬੋਲ!"

ਇਸ ਸੰਸਾਰ ਪ੍ਰਸਿੱਧ ਕਵੀ ਨੂੰ ਉਸ ਦੇ ਪਿਆਰੇ ਇਸਤੰਬੋਲ ਵਿਚ ਰਹਿਣਾ ਔਖਾ ਕੀਤਾ ਗਿਆ ਤੇ ਓੜਕ ਇਸਤੰਬੋਲ ਛੱਡ ਕੇ ਉਸ ਨੂੰ ਮਾਸਕੋ ਰਹਿਣਾ ਪਿਆ। ਗ਼ਲਤੀ ਉਸ ਦੀ ਕੀ ਸੀ? ਉਹ ਲੋਕਾਂ ਦਾ, ਗ਼ਰੀਬਾਂ ਦਾ, ਲਿਤਾੜਿਆਂ ਦਾ ਕਵੀ ਸੀ ਜੋ ਉਹਨਾਂ ਨੂੰ ਜਗਾਉਂਦਾ ਅਤੇ ਸ਼ਕਤੀਵਰ ਕਰ ਰਿਹਾ ਸੀ। ਟਰਕੀ ਦੀ ਫ਼ਾਜ਼ਿਸਟ ਹਕੂਮਤ ਉਸ ਨੂੰ ਸਹਿਣ ਨਹੀਂ ਕਰਦੀ ਸੀ। ਉਸ ਨੂੰ ਉਸ ਦੀ ਬਰਛੇ ਵਹਗੀ ਕਲਮ ਤੋਂ ਡਰ ਲਗਦਾ ਸੀ। ਉਸ ਨੇ ਕੈਦਾਂ ਕੱਟੀਆਂ ਤੇ ਬਹੁਤ ਮਾਰਾਂ ਖਾਧੀਆਂ। ਅੰਤ ਉਸ ਨੂੰ ਆਪਣਾ ਵਤਨ ਛਡ ਕੇ ਬਾਹਰ ਜਾਣਾ ਪਿਆ। ਉਹ ਜਲਾਵਤਨ ਕਰ ਦਿਤਾ ਗਿਆ। ਇਸਤੰਬੋਲ ਨੂੰ ਯਾਦ ਕਰਦਾ ਮਾਸਕੋ ਵਿਚ ਹੀ ਨਾਜ਼ਮ ਹਿਕਮਤ ਇਸ ਸੰਸਾਰ ਤੋਂ ਚਲਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਵੇਂ ਬਹਾਦੁਰ ਸ਼ਾਹ ਜ਼ਫ਼ਰ ਨੇ ਕਦੇ ਰੰਗੂਨ ਵਿਚ ਕਿਹਾ ਸੀ : "ਦੋ ਗਜ਼ ਜ਼ਮੀਂ ਭੀ ਮਿਲ ਨ ਸਕੀ ਕੂਏ ਯਾਰ ਮੇਂ", ਇਵੇਂ ਇਸਤੰਬੋਲ ਦੀ ਮਿੱਟੀ ਉਸ ਨੂੰ ਮਿਲ ਨਹੀਂ ਸਕੀ ਸੀ। ਨਾਜ਼ਮ ਹਿਕਮਤ ਸੋਵੀਅਤ ਰੂਸ ਦੀ ਧਰਤੀ ਹੇਠਾਂ ਦਫ਼ਨ ਹੈ।

ਤਹਿਰਾਨ ਤੋਂ ਇਸਤੰਬੋਲ ਤਕ ਅਸੀਂ ਟਰਕੀ ਦੇ ਸਾਵੇ ਤੇ ਨੀਲੇ ਬਰਫ਼ਾਨੀ ਪਹਾੜਾਂ ਉਤੋਂ ਵੀ ਉੱਡੇ। ਇਹ ਪਹਾੜ ਮੈਨੂੰ ਬੜੇ ਹੀ ਖ਼ੂਬਸੂਰਤ ਲਗੇ ਸਨ। ਇੱਥੇ ਸਾਡਾ ਜਹਾਜ਼ ਬਹੁਤ ਬੁਲੰਦੀ ਉਤੇ ਉਡ ਰਿਹਾ ਸੀ। ਪਹਾੜਾਂ ਉਤੇ ਬਰਫ਼ ਦੀ ਚਾਦਰ ਬੜੀ ਹੀ ਸੂਹਣੀ ਲਗਦੀ ਸੀ। ਜਾਪਦਾ ਸੀ ਜਿਵੇਂ ਕਿਸੇ ਨੇ ਹਰੀ ਜਾਂ ਨੀਲੀ ਧਰਤੀ ਉਤੇ ਕਲੀ ਦੀਆਂ ਕੂਚੀਆਂ ਮਾਰੀਆਂ ਹੋਣ। ਉਂਜ ਪਹਾੜ ਵੀ ਦਿਸਦੇ ਸਨ। ਧਰਤੀ ਧੱਧਰ ਨਹੀਂ ਸੀ ਲਗਦੀ।

ਇਸਤੰਬੋਲ ਤੋਂ ਸਾਡਾ ਜਹਾਜ਼ ਫ਼ਰੈਂਕਫ਼ੋਰਟ ਜਾਣਾ ਸੀ। ਜੇ ਇਵੇਂ ਹੀ ਜਾਣਾ ਹੁੰਦਾ, ਤਦ, ਸਾਡੇ ਜਹਾਜ਼ ਨੇ ਕੁਝ ਹਿੱਸਾ ਟਰਕੀ, ਪੂਰੇ ਬਲਗਾਰੀਆ, ਪੂਰੇ ਯੋਗੋਸਲਾਵੀਆ, ਹੰਗਰੀ ਵੀ ਪੂਰੀ, ਪੂਰੇ ਆਸਟਰੀਆ ਤੇ ਅੱਧੇ ਪੱਛਮੀ ਜਰਮਨੀ ਉਤੋਂ ਉਡਦੇ ਉਡਦੇ ਜਾਣਾ ਸੀ। ਫ਼ਰੈਂਕਫ਼ੋਰਟ ਤੋਂ ਉਡ ਕੇ ਅਸੀਂ ਬੈਲਜੀਅਮ ਤੋਂ ਉਡਦੇ ਹੋਏ ਇੰਗਲਿਸ਼ ਚੈਨਲ ਕਰਾਸ ਕਰ ਕੇ ਲੰਡਨ ਪਹੁੰਚ ਜਾਣਾ ਸੀ। ਪਰ ਕਿਸੇ ਕਾਰਨ ਫ਼ਰੈਂਕਫ਼ੋਰਟ ਜਾਣਾ ਕੈਂਸਲ ਹੋ ਗਿਆ ਤੇ ਸਾਡਾ ਜਹਾਜ਼ ਇਸਤੰਬੋਲ ਤੋਂ ਸਿੱਧਾ ਲੰਡਨ ਵਲ ਚਲ ਪਿਆ। ਫ਼ਰੈਂਕਫ਼ੋਰਟ ਜਾਂਦੇ ਤਾਂ ਅਸੀਂ ਲੰਡਨ ਪੰਜ ਵਜੇ--ਲੰਡਨ ਟਾਈਮ—ਪੁੱਜਣਾ ਸੀ। ਪਰ ਹੁਣ ਸਿੱਧਾ ਜਾਣ ਕਰ ਕੇ ਚਾਰ ਵਜੇ ਹੀ ਪਹੁੰਚ ਗਏ—ਮਿਥੇ ਸਮੇਂ ਤੋਂ ਘੰਟਾ ਪਹਿਲਾਂ। ਜਦੋਂ ਏਥੇ ਚਾਰ ਸਨ, ਭਾਰਤ ਵਿਚ ਸਾਢੇ ਅੱਠ ਜਾਂ ਪੌਣੇ ਨੌਂ ਹੋ ਚੁੱਕੇ ਸਨ ਤੇ ਬੱਤੀਆਂ ਜਗੀਆਂ ਹੋਈਆਂ ਸਨ। ਪੰਜ ਵਜੇ ਪਹੁੰਚਦੇ ਤਾਂ ਲਗ ਪਗ ਦਸ ਵਜ ਜਾਣੇ ਸਨ।

ਇਕ ਥਾਂ ਫ਼ਰਾਂਸ ਅਤੇ ਜਰਮਨੀ ਦਾ ਮੇਨ (Meian) ਦਰਿਆ ਮੈਨੂੰ ਹੇਠਾਂ ਨਜ਼ਰ ਆਇਆ। ਇਸ ਸਮੇਂ ਸਾਡਾ ਜਹਾਜ਼ ਬੱਤੀ ਹਜ਼ਾਰ ਫੁੱਟ ਦੀ ਬੁਲੰਦੀ ਉਤੇ ਉਡ ਰਿਹਾ ਸੀ। ਇਕ ਮਹਾਨ ਸਰਾਲ ਜਿਵੇਂ ਹੇਠਾਂ ਵਲ ਖਾ ਰਹੀ ਹੋਵੇ। ਮੈਂ ਕਿਸੇ ਤੋਂ ਪੁਛਿਆ ਕਿ ਕੀ ਇਹ ਕੋਈ ਸੜਕ ਹੈ। ਉਸ ਨੇ ਉੱਤਰ ਦਿਤਾ ਕਿ ਨਹੀਂ ਜੀ ਇਹ ਸੱਪ ਹੈ। "ਸੱਪ ?" ਮੈਂ ਆਖਿਆ ਤੇ ਡਰਿਆ ਅਤੇ ਹੈਰਾਨ ਹੋਇਆ। "ਨਹੀਂ, ਇਹ ਦਰਿਆ ਹੈ", ਉਸ ਨੇ ਹਸ ਕੇ ਆਖਿਆ, "ਫ਼ਰਾਂਸ ਅਤੇ ਜਰਮਨੀ ਦੇ ਵਿਚੋਂ ਲੰਘਦਾ ਮੇਨ ਦਰਿਆ।"

ਕਈ ਵਾਰ ਸਾਡਾ ਜਹਾਜ਼ ਬਹੁਤ ਟੇਢਾ ਹੁੰਦਾ ਤੇ ਦੂਜੇ ਪਾਸੇ ਦੀਆਂ ਬਾਰੀਆਂ ਵਿਚੋਂ ਨੀਲਾ ਨੀਲਾ ਅੰਬਰ ਦਿਸਦਾ। ਜਾਪਦਾ ਸੀ ਜਿਵੇਂ ਸ਼ੀਸ਼ੇ ਹੀ ਨੀਲੇ ਰੰਗ ਦੇ ਹੋ ਗਏ ਹੋਣ। ਬੜਾ ਹੀ ਗੂਹੜਾ ਨੀਲਾ ਰੰਗ। ਪਹਿਲਾਂ ਮੈਨੂੰ ਸਮਝ ਨਾ ਆਈ। ਫੇਰ ਮੈਂ ਮਹਿਸੂਸ ਕੀਤਾ ਜਿਵੇਂ ਜਹਾਜ਼ ਟੇਢਾ ਹੋ ਕੇ ਕੋਈ ਮੋੜ ਕਟ ਰਿਹਾ ਹੈ ਤੇ ਜਿੱਧਰ ਅਸੀਂ ਬੈਠੇ ਹਾਂ, ਇਹ ਪਾਸਾ ਨੀਵਾਂ ਅਤੇ ਦੂਜਾ ਉੱਚਾ ਹੋ ਗਿਆ ਹੈ ਤੇ ਬਾਰੀਆਂ ਵਿਚੋਂ ਨੀਲਾ ਨੀਲਾ ਅੰਬਰ ਹੀ ਦਿਸ ਰਿਹਾ ਹੈ। ਕਦੇ ਕਦੇ ਸਾਡੇ ਵਲ ਵੀ ਇਵੇਂ ਹੀ ਹੋ ਜਾਂਦਾ ਸੀ। ਪਰ ਸਾਨੂੰ ਕੋਈ ਹਚਕੋਲਾ ਜਾਂ ਕੁਝ ਹੋਰ ਮਲੂਮ ਨਹੀਂ ਹੁੰਦਾ ਸੀ। ਜੇ ਜਹਾਜ਼ ਦੇ ਪਹੀਏ ਵੀ ਆਕਾਸ਼


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਲ ਹੋ ਜਾਂਦੇ ਹੋਣ ਤਾਂ ਸਾਨੂੰ ਫ਼ਰਕ ਨਹੀਂ ਪੈਣਾ ਸੀ। ਅਸੀਂ ਤਾਂ ਉਵੇਂ ਹੀ ਹੋਣਾ ਸੀ ਜਿਵੇਂ ਕਿ ਅਸੀਂ ਸੀਗੇ ਹੀ। ਸਾਡੇ ਲਈ ਤਾਂ ਇਸ ਸਮੇਂ ਜਹਾਜ਼ ਦਾ ਫ਼ਰਸ਼ ਹੀ ਧਰਤੀ ਸੀ ਅਤੇ ਆਕਾਸ਼, ਉਤਲਾ ਹਿੱਸਾ। ਸਾਡੇ ਲਈ ਇਹ ਧਰਤੀ ਅਤੇ ਆਕਾਸ਼ ਹੀ ਠੀਕ ਚਾਹੀਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਵਿਚ ਲਹਿਣਾ

ਜਦੋਂ ਲੰਡਨ ਆਇਆ ਤਾਂ ਪਹਿਲਾਂ ਹੇਠਾਂ ਬੱਦਲ ਸਨ। ਕਈ ਵਾਰ ਪਿਛੇ ਵੀ ਇਹ ਬੱਦਲ ਹੇਠਾਂ ਆਏ ਸਨ ਤੇ ਧਰਤੀ ਦਿਸਦੀ ਨਹੀਂ ਸੀ ਹੁੰਦੀ। ਜਹਾਜ਼ ਕਿੰਨੇ ਕਿੰਨੇ ਚਿਰ ਲਈ ਬੱਦਲਾਂ ਉਤੇ ਉਡਦਾ ਰਹਿੰਦਾ। ਪਰ ਹੁਣ ਕਾਫ਼ੀ ਬੱਦਲ ਸਨ ਤੇ ਹੁਣ ਜਹਾਜ਼ ਨੂੰ ਪਾਇਲਟ ਹੌਲੀ ਹੌਲੀ ਹੇਠਾਂ ਕਰ ਰਿਹਾ ਸੀ ਤੇ ਧੁੰਦਾਂ ਵਿਚ ਆ ਵੜਿਆ ਸੀ। ਆਖ਼ਿਰ ਬੱਦਲ ਚੀਰੇ ਗਏ ਤੇ ਫੇਰ ਉਹ ਉਤੇ ਚਲੇ ਗਏ ਤੇ ਹੇਠਾਂ ਸਾਨੂੰ ਲੰਡਨ ਜਾਂ ਇੰਗਲੈਂਡ ਦੀ ਧਰਤੀ ਦਿੱਸਣ ਲਗੀ। ਫੇਰ ਲਾਲ ਛੱਤਾਂ ਅਤੇ ਚਿਮਨੀਆਂ ਦੀ ਝਾਕੀ ਦਿੱਸੀ। ਫੇਰ, ਸਾਨੂੰ ਹੀਥਰੋ ਦਾ ਏਅਰਪੋਰਟ ਨਜ਼ਰੀਂ ਆਇਆ। ਫੇਰ ਜਹਾਜ਼ ਨੇ ਪੋਰਟ ਉਤੇ ਨੀਵਾਂ ਹੋਣ ਲਈ ਗੇੜੇ ਕੱਢੇ। ਹੇਠਾਂ ਪੋਰਟ ਖ਼ਾਲੀ ਸੀ। ਫੇਰ ਬੜੀ ਹੀ ਗਰਜ ਨਾਲ ਹੀਥਰੋ ਦੇ ਰਨ-ਵੇ (Runway) ਉਤੇ ਸਾਡੇ ਜਹਾਜ਼ ਨੇ ਪਹੀਏ ਛੁਹੇ। ਮੇਰੀਆਂ ਅੱਖਾਂ ਬੋਝਲ ਸਨ ਤੇ ਜਿਸਮ ਥੱਕਿਆ ਹੋਇਆ ਸੀ। ਪਰ ਮੈਂ ਇਕ ਅਨੂਠੀ ਜਿਹੀ ਖ਼ੁਸ਼ੀ ਨਾਲ ਸਰਸ਼ਾਰ ਸਾਂ ਤੇ ਕਿਸੇ ਪਰਦੇਸ ਦੀ ਧਰਤੀ ਉਤੇ ਲਹਿਣ ਦੇ ਮਾਣ ਨਾਲ ਰੱਤਾ ਸਾਂ।

ਹੀਥਰੋ ਦਾ ਏਅਰਪੋਰਟ ਦਿੱਲੀ ਵਰਗਾ ਨਹੀਂ ਸੀ, ਸਗੋਂ ਬਿਲਕੁਲ ਵੱਖਰਾ ਸੀ। ਦਿੱਲੀ ਏਅਰਪੋਰਟ ਉਤੇ ਸਾਨੂੰ ਇਕ ਵੈਨ ਜਹਾਜ਼ ਦੇ ਲਾਗੇ ਲੈ ਕੇ ਗਈ ਸੀ; ਪਰ ਹੀਥਰੋ ਜਹਾਜ਼ ਹੀ ਇਕ ਬਿਲਡਿੰਗ ਨਾਲ ਲਗ ਗਿਆ ਸੀ ਜੋ ਆਲੀਸ਼ਾਨ ਮਹੱਲ ਸੀ ਤੇ ਇਸੇ ਬਿਲਡਿੰਗ ਵਿਚੋਂ ਅਸੀਂ ਲੰਘ ਕੇ ਬਾਹਰ ਜਾਣਾ ਸੀ। ਮੈਂ ਹੈਰਾਨ ਰਹਿ ਗਿਆ ਜਦੋਂ ਜਹਾਜ਼ ਹੀ ਆਪਣੇ ਆਪ ਇਕ ਬਿਲਡਿੰਗ ਲਾਗੇ ਲਗ ਗਿਆ। ਜਿਥੋਂ ਤਕ ਯਾਦ ਹੈ ਮੈਨੂੰ, ਸਾਨੂੰ ਜਹਾਜ਼ ਦੀ ਪੌੜੀ ਉਤੇ ਪੈਰ ਨਹੀਂ ਸੀ ਰੱਖਣਾ ਪਿਆ ਤੇ ਨਾ ਹੀ ਪੌੜੀ ਲਗੀ ਸੀ, ਜਹਾਜ਼ ਦੀ ਵੱਖੀ ਵਾਲਾ ਬੂਹਾ ਬਿਲਡਿੰਗ ਨਾਲ ਲਗ ਗਿਆ ਸੀ ਤੇ ਅਸੀਂ ਜਹਾਜ਼ ਤੋਂ ਲਹਿਣ ਵੇਲੇ ਅਗਲਾ ਕਦਮ ਇਸ ਬਿਲਡਿੰਗ ਦੇ ਫ਼ਰਸ਼ ਉਤੇ ਹੀ ਰਖਿਆ ਸੀ ਤੇ ਇਹ ਹੈਰਾਨੀ-ਜਨਕ ਸੀ। ਜਹਾਜ਼ ਆਪਣੇ ਆਪ ਵਿਚ ਇਕ ਪੂਰੀ ਦੀ ਪੂਰੀ ਬਿਲਡਿੰਗ ਸੀ ਤੇ ਜਿਥੇ ਪੈਰ ਰਖਿਆ ਸੀ, ਉਹ ਵੀ ਇਕ ਬਿਲਡਿੰਗ ਸੀ। ਅਜੇ ਇੰਗਲੈਂਡ ਦੀ ਧਰਤੀ ਉਤੇ ਪੈਰ ਨਹੀਂ ਸੀ ਰਖਿਆ ਮੈਂ। ਉਹ ਮੈਂ ਬਾਹਰ ਜਾ ਕੇ, ਜਦੋਂ ਦੋਸਤਾਂ ਨੂੰ ਮਿਲਣਾ ਸੀ, ਉਦੋਂ ਹੀ ਰਖਿਆ ਜਾਣਾ ਸੀ।

ਸੀ ਤਾਂ ਸਾਰੀ ਬਿਲਡਿੰਗ ਹੀ ਇੰਗਲੈਂਡ ਦੀ ਧਰਤੀ ਉਤੇ ਹੀ ਤੇ ਹੇਠ ਜਹਾਜ਼ ਦੇ ਪਹੀਏ ਵੀ ਇੰਗਲੈਂਡ ਦੀ ਧਰਤੀ ਉਤੇ ਸਨ; ਪਰ ਮੇਰਾ ਮਤਲਬ ਇਹ ਹੈ ਕਿ ਜਿਥੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜੀ ਧੂੜ ਹੋਵੇ, ਪਟੜੀ ਜਾਂ ਸੜਕ ਹੋਵੇ, ਉਹ ਧਰਤੀ ਹੁੰਦੀ ਹੈ—ਜਿਹੜੀ ਬਿਲਕੁਲ ਨੰਗੀ ਹੋਵੇ। ਮੈਂ ਇੰਗਲੈਂਡ ਦੀ ਮਿੱਟੀ ਉਤੇ ਪੈਰ ਰੱਖਣਾ ਚਾਹੁੰਦਾ ਸਾਂ—ਇੰਗਲੈਂਡ ਦੀ ਸਰ-ਜ਼ਮੀਨ ਉਤੇ।

ਕਿਉਂਕਿ ਮੈਂ ਅਣਜਾਣ ਸਾਂ ਤੇ ਸਾਰੇ ਰਾਹ ਇਕੱਲਾ ਮੈਂ ਹੀ ਜਾਗਦਾ ਚਲਿਆ ਆਇਆ ਸਾਂ, ਇਸ ਲਈ ਇਕ ਮੁਸਾਫ਼ਰ ਮੇਰੀ ਆਪ ਹੀ ਮਦਦ ਕਰਨ ਲਗਾ। ਪਹਿਲਾ, ਨਾਲ ਜੋ ਬੈਠਾ ਸੀ, ਲਾਹੌਰ ਤੋਂ ਚੜ੍ਹਿਆ ਪਾਕਿਸਤਾਨੀ, ਉਹ ਸਾਥ ਛਡ ਗਿਆ ਸੀ; ਤੇ ਜਿਹੜਾ ਉਹ ਬਜ਼ੁਰਗ ਸੀ, ਉਹ ਤਾਂ ਸੀ ਹੀ ਨੀਂਦ-ਵਿਗੁੱਤਾ। ਉਹ ਤਾਂ ਆਪਣੇ ਆਪ ਵਿਚ ਹੀ ਅਜੇ ਜਾਗਿਆ ਨਹੀਂ ਸੀ ਤੇ ਉਸ ਨੂੰ ਸਾਡੇ ਕਿਸੇ ਨਾਲ ਵੀ ਕੋਈ ਤੁਅੱਲਕ ਨਹੀਂ ਸੀ। ਉਸ ਨੇ ਮੈਨੂੰ ਬਾਰੀ ਨਾਲ ਦੀ ਸੀਟ ਦੇ ਤਾਂ ਦਿਤੀ ਸੀ, ਪਰ ਫੇਰ ਝਟ ਖੋਹ ਲਈ ਸੀ। ਮੈਂ ਜ਼ਰਾ ਟਾਇਲਟ ਗਿਆ ਸਾਂ, ਜਦ ਮੈਂ ਵਾਪਸ ਆਇਆ ਤਾਂ ਉਹ ਬਜ਼ੁਰਗ ਫੇਰ ਆਪਣੀ ਸੀਟ ਉਤੇ ਬਹਿ ਗਿਆ ਸੀ ਤੇ ਅੱਧੀ ਬਾਰੀ ਉਸ ਨੇ ਆਪਣੇ ਸਿਰ ਨਾਲ ਰੋਕ ਲਈ ਹੋਈ ਸੀ। ਅਤੇ ਮੈਂ ਅੱਧੀ ਬਾਰੀ ਵਿਚੋਂ ਹੀ ਉੜ ਉੜ ਸਭ ਕੁਝ ਦੇਖਦਾ ਰਿਹਾ ਤੇ ਆਪਣੇ ਨੋਟ ਲਿਖਦਾ ਰਿਹਾ।

ਇਹ ਮੁਸਾਫ਼ਰ, ਜਿਸ ਨੇ ਮੇਰੀ ਮਦਦ ਕਰਨੀ ਚਾਹੀ ਸੀ, ਕੋਈ ਹੋਰ ਹੀ ਦਿਸਦਾ ਸੀ ਜਿਸ ਨੂੰ ਮੇਰੀ ਅਣਜਾਣਤਾ ਉਤੇ ਤਰਸ ਜਿਹਾ ਆ ਗਿਆ ਸੀ। ਅਸਲ ਵਿਚ ਤਾਂ ਮੈਂ ਵੀ ਸਭ ਨੂੰ ਤੰਗ ਹੀ ਕਰਦਾ ਆਇਆ ਸਾਂ। ਕਦੇ ਮੈਂ ਵਕਤ ਪੁੱਛਦਾ ਤੇ ਕਦੇ ਮੈਂ ਨਾਵਾਂ ਥਾਵਾਂ ਬਾਰੇ ਜਾਣਕਾਰੀ ਮੰਗਦਾ ਰਹਿੰਦਾ। ਕਈ ਲੋਕ ਤਾਂ ਆਖ਼ਿਰ ਮੈਨੂੰ ਦੱਸਣਾ ਹੀ ਛਡ ਗਏ ਸਨ।

ਹਾਂ, ਮੇਰੀ ਉਸ ਮੁਸਾਫ਼ਰ ਨੇ ਬੜੀ ਹੀ ਮਦਦ ਕੀਤੀ ਸੀ। "ਆਓ ਸਰਦਾਰ ਜੀ, ਮੇਰੇ ਨਾਲ ਆਓ। ਕੋਈ ਨਾ, ਬਹੁਤੀ ਕਾਹਲ ਨਾ ਕਰੋ, ਬੇਸ਼ਕ ਹੌਲੀ ਹੌਲੀ ਆਓ। ਤੁਸੀਂ ਜਾਣਾ ਕਿਥੇ ਹੈ? ਕਾਵੈਂਟਰੀ ਹੀ ਜਾਣਾ ਹੈ ਨਾ? ਕੋਈ ਨਾ, ਤੁਸੀਂ ਫ਼ਿਕਰ ਨਾ ਕਰੋ, ਤੁਹਾਨੂੰ ਮੈਂ ਪਹੁੰਚਾਵਾਂਗਾ।"

"ਨਹੀਂ ਜੀ, ਕਾਵੈਂਟਰੀ ਜਾਣ ਦੀ ਮੈਨੂੰ ਚਿੰਤਾ ਨਹੀਂ ਹੈ, ਮੇਰੇ ਦੋਸਤ ਮਿੱਤਰ ਮੈਨੂੰ ਲੈਣ ਲਈ ਆਏ ਹੋਣਗੇ, ਮੇਰੀ ਤੁਸੀਂ ਪੋਰਟ ਵਿਚੋਂ ਲੰਘਣ ਵਿਚ ਹੀ ਮਦਦ ਕਰੋ, ਕਿਉਂਕਿ ਮੈਂ ਅਣਜਾਣ ਹਾਂ ਤੇ ਪਹਿਲੀ ਵਾਰੀ ਹੀ ਆਇਆ ਹਾਂ।"

"ਤੁਸੀਂ ਬਿਲਕੁਲ ਫ਼ਿਕਰ ਨਾ ਕਰੋ, ਮੇਰੇ ਨਾਲ ਨਾਲ ਆਈ ਚੱਲੋ, ਅੱਡੇ ਵਿਚੋਂ ਬਾਹਰ ਤੀਕਰ ਤੁਹਾਡੇ ਨਾਲ ਮੈਂ ਹੋਵਾਂਗਾ ਤੇ ਤੁਹਾਨੂੰ ਤੁਹਾਡੇ ਲੋਕਾਂ ਕੋਲ ਸਪੁਰਦ ਕਰ ਕੇ ਜਾਵਾਂਗਾ।"

"ਬਹੁਤ ਮਿਹਰਬਾਨੀ ਜੀ।" ਮੈਂ ਧੰਨਵਾਦ ਲਈ ਆਖਿਆ।

ਫੇਰ ਇਕ ਅਜਿਹੀ ਥਾਵੇਂ ਅਸੀਂ ਪੈਰ ਰਖਿਆ ਜੋ ਆਪਣੇ ਆਪ ਚਲ ਰਹੀ ਸੀ। ਇਕ ਪਾਸਿਓਂ ਆਪਣੇ ਆਪ ਅਸੀਂ ਖਲੋਤੇ ਜਾਂਦੇ ਸਾਂ ਤੇ ਦੂਜੇ ਪਾਸਿਓਂ ਆਪਣੇ ਆਪ ਖਲੋਤੇ ਲੋਕ ਆ ਰਹੇ ਸਨ। ਸਿਰਫ਼ ਅਸੀਂ ਜੰਗਲੇ ਉਤੇ ਹੱਥ ਹੀ ਰਖਿਆ ਹੋਇਆ ਸੀ ਜੋ ਨਾਲੋ ਨਾਲ ਚਲ ਰਿਹਾ ਸੀ। ਨਿਰਸੰਦੇਹ, ਇਹ ਮਸ਼ੀਨ ਮੈਂ ਪਹਿਲੀ ਵਾਰ ਹੀ ਦੇਖੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ । ਮੈਂ ਆਪਣਾ ਥੈਲਾ ਵੀ, ਜੋ ਹੱਥ ਵਿਚ ਫੜਿਆ ਹੋਇਆ ਸੀ, ਆਪਣੇ ਪੈਰਾਂ ਲਾਗੇ ਹੀ ਉਸ ਚੀਜ਼ ਉਤੇ ਰਖ ਦਿਤਾ ਸੀ ਜੋ ਆਪਣੇ ਆਪ ਚਲ ਰਹੀ ਸੀ । ਇਹ ਨਵੀਂ ਤਰ੍ਹਾਂ ਦੀ ਲਿਫ਼ਟ ਸੀ ।

ਜ਼ਰੂਰ, ਅਸੀਂ ਹਲਕੀ ਜਿਹੀ ਢਲਾਨ ਜਿਹੀ ਲਹਿ ਰਹੇ ਸਾਂ ਤੇ ਦੂਜੇ ਪਾਸਿਓਂ ਆਉਂਦੇ ਲੋਕੀ ਉੱਪਰ ਵਲ ਆ ਰਹੇ ਸਨ । ਇਹ ਢਲਾਨ ਕੋਈ ਬਹੁਤੀ ਨਹੀਂ, ਬੜੀ ਮਾਮੂਲੀ ਜਿਹੀ ਹੀ ਸੀ । ਸਾਡੇ ਹੇਠਾਂ ਉਸ ਚੀਜ਼ ਦੀਆਂ ਪੌੜੀਆਂ ਨਹੀਂ ਬਣੀਆਂ ਸਨ ਜਿਵੇਂ ਏਥੇ ਅੰਡਰਗਰਾਊਂਡ ਸਟੇਸ਼ਨਾਂ ਵਿਚ ਬਣ ਜਾਂਦੀਆਂ ਹਨ । ਉਹ ਬਿਲਕੁਲ ਸਾਫ਼ ਹੀ ਰਹੀ ਸੀ ।

ਫੇਰ ਇਹ ਚੀਜ਼ ਖ਼ਤਮ ਹੋਈ । ਅਗੇ ਫ਼ਰਸ਼ ਆ ਗਿਆ ਸੀ । ਫੇਰ ਅਸੀਂ ਕਿਥੋਂ ਕਿਥੋਂ ਹੋ ਕੇ ਬਾਹਰ ਆਏ ਸਾਂ, ਇਹ ਹੁਣ ਮੈਨੂੰ ਯਾਦ ਨਹੀਂ । ਨਾ ਹੀ ਮੈਨੂੰ ਪਤਾ ਸੀ ਕਿ ਮੈਨੂੰ ਲਿਖਣਾ ਪਵੇਗਾ । ਮੈਂ ਤਾਂ ਕੇਵਲ ਸਫ਼ਰ ਬਾਰੇ ਹੀ ਨੋਟ ਲੈਂਦਾ ਆਇਆ ਸਾਂ ਤੇ ਉਸ ਬਾਰੇ ਹੀ ਲਿਖਣਾ ਸੀ—ਹਵਾਈ ਜਹਾਜ਼ ਦੇ ਸਫ਼ਰ ਬਾਰੇ । ਪਰ ਇੰਗਲੈਂਡ ਆਉਣ ਮਗਰੋਂ ਜਦ ਮੈਂ ਕਲਮ ਚੁੱਕੀ ਤਾਂ ਜਾਪਿਆ ਕਿ ਮੈਨੂੰ ਹੋਰ ਵੀ ਅੱਗੇ ਲਿਖਣਾ ਚਾਹੀਦਾ ਹੈ ਤਾਂ ਜੁ ਮੇਰੀਆਂ ਨਜ਼ਰਾਂ ਥਾਣੀ ਕੁਝ ਨਾ ਕੁਝ ਇੰਗਲੈਂਡ ਦੀ ਝਾਕੀ ਹੋਰ ਵੀ ਲੋਕੀ ਦੇਖ ਸਕਣ । ਮੈਨੂੰ ਆਪਣਾ ਸਫ਼ਰਨਾਮਾ ਲਿਖਣ ਦੀ ਲੋੜ ਮਹਿਸੂਸ ਹੋਈ ।

ਅਸੀਂ ਹੁਣ ਇਕ ਬਹੁਤ ਵਡੇ ਹਾਲ ਵਿਚ ਆ ਗਏ ਸਾਂ । ਏਥੇ ਕਈ ਇਕ ਕਾਊਂਟਰ ਸਨ ਜਿਨ੍ਹਾਂ ਉਤੇ ਅਸੀਂ ਆਪਣੇ ਪਾਸਪੋਰਟ ਤੇ ਹੋਰ ਕਾਗਜ਼ ਪੱਤਰ ਆਦਿ ਦਿਖਾਉਣੇ ਸਨ । ਇਹ ਮੇਰਾ ਆਪਣਾ ਕੰਮ ਹੀ ਸੀ । ਇਸ ਕੰਮ ਵਿਚ ਹੋਰ ਕੋਈ ਮੇਰੀ ਮਦਦ ਨਹੀਂ ਕਰ ਸਕਦਾ ਸੀ । ਮੈਂ ਇਕ ਬੂਹਾ ਲੰਘਿਆ ਤੇ ਉਥੇ ਖੜੇ ਪੁਲੀਸਮੈਨ ਨੇ ਸਾਹਮਣੇ ਵਾਲੇ ਕਾਊਂਟਰ ਵਲ ਇਸ਼ਾਰਾ ਕਰ ਕੇ ਆਖਿਆ ਕਿ ਮੈਂ ਉਥੇ ਪਹੁੰਚ ਜਾਵਾਂ । ਇਸ ਸਮੇਂ ਉਹ ਮੁਸਾਫ਼ਰ ਕਿਸੇ ਹੋਰ ਥਾਂ ਚਲਿਆ ਗਿਆ ਤੇ ਆਪਣਾ ਕੰਮ ਕਰਵਾਉਣ ਲਗਾ । ਉਂਜ ਉਸ ਮੁਸਾਫ਼ਰ ਦੀ ਨਿਗਾਹ ਮੇਰੇ ਵਲ ਵੀ ਰਹਿੰਦੀ ਸੀ । ਕਿਉਂਕਿ ਉਸ ਨੇ ਮੈਨੂੰ ਪੋਰਟ ਤੋਂ ਬਾਹਰ ਤਕ ਲੈ ਜਾਣਾ ਸੀ ।

ਕਾਊਂਟਰ ਉਤੇ ਇਕ ਜਵਾਨ ਤੇ ਸਾਊ ਜਿਹਾ ਅੰਗਰੇਜ਼ ਸੀ । ਮੈਂ ਆਪਣਾ ਪਾਸਪੋਰਟ ਉਸ ਦੇ ਅੱਗੇ ਰੱਖਿਆ ਅਤੇ ਉਹ ਚੈਕਿੰਗ ਕਰਨ ਲਗਾ । ਸੋਨੇ ਦੇ ਫ਼ਰੇਮ ਵਾਲੀ ਪਤਲੀ ਐਨਕ ਵਿਚੋਂ ਉਸ ਮੇਰੇ ਵਲ ਤੱਕਿਆ ਤੇ ਫੇਰ ਮੁਸਕਰਾ ਕੇ ਉਹਨੇ ਮੈਥੋਂ ਕੁਝ ਸਵਾਲ ਪੁੱਛੇ । ਮੇਰਾ ਨਾਂ, ਪਿਤਾ ਦਾ ਨਾਂ, ਕੰਮ ਕਾਰ ਜਾਂ ਪੇਸ਼ਾ ਆਦਿ । ਹਾਲਾਂਕਿ ਇਹ ਸਾਰਾ ਕੁਝ ਪਾਸਪੋਰਟ ਵਿਚ ਦਰਜ ਸੀ, ਪਰ ਉਹ ਫੇਰ ਵੀ ਪੁੱਛਦਾ ਸੀ ।

ਮੇਰੇ ਵਿਚ ਇਕ ਕਮੀ ਹੈ । ਮੈਨੂੰ ਅੰਗਰੇਜ਼ੀ ਨਹੀਂ ਆਉਂਦੀ । ਪਰ ਜੇ ਆਉਂਦੀ ਹੁੰਦੀ ਵੀ, ਤਾਂ ਵੀ, ਇਕ ਅੰਗਰੇਜ਼ ਨਾਲ ਅੰਗਰੇਜ਼ੀ ਬੋਲਣੀ ਔਖੀ ਹੈ । ਕਿਉਂਕਿ ਉਸ ਦਾ ਲਹਿਜਾ ਅਤੇ ਉਚਾਰਣ ਹੋਰ ਹੀ ਹੁੰਦਾ ਹੈ । ਇਸ ਲਈ ਜਾਂ ਤਾਂ ਕਿਸੇ ਨੂੰ ਬਹੁਤ ਅੰਗਰੇਜ਼ੀ ਆਉਣੀ ਚਾਹੀਦੀ ਹੈ, ਜਾਂ ਫੇਰ ਕਾਫ਼ੀ ਸਮਾਂ ਉਹ ਅੰਗਰੇਜ਼ਾਂ ਵਿਚ ਹੀ ਰਿਹਾ ਹੋਵੇ । ਇਹਨਾਂ ਦੋਹਾਂ ਸਿਫ਼ਤਾਂ ਵਿਚੋਂ, ਦੁਰਭਾਗ ਨੂੰ, ਮੇਰੇ ਵਿਚ ਕੋਈ ਇਕ ਵੀ ਸਿਫ਼ਤ ਨਹੀਂ ਸੀ । ਇਸ ਲਈ ਮੈਨੂੰ ਗੱਲ ਕਰਨ ਵਿਚ ਕਾਫ਼ੀ ਔਖ ਮਹਿਸੂਸ ਹੁੰਦੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਵ੍ਹਟ ਇਜ਼ ਯੂਅਰ ਨੇਮ" (What is your name) ਕਹਿ ਕੇ ਜਦੋਂ ਉਸ ਨੇ ਨਾਂ ਪੁਛਿਆ, ਮੈਨੂੰ ਉਹ ਵੀ ਸਮਝ ਨਾ ਆਇਆ। "ਵ੍ਹਟ" (What) ਨੂੰ ਉਹ "ਵਾਟ" ਅਤੇ "ਇਜ਼" ਨੂੰ ਉਹ "ਜ਼" ਕਹਿੰਦਾ। "ਯੂਅਰ" (Your) ਵੀ ਉਹ ਸਾਡੇ ਵਾਂਗੂੰ ਪੂਰਾ ਨਹੀਂ ਸੀ ਬੋਲਦਾ, ਸਗੋਂ ਸਿਰਫ਼ "ਯੂਅ" ਕਹਿੰਦਾ।

ਪੇਸ਼ੇ ਨੂੰ "ਪ੍ਰੋਫ਼ੈਸ਼ਨ" (Profession) ਨਹੀਂ, ਉਸ ਨੇ "ਆਕੂਪੇਸ਼ਨ" (Occupation) ਕਿਹਾ। ਪਰ ਉਹ "ਆਕੂਪੇਸ਼ਨ" ਨੂੰ ਵੀ ਸਿਰਫ਼ "ਆਕੂਪੇਸ਼ਾ" ਕਹਿੰਦਾ। ਹਰ ਵਾਰ ਮੈਂ ਉਸ ਅੰਗਰੇਜ਼ ਨੂੰ ਬੇਨਤੀ ਵਜੋਂ ਆਖਦਾ ਕਿ ਸ੍ਰੀਮਾਨ ਜੀ, ਮੈਨੂੰ ਤੁਹਾਡਾ ਉਚਾਰਣ ਸਮਝ ਵਿਚ ਨਹੀਂ ਆਇਆ, ਕਿਰਪਾ ਕਰ ਕੇ ਹੌਲੀ ਬੋਲੋ, ਯਨੀ ਤੇਜ਼ ਰਫ਼ਤਾਰ ਨਾ ਬੋਲੋ। ਉਹ ਅੰਗਰੇਜ਼, ਹੌਲੀ ਹੌਲੀ, ਇਕ ਇਕ ਲਫ਼ਜ਼ ਬੋਲਦਾ, ਤਾਹੀਓਂ ਮੈਨੂੰ ਸਮਝ ਪੈਂਦੀ।

"ਆਕੂਪੇਸ਼ਨ" ਉਤੇ ਸਾਨੂੰ ਕਾਫ਼ੀ ਦੇਰ ਲਗ ਗਈ ਸੀ। ਲਗ ਪਗ ਤਿੰਨ ਕਿ ਚਾਰ ਵਾਰ ਉਸ "ਆਕੂਪੇਸ਼ਨ" ਆਖਿਆ, ਪਰ ਮੈਂ ਉੱਕਾ ਸਮਝ ਨਾ ਸਕਿਆ। ਆਖ਼ਿਰ ਉਸ ਨੇ ਪਾਸਪੋਰਟ ਦੇ ਉਤੇ ਉਂਗਲੀ ਰਖ ਕੇ ਕਿਹਾ ਕਿ ਉਹ ਇਹ ਪੁੱਛ ਰਿਹਾ ਹੈ, ਯਨੀ ਪੇਸ਼ਾ ਕੀ ਹੈ ਮੇਰਾ। ਤਦੇ ਮੈਨੂੰ ਸਮਝ ਪਈ ਕਿ ਉਸ ਨੇ ਮੈਨੂੰ ਪੇਸ਼ਾ ਯਨੀ "ਆਕੂਪੇਸ਼ਨ" ਪੁਛਿਆ ਹੈ।

ਪਾਸਪੋਰਟ ਵਿਚ ਮੇਰਾ ਪੇਸ਼ਾ "ਲਿਖਣਾ" (Writing) ਲਿਖਿਆ ਹੋਇਆ ਸੀ ਜਿਸ ਦਾ ਮਤਲਬ ਇਹ ਸੀ ਕਿ ਮੈਂ ਕਵੀ ਜਾਂ ਲੇਖਕ ਹਾਂ। ਉਸ ਨੇ ਮੈਨੂੰ ਪੁੱਛਿਆ ਕਿ ਕੀ ਮੈਂ ਹਿੰਦੋਸਤਾਨ ਵਿਚ ਕੁਝ ਚੰਗਾ ਪ੍ਰਸਿੱਧ ਲੇਖਕ ਹਾਂ (Are you a well-known writer in India ?). ਮੈਂ ਆਖਿਆ, ਹਾਂ ਜੀ, ਮੈਂ ਕਾਫ਼ੀ ਉੱਘਾ ਲੇਖਕ ਹਾਂ। ਮੈਨੂੰ ਸਾਡੀ ਪਾਰਲੀਮੈਂਟ ਦੇ ਮੈਂਬਰ ਵੀ ਕੁਝ ਜਾਣਦੇ ਹਨ, ਅਤੇ ਸਰਦਾਰ ਸਵਰਨ ਸਿੰਘ, ਸਾਡੇ ਬਦੇਸ਼ ਮੰਤਰੀ, ਵੀ। ਅੰਗਰੇਜ਼ ਥੋੜਾ ਹਸਮੁਖ ਸੀ। ਮੇਰੇ ਵਲ ਤੱਕਦਾ ਅਤੇ ਮੁਸਕ੍ਰਾਉਂਦਾ ਬੋਲਿਆ : "ਹਾਂ, ਤੁਹਾਡਾ ਚਿਹਰਾ ਵੀ ਸਰਦਾਰ ਸਵਰਨ ਸਿੰਘ ਵਰਗਾ ਹੈ।"

ਮੈਂ ਵੀ ਹਸ ਕੇ ਆਖਿਆ : "ਨਹੀਂ ਜਨਾਬ, ਮੇਰਾ ਚਿਹਰਾ ਸਰਦਾਰ ਸਵਰਨ ਸਿੰਘ ਵਰਗਾ ਨਹੀਂ। ਮੇਰਾ ਚਿਹਰਾ ਮੇਰੇ, ਯਨੀ, ਸੰਤੋਖ ਸਿੰਘ ਧੀਰ ਵਰਗਾ ਹੈ।"

ਅੰਤ ਵਿਚ ਉਸ ਪੁੱਛਿਆ ਕਿ ਕੀ ਕੋਈ ਸਪਾਂਸਰਸ਼ਿਪ ਵੀ ਮੇਰੇ ਕੋਲ ਮੌਜੂਦ ਹੈ। ਇਸ ਸਮੇਂ ਮੇਰੇ ਕੋਲ ਤਿੰਨ ਸਪਾਂਸਰਸ਼ਿਪਾਂ ਸਨ। ਹਰਭਜਨ ਸਿੰਘ ਬਿਰਕ ਦੀ, ਗੁਰਦਿਆਲ ਸਿੰਘ ਗੁਰੂ ਦੀ, ਅਤੇ ਗੁਰਦੀਪ ਮੁਠੱਡਾ ਦੀ। ਤਿੰਨੇ ਸਪਾਂਸਰਸ਼ਿਪਾਂ ਮੈਂ ਉਸ ਦੇ ਅੱਗੇ ਰੱਖਦੇ ਕਿਹਾ : "ਇਹ ਹਨ ਮੇਰੀਆਂ ਸਪਾਂਸਰਸ਼ਿਪਾਂ।"

ਸਪਾਂਸਰਸ਼ਿਪਾਂ ਦੇਖ ਕੇ ਉਹ ਜਿਵੇਂ ਖ਼ੁਸ਼ ਜਿਹਾ ਹੋ ਗਿਆ ਤੇ ਮੇਰੇ ਪਾਸਪੋਰਟ ਉਤੇ ਮੋਹਰ ਲਾਉਂਦਾ ਬੋਲਿਆ : "ਮੈਂ ਤੁਹਾਨੂੰ ਤਿੰਨ ਮਹੀਨੇ ਰਹਿਣ ਦਾ ਵੀਜ਼ਾ ਦਿੰਦਾ ਹਾਂ।" ਅਤੇ "ਥੈਂਕਿਊ" ਕਹਿੰਦੇ ਹੋਏ ਉਸ ਨੇ ਮੈਨੂੰ ਕਾਗਜ਼ ਮੋੜੇ।

ਇਸ ਕੰਮ ਨੂੰ ਕਰਨ ਲਈ ਮੈਂ ਥੋੜੀ ਬਹੁਤੀ ਟੁੱਟੀ ਫੁੱਟੀ ਅੰਗਰੇਜ਼ੀ ਬੋਲ ਹੀ ਲਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਦੇ ਕਾਊਂਟਰ ਉਤੇ ਇਕ ਅਧਖੜ ਔਰਤ ਖੜੀ ਸੀ ਜੋ ਅਨਪੜ੍ਹ ਅਤੇ ਪੰਜਾਬਣ ਸੀ। ਜਦ ਮੈਂ ਵਿਹਲਾ ਹੋਇਆ ਤਾਂ ਉਸ ਨੇ ਮੈਨੂੰ ਆਖਿਅ : "ਆ ਭਰਾ ਜੀ, ਜ਼ਰਾ ਕੁ ਆਇਓ, ਮੇਰੀ ਜ਼ਰਾ ਕੁ ਮਦਦ ਕਰਿਓ, ਮੈਨੂੰ ਅੰਗਰੇਜ਼ੀ ਨਹੀਂ ਆਉਂਦੀ।"

ਮੈਂ ਆਪਣੇ ਦਿਲ ਵਿਚ ਆਖਿਆ ਕਿ ਇਸ ਭੈਣ ਨੇ ਬੜੇ ਅੰਗਰੇਜ਼ੀ ਪੜ੍ਹੇ ਭਰਾ ਨੂੰ ਲੱਭਿਆ ਹੈ, ਮੈਨੂੰ ਤਾਂ ਆਪ ਹੀ ਆਉਂਦੀ ਨਹੀਂ। ਪਰ ਮੈਂ ਉਸ ਕੋਲ ਚਲਾ ਗਿਆ। ਸੱਚ ਜਾਣੋ, ਪਤਾ ਨਹੀਂ ਅੰਗਰੇਜ਼ੀ ਕਿਥੋਂ ਆ ਗਈ ਮੈਨੂੰ, ਬੜੀ ਹੀ ਆਸਾਨੀ ਨਾਲ ਮੈਂ ਉਸ ਨੂੰ ਇੰਟਰਪਰੈਟ ਕੀਤਾ। ਉਸ ਦਾ ਨਾਂ, ਪਤੀ ਦਾ ਨਾਂ ਤੇ ਪਤੀ ਦਾ ਕੰਮ ਹੀ ਪੁੱਛੇ ਸਨ। ਮੈਂ ਆਖਦਾ, ਭੈਣ ਜੀ, ਇਹ ਪਤੀ ਦਾ ਨਾਂ ਪੁੱਛਦੇ ਹਨ। ਉਸ ਨੇ ਪਤੀ ਦਾ ਨਾਂ ਦੱਸ ਦਿਤਾ। ਫੇਰ ਆਖਿਆ, ਭੈਣ ਜੀ, ਇਹ ਪੁੱਛਦੇ ਹਨ ਕਿ ਤੁਹਾਡੇ ਪਤੀ ਕਾਰੋਬਾਰ ਕੀ ਕਰਦੇ ਹਨ। ਉਸ ਨੇ ਬੜੇ ਵਿਸ਼ਵਾਸ਼ ਨਾਲ ਕਿਹਾ : "ਉਹ ਵਪਾਰ ਕਰਦੇ ਹਨ।" ਮੈਂ ਅੰਗਰੇਜ਼ ਨੂੰ ਆਖਿਆ ਕਿ ਉਹ ਕੋਈ ਬਿਜ਼ਨੈਸ ਕਰਦੇ ਹਨ। ਕਿਥੇ ਬਿਜ਼ਨੈਸ ਕਰਦੇ ਹਨ? ਉਸ ਨੇ ਸ਼ਹਿਰ ਦਾ ਨਾਂ ਦੱਸ ਦਿਤਾ। ਫੇਰ ਉਸ ਨੇ ਪੁੱਛਿਆ ਕਿ ਏਥੇ ਕਿਸ ਕੋਲ ਆਏ ਹੋ? ਔਰਤ ਬੜੇ ਵੱਕਾਰ ਨਾਲ ਬੋਲੀ : "ਏਥੇ ਮੇਰੇ ਭਰਾ ਨੇ ਦੋ!" ਮੈਂ ਇਹ ਵਾਕ ਅਨੁਵਾਦ ਕੀਤਾ। ਉਸ ਅੰਗਰੇਜ਼ ਨੇ ਉਸ ਔਰਤ ਨੂੰ ਫ਼ੌਰਨ ਵੀਜ਼ਾ ਦਿਤਾ ਤੇ ਮੈਨੂੰ ਬੜੀ ਮੁਰੱਵਤ ਨਾਲ ਸਿਰ ਨਿਵਾ ਕੇ "ਥੈਂਕਿਊ" ਕਿਹਾ।

ਤਦੋ ਉਹ ਮੁਸਾਫ਼ਰ ਆਇਆ ਜਿਸ ਨੇ ਮੈਨੂੰ ਏਅਰਪੋਰਟ ਤੋਂ ਬਾਹਰ ਲੈ ਕੇ ਜਾਣਾ ਸੀ। "ਏਧਰ ਆਓ ਸਰਦਾਰ ਜੀ, ਤੁਸੀਂ ਆਪਣਾ ਸਾਮਾਨ ਲਓ, ਮੈਂ ਆਪਣਾ ਲੈ ਲਿਆ, ਮੈਂ ਤੁਹਾਡੇ ਲਈ ਹੀ ਖੜਾ ਹਾਂ।"

ਅਸੀਂ ਥੋੜਾ ਅੱਗੇ ਗਏ। ਇਕ ਚੱਕਰ ਪਿਛੋਂ ਕਿਤੋਂ ਆਪੇ ਤੁਰਿਆ ਆਉਂਦਾ ਤੇ ਸਾਡੇ ਅਗੋਂ ਲੰਘਦਾ ਜਾਂਦਾ। ਇਹ ਚੱਕਰ ਦੋ ਜਾਂ ਢਾਈ ਫੁੱਟ ਦੇ ਲਾਗੇ ਚੌੜਾ ਤੇ ਲਗ ਪਗ ਏਨਾ ਹੀ ਉੱਚਾ ਸੀ ਤੇ ਇਸ ਦੇ ਉਤੇ ਕਾਲੇ ਰੰਗ ਦੀ ਪੱਟੀ ਤੁਰਦੀ ਜਾਂਦੀ ਸੀ ਜੋ ਮੋਟੀ ਅਤੇ ਲੋਹੇ ਦੀ ਸੀ। ਇਸ ਉਤੇ ਆਪਣੇ ਆਪ ਸਾਮਾਨ ਰਖਿਆ ਆਉਂਦਾ ਤੇ ਹਰ ਮੁਸਾਫ਼ਰ ਆਪਣੇ ਆਪਣੇ ਨਗ ਉਤਾਰ ਕੇ ਰਖਦਾ ਜਾਂਦਾ। ਸਭ ਮੁਸਾਫ਼ਰ ਇਸ ਚੱਕਰ ਦੇ ਚਾਰ ਚੁਫੇਰੇ ਖੜੇ ਸਨ ਤੇ ਆਪਣਾ ਆਪਣਾ ਨਗ ਪਛਾਣ ਕੇ ਆਪਣੇ ਆਪ ਲਾਹ ਰਹੇ ਸਨ। ਸਾਰੇ ਨਗ ਇਕੱਠੇ ਨਹੀਂ, ਅੱਗੇ ਪਿੱਛੇ ਆ ਰਹੇ ਸਨ। ਇਹ ਅਜੀਬ ਤਰੀਕਾ ਵੀ ਮੈਂ ਪਹਿਲੀ ਵਾਰ ਹੀ ਤੱਕਿਆ ਸੀ।

ਮੇਰੇ ਕੋਲ ਕੁਲ ਸਾਮਾਨ ਦੇ ਚਾਰ ਨਗ ਬਣ ਗਏ ਸਨ। ਇਕ ਤਾਂ ਹਾਰਮੋਨੀਅਮ ਅਤੇ ਬੈਂਜੋ ਵਾਲਾ ਨਗ ਸੀ ਜੋ ਰਾਗੀਆਂ ਵਾਂਗੂੰ ਡੇਢ ਕੁ ਗਜ਼ ਦੇ ਕੱਪੜੇ ਵਿਚ ਬੰਨ੍ਹ ਲਿਆ ਸੀ। ਇਕ ਬੈਗ ਵਿਚ ਅੰਬ ਸਨ ਤੇ ਇਕ ਵਿਚ ਹੋਰ ਸਾਮਾਨ ਸੀ। ਇਕ ਛੋਟਾ, ਫ਼ਾਈਲ ਵਰਗਾ, ਕਾਲੇ ਰੰਗ ਦਾ ਬੈਗ ਸੀ ਜਿਸ ਵਿਚ ਪਾਸਪੋਰਟ ਅਤੇ ਹੋਰ ਜ਼ਰੂਰੀ ਕਾਗਜ਼ ਸਨ। ਇਹ ਬੈਗ ਤੇ ਦੂਜਾ ਬੈਗ, ਦੋਵੇਂ, ਮੇਰੇ ਕੋਲ ਹੀ ਸਨ। ਅੰਬਾਂ ਵਾਲਾ ਵੱਡਾ ਬੈਗ ਤੇ ਕੱਪੜੇ ਵਿਚ ਬੰਨ੍ਹੇ ਹੋਏ ਬੈਂਜੋ ਅਤੇ ਹਾਰਮੋਨੀਅਮ, ਇਹ ਜਹਾਜ਼ ਵਿਚ ਰਖੇ ਸਨ। ਇਹਨਾਂ ਦੋਹਾਂ ਨਗਾਂ ਲਈ ਮੈਂ ਚੱਕਰ ਲਾਗੇ ਖੜਾ ਸਾਂ। ਕਿੰਨਾ ਚਿਰ ਖਲੋਤਾ ਰਿਹਾ, ਮੇਰਾ ਕੋਈ ਵੀ ਨਗ ਨਾ ਆਇਆ। ਸਾਰੇ ਲੋਕੀ ਆਪੋ ਆਪਣੇ ਨਗ ਉਤਾਰ ਰਹੇ ਸਨ ਤੇ ਜਮ੍ਹਾਂ ਕਰਦੇ ਜਾਂਦੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਨ । ਆਖ਼ਿਰ ਮੈਨੂੰ ਪਰਲੇ ਪਾਸਿਓਂ ਵਾਜਾ ਅਤੇ ਬੈਂਜੋ ਦੋਵੇਂ ਹੌਲੀ ਹੌਲੀ ਆਉਂਦੇ ਦਿਸੇ । ਜਦੋਂ ਨੇੜੇ ਆਏ, ਮੈਂ ਫ਼ੌਰਨ ਵਾਜਾ ਲਾਹ ਲਿਆ ਜੋ ਬਿਲਕੁਲ ਸਹੀ ਸਲਾਮਤ ਸੀ ਤੇ ਜਿਵੇਂ ਬੰਨ੍ਹ ਕੇ ਰਖਿਆ ਸੀ, ਉਵੇਂ ਹੀ ਬੰਨ੍ਹਿਆ ਹੋਇਆ ਸੀ । ਪਰ ਅੰਬਾਂ ਵਾਲਾ ਦੂਜਾ ਨਗ ਹੁਣ ਆਉਣ ਵਿਚ ਨਹੀਂ ਆਉਂਦਾ ਸੀ । ਮੇਰਾ ਲੱਖਣ ਇਹ ਸੀ ਕਿ ਹਰ ਮੁਸਾਫ਼ਰ ਦਾ ਕੁਲ ਸਾਮਾਨ ਇਕੱਠਾ ਆਉਂਦਾ ਹੋਵੇਗਾ । ਪਰ ਰੱਖਣ ਵਾਲੇ ਇਸ ਸਾਮਾਨ ਨੂੰ ਇਉਂ ਨਹੀਂ ਸਨ ਰਖਦੇ ਜਾਂਦੇ, ਜੋ ਕੁਝ ਅੱਗੇ ਆਉਂਦਾ ਸੀ, ਉਹ ਉਹੀਓ ਰਖਦੇ ਜਾਂਦੇ ਸਨ । ਜਾਣਾ ਕਿਧਰੇ ਨਹੀਂ ਸੀ ਕੁਝ । ਕਿਉਂਕਿ ਜਿਸਦੇ ਜਿੰਨੇ ਨਗ ਜਹਾਜ਼ ਨੂੰ ਸੌਂਪੇ ਹੋਏ ਸਨ, ਉਨੀਆਂ ਚਿਟਾਂ ਹੀ ਉਸਦੇ ਟਿਕਟ ਦੇ ਉਤੇ ਲਗੀਆਂ ਹੋਈਆਂ ਸਨ ਤੇ ਚਿਟਾਂ ਉਤੇ ਨੰਬਰ ਸਨ । ਇਸੇ ਤਰ੍ਹਾਂ ਦੀਆਂ ਚਿਟਾਂ ਸਾਮਾਨ ਦੇ ਉਤੇ ਲਾਈਆਂ ਹੋਈਆਂ ਸਨ । ਜੇ ਕੋਈ ਨਗ ਗੁਆਚ ਵੀ ਜਾਵੇ, ਆਪਣੇ ਟਿਕਟ ਦੀ ਚਿਟ ਦਿਖਾਲ ਕੇ ਉਹ ਲਿਆ ਜਾ ਸਕਦਾ ਹੈ । ਪਰ ਜੇ ਚਿਟ ਹੀ ਗੁੰਮ ਹੋ ਜਾਵੇ, ਫੇਰ ਉਹ ਦੋਸ਼ੀ ਨਹੀਂ ਹਨ । ਇਹ ਚਿਟਾਂ ਵੀ ਇਕ ਤਰ੍ਹਾਂ ਦੀਆਂ ਦਸਤਾਵੇਜ਼ਾਂ ਹੁੰਦੀਆਂ ਹਨ—ਜਿੰਨਾ ਚਿਰ ਸਾਮਾਨ ਨਹੀਂ ਮਿਲਦਾ ।

ਤਦੇ, ਅੰਬਾਂ ਵਾਲਾ ਬੈਗ ਵੀ ਪਰਲੇ ਪਾਸਿਓਂ ਆਉਂਦਾ ਦਿਸਿਆ । ਜਦ ਉਹ ਨੇੜੇ ਆਇਆ, ਮੈਂ ਉਸ ਨੂੰ ਝਟ ਹੀ ਲਾਹ ਲਿਆ । ਉਂਜ ਜੇ ਲੰਘ ਵੀ ਜਾਂਦਾ ਤਾਂ ਮੁੜਕੇ ਫੇਰ ਆ ਜਾਣਾ ਸੀ ।

ਇਕ ਪਲ, ਮੈਂ ਸੋਚਿਆ ਕਿ ਏਨੇ ਨਗ ਇਕੱਲਾ ਹੀ ਮੈਂ ਬਾਹਰ ਕਿਵੇਂ ਲੈ ਜਾਵਾਂਗਾ । ਪਰ ਉਹ ਮੁਸਾਫ਼ਰ ਦੂਰੋਂ ਇਕ ਟਰਾਲੀ ਲੈ ਕੇ ਆਇਆ ਤੇ ਮੇਰੇ ਕੋਲ ਖਲ੍ਹਾਰਦੇ ਕਿਹਾ : "ਲਓ, ਇਹ ਸਿਰਫ਼ ਤੁਹਾਡੀ ਹੈ । ਤੁਸੀਂ ਆਪਣਾ ਸਭ ਸਾਮਾਨ ਇਸ ਦੇ ਉਤੇ ਰਖ ਲਓ ।" ਮੈਂ ਆਪਣੇ ਸਾਰੇ ਨਗ ਟਰਾਲੀ ਉਤੇ ਰਖੇ ਤੇ ਆਪਣੇ ਪੈਰੀਂ ਹੋ ਗਿਆ । ਏਥੇ ਕੁਲੀ ਨਹੀਂ ਸੀ ਕੋਈ । ਸਭ ਅੰਗਰੇਜ਼ ਤੇ ਦੇਸੀ ਆਪਣਾ ਆਪ ਸਾਮਾਨ ਚੁੱਕਦੇ ਤੇ ਆਪ ਟਰਾਲੀਆਂ ਉਤੇ ਰਖ ਕੇ ਆਪੇ ਬਾਹਰ ਲੈ ਕੇ ਜਾਂਦੇ । ਮੈਂ ਅਤੇ ਉਹ ਮੁਸਾਫ਼ਰ ਆਪੋ ਆਪਣੀ ਰੇੜ੍ਹੀ, ਜਾਂ ਟਰਾਲੀ, ਧੱਕਣ ਲਗੇ ਅਤੇ ਬਾਹਰ ਵਲ ਨੂੰ ਤੁਰ ਪਏ । ਟਰਾਲੀਆਂ ਬੜੀਆਂ ਹਲਕੀਆਂ ਸਨ । ਆਪਣੇ ਆਪ ਤੁਰ ਰਹੀਆਂ ਸਨ । ਮੁੜ ਵੀ ਛੇਤੀ ਜਾਂਦੀਆਂ ।

ਜਦ ਮੈਂ ਬਾਹਰ ਆਇਆ ਤਾਂ ਮੈਨੂੰ ਲੈਣ ਲਈ ਲੇਖਕਾਂ ਦੀ ਤੇ ਹੋਰਾਂ ਦੋਸਤਾਂ ਮਿੱਤਰਾਂ ਦੀ ਇਕ ਭੀੜ ਖਲੋਤੀ ਹੋਈ ਸੀ । ਇਸ ਭੀੜ ਦੇ ਦਿਲ ਵਿਚ ਮੈਨੂੰ ਛੇਤੀ ਮਿਲਣ ਦੀਆਂ ਤਾਂਘਾਂ ਸਨ । ਬਹੁਤ ਲੋਕ ਲੰਘ ਚੁੱਕੇ ਸਨ, ਪਰ ਮੈਂ ਉਹਨਾਂ ਨੂੰ ਅਜੇ ਤਕ ਵੀ ਨਜ਼ਰ ਨਹੀਂ ਆ ਰਿਹਾ ਸਾਂ । ਸਭ ਦੇ ਮਨ ਵਿਚ ਦੁਬਿਧਾ ਸੀ ਕਿ ਕੀ ਮੈਂ ਆ ਵੀ ਗਿਆ ਹਾਂ । ਪਰ ਜਿਸ ਸਮੇਂ ਮੈਂ ਨਜ਼ਰੀਂ ਆਇਆ, ਸਾਰੀ ਭੀੜ ਵਿਚ ਖ਼ੁਸ਼ੀਆਂ ਦੀ ਇਕ ਲਹਿਰ ਜਿਹੀ ਹਿਲ ਗਈ ਸੀ ।

ਇਹ ਭੀੜ ਇਸ ਹਾਲ ਤੋਂ ਬਾਹਰ ਜੰਗਲੇ ਪਿਛੇ ਖੜੀ ਸੀ ਤੇ ਏਥੇ ਹੀ ਖੜ ਸਕਦੀ ਸੀ । ਸਾਰੇ ਬੜੇ ਪਿਆਰ ਨਾਲ ਮਿਲੇ । ਕਈਆਂ ਪਹਿਲੇ ਵਾਕਫ਼ਾਂ ਨਾਲ ਮੈਂ ਘੁਟ ਘੁਟ ਕੇ ਜੱਫੀਆਂ ਪਾਈਆਂ । ਕਈ, ਜੋ ਨਵੇਂ ਮਿਲੇ ਸਨ, ਉਹਨਾਂ ਨਾਲ ਹੱਥ ਮਿਲਾਏ ਸਨ ।

ਕਈ ਦੋਸਤ ਏਧਰ ਆ ਕੇ ਕਲੀਨ ਸ਼ੇਵਡ ਹੋ ਗਏ ਸਨ ਜੋ ਮੈਂ ਮਸੀਂ ਪਛਾਣੇ ਸਨ । ਜਿਵੇਂ ਅਵਿਤਾਰ ਜੰਡਿਆਲਵੀ । ਉਹ ਪਿਛੇ ਜਿਹੇ ਖਲੋਤਾ ਸੀ । ਜਦ ਮੈਂ ਉਸ ਵਲ

CC-0. In Public Domain. Gurukul Kangri Collection, Haridwar

ਦੇਖਿਆ ਤਾਂ ਉਹ ਖੜ੍ਹਾ ਮੁਸਕਰਾ ਰਿਹਾ ਸੀ । ਤਦੇ ਮੈਂ ਪਛਾਣਿਆ ਤੇ ਫੌਰਨ ਉਸ ਨੂੰ ਜੱਫੀ ਪਾਈ। ਉਸ ਦੇ ਲੰਮੇ ਕੱਦ ਨੇ ਮੇਰੀ ਕਾਫ਼ੀ ਮਦਦ ਕੀਤੀ ਸੀ। ਉਸ ਨੂੰ ਕੱਦ ਨਹੀਂ ਛੁਪਣ ਦਿੰਦਾ ।

Digitized by Arya Samaj Foundation Chennai and eGangotri

ਸ਼ੇਰ ਜੰਗ ਜਾਂਗਲੀ ਕੋਈ ਬਹੁਤਾ ਬਦਲਿਆ ਨਹੀਂ ਸੀ । ਉਹ ਝੱਟ ਪਛਾਣਿਆ ਗਿਆ ਸੀ ।

ਕਈ ਕੈਮਰੇ ਇਸ ਸਮੇਂ ਤਸਵੀਰਾਂ ਵੀ ਖਿੱਚ ਰਹੇ ਸਨ ।

ਹਾਂ, ਇਕ ਅੰਗਰੇਜ਼ ਦੋਸਤ ਕੈਨ ਰਾਜਰਜ਼ ਵੀ ਆਇਆ ਸੀ ਜੋ ਪੰਜਾਬੀ ਜਾਣਦਾ ਸੀ। ਇਸ ਅੰਗਰੇਜ ਨੌਜਵਾਨ ਦੇ ਛੋਟੀ ਛੋਟੀ ਦਾੜ੍ਹੀ ਸੀ ਤੇ ਕੱਦ ਬਹੁਤ ਹੀ ਲੰਮਾ ਸੀ । ਬੜਾ ਸ਼ਰੀਫ਼ ਤੇ ਵਧੀਆ ਬੰਦਾ । ਮੇਰੇ ਆਉਣ ਤੋਂ ਹਫ਼ਤੇ ਮਗਰੋਂ—੨੩ ਜੂਨ, ੭੪ ਨੂੰ— ਪੰਜਾਬੀ ਵਿਚ ਉਸ ਮੇਰੇ ਬਾਰੇ ਕਵਿਤਾ ਵੀ ਇਕ ਲਿਖੀ ਸੀ ਜੋ ਮੈਂ ਸਾਂਭੀ ਹੋਈ ਹੈ । ਕਵਿਤਾ ਬੜੀ ਹੀ ਮਿੱਠੀ ਹੈ । ਹੈ ਵੀ ਗੁਰਮੁਖੀ ਲਿਪੀ ਵਿਚ । ਲੋੜ ਪਈ ਤਾਂ ਇਸ ਕਿਤਾਬ ਵਿਚ ਕਿਤੇ ਪੇਸ਼ ਵੀ ਕਰਾਂਗਾ ।

ਕੈਨ ਰਾਜਰਜ਼ ਛੇਤੀ ਹੀ ਪੰਜਾਬੀ ਦੇ ਉੱਚ ਅਧਿਅਨ ਲਈ ਪਟਿਆਲੇ ਜਾਣ ਵਾਲਾ ਸੀ, ਪੰਜਾਬੀ ਯੂਨੀਵਰਸਿਟੀ ਵਿਚ । ਬੜਾ ਹੀ ਸੋਝੀਵਾਨ ਹੈ। ਪੋਰਟ ਉਤੇ ਉਸ ਨਾਲ ਮੇਰੀ ਫ਼ੋਟੋ ਵੀ ਖਿੱਚੀ ਗਈ ਸੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਵਿਚ ਪਹਿਲੀ ਚਾਹ

ਹੀਥਰੋ ਤੋਂ ਸਾਊਥਾਲ ਤਿੰਨ ਜਾਂ ਚਾਰ ਕੁ ਮੀਲ ਹੀ ਹੈ। ਕਈ ਪੰਜਾਬੀ ਲੇਖਕ ਏਥੇ ਸਾਊਥਾਲ ਹੀ ਰਹਿੰਦੇ ਹਨ।

ਇੰਗਲੈਂਡ ਪਹੁੰਚਣ ਮਗਰੋਂ ਮੇਰੀ ਸਭ ਤੋਂ ਪਹਿਲੀ ਚਾਹ ਅਵਤਾਰ ਜੰਡਿਆਲਵੀ ਦੇ ਘਰ ਸੀ। ਉਸ ਦਾ ਘਰ, ਸਾਊਥਾਲ, ਰਸਕਿਨ ਰੋਡ ਉਤੇ ਸੀ। ਉਥੋਂ ਚਾਹ ਚੂਹ ਪੀ ਕੇ ਫੇਰ ਕਾਵੈਂਟਰੀ ਨੂੰ ਜਾਣਾ ਸੀ।

ਕਾਰਾਂ ਦਾ ਇਕ ਕਾਫ਼ਲਾ ਜਿਹਾ ਸਾਊਥਾਲ ਵਲ ਚਲ ਪਿਆ। ਮੈਂ ਬਿਰਕ ਦੀ ਗੱਡੀ ਵਿਚ ਅੱਗੇ ਬੈਠਾ ਹੋਇਆ ਸਾਂ। ਤਦੇ ਕਾਰ ਇਕ ਜਗ ਮਗ ਕਰਦੀ ਸੁਰੰਗ ਵਿਚੋਂ ਲੰਘਣ ਲਗੀ। ਬਿਰਕ ਨੇ ਮੈਨੂੰ ਆਖਿਆ: "ਇਹ ਹੈ ਇੰਗਲੈਂਡ ਧੀਰ ਜੀ! ਦੇਖੋ ਇਸ ਦੀਆਂ ਰੌਸ਼ਨੀਆਂ।"

"ਹਾਂ", ਮੈਂ ਹੁੰਗਾਰਾ ਦਿਤਾ, "ਬਹੁਤ ਖ਼ੂਬਸੂਰਤ ਹੈ।"

ਪੰਜ ਅਤੇ ਛੇ ਦੇ ਵਿਚਕਾਰ ਜਿਹੇ ਦਾ ਸਮਾਂ ਸੀ। ਇੰਗਲੈਂਡ ਦੀ ਸ਼ਾਮ ਸ਼ੁਰੂ ਸੀ। ਕਾਰਾਂ ਕਿਥੋਂ ਲੰਘਦੀਆਂ ਤੇ ਕਿੱਧਰ ਵਲ ਜਾ ਰਹੀਆਂ ਸਨ? ਮੈਨੂੰ ਪਤਾ ਨਹੀਂ ਸੀ। ਏਨਾ ਪਤਾ ਜ਼ਰੂਰ ਸੀ ਕਿ ਹੁਣ ਇੰਗਲੈਂਡ ਦੀ ਧਰਤੀ ਉਤੇ ਮੇਰੀ ਕਾਰ ਜਾ ਰਹੀ ਸੀ। ਹਵਾਈ ਜਹਾਜ਼ ਨੇ ਮੈਨੂੰ ਉਸ ਜਜ਼ੀਰੇ ਵਿਚ ਲਾਹ ਦਿਤਾ ਸੀ ਜਿਹੜਾ ਉਂਜ ਤਾਂ ਛੋਟਾ ਸੀ, ਪਰ ਜਿਸ ਦਾ ਗੌਰਵ ਵੱਡਾ ਸੀ ਤੇ ਜਿਸ ਨੇ ਅੱਧੀ ਦੁਨੀਆਂ ਉਤੇ ਰਾਜ ਕਮਾਇਆ ਹੋਇਆ ਸੀ। ਭਾਵੇਂ ਇਸ ਦਾ ਤਪ ਤੇਜ ਹੁਣ ਮੱਠਾ ਪੈਂਦਾ ਜਾਂਦਾ ਸੀ, ਪਰ ਸ਼ਾਨ ਅਜੇ ਵੀ ਉੱਚੀ ਸੀ ਤੇ ਜਿਸ ਦਾ ਮੱਥਾ ਅਜੇ ਵੀ ਸੰਝ ਦੀ ਲਾਲੀ ਵਾਂਗ ਦਗ ਰਿਹਾ ਸੀ। ਇਹ ਜਜ਼ੀਰਾ ਉਹੀਓ ਸੀ ਜਿਥੋਂ, ਕਦੇ, ਕੋਈ ਮੇਰੇ ਦੇਸ਼ ਨੂੰ ਲੁੱਟਣ ਲਈ ਵੀ ਗਿਆ ਸੀ ਤੇ ਫੇਰ, ਲਗ ਪਗ ਦੋ ਸੌ ਸਾਲ, ਮੇਰੇ ਦੇਸ਼ ਨੂੰ ਲੁੱਟ ਲੁੱਟ ਕੇ ਪੀਲਾ ਭੂਕ ਕਰ ਦਿਤਾ ਸੀ। ਫੇਰ ਮੇਰੇ ਦੇਸ਼ ਨੇ ਕੁਝ ਆਪਣਾ "ਮੂਲ" ਪਛਾਣਿਆ ਤੇ ਉੱਠਿਆ ਤੇ ਜਾਗਿਆ ਤੇ ਇਕ-ਆਵਾਜ਼ ਹੋ ਕੇ ਕਿਹਾ: "ਓ ਅੰਗਰੇਜ਼ੀ ਸਾਮਰਾਜ! ਹਿੰਦੋਸਤਾਨ ਤੋਂ ਬਾਹਰ ਹੋ!" ਪਰ ਅੰਗਰੇਜ਼ੀ ਸਾਮਰਾਜ ਐਵੇਂ ਬਾਹਰ ਨਹੀਂ ਹੋਇਆ, ਕੁਝ ਨਾ ਕੁਝ ਕਰ ਕੇ ਹੋਇਆ। ਇਕ ਮੁਲਕ ਦੇ ਦੋ ਮੁਲਕ। ਹਿੰਦੋਸਤਾਨ ਤੇ ਪਾਕਿਸਤਾਨ।

ਹੁਣ ਸਾਡੀਆਂ ਕਾਰਾਂ ਸਾਊਥਾਲ ਵਿਚ ਜਾ ਰਹੀਆਂ ਸਨ। ਇਕ ਦੋ ਮੋੜ ਕੱਟੇ ਤੇ ਅਸੀਂ ਅਵਤਾਰ ਜੰਡਿਆਲਵੀ ਦੇ ਘਰ ਦੇ ਅੱਗੇ ਆ ਖਲੋਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋਸਤਾਂ ਅਤੇ ਲੇਖਕਾਂ ਨਾਲ ਸਾਰਾ ਘਰ ਭਰ ਗਿਆ ਸੀ । ਘਰ ਬੜਾ ਹੀ ਸੁਹਣਾ ਸੀ । ਸਾਰੇ ਘਰ ਵਿਚ ਮੋਟੀਆਂ ਮੋਟੀਆਂ ਕਾਰਪੇਟਾਂ ਵਿਛੀਆਂ ਸਨ । ਸੋਫ਼ੇ, ਫ਼ੋਨ, ਫਰਿੱਜ ਅਤੇ ਟੈਲੀਵੀਜ਼ਨ ਸਾਰਾ ਕੁਝ ਮੌਜੂਦ ਸੀ । ਘਰ ਦੇ ਪਿਛੇ ਬਾਗ਼ ਸੀ ।

ਅਸੀਂ ਆਉਂਦੀ ਸਾਰ ਹੀ ਫਰੰਟ ਰੂਮ ਵਿਚ ਬੈਠੇ ਸਾਂ । ਬੜੇ ਹੀ ਮੋਟੇ ਸੋਫ਼ੇ ਵਿਚ ਮੈਂ ਅੱਧਾ ਧਸਿਆ ਹੋਇਆ ਸਾਂ । ਮੈਨੂੰ ਜ਼ਰਾ ਪਿਆਸ ਲੱਗੀ । ਪਾਣੀ ਪੀਣ ਲਈ ਆਖਿਆ । ਲਾਲ ਰੰਗ ਦੇ ਸ਼ਰਬਤ ਨਾਲ ਕੱਚ ਦਾ ਭਰਿਆ ਵੱਡਾ ਜੱਗ ਮੇਰੇ ਸਾਹਮਣੇ ਰਖਿਆ ਗਿਆ । ਏਨਾ ਸੁਹਣਾ ਸ਼ਰਬਤ ਮੈਂ ਕਦੇ ਵੀ ਨਹੀਂ ਪੀਤਾ ਸੀ । ਬੜੀ ਹੀ ਵਧੀਆ ਮਹਿਕ ਸੀ । ਰੰਗ ਗੂਹੜਾ ਲਾਲ ਸੀ । ਇਸ ਲਾਲੀ ਵਿਚ ਥੋੜੀ ਥੋੜੀ ਕਾਲਕ ਵੀ ਦਿਸ ਰਹੀ ਸੀ, ਜਿਵੇਂ ਰੰਮ ਦਾ ਰੰਗ ਹੋਵੇ, ਜਾਂ ਫੇਰ ਪੱਕ ਕੇ ਕਾਲੇ ਹੋ ਗਏ ਵਧੀਆ ਆਲੂ ਬੁਖ਼ਾਰੇ ਦਾ । ਇਹ "ਰਾਏਬੀਨਾ" ਜੂਸ ਸੀ ।

ਇਸ ਜੂਸ ਦੇ ਕਈ ਗਲਾਸ ਮੈਂ ਇਕੋ ਸਾਹ ਪੀ ਗਿਆ ਸਾਂ । ਤਿੰਨ, ਚਾਰ ਕਿ ਪੰਜ ਗਲਾਸ ।

ਅੰਦਰ, ਪਿਛੇ ਜਾ ਕੇ, ਇਕ ਵਰਾਂਡੇ ਵਰਗਾ ਕਮਰਾ ਸੀ ਤੇ ਉਥੇ ਲੰਮੀ ਮੇਜ਼ ਉਤੇ ਚਾਹ ਚਿਣੀ ਜਾ ਰਹੀ ਸੀ । ਸਾਰਾ ਕੁਝ ਲਗ ਚੁੱਕਾ ਤਾਂ ਅਸੀਂ ਸਾਰੇ ਅੰਦਰ ਗਏ ਤੇ ਵੱਡੀ ਮੇਜ਼ ਦੇ ਚਾਰ ਚੁਫੇਰੇ ਖਾਣ ਪੀਣ ਵਿਚ ਰੁਝ ਗਏ । ਗੱਲਾਂ, ਲਤੀਫ਼ੇ ਤੇ ਨਾਲੋ ਨਾਲ ਸੁਹਣੇ ਸੁਹਣੇ ਫ਼ਿਕਰੇ ਵੀ ਹੋ ਰਹੇ ਸਨ ।

ਭਾਪਾ ਪ੍ਰੀਤਮ ਸਿੰਘ ਵੀ ਇੰਗਲੈਂਡ ਆਏ ਹੋਏ ਸਨ । ਤਦੇ ਕਿਸੇ ਨੇ ਆਖਿਆ ਕਿ ਉਹਨਾਂ ਨੂੰ ਵੀ ਸੱਦਿਆ ਜਾਵੇ । ਉਹਨਾਂ ਨੂੰ ਫ਼ੋਨ ਕੀਤਾ ਗਿਆ । ਉਥੋਂ ਥੋੜੀ ਦੂਰ ਹੀ ਉਹ ਕਿਧਰੇ ਠਹਿਰੇ ਹੋਏ ਸਨ । ਫ਼ੌਰਨ ਉਹ ਵੀ ਪਹੁੰਚ ਗਏ । ਉਹਨਾਂ ਦੇ ਆਉਣ ਨਾਲ ਮਹਿਫ਼ਲ ਹੋਰ ਵੀ ਸੁਹਣੀ ਜਿਹੀ ਹੋ ਗਈ ਸੀ (ਨਵਯੁਗ ਦੀ ਛਪਾਈ ਵਰਗੀ) ।

ਬੜੀ ਪਿਆਰੀ ਚਾਹ ਸੀ । ਲੱਡੂ ਸਨ, ਬਰਫ਼ੀਆਂ, ਸਮੋਸੇ ਅਤੇ ਹੋਰ ਚੀਜ਼ਾਂ । ਜਾਪਦਾ ਸੀ ਜਿਵੇਂ ਹਿੰਦੋਸਤਾਨ ਵਿਚ ਹੀ ਖੜੇ ਹਾਂ । ਭਾਰਤ ਵਰਗੀ ਚਾਹ ਸੀ । ਵਖੋ ਵਖਰੀ ਨਹੀਂ ਸੀ ਬਣੀ, ਰਲੀ ਮਿਲੀ ਜਿਹੀ ਬਣੀ ਸੀ । ਸਾੜ੍ਹੀ ਵਾਲੀਆਂ ਭੈਣਾਂ ਇੰਦਰਾ ਗਾਂਧੀ ਦਾ ਪ੍ਰਤੀਕ ਸਨ ।

ਏਅਰਪੋਰਟ ਜਿਸ ਸਮੇਂ ਤਸਵੀਰਾਂ ਖਿੱਚ ਹੋ ਰਹੀਆਂ ਸਨ, ਬੱਦਲ ਜਿਹੇ ਹੋ ਗਏ ਸਨ ਤੇ ਬੂੰਦ ਵੀ ਕੋਈ ਕੋਈ ਡਿੱਗੀ ਸੀ । ਪਰ, ਹੁਣ ਬਾਹਰ ਹਲਕੀ ਹਲਕੀ ਬਾਰਸ਼ ਹੋਣ ਲਗ ਪਈ ਸੀ ਤੇ ਬੂੰਦਾਂ ਟਪਕ ਰਹੀਆਂ ਸਨ । ਮੈਨੂੰ ਬਾਹਰ ਸਾਰਾ ਸਮਾਂ ਭਿੱਜਿਆ ਭਿੱਜਿਆ ਨਜ਼ਰ ਆਇਆ—"ਭ੍ਹੀਗਾ ਭ੍ਹੀਗਾ ਹੈ ਸਮਾਂ"—ਮੈਂ ਆਖਿਆ, ਮੀਂਹ ਹੈ ? ਹਾਂ ਧੀਰ ਜੀ, ਮੀਂਹ ਹੈ । ਇਹ ਇੰਗਲੈਂਡ ਦਾ ਮੌਸਮ ਹੈ । ਕਦੇ ਕੁਝ, ਕਦੇ ਕੁਝ । ਅਜੇ ਤਾਂ ਚੰਗਾ ਮੌਸਮ ਹੈ, ਅੱਗੇ ਜਾ ਕੇ ਦੇਖਣਾ, ਸਿਆਲਾਂ ਵਿਚ ਕੀ ਹੁੰਦਾ ਹੈ । ਤੁਸੀਂ ਤਾਂ ਜੂਨ ਵਿਚ ਆਏ ਹੋ—ਬੜੇ ਹੀ ਚੰਗੇ ਮੌਸਮ ਵਿਚ ।

ਥੋੜਾ ਥੋੜਾ ਯਾਦ ਹੈ ਮੈਨੂੰ, ਜਿਵੇਂ ਮੈਨੂੰ ਸਾਵੇ ਸਾਵੇ ਪੱਤੇ ਵੀ ਕੁਝ ਦਿਸੇ ਸਨ ਜੋ ਕਣੀਆਂ ਨੇ ਧੋ ਦਿਤੇ ਸਨ । ਇਹ ਪੱਤੇ, ਸ਼ੀਸ਼ੇ ਵਿਚੋਂ, ਮੈਨੂੰ, ਬਾਹਰ, ਬਾਰੀ ਦੇ ਸ਼ੀਸ਼ੇ ਨਾਲ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੀ ਨਜ਼ਰੀਂ ਆਏ ਸਨ ਜੋ ਸ਼ਾਇਦ ਕਿਸੇ ਵੇਲ ਦੇ ਸਨ ਤੇ ਬੜੀ ਹੀ ਸ਼ੋਭਾ ਦਿੰਦੇ ਸਨ। ਇਸ ਸਮੇਂ ਹਿੰਦੋਸਤਾਨ ਤੇ ਇੰਗਲਿਸਤਾਨ ਇਕ ਸਨ। ਚਾਹ ਹਿੰਦੋਸਤਾਨੀ ਸੀ, ਮੌਸਮ ਇੰਗਲਿਸਤਾਨੀ ਸੀ। ਫੇਰ ਅਸੀਂ ਸਾਰੇ ਹਿੰਦੋਸਤਾਨੀ ਹੀ ਤਾਂ ਨਹੀਂ ਸਾਂ, ਕੈਨ ਵੀ ਸਾਡੇ ਨਾਲ ਸੀ ਜੋ ਪੂਰਾ ਇੰਗਲਿਸਤਾਨੀ ਸੀ। ਕੈਨ ਰਾਜਰਜ਼ ਲੱਡੂ ਅਤੇ ਬਰਫ਼ੀਆਂ ਖਾ ਰਿਹਾ ਸੀ ਤੇ ਅਸੀਂ ਸਾਰੇ ਕੈਨ ਦੇ ਇੰਗਲੈਂਡ ਦੀ ਹਵਾ ਖਾ ਰਹੇ ਸਾਂ। ਕਿੰਨੀ ਸੁਹਣੀ ਹਵਾ ਸੀ ਕੈਨ ਦੇ ਇੰਗਲੈਂਡ ਦੀ!

ਫੇਰ ਅੰਬ ਚੂਪੇ ਗਏ। ਇਹਨਾਂ ਅੰਬਾਂ ਬਾਰੇ ਵੀ ਕੁਝ ਦੱਸ ਹੀ ਦੇਣਾ ਚਾਹੀਦਾ ਹੈ:

ਇੰਗਲੈਂਡ ਜਾਣ ਤੋਂ ਪਹਿਲਾਂ ਮੈਨੂੰ ਮੇਰੇ ਇਕ ਮਿੱਤਰ ਵਲੋਂ ਦਿੱਲੀ ਤੋਂ ਇਕ ਚਿੱਠੀ ਆਈ ਕਿ ਜਦੋਂ ਮੈਂ ਇੰਗਲੈਂਡ ਜਾਵਾਂ, ਉਹਨਾਂ ਦੇ ਇਕ ਮਿੱਤਰ ਲਈ ਦੋ ਕੁ ਕਿੱਲੋ ਅੰਬ ਲੈ ਜਾਵਾਂ। ਮੈਂ ਸੋਚਿਆ, ਠੀਕ ਹੈ, ਜਿਨ੍ਹਾਂ ਮੈਨੂੰ ਸੱਦਿਆ ਹੈ (ਹਰਭਜਨ ਸਿੰਘ ਬਿਰਕ ਅਤੇ ਗੁਰਦਿਆਲ ਸਿੰਘ ਗੁਰੂ ਆਦਿ) ਉਹਨਾਂ ਲਈ ਵੀ ਦੋ ਦੋ ਕਿੱਲੋ ਅੰਬ ਲੈ ਜਾਣੇ ਚਾਹੀਦੇ ਹਨ। ਭੁੱਲਰ ਨੇ ਵੀ ਆਖਿਆ ਕਿ ਉਸ ਦਾ ਵੀ ਇਕ ਮਿੱਤਰ ਹੈ, ਦੋ ਕੁ ਕਿੱਲੋ ਉਸ ਲਈ ਵੀ ਉਸ ਦੇ ਵਲੋਂ ਹੋਰ ਲੈ ਜਾਵਾਂ। ਇਸ ਹਿਸਾਬ ਅੱਠ ਕੁ ਕਿੱਲੋ ਅੰਬ ਮੈਂ ਖ਼ਰੀਦਣੇ ਸਨ, ਪਰ ਮੈਂ ਦਸ ਕਿ ਬਾਰਾਂ ਕਿੱਲੋ ਅੰਬ ਖ਼ਰੀਦ ਲਏ ਸਨ। ਜਹਾਜ਼ ਵਿਚ ਵੀਹ ਕਿੱਲੋ ਸਾਮਾਨ ਹੀ ਜਾ ਸਕਦਾ ਸੀ। ਮੇਰੀ ਇੱਛਾ ਇਹ ਸੀ ਕਿ ਆਪਣੇ ਹੋਰ ਸਾਮਾਨ ਤੋਂ ਤਿਨਾਂ ਬਾਕੀ ਸਾਰੇ ਅੰਬ ਲੈ ਜਾਵਾਂ।

ਹਾਂ, ਉਹ ਮਿੱਤਰ ਕੌਣ ਸਨ ਜਿਨ੍ਹਾਂ ਲਈ ਅੰਬ ਲੈ ਜਾਣੇ ਸਨ? ਉਹ ਗੁਰਮੁਖ ਸਿੰਘ ਜੀ ਕੋਹਲੀ ਸਨ ਜੋ ਪਹਿਲਾਂ ਦਿੱਲੀ ਹੁੰਦੇ ਸਨ ਤੇ ਅੱਜ ਕਲ੍ਹ ਇੰਗਲੈਂਡ ਸਨ ਤੇ ਡੋਰਚੈਸਟਰ ਰਹਿੰਦੇ ਸਨ। ਮੇਰੇ ਵੀ ਉਹ ਮਿੱਤਰ ਸਨ। ਮੇਰੀ ਇਕ ਕਿਤਾਬ ਰਾਹੀਂ ਉਹ ਮੇਰੇ ਵਾਕਿਫ਼ ਬਣੇ ਸਨ। ਜਿਨ੍ਹਾਂ ਨੇ ਅੰਬ ਭੇਜੇ ਸਨ, ਉਹ ਹਰਬੰਸ ਸਿੰਘ ਨਾਗਰਾ ਸਨ। ਕੋਹਲੀ ਹੋਰਾਂ ਦੇ ਘਰ ਹੀ ਮੇਰੀ ਉਹਨਾਂ ਨਾਲ ਵਾਕਫ਼ੀ ਹੋਈ ਸੀ।

ਅਤੇ ਗੁਰਬਚਨ ਸਿੰਘ ਭੁੱਲਰ ਦੇ ਮਿੱਤਰ ਸ੍ਰੀ ਸ਼ਿਵਰਾਜ ਸਿੰਘ ਮਾਨ ਸਨ। ਉਹ ਹੰਸਲੋ ਰਹਿੰਦੇ ਸਨ।

ਗੁਰਮੁਖ ਸਿੰਘ ਕੋਹਲੀ ਤੇ ਉਹਨਾਂ ਦੀ ਬੜੀ ਹੀ ਚੰਗੀ ਪਤਨੀ ਸ੍ਰੀਮਤੀ ਸੁਰਜੀਤ ਕੋਹਲੀ ਮੇਰੇ ਬੜੇ ਹੀ ਹਿਤੂ ਸਨ। ਦਿੱਲੀ ਜਦ ਮੈਂ ਜਾਂਦਾ ਸਾਂ, ਲਕਸ਼ਮੀ ਨਗਰ, ਉਹਨਾਂ ਦੇ ਘਰ, ਜ਼ਰੂਰ ਮਿਲਣ ਲਈ ਜਾਂਦਾ ਸਾਂ। ਉਹਨਾਂ ਦੇ ਬੜੇ ਪਿਆਰੇ ਬੱਚੇ ਗੁੱਡਾ ਅਤੇ ਪੋਰੂ ਲਈ ਮੈਂ ਉਹਨਾਂ ਦਾ "ਧੀਰ ਅੰਕਲ" ਸਾਂ। ਜਦ ਉਹ ਦਿੱਲੀ ਹੁੰਦੇ ਸਨ, ਪਤੀ ਪਤਨੀ, ਦੋਵੇਂ ਮੈਨੂੰ ਚਿੱਠੀਆਂ ਲਿਖਦੇ ਹੁੰਦੇ ਸਨ ਤੇ ਹੁਣ ਇੰਗਲੈਂਡ ਆ ਕੇ ਵੀ ਉਹ ਉਵੇਂ ਹੀ ਚਿੱਠੀਆਂ ਲਿਖਦੇ ਸਨ। ਕਦੇ ਕਦੇ ਉਹ ਲਿਖਦੇ ਹੁੰਦੇ: "ਤੁਸੀਂ ਇੰਗਲੈਂਡ ਕਿਉਂ ਨਹੀਂ ਆਉਂਦੇ? ਕਿੰਨੇ ਸਾਧ ਸੰਤ ਹਨ ਜੋ ਏਥੇ ਆਉਂਦੇ ਰਹਿੰਦੇ ਹਨ, ਕੋਈ ਨਾ ਕੋਈ ਪੰਜਾਬੀ ਲੇਖਕ ਵੀ ਏਥੇ ਆਇਆ ਹੀ ਰਹਿੰਦਾ ਹੈ, ਤੁਸੀਂ ਨਹੀਂ ਆ ਸਕਦੇ ਕਿਵੇਂ?" ਕਦੇ ਕਦੇ ਉਹ ਗੁੱਡਾ ਅਤੇ ਪੋਰੂ ਦੇ ਜਜ਼ਬਾਤ ਵੀ ਲਿਖਦੇ: "ਏਨੇ ਲੋਕੀ ਆਉਂਦੇ ਹਨ, ਧੀਰ ਅੰਕਲ ਕਿਉਂ ਨਹੀਂ ਆਉਂਦੇ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਮੈਨੂੰ ਹਰਭਜਨ ਸਿੰਘ ਬਿਰਕ ਵਲੋਂ ਚਿੱਠੀ ਗਈ ਤਾਂ ਉਹਨਾਂ ਨੂੰ ਬਹੁਤ ਖ਼ੁਸ਼ੀ ਹੋਈ ਕਿ ਮੈਂ ਇੰਗਲੈਂਡ ਆ ਰਿਹਾ ਹਾਂ। ਹੁਣ ਮੈਂ ਜਦੋਂ ਆਇਆ ਤਾਂ ਏਅਰਪੋਰਟ ਉਤੇ ਵੀ ਉਹ ਮੈਨੂੰ ਲੈਣ ਲਈ ਆਏ ਸਨ ਤੇ ਬੜੀ ਹੀ ਨਿੱਘੀ, ਮੋਹ ਪਿਆਰ ਦੀ, ਜੱਫੀ ਪਾ ਕੇ ਮਿਲੇ ਸਨ। ਪਹਿਲਾਂ ਮੇਰਾ ਖ਼ਿਆਲ ਸੀ ਕਿ ਅੱਜ ਰਾਤ ਨੂੰ ਕੋਹਲੀ ਹੋਰੀ ਵੀ ਸ਼ਾਇਦ ਸਾਡੇ ਨਾਲ ਹੀ ਰਹਿਣ। ਪਰ ਉਹਨਾਂ ਨੇ ਹੁਣੇ ਹੀ ਵਾਪਸ ਡੋਰਚੈਸਟਰ ਜਾਣਾ ਸੀ। ਕਿਉਂਕਿ ਅੱਜ ਸੰਡੇ ਸੀ। ਕਲ੍ਹ, ਸਵੇਰੇ, ਮੰਡੇ, ਉਹਨਾਂ ਨੇ ਆਪਣੇ ਦਫ਼ਤਰ ਜਾਣਾ ਸੀ (ਡੋਰਚੈਸਟਰ ਹੀਥਰੋ ਤੋਂ ਡੇਢ ਦੋ ਸੌ ਮੀਲ ਸੀ)। ਜਦ ਉਹ ਜਾਣ ਲਗੇ ਤਾਂ ਮੈਨੂੰ ਯਾਦ ਆਇਆ ਕਿ ਕੋਹਲੀ ਹੋਰੀ ਆਪਣੇ ਅੰਬ ਵੀ ਹੁਣੇ ਹੀ ਆਪਣੇ ਨਾਲ ਲੈ ਜਾਣ। ਬਾਕੀ ਸਭ ਵੀ ਆਪਣੇ ਆਪਣੇ ਤੁਹਫ਼ੇ ਮੈਥੋਂ ਹੁਣੇ ਲੈ ਲੈਣ ਤਾਂ ਜੋ ਮੇਰੇ ਮਨ ਦਾ ਅਤੇ ਬੈਗ ਦਾ ਭਾਰ ਹਲਕਾ ਹੋਵੇ।

ਦੋ ਦੋ ਕਿੱਲੋ ਅੰਬ ਮੈਂ ਦੋ ਲਫ਼ਾਫ਼ਿਆਂ ਵਿਚ ਹੀ ਪਾਏ ਸਨ ਜੋ ਕੋਹਲੀ ਅਤੇ ਸ਼ਿਵਰਾਜ ਸਿੰਘ ਮਾਨ ਹੋਰਾਂ ਨੂੰ ਦੇਣੇ ਸਨ। ਬਿਰਕ ਅਤੇ ਗੁਰੂ ਹੋਰਾਂ ਲਈ ਖੁਲ੍ਹੇ ਹੀ ਰਖ ਛੱਡੇ ਸਨ। ਉਹਨਾਂ ਬਾਰੇ ਇਹ ਸੀ ਕਿ ਜਿਵੇਂ ਉਹ ਇਕੋ ਘਰ ਹੀ ਹੋਣ ਤੇ ਜਿਵੇਂ ਉਹ ਚਾਹੁਣ, ਵੰਡ ਲੈਣ। ਸ਼ਾਇਦ ਉਹਨਾਂ ਨੇ ਹੋਰ ਵੀ ਕਿਸੇ ਨੂੰ ਇਹਨਾਂ ਵਿਚੋਂ ਦੇਣੇ ਹੋਣ।

ਲਫ਼ਾਫ਼ੇ ਖ਼ਾਕੀ ਨਹੀਂ ਸਨ, ਚਿੱਟੇ ਸਨ, ਕਮਜ਼ੋਰ ਜਿਹੇ, ਤੇ ਬੈਗ ਵਿਚ ਹੀ ਪਏ ਪਏ ਉਹ ਲੀਰਾਂ ਲੀਰਾਂ ਹੋ ਗਏ ਸਨ। ਜਦ ਮੈਂ ਕੋਹਲੀ ਹੋਰਾਂ ਨੂੰ ਲਫ਼ਾਫ਼ਾ ਦੇਣਾ ਚਾਹਿਆ ਤਾਂ ਹੱਥਾਂ ਵਿਚ ਹੀ ਖਿੰਡ ਗਿਆ ਤੇ ਉਹਨਾਂ ਨੇ ਉਵੇਂ ਹੀ ਖਿੰਡਦਾ ਜਾਂਦਾ ਹੱਥਾਂ ਵਿਚ ਸੰਭਾਲ ਲਿਆ ਤੇ ਫੇਰ ਕਾਰ ਵਿਚ ਰਖ ਲਿਆ। ਮੇਰਾ ਨਹੀਂ ਖ਼ਿਆਲ ਕਿ ਉਹਨਾਂ ਨੂੰ ਦੋ ਕਿੱਲੋ ਅੰਬ ਪੂਰੇ ਮਿਲ ਵੀ ਸਕੇ ਹੋਣ।

ਇਕ ਅਜੀਬ ਗ਼ਲਤੀ ਹੋਈ। ਇਹ ਅਜੀਬ ਹੀ ਨਹੀਂ ਸੀ, ਖ਼ੂਬਸੂਰਤ ਵੀ ਬੜੀ ਸੀ। ਇਕ ਕਹਾਣੀ ਸੁਣ ਲਓ: ਛੇਵੇਂ ਗੁਰੂ ਹਰਿਗੋਬਿੰਦ ਕਿਸੇ ਸਮੇਂ ਜਹਾਂਗੀਰ ਬਾਦਸ਼ਾਹ ਦੇ ਮਹਿਮਾਨ ਸਨ। ਜਹਾਂਗੀਰ ਬਾਦਸ਼ਾਹ ਤੇ ਸ੍ਰੀ ਗੁਰੂ ਹਰਿਗੋਬਿੰਦ ਆਗਰੇ ਤੋਂ ਬਾਹਰ ਕਿਤੇ ਸ਼ਿਕਾਰ ਖੇਡਣ ਗਏ ਸਨ ਤੇ ਕਈ ਦਿਨ ਬਾਹਰ ਹੀ ਰਹੇ ਸਨ। ਜਹਾਂਗੀਰ ਤੇ ਗੁਰੂ ਸਾਹਿਬ ਦੇ ਆਹਮੋ ਸਾਹਮਣੇ ਕੈਂਪ ਸਨ ਤੇ ਦੋਹਾਂ ਦੇ ਸ਼ਾਹੀ ਠਾਠ ਸਨ। ਇਕ ਦਿਨ, ਜਹਾਂਗੀਰ, ਆਪਣੇ ਕੈਂਪ ਦੇ ਬਾਹਰ ਇਕ ਦਰਬਾਰ ਜਿਹੇ ਵਿਚ ਬੈਠਾ ਸੀ ਤੇ ਨਾਲ ਦਰਬਾਰੀ ਬੈਠੇ ਸਨ। ਗੁਰੂ ਸਾਹਿਬ ਆਪਣੇ ਕੈਂਪ ਦੇ ਬਾਹਰ ਬੈਠਦੇ ਹੁੰਦੇ ਸਨ। ਗੁਰੂ ਨਾਨਕ ਦੀ ਸਿੱਖੀ ਦੀ ਲਹਿਰ ਉਦੋਂ ਤਕ ਹਿੰਦੋਸਤਾਨ ਵਿਚ ਕਾਫ਼ੀ ਫੈਲ ਚੁੱਕੀ ਸੀ ਤੇ ਬਹੁਤ ਹੀ ਗ਼ਰੀਬ ਲੋਕ, ਖ਼ਾਸ ਕਰਕੇ ਕਿਰਤੀ ਲੋਕ, ਇਸ ਤੋਂ ਬਹੁਤ ਪਰਭਾਵਤ ਸਨ। ਕਿਸੇ ਘਾਹੀ ਨੂੰ ਪਤਾ ਲਗਾ ਕਿ ਸਾਡੇ ਛੇਵੇਂ ਗੁਰੂ ਅਜ ਕਲ ਏਧਰ ਆਏ ਹੋਏ ਹਨ ਤੇ ਬਾਦਸ਼ਾਹ ਦੇ ਮਹਿਮਾਨ ਹਨ। ਉਹ ਘਾਹੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆ ਗਿਆ। ਪਰ ਉਸ ਨੂੰ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਕਿਹੜੇ ਹਨ ਤੇ ਜਹਾਂਗੀਰ ਬਾਦਸ਼ਾਹ ਕਿਹੜੇ। ਉਸ ਨੇ ਜਹਾਂਗੀਰ ਨੂੰ ਹੀ ਗੁਰੂ ਸਾਹਿਬ ਸਮਝਿਆ। ਜਹਾਂਗੀਰ ਦੇ ਕਦਮਾਂ ਵਿਚ ਉਸ ਨੇ ਟਕਾ ਰਖਿਆ ਤੇ ਫੇਰ ਮੱਥਾ ਟੇਕਿਆ। ਜਦੋਂ ਪਤਾ ਲਗਾ ਕਿ ਇਹ ਤਾਂ ਗੁਰੂ ਸਾਹਿਬ ਨਹੀਂ, ਜਹਾਂਗੀਰ ਬਾਦਸ਼ਾਹ ਹੈ, ਉਸ ਨੇ ਟਕਾ ਚੁੱਕਿਆ ਤੇ ਦੂਜੇ ਪਾਸੇ ਚਲਾ ਗਿਆ। ਉਹ ਤਾਂ ਗੁਰੂ ਹਰਿਗੋਬਿੰਦ ਦੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਰਸ਼ਨਾਂ ਲਈ ਆਇਆ ਸੀ, ਮੈਂ ਕਿਸੇ ਲਈ ਨਹੀਂ ਸੀ ਆਇਆ। ਇਸੇ ਤਰ੍ਹਾਂ ਮੈਥੋਂ ਹੋਈ। ਅੰਬ, ਗੁਰਬਚਨ ਸਿੰਘ ਭੁੱਲਰ ਨੇ ਸ਼ਿਵਰਾਜ ਸਿੰਘ ਮਾਨ ਲਈ ਭੇਜੇ ਸਨ, ਪਰ ਕਿਸੇ ਨੇ ਸ਼ਿਵਚਰਨ ਸਿੰਘ ਗਿੱਲ ਨੂੰ ਵਾਜ ਦਿਤੀ ਤਾਂ ਮੈਨੂੰ ਟਪਲਾ ਲਗ ਗਿਆ। ਮੈਂ ਸ਼ਿਵਚਰਨ ਸਿੰਘ ਗਿੱਲ ਨੂੰ ਹੀ ਸ਼ਿਵਰਾਜ ਸਿੰਘ ਮਾਨ ਸਮਝ ਲਿਆ ਤੇ ਲੀਰਾਂ ਹੋਇਆ ਦੂਜਾ ਲਫ਼ਾਫ਼ਾ ਉਸ ਦੇ ਹੱਥ ਸਪ੍ਰਦ ਕੀਤਾ। ਮੈਨੂੰ ਬੜੀ ਹੀ ਖ਼ੁਸ਼ੀ ਹੋਈ ਕਿ ਇਹ ਵੀ ਬੋਝ ਲਹਿ ਗਿਆ ਹੈ। ਸ਼ਿਵਚਰਨ ਸਿੰਘ ਹੈਰਾਨ ਸੀ ਕਿ ਇਹ ਕੌਣ ਭੁੱਲਰ ਹੈ ਜਿਸ ਨੇ ਮੈਨੂੰ ਬੜੇ ਪਿਆਰ ਨਾਲ ਦਿੱਲੀ ਤੋਂ ਅੰਬ ਭੇਜੇ ਹਨ। ਪਰ ਸ਼ਿਵਚਰਨ ਕਰਦਾ ਕੀ? ਲਫ਼ਾਫ਼ਾ ਫੜੀ ਖਲੋਤਾ ਰਿਹਾ।

ਮੈਂ ਵੀ ਬਹੁਤ ਵਹਿਮੀ ਹਾਂ। ਮੈਂ ਆਪਣੀ ਕਾਪੀ ਵਿਚ ਸ਼ਿਵਰਾਜ ਸਿੰਘ ਮਾਨ ਦਾ ਪੂਰਾ ਪਤਾ ਲਿਖਿਆ ਹੋਇਆ ਸੀ ਤੇ ਨਾਲ ਇਹ ਵੀ ਲਿਖਿਆ ਸੀ ਕਿ "ਭੁੱਲਰ ਵਲੋਂ ਅੰਬ ਦੇਣੇ।" ਸ਼ਿਵਚਰਨ ਸਿੰਘ ਗਿੱਲ ਨੂੰ ਲਫ਼ਾਫ਼ਾ ਦੇਣ ਮਗਰੋਂ ਮੈਂ ਆਪਣੀ ਕਾਪੀ ਖੋਲ੍ਹ ਲਈ ਜੋ ਪਹਿਲਾਂ ਖੋਲ੍ਹਣੀ ਚਾਹੀਦੀ ਸੀ। ਮੈਂ ਆਖਿਆ, "ਤੁਹਾਡਾ ਨਾਂ ਸ਼ਿਵਰਾਜ ਸਿੰਘ ਮਾਨ ਹੈ?"

"ਨਹੀਂ ਜੀ, ਮੇਰਾ ਨਾਂ ਸ਼ਿਵਚਰਨ ਸਿੰਘ ਗਿੱਲ ਹੈ।"

'ਓ-ਹੋ! ਤਾਂ ਜੀ ਤੁਸੀਂ ਇਹ ਲਫ਼ਾਫ਼ਾ ਦੇ ਦਿਓ। ਇਹ ਸ਼ਿਵਰਾਜ ਸਿੰਘ ਮਾਨ ਦਾ ਹੈ ਜੋ ਹੰਸਲੋ ਵਿਚ ਰਹਿੰਦੇ ਹਨ।" ਮੈਨੂੰ ਸ਼ਿਵ-ਚਰਨ ਅਤੇ ਸ਼ਿਵ-ਰਾਜ ਵਿਚ ਗ਼ਲਤੀ ਲਗ ਗਈ ਸੀ। "ਮਾਨ" ਅਤੇ "ਗਿੱਲ" ਵੀ ਮੈਨੂੰ ਚੇਤੇ ਨਹੀਂ ਰਹਿ ਸਕੇ ਸਨ।

ਸਾਰੇ ਹਸਣ ਲਗ ਪਏ। ਸ਼ਿਵਚਰਨ ਸਿੰਘ ਗਿੱਲ ਵੀ ਹਸਣ ਲਗਾ। "ਮੈਂ ਵੀ ਕਿਹਾ, ਮੈਨੂੰ ਦਿੱਲੀਓਂ ਕਿਸ ਨੇ ਅੰਬ ਭੇਜ ਦਿਤੇ? ਫੇਰ ਮੈਂ ਕਿਹਾ, ਚਲੋ, ਖ਼ੈਰ, ਹੋਊਗਾ ਕੋਈ ਮਿਹਰਬਾਨ। ਪਰ ਮੈਂ ਬਹੁਤ ਹੈਰਾਨ ਸਾਂ।"

ਸਰਵਣ ਸਿੰਘ ਅਮੋਲਕ ਵੀ ਮੈਨੂੰ ਲੈਣ ਲਈ ਆਏ ਹੋਏ ਸਨ। ਉਹ ਹੰਸਲੋ ਹੀ ਰਹਿੰਦੇ ਸਨ। ਇਹ ਅੰਬ ਉਹਨਾਂ ਦੇ ਸਪੁਰਦ ਕੀਤੇ ਗਏ ਸਨ। ਅਮੋਲਕ ਜੀ ਨੇ ਇਹ ਅੰਬ ਸ਼ਿਵਰਾਜ ਸਿੰਘ ਮਾਨ ਤਕ ਪਹੁੰਚਾਉਣ ਦੀ ਖੇਚਲ ਕਰਨੀ ਸੀ।

ਬਾਕੀ ਰਹਿੰਦੇ ਅੰਬਾਂ ਬਾਰੇ ਪਹਿਲਾਂ ਮੇਰਾ ਖਿਆਲ ਸੀ ਕਿ ਅੱਧੇ ਗੁਰੂ ਹੋਰਾਂ ਨੂੰ ਤੇ ਅੱਧੇ ਬਿਰਕ ਨੂੰ ਦਿਆਂਗਾ। ਪਰ ਪੋਰਟ ਉਤੇ ਪਹੁੰਚ ਕੇ ਮੈਂ ਇਹ ਖਿਆਲ ਬਦਲ ਲਿਆ ਤੇ ਹੁਣ ਮੈਂ ਸੋਚਣ ਲਗਾ ਕਿ ਜਿੰਨੇ ਲੋਕੀ ਅੱਡੇ ਉਤੇ ਮੈਨੂੰ ਲੈਣ ਲਈ ਆਏ ਹਨ, ਉਹ ਸਾਰੇ ਬਿਰਕ ਤੇ ਗੁਰੂ ਹੀ ਹਨ। ਭਾਵੇਂ ਸਭ ਨੂੰ ਇਕ ਇਕ ਜਾਂ ਅੱਧਾ ਅੱਧਾ ਅੰਬ ਹੀ ਆਵੇ, ਪਰ ਇਹ ਅੰਬ ਸਭ ਨੂੰ ਮਿਲਣ।

ਬਿਰਕ ਅਤੇ ਗੁਰੂ ਹੋਰਾਂ ਦੇ ਦੋ ਦੋ ਕਿੱਲੋ ਅੰਬਾਂ ਤੋਂ ਬਿਨਾਂ ਬਾਕੀ ਬਚਦੇ ਅੰਬਾਂ ਬਾਰੇ ਮੈਨੂੰ ਇਕ ਤਜਵੀਜ਼ ਸੁੱਝੀ। ਮੈਂ ਆਖਿਆ, ਲਓ ਜੀ, ਇਹ ਬਾਕੀ ਬਚਦੇ ਸਾਰੇ ਅੰਬ ਤੁਹਾਡੇ ਸਭ ਦੇ ਆਪਣੇ ਹਨ। ਜਿਵੇਂ ਚਾਹੋ, ਵੰਡ ਲਵੋ।

ਇਹ ਅੰਬ ਹੁਣ ਇਥੇ ਚਾਹ ਦੇ ਮਗਰੋਂ ਚੂਪੇ ਗਏ ਸਨ। ਸਾਰੇ ਬਾਹਰ ਆਏ ਤੇ ਅੰਬ ਚੂਪਣ ਲਗ ਪਏ। ਜਿਵੇਂ ਅਸੀਂ ਭਾਰਤ ਵਿਚ ਗਲੀਆ ਅਤੇ ਬਾਜ਼ਾਰਾਂ ਵਿਚ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੰਬ ਚੂਪਣ ਲਗ ਜਾਂਦੇ ਹਾਂ, ਇਸ ਤਰ੍ਹਾਂ ਹੀ ਏਥੇ ਸੀ। ਠੀਕ ਹੈ, ਇੰਗਲੈਂਡ ਸੀ, ਪਰ ਅੰਬ ਚੂਪਣ ਵਾਲੇ ਤਾਂ ਇੰਗਲੈਂਡ ਦੇ ਵਾਸੀ ਨਹੀਂ ਸਨ, ਹਿੰਦੋਸਤਾਨ ਦੇ ਵਾਸੀ ਸਨ। ਇਹਨਾਂ ਨੂੰ ਇੰਗਲੈਂਡ ਦੇ ਵੀ ਅਦਬ ਆਦਾਬ ਆਉਂਦੇ ਸਨ, ਪਰ ਇੰਗਲੈਂਡ ਦੇ ਅਦਬ ਆਦਾਬ ਹਰ ਸਮੇਂ ਤਾਂ ਨਹੀਂ ਨਾ ਸੁਹੰਦੇ। ਫੇਰ ਅੰਬ ਚੂਪਣ ਵੇਲੇ ? ਅੰਬ ਚੂਪਣ ਵੇਲੇ ਤਾਂ ਸਾਡੇ ਆਪਣੇ, ਹਿੰਦੋਸਤਾਨ ਦੇ, ਅਦਬ ਆਦਾਬ ਹੀ ਸੁਹੰਦੇ ਹਨ ਤੇ ਉਹੀਓ ਕੰਮ ਦੇ ਸਕਦੇ ਹਨ, ਇੰਗਲੈਂਡ ਦੇ ਅਦਬ ਆਦਾਬ ਨਹੀਂ। ਅੰਬ ਸਾਡਾ ਫਲ ਹੈ। ਅਸੀਂ ਜਿਵੇਂ ਚਾਹੀਏ, ਖਾਈਏ।

ਨਾਲੇ ਸਾਰੇ ਹੱਸਣ ਤੇ ਨਾਲੇ ਸਾਰੇ ਅੰਬ ਚੂਪਣ। ਅਹਾ ! ਕਿੰਨਾ ਸ਼ੁਗਲ ਸੀ। ਅੰਬਾਂ ਦੀਆਂ ਗੁਠਲੀਆਂ ਵਗਾਹ ਵਗਾਹ ਕੇ ਸੁੱਟੀਆਂ ਜਾਣ। ਚੱਕ ਓਏ ਇੰਗਲੈਂਡਾ ! ਆਪਣੇ ਅਦਬ ਆਦਾਬਾਂ ਨੂੰ—ਅਸੀਂ ਤਾਂ ਅੰਬ ਚੂਪਾਂਗੇ ਤੇ ਗੁਠਲੀਆਂ ਵਗਾਹ ਵਗਾਹ ਕੇ ਨਾਲੀਆਂ ਵਿਚ ਮਾਰਾਂਗੇ। ਅੰਬ ਕੀ ਤੇ ਯੂਰਪ ਜਾਂ ਇੰਗਲੈਂਡ ਦੇ ਅਦਬ ਆਦਾਬ ਕੀ ?

ਹਾਂ, ਕੈਨ ਰਾਜਰਜ਼ ਨੇ, ਵਿਚਾਰੇ ਨੇ, ਅੰਬ ਕਿਵੇਂ ਚੂਪਿਆ ? ਇਸ ਦਾ ਮੈਨੂੰ ਪਤਾ ਨਹੀਂ। ਚੂਪਿਆ ਹੋਵੇਗਾ ਕਿਵੇਂ ਨਾ ਕਿਵੇਂ ਵਿਚਾਰੇ ਨੇ ਵਿੰਗਾ ਸਿੱਧਾ ਹੋ ਕੇ। ਨਾਲੇ ਡਰਦਾ ਹੋਵੇਗਾ ਕਿ ਰਸੇ ਦੀ ਪਿਚਕਾਰੀ ਨਾ ਵੱਜੇ। ਅੰਬ ਚੂਪਣਾ ਸੌਖਾ ਨਹੀਂ। ਇਹ ਤਾਂ ਜਿਨ੍ਹਾਂ ਦਾ ਫਲ ਹੈ, ਉਹੀਓ ਚੂਪਣ ਜਾਣਦੇ ਹਨ।

ਉਂਜ ਕੈਨ ਰਾਜਰਜ਼ ਦੀ ਸ਼ਰਾਫ਼ਤ ਦਾ ਕੋਈ ਅੰਤ ਨਹੀਂ। ਹਿੰਦੋਸਤਾਨੀ ਘਰਾਂ ਵਿਚ ਉਹ ਹਿੰਦੋਸਤਾਨੀ ਬਣਕੇ ਆਉਂਦਾ। ਜੋ ਪੱਕਦਾ, ਉਹੀ ਖਾਂਦਾ। ਉਹ ਵੀ ਹੱਥਾਂ ਨਾਲ ਹੀ। ਕਾਂਟੇ ਛੁਰੀ ਦੀ ਲੋੜ ਨਾ ਗਿਣਦਾ। ਖਾਂਦਾ ਭਾਵੇਂ ਹੌਲੀ ਹੌਲੀ, ਜਿਵੇਂ ਸਿੱਖ ਹੀ ਰਿਹਾ ਹੋਵੇ।

ਜੇ ਮੈਂ ਭੁਲਦਾ ਨਹੀਂ ਹਾਂ, ਇਕ ਵਾਰ ਉਸ ਕੁੜਤਾ ਅਤੇ ਪਜਾਮਾ ਵੀ ਪਹਿਨਿਆ ਹੋਇਆ ਸੀ, ਜੂਨ ਦਾ ਮਹੀਨਾ ਕਰਕੇ। ਜੂਨ ਅਤੇ ਜੁਲਾਈ ਵਿਚ ਕਦੇ ਕਦੇ ਏਥੇ ਕਾਫ਼ੀ ਗਰਮੀ ਵੀ ਹੋ ਜਾਂਦੀ ਹੈ।

ਕੈਨ ਰਾਜਰਜ, ਆਮ ਕਰਕੇ, ਜਦੋਂ ਮੈਨੂੰ ਮਿਲਦਾ ਤਾਂ ਦੋਵੇਂ ਹੱਥ ਜੋੜਦਾ ਤੇ ਸਤਿ ਸ੍ਰੀ ਅਕਾਲ ਬੁਲਾਉਂਦਾ : "ਸਤ-ਸਿਰੀ-ਅਕਾਲ-ਜੀ !" ਇਸ ਸਮੇਂ ਉਸ ਦੇ ਹੋਠ ਮੁਸਕ੍ਰਾਉਂਦੇ ਹੁੰਦੇ ਤੇ ਅੱਖਾਂ ਚਮਕ ਰਹੀਆਂ ਹੁੰਦੀਆਂ। ਲੰਮਾ ਕੱਦ, ਗੋਰਾ ਰੰਗ, ਨੀਲੀਆ ਨੀਲੀਆਂ ਸੁੰਦਰ ਅੱਖਾਂ, ਚੌੜੇ ਚੌਰਸ ਮੱਥੇ ਉਤੇ ਕੂਲੇ ਕੂਲੇ ਭੂਰੇ ਵਾਲ। ਉਮਰ ਕਿੰਨੀ ਹੋਵੇਗੀ ? ਸਤਾਈ ਅਠਾਈ ਵਰ੍ਹੇ ਦੀ ਸ਼ਾਇਦ। ਵੱਧ ਤੋਂ ਵੱਧ ਤੀਹ ਜਾਂ ਬੱਤੀ। ਸਹੀ ਮੈਂ ਪੁੱਛੀ ਨਹੀਂ ਸੀ। ਇੰਗਲੈਂਡ ਵਿਚ ਵੱਡੀ ਉਮਰ ਵੀ ਛੋਟੀ ਹੋਣ ਲਗ ਜਾਂਦੀ ਹੈ। ਕਿਉਂਕਿ ਠੰਡਾ ਮੁਲਕ ਹੈ। ਸਾਡਾ ਮੁਲਕ ਗਰਮ ਹੈ। ਏਥੇ ਬੰਦੇ ਛੇਤੀ ਪੱਕ ਕੇ ਬੁੱਢੇ ਹੋਣ ਲਗ ਜਾਂਦੇ ਹਨ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੰਡਨ ਤੋਂ ਕਾਵੈਂਟਰੀ

ਹੀਥਰੋ ਜਾਂ ਸਾਊਥਾਲ ਲੰਡਨ ਦੇ ਹੀ ਹਿੱਸੇ ਹਨ। ਹੁਣ ਅਸੀਂ ਲੰਡਨ ਤੋਂ ਕਾਵੈਂਟਰੀ ਵਲ ਜਾਣਾ ਸੀ।

ਮੈਨੂੰ ਨਹੀਂ ਸੀ ਪਤਾ, ਕਾਵੈਂਟਰੀ ਕਿੰਨੀ ਦੂਰ ਹੈ। ਮੇਰਾ ਲੱਖਣ ਇਹ ਸੀ ਕਿ ਲੰਡਨ ਤੋਂ ਕਾਵੈਂਟਰੀ ਦਸ ਜਾਂ ਪੰਦਰਾਂ ਮੀਲ ਹੀ ਹੋਵੇਗੀ। ਪਰ ਇਹ ਬਿਲਕੁਲ ਗ਼ਲਤ ਸੀ। ਲੰਡਨ ਤੋਂ ਕਾਵੈਂਟਰੀ ਕੋਈ ਸੌ ਸਵਾ ਸੌ ਮੀਲ ਸੀ।

ਦੋ ਕਿ ਤਿੰਨ ਕਾਰਾਂ ਹੁਣ ਕਾਵੈਂਟਰੀ ਵਲ ਜਾ ਰਹੀਆਂ ਸਨ। ਸੜਕਾਂ ਬਹੁਤ ਸੁਹਣੀਆਂ ਸਨ। ਰੇਸ਼ਮ ਵਾਂਗੂੰ ਕੂਲੀਆਂ। ਚੌੜੀਆਂ ਵੀ ਬਹੁਤ ਸਨ। ਜਾਪਦਾ ਸੀ, ਕਾਰਾਂ ਜਿਵੇਂ ਸੜਕਾਂ ਉਤੇ ਨਹੀਂ ਸਨ, ਹਵਾ ਵਿਚ ਤੈਰ ਰਹੀਆਂ ਸਨ।

ਸੜਕਾਂ ਬਿਲਕੁਲ ਸ਼ਾਂਤ ਸਨ। ਕਿਸੇ ਪਾਸੇ ਕਿਸੇ ਕਾਰ ਦਾ ਹਾਰਨ ਨਹੀਂ ਸੁਣਦਾ ਸੀ। ਇੰਗਲੈਂਡ ਵਿਚ ਹਾਰਨ ਮਾਰਨਾ ਲਗ ਪਗ ਬਿਲਕੁਲ ਮਨ੍ਹਾ ਹੈ। ਹਾਰਨ ਉਦੋਂ ਵੱਜਦਾ ਹੈ ਜਦੋਂ ਐਮਰਜੰਸੀ ਹੋਵੇ। ਜਾਂ, ਜੇ ਕਿਸੇ ਅੱਗੇ ਜਾਂਦੇ ਨੂੰ ਸਖ਼ਤ ਲਫ਼ਜ਼ ਆਖਣਾ ਹੋਵੇ—"ਅੰਨ੍ਹਿਆ ਓਏ ਅੰਨ੍ਹਿਆ!"—ਨਹੀਂ ਤਾਂ ਇੰਗਲੈਂਡ ਵਿਚ ਕਿਤੇ ਵੀ ਹਾਰਨ ਸੁਣਦਾ ਨਹੀਂ। ਬੱਸਾਂ ਹੋਣ, ਟਰੱਕ ਹੋਣ, ਕੋਚਾਂ ਜਾਂ ਕਾਰਾਂ ਹੋਣ, ਹਾਰਨ ਬਿਲਕੁਲ ਮਨ੍ਹਾ ਹੈ। ਏਥੇ ਕਾਰਾਂ ਬਹੁਤ ਹਨ। ਕਹਿੰਦੇ ਹਨ, ਹਿੰਦੋਸਤਾਨ ਵਿਚ ਏਨੇ ਸਾਈਕਲ ਨਹੀਂ ਹਨ ਜਿੰਨੀਆਂ ਏਥੇ ਕਾਰਾਂ ਹਨ। ਜੇਕਰ ਹਾਰਨ ਵੱਜੀ ਜਾਣ, ਸਾਰਾ ਇੰਗਲੈਂਡ ਪਾਗਲ ਹੋ ਜਾਵੇ। ਛੇਤੀ ਛੇਤੀ ਸਾਈਕਲਾਂ ਦੀ ਘੰਟੀ ਵੀ ਕੋਈ ਸੁਣਦੀ ਨਹੀਂ। ਕੀ ਕਹਿਣਾ, ਜੇ ਚਿੜੀ ਚੂਕਦੀ ਵਾਂਗ ਕੋਈ ਘੰਟੀ ਵੱਜਦੀ ਹੋਵੇ।

ਸਾਡੇ ਹਾਲਤ ਹੋਰ ਹੈ। ਸਾਡੇ ਤਾਂ ਟਰੱਕਾਂ ਪਿਛੇ ਖ਼ਾਸ ਕਰ ਲਿਖਿਆ ਹੁੰਦਾ ਹੈ: "ਕਿਰਪਾ ਕਰਕੇ ਹਾਰਨ ਵਜਾਓ!" (ਹਾਰਨ ਪਲੀਜ਼)।

ਸਾਡਾ ਮੁਲਕ ਵੱਡਾ ਹੈ, ਪਰ ਸੜਕਾਂ ਸਾਡੇ ਛੋਟੀਆਂ ਹਨ। ਇੰਗਲੈਂਡ ਛੋਟਾ ਮੁਲਕ ਹੈ, ਪਰ ਸੜਕਾਂ ਬਹੁਤ ਵੱਡੀਆਂ ਹਨ। ਏਥੇ ਲਗ ਪਗ ਸਾਰੀ ਆਵਾਜਾਈ ਹੀ ਇਕ-ਵੱਲੀ (One-way) ਹੈ। ਏਥੇ ਸਭ ਤੋਂ ਵੱਡੀ ਸੜਕ ਨੂੰ "ਮੋਟਰ-ਵੇ" (Motorway) ਆਖਿਆ ਜਾਂਦਾ ਹੈ। ਸਾਡੇ ਹਿੰਦੋਸਤਾਨ ਵਿਚ ਵੀ ਸਭ ਤੋਂ ਵੱਡੀ ਸੜਕ ਹੈ ਜੋ ਜੀ. ਟੀ. ਰੋਡ (Grand Trunk Road) ਅਖਵਾਉਂਦੀ ਹੈ। ਪਰ ਸਾਡੀ ਜੀ. ਟੀ. ਰੋਡ ਵਰਗੀਆਂ ਏਥੇ ਤਿੰਨ ਤਿੰਨ ਸੜਕਾਂ ਹਨ ਜੋ ਇਕੋ ਪਾਸੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਗਦੀਆਂ ਹਨ [illegible] ਹੀ [illegible] ਵਰਗੀਆਂ ਲਗ ਪਗ ਛੇ ਛੇ ਸੜਕਾਂ ਜਿੰਨੀ ਏਥੇ ਮੋਟਰ-ਵ੍ਹੇ ਹੁੰਦੀ ਹੈ। ਵਿਚਕਾਰ ਬੜਾ ਮਜ਼ਬੂਤ ਲੋਹੇ ਦਾ ਜੰਗਲਾ ਬਣਿਆ ਹੁੰਦਾ ਹੈ ਜੋ ਧੁਰ ਤਕ ਨਾਲ ਹੀ ਜਾਂਦਾ ਹੈ। ਪਿਛੇ ਮੁੜਨਾ ਹੋਵੇ ਤਾਂ ਕਿਸੇ ਖ਼ਾਸ ਹੀ ਬਣੀ ਥਾਂ ਤੋਂ ਗੱਡੀ ਮੋੜੀ ਜਾ ਸਕਦੀ ਹੈ। ਇਹ ਨਹੀਂ ਕਿ ਜਿਥੋਂ ਮਰਜ਼ੀ ਗੱਡੀ ਵਾਪਸ ਮੋੜ ਲਈ ਜਾਵੇ।

ਅਜੇ ਅਸੀਂ ਲੰਡਨ ਵਿਚੋਂ ਥੋੜਾ ਹੀ ਬਾਹਰ ਆਏ ਸਾਂ ਕਿ ਕਿਸੇ ਨੇ ਬਿਰਕ ਨੂੰ ਆਖਿਆ ਕਿ ਧੀਰ ਹੋਰਾਂ ਨੂੰ ਅਜੇ ਤੀਕਰ ਪੱਬ ਤਾਂ ਕੋਈ ਦਿਖਾਇਆ ਹੀ ਨਹੀਂ, ਇਹਨਾਂ ਨੂੰ ਪੱਬ ਤਾਂ ਕੋਈ ਦਿਖਾਓ। ਨੇੜੇ ਹੀ ਕੋਈ ਪੱਬ ਸੀ। ਬਿਰਕ ਨੇ ਗੱਡੀ ਰੋਕੀ ਤੇ ਅਸੀਂ ਪੱਬ ਵਿਚ ਚਲੇ ਗਏ। ਪਿੱਛੇ ਆਉਂਦੀਆਂ ਗੱਡੀਆਂ ਨੂੰ ਵੀ ਸੈਨਤ ਦਿਤੀ ਗਈ ਸੀ। ਉਹ ਵੀ ਸਾਡੇ ਨਾਲ ਹੀ ਆ ਕੇ ਪੱਬ ਅੱਗੇ ਰੁਕ ਗਈਆਂ ਸਨ।

ਪੱਬ ਵਿਚ ਕਾਲੀਨ ਅਤੇ ਵਧੀਆ ਉਚੇ ਸੋਫੇ ਸਨ। ਕਾਊਂਟਰ ਪਿਛੇ ਰੰਗ ਬਰੰਗੀਆਂ ਬੋਤਲਾਂ ਸਜੀਆਂ ਹੋਈਆਂ ਸਨ। ਬੀਅਰ ਭਰੀ ਜਾ ਰਹੀ ਸੀ। ਵਾਯੂ ਮੰਡਲ ਸ਼ਾਂਤ ਸੀ। ਚਾਰ ਚੁਫੇਰੇ ਸੁੰਨਾ, ਟਿਕਿਆ, ਚੁਪ ਚੁਪੀਤਾ ਜੰਗਲ ਸੀ। ਸਾਹਮਣੇ ਸੜਕ ਵਗਦੀ ਸੀ, ਪਿਛੇ ਸੁੰਨੇ ਤੇ ਸਾਵੇ ਖੇਤ। ਜਾਪਦਾ ਸੀ ਜਿਵੇਂ ਪੱਬ ਕਿਸੇ ਬਹਿਸ਼ਤ ਵਿਚ ਬਣਿਆ ਹੋਵੇ।

ਮੈਨੂੰ ਅਜੇ ਪੀਣ ਲਈ ਬਰਾਂਡੀ ਦਿਤੀ ਗਈ ਸੀ। ਲਾਲ ਰੰਗ ਦੀ, ਬੜੀ ਹੀ ਵਧੀਆ, ਮਹਿਕਾਂ-ਭਰੀ ਬਰਾਂਡੀ ਸੀ। ਬਾਕੀ ਸਭ ਨੇ ਬੀਅਰ ਪੀਤੀ।

ਅਸੀਂ ਜਿਵੇਂ ਸੁਫਨੇ ਵਾਂਗੂੰ ਪੱਬ ਵਿਚੋਂ ਉਠੇ ਤੇ ਆਪਣੇ ਰਾਹੇ ਪੈ ਗਏ। ਗੱਡੀ ਵਿਚ ਬਿਰਕ ਨਾਲ ਮੈਂ ਅੱਗੇ ਬੈਠਾ ਹੋਇਆ ਸਾਂ। ਆਕਾਸ਼ ਉਤੇ ਗੂਹੜਾ ਅਤੇ ਕਾਲਾ ਜਿਹਾ ਬੱਦਲ ਸੀ ਜੋ ਸਾਨੂੰ ਕਾਰ ਦੇ ਸ਼ੀਸ਼ੇ ਵਿਚੋਂ ਸਾਹਮਣੇ ਨਜ਼ਰ ਆਉਂਦਾ ਸੀ। ਫੇਰ ਇਹ ਬੱਦਲ ਘੋਰਿਆ ਤੇ ਫੇਰ ਬਿਜਲੀ ਕੜਕਣ ਲਗੀ। ਬਿਲਕੁਲ ਹਿੰਦੋਸਤਾਨ ਵਾਂਗ ਹੀ ਬਿਜਲੀ ਕੜਕ ਰਹੀ ਸੀ ਤੇ ਉਵੇਂ ਹੀ ਕਟਾਰਾਂ ਅਤੇ ਤਲਵਾਰਾਂ ਲਿਸ਼ਕ ਰਹੀਆਂ ਸਨ। ਜਾਪਦਾ ਸੀ ਜਿਵੇਂ ਇਹ ਬਿਜਲੀ ਮੇਰੇ ਨਾਲ ਹੀ ਆ ਗਈ ਹੋਵੇ।

ਬਿਜਲੀ ਸਾਥੋਂ ਥੋੜੀ ਦੂਰ ਹੀ ਸਾਹਮਣੇ ਕੜਕੜਾਈ ਸੀ ਜਿਵੇਂ ਉਹ ਸਾਥੋਂ ਮੁਸ਼ਕਲ ਨਾਲ ਇਕ ਜਾਂ ਦੋ ਫ਼ਰਲਾਂਗ ਹੀ ਹੋਵੇ। ਪਰ ਉਹ ਕਾਫ਼ੀ ਦੂਰ ਸੀ ਤੇ ਧਰਤੀ ਤੋਂ ਆਕਾਸ਼ ਤੀਕਰ ਕੜਕੜਾਂਦੀ ਗਈ ਸੀ। ਮੈਨੂੰ ਕੜਕੜਾਂਦੀ ਬਿਜਲੀ ਕਾਫ਼ੀ ਚੰਗੀ ਲਗੀ ਸੀ।

ਸੜਕ ਉਤੇ ਬਿਜਲੀ ਦੀਆਂ ਟਿਊਬਾਂ ਲੱਗੀਆਂ ਹੋਈਆਂ ਸਨ। ਕਿਤੇ ਕਿਤੇ ਹਨੇਰੇ ਜਿਹੇ ਦਾ ਰਾਜ ਵੀ ਆ ਜਾਂਦਾ ਸੀ, ਪਰ ਜਾਪਦਾ ਸੀ ਜਿਵੇਂ ਹਨੇਰਾ ਕਾਫ਼ੀ ਜਿੱਤਿਆ ਗਿਆ ਹੈ। ਇਕ ਕਮਾਲ ਹੋਰ ਸੀ। ਸੜਕ ਉਤੇ ਜਿਸ ਥਾਂ ਚਿੱਟੀਆਂ ਲੀਕਾਂ ਵਾਹੀਆਂ ਹੁੰਦੀਆਂ ਹਨ, ਉਥੇ, ਰਾਤ ਨੂੰ, ਲੀਕਾਂ ਦੀ ਥਾਂ, ਚਿੱਟੇ ਚਿੱਟੇ ਕੱਚ ਦੇ ਟੁਕੜੇ ਜਗਮਗ ਜਗਮਗ ਕਰਦੇ ਸਨ। ਇਹ ਚੋਰਸ ਚੋਰਸ ਟੁਕੜੇ ਸਨ ਜੋ ਸੜਕ ਉਤੇ, ਲੀਕਾਂ ਵਾਂਗ ਹੀ, ਥੋੜੀ ਥੋੜੀ ਦੂਰੀ ਉਤੇ, ਰਾਤ ਲਈ ਲਾਏ ਹੋਏ ਸਨ। ਇਹਨਾਂ ਨੂੰ ਅੰਗਰੇਜ਼ੀ ਵਿਚ "ਕੈਟ ਆਈਜ਼" (ਬਿੱਲੀ ਦੀਆਂ ਅੱਖਾਂ) ਕਹਿੰਦੇ ਹਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸ਼ੀਸ਼ੇ ਕਿਸੇ ਅਜਿਹੇ ਕੱਚ ਜਾਂ ਬਿਲੌਰ ਦੇ ਹਨ ਜੋ ਕਾਰ ਦਾ ਚਾਨਣ ਪੈਣ ਨਾਲ ਹੀ ਆਪਣੀ ਚਮਕ ਦਿੰਦੇ ਹਨ। ਉਂਜ ਇਹ ਹਨੇਰੇ ਵਿਚ ਆਪ ਹੀ ਨਹੀਂ ਚਮਕਦੇ। ਜਿਵੇਂ ਬਿੱਲੀ ਦੀਆਂ ਅੱਖਾਂ ਰਾਤ ਨੂੰ ਜਗਮਗ ਕਰਦੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਇਹ ਸ਼ੀਸ਼ੇ ਹਨ।

ਜਿਹੜਾ ਕੰਮ ਦਿਨ ਨੂੰ ਚਿੱਟੀਆਂ ਲੀਕਾਂ ਨੇ ਕਰਨਾ ਹੁੰਦਾ ਹੈ, ਉਹੀਓ ਕੰਮ, ਰਾਤ ਨੂੰ, ਇਹ "ਬਿੱਲੀ ਦੀਆਂ ਅੱਖਾਂ" ਕਰਦੀਆਂ ਹਨ। ਕਿਉਂਕਿ ਚਿੱਟੀਆਂ ਲੀਕਾਂ ਰਾਤ ਨੂੰ ਬਹੁਤਾ ਨਜ਼ਰ ਨਹੀਂ ਆਉਂਦੀਆਂ।

ਇਹਨਾਂ "ਬਿੱਲੀ ਦੀਆਂ ਅੱਖਾਂ" ਨਾਲ ਸਾਰੀ ਸੜਕ ਸਾਡੇ ਅੱਗੇ ਜਗਮਗ ਕਰ ਰਹੀ ਸੀ।

ਇਹ ਸ਼ੀਸ਼ਾ ਸੜਕ ਵਿਚ ਹੀ ਫਿੱਟ ਜਿਹਾ ਕੀਤਾ ਹੁੰਦਾ ਹੈ। ਕਾਰ ਜਾਂ ਕਿਸੇ ਹੋਰ ਚੀਜ਼ ਨੂੰ ਕੋਈ ਰੁਕਾਵਟ ਨਹੀਂ ਹੁੰਦੀ! ਪਹੀਏ ਬੜੀ ਆਸਾਨੀ ਨਾਲ ਇਕ ਲੀਕ ਤੋਂ ਦੂਜੀ ਲੀਕ ਵਿਚ ਇਹਨਾਂ ਉਤੋਂ ਚਲਦੇ ਹਨ।

ਧੰਨ ਹੈ ਉਹ ਮਹਾਂ ਪੁਰਸ਼ ਜਿਸ ਨੇ ਇਸ ਦੀ ਕਾਢ ਕੱਢੀ। ਕਿੰਨੀ ਨਿੱਕੀ ਗੱਲ ਲਈ ਉਸਨੂੰ ਸੁੰਦਰ ਫੁਰਨਾ ਫੁਰਿਆ ਹੈ। ਵੱਡੀਆਂ ਵੱਡੀਆਂ ਕਾਢਾਂ ਨਾਲ ਇਨਸਾਨ ਦੀ ਸੇਵਾ ਹੁੰਦੀ ਹੈ। ਪਰ ਨਿੱਕੀਆਂ ਨਿੱਕੀਆਂ ਕਾਢਾਂ ਵੀ ਇਨਸਾਨ ਦੀ ਸੇਵਾ ਕਰਦੀਆਂ ਹਨ।

ਮੈਨੂੰ ਨਹੀਂ ਖ਼ਿਆਲ ਕਿ ਅਸੀਂ ਕਿੰਨੀ ਕੁ ਦੂਰ ਆ ਗਏ ਸਾਂ। ਚੰਗੇ ਭਲੇ ਆਉਂਦੇ ਸਾਂ ਕਿ "ਠਾਹ" ਜਿਹਾ ਕੁਝ ਹੋਇਆ ਤੇ ਸਾਡੀ ਕਾਰ ਦੇ ਸ਼ੀਸ਼ੇ ਵਿਚ ਇਕ ਗੋਲ ਜਿਹੀ ਮੋਰੀ ਹੋ ਗਈ। ਇਹ ਮੋਰੀ ਜਿੰਨੀ ਹੋਈ, ਉਨੀ ਹੀ ਫੇਰ ਨਹੀਂ ਰਹੀ, ਸਗੋਂ ਵਧਣ ਲਗ ਪਈ ਤੇ ਅੰਤ ਨੂੰ ਸਾਰਾ ਸ਼ੀਸ਼ਾ ਟੁੱਟ ਕੇ ਸਾਡੇ ਉਤੇ ਡਿਗ ਪਿਆ। ਪਰ ਸ਼ੀਸ਼ਾ ਕੁਝ ਅਜਿਹਾ ਸੀ ਕਿ ਸਾਨੂੰ ਉੱਕਾ ਚੁਭਿਆ ਨਹੀਂ ਤੇ ਇਕ ਝਰੀਟ ਵੀ ਨਹੀਂ ਵੱਜੀ। ਇਸ ਸ਼ੀਸ਼ੇ ਦੀਆਂ ਮੋਟੀਆਂ ਮੋਟੀਆਂ ਮਿਸਰੀ ਵਰਗੀਆਂ ਡਲੀਆਂ ਸਾਡੇ ਉਤੇ ਖਿੱਲਰ ਗਈਆਂ ਸਨ ਜੋ ਬਿਲਕੁਲ ਮੱਕੀ ਦੀਆਂ ਖਿੱਲਾਂ ਵਾਂਗੂ ਸਾਡੇ ਉਤੇ ਆ ਪਈਆਂ ਸਨ। ਹੋਰ ਸ਼ੀਸ਼ਾ ਹੁੰਦਾ ਤਾਂ ਅਸੀਂ ਲਹੂ ਲੁਹਾਨ ਹੋ ਜਾਂਦੇ।

ਜਦੋਂ ਮੋਰੀ ਹੋਈ ਸੀ ਤਾਂ ਜਾਪਿਆ ਸੀ ਜਿਵੇਂ ਸ਼ੀਸ਼ੇ ਵਿਚ ਪੱਥਰ ਵੱਜਿਆ ਹੁੰਦਾ ਹੈ। ਪਰ ਇਹ ਪੱਥਰ ਨਹੀਂ ਸੀ, ਹਵਾ ਦਾ ਹੀ ਜ਼ੋਰ ਸੀ ਜੋ ਪੱਥਰ ਵਾਂਗੂ ਵੱਜਿਆ ਸੀ ਤੇ ਝੱਟ ਮੋਰੀ ਕਰ ਦਿਤੀ ਸੀ। ਬੜੀ ਹੀ ਤੇਜ਼ ਹਵਾ ਸੀ ਇਹ। ਮੈਨੂੰ ਬੜੀ ਹੈਰਾਨੀ ਹੋਈ। ਅਸਲ ਵਿਚ ਇਹ ਸ਼ੀਸ਼ਾ ਹੀ ਕੁਝ ਇਸ ਕਿਸਮ ਦਾ ਹੋਵੇਗਾ ਜੋ ਇਵੇਂ ਹੀ ਟੁੱਟਦਾ ਹੋਵੇਗਾ। ਨਹੀਂ ਤਾਂ ਇਹ ਵੀ ਕੀ ਸੀ ਕਿ ਹਵਾ ਹੀ ਪੱਥਰ ਬਣ ਗਈ ਹੋਵੇ।

ਸ਼ੀਸ਼ਾ ਟੁੱਟਣ ਮਗਰੋਂ ਗੱਡੀ ਚੱਲਣੀ ਸੰਭਵ ਨਹੀਂ ਸੀ। ਪਹਿਲਾਂ, ਜਦੋਂ ਸੁਰਾਖ਼ ਹੋਇਆ, ਗੱਡੀ ਚਲਦੀ ਰਹੀ ਸੀ। ਪਰ ਜਦ ਸਾਰਾ ਸ਼ੀਸ਼ਾ ਟੁੱਟ ਕੇ ਹੇਠਾਂ ਢੇਰ ਹੋ ਗਿਆ ਸੀ ਤਾਂ ਗੱਡੀ ਚਲਣੀ ਮੁਸ਼ਕਲ ਸੀ। ਨਵਾਂ ਸ਼ੀਸ਼ਾ ਪੈਣ ਨਾਲ ਹੀ ਗੱਡੀ ਨੇ ਹੁਣ ਚੱਲਣਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੀਸ਼ਾ ਕਿਥੇ ਟੁੱਟਾ ਸੀ ? ਮੈਨੂੰ ਇਸ ਦਾ ਨਹੀਂ ਖ਼ਿਆਲ। ਨਾ ਹੀ ਮੇਰਾ ਇਸ ਗੱਲ ਨਾਲ ਉਦੋਂ ਕੋਈ ਬਹੁਤਾ ਮਤਲਬ ਸੀ। ਹਾਂ, ਗੱਡੀ ਸੜਕ ਦੇ ਇਕ ਪਾਸੇ ਖੜੀ ਕੀਤੀ ਗਈ ਅਤੇ ਨਾਲ ਹੀ ਪਿਛੇ ਆਉਂਦੀ ਗੱਡੀ ਵੀ ਰੁਕਵਾਈ ਗਈ। ਮੈਨੂੰ ਬਿਰਕ ਦੀ ਗੱਡੀ ਵਿਚੋਂ ਦੂਜੀ ਵਿਚ ਖਿਠਾਇਆ ਗਿਆ।

ਪਹਿਲਾਂ, ਬਿਰਕ ਦੀ ਗੱਡੀ ਵਿਚ, ਮੈਂ ਅੱਗੇ ਬੈਠਾ ਹੋਇਆ ਸਾਂ। ਪਰ ਹੁਣ ਮੈਨੂੰ ਦੂਜੀ ਗੱਡੀ ਵਿਚ ਪਿਛੇ ਜਗ੍ਹਾ ਦਿਤੀ ਗਈ। ਪਹਿਲਾਂ ਅੱਗੇ ਠੀਕ ਸਾਂ, ਹੁਣ ਮੈਂ ਪਿਛੇ ਬਹਿਣ ਨਾਲ ਹੀ ਠੀਕ ਮਹਿਸੂਸ ਕਰ ਸਕਦਾ ਸਾਂ।

ਪਿਛਲੀ ਸੀਟ ਉਤੇ ਮੈਂ ਸੱਜੀ ਬਾਰੀ ਦੇ ਲਾਗੇ ਸਾਂ। ਮੈਨੂੰ ਨੀਂਦ ਆ ਰਹੀ ਸੀ। ਮੈਂ ਥੋੜਾ ਟੇਢਾ ਹੋਇਆ ਤੇ ਢਾਸਣਾ ਜਿਹਾ ਲਾ ਲਿਆ। ਮੈਨੂੰ ਟੇਢਾ ਹੋਇਆ ਵੇਖ, ਕੋਈ ਇਕ ਸਰਹਾਣਾ ਲੈ ਕੇ ਮੇਰੇ ਲਾਗੇ ਆਇਆ ਤੇ ਬੜੇ ਹੀ ਸਤਿਕਾਰ ਨਾਲ ਮੇਰੇ ਪਿਛੇ ਰੱਖਦੇ ਕਿਹਾ : "ਧੀਰ ਸਾਹਿਬ, ਲਓ, ਇਹ ਸਰਹਾਣਾ ਪਿਛੇ ਰਖ ਲਓ, ਅਤੇ ਆਰਾਮ ਨਾਲ ਟੇਢੇ ਹੋਵੋ।"

ਮੇਰੀ ਪੱਗ ਪਿਛੇ ਸੀਟ ਦੀ ਟੱਕਰ ਨਾਲ ਲਗ ਰਹੀ ਸੀ ਤੇ ਸੌਣ ਵਿਚ ਅੜਚਣ ਪੈਂਦੀ ਸੀ। ਮੈਨੂੰ, ਬੜੇ ਹੀ ਅਦਬ ਨਾਲ, ਪੱਗ ਉਤਾਰ ਕੇ ਆਪਣੇ ਪਿਛੇ ਰਖ ਦੇਣ ਲਈ ਕਿਹਾ ਗਿਆ ਤਾਂ ਜੋ ਮੈਂ ਆਰਾਮ ਨਾਲ ਤੇ ਸੌਖਾ ਹੋ ਕੇ ਸੌਂ ਸਕਾਂ। ਮੈਨੂੰ ਨਹੀਂ ਪਤਾ, ਮੈਂ ਕਦੋਂ ਪੱਗ ਉਤਾਰੀ ਤੇ ਕਦੋਂ ਆਪਣੇ ਪਿੱਛੇ ਰੱਖੀ। ਕਿਉਂਕਿ ਮੇਰੇ ਸਿਰ ਵਿਚ ਨੀਂਦ ਦੀਆਂ ਪੰਡਾਂ ਬੰਨ੍ਹੀਆਂ ਹੋਈਆਂ ਸਨ।

ਮੈਨੂੰ ਇਹ ਵੀ ਨਹੀਂ ਪਤਾ ਕਿ ਫੇਰ ਕੀ ਹੁੰਦਾ ਰਿਹਾ ਸੀ ਤੇ ਗੱਡੀ ਕਿਥੋਂ ਕਿਥੋਂ ਹੋ ਕੇ ਕਿੱਧਰ ਵਲ ਜਾ ਰਹੀ ਸੀ। ਮੈਨੂੰ ਸਿਰਫ਼ ਇਹ ਪਤਾ ਹੈ ਕਿ ਜਦੋਂ ਮੈਨੂੰ ਹੌਲੀ ਹੌਲੀ ਛੁਹਾਂ ਨਾਲ ਜਗਾਇਆ ਗਿਆ ਤਾਂ ਗੱਡੀ ਇਕ ਥਾਂ ਖੜੀ ਸੀ ਤੇ ਮੈਨੂੰ ਬੜੇ ਸਤਿਕਾਰ ਨਾਲ ਏਥੇ ਲਹਿਣ ਲਈ ਕਿਹਾ ਗਿਆ ਸੀ। ਕਾਵੈਂਟਰੀ ਆ ਗਈ ਸੀ।

"ਧੀਰ ਸਾਹਿਬ, ਜਾਗੋ, ਸਿਰ ਦੇ ਉਤੇ ਪੱਗ ਰਖੋ।"

"ਅੱਛਾ ਜੀ, ਪਹੁੰਚ ਗਏ ਅਸੀਂ ?"

"ਹਾਂ ਜੀ, ਅਸੀਂ ਪਹੁੰਚ ਗਏ।"

"ਹੁਣ ਮੈਂ ਏਥੇ ਲਹਿਣਾ ਏਂ ?"

"ਹਾਂ ਜੀ, ਤੁਸੀਂ ਲਹਿਣਾ ਏਂ।"

ਮੈਂ ਆਪਣੇ ਵਾਲ ਸੁਆਰੇ ਤੇ ਹੌਲੀ ਹੌਲੀ ਪੱਗ ਰੱਖੀ। ਗੱਡੀ ਚੈਲਸਮੋਰ ਵਿਚ ਗੁਰਦਿਆਲ ਸਿੰਘ ਗੁਰੂ ਜੀ ਦੇ ਘਰ ਦੇ ਅੱਗੇ ਰੁਕੀ ਸੀ। ਅਲਵਰਸਕਰਾਫਟ ਰੋਡ ਸੀ। ੮੫ ਨੰਬਰ ਘਰ ਸੀ। ਮੇਰੇ ਲਈ ਖੱਬੇ ਪਾਸੇ ਦੀ ਬਾਰੀ ਖੋਲ੍ਹੀ ਗਈ ਸੀ ਜੋ ਘਰ ਦੀ ਪਟੜੀ ਨਾਲ ਹੀ ਸੀ। ਮੈਂ ਗੱਡੀ ਵਿਚੋਂ ਲੱਥਾ ਤੇ ਡਿੱਕੋ ਡੋਲੇ ਖਾਂਦਾ ਜਿਹਾ ਪਟੜੀ ਉਤੇ ਆ ਗਿਆ। ਫੇਰ ਮੈਨੂੰ ਦੋ ਜਣਿਆਂ ਨੇ ਮੋਢਿਆਂ ਤੋਂ ਫੜਿਆ ਤੇ ਹੌਲੀ ਹੌਲੀ ਤੋਰਨ ਲਗੇ।

ਘਰ ਦੇ ਬੂਹੇ ਅੱਗੇ ਇਕ ਛੋਟਾ ਜਿਹਾ ਲਾਅਨ ਸੀ। ਇਸ ਲਾਅਨ ਵਿਚ ਛੋਟੀ ਜਿਹੀ ਇਕ ਪਟੜੀ ਬਣੀ ਹੋਈ ਸੀ ਜੋ ਲਾਅਨ ਦੇ ਉਤੋਂ ਹੋ ਕੇ ਘਰ ਦੇ ਬੂਹੇ ਵਲ ਨੂੰ ਜਾਂਦੀ ਸੀ। ਮੈਨੂੰ ਬੜੇ ਸਹਾਰੇ ਨਾਲ ਪਟੜੀ ਉਤੇ ਤੋਰਿਆ ਗਿਆ। "ਧੀਰ ਸਾਹਿਬ, ਐਥੇ ਤੁਰੋ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸ ਪਾਸੇ ਕਦਮ ਰਖੋ।" ਬੋਲੀ ਬੜੀ ਹੀ ਮਿਠੀ ਸੀ। ਇਸ ਬੋਲੀ ਨੇ ਮੇਰੇ ਮਨ ਵਿਚ ਸ਼ਹਿਦ ਘੋਲ ਦਿਤਾ ਸੀ।

ਮੈਨੂੰ ਅਜੇ ਇਹ ਨਹੀਂ ਸੀ ਪਤਾ ਕਿ ਇਹ ਘਰ ਕਿਸਦਾ ਹੈ, ਗੁਰੂ ਦਾ ਜਾਂ ਬਿਰਕ ਦਾ। ਇਹ ਤਾਂ ਮੈਨੂੰ ਅਗਲੇ ਦਿਨ ਸਵੇਰੇ ਹੀ ਪਤਾ ਲਗਣਾ ਸੀ ਜਦੋਂ ਮੈਂ ਸੌਂ ਕੇ ਉੱਠਣਾ ਤੇ ਤਰੋ-ਤਾਜ਼ਾ ਹੋ ਜਾਣਾ ਸੀ। ਅਜੇ ਤਾਂ ਮੈਂ ਨੀਮ ਜਿਹੀ ਬੇ-ਹੋਸ਼ੀ ਵਿਚ ਗ੍ਰੱਸਿਆ ਸਾਂ। ਨਾਲੇ ਮੈਨੂੰ ਇਸਦੀ ਅਜੇ ਲੋੜ ਵੀ ਕਿਹੜੀ ਪਈ ਸੀ? ਮੇਰੇ ਲਈ ਤਾਂ ਬਿਰਕ ਅਤੇ ਗੁਰੂ ਦੋਵੇਂ ਇਕੋ ਸਨ।

ਇਸ ਸਮੇਂ ਕਾਫ਼ੀ ਲੋਕ ਗੁਰੂ ਹੋਰਾਂ ਦੇ ਘਰ ਵਿਚ ਸਨ। ਜੋ ਕੁਝ ਮੈਨੂੰ ਯਾਦ ਹੈ ਉਹ ਝਾਉਲੇ ਝਾਉਲੇ ਵਾਂਗ ਹੈ। ਬਿਰਕ ਸੀ, ਕੈਨ ਸੀ ਤੇ ਕਾਮਰੇਡ ਦਿਲਬਾਗ ਸੀ। ਕੈਨ ਸੀ ਜਾਂ ਨਹੀਂ ਸੀ, ਮੈਨੂੰ ਬਹੁਤਾ ਯਾਦ ਨਹੀਂ। ਕਾਮਰੇਡ ਦਿਲਬਾਗ ਸਿੰਘ ਅਤੇ ਬਿਰਕ ਮੈਨੂੰ ਯਾਦ ਹਨ।

ਹੁਣ ਮੈਂ ਖਾਣਾ ਖਾਣਾ ਸੀ। ਅਜੀਤ ਕੌਰ ਗੁਰੂ ਜੀ ਦੀ ਬੜੀ ਹੀ ਚੰਗੀ ਪਤਨੀ ਹਨ। ਉਹ ਕਿਚਨ ਵਿਚ ਗਏ ਤੇ ਖਾਣਾ ਤਿਆਰ ਕਰਨ ਲਗੇ।

ਅਸੀਂ ਰੋਟੀ ਖਾਧੀ ਤੇ ਫੇਰ ਮੈਨੂੰ ਸੌਣ ਲਈ ਪੌੜੀਆਂ ਚੜ੍ਹਕੇ ਉੱਪਰ ਮੇਰੇ ਕਮਰੇ ਵਿਚ ਲੈ ਜਾਇਆ ਗਿਆ। ਗੁਰੂ ਜੀ ਨੇ ਆਖਿਆ: "ਇਹ ਹੈ ਤੁਹਾਡਾ ਕਮਰਾ ਧੀਰ ਜੀ।"

ਕਮਰਾ ਖ਼ੂਬਸੂਰਤ ਸੀ। ਸਾਹਮਣੇ ਇਕ ਗੱਦੇਦਾਰ ਪਲੰਘ ਵਿਛਿਆ ਹੋਇਆ ਸੀ ਤੇ ਨਾਲ ਇਕ ਸੁੰਦਰ ਬਾਰੀ ਸੀ। ਮੈਂ ਪਲੰਘ ਵਿਚ ਧਸ ਗਿਆ ਤੇ ਡੂੰਘੀ ਨੀਂਦਰ ਸੌਂ ਗਿਆ। ਸਵੇਰੇ, ਰੱਜ ਕੇ ਸੌਣ ਮਗਰੋਂ, ਮੇਰੀ ਅੱਖ ਇੰਗਲੈਂਡ ਦੇ ਵਾਤਾਵਰਣ ਉਤੇ ਖੁਲ੍ਹੀ ਸੀ। ਮੌਸਮ ਬਹੁਤ ਹੀ ਸੁਹਣਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਤਿੰਨ ਕਵਿਤਾਵਾਂ

ਤਿੰਨ ਦਿਨ ਮੈਨੂੰ ਇੰਗਲੈਂਡ ਆਏ ਨੂੰ ਹੋ ਗਏ ਸਨ। ਪਹਿਲੀ ਵਾਰ ਮੈਂ ਏਨੀ ਦੂਰੋਂ ਆਪਣੇ ਦੇਸ਼ ਨੂੰ ਤੱਕਿਆ ਸੀ। ਮੈਨੂੰ, ਦੂਰੋਂ ਦੇਖਣ ਨਾਲ, ਦੇਸ਼ ਬਹੁਤ ਹੀ ਸੁਹਣਾ ਲਗਾ।

ਚੌਥੇ ਦਿਨ, ਵੀਹ ਤਰੀਕ, ਸਵੇਰੇ ਉੱਠਦੀ ਸਾਰ ਹੀ, ਮੈਂ ਇਹ ਕਵਿਤਾ ਲਿਖਣ ਲਗਾ :

ਭਾਰਤ ! ਤੂੰ ਹੈਂ ਬੜਾ ਮਹਾਨ
ਇਸੇ ਤਰ੍ਹਾਂ ਹੀ ਇੰਗਲਿਸਤਾਨ
ਪਰ ਫੇਰ ਕੌਣ ਬੁਰੇ ਹਨ ਏਥੇ ?
ਸਿਰਫ਼ ਲੁਟੇਰੇ ਤੇ ਬਈਮਾਨ
ਇਹ ਸ਼ੈਤਾਨਾਂ ਦੇ ਸ਼ੈਤਾਨ।

ਤੇਰਾ ਥਾਲੀ ਵਰਗਾ ਸੂਰਜ
ਏਥੇ ਧੁੰਦਾਂ ਵਿਚ ਬਹਿ ਰਹਿੰਦਾ
ਕਦੇ ਕਦੇ ਜਦ ਚਮਕਾਂ ਮਾਰੇ
ਨੱਚ ਨੱਚ ਉੱਠੇ ਇੰਗਲਿਸਤਾਨ
ਤੇਰਾ ਸੂਰਜ ਇਸ ਲਈ ਤੁਹਫ਼ਾ
ਇਸ ਤੁਹਫ਼ੇ ਲਈ ਕਰ ਤੂੰ ਮਾਣ
ਭਾਰਤ ! ਤੂੰ ਹੈਂ ਬੜਾ ਮਹਾਨ।

ਤੇਰੀ ਗੀਤਾ, ਇਸਦੀ ਬਾਈਬਲ,
ਦੋਹਾਂ ਦੀ ਰੂਹ ਇਕ-ਸਮਾਨ
ਪਰ ਕੁਝ ਲੋਕੀ—ਲੁੱਟਣ ਵਾਲੇ
ਅਰਥ ਇਹਨਾਂ ਦੇ ਹੋਰ ਹੀ ਕੱਢਦੇ
ਪਰ ਇਨਸਾਨ ਨ ਵੰਡਿਆ ਜਾਵੇ
ਸਭ ਇਨਸਾਨ ਨੇ ਇਕ ਇਨਸਾਨ
ਸਭ ਦੀ ਰੂਹ ਹੈ ਇਕ-ਸਮਾਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਫੇਰ ਕੌਣ ਬੁਰੇ ਹਨ ਏਥੇ ?
ਸਿਰਫ਼ ਲੁਟੇਰੇ ਤੇ ਬਈਮਾਨ
ਇਹ ਸ਼ੈਤਾਨਾਂ ਦੇ ਸ਼ੈਤਾਨ ।

ਭਾਰਤ ! ਤੂੰ ਬੱਦਲਾਂ ਲਈ ਤਰਸੇਂ
ਇਹ ਤੇਰੇ ਸੂਰਜ ਲਈ ਤਰਸੇ
ਆ, ਕੁਝ ਕਣੀਆਂ ਇਸ ਤੋਂ ਲਈਏ
ਆ, ਕੁਝ ਸੂਰਜ ਇਸ ਨੂੰ ਦਈਏ
ਆ, ਕੁਝ ਲਈਏ,
ਆ, ਕੁਝ ਦਈਏ,
ਦੋਵੇਂ ਬਣੀਏਂ ਇਕ-ਸਮਾਨ
ਦੋਵੇਂ ਬਣੀਏਂ ਇਕ-ਇਨਸਾਨ ।

ਭਾਰਤ ! ਤੂੰ ਹੈਂ ਬੜਾ ਮਹਾਨ
ਇਸੇ ਤਰ੍ਹਾਂ ਹੀ ਇੰਗਲਿਸਤਾਨ
ਪਰ ਫੇਰ ਕੌਣ ਬੁਰੇ ਹਨ ਏਥੇ ?
ਸਿਰਫ਼ ਲੁਟੇਰੇ ਤੇ ਬਈਮਾਨ
ਇਹ ਸੈਤਾਨਾਂ ਦੇ ਸ਼ੈਤਾਨ ।

ਅਗਲੇ ਦਿਨ, ਇੱਕੀ ਤਰੀਕ, ਸਵੇਰੇ ਉੱਠਦੀ ਸਾਰ ਹੀ, ਫੇਰ ਇਕ ਕਵਿਤਾ ਲਿਖਣ ਲਗਾ । "ਭਾਰਤ ! ਤੂੰ ਇਕ ਸੁੰਦਰ ਮੋਰ ।" ਕਵਿਤਾ ਹੈ :

ਭਾਰਤ ! ਤੇਰਾ ਸੁੰਦਰ ਮੋਰ
ਨੱਚਣ ਲੱਗੇ, ਪੈਲਾਂ ਪਾਵੇ,
ਜਦ ਘਟ ਛਾ ਜਾਂਦੀ ਘਨਘੋਰ,
ਪਰ ਜਦ ਤੱਕੇ ਆਪਣੇ ਪੈਰ
ਉਸਦੇ ਦਿਲ ਵਿਚ ਪੈਂਦਾ ਸ਼ੋਰ
ਫੇਰ ਉਹ ਰੋਵੇ, ਅੱਥਰੂ ਕੇਰੇ,
ਮੀਂਹ ਬਰਸੇ ਜਿਉਂ ਜ਼ੋਰੋ ਜ਼ੋਰ !
ਭਾਰਤ ! ਤੇਰਾ ਸੁੰਦਰ ਮੋਰ ।

ਭਾਰਤ ! ਤੂੰ ਇਕ ਸੁੰਦਰ ਮੋਰ
ਨਾ ਨੱਚੇਂ, ਨਾ ਪੈਲਾਂ ਪਾਵੇਂ,
ਕਿਉਂਕਿ ਹੈ ਨਹੀਂ ਘਟ ਘਨਘੋਰ,
ਚਾਰ ਚੁਫੇਰੇ ਅੱਗ ਦੀਆਂ ਲਾਟਾਂ
ਸੜਨ ਰੋਟੀਆਂ, ਸੜਨ ਕਿਤਾਬਾਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇਰੇ ਦਿਲ ਵਿਚ ਪੈਂਦਾ ਸ਼ੋਰ
ਤੇਰੇ ਦੁੱਖੜੇ, ਤੇਰੇ ਅੱਥਰੂ,
ਜਿਉਂ ਮੀਂਹ ਬਰਸੇ ਜ਼ੋਰੋ ਜ਼ੋਰ
ਭਾਰਤ ! ਤੂੰ ਇਕ ਸੁੰਦਰ ਮੋਰ ।

ਭਾਰਤ ! ਛੱਡ ਹੁਣ ਰੋਣਾ ਧੋਣਾ
ਪਰ ਬਣ ਜਾ ਇਕ ਘਟ ਘਨਘੋਰ
ਬਿਜਲੀ ਵਾਂਗੂੰ ਕੜਕਣ ਲਗ ਜਾ
ਮੀਂਹ ਬਰਸਾ ਦੇ ਜ਼ੋਰੋ ਜ਼ੋਰ
ਗੰਦ ਮੰਦ ਤੇ ਕੂੜਾ ਕਰਕਟ
ਗੰਗਾ ਤੇ ਜਮਨਾ ਵਿਚ ਰੋੜ੍ਹ
ਭਾਰਤ ! ਮੁੜਕੇ ਨੱਚਣ ਲਗ ਜਾ,
ਫਿਰ ਬਣ ਜਾ ਇਕ ਸੁੰਦਰ ਮੋਰ
ਉੱਤਰ ਤੋਂ ਦੱਖਣ ਤਕ ਫੈਲਣ
ਤੇਰੀਆਂ ਰੰਗ ਬਰੰਗੀਆਂ ਪੈਲਾਂ
ਪੂਰਬ ਤੇ ਪੱਛਮ ਵੀ ਤੱਕਣ
ਤੇਰੀਆਂ ਰੰਗ ਬਰੰਗੀਆਂ ਪੈਲਾਂ ।

ਅਗਲੇ ਦਿਨ, ਬਾਈ ਤਰੀਕ, ਇਕ ਕਵਿਤਾ ਹੋਰ ਲਿਖੀ । ਸਵੇਰੇ ਉੱਠਦੀ ਸਾਰ ਹੀ । "ਭਾਰਤ ! ਤੇਰੀ ਕਿਸਮਤ ਖੋਟੀ ।"

ਕੋਈ ਕਹੇ ਮੈਂ ਨਕਸਲਬਾੜੀ
ਕੋਈ ਕਹੇ ਮੈਂ ਮਾਰਕਸੀ
ਕੋਈ ਕਹੇ ਮੈਂ ਸੀ. ਪੀ. ਆਈ.
ਭਾਰਤ ! ਤੇਰੀ ਕਿਸਮਤ ਖੋਟੀ ।

ਕੋਈ ਆਖੇ ਤੂੰ ਗ਼ੱਦਾਰ
ਦੂਜਾ ਆਖੇ ਤੂੰ ਗ਼ੱਦਾਰ
ਤੀਜਾ ਆਖੇ ਸਭ ਗ਼ੱਦਾਰ
ਖਿੜ ਖਿੜ ਹੱਸਣ, ਕੱਛਾਂ ਮਾਰਨ,
ਭਾਰਤ ਦੇ ਅਸਲੀ ਗ਼ੱਦਾਰ;
ਭਾਰਤ ! ਤੇਰੀ ਕਿਸਮਤ ਖੋਟੀ ।

ਭਾਰਤ ! ਤੇਰੇ ਸੱਚੇ ਮਿੱਤਰ
ਜੇ ਹੋ ਜਾਵਣ ਇਕੋ-ਜਾਨ
ਫੇਰ ਤੇਰੇ ਅਸਲੀ ਗ਼ੱਦਾਰ
ਧਰਤੀ ਦੇ ਵਿਚ ਗ਼ਿੱਘਰ ਜਾਣ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਭਾਰਤ ! ਮੈਂ ਹੁਣ ਕੀ ਆਖਾਂ...?
ਮੇਰਾ ਦਿਲ ਹੈ ਲਹੂ ਲੁਹਾਨ ।

ਭਾਰਤ ! ਤੇਰੀ ਕਿਸਮਤ ਖੋਟੀ ।

ਤੀਜੀ, ਅੰਤਲੀ ਕਵਿਤਾ ਬਾਰੇ, ਲਿਖਣ ਮਗਰੋਂ, ਹਲਕਾ ਜਿਹਾ, ਮੈਨੂੰ ਸ਼ੱਕ ਜਿਹਾ ਹੋਇਆ ਸੀ ਕਿ ਇਸ ਸੰਬੰਧੀ, ਹਲਕੀ ਜਿਹੀ, ਗ਼ਲਤ ਫ਼ਹਿਮੀ ਹੋ ਸਕਦੀ ਹੈ ਕਿ ਮੈਂ ਸੀ. ਪੀ. ਆਈ. ਨੂੰ ਤੇ ਨਕਸਲੀਆਂ ਅਤੇ ਮਾਰਕਸੀਆਂ ਨੂੰ ਇਕੋ ਥਾਂ ਰੱਖ ਲਿਆ ਹੈ ਜਦ ਕਿ ਫੁੱਟ ਦੀ ਜ਼ਿੰਮੇਵਾਰੀ ਸੀ. ਪੀ. ਆਈ. ਉਤੇ ਨਹੀਂ, ਮਾਰਕਸੀਆਂ ਤੇ ਨਕਸਲੀਆਂ ਦੀ ਸੋਚ ਤੇ ਅਮਲਾਂ ਉਤੇ ਹੈ । ਪਰ ਇਹ ਸ਼ੱਕ ਨਿਰਮੂਲ ਸੀ । ਕਿਉਂਕਿ, ਕਵਿਤਾ ਫੁੱਟ ਦੀ ਜ਼ਿੰਮੇਵਾਰੀ ਨੂੰ ਨਹੀਂ ਛੇੜਦੀ, ਸਗੋਂ ਬੜੀ ਹੀ ਭੈੜੀ ਉਸ ਸਥਿਤੀ ਤਕ ਹੀ ਸੀਮਤ ਹੈ ਜੋ ਦੇਸ਼ ਦੀ ਜਮਹੂਰੀ ਲਹਿਰ ਵਿਚ ਫੁੱਟ ਦੇ ਕਾਰਨ ਹੋ ਗਈ ਹੈ । ਇਹ ਇਤਿਹਾਸਕ ਸੱਚ ਹੈ । ਇਸੇ ਸੱਚ ਦਾ ਵਰਣਨ ਕਰਨਾ ਇਸ ਕਵਿਤਾ ਦਾ ਮੰਤਵ ਹੈ ।

ਫੁੱਟ ਕਿਸ ਨੇ ਪਾਈ ਹੈ ? ਇਹ ਇਕ ਵੱਖਰਾ ਵਿਸ਼ਾ ਹੈ । ਜ਼ਰੂਰ, ਇਸ ਵਿਸ਼ੇ ਉਤੇ ਵੀ ਕਲਮ ਉੱਠਣ ਵਾਲੀ ਹੈ । ਮਤਲਬ ਹੈ, ਕਵੀ ਦੀ ਕਲਮ ਉਂਜ, ਰਾਜਸੀ ਨੇਤਾ ਤਾਂ, ਜੋ ਦੁਨੀਆਂ ਭਰ ਦੀ ਜਨਤਾ ਦੇ ਹਿਤੈਸ਼ੀ ਅਤੇ ਦਰਦੀ ਹਨ, ਇਸ ਹਕੀਕਤ ਉਤੇ ਰੋਜ਼ ਹੀ ਚਾਨਣ ਸੁੱਟਦੇ ਰਹਿੰਦੇ ਹਨ । ਪਰ ਕਵੀ ਅਤੇ ਰਾਜਸੀ ਨੇਤਾ ਦੀ ਕਲਮ ਵਿਚ ਫ਼ਰਕ ਹੁੰਦਾ ਹੈ । ਕਵੀ ਨੂੰ ਥੋੜਾ ਸਬਰ ਅਤੇ ਉਡੀਕ ਕਰਨੀ ਪੈਂਦੀ ਹੈ ।

ਉਂਜ, ਜੇ ਤੁਸੀਂ ਚਾਹੁੰਦੇ ਹੋ ਤਾਂ ਮੈਂ ਦੱਸ ਵੀ ਦਿੰਦਾ ਹਾਂ । ਇਸ ਦਾ ਸ਼ਰਫ਼ ਸ੍ਰੀ ਯੁਤ ਮਾਓ-ਜ਼ੇ-ਤੁੰਗ ਨੂੰ ਹਾਸਿਲ ਹੈ । ਇਹ, ਫੁੱਟ ਪਾਉਣ ਦਾ ਸਿਹਰਾ, ਸ੍ਰੀ ਯੁਤ ਮਾਓ-ਜ਼ੇ-ਤੁੰਗ ਦੇ ਸੀਸ ਉਤੇ ਸੁਹ ਰਿਹਾ ਹੈ ।

ਖ਼ੈਰ, ਕਦੇ ਦੁੱਧ ਤੇ ਪਾਣੀ ਵਖੋ ਵਖ ਹੋ ਜਾਣੇ ਹਨ । ਕੂੜ ਨਿਖੁੱਟਦਾ ਆਇਆ ਹੈ । ਭਾਰਤ ਦੀ ਤੇ ਦੁਨੀਆਂ ਭਰ ਦੀ ਅੱਗੇਵਧੂ ਜਮਹੂਰੀ ਲਹਿਰ ਨੇ ਮੁੜਕੇ ਇਕ ਹੋ ਜਾਣਾ ਹੈ ਤੇ ਸ਼ਕਤੀਸ਼ਾਲੀ ਏਕਾ ਕਰ ਕੇ ਅੱਗੇ ਵਲ ਨੂੰ ਵਧਣਾ ਹੈ । ਬੜਾ ਸੁਖਾਵਾਂ ਵਾਤਾਵਰਣ ਸੰਸਾਰ ਵਿਚ ਬਣ ਰਿਹਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਦੀ ਹਵਾ, ਪਾਣੀ ਅਤੇ ਬੀਅਰ

ਦਸ ਕੁ ਦਿਨ ਮੈਨੂੰ ਇੰਗਲੈਂਡ ਆਏ ਨੂੰ ਹੋ ਗਏ ਸਨ। ਜਿਸ ਸਮੇਂ ਮੈਂ ਲੰਡਨ, ਹੀਥਰੋ, ਏਅਰਪੋਰਟ ਲੱਥਾ ਸਾਂ, ਮੇਰਾ ਮੂੰਹ ਉਦਾਸ ਸੀ। ਹਿੰਦੋਸਤਾਨ ਦੀ ਨੰਗ, ਭੁੱਖ, ਗ਼ਰੀਬੀ ਅਤੇ ਬੇਰੁਜ਼ਗਾਰੀ ਦੂਰੋਂ, ਮੇਰੇ ਚਿਹਰੇ ਉਤੋਂ, ਸਾਫ਼ ਨਜ਼ਰ ਆ ਰਹੀ ਸੀ। ਫੇਰ ਮੈਂ ਬੀਮਾਰ ਸਾਂ ਤੇ ਟਾਫ਼ਰਾਨੇਲ, ਮਨੋ ਰੋਗ ਦੀਆਂ ਗੋਲੀਆਂ, ਖਾ ਰਿਹਾ ਸਾਂ। ਸਵੇਰ ਦੀ ਡੋਜ਼ ਦਿੱਲੀ ਏਅਰਪੋਰਟ ਉਤੇ ਲਈ ਸੀ, ਦੁਪਹਿਰ ਦੀ ਜਹਾਜ਼ ਵਿਚ, ਤੇ ਸ਼ਾਮ ਦੀ ਡੋਜ਼ ਹੀਥਰੋ ਏਅਰਪੋਰਟ ਆ ਕੇ ਲਈ ਸੀ। ਪਰ ਹੁਣ ਦਸ ਕੁ ਦਿਨਾਂ ਮਗਰੋਂ ਜਿਵੇਂ ਮੇਰੇ ਚਿਹਰੇ ਉਤੇ ਨੂਰ ਜਿਹਾ ਆ ਗਿਆ ਸੀ ਤੇ ਥੋੜਾ ਥੋੜਾ ਜਿਸਮ ਉਤੇ ਵੀ ਪਾਣੀ ਜਿਹਾ ਫਿਰ ਗਿਆ ਸੀ। ਰੰਗ ਪਹਿਲਾਂ ਗਹਿਰਾ ਸੀ, ਪਰ ਹੁਣ ਮੇਰਾ ਰੰਗ ਵੀ ਕੁਝ ਸਾਫ਼ ਜਿਹਾ ਹੋ ਗਿਆ ਸੀ। ਜ਼ਰੂਰ, ਇਹ ਇੰਗਲੈਂਡ ਦੇ ਹਵਾ ਤੇ ਪਾਣੀ ਦੀ ਹੀ ਕਿਰਪਾ ਸੀ।

ਇਕ ਗੱਲ ਹੋਰ ਵੀ ਸੀ। ਖ਼ੁਰਾਕ ਬੜੀ ਹੀ ਚੰਗੀ ਸੀ ਜੋ ਮੈਨੂੰ ਖਾਣ ਲਈ ਮਿਲਦੀ ਸੀ। ਦੁੱਧ, ਅੰਡੇ, ਗੋਸ਼ਤ, ਫਲ, ਸ਼ਰਾਬ ਅਤੇ ਵਧੀਆ ਬੀਅਰ। ਫੇਰ ਸਭ ਕੁਝ ਸ਼ੁੱਧ ਸੀ। ਸਾਡਾ ਦੇਸ਼, ਭਾਰਤਵਰਸ਼, ਉਂਜ ਤਾਂ ਬੜਾ ਪਵਿੱਤਰ ਹੈ, ਪਰ ਚੀਜ਼ਾਂ ਸਭ ਅ-ਪਵਿੱਤਰ ਹਨ। ਖਾਣ ਪੀਣ ਦੀਆਂ ਚੀਜ਼ਾਂ ਵਿਚ ਤਾਂ ਜ਼ਹਿਰਾਂ ਤਕ ਮਿਲ ਰਹੀਆਂ ਹਨ। ਦੁੱਧ ਨੂੰ ਅਸੀਂ ਦੁੱਧ ਅਤੇ ਘੀ ਨੂੰ ਘੀ ਨਹੀਂ ਆਖ ਸਕਦੇ। ਏਥੇ ਦੁੱਧ ਤੇ ਘੀ, ਠੀਕ ਹੀ, ਦੁੱਧ ਤੇ ਘੀ ਹੀ ਹੁੰਦੇ ਹਨ।

ਗੋਸ਼ਤ, ਸਾਡੇ, ਬੜੀ ਹੀ ਭੈੜੀ ਸ਼ਕਲ ਵਿਚ ਵਿਕਦਾ ਹੁੰਦਾ ਹੈ। ਜਾਨਵਰ ਵੀ, ਜਿਹੜੇ ਸਾਡੇ ਕਤਲ ਕੀਤੇ ਜਾਂਦੇ ਹਨ, ਬਹੁਤ ਸਾਰੀਆਂ ਹਾਲਤਾਂ ਵਿਚ ਤਾਂ ਖਾਣ ਦੇ ਯੋਗ ਹੀ ਨਹੀਂ ਹੁੰਦੇ। ਏਥੇ ਇਹ ਗੱਲ ਉੱਕਾ ਨਹੀਂ। ਗਊ, ਸੂਰ, ਭੇਡ, ਬੱਕਰੀ, ਜੋ ਕੁਝ ਏਥੇ ਬਣਦਾ ਹੈ, ਬੜੇ ਹੀ ਚੰਗੇ ਫ਼ਾਰਮਾਂ ਵਿਚ ਉਹਨਾਂ ਦੀ ਪਾਲਣਾ ਹੁੰਦੀ ਹੈ। ਬੜੇ ਹੀ ਸਿਹਤਮੰਦ ਜਾਨਵਰ ਖਾਣ ਲਈ ਵਰਤੇ ਜਾਂਦੇ ਹਨ। ਬੀਮਾਰ ਅਤੇ ਬੁੱਢੇ ਜਾਨਵਰ ਇਸ ਯੋਗ ਨਹੀਂ ਸਮਝੇ ਜਾਂਦੇ।

ਫੇਰ ਸਫ਼ਾਈ ਬਹੁਤ ਹੈ। ਮੀਟ ਦੀਆਂ ਦੁਕਾਨਾਂ ਉਤੇ ਇਕ ਵੀ ਮੱਖੀ ਨਹੀਂ ਹੁੰਦੀ। ਮੱਖੀਆਂ, ਇੰਗਲੈਂਡ ਵਿਚ, ਉਂਜ ਵੀ, ਉੱਕਾ ਹਨ ਹੀ ਨਹੀਂ। ਸਰਦੀਆਂ ਜਾਂ ਗਰਮੀਆਂ, ਭਾਵੇਂ ਕੋਈ ਵੀ ਮੌਸਮ ਹੋਵੇ, ਮੱਖੀਆਂ ਇੰਗਲੈਂਡ ਵਿਚ ਨਜ਼ਰ ਹੀ ਨਹੀਂ ਆਉਂਦੀਆਂ। ਸਿਰਫ਼ ਇਕ ਮੱਖੀ ਮੈਨੂੰ ਸਾਰੇ ਸਾਲ ਵਿਚ ਨਜ਼ਰ ਆਈ। ਉਹ ਵੀ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਖ਼ਿਆਲ ਹੈ, ਸ਼ਾਇਦ ਹਿੰਦੋਸਤਾਨ ਵਿਚੋਂ ਹੀ ਭੁੱਖੀ ਮਰਦੀ ਆ ਗਈ ਹੋਵੇ। ਕਿਉਂਕਿ ਹਿੰਦੋਸਤਾਨ ਵਿਚ ਤਾਂ ਮੱਖੀਆਂ ਅਤੇ ਚੂਹੇ ਵੀ ਹੁਣ ਭੁੱਖ ਦੇ ਹਥੋਂ ਤੰਗ ਹੀ ਹਨ।

ਸਾਡੇ, ਹਿੰਦੋਸਤਾਨ ਵਿਚ, ਖਾਣ ਪੀਣ ਦੀਆਂ ਚੀਜ਼ਾਂ ਉਤੇ ਮੱਖੀਆਂ ਖ਼ਾਸ ਕਰ ਹੁੰਦੀਆਂ ਹਨ। ਮੀਟ ਦੀਆਂ ਦੁਕਾਨਾਂ ਉਤੇ ਤਾਂ ਮੱਖੀਆਂ ਨੂੰ ਜ਼ਰੂਰੀ ਅਤੇ ਜਾਇਜ਼ ਸਮਝਿਆ ਜਾਂਦਾ ਹੈ।

ਅੱਵਲ ਤਾਂ ਖ਼ੁਰਾਕ ਵਿਚ ਸਾਰੇ ਤੱਤ ਹੁੰਦੇ ਹੀ ਨਹੀਂ। ਜੇ ਕੁਝ ਤੱਤ ਹੁੰਦੇ ਹਨ ਤਾਂ ਉਹਨਾਂ ਤੱਤਾਂ ਦਾ ਬਹੁਤਾ ਹਿੱਸਾ ਮੱਖੀਆਂ ਚੂਸ ਜਾਂਦੀਆਂ ਹਨ।

ਦੁੱਧ ਤੇ ਪੁੱਤ ਸਾਡੇ ਦੇਸ ਵਿਚ ਉੱਤਮ ਮੰਨੇ ਜਾਂਦੇ ਹਨ। ਪਰ ਜਿਹੜੀ ਹਾਲਤ ਸਾਡੇ ਦੇਸ ਵਿਚ ਦੁੱਧ ਨਾਲ ਕੀਤੀ ਜਾਂਦੀ ਹੈ, ਉਸਦਾ ਪਤਾ ਜਾਂ ਦੁੱਧ ਨੂੰ ਹੈ ਤੇ ਜਾਂ ਫੇਰ ਦੁੱਧ ਦੇ ਰੱਬ ਨੂੰ। ਵੰਨ ਸੁਵੰਨੇ ਢੰਗਾਂ ਨਾਲ ਦੁੱਧ ਨੂੰ ਬੜੇ ਹੀ ਸੁੰਦਰ ਜਲ ਦਾ ਰੂਪ ਦੇ ਦਿਤਾ ਜਾਂਦਾ ਹੈ। ਫੇਰ ਦੁੱਧ ਦੀ ਇੱਜ਼ਤ ਦਾ ਖ਼ਿਆਲ ਵੀ ਰਖਿਆ ਜਾਂਦਾ ਹੈ ਤੇ ਵੰਨ ਸੁਵੰਨੇ ਪਾਊਡਰਾਂ ਨਾਲ ਦੁੱਧ ਨੂੰ ਬਹੁਤਾ ਪਤਲਾ ਹੋਣ ਤੋਂ ਗਾਹੜਾ ਕਰ ਦਿਤਾ ਜਾਂਦਾ ਹੈ। ਇਹਨਾਂ ਵਿਚੋਂ ਸੰਘਾੜਿਆਂ ਦਾ ਆਟਾ ਕਾਫ਼ੀ ਪ੍ਰਸਿੱਧ ਹੈ।

ਇਸੇ ਤਰ੍ਹਾਂ ਘੀ ਨਾਲ ਵੀ ਬਹੁਤ ਕੁਝ ਕੀਤਾ ਜਾਂਦਾ ਹੈ।

ਫਲਾਂ ਵਿਚ, ਕਹਿੰਦੇ ਹਨ, ਮਿਲਾਵਟ ਹੋਣੀ ਮੁਸ਼ਕਲ ਹੈ। ਪਰ ਕਹਿੰਦੇ ਹਨ ਕਿ ਫਲਾਂ ਵਿਚ ਵੀ ਬਹੁਤ ਕੁਝ ਹੋ ਸਕਦਾ ਹੈ। ਖ਼ੈਰ, ਚੁੱਪ ਹੀ ਭਲੀ ਹੈ।

ਸ਼ਰਾਬ ਦਾ ਤਾਂ ਹਿੰਦੋਸਤਾਨ ਵਿਚ ਕੋਈ ਵਸਾਹ ਹੀ ਨਹੀਂ ਹੈ। ਸ਼ਰਾਬ ਪੀ ਕੇ ਮੌਤਾਂ ਹੋਣ ਦੀਆਂ ਰੋਜ਼ ਹੀ ਖ਼ਬਰਾਂ ਆਉਂਦੀਆਂ ਹਨ। ਬਹੁਤੀ ਪੀਣ ਕਰ ਕੇ ਨਹੀਂ, ਸਗੋਂ ਘਟੀਆ ਪੀਣ ਕਰਕੇ। ਪਰ ਸ਼ਰਾਬ, ਇੰਗਲੈਂਡ ਵਿਚ, ਬੜੀ ਹੀ ਸਾਫ਼ ਤੇ ਸੁੱਚੀ ਹੈ। ਵੰਨ ਸੁਵੰਨੇ ਫੁੱਲ ਤੇ ਫਲ, ਕੰਦ ਮੂਲ ਤੇ ਜੜੀਆਂ ਬੂਟੀਆਂ ਉਸ ਵਿਚ ਪਾਈਆਂ ਜਾਂਦੀਆਂ ਹਨ। ਜਿਵੇਂ ਦੁੱਧ ਅੰਮ੍ਰਿਤ ਹੈ, ਉਸੇ ਤਰ੍ਹਾਂ ਸ਼ਰਾਬ ਅੰਮ੍ਰਿਤ।

ਬੀਅਰ ਬੜੀ ਹੀ ਵਧੀਆ ਹੈ। ਅਸਲ ਵਿਚ ਇੰਗਲੈਂਡ ਦੀ ਜਨਤਾ ਬੀਅਰ ਨੇ ਸਾਂਭੀ ਹੋਈ ਹੈ। ਲਾਗਰ, ਮਾਈਲਡ, ਗੀਨਸ, ਬਿੱਟਰ, ਵੰਨ ਸੁਵੰਨੀਆਂ ਬੀਅਰਾਂ ਹਨ ਤੇ ਸਭ ਵਿਚ ਆਪਣੇ ਗੁਣ ਹਨ।

ਲਾਗਰ ਬਹੁਤ ਚੰਗੀ ਹੈ। ਇਸ ਵਿਚ ਨਸ਼ਾ ਵੀ ਘਟ ਹੈ। ਥੋੜਾ ਜਿਹਾ ਲੈਮੰਡ ਪਾਉਣ ਨਾਲ ਬੜਾ ਹੀ ਸੁਹਣਾ ਖੱਟਾ ਖੱਟਾ ਜਿਹਾ ਤੁਰਸ਼ ਜ਼ਾਇਕਾ ਬਣ ਜਾਂਦਾ ਹੈ। ਬਿੱਟਰ ਬਹੁਤੀ ਤੇਜ਼ ਹੈ। ਇਸ ਵਿਚ ਨਸ਼ਾ ਬਹੁਤਾ ਹੈ। ਗੀਨਸ ਵਿਚ ਲੋਹੇ ਅਤੇ ਫ਼ੌਲਾਦ ਦੇ ਤੱਤ ਹੁੰਦੇ ਹਨ। ਮਾਈਲਡ ਵਿਚ ਅੰਦਰ ਦੀ ਸਫ਼ਾਈ ਕਰਨ ਦੇ ਤੱਤ ਹਨ। ਬਹੁਤ ਕਰਕੇ ਫ਼ੈਕਟਰੀਆਂ ਦੇ ਕਾਮੇ ਮਾਈਲਡ ਪੀਂਦੇ ਹਨ। ਜਿਵੇਂ ਹਾੜ੍ਹੀ ਦੇ ਦਿਨਾਂ ਵਿਚ ਹਾੜ੍ਹੀ ਵੱਢਣ ਵਾਲਿਆਂ ਲਈ ਗੁੜ ਮੁਫ਼ੀਦ ਹੁੰਦਾ ਹੈ, ਇਸੇ ਤਰ੍ਹਾਂ ਹੀ ਫ਼ੈਕਟਰੀਆਂ ਦੇ ਕਾਮਿਆਂ ਲਈ ਮਾਈਲਡ ਹੈ। ਇਹ ਗਰਦ ਗ਼ੁਬਾਰ ਦੇ ਵਿਰੁਧ ਹੈ।

ਫ਼ੈਕਟਰੀਆਂ ਦੇ ਕਾਮੇ ਮਾਈਲਡ ਦੇ ਕਈ ਕਈ ਪਾਇੰਟ (Pint) ਪੀ ਜਾਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ। ਚਾਰ ਚਾਰ, ਪੰਜ ਪੰਜ, ਅੱਠ ਅੱਠ, ਦਸ ਦਸ। ਕਈ ਵਾਰ ਉਹ ਕਾਊਂਟਰ ਉਤੇ ਖੜੇ ਹੀ ਪੀਂਦੇ ਰਹਿੰਦੇ ਹਨ। ਅੰਦਰ ਅਗਨ ਹੁੰਦੀ ਹੈ। ਬੀਅਰ ਉਹਨਾਂ ਦੇ ਤਨ ਤੇ ਮਨ ਨੂੰ ਠੰਡਾ ਠਾਰ ਕਰ ਦਿੰਦੀ ਹੈ।

ਪਾਇੰਟ ਕੱਚ ਦੇ ਕਾਫ਼ੀ ਵੱਡੇ ਮਗ ਵਿਚ ਭਰਿਆ ਜਾਂਦਾ ਹੈ। ਹਿੰਦੋਸਤਾਨ ਵਿਚ ਬੀਅਰ ਸਿਰਫ਼ ਬੋਤਲਾਂ ਵਿਚ ਹੀ ਮਿਲਦੀ ਹੈ। ਇਸ ਮਗ ਵਿਚ ਹਿੰਦੋਸਤਾਨ ਦੀ ਪੂਰੀ ਬੋਤਲ ਪੈ ਸਕਦੀ ਹੈ। ਮਗ, ਮੇਰਾ ਖ਼ਿਆਲ ਹੈ, ਫੇਰ ਵੀ ਵੱਡਾ ਹੀ ਹੋਵੇਗਾ। ਹਿੰਦੋਸਤਾਨ ਵਿਚ ਬੀਅਰ ਦੀ ਬੋਤਲ ਕਾਫ਼ੀ ਛੋਟੀ ਹੁੰਦੀ ਹੈ।

ਮੱਗਾਂ ਤੋਂ ਬਿਨਾਂ ਬੀਅਰ ਦੇ ਗਲਾਸ ਵੀ ਭਰੇ ਜਾਂਦੇ ਹਨ। ਵੱਡੇ ਵੱਡੇ—ਕੰਗਣੀ ਵਾਲੇ। ਸਾਡੇ ਲੋਕੀ ਮੱਗਾਂ ਨੂੰ ਗਲਾਸ ਹੀ ਏਥੇ ਕਹਿੰਦੇ ਹਨ। ਜਾਂ ਪਾਇੰਟ।

ਬੀਅਰਾਂ ਵੀ, ਇੰਗਲੈਂਡ ਦੀਆਂ, ਨਿਰਸੰਦੇਹ, ਅੰਮ੍ਰਿਤ ਹਨ।

ਕਹਿੰਦੇ ਹਨ, ਇੰਗਲੈਂਡ ਦੀ ਹਵਾ ਥੋੜੀ ਬੋਝਲ ਹੁੰਦੀ ਹੈ। ਪਰ ਮੈਨੂੰ ਇਹ ਪੰਜਾਬ ਵਾਂਗ ਹੀ ਹਲਕੀ ਫੁਲਕੀ ਲਗੀ ਹੈ। ਪਾਣੀ ਬੜਾ ਪਵਿੱਤਰ ਹੈ। ਪਾਣੀ ਅਤੇ ਹਵਾ ਮੈਨੂੰ ਸ਼ਿਮਲੇ ਵਰਗੇ ਲਗੇ ਹਨ।

ਸਿਆਲ ਜ਼ਰੂਰ ਇੰਗਲੈਂਡ ਵਿਚ ਕੁਝ ਬੋਝਲ ਜਿਹਾ ਹੁੰਦਾ ਹੈ, ਪਰ ਹੁਨਾਲ ਬਹੁਤ ਸੁਹਣਾ ਤੇ ਹਲਕਾ ਫੁਲਕਾ ਹੁੰਦਾ ਹੈ। ਸਿਆਲ ਵਿਚ ਵੀ ਧੁੰਦ ਤੇ ਬਾਰਿਸ਼ ਥੋੜਾ ਬੋਝਲ ਹੁੰਦੇ ਹਨ, ਹਵਾ ਠੀਕ ਹੀ ਹੁੰਦੀ ਹੈ। ਬਰਫ਼, ਧੁੰਦ ਤੇ ਬਾਰਿਸ਼ ਨੂੰ ਵੀ ਹਲਕਾ ਜਿਹਾ ਕਰ ਦਿੰਦੀ ਹੈ।

ਜਿਵੇਂ, ਸਾਡੇ, ਸਰਦੀਆਂ ਵਿਚ, ਜੇਕਰ ਮੀਂਹ ਨਾ ਪਵੇ ਤਾਂ ਠੰਡ ਸੁੱਕੀ ਹੁੰਦੀ ਹੈ, ਤੇ ਮੀਂਹ ਪੈਣ ਤੋਂ ਮਗਰੋਂ ਹੀ ਇਹ ਤਰ ਕਹੀ ਜਾ ਸਕਦੀ ਹੈ; ਇਵੇਂ ਹੀ, ਇੰਗਲੈਂਡ ਵਿਚ, ਸਿਆਲਾਂ ਵਿਚ ਜੇ ਬਰਫ਼ ਨਾ ਪਵੇ ਤਾਂ ਠੰਡ ਸੁੱਕੀ ਰਹਿੰਦੀ ਹੈ ਤੇ ਜਦੋਂ ਬਰਫ਼ ਪੈ ਜਾਂਦੀ ਹੈ ਤਾਂ ਠੰਡ ਤਰ ਹੋ ਜਾਂਦੀ ਹੈ। ਸਾਡੇ ਬਾਰਿਸ਼ ਪੈਣ ਨਾਲ ਮੌਸਮ ਚੰਗਾ ਬਣਦਾ ਹੈ, ਏਥੇ ਬਰਫ਼ ਪੈਣ ਨਾਲ। ਇੰਗਲੈਂਡ ਵਿਚ ਬਰਫ਼ ਸਿਹਤ ਲਈ ਚੰਗੀ ਸਮਝੀ ਜਾਂਦੀ ਹੈ। ਬਰਫ ਪੈਣ ਨਾਲ ਗਰਦ ਗੁਬਾਰ, ਫ਼ੈਕਟਰੀਆਂ ਦਾ ਧੂੰਆਂ ਅਤੇ ਨਿੱਕੇ ਮੋਟੇ ਜਰਾਸੀਮ ਜੋ ਪੁਲਾੜ ਵਿਚ ਹੁੰਦੇ ਹਨ, ਸਾਰੇ ਮਰ ਮੁਕ ਜਾਂਦੇ ਹਨ। ਅੰਗਰੇਜ਼ ਏਥੇ ਦੇਵੀ ਵਾਂਗੂ ਬਰਫ਼ ਦੀ ਪੂਜਾ ਕਰਦੇ ਹਨ। ਬਰਫ਼ ਪੈਣ ਨਾਲ ਧਰਤੀ ਅਤੇ ਆਕਾਸ਼ ਸੂਛ ਹੋ ਜਾਂਦੇ ਹਨ। ਜਿਵੇਂ ਸਾਡੇ ਮੀਂਹ ਪੈਣ ਨਾਲ ਸਰਦੀਆਂ ਵਿਚ ਹੋ ਜਾਂਦਾ ਹੈ।

ਇੰਗਲੈਂਡ ਇਕ ਜਜ਼ੀਰਾ ਹੈ। ਚਾਰ ਚੁਫੇਰੇ ਸਾਗਰ ਹਨ। ਇੰਗਲੈਂਡ ਵਿਚ ਜੋ ਹਵਾ ਰੁਮਕਦੀ ਜਾਂ ਵਗਦੀ ਹੈ, ਉਸ ਨੂੰ ਇਹਨਾਂ ਸਾਗਰਾਂ ਨੇ ਵੀ ਛੁਹਾਂ ਦਿਤੀਆਂ ਹੁੰਦੀਆਂ ਹਨ। ਸਾਗਰ ਸਿਲ੍ਹੇ ਹੁੰਦੇ ਹਨ, ਪਰ ਕੀ ਪਤਾ ਹੈ ਇਸ ਸਿਲ੍ਹ ਵਿਚ ਗੁਣ ਵੀ ਕਿੰਨੇ ਹੁੰਦੇ ਹਨ। ਇਹ ਤਾਂ ਬਿਲਕੁਲ "ਅੰਤ ਨਾ ਪਾਰਾਵਾਰ" ਵਾਲੀਆਂ ਗੱਲਾਂ ਹਨ। ਫੇਰ, ਹਵਾ, ਇੰਗਲੈਂਡ ਦੇ ਜਜ਼ੀਰੇ ਵਿਚ ਜਦ ਆਉਂਦੀ ਹੈ ਤਾਂ ਕਿੰਨੀ ਕਿਸਮ ਦੇ ਬਿਰਛਾਂ ਅਤੇ ਜੰਗਲਾਂ ਵਿਚੋਂ ਲੰਘਦੀ ਹੈ। ਫੁੱਲ ਹਨ, ਪੱਤੇ ਹਨ, ਜੜੀਆਂ ਅਤੇ ਬੂਟੀਆਂ ਹਨ, ਇਹ ਹਵਾ ਇਹਨਾਂ ਵਿਚੋਂ ਛਣ ਕੇ ਪਾਕ ਹੋ ਜਾਂਦੀ ਹੈ। "ਸਗਲ ਬਨਸਪਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫੂਲੇ ਬਨਰਾਇ ਤਾਈ ਇਹ ਹਵਾ ਜਦ ਛੂਹਦੀ ਹੈ ਤਾਂ ਲੱਖਾਂ ਅਤੇ ਕਰੋੜਾਂ ਕਿਸਮ ਦੀਆਂ ਮਹਿਕਾਂ ਨਾਲ ਭਰ ਜਾਂਦੀ ਹੈ ।

ਪਾਣੀ, ਹਾਂ, ਇੰਗਲੈਂਡ ਦਾ ਪਾਣੀ ਬੜਾ ਹੀ ਠੰਡਾ ਤੇ ਮਿੱਠਾ ਹੈ । ਹਲਕਾ ਅਤੇ ਬੜਾ ਸੁਆਦ । ਮੈਨੂੰ ਇੰਗਲੈਂਡ ਦਾ ਪਾਣੀ ਅਤੇ ਬੀਅਰ ਦੋਵੇਂ ਚੰਗੇ ਲਗਦੇ ।

ਇੰਗਲੈਂਡ ਦੀ ਇਸ ਬੀਅਰ, ਹਵਾ ਅਤੇ ਪਾਣੀ ਨਾਲ, ਕੁਝ ਕੁ ਦਿਨਾਂ ਮਗਰੋਂ ਹੀ, ਮੇਰੇ ਚਿਹਰੇ ਉੱਤੇ ਇਕ ਨੂਰ ਜਿਹਾ ਆ ਗਿਆ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੰਡਨ ਵਿਚ ਛੇ ਦਿਨ

ਮੈਨੂੰ ਕੋਹ ਨੂਰ ਹੀਰਾ ਦੇਖਣ ਦਾ ਬੜਾ ਹੀ ਚਾਓ ਸੀ। ਕੋਹ ਨੂਰ ਹੀਰੇ ਦਾ ਇਤਿਹਾਸ ਮੈਂ ਪੜ੍ਹਿਆ ਹੋਇਆ ਸੀ। ਇਕ ਤਾਂ ਮੈਂ ਕੋਹ ਨੂਰ ਹੀਰਾ ਦੇਖਣਾ ਚਾਹੁੰਦਾ ਸਾਂ। ਦੂਜੇ, ਸ਼ਾਹਜਹਾਨ ਦਾ ਨੀਲਮ ਦਾ ਪਿਆਲਾ ਵੀ। ਮਹਾਰਾਜਾ ਰਣਜੀਤ ਸਿੰਘ ਦੀ ਇਕ ਸੁਨਹਿਰੀ ਕੁਰਸੀ ਸੀ ਜੋ ਇੰਗਲੈਂਡ ਪੁਜ ਗਈ ਸੀ। ਮੈਂ ਉਹ ਵੀ ਦੇਖਣੀ ਚਾਹੁੰਦਾ ਸਾਂ।

ਇਹਨਾਂ ਤੋਂ ਬਿਨਾਂ ਮੈਂ ਇਕ ਦੋ ਚੀਜ਼ਾਂ ਹੋਰ ਵੀ ਨੋਟ ਕਰ ਲਈਆਂ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਦਾ ਲਿਖਿਆ ਦਸਮ ਗ੍ਰੰਥ, ਵੈਸਟ ਮਨਿਸਟਰ ਐਬੇ, ਇੰਡੀਆ ਹਾਊਸ ਦੀ ਲਾਇਬਰੇਰੀ ਵਿਚ ਗੁਰੂ ਨਾਨਕ ਦੀ ਜਨਮ ਪੱਤਰੀ, ਮਹਾਰਾਜਾ ਦਲੀਪ ਸਿੰਘ ਦੀ ਕਬਰ ਅਤੇ ਰਿਹਾਇਸ਼ ਦੀ ਥਾਂ, ਅਤੇ ਵਰਡਜ਼ਵਰਥ ਦੀ ਕਵਿਤਾ ਦੀ ਬਹਾਰ ਜੋ ਜੂਨ ਵਿਚ ਖਿਲੀ ਹੁੰਦੀ ਹੈ—ਵਰਡਜ਼ਵਰਥ ਦੇ "ਡੈਫ਼ੋਡਿਲਜ਼"।

ਕੋਹ ਨੂਰ ਹੀਰਾ ਟਾਵਰ ਆਫ਼ ਲੰਡਨ ਦੇ ਜਿਊਲਰੀ ਹਾਊਸ ਵਿਚ ਪਿਆ ਹੈ। ਕੁਰਸੀ ਅਤੇ ਨੀਲਮ ਦਾ ਪਿਆਲਾ, ਲੰਡਨ, ਅਜਾਇਬ ਘਰ ਵਿਚ।

ਸਰਵਣ ਸਿੰਘ ਅਮੋਲਕ, ਜੋ ਲੰਡਨ ਏਅਰਪੋਰਟ ਉਤੇ ਮੈਨੂੰ ਲੈਣ ਲਈ ਆਏ ਸਨ ਤੇ ਜਿਨ੍ਹਾਂ ਗੁਰਬਚਨ ਭੁੱਲਰ ਦੇ ਅੰਬ ਸ਼ਿਵਰਾਜ ਸਿੰਘ ਮਾਨ ਨੂੰ ਦਿਤੇ ਸਨ, ਪੰਜਾਬੀ ਦੇ ਇਕ ਕਵੀ ਹਨ। ੩੦ ਜੂਨ, ੭੪ ਉਹਨਾਂ ਦੀ ਲੜਕੀ ਦਾ ਵਿਆਹ ਸੀ। ਉਹਨਾਂ ਨੇ ਮੈਨੂੰ ਲੜਕੀ ਦੇ ਵਿਆਹ ਵਿਚ ਆਉਣ ਲਈ ਕਿਹਾ ਸੀ ਅਤੇ ਮੈਂ ਉਸ ਲਈ ਜਾਣਾ ਸੀ। ਉਹਨਾਂ ਨੇ ਮੈਨੂੰ ੧੬ ਜੂਨ ਨੂੰ ਹੀਥਰੋ ਏਅਰਪੋਰਟ ਉਤੇ ਹੀ ਇਸ ਬਾਰੇ ਕਹਿ ਦਿਤਾ ਸੀ ਅਤੇ ਮੈਂ ਹਾਂ ਕਰ ਲਈ ਸੀ। ਮੈਨੂੰ ਏਅਰਪੋਰਟ ਉਤੇ ਕੁਝ ਵੀ ਪਤਾ ਨਹੀਂ ਸੀ ਕਿ ਕਿੰਨੀ ਦੂਰ ਮੈਂ ਜਾਣਾ ਹੈ ਤੇ ਫੇਰ ਵਾਪਸ ਕਿੰਨੀ ਦੂਰ ਵਿਆਹ ਲਈ ਮੈਂ ਆਉਣਾ ਹੈ। ਮੈਨੂੰ ਇਸ ਦਾ ਸਾਰਾ ਪਤਾ ਹੌਲੀ ਹੌਲੀ ਹੀ ਲਗਾ ਸੀ। ਪਹਿਲਾਂ, ਮੇਰਾ ਖ਼ਿਆਲ ਸੀ, ਸਭ ਕੁਝ ਨੇੜੇ ਨੇੜੇ ਹੀ ਹੈ। ਇੰਗਲੈਂਡ ਵੱਡਾ ਨਹੀਂ ਹੈ। ਦਸਾਂ ਦਸਾਂ, ਪੰਦਰਾਂ ਪੰਦਰਾਂ, ਵੀਹਾਂ ਵੀਹਾਂ ਮੀਲਾਂ ਉਤੇ ਹੀ ਲੋਕੀ ਰਹਿੰਦੇ ਹੋਣੇ ਹਨ, ਤੇ ਖ਼ਾਸ ਕਰਕੇ ਸਾਡੇ ਲੋਕੀ। ਪਰ ਇਹ ਲੱਖਣ ਗ਼ਲਤ ਸੀ। ਲੋਕੀ ਕਾਫ਼ੀ ਦੂਰ ਦੂਰ ਦੇ ਫ਼ਰਕਾਂ ਨਾਲ ਰਹਿ ਰਹੇ ਸਨ।

ਸਰਵਣ ਸਿੰਘ ਅਮੋਲਕ ਹੋਰੀ ਹੰਸਲੋ ਰਹਿ ਰਹੇ ਸਨ। ਇਹ ਲੰਡਨ ਦਾ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੱਸਾ ਹੈ। ਯਾਨੀ ਮੈਂ ਕਾਵੈਂਟਰੀ ਤੋਂ ਫੇਰ ਲੰਡਨ ਆਉਣਾ ਸੀ। ਮੇਰੇ ਲਈ ਇਕ ਮੁਸ਼ਕਲ ਸੀ। ਅਜੇ ਮੈਨੂੰ ਆਪਣੇ ਆਪ ਹੀ ਸਫ਼ਰ ਨਹੀਂ ਸੀ ਕਰਨਾ ਆਉਂਦਾ। ਕਿਥੋਂ ਕੋਚ ਫੜਨੀ ਹੈ ਤੇ ਅੱਗੇ ਕਿਥੇ ਲਹਿਣਾ ਹੈ ਤੇ ਫੇਰ ਕਿਥੇ ਜਾਣਾ ਹੈ, ਮੇਰੇ ਲਈ ਇਹ ਸਾਰਾ ਕੁਝ ਹੀ ਕਾਫ਼ੀ ਗੁੰਝਲਦਾਰ ਸੀ। ਇਸ ਲਈ ਮੈਨੂੰ ਕਿਸੇ ਹੋਰ ਦੀ ਮਦਦ ਦੀ ਵੀ ਲੋੜ ਸੀ।

ਇਕ ਡਾਕਟਰ ਸੂਰੀ, ਜੋ ਮਨੋ ਰੋਗ ਦੇ ਮਾਹਿਰ ਸਨ, ਲੰਡਨ, ਸੇਂਟ ਓਲਵਜ਼ (St. Olav's) ਹਸਪਤਾਲ ਵਿਚ ਕੰਮ ਕਰਦੇ ਸਨ ਜੋ ਲੋਇਰ ਰੋਡ ਉਤੇ ਸੀ। ਜੋ ਇਲਾਜ ਮੇਰਾ ਹਿੰਦੋਸਤਾਨ ਵਿਚ ਸ਼ੁਰੂ ਹੋਇਆ ਸੀ, ਏਥੇ ਇੰਗਲੈਂਡ ਆ ਕੇ ਵੀ ਉਹ ਕੁਝ ਚਿਰ ਜਾਰੀ ਰਹਿਣਾ ਸੀ। ਡਾਕਟਰ ਸੂਰੀ ਡਾਕਟਰ ਖੰਨਾ ਤੇ ਡਾਕਟਰ ਕਾਲਾ ਦੇ ਮਿੱਤਰ ਸਨ ਜੋ ਪੀ. ਜੀ. ਆਈ. ਚੰਡੀਗੜ੍ਹ ਵਿਚ ਮੇਰਾ ਇਲਾਜ ਕਰਦੇ ਸਨ। ਮੈਂ ਇੰਗਲੈਂਡ ਆਇਆ ਤਾਂ ਡਾਕਟਰ ਖੰਨਾ ਤੇ ਡਾਕਟਰ ਕਾਲਾ ਨੇ ਮੈਨੂੰ ਡਾਕਟਰ ਸੂਰੀ ਦੇ ਨਾਂ ਚਿੱਠੀ ਲਿਖ ਕੇ ਦਿਤੀ ਸੀ ਕਿ ਮੈਨੂੰ ਜੇ ਇੰਗਲੈਂਡ ਹੁੰਦਿਆਂ ਉਹਨਾਂ ਦੀ ਲੋੜ ਮਹਿਸੂਸ ਹੋਵੇ ਤਾਂ ਉਥੇ ਡਾਕਟਰ ਸੂਰੀ ਹਨ ਜੋ ਮੇਰਾ ਇਲਾਜ ਕਰ ਸਕਦੇ ਹਨ। ਏਥੇ ਪਹੁੰਚਦੀ ਸਾਰ ਹੀ ਦੋ ਕਿ ਤਿੰਨ ਦਿਨ ਮਗਰੋਂ ਮੈਂ ਡਾਕਟਰ ਸੂਰੀ ਨੂੰ ਚਿੱਠੀ ਲਿਖੀ। ਨਾਲ ਡਾਕਟਰ ਖੰਨਾ ਤੇ ਡਾਕਟਰ ਕਾਲਾ ਦੀ ਚਿੱਠੀ ਭੇਜੀ। ਆਪਣਾ ਪਤਾ ਲਿਖਿਆ ਤੇ ਨਾਲੇ ਫ਼ੋਨ ਦਾ ਨੰਬਰ ਦਿਤਾ। ਡਾਕਟਰ ਸੂਰੀ ਦਾ ਫ਼ੋਨ ਆਇਆ। ੨੮ ਜੂਨ ਉਹ ਮੈਨੂੰ ਹਸਪਤਾਲ ਵਿਚ ਮਿਲ ਸਕਦੇ ਸਨ। ਤੀਹ ਜੂਨ ਦੇ ਨੇੜੇ ਤੇੜੇ ਮੈਂ ਉਹਨਾਂ ਨੂੰ ਮਿਲਣਾ ਚਾਹਿਆ ਸੀ।

ਲੰਡਨ, ਈਸਟ ਹੈਮ ਵਿਖੇ, ਗੁਰਦਿਆਲ ਸਿੰਘ ਗੁਰੂ ਜੀ ਦਾ ਸਹੁਰਾ-ਪਰਵਾਰ ਰਹਿੰਦਾ ਸੀ। ਗੁਰੂ ਜੀ ਦੀ ਇਕ ਭੈਣ ਵੀ ਲੰਡਨ ਵਿਖੇ ਰਹਿੰਦੀ ਸੀ। ਮੇਰੇ ਨਾਲ ੨੮ ਜੂਨ ਨੂੰ ਗੁਰੂ ਜੀ ਨੇ ਜਾਣਾ ਸੀ। ਨਾਲ ਅਜੀਤ ਬੀਬੀ ਜੀ ਵੀ ਜਾਣ ਲਈ ਤਿਆਰ ਹੋਏ। ਉਹਨਾਂ ਨੂੰ ਵੀ ਥੋੜੀ ਜਿਹੀ ਮਾਨਸਕ ਬੇਚੈਨੀ ਸੀ। ਉਹਨਾਂ ਨੂੰ ਨੀਂਦ ਨਹੀਂ ਸੀ ਆਉਂਦੀ।

ਅਸੀਂ ਸਵੇਰੇ ਅੱਠ ਜਾਂ ਨੌਂ ਕਾਵੈਂਟਰੀ ਤੋਂ ਕੋਚ ਰਾਹੀਂ ਲੰਡਨ ਵਲ ਰਵਾਨਾ ਹੋਏ। ਪਹਿਲੀ ਵਾਰ ਇੰਗਲੈਂਡ ਦੀ ਮੈਂ ਪੇਂਡੂ ਵਸੋਂ (Countryside) ਦੇਖੀ ਸੀ। ਬੜੀ ਹੀ ਸੁੰਦਰ ਝਾਤੀ ਸੀ। ਦੂਰ ਦੂਰ ਤਕ ਦੋਵੇਂ ਪਾਸੇ ਸਾਵੀ ਮਖ਼ਮਲ ਵਿਛੀ ਸੀ। ਥਾਂ ਪਰ ਥਾਂ ਨਿੱਕੇ ਨਿੱਕੇ ਇੰਗਲਿਸ਼ ਪਿੰਡ ਦਿਖਾਈ ਦਿੰਦੇ। ਛੋਟੇ ਛੋਟੇ, ਬੰਗਲਿਆਂ ਵਰਗੇ, ਲਾਲ ਛੱਤਾਂ ਵਾਲੇ ਘਰ। ਹਰ ਪਿੰਡ ਨੂੰ ਨਿੱਕੀ ਜਿਹੀ ਇਕ ਪਹੁੰਚ-ਸੜਕ ਜਾਂਦੀ ਸੀ।

ਵੱਡੇ ਵੱਡੇ ਫ਼ਾਰਮਾਂ ਵਿਚ ਕਣਕਾਂ ਉੱਗੀਆਂ ਹੋਈਆਂ ਸਨ ਜੋ ਕਿਤੇ ਕਿਤੇ, ਟੁਕੜਿਆਂ ਵਿਚ, ਪੱਕ ਕੇ ਲਾਲ ਹੋ ਗਈਆਂ ਸਨ। ਕਣਕਾਂ ਨਾਲੋਂ ਫ਼ਾਰਮਾਂ ਵਿਚ ਬਹੁਤੇ ਜੌਂ ਖਲੋਤੇ ਸਨ। ਕਟਾਈ ਵੀ ਹੋ ਰਹੀ ਸੀ। ਇਹ ਕਟਾਈ ਦੋ ਕਿ ਤਿੰਨ ਮਹੀਨੇ ਜਾਰੀ ਰਹਿਣੀ ਸੀ।

ਬਹੁਤੀ ਧਰਤੀ ਸਾਵੀ ਸੀ। ਹਰੀਆਂ ਹਰੀਆਂ ਚਰਾਗਾਹਾਂ। ਕਿਤੇ ਭੇਡਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫ਼ਾਰਮ ਸਨ, ਕਿਤੇ ਕਾਲੇ ਤੇ ਲਾਲ ਰੰਗ ਦੀਆਂ ਡਬ-ਖੜੱਬੀਆਂ ਗਊਆਂ ਦੇ। ਗਊਆਂ ਬਹੁਤ ਸੁੰਦਰ ਸਨ। ਮਣ ਮਣ ਪੱਕਾ ਦੁੱਧ ਸੀ। ਵੱਡੇ ਵੱਡੇ ਲੇਵੇ ਸਨ। ਗੋਰੇ ਗੋਰੇ, ਮੋਟੇ ਥਣ। ਸਾਡੇ ਵੀ ਗਊਆਂ ਹੁੰਦੀਆਂ ਹਨ। ਮਰੀਆਂ ਮਰੀਆਂ, ਸੁੱਕੀਆਂ ਸੁੱਕੀਆਂ। ਪਰ ਇਹ ਗਊਆਂ ਦਰਸ਼ਨੀ ਤੇ ਬਹੁਤ ਹੀ ਖ਼ੂਬਸੂਰਤ ਸਨ। ਵੇਖ ਕੇ ਭੁੱਖ ਲਹਿੰਦੀ ਸੀ।

ਭੇਡਾਂ ਰੂੰ ਦੇ ਫੰਬਿਆਂ ਵਾਂਗੂੰ ਮਖ਼ਮਲ ਉਤੇ ਤੁਰਦੀਆਂ। ਬਹੁਤੀਆਂ ਭੇਡਾਂ ਚਿੱਟੀਆਂ ਸਨ—ਬਿਸਕੁਟੀ ਜਿਹੇ ਰੰਗ ਦੀਆਂ। ਕਾਲੀ ਕੋਈ ਹੀ ਹੁੰਦੀ ਸੀ।

ਭੇਡਾਂ ਉੱਨ ਤੇ ਗੋਸ਼ਤ ਲਈ ਇੰਗਲੈਂਡ ਦੇ ਕੰਮ ਆ ਰਹੀਆਂ ਹਨ, ਗਊਆਂ ਦੁੱਧ ਤੇ ਗੋਸ਼ਤ ਲਈ। ਦੁੱਧ, ਮੱਖਣ, ਅੰਡੇ, ਗੋਸ਼ਤ ਇੰਗਲੈਂਡ ਦੀ ਮੁਖ ਖ਼ੁਰਾਕ ਹੈ। ਫਲ ਅਤੇ ਸਬਜ਼ੀਆਂ ਵੀ ਇਸ ਖ਼ੁਰਾਕ ਦਾ ਹਿੱਸਾ ਹਨ।

ਅਸੀਂ ਕੋਚ ਤੋਂ ਲਹਿੰਦੀ ਸਾਰ ਪਹਿਲਾਂ ਹਸਪਤਾਲ ਪੁੱਜੇ। ਉਥੋਂ ਵਿਹਲੇ ਹੋਏ ਤੇ ਫੇਰ ਅਸੀਂ ਏਧਰ ਉਧਰ ਸੈਰ ਸਪਾਟਾ ਕਰਨ ਲਗੇ। ਪਹਿਲਾਂ ਥੇਮਜ਼ ਦੇਖਿਆ। ਥੇਮਜ਼ ਦੇ ਕਿਨਾਰਿਆਂ ਉਤੇ ਲੰਡਨ ਵਸਿਆ ਹੋਇਆ ਹੈ। ਥੇਮਜ਼ ਇੰਗਲੈਂਡ ਦੀ ਰੂਹ ਹੈ। ਥੇਮਜ਼ ਆਪਣਾ ਸਾਰਾ ਬਲ ਇੰਗਲੈਂਡ ਨੂੰ ਬਖ਼ਸ਼ ਰਿਹਾ ਹੈ।

ਸੱਚ ਜਾਣੋ, ਥੇਮਜ਼ ਮੈਨੂੰ ਗੰਗਾ ਵਰਗਾ ਜਾਪਿਆ। ਜਿਵੇਂ ਸਾਡੀ ਧਰਤੀ ਉਤੇ ਗੰਗਾ ਅਤੇ ਜਮਨਾ ਹਨ, ਇਵੇਂ ਏਥੇ ਥੇਮਜ਼ ਹੈ। ਜਾਪਦਾ ਸੀ, ਉਹੀਓ ਪਾਣੀ ਥੇਮਜ਼ ਵਿਚ ਵਗ ਰਿਹਾ ਸੀ। ਨਮਸਕਾਰ! ਨਮਸਕਾਰ! ਹੇ ਪ੍ਰਕਿਰਤੀ—ਨਮਸਕਾਰ! ਸਾਰਾ ਜਗਤ ਇਕੋ ਹੈ। ਪਰ ਸਾਰੇ ਜਗਤ ਨੂੰ ਕੱਟ ਕੇ ਟੋਟੇ ਟੋਟੇ ਕੀਤਾ ਹੋਇਆ ਹੈ।

ਕਿਸੇ ਦਾ ਰੰਗ ਕਾਲਾ ਹੈ, ਕਿਸੇ ਦਾ ਰੰਗ ਗੋਰਾ ਹੈ, ਪਰ ਥੇਮਜ਼ ਦੀਆਂ ਲਹਿਰਾਂ ਨਾ ਕਾਲੀਆਂ ਹਨ, ਨਾ ਗੋਰੀਆਂ। ਫੇਰ ਇਹ ਕਾਲਾ ਤੇ ਗੋਰਾ ਕਿਉਂ? ਕੋਈ ਏਸ਼ੀਆਈ ਹੈ, ਕੋਈ ਯੂਰਪੀਨ ਹੈ, ਇਹ ਤਾਂ ਜਲ ਤੇ ਵਾਯੂ ਹਨ ਜੋ ਕਾਲੇ ਗੋਰੇ ਕਰ ਦਿੰਦੇ ਹਨ। ਪਰ ਇਨਸਾਨ ਦੀਆਂ ਸੱਧਰਾਂ ਜਾਂ ਉਦਗਾਰਾਂ ਵਿਚ ਤਾਂ ਫ਼ਰਕ ਨਹੀਂ? ਉਹ ਤਾਂ ਬਿਲਕੁਲ ਇਕੋ ਹਨ। ਇਨਸਾਨ ਬਿਲਕੁਲ ਇਕ ਹੈ।

ਗੰਗਾ ਵਰਗੇ ਥੇਮਜ਼ ਅਗੇ ਮੇਰਾ ਸਿਰ ਝੁਕ ਗਿਆ ਸੀ। ਰੱਜ ਰੱਜ ਕੇ ਥੇਮਜ਼ ਨੂੰ ਮੈਂ ਨਮਸਕਾਰ ਕੀਤਾ ਤੇ ਉਸ ਦੀ ਰੂਹ ਵਲ ਤੱਕਦਾ ਰਿਹਾ। 'ਥੇਮਜ਼! ਤੈਨੂੰ ਜੱਫੀ ਪਾਉਣ ਨੂੰ ਮੇਰਾ ਦਿਲ ਕਰ ਰਿਹਾ ਹੈ।'

ਪੈਦਲ ਤੁਰਦੇ ਤੁਰਦੇ ਅਸੀਂ ਬਕਿੰਘਮ ਪੈਲੇਸ ਚਲੇ ਗਏ। ਏਥੇ ਮਲਿਕਾ ਰਹਿੰਦੀ ਹੈ। ਜਾਰਜ ਪੰਜਮ, ਐਡਵਰਡ, ਇਸੇ ਮਹੱਲ ਵਿਚ ਰਹਿੰਦੇ ਸਨ।

ਬਕਿੰਘਮ ਪੈਲੇਸ ਦੀ ਅਸੀਂ ਸਿਰਫ਼ ਬਾਹਰੋਂ ਹੀ ਝਾਕੀ ਦੇਖੀ ਸੀ। ਅੰਦਰ ਜਾਣਾ ਮਨ੍ਹਾ ਸੀ।

ਪਤਾ ਨਹੀਂ ਅੱਜ ਕੀ ਸੀ, ਬਕਿੰਘਮ ਪੈਲੇਸ ਦੇ ਬਾਹਰ ਅਜ ਕੁਝ ਜਲ ਜਲੌ ਜਿਹਾ ਦਿਸਦਾ ਸੀ ਤੇ ਸ਼ਾਹੀ ਬੈਂਡ ਵੱਜ ਰਿਹਾ ਸੀ। ਬੈਂਡ ਉੱਤਰ ਦਿਸ਼ਾ ਵਲੋਂ ਦੱਖਣ ਵਲ ਜਾ ਰਿਹਾ ਸੀ ਤੇ ਕਾਫ਼ੀ ਚਮਕ ਦਮਕ ਸੀ। ਲੋਕ ਵੀ ਬਹੁਤ ਇਕੱਠੇ ਸਨ। ਅੰਗਰੇਜ਼ ਮਰਦ ਤੇ ਔਰਤਾਂ ਦਾ ਇਕ ਮੇਲਾ ਲਗਿਆ ਹੋਇਆ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕੀ ਬੈਂਡ ਦੇ ਲੰਘਣ ਵੇਲੇ [illegible] ਰਹੇ ਸਨ। ਇਕ ਰਿਸਾਲਾ ਜਿਹਾ ਵੀ ਸੀ ਜੋ ਮਾਰਚ ਕਰਦਾ ਜਾਂਦਾ ਸੀ।

ਪਹਿਲਾਂ ਸਾਡਾ ਖ਼ਿਆਲ ਸੀ ਕਿ ਸ਼ਾਇਦ ਮਲਿਕਾ ਆਉਂਦੀ ਹੋਵੇ। ਪਰ ਇਹ ਉਂਜੇ ਸ਼ਾਹੀ ਮਹੱਲ ਦੀ ਆਮ ਜਿਹੀ ਸਰਗਰਮੀ ਸੀ।

ਬੈਂਡ ਦੀ ਟੁਕੜੀ ਲੰਘਣ ਮਗਰੋਂ ਲੋਕੀ ਮਹੱਲ ਦੀ ਜੰਗਲੇ ਵਾਲੀ ਕੰਧ ਨਾਲ ਲ਼ਗ ਗਏ ਸਨ ਤੇ ਬਾਹਰੋਂ, ਲੋਹੇ ਦੇ ਜੰਗਲੇ ਵਿਚੋਂ, ਅੰਦਰ, ਮਹੱਲ ਦੇ ਬੜੇ ਹੀ ਖੁਲ੍ਹੇ ਵਿਹੜੇ ਵਿਚ ਤੱਕ ਰਹੇ ਸਨ। ਵਿਹੜਾ ਬੜਾ ਹੀ ਖੁਲ੍ਹਾ ਸੀ ਤੇ ਬੜੀ ਹੀ ਸੁਹਣੀ ਸੋਨੇ-ਰੰਗੀ ਧੁੱਪ ਨਾਲ ਭਰਿਆ ਹੋਇਆ ਸੀ। ਦੂਰ, ਮਹੱਲ ਦੇ ਬੂਹੇ ਅੱਗੇ, ਦੋ ਦਰਬਾਨ ਖਲੋਤੇ ਸਨ। ਵਰਦੀ ਲਾਲ ਤੇ ਨੀਲੀ ਸੀ। ਲਾਲ ਕੋਟ, ਨੀਲੀ ਪਤਲੂਨ। ਸਿਰ ਦੇ ਉਤੇ ਗੂਹੜੀ, ਨੀਲੀ, ਵੱਡੀ ਤੇ ਫੁੱਲੀ ਹੋਈ ਗੁੱਫਾ ਟੋਪੀ। ਟੋਪੀ ਬੜੀ ਹੀ ਭਾਰੀ ਸੀ।

ਵਰਦੀ ਬੜੀ ਹੀ ਕੀਮਤੀ ਬਾਨਾਤ ਦੀ ਨਜ਼ਰ ਆਉਂਦੀ ਸੀ। ਟੋਪੀ ਉਤੇ ਘੁੰਗਰਾਂ ਵਾਲੇ ਕਾਲੇ ਫੁੱਲੇ ਹੋਏ ਛੱਲੇ ਸਨ। ਜਾਪਦਾ ਸੀ ਉਂਜ ਇਹ ਟੋਪੀ ਬੜੀ ਹੀ ਹਲਕੀ ਹੋਵੇਗੀ।

ਦਰਬਾਨ ਬਿਲਕੁਲ ਚੁੱਪ ਅਤੇ ਅਹਿੱਲ ਖਲੋਤੇ ਹੋਏ ਸਨ। ਜਿਵੇਂ ਲਾਲ ਤੇ ਨੀਲੇ ਰੰਗ ਦੇ ਬੁੱਤ ਖਲੋਤੇ ਹੁੰਦੇ ਹਨ। ਕੀ ਉਹ ਸਾਹ ਵੀ ਲੈਂਦੇ ਸਨ? ਇਸ ਵਿਚ ਸ਼ੱਕ ਹੀ ਦਿਸਦਾ ਸੀ।

ਤਦੇ, ਕੁਝ ਕੁ ਸਮੇਂ ਮਗਰੋਂ ਉਹਨਾਂ ਨੇ ਹਰਕਤ ਕੀਤੀ ਤੇ ਸੱਜੇ ਅਤੇ ਖੱਬੇ ਮੁੜੇ। ਫੇਰ ਉਹ ਤੁਰਨ ਲਗੇ ਤੇ ਇਕ ਦੂਜੇ ਨੂੰ ਕੱਟਦੇ ਹੋਏ ਇਕ ਦੂਜੇ ਦੀ ਥਾਂ ਖਲੋਏ। ਫੇਰ ਉਹ ਬਿਲਕੁਲ ਚੁੱਪ ਸਨ ਤੇ ਬੁੱਤ ਵਾਂਗ ਹੋ ਗਏ ਸਨ। ਥੋੜੀ ਥੋੜੀ ਦੇਰ ਬਾਅਦ ਉਹ ਇਵੇਂ ਹੀ ਕੋਲੋਂ ਲੰਘਦੇ ਤੇ ਇਕ ਦੂਜੇ ਦੀ ਥਾਂ ਖਲੋਂਦੇ। ਬੜੀ ਹੀ ਮਰਿਆਦਾ ਸੀ। ਇਹ ਮਰਿਆਦਾ ਕਿਸੇ ਕੌਮ ਜਾਂ ਦੇਸ਼ ਦੀ ਤਾਕਤ ਹੁੰਦੀ ਹੈ।

ਥੋੜੀ ਦੇਰ ਖਲੋਣ ਮਗਰੋਂ ਅਸੀਂ ਉਥੋਂ ਚੱਲੇ ਤੇ ਨੇੜੇ ਹੀ ਇਕ ਬੜੇ ਵਿਸ਼ਾਲ ਤੇ ਸੁਹਣੇ ਪਾਰਕ ਵਿਚ ਪਹੁੰਚ ਗਏ। ਰੋਟੀ ਸਾਡੇ ਕੋਲ ਸੀ। ਅਸੀਂ ਇਸ ਪਾਰਕ ਵਿਚ ਬੈਠ ਕੇ ਰੋਟੀ ਖਾਣੀ ਸੀ।

ਫੁੱਲਾਂ ਦੀ ਇਕ ਝਾੜੀ ਲਾਗੇ ਅਸੀਂ ਬੈਠੇ ਹੋਏ ਸਾਂ। ਪਰਾਉਂਠੇ ਅਤੇ ਅੰਬ ਦਾ ਅਚਾਰ ਸਾਡੇ ਕੋਲ ਸੀ। ਸੰਗਤਰੇ ਦਾ ਜੂਸ ਸੀ।

ਉਹ! ਮੈਂ ਇਕ ਗੱਲ ਭੁੱਲਦਾ ਹਾਂ। ਹਸਪਤਾਲ ਪਹਿਲਾਂ ਨਹੀਂ, ਅਸੀਂ ਮਗਰੋਂ ਗਏ ਸਾਂ। ਡਾਕਟਰ ਸੂਰੀ ਨੇ ਸਾਨੂੰ ਸਾਢੇ ਤਿੰਨ ਆਉਣ ਲਈ ਕਿਹਾ ਸੀ। ਥੇਮਜ਼ ਅਤੇ ਬਕਿੰਘਮ ਪੈਲੇਸ ਅਸੀਂ ਪਹਿਲਾਂ ਦੇਖੇ ਸਨ। ਰੋਟੀ ਖਾਣ ਤੋਂ ਮਗਰੋਂ ਅਸੀਂ ਥੋੜੀ ਦੂਰ ਪੈਦਲ ਚੱਲੇ। ਫੇਰ ਟੈਕਸੀ ਫੜੀ ਸੀ। ਪਹਿਲਾਂ ਬਿਲਕੁਲ ਧੁੱਪ ਸੀ, ਫੇਰ ਬੱਦਲ ਆਏ ਤੇ ਮੀਂਹ ਪੈਣ ਲਗ ਪਿਆ ਸੀ। ਅਸੀਂ ਕਿਤੇ ਖਲੋਤੇ ਸਾਂ। ਤਦੇ ਟੈਕਸੀ ਆਈ ਤੇ ਅਸੀਂ ਉਸ ਵਿਚ ਬੈਠ ਗਏ। ਡਾਕਟਰ ਸੂਰੀ ਹਸਪਤਾਲ ਵਿਚ ਡਿਊਟੀ ਉਤੇ ਨਹੀਂ ਸਨ ਆਏ। ਉਹਨਾਂ ਨੂੰ ਕੁਝ ਤਕਲੀਫ਼ ਸੀ ਅਤੇ ਉਹ ਆਪਣੇ ਘਰ ਹੀ ਸਨ। ਅਸੀਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਛ ਪੁਛਾ ਕੇ [illegible] ਵਿਚ ਹੀ ਸੀ । ਫੇਰ ਅਸੀਂ ਗੁਰੂ ਜੀ ਦੇ ਸਹੁਰੇ ਘਰ ਵਲ ਚਲੇ ਗਏ ।

ਗੁਰੂ ਜੀ ਦੇ ਸਹੁਰੇ ਘਰ ਮੇਰੇ ਨਾਲ ਇਕ ਬੜੀ ਹੀ ਦਿਲਚਸਪ ਘਟਨਾ ਵਾਪਰੀ । ਜਾਂਦੀ ਸਾਰ ਅਸੀਂ ਪਹਿਲਾਂ ਫਰੰਟ ਰੂਮ ਵਿਚ ਬੈਠੇ ਸਾਂ । ਫੇਰ, ਥੋੜੀ ਦੇਰ ਮਗਰੋਂ, ਗੁਰੂ ਜੀ ਤੇ ਮਿਸਿਜ਼ ਗੁਰੂ ਅੰਦਰ ਚਲੇ ਗਏ ਸਨ । ਮੈਂ ਫਰੰਟ ਵਿਚ ਬੈਠਾ ਰਿਹਾ ।

ਇਸ ਸਮੇਂ ਫਰੰਟ ਵਿਚ ਇਕ ਚਾਰ ਕੁ ਵਰ੍ਹੇ ਦਾ ਲੜਕਾ ਸੀ ਤੇ ਇਕ ਉਸ ਦੀ ਛੋਟੀ ਭੈਣ । ਦੋਵੇਂ ਰੋਟੀ ਖਾਂਦੇ ਸਨ । ਸਭ ਨੂੰ ਉਥੋਂ ਗਿਆ ਦੇਖ, ਦੋਵੇਂ ਇੱਲਤ ਕਰਨ ਲਗੇ । ਪਹਿਲਾਂ ਦੋਵੇਂ ਸੋਫ਼ੇ ਉਤੇ ਛਾਲਾਂ ਮਾਰਨ ਲਗੇ ਤੇ ਫੇਰ ਏਧਰ ਉਧਰ ਵੀ । ਕਦੇ ਉਹ ਸੋਫ਼ੇ ਉਤੇ ਡਿੱਗਣ, ਕਦੇ ਮੇਰੇ ਉਤੇ ਡਿੱਗਣ । ਖ਼ੈਰ ਜੀ, ਉਹ ਚਾਂਭਲ ਗਏ । ਧੰਮ-ਸਲੁੱਡੀ ਪੈਣ ਲਗੀ । ਕਿਸੇ ਨੂੰ ਪਤਾ ਨਹੀਂ ਸੀ, ਫਰੰਟ ਵਿਚ ਕੀ ਹੁੰਦਾ ਹੈ । ਇਕ ਬਾਂਦਰ, ਇਕ ਬਾਂਦਰੀ ਉਹ ਖਰੂਦ ਕਰ ਰਹੇ ਸਨ ਕਿ ਬਹਿਣਾ ਮੁਸ਼ਕਿਲ ਹੋ ਗਿਆ । ਮੈਨੂੰ ਬੜੀ ਤਕਲੀਫ ਹੋਈ । ਦੱਸੋ, ਹੁਣ ਮੈਂ ਕਰਦਾ ਕੀ ?

ਓੜਕ ਮੈਂ ਕੁਝ ਕਰਨਾ ਚਾਹਿਆ । ਤੰਗ ਹੋ ਕੇ ਮੁੰਡੇ ਨੂੰ ਮੈਂ ਥੋੜਾ ਜਿਹਾ ਡਾਂਟਿਆ । ਐਵੇਂ ਬੇਮਲੂਮਾ ਜਿਹਾ । ਮੇਰੇ ਡਾਂਟਣ ਦੀ ਦੇਰ ਸੀ ਕਿ ਨਵੀਂ ਬਿਪਤਾ ਛਿੜ ਗਈ । ਪਹਿਲਾਂ ਤਾਂ ਉਹ ਸਾਰੀ ਤਾਕਤ ਹੋਰ ਹੀ ਪਾਸੇ ਲਾਉਂਦੇ ਸਨ, ਹੁਣ ਨਿਸ਼ਾਨਾ ਮੈਂ ਸਾਂ । ਮੁੰਡੇ ਅਤੇ ਕੁੜੀ ਦੇ ਹੱਥ ਦਾਲ ਨਾਲ ਲਿੱਬੜੇ ਹੋਏ ਸਨ । ਲਿੱਬੜੇ ਹੋਏ ਹੱਥਾਂ ਨਾਲ ਉਹ ਮੇਰੇ ਉਤੇ ਚੜ੍ਹ ਚੜ੍ਹ ਆਉਣ । ਕਦੇ ਪੱਗ ਖਿੱਚਣ ਤੇ ਕਦੇ ਮੇਰੀ ਨਕਟਾਈ ਖਿੱਚਣ । ਕਦੇ ਮੈਂ ਸੱਚਾ ਘੂਰਦਾ ਤੇ ਕਦੇ ਝੂਠਾ ਡਾਂਟਦਾ । ਪਰ ਨਾ ਕੋਈ ਸੱਚ ਨੂੰ ਸੁਣਦਾ ਸੀ, ਨਾ ਝੂਠ ਦੀ ਪੇਸ਼ ਹੀ ਜਾਂਦੀ ਸੀ । ਕੁੜੀ ਤਾਂ ਥੋੜਾ ਥੰਮ ਗਈ, ਪਰ ਮੁੰਡਾ ਬੜਾ ਸ਼ਰਾਰਤੀ ਸੀ । ਮੇਰੇ ਉਤੇ ਚੜ੍ਹ ਚੜ੍ਹ ਆਵੇ : "ਆ ਲੜੀਏ ! ਆ ਲੜੀਏ !" ਇਸ ਸਮੇਂ ਮੈਂ ਬੜੀ ਹੀ ਮੁਸੀਬਤ ਵਿਚ ਫਸਿਆ ਹੋਇਆ ਸਾਂ । ਨਾ ਮੈਂ ਉਠ ਕੇ ਜਾਣ ਜੋਗਾ, ਨਾ ਮੈਂ ਉਥੇ ਬਹਿਣ ਜੋਗਾ । ਮੈਂ ਆਪਣੀਆਂ ਦੋਹਾਂ ਬਾਹਾਂ ਨਾਲ ਹਮਲੇ ਰੋਕ ਰਿਹਾ ਸਾਂ । ਪਰ ਜਿੰਨਾ ਵੀ ਮੈਂ ਬਚਦਾ ਸਾਂ, ਉਨਾ ਵੱਧ ਮੁਸੀਬਤ ਆਉਂਦੀ ।

ਗ਼ਜ਼ਨੀ ਦੇ ਮਹਿਮੂਦ ਨੇ ਹਿੰਦੋਸਤਾਨ ਉਤੇ ਸਤਾਰਾਂ ਹਮਲੇ ਕੀਤੇ ਹਨ । ਪਰ ਜਿੰਨੇ ਹਮਲੇ ਮੇਰੇ ਉਤੇ ਇਸ ਸਮੇਂ ਹੋ ਰਹੇ ਸਨ, ਮਹਿਮੂਦ ਦੇ ਸਤਾਰਾਂ ਹਮਲੇ ਉਹਨਾਂ ਅੱਗੇ ਹੇਚ ਸਨ । ਮਹਿਮੂਦ ਦੇ ਹਮਲੇ ਉਂਗਲੀਆਂ ਦੇ ਪੋਟੇ ਗਿਣੇ ਜਾ ਸਕਦੇ ਹਨ । ਪਰ ਇਹ ਹਮਲੇ...ਉਫ਼...ਤੋਬਾ । ਸੱਚ ਜਾਣੋ, ਇਸ ਸਮੇਂ ਮੈਂ ਰੋਣ ਹਾਕਾ ਹੋ ਗਿਆ ਸਾਂ ।

ਆਖ਼ਿਰ ਗੁਰੂ ਜੀ ਅੰਦਰ ਆਏ । ਮੈਂ ਆਖਿਆ : "ਗੁਰੂ ਜੀ, ਤੁਸੀਂ ਕਿੱਧਰ ਚਲੇ ਗਏ ? ਮੇਰਾ ਹਾਲ ਤਾਂ ਪੁਛ ਲਓ ਆ ਕੇ !"

ਗੁਰੂ ਹੋਰਾਂ ਨੇ ਡਾਂਟਿਆ । ਪਰ ਉਹਨਾਂ ਦੀ ਡਾਂਟ ਦੇ ਬਾਵਜੂਦ ਹਮਲੇ ਅਜੇ ਵੀ ਜਾਰੀ ਸਨ । "ਆ ਲੜੀਏ ! ਆ ਲੜੀਏ !" ਪਰ ਹੁਣ ਹਮਲੇ ਹੌਲੀ ਹੌਲੀ ਧੀਮੇ ਹੁੰਦੇ ਜਾ ਰਹੇ ਸਨ । ਆਖ਼ਿਰ ਹਮਲੇ ਹਟ ਗਏ । ਪਰ ਹਟੇ ਬੜੀ ਮੁਸ਼ਕਲ ਨਾਲ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਆਪਣੇ ਜੀਵਨ ਦੀ ਇਕ ਘਟਨਾ ਯਾਦ ਆ ਰਹੀ ਹੈ। ਬੜੀ ਪੁਰਾਣੀ ਘਟਨਾ ਹੈ। ਮੇਰੀ ਉਮਰ ਉਸ ਸਮੇਂ ਕੋਈ ਚਾਰ ਕੁ ਵਰ੍ਹੇ ਦੇ ਨੇੜੇ ਸੀ। ਅਸੀਂ ਨਾਹਣ ਰਹਿੰਦੇ ਸਾਂ। ਇਹ ਪਹਾੜੀ ਰਿਆਸਤ ਹੈ। ਨਾਹਣ ਬਾਂਦਰ ਬਹੁਤ ਹਨ। ਦਿਨ ਵਿਚ ਵੀ ਕੋਠਿਆਂ ਉਤੇ ਛਾਲਾਂ ਮਾਰਦੇ ਫਿਰਦੇ ਹਨ ਤੇ ਘਰਾਂ ਵਿਚ ਆ ਜਾਂਦੇ ਹਨ।

ਜਿਥੇ ਅਸੀਂ ਰਹਿੰਦੇ ਸਾਂ, ਮਕਾਨ ਦੀ ਉਤਲੀ ਮੰਜ਼ਲ ਸੀ ਤੇ ਉਤੇ ਪੱਕੀ ਛੱਤ ਸੀ ਤੇ ਛੱਤ ਉਤੇ ਦੋ ਬਾਂਸ—ਜਾਂ ਬਾਂਸਾਂ ਦੀ ਕੋਈ ਪੌੜੀ ਜਿਹੀ—ਇਸ ਤਰੀਕੇ ਪਏ ਸਨ ਜੋ ਛੱਤ ਤੋਂ ਥੋੜਾ ਉੱਚੇ ਸਨ। ਮੈਂ ਕੋਠੇ ਉਤੇ ਗਿਆ ਤੇ ਬਾਂਸਾਂ ਉਤੇ ਬਹਿ ਗਿਆ ਤੇ ਝੂਟਣ ਜਿਹਾ ਲਗ ਪਿਆ। ਕੁਝ ਹੀ ਮਿੰਟ ਹੋਏ ਸਨ ਕਿ ਦੋ ਤਿੰਨ ਬਾਂਦਰ ਆਏ ਤੇ ਮੈਨੂੰ ਝੂਲਾ ਝੂਲਦੇ ਨੂੰ ਬਾਂਸਾਂ ਉਤੇ ਚੰਬੜ ਗਏ। ਸਾਫ਼ ਹੈ, ਮੈਂ ਡਰਿਆ ਅਤੇ ਚੀਕਾਂ ਮਾਰਨ ਲਗ ਪਿਆ। ਬਾਂਦਰ "ਚਿੜ ਚਿੜ" ਕਰਦੇ ਤੇ ਮੈਨੂੰ ਝਪਟਾਂ ਮਾਰਦੇ। ਬਾਂਦਰਾਂ ਨੇ ਮੇਰੇ ਕੱਪੜੇ ਲੀਰਾਂ ਲੀਰਾਂ ਕਰ ਦਿਤੇ ਸਨ।

ਹੇਠਾਂ, ਮੇਰੀ ਮਾਂ ਨੇ ਜਦ ਮੇਰੀਆਂ ਚੀਕਾਂ ਸੁਣੀਆਂ ਤਾਂ ਕੋਠੇ ਉਤੇ ਨੱਸੀ ਆਈ। ਬਾਂਦਰਾਂ ਨੂੰ ਹਟਕਿਆ। ਉਸਦੇ ਆਉਂਦੀ ਸਾਰ ਹੀ ਬਾਂਦਰ ਮੈਨੂੰ ਛਡ ਕੇ ਚਲੇ ਗਏ।

ਮੈਨੂੰ, ਅਜ ਇਸ ਹਮਲੇ ਨਾਲ, ਨਾਹਣ ਵਾਲਾ ਬਾਂਦਰਾਂ ਦਾ ਹਮਲਾ ਯਾਦ ਆ ਗਿਆ ਸੀ। ਮੈਨੂੰ ਅੱਜ ਇੰਗਲੈਂਡ ਵਿਚ ਜਾਂ ਇਹ "ਬਾਂਦਰ" ਚੰਬੜੇ ਸਨ, ਜਾਂ ਫੇਰ ਕਦੇ ਨਾਹਣ ਵਿਚ। ਅੱਧੀ ਸਦੀ ਦੋਹਾਂ ਦੇ ਵਿਚਕਾਰ ਖਲੋਤੀ ਹੋਈ ਸੀ।

ਕਹਿੰਦੇ ਸਨ, ਨਾਹਣ ਮੈਨੂੰ ਇਸ ਲਈ ਬਾਂਦਰ ਚੰਬੜੇ ਸਨ ਕਿ ਕੋਠੇ ਉਤੇ ਆ ਕੇ ਮੈਂ ਬਾਂਸਾਂ ਉਤੇ ਬਹਿ ਗਿਆ ਸਾਂ ਤੇ ਝੂਲਾ ਝੂਲ ਰਿਹਾ ਸਾਂ। ਬਾਂਦਰਾਂ ਨੂੰ ਸਾੜਾ ਹੋਇਆ। ਇਹ ਤਾਂ ਉਹਨਾਂ ਦਾ ਕੰਮ ਹੈ—ਬਾਂਸਾਂ ਉਤੇ ਬੈਠਣਾ ਤੇ ਏਧਰ ਉਧਰ ਲਮਕਣਾ। ਪਰ, ਅੱਜ ਇਹਨਾਂ "ਬਾਂਦਰਾਂ" ਦੇ ਹਮਲੇ ਦਾ ਕੀ ਕਾਰਨ ਸੀ ? ਇਸ ਦੀ ਸਮਝ ਨਹੀਂ ਆਈ। ਸ਼ਾਇਦ ਇਹਨਾਂ "ਬਾਂਦਰਾਂ" ਨੂੰ ਮੈਂ ਵੀ ਬਾਂਦਰ ਦਿਸਿਆ ਹੋਵਾਂ, ਅਤੇ ਉਹ ਸੋਚਣ ਲਗੇ ਹੋਣ ਕਿ ਏਥੇ ਮੈਂ ਕਿਉਂ ਆਇਆ ਹਾਂ ਜਦ ਕਿ ਉਹ ਮੌਜੂਦ ਹੀ ਹਨ ?

ਗੁਰੂ ਜੀ ਨੇ ਆਉਂਦੀ ਸਾਰ ਸਰਵਣ ਸਿੰਘ ਅਮੋਲਕ ਨੂੰ ਟੈਲੀਫੋਨ ਕਰ ਦਿਤਾ ਤੇ ਮੇਰੇ ਬਾਰੇ ਦੱਸ ਦਿਤਾ ਸੀ ਕਿ ਮੈਂ ਏਥੇ, ਈਸਟ ਹੈਮ, ਉਹਨਾਂ ਨਾਲ ਪੁੱਜ ਗਿਆ ਹਾਂ। ਅਗਲੇ ਦਿਨ ਅਮੋਲਕ ਹੋਰੀ ਮੈਨੂੰ ਲੈਣ ਲਈ ਆਏ ਤੇ ਅਸੀਂ ਈਸਟ ਹੈਮ ਤੋਂ, ਅੰਡਰ-ਗਰਾਊਂਡ ਰੇਲ ਰਾਹੀਂ, ਹੰਸਲੋ ਲਈ ਚੱਲ ਪਏ। ਪਹਿਲੀ ਵਾਰ ਮੈਂ ਅੰਡਰਗਟਾਊਂਡ ਰੇਲ ਨੂੰ ਦੇਖ ਰਿਹਾ ਸਾਂ।

ਅੰਡਰਗਰਾਊਂਡ ਫੜਨ ਲਈ ਅਸੀਂ ਕਾਫ਼ੀ ਦੂਰ ਤੀਕਰ ਧਰਤੀ ਹੇਠਾਂ ਜਾਣਾ ਸੀ। ਅਸੀਂ ਬੜੀ ਸਹਿਜ ਨਾਲ ਲਿਫ਼ਟ ਦੀਆਂ ਆਟੋਮੈਟਕ ਪੌੜੀਆਂ ਉਤੇ ਪੈਰ ਧਰਿਆ। ਮੈਨੂੰ ਨਹੀਂ ਸੀ ਪਤਾ ਕਿ ਹੁਣੇ ਮੇਰੇ ਪੈਰਾਂ ਹੇਠਾਂ ਪੌੜੀਆਂ ਬਣ ਜਾਣੀਆਂ ਹਨ। ਮੈਨੂੰ ਬੜੀ ਹੈਰਾਨੀ ਹੋਈ ਜਦੋਂ ਦੋ ਕੁ ਗਜ਼ਾਂ ਮਗਰੋਂ ਆਪਣੇ ਆਪ ਹੀ ਸਾਡੇ ਹੇਠਾਂ ਪੌੜੀਆਂ ਬਣ ਗਈਆਂ ਸਨ। ਇਕ ਪਾਸਿਓਂ ਇਹ ਪੌੜੀਆਂ ਹੇਠਾਂ ਵਲ ਜਾ ਰਹੀਆਂ ਸਨ ਤੇ ਦੂਜੇ ਪਾਸਿਓਂ ਇਹੋ ਜਿਹੀਆਂ ਹੀ ਉੱਪਰ ਵਲ ਆ ਰਹੀਆਂ ਸਨ। ਅਸੀਂ ਬੜੇ ਆਰਾਮ ਨਾਲ ਜੰਗਲੇ ਉਤੇ ਹੱਥ ਰਖ ਕੇ ਪੌੜੀ ਉਤੇ ਖੜੇ ਸਾਂ ਤੇ ਆਪਣੇ ਆਪ ਹੌਲੀ ਹੌਲੀ ਹੇਠਾ ਵਲ ਜਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ ਸਾਂ। ਹੇਠਾਂ, ਫ਼ਰਸ਼ ਆਉਣ ਨਾਲ, ਪੌੜੀਆਂ ਖ਼ਤਮ ਹੋਈਆਂ ਤੇ ਦੋ ਕੁ ਗਜ਼ ਉਰੇ ਤੋਂ ਹੀ ਪੱਟੀ ਪੱਧਰੀ ਹੋ ਗਈ। ਜਿਸ ਸਮੇਂ ਮੈਂ ਪੱਟੀ ਉਤੋਂ ਫ਼ਰਸ਼ ਉਤੇ ਪੈਰ ਰਖਿਆ, ਨਵਾਂ ਹੋਣ ਕਰਕੇ, ਮੈਂ ਝੂਟਾ ਜਿਹਾ ਖਾ ਗਿਆ। ਅਮੋਲਕ ਜੀ ਨੇ ਆਖਿਆ : 'ਬਚ ਕੇ, ਬਚਾ ਕੇ, ਬਸ ਆਪ ਮੁਹਾਰੇ ਜਿਹਾ ਸਹਿਜ ਹੀ ਪੈਰ ਰਖਿਆ ਕਰੋ, ਫੇਰ ਨਹੀਂ ਵੱਜਦਾ ਝੂਟਾ।''

ਜਿਵੇਂ ਕਿਸੇ ਸੁਰੰਗ ਵਿਚੋਂ, ਨੀਲੇ ਅਤੇ ਚਿੱਟੇ ਰੰਗ ਦੀ ਦਨਦਨਾਂਦੀ ਰੇਲ ਆਈ। ਗੱਡੀ ਬਹੁਤ ਸੁਹਣੀ ਸੀ। ਅੰਦਰ ਬੜੇ ਹੀ ਕੂਲੇ ਕੂਲੇ ਮਖ਼ਮਲੀ ਸੋਫੇ ਬਣੇ ਸਨ। ਸੀਟਾਂ ਵਖੋ ਵਖ ਸਨ। ਇਹ ਨਹੀਂ ਕਿ ਇਕ ਦੂਜੇ ਨਾਲ ਲਗ ਲਗ ਕੇ ਬੈਠਿਆ ਜਾਵੇ। ਬਾਰੀਆਂ ਆਪੇ ਖੁਲ੍ਹਦੀਆਂ ਤੇ ਆਪੇ ਬੰਦ ਹੋ ਜਾਂਦੀਆਂ। ਇਹ ਗਾਰਡ ਦੀ ਡਿਊਟੀ ਸੀ।

ਹੌਲਬੋਰਨ (Holborn) ਸਟੇਸ਼ਨ ਸੀ। ਸਾਨੂੰ ਸ਼ਾਇਦ ਹੌਲਬੋਰਨ ਤੋਂ ਗੱਡੀ ਬਦਲਣੀ ਪਈ ਸੀ। ਹੌਲਬੋਰਨ ਅਸੀਂ ਪਲੇਟ ਫ਼ਾਰਮ ਉਤੇ ਖੜੇ ਸਾਂ। ਸਾਡੇ ਬਿਲਕੁਲ ਨੇੜੇ ਹੀ, ਇਕ ਨੌਜਵਾਨ ਤੇ ਸੁੰਦਰ ਜੋੜਾ, ਸ਼ਰੇਆਮ ਹੀ ਇਕ ਦੂਜੇ ਦੇ ਹੋਠਾਂ ਨੂੰ ਚੁੰਮ ਰਿਹਾ ਸੀ। ਦੋਵੇਂ ਬਹੁਤ ਸੁਹਣੇ ਸਨ। ਲੰਮੇ, ਪਤਲੇ ਅਤੇ ਜਵਾਨ। ਕੁੜੀ ਦੇ ਵਾਲ ਸੁਨਹਿਰੀ ਸਨ ਜੋ ਕਿਰਨਾਂ ਦੇ ਇਕ ਥੱਬੇ ਵਾਂਗੂ ਪਿਛੇ ਸੁੱਟੇ ਹੋਏ ਸਨ। ਮੁੰਡਾ, ਉਸ ਤੋਂ ਥੋੜਾ ਉੱਚਾ, ਵਾਰ ਵਾਰ ਉਸ ਕੁੜੀ ਦੇ ਹੋਠਾਂ ਉਤੇ ਝੁਕ ਝੁਕ ਜਾਂਦਾ। ਕੁੜੀ ਵੀ ਆਪਣੇ ਪੱਬਾਂ ਉਤੇ ਉਡ ਉਡ ਉਸ ਲਈ ਉੱਚੀ ਹੁੰਦੀ। ਇਹ ਉਹ ਦੁਨੀਆਂ ਨਹੀਂ ਸੀ ਜਿਹੜੀ ਦੋ ਪ੍ਰੇਮੀਆਂ ਦੇ ਰਾਹ ਵਿਚ ਹਾਇਲ ਹੋ ਜਾਂਦੀ ਹੈ। ਇਹ, ਇਸ ਮੁਆਮਲੇ ਵਿਚ, ਆਕਾਸ਼ਾਂ ਉਤੇ ਉਡਣ ਵਾਲੇ ਪੰਖੇਰੂਆਂ ਦੀ ਦੁਨੀਆਂ ਸੀ। ਕੋਈ, ਉਹਨਾਂ ਦੇ ਇਸ ਕੰਮ ਵਿਚ, ਦਖ਼ਲ ਨਹੀਂ ਦੇ ਸਕਦਾ ਸੀ ਤੇ ਨਾ ਹੀ ਕਿਸੇ ਨੂੰ ਸਾੜਾ ਸੀ। ਹਰ ਕੋਈ ਆਪਣੇ ਆਪ ਵਿਚ ਇਕਾਗਰ ਹੋਇਆ ਖੜਾ ਸੀ।

ਲਗ ਪਗ ਇਕ ਹਜ਼ਾਰ ਕਿੱਸਾਂ (Kisses) ਉਹਨਾਂ ਨੇ ਪਲੇਟ ਫ਼ਾਰਮ ਉਤੇ ਸਭ ਦੇ ਸਾਹਮਣੇ ਕੀਤੀਆਂ। ਲੋਕੀ, ਪਲੇਟ ਫ਼ਾਰਮ ਉਤੇ, ਉਹਨਾਂ ਲਈ ਲੋਕੀ ਨਹੀਂ ਸਨ, ਕਿਸੇ ਜੰਗਲ ਦੇ ਬਿਰਛ ਸਨ ਜੋ ਉਹਨਾਂ ਲਈ ਹਊਆ ਨਹੀਂ ਸਨ। ਲੋਕਾਂ ਲਈ ਵੀ ਉਹਨਾਂ ਦਾ ਅਮਲ ਕੋਈ ਗ਼ੈਰ-ਕੁਦਰਤੀ ਨਹੀਂ ਸੀ, ਸਗੋਂ ਸਭ ਕੁਝ ਠੀਕ ਹੀ ਸੀ। ਇਹ ਸਮਾਜੀ ਕੀਮਤ ਸੀ ਜੋ ਸਾਥੋਂ ਬਿਲਕੁਲ ਵੱਖਰੀ ਸੀ। ਸਾਡੇ ਤਾਂ ਇਹ ਅਮਲ ਸਭ ਕੁਝ ਤਹਿਸ ਨਹਿਸ਼ ਕਰ ਸਕਦਾ ਹੈ, ਇਉਂ, ਸਭ ਦੇ ਸਾਹਮਣੇ, ਅਤੇ ਫੇਰ ਜਨਤਕ ਥਾਵਾਂ ਉਤੇ। ਏਥੇ ਇਸ ਨਾਲ ਫ਼ਰਕ ਨਹੀਂ ਪੈਂਦਾ।

ਜਦੋਂ ਗੱਡੀ ਆਈ ਤਾਂ ਇਹ ਜੋੜਾ ਵੀ ਸਾਡੇ ਵਾਲੇ ਡੱਬੇ ਵਿਚ ਹੀ ਚੜ੍ਹਿਆ ਸੀ।

ਸੀਟਾਂ ਰੁਕੀਆਂ ਹੋਈਆਂ ਸਨ। ਅਸੀਂ ਸਭ ਖਲੋਤੇ ਸਾਂ। ਜੋੜਾ ਸਾਡੇ ਸਭਨਾਂ ਵਿਚ ਹੀ ਕਿੱਸਾਂ ਵਿਚ ਮਸਰੂਫ਼ ਸੀ। ਗੁਲਾਬ ਦੇ ਦੋ ਸੁੰਦਰ ਫੁੱਲ ਵਾਰ ਵਾਰ ਜੁੜ ਰਹੇ ਸਨ। ਬੜੀ ਹੀ ਸੁਹਣੀ ਮਹਿਕ ਸੀ ਇਹਨਾਂ ਸੁੰਦਰ ਫੁੱਲਾਂ ਦੀ।

ਇਹ ਜੋੜਾ ਰਸਤੇ ਵਿਚ ਪਿਕਾਡਲੀ ਸਰਕਸ ਉਤਰ ਗਿਆ। ਅਸੀਂ, ਉਸ ਤੋਂ ਥੋੜਾ ਅੱਗੇ, ਹੰਸਲੋ ਈਸਟ ਲਹਿਣਾ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਆਹ ਗੁਰਦੁਆਰੇ ਵਿਚ ਸੀ । ਏਥੇ ਸਭ ਵਿਆਹ ਗੁਰਦੁਆਰਿਆਂ ਵਿਚ ਹੀ ਹੁੰਦੇ ਹਨ—ਖ਼ਾਸ ਕਰਕੇ ਸਿੱਖਾਂ ਦੇ । ਬੰਦੇ ਕਾਫ਼ੀ ਹੁੰਦੇ ਹਨ । ਜ਼ਾਤ ਪਾਤ, ਦਾਜ ਦਹੇਜ, ਏਥੇ ਸਗੋਂ ਬਹੁਤਾ ਹੈ । ਜਿੰਨਾ ਫ਼ਰਕ ਕਰੰਸੀ ਵਿਚ ਪੌਂਡ ਅਤੇ ਰੁਪਏ ਦਾ ਹੈ, ਉਨੀ ਨਿਸਬਤ ਨਾਲ ਹੀ ਏਥੇ ਦਾਜ ਦਹੇਜ ਵੀ ਬਹੁਤਾ ਹੈ । ਇਹ ਲਾਅਣਤ ਹਿੰਦੋਸਤਾਨ ਤੋਂ ਏਥੇ ਨਾਲ ਹੀ ਆਈ ਹੈ । ਚੰਗੇ ਚੰਗੇ ਆਲਿਮ ਫ਼ਾਜ਼ਿਲ, ਜਿਹੜੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਿੱਖਿਆ ਦੇਣ ਦੇ ਯੋਗ ਹਨ, ਦਾਜ ਦਹੇਜ ਦੀਆਂ ਰਸਮਾਂ ਅੱਗੇ ਸਿਰ ਨੀਵਾਂ ਕਰ ਦਿੰਦੇ ਹਨ । ਉਂਜ ਮਹਿਸੂਸ ਸਭ ਕਰਦੇ ਹਨ, ਪਰ ਅਮਲ ਕਰਨ ਦੀ ਤਾਕਤ ਨਹੀਂ । ਸਮਾਜ ਦਾ ਹਊਆ ਹਿੰਦੋਸਤਾਨ ਤੋਂ ਏਥੇ ਨਾਲ ਹੀ ਆਇਆ ਹੈ । ਉਹੀਓ ਸਾਡੀ ਸੋਚ ਹੈ ।

ਏਥੇ ਪੰਡਤ ਵਿਸ਼ਨੂੰ ਦੱਤ ਕਾਫ਼ੀ ਉੱਘੀ ਸ਼ਖ਼ਸੀਅਤ ਹਨ । ਪੰਜਾਬ ਵਿਚ ਉਹ ਕਦੇ ਲਾਲ ਪਾਰਟੀ ਵਿਚ ਹੁੰਦੇ ਸਨ । ਇੰਗਲੈਂਡ ਵਿਚ ਉਹ ਸੀ.ਪੀ.ਜੀ.ਬੀ. (ਕਮਿਊਨਿਸਟ ਪਾਰਟੀ ਆਫ਼ ਗਰੇਟ ਬ੍ਰਿਟੇਨ) ਦੀ ਕੌਮੀ ਐਗਜ਼ੈਕਟਿਵ ਦੇ ਮੈਂਬਰ ਹਨ । ਵਿਆਹ ਵਿਚ ਉਹ ਵੀ ਆਏ ਸਨ । ਪਹਿਲਾਂ ਉਹ ਬੋਲੇ ਤੇ ਫੇਰ ਮੈਂ ਤਕਰੀਰ ਕੀਤੀ । ਮੈਂ ਤਕਰੀਰ ਕੀ ਕਰਨੀ ਸੀ, ਜ਼ਾਤ ਪਾਤ ਜਾਂ ਦਾਜ ਦਹੇਜ ਦੇ ਵਿਰੁਧ ਹੀ ਹੋਕਾ ਦੇਣਾ ਸੀ ? ਪਰ, ਜਿਥੋਂ ਤਕ ਮੈਂ ਵੇਖਦਾ ਹਾਂ, ਹੋਕੇ ਕੋਈ ਵੀ ਸੁਣਦਾ ਨਹੀਂ । ਠੀਕ ਤਾਂ ਸਭ ਹੀ ਕਹਿੰਦੇ ਹਨ, ਪਰ ਠੀਕ ਕਹਿਣ ਤੋਂ ਅੱਗੇ ਨਹੀਂ । ਜਿਹੜੀਆਂ ਗੱਲਾਂ ਠੀਕ ਹਨ, ਉਹ ਅਮਲ ਵੀ ਤਾਂ ਚਾਹੁੰਦੀਆਂ ਹਨ ।

ਖ਼ੈਰ, ਵਿਆਹ ਸਮਾਪਤ ਹੋਇਆ । ਫੇਰ ਸਾਰੇ ਪੱਬ ਨੂੰ ਗਏ । ਲੜਕੀ ਵਾਲੇ, ਲੜਕੇ ਵਾਲੇ, ਸਾਰੇ ਪੱਬ ਵਿਚ ਪਹੁੰਚ ਗਏ । ਪਹਿਲਾਂ ਬੀਅਰ ਪੀਤੀ ਤੇ ਫੇਰ ਸ਼ਰਾਬ ਪੀਤੀ ਗਈ । ਬੀਅਰ ਅਤੇ ਸ਼ਰਾਬ ਏਥੇ ਸਭ ਤੋਂ ਵੱਡੀ ਖ਼ਾਤਰ ਹੈ । ਬੀਅਰ ਅਤੇ ਸ਼ਰਾਬ ਤੋਂ ਬਿਨਾਂ ਕੋਈ ਵੀ ਖ਼ਾਤਰ ਪੂਰੀ ਨਹੀਂ ।

ਔਰਤਾਂ ਪੱਬ ਨਹੀਂ ਜਾਂਦੀਆਂ । ਉਹ ਵਿਆਹ ਤੋਂ ਮਗਰੋਂ ਵਾਪਸ ਘਰ ਨੂੰ ਚਲੀਆਂ ਜਾਂਦੀਆਂ ਹਨ ।

ਇਸ ਵਿਆਹ ਵਿਚ ਗਿਆਨੀ ਦਰਸ਼ਨ ਸਿੰਘ ਵੀ ਆਏ ਹੋਏ ਸਨ ਅਤੇ ਸ਼ਿਵਰਾਜ ਸਿੰਘ ਮਾਨ ਵੀ । ਕਦੇ ਗਿਆਨੀ ਦਰਸ਼ਨ ਸਿੰਘ ਮੰਡੀ ਗੋਬਿੰਦਗੜ੍ਹ ਟੀਚਰ ਸਨ । ਅਸੀਂ ਉਦੋਂ ਦੇ ਵਾਕਫ਼ ਸਾਂ । ਐਸ. ਐਸ. ਅਮੋਲਕ, ਗਿਆਨੀ ਜੀ ਤੇ ਮਾਨ ਹੋਰੀ, ਇਹਨਾਂ ਸਭਨਾਂ ਕੋਲ ਹੀ ਮੈਂ ਕੁਝ ਦਿਨ ਏਥੇ ਰਹਿਣਾ ਤੇ ਫੇਰ ਕਾਵੈਂਟਰੀ ਜਾਣਾ ਸੀ ।

ਖਾਣਾ ਖਾਣ ਤੋਂ ਮਗਰੋਂ ਮੈਂ ਗਿਆਨੀ ਜੀ ਨਾਲ ਚਲਿਆ ਗਿਆ । ਉਹਨਾਂ ਦੀ ਇੱਛਾ ਹੋਈ ਕਿ ਸ਼ਾਮ ਨੂੰ ਉਹ ਮੈਨੂੰ ਕਿਸੇ ਚੰਗੇ ਪੱਬ ਵਿਚ ਲੈ ਕੇ ਜਾਣ । ਫ਼ੋਨ ਕਰ ਕੇ ਇਕ ਦੋ ਸੱਜਣ ਹੋਰ ਉਹਨਾਂ ਸੱਦ ਲਏ ਸਨ ।

ਬਾਹਰ ਕਿਸੇ ਜੰਗਲ ਵਿਚ ਇਕ ਬਹੁਤ ਹੀ ਸੁਹਣਾ ਪੱਬ ਸੀ । ਜੂਨ ਦਾ ਅੰਤਲਾ ਦਿਨ ਸੀ । ਗਰਮੀਆਂ ਦੇ ਮੌਸਮ ਵਿਚ ਏਥੇ ਰਾਤ ਦੇ ਦਸ ਵਜੇ ਤਕ ਦਿਨ ਹੀ ਜਾਪਦਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦਾ ਹੈ । ਜਿਵੇਂ ਸੂਰਜ ਕਿਸੇ ਓਟ ਵਿਚ ਲੁਕ ਕੇ ਸਭ ਕੁਝ ਤਕਦਾ ਹੋਵੇ । ਸ਼ਾਮ ਸਾਵੀ ਹੁੰਦੀ ਹੈ, ਤੇ ਥੋੜੀ ਥੋੜੀ ਕਾਸਣੀ ।

ਅੱਜ ਸ਼ਾਮ ਕੁਝ ਏਕਣ ਸੀ ਜਿਵੇਂ ਸਾਉਣ ਵਿਚ ਮੀਂਹ ਤੋਂ ਮਗਰੋਂ ਅੰਬਰ ਨਿਖਰਿਆ ਹੁੰਦਾ ਹੈ । ਨਿੱਕੇ ਨਿੱਕੇ ਤਾਰੇ ਸਨ ਜੋ ਨਿੱਕਾ ਨਿੱਕਾ ਟਿਮਕਦੇ । ਅਸੀਂ ਉਤੇ ਦੇਖਿਆ । ਚੰਦਰਮਾ ਆਕਾਸ਼ ਉਤੇ ਡਲ੍ਹਕਾਂ ਮਾਰ ਰਿਹਾ ਸੀ । ਆਕਾਸ਼ ਦੀ ਨੀਲੀ ਥਾਲੀ ਵਿਚ ਚੰਦਰਮਾ ਦੀ ਗੋਲ ਰੋਟੀ । ਤਾਰੇ, ਜਿਵੇਂ ਧਰਤੀ ਉਤੇ ਕਿਸੇ ਨੇ ਚੌਲ ਖਿਲਾਰੇ ਹੋਣ । ਏਨਾ ਸੁਹਣਾ ਤੇ ਵੱਡਾ ਚੰਨ ਇੰਗਲੈਂਡ ਲਈ ਇਕ ਤੁਹਫ਼ਾ ਸੀ । ਇਹ ਤੁਹਫ਼ਾ ਕਿਸ ਨੇ ਦਿਤਾ ਸੀ ? ਸ਼ਾਇਦ ਮੇਰੇ ਭਾਰਤ ਨੇ । ਸਾਡਾ ਚੰਨ ! ਸਾਡਾ ਸੂਰਜ !

ਦੂਜੇ ਪਾਸੇ ਦੇਖਿਆ । ਅਰਗ਼ਵਾਨੀ ਬੱਦਲ ਸਨ । ਉਹੀਓ ਸਾਉਣ ਦੇ ਸੂਹੇ ਬੱਦਲ ਏਥੇ ਕਿਵੇਂ ਆ ਗਏ ਸਨ ? ਵਿਚੋਂ ਗੂਹੜੇ, ਗੁਲਾਬੰਸੀ, ਸਿਰਿਆਂ ਉਤੋਂ ਮੋਤੀਆ । ਇਕ ਪਾਸੇ ਸੂਹੇ ਰੰਗ ਦੀ ਇਕ ਲਕੀਰ ਜਿਹੀ ਪਈ ਸੀ ਜਿਵੇਂ ਕਿਸੇ ਨਵੀਂ ਵਿਆਹੀ ਕੁੜੀ ਦੀ ਚੁੰਨੀ ਉਡਦੀ ਹੋਵੇ । ਅੱਜ ਆਕਾਸ਼ ਬਿਲਕੁਲ ਮੈਨੂੰ ਭਾਰਤ ਵਰਗਾ ਜਾਪਿਆ । ਸਿਰਫ਼ ਇਸ ਆਕਾਸ਼ ਹੇਠਾਂ ਭਾਰਤ ਨਹੀਂ, ਇੰਗਲੈਂਡ ਸੀ ।

ਅਸੀਂ ਪੱਬ ਦੇ ਅੰਦਰ ਨਹੀਂ, ਬ਼ਾਹਰ ਲਾਅਨ ਵਿਚ ਬੈਠੇ ਸਾਂ । ਗੀਨਸ, ਬਿੱਟਰ, ਲਾਗਰ, ਮਾਈਲਡ, ਸਾਡੇ ਸਾਹਮਣੇ ਵੰਨ ਸੁਵੰਨੇ ਰੰਗਾਂ ਵਿਚ ਫਬ ਰਹੀਆਂ ਸਨ ।

ਦੁਨੀਆਂ ਭਰ ਦੇ ਮਿਹਨਤਕਸ਼ਾਂ ਦੇ ਦਰਦੀ ਅਤੇ ਰਾਹਨੁਮਾ ਸਾਥੀ ਕਾਰਲ ਮਾਰਕਸ ਇੰਗਲੈਂਡ ਵਿਚ ਰਹਿੰਦੇ ਰਹੇ ਹਨ । ਹਾਈ ਗੇਟ ਕਬਰਸਤਾਨ ਵਿਚ, ਲੰਡਨ, ਉਹਨਾਂ ਦੀ ਕਬਰ ਹੈ । ਅਗਲੇ ਦਿਨ ਅਸੀਂ ਉਹਨਾਂ ਦੀ ਕਬਰ ਦੇਖਣ ਚਲੇ ਗਏ । ਪਰ ਹਾਈ ਗੇਟ ਦੇ ਬੂਹੇ ਨੂੰ ਅੱਜ ਤਾਲਾ ਵਜਿਆ ਹੋਇਆ ਸੀ । ਕੁਝ ਜਨੂਨੀ ਲੋਕਾਂ ਨੇ, ਜੋ ਮਾਰਕਸਵਾਦ ਦੇ ਵਿਰੁਧ ਸਨ, ਸਮਾਜਵਾਦ ਦੇ ਵਿਰੁਧ ਸਨ, ਦੁਨੀਆਂ ਭਰ ਦੇ ਮਿਹਨਤ-ਕਸ਼ਾਂ ਤੇ ਮੁਫ਼ਲਿਸਾਂ ਦੇ ਵਿਰੁਧ ਸਨ, ਤੇ ਆਪਣੇ ਆਪ ਦੇ ਵਿਰੁਧ ਸਨ, ਮਾਰਕਸ ਦੇ ਬੁੱਤ ਨੂੰ ਨੁਕਸਾਨ ਪੁਚਾਇਆ ਹੋਇਆ ਸੀ ਤੇ ਕਿਸੇ ਨੂੰ ਵੀ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ । ਕਿੰਨੀ ਬੱਚਗਾਨਾ ਅਤੇ ਬੁਜ਼ਦਿਲਾਨਾ ਹਰਕਤ ਹੈ । ਮਾਰਕਸ ਦਾ ਬੁੱਤ ਤੋੜ ਕੇ, ਸਮਝਦੇ ਹਨ, ਦੁਨੀਆਂ ਵਿਚੋਂ ਮਾਰਕਸਵਾਦ ਮਿਟ ਜਾਵੇਗਾ ਤੇ ਹੁਣ ਸੰਸਾਰ ਵਿਚ ਕਿਤੇ ਵੀ ਕੋਈ ਇਨਕਲਾਬ ਨਹੀਂ ਆਵੇਗਾ । ਪਰ ਇਹ ਸੋਚ ਛੋਟੀ ਹੈ । ਹਲਕੀ ਅਤੇ ਤੰਗ ਦ੍ਰਿਸ਼ਟੀ ।

ਕਦੇ ਇਸ ਸੰਸਾਰ ਵਿਚ ਗੁਰੂ ਨਾਨਕ ਆਏ ਸਨ । ਭਾਈ ਗੁਰਦਾਸ ਨੇ ਕਿਹਾ ਸੀ : "ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ।" ਨਿਰਸੰਦੇਹ, ਇਹੀਓ ਕਥਨ ਅੱਜ ਮਾਰਕਸ ਬਾਰੇ ਵੀ ਸੱਚ ਹੈ । ਜਿਨ੍ਹਾਂ ਦੇ ਆਉਣ ਨਾਲ ਧੁੰਦਾਂ ਮਿਟਣ, ਉਹਨਾਂ ਦੇ ਬੁੱਤ ਨਹੀਂ ਟੁੱਟਦੇ ਹੁੰਦੇ ।

ਸ਼ਾਮੀ ਛੇ ਕੁ ਵਜੇ ਨਾਲ ਮੈਂ ਮਾਨ ਹੋਰਾਂ ਵਲ ਚਲਿਆ ਗਿਆ । ਇਕ ਬੜਾ ਹੀ ਚੰਗਾ ਜੋੜਾ ਮਾਨ ਹੋਰਾਂ ਦਾ ਮਿੱਤਰ ਸੀ ਜੋ ਉਹਨਾਂ ਵਲ ਆਇਆ ਹੋਇਆ ਸੀ । ਅਸੀਂ ਘਰ ਦੇ ਪਿਛਲੇ ਪਾਸੇ ਬਾਗ਼ ਵਿਚ ਬੈਠੇ ਹੋਏ ਸਾਂ । ਬੀਅਰ ਅਤੇ ਜੂਸ ਆਏ । ਮਰਦ ਬੀਅਰ ਪੀਂਦੇ ਸਨ, ਔਰਤਾਂ ਜੂਸ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱ[illegible] ਅਤੇ ਸੰਤਾਂ ਦੇ ਪਖੰਡਾਂ ਅਤੇ ਭਰਮਾਂ ਵਿਰੁਧ। ਵਿਚ ਵਿਚ ਕੋਈ ਪਿਛੇ ਖਿਚੂ ਗੱਲ ਵੀ ਆ ਜਾਂਦੀ ਸੀ। ਪਰ ਇਹ ਬਹੁਤ ਥੋੜੀ ਹੁੰਦੀ। ਸੋ ਗੁਲਾਬ ਦੇ ਫੁੱਲਾਂ ਵਿਚ ਇਕ ਮਹੀਨ ਜਿਹੇ ਕੰਡੇ ਵਾਂਗ। ਉਸ ਦੀ ਨੋਕ ਵੀ ਖੁੰਢੀ ਹੁੰਦੀ।

ਇਕ ਗੱਲ ਅਜੀਬ ਸੀ। ਆਮ ਕਰਕੇ ਸਾਧਾਂ ਸੰਤਾਂ ਦੇ ਹੱਕ ਵਿਚ ਔਰਤਾਂ ਹੁੰਦੀਆਂ ਹਨ। ਪਰ ਏਥੇ ਗੱਲ ਕੁਝ ਉਲਟ ਸੀ। ਏਥੇ ਇਕ ਮਰਦ ਉਹਨਾਂ ਦੇ ਹੱਕ ਵਿਚ ਬੋਲ ਰਿਹਾ ਸੀ ਤੇ ਉਸ ਦੀ ਪਤਨੀ ਉਹਨਾਂ ਦੇ ਵਿਰੁਧ। ਪਤਨੀ ਕਾਫ਼ੀ ਸੁਹਣੀ ਸੀ। ਵਿਚਾਰ ਵੀ ਉਨੇ ਹੀ ਸੁਹਣੇ ਸਨ। ਪਰ ਮਰਦ ਬਾਰੇ ਹੈਰਾਨੀ ਸੀ। ਅਤੇ ਉਹ ਬੁੱਢਾ ਵੀ ਨਹੀਂ ਸੀ, ਜਵਾਨ ਅਤੇ ਵਿਦਿਆਰਥੀ ਸੀ। ਉਸ ਦਾ ਸਿਰ ਤਾਂ ਸੂਰਜ ਵਾਂਗੂ ਰੌਸ਼ਨ ਹੋਣਾ ਚਾਹੀਦਾ ਸੀ।

## ੩

ਇੰਗਲੈਂਡ ਆਉਣ ਤੋਂ ਮਗਰੋਂ ਕਾਵੈਂਟਰੀ ਤੋਂ ਲੰਡਨ ਵਲ ਇਹ ਮੇਰੀ ਪਹਿਲੀ ਹੀ ਫੇਰੀ ਸੀ। ਅੱਜ ਮੈਨੂੰ ਲੰਡਨ ਆਇਆਂ ਛੇਵਾਂ ਦਿਨ ਹੋ ਗਿਆ ਸੀ। ਇੰਗਲੈਂਡ ਵਿਚ ਸਤਾਰਵਾਂ।

ਲੰਡਨ ਵਿਚ ਕੁਝ ਇਕ ਦਿਨ ਮੈਂ ਅਜੇ ਹੋਰ ਵੀ ਰਹਿਣਾ ਸੀ, ਪਰ ਕਿਸੇ ਕਾਰਨ ਅੱਜ ਹੀ ਮੈਨੂੰ ਕਾਵੈਂਟਰੀ ਵਾਪਸ ਜਾਣਾ ਪਿਆ।

ਇਸ ਸਮੇਂ ਮੈਂ ਹੰਸਲੋ ਅਮੋਲਕ ਜੀ ਦੇ ਘਰ ਸਾਂ। ਸਵੇਰ ਦੇ ਨੌਂ ਕੁ ਵਜੇ ਸਨ। ਪਰੋਗਰਾਮ ਬਣਿਆ ਕਿ ਹੁਣ ਅਸੀਂ ਲੰਡਨ ਵਿਚ ਕੁਝ ਇਕ ਥਾਵਾਂ ਦੇਖੀਏ ਤੇ ਸ਼ਾਮ ਨੂੰ ਵਿਕਟੋਰੀਆ ਤੋਂ ਕੋਚ ਰਾਹੀਂ ਕਾਵੈਂਟਰੀ ਜਾਈਏ। ਕਾਵੈਂਟਰੀ ਅਮੋਲਕ ਹੋਰਾਂ ਵੀ ਮੇਰੇ ਨਾਲ ਹੀ ਜਾਣਾ ਸੀ। ਉਹਨਾਂ ਨੇ ਕਿਸੇ ਨੂੰ ਮਿਲਣਾ ਸੀ।

ਅੱਜ ਅਸੀਂ ਕੋਹਨੂਰ ਹੀਰਾ ਦੇਖਣ ਜਾਣਾ ਸੀ।

ਪਹਿਲਾਂ ਅਸੀਂ ਅੰਡਰਗਰਾਊਂਡ ਰੇਲ ਵਿਚ ਕੁਝ ਸਫ਼ਰ ਕੀਤਾ। ਫੇਰ ਥੇਮਜ਼ ਦੇਖਿਆ। ਅਸੀਂ ਟਾਵਰ ਬਰਿੱਜ ਆਏ। ਖ਼ੂਬਸੂਰਤ ਟਾਵਰ ਬਰਿੱਜ ਬੜਾ ਹੀ ਖਿੱਚਾਂ-ਭਰਿਆ ਸੀ। ਇਮਾਰਤੀ ਕਲਾ ਬੜੀ ਹੁਸੀਨ। ਜਿਵੇਂ ਪੱਥਰ ਯੁਗ ਹੀ ਹੋਵੇ।

ਟਾਵਰ ਬਰਿੱਜ ਸਾਡੇ ਹਾਵੜਾ ਬਰਿੱਜ ਤੋਂ ਕਾਫ਼ੀ ਛੋਟਾ ਹੈ। ਕਿਉਂਕਿ ਹੁਗਲੀ ਵੱਡੀ ਹੈ ਅਤੇ ਥੇਮਜ਼ ਛੋਟਾ ਹੈ। ਪਰ ਹੁਸੀਨ ਬਹੁਤ ਹੈ। ਇਸ ਪੁਲ ਦਾ ਨੀਂਹ-ਪੱਥਰ ੨੧ ਜੂਨ, ੧੮੮੬ ਨੂੰ ਰਖਿਆ ਗਿਆ ਸੀ। ਨੀਂਹ-ਪੱਥਰ ਐਚ. ਆਰ. ਐਚ. ਐਲਬਰਟ ਐਡਵਰਡ, ਪ੍ਰਿੰਸ ਆਫ਼ ਵੇਲਜ਼, ਨੇ ਰਖਿਆ ਸੀ। ਮਲਿਕਾ ਵਿਕਟੋਰੀਆ ਨੇ ਪੰਜਾਹ ਸਾਲ ਆਪਣੀ ਸਲਤਨਤ ਦੇ ਪੂਰੇ ਕੀਤੇ ਸਨ। ਇਹ ਨੀਂਹ-ਪੱਥਰ ਉਸ ਦੀ ਖ਼ੁਸ਼ੀ ਵਜੋਂ ਰਖਿਆ ਗਿਆ ਸੀ।

ਆਪਣੇ ਨਾਲ ਅਮੋਲਕ ਹੋਰੀ ਕੈਮਰਾ ਵੀ ਲੈ ਆਏ ਸਨ। ਉਹਨਾਂ ਟਾਵਰ ਬਰਿੱਜ ਦੇ ਨੇੜੇ ਮੇਰੀਆਂ ਕਈ ਤਸਵੀਰਾਂ ਖਿੱਚੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਟਾਵਰ ਆਫ਼ ਲੰਡਨ ਸੀ। ਅਸੀਂ ਜਿਊਲਰੀ ਹਾਊਸ ਗਏ। ਵੰਨ ਸੁਵੰਨੀਆਂ ਖ਼ਿਲਅਤਾਂ, ਚੋਗ਼ਿਆਂ ਤੇ ਤਾਜਾਂ ਨਾਲ ਕਮਰੇ ਜਗਮਗਾਉਂਦੇ ਸਨ। ਬਾਦਸ਼ਾਹਾਂ ਦੇ ਜ਼ੇਵਰ ਅਤੇ ਸੋਨੇ ਚਾਂਦੀ ਦੇ ਬਰਤਨ ਸਨ। ਏਥੇ ਤਿੰਨ ਤਾਜ ਸਨ। ਮਲਿਕਾ ਵਿਕਟੋਰੀਆ ਦਾ ਸੰਨ ੧੮੭੦ ਦਾ, ਦੂਜਾ ਦਿੱਲੀ ਦਰਬਾਰ ਵਾਲਾ (੧੯੧੧ ਦਾ) ਜਾਰਜ ਪੰਜਮ ਵਾਲਾ ਤਾਜ; ਤੀਜਾ ੧੯੩੭ ਵਾਲਾ ਮਲਿਕਾ ਐਲਜ਼ਬੈਥ ਦੂਜੀ ਦਾ। ਮਲਿਕਾ ਵਿਕਟੋਰੀਆ ਦਾ ਤਾਜ ਕਾਫ਼ੀ ਛੋਟਾ ਸੀ ਤੇ ਸੱਗੀ ਵਾਂਗੂ ਦਿਸਦਾ ਸੀ। ਇਹ ਸੋਨੇ ਦਾ ਬਣਿਆ ਹੋਇਆ ਸੀ।

ਹਾਂ, ਕੋਹਨੂਰ ਹੀਰਾ ਮਲਿਕਾ ਐਲਜ਼ਬੈਥ ਦੂਜੀ ਦੇ ਤਾਜ ਵਿਚ ਜੜਿਆ ਹੋਇਆ ਸੀ।

ਪਹਿਲਾਂ ਮੇਰਾ ਖ਼ਿਆਲ ਸੀ ਕਿ ਕੋਹਨੂਰ ਹੀਰਾ ਅਖ਼ਰੋਟ ਜਿੱਡਾ ਹੋਵੇਗਾ ਤੇ ਜਿਥੇ ਪਿਆ ਹੋਵੇਗਾ, ਚਾਰ ਚੁਫੇਰੇ ਦੀਵੇ ਵਾਂਗੂ ਚਾਨਣ ਕਰਦਾ ਹੋਵੇਗਾ। ਪਰ ਇਹ ਲੱਖਣ ਗਲਤ ਸੀ। ਹੀਰਾ ਵੱਡਾ ਨਹੀਂ ਸੀ, ਲਗ ਪਗ ਗੰਠੇ ਜਿੰਨਾ ਸੀ ਤੇ ਦੀਵੇ ਵਾਂਗੂ ਚਾਰ ਚੁਫੇਰੇ ਡਲ੍ਹਕਾਂ ਨਹੀਂ ਸੀ ਮਾਰਦਾ, ਕਿਸੇ ਸਿਤਾਰੇ ਦੇ ਟੁਕੜੇ ਵਾਂਗੂ ਚਮਕਾਂ ਮਾਰ ਰਿਹਾ ਸੀ। ਹੀਰਾ ਸਾਥੋਂ ਕਾਫ਼ੀ ਦੂਰ ਸ਼ੀਸ਼ੇ ਦੇ ਬਕਸੇ ਵਿਚ ਸੀ। ਅਸੀਂ ਆਪਣੇ ਇਸ ਹੀਰੇ ਨੂੰ ਦੂਰੋਂ ਹੀ ਤੱਕ ਸਕਦੇ ਸਾਂ।

ਮੇਰੇ ਦਿਲ ਵਿਚ ਵੰਨ ਸੁਵੰਨੇ ਜਜ਼ਬੇ ਉਗਮ ਆਏ ਸਨ। ਇਹ ਹੀਰਾ ਮੇਰਾ ਹੈ। ਇਹ ਮੇਰੇ ਦੇਸ਼ ਦੀ ਗੋਲਕੰਡਾ ਕਾਨ ਵਿਚੋਂ ਨਿਕਲਿਆ ਤੇ ਉਸੇ ਦੀ ਮਲਕੀਅਤ ਹੈ। ਕਦੇ ਮੇਰਾ ਹਿੰਦੋਸਤਾਨ ਇਸ ਨੂੰ ਵਾਪਸ ਲਵੇਗਾ। ਉਹ ਦਿਨ ਆਉਣ ਵਾਲੇ ਹਨ।

ਇਹ ਤਾਜ ਨੀਲੇ ਰੰਗ ਦੀ ਮਖ਼ਮਲ ਦਾ ਬਣਿਆ ਹੋਇਆ ਸੀ ਜਿਸ ਵਿਚ ਹੀਰਾ ਜੜਿਆ ਸੀ।

ਕਹਿੰਦੇ ਹਨ, ਅਸਲ ਵਿਚ ਇਹ ਹੀਰਾ ਕਾਫ਼ੀ ਵੱਡਾ ਸੀ। ਪਰ ਇਹ ਹੀਰਾ ਤੋੜ ਤੋੜ ਕੇ ਕਈ ਤਾਜਾਂ ਵਿਚ ਲਾਇਆ ਗਿਆ।

ਇਹ ਹੀਰਾ ਚੰਗੀ ਤਰ੍ਹਾਂ ਤਰਾਸ਼ਿਆ ਘੜਿਆ ਹੋਇਆ ਸੀ, ਬਿਲਕੁਲ ਗੋਲ ਨਹੀਂ ਸੀ। ਰੰਗ ਬਿਲਕੁਲ ਚਿੱਟਾ ਸੀ। ਹੀਰਾ ਤਾਜ ਦੇ ਸਾਹਮਣੇ ਐਨ ਵਿਚਕਾਰ ਵਿਚ ਜੜਿਆ ਹੋਇਆ ਸੀ। ਹੀਰਾ ਕਿਸੇ ਸਿਤਾਰੇ ਵਾਂਗੂ ਚਮਕ ਚਮਕ ਕਹਿ ਰਿਹਾ ਸੀ: "ਭਾਰਤ ਵਾਸੀ! ਮੈਨੂੰ ਦੇਖ। ਕੀ ਹਾਲ ਐ ਭਾਰਤ ਦਾ?"

ਕਿੰਨੀ ਕੀਮਤ ਹੋਵੇਗੀ? ਕਿਸੇ ਨੇ ਲੱਖਣ ਲਾਇਆ ਸੀ ਕਿ ਇਸ ਦੀ ਕੀਮਤ ੩੧੭.੪੦ ਕੈਰਟ ਸੋਨਾ ਹੈ। ਯਾਨੀ ਇਸ ਕੀਮਤ ਨਾਲ ਸਾਰੀ ਦੁਨੀਆਂ ਤਿੰਨ ਮਹੀਨੇ ਰੋਟੀ ਖਾ ਸਕਦੀ ਹੈ। ਕੌਣ ਏਨੀ ਕੀਮਤ ਦੇ ਕੇ ਇਹ ਹੀਰਾ ਲੈ ਸਕਦਾ ਹੈ? ਇਹ ਤਾਂ ਜਿਸ ਵੀ ਲਿਆ ਹੈ, ਬਾਹੂ ਬਲ ਨਾਲ ਲਿਆ ਹੈ। ਅਸਲ ਵਿਚ ਤਾਂ ਬਾਹੂ ਬਲ ਹੀ ਇਸ ਹੀਰੇ ਦੀ ਕੀਮਤ ਹੈ।

ਹੁਣ ਅਸੀਂ ਟਾਵਰ ਬਰਿੱਜ ਤੋਂ ਵੈਸਟ ਮਨਿਸਟਰ ਜਾਣਾ ਸੀ। ਅਮੋਲਕ ਜੀ ਨੇ ਆਖਿਆ: "ਬੋਟ ਵਿਚ ਨਾ ਸਫ਼ਰ ਕਰੀਏ? ਥੇਮਜ਼ ਵਿਚੋਂ ਚੱਲਾਂਗੇ। ਇਹ ਵੀ ਲਹਿਰਾਂ ਲੈ ਕੇ ਦੇਖੋ। ਛਡੋ ਪਰ੍ਹੇ ਗੱਡੀਆਂ ਬੱਸਾਂ।"



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਬੋਟ ਵਿਚ ਬੈਠ ਗਏ। ਜਹਾਜ਼ ਬੜਾ ਅਡੋਲ ਸੀ। ਭਾਰਤ ਵਾਂਗੂ ਪਾਣੀ ਉਤੇ ਉੱਕਾ ਨਹੀਂ ਸੀ ਡੋਲਦਾ। ਪਤਾ ਨਹੀਂ, ਇਹ ਗੁਣ ਦਰਿਆ ਦੀਆਂ ਲਹਿਰਾਂ ਵਿਚ ਹੀ ਸੀ ਜਾਂ ਉਸ ਬੋਟ ਦਾ ਗੁਣ ਹੀ ਸੀ। ਪਾਣੀ ਡੜਿਆ ਹੁੰਦਾ ਤਾਂ ਉਹ ਵੀ ਨਹੀਂ ਸੀ ਛਲਕਣਾ।

ਕਹਿੰਦੇ ਸਨ ਕਿ ਪਾਣੀ ਨੂੰ ਹੀ ਉਹਨਾਂ ਨੇ ਸਾਧਿਆ ਹੋਇਆ ਸੀ।

ਬੋਟ ਬੜੀ ਹੀ ਸੁਹਣੀ ਚਾਲ ਨਾਲ ਥੇਮਜ਼ ਵਿਚ ਜਾ ਰਿਹਾ ਸੀ। ਫ਼ੌਰਨ ਪੁਲ ਆ ਜਾਂਦਾ ਸੀ। ਵਾਰ ਵਾਰ ਸਾਡਾ ਬੋਟ ਪੁਲਾਂ ਹੇਠੋਂ ਗੁਜ਼ਰਦਾ। ਦੋਵੇਂ ਪਾਸੇ ਲੰਡਨ ਸੀ। ਅਨੇਕਾਂ ਪੁਲ, ਦੋਵੇਂ ਪਾਸਿਓਂ, ਦੁਨੀਆਂ ਦੇ ਇਸ ਵੱਡੇ ਸ਼ਹਿਰ ਨੂੰ ਥੇਮਜ਼ ਉਤੇ ਜੋੜਦੇ।

ਥੇਮਜ਼ ਵਿਚ ਛੋਟੇ ਮੋਟੇ ਹੋਰ ਵੀ ਬੋਟ ਚਲ ਰਹੇ ਸਨ। ਏਥੇ ਸਭ ਤੋਂ ਵੱਡੀ ਘੜੀ ਬਿੱਗ ਬੈਨ (Big Ben)) ਆ ਗਈ ਸੀ ਜੋ ਦੂਰੋਂ ਸਮਾਂ ਦੱਸ ਰਹੀ ਸੀ। ਦਿਨ ਦੇ ਦੋ ਵਜ ਰਹੇ ਸਨ।

ਥੇਮਜ਼ ਵਿਚੋਂ ਪਾਰਲੀਮੈਂਟ ਦੀ ਚਿੱਟੀ ਬਿਲਡਿੰਗ ਨਜ਼ਰ ਆਈ। ਬਿਲਡਿੰਗ ਕਾਫ਼ੀ ਸੁਹਣੀ ਸੀ, ਪਰ ਥੋੜੀ ਜਿਹੀ ਮੈਲੀ ਅਤੇ ਧੁਆਂਖੀ ਜਿਹੀ ਹੋ ਗਈ ਸੀ। ਸਾਡੀ ਆਪਣੀ ਪਾਰਲੀਮੈਂਟ ਦੀ ਬਿਲਡਿੰਗ ਬਹੁਤ ਸੁਹਣੀ ਹੈ, ਪਰ ਇਸ ਦਾ ਗੌਰਵ ਵੱਡਾ ਹੈ। ਇਸ ਨੇ ਅੱਧੀ ਦੁਨੀਆਂ ਉਤੇ ਰਾਜ ਕਮਾਇਆ ਹੋਇਆ ਹੈ। ਭਾਵੇਂ ਇਸ ਦਾ ਤਪ ਤੇਜ ਹੁਣ ਮੱਠਾ ਪੈਂਦਾ ਜਾਂਦਾ ਹੈ।

ਥੇਮਜ਼ ਵਿਚ ਨੇੜੇ ਹੀ ਇਕ ਫ਼ੌਜੀ ਜਹਾਜ਼ ਖੜਾ ਸੀ। ਤੋਪਾਂ ਬੀੜੀਆਂ ਹੋਈਆਂ ਸਨ। ਪਾਣੀਆਂ ਵਾਲਾ ਜੰਗੀ ਜਹਾਜ਼ ਮੈਂ ਪਹਿਲੀ ਵਾਰੀ ਦੇਖਿਆ।

ਇਕ ਜਹਾਜ਼ ਪੁਰਾਣੇ ਸਮੇਂ ਦਾ ਓਲਡ ਕੈਲੇਡੋਨੀਅਲ (Old Caledoniol) ਵੀ ਥੇਮਜ਼ ਵਿਚ ਖਲੋਤਾ ਸੀ। ਇਹ ਸਿਰਫ਼ ਦੇਖਣ ਲਈ ਹੀ ਸੀ। ਖ਼ਾਸ ਕਰਕੇ ਅੱਜ ਦੀ ਨਵੀਂ ਨਸਲ ਦੇ ਅਧਿਅਨ ਲਈ।

ਥੇਮਜ਼ ਦਾ ਨਜ਼ਾਰਾ ਰਾਤ ਨੂੰ ਦੇਖਣ ਵਾਲਾ ਹੁੰਦਾ ਹੈ। ਲੱਖਾਂ ਬੱਲਬ ਥੇਮਜ਼ ਉਤੇ ਜਗਮਗ ਕਰ ਰਹੇ ਹੁੰਦੇ ਹਨ। ਸਾਰੇ ਪੁਲ ਸ਼ਿੰਗਾਰੇ ਹੋਏ। ਸਾਰਾ ਥੇਮਜ਼ ਦੀਪ ਮਾਲਾ ਦੀਆਂ ਲੜੀਆਂ ਨਾਲ ਸ਼ਿੰਗਾਰਿਆ ਹੋਇਆ। ਇੰਗਲੈਂਡ ਥੇਮਜ਼ ਨੂੰ ਦੁਲਹਨ ਵਾਂਗ ਸ਼ਿੰਗਾਰ ਕੇ ਰੱਖਣਾ ਚਾਹੁੰਦਾ ਹੈ।

ਕਈ ਵਾਰ ਥੇਮਜ਼ ਵਿਚ ਬੜੀ ਤੇਜ਼ ਹਵਾ ਵੀ ਵਗੀ। ਵਾਰ ਵਾਰ ਮੈਂ ਉਡਦੀ ਜਾਂਦੀ ਆਪਣੀ ਪੱਗ ਨੂੰ ਸਾਂਭਦਾ। ਏਧਰ ਉਧਰ ਦੇਖਣ ਲਈ ਬਹੁਤਾ ਸਫ਼ਰ ਥੇਮਜ਼ ਵਿਚ ਮੈਂ ਖੜੇ ਖੜੇ ਹੀ ਕੀਤਾ ਸੀ।

ਅਸੀਂ ਪਾਰਲੀਮੈਂਟ ਦਾ ਇਜਲਾਸ ਵੀ ਦੇਖਣਾ ਚਾਹੁੰਦੇ ਸਾਂ। ਪਰ ਲਾਈਨ ਬਹੁਤ ਲੰਮੀ ਸੀ ਤੇ ਵਾਰੀ ਦਿਸਦੀ ਨਹੀਂ ਸੀ ਆਉਂਦੀ। ਘੰਟਾ ਡੇਢ ਘੰਟਾ ਅਸੀਂ ਇੰਤਜ਼ਾਰ ਕੀਤਾ ਤੇ ਫੇਰ ਅਸੀਂ ਚਲੇ ਆਏ।

ਸ਼ਾਮੀ ਅਸੀਂ ਲੰਡਨ ਤੋਂ ਕਾਵੈਂਟਰੀ ਪੁਜ ਗਏ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕਾਵੈਂਟਰੀ ਗੁਰਦੁਆਰੇ ਵਿਚ

ਅੱਜ ੧੪ ਜੁਲਾਈ ਸੀ। ਅੱਜ ਮੈਨੂੰ ਕਾਵੈਂਟਰੀ ਦੇ ਗੁਰੂ ਨਾਨਕ ਪ੍ਰਕਾਸ਼ ਗੁਰਦੁਆਰੇ ਵਿਚ ਸੱਦਿਆ ਗਿਆ ਸੀ। ਮੈਂ ਤਕਰੀਰ ਕਰਨੀ ਸੀ।

ਸਵੇਰੇ ਗਿਆਰਾਂ ਵਜੇ ਮੈਨੂੰ ਆਉਣ ਲਈ ਕਿਹਾ ਗਿਆ ਸੀ। ਪੰਜਾਬ ਦੇ ਮਾਲ ਮੰਤਰੀ ਸ੍ਰ: ਉਮਰਾਓ ਸਿੰਘ ਵੀ ਇੰਗਲੈਂਡ ਆਏ ਹੋਏ ਸਨ। ਉਹਨਾਂ ਨੇ ਵੀ ਆਉਣਾ ਸੀ।

ਮੈਂ ਸਮੇਂ ਸਿਰ ਪੁਜ ਗਿਆ ਸਾਂ। ਪ੍ਰਬੰਧਕ ਮੇਰੇ ਸਵਾਗਤ ਲਈ ਗੁਰਦੁਆਰੇ ਤੋਂ ਬਾਹਰ ਆਏ।

ਸਾਫ਼ ਹੈ, ਮੇਰੇ ਬਾਰੇ ਸਭਨਾਂ ਨੂੰ ਹੀ ਪਤਾ ਸੀ ਕਿ ਮੈਂ ਕਮਿਊਨਿਸਟ ਹਾਂ। ਬੜੀ ਹੀ ਨਿਰਮਾਣਤਾ, ਪਰ ਥੋੜੀ ਜਿਹੀ ਉਚੇਚ, ਨਾਲ ਮੈਨੂੰ ਪੁੱਛਿਆ ਗਿਆ ਸੀ ਕਿ ਮੈਂ ਕੀ ਕੁਝ ਬੋਲਾਂਗਾ। ਮੈਂ ਗੁਰਦੁਆਰਿਆਂ ਵਿਚ ਜਦ ਵੀ ਕਦੇ ਬੋਲਦਾ ਹਾਂ, ਮੇਰਾ ਵਿਸ਼ਾ ਗੁਰੂਆਂ ਦੀ ਵਿਚਾਰਧਾਰਾ ਹੀ ਹੁੰਦਾ ਹੈ। ਗੁਰੂਆਂ ਦੀ ਵਿਚਾਰਧਾਰਾ ਬੜੀ ਹੀ ਸਿਹਤਮੰਦ ਹੈ। ਗੁਰੂਆਂ ਦੀ ਵਿਚਾਰਧਾਰਾ ਮੁਗ਼ਲ ਸਾਮਰਾਜ ਵਿਰੁੱਧ ਝੰਡਾ ਚੁੱਕਣ ਵਾਲੀ ਸੀ। ਰਾਜਿਆਂ ਨਵਾਬਾਂ ਨੂੰ ਉਹ ਚੰਗਾ ਨਹੀਂ ਸਨ ਸਮਝਦੇ। ਸਾਡੇ ਗੁਰੂ ਕਿਰਤੀਆਂ ਕਿਸਾਨਾਂ ਵਲ ਖਲੋਂਦੇ ਸਨ ਤੇ ਕਾਮਿਆਂ ਦੇ ਹਿਤੂ ਸਨ। ਮਲਿਕ ਭਾਗੋ ਉਹਨਾਂ ਲਈ ਸਮਾਜ ਦਾ ਗੰਦ ਤੇ ਕੋਹੜ ਸਨ।

ਅਸੀਂ ਕਮਿਊਨਿਸਟ ਵੀ ਅੱਜ ਲਾਲੋਆਂ ਤੇ ਭਾਗੋਆਂ ਵਿਚ ਤਰਫ਼ਦਾਰ ਬਣ ਜਾਂਦੇ ਹਾਂ ਤੇ ਸਾਮਰਾਜ ਦੇ ਵੈਰੀ ਹਾਂ। ਅਸੀਂ ਮਲਿਕ ਭਾਗੋਆਂ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ। ਮਲਿਕ ਭਾਗੋ ਬਾਜ਼ ਹਨ, ਭਾਈ ਲਾਲੋ ਚਿੜੀਆਂ। ਅਸੀਂ ਭਾਈ ਲਾਲੋਆਂ ਨੂੰ ਤਾਕਤ ਦੇਣਾ ਚਾਹੁੰਦੇ ਹਾਂ।

ਅਸੀਂ ਗੁਰੂ ਨਾਨਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸੱਚੇ ਨਾਮ ਲੇਵਾ ਹਾਂ। ਪਰ ਜਿਹੜੇ ਲੋਕੀ ਗੁਰਦੁਆਰਿਆਂ ਉਤੇ ਛਾਏ ਹੋਏ ਹਨ, ਉਹ ਸਾਨੂੰ ਗ਼ਲਤ ਕਹਿੰਦੇ ਹਨ। ਕਿਉਂ ? ਇਸ ਦਾ ਕਾਰਨ ਕੀ ? ਉਹ ਮਲਿਕ ਭਾਗੋਆਂ ਦੇ ਹਿਤਾਂ ਦੇ ਪਹਿਰੇਦਾਰ ਹਨ। ਉਹਨਾਂ ਦੇ ਦਿਲ ਵਿਚ ਕਿਰਤੀਆਂ ਕਿਸਾਨਾਂ ਲਈ ਕੋਈ ਦਰਦ ਨਹੀਂ। ਕੁਝ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਸਾਡੀ ਸਮਝ ਨਹੀਂ। ਉਹਨਾਂ ਦਾ ਡਰ ਭੁਲੇਖਿਆਂ ਵਿਚੋਂ ਪੈਦਾ ਹੋਇਆ ਹੁੰਦਾ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੈਰ ਮੈਂ ਉੱਤਰ ਦਿੱਤਾ ਸੀ ਕਿ ਮੈਂ ਸਿਰਫ ਗੁਰੂਆਂ ਦੀਆਂ ਸਿਖਿਆਵਾਂ ਬਾਰੇ ਹੀ ਬੋਲਾਂਗਾ। ਮੇਰਾ ਮਤਲਬ ਇਹ ਸੀ ਕਿ ਮੈਂ ਆਪਣਾ ਲਾਲ ਝੰਡਾ ਏਥੇ ਨਹੀਂ ਝੁਲਾਵਾਂਗਾ, ਉਹ ਮੈਂ ਗੁਰਦੁਆਰੇ ਦੀ ਹੱਦ ਤੋਂ ਬਾਹਰ ਹੀ ਉੱਚਾ ਚੁੱਕਾਂਗਾ।

ਉਹਨਾਂ ਨੂੰ ਤਸੱਲੀ ਹੋਈ। ਫੇਰ ਉਹਨਾਂ ਨੇ ਆਖਿਆ ਕਿ ਦੋ ਗੱਲਾਂ ਮੈਂ ਹੋਰ ਆਖਾਂ। ਇਕ, ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਦਾ ਜ਼ਿਕਰ ਕਰਾਂ। ਦੂਜੇ, ਏਥੇ ਲੋਹ-ਟੋਪ ਜਾਂ ਪੱਗ ਦਾ ਭਖਦਾ ਮਸਲਾ ਹੈ; ਸਰਕਾਰ ਸਾਨੂੰ ਮਲੋ ਮੱਲੀ ਟੋਪ ਪਾਉਣ ਲਈ ਕਹਿੰਦੀ ਹੈ। ਮੈਂ ਇਹ ਨੁਕਤੇ ਨੋਟ ਕੀਤੇ।

ਮੰਤਰੀ ਉਮਰਾਓ ਸਿੰਘ ਜੀ ਅਜੇ ਨਹੀਂ ਆਏ ਸਨ, ਥੋੜਾ ਲੇਟ ਹੋ ਗਏ ਸਨ। ਮੈਨੂੰ ਬੋਲਣ ਲਈ ਕਿਹਾ ਗਿਆ।

ਅਸੀਂ ਲੋਕ ਆਮ ਕਰ ਕੇ ਜਦੋਂ ਬੋਲਣ ਲਗਦੇ ਹਾਂ ਤਾਂ ਸਭ ਤੋਂ ਪਹਿਲਾਂ ਪ੍ਰਧਾਨ ਨੂੰ ਸੰਬੋਧਨ ਕਰਦੇ ਹੁੰਦੇ ਹਾਂ। "ਸਤਿਕਾਰ ਯੋਗ ਪ੍ਰਧਾਨ ਜੀ ਜਾਂ ਮਾਨ ਯੋਗ ਪ੍ਰਧਾਨ ਜੀ।" ਸਾਹਿਤਕ ਸਮਾਗਮਾਂ ਜਾਂ ਕਵੀ ਦਰਬਾਰਾਂ ਆਦਿ ਵਿਚ ਵੀ ਇਵੇਂ ਹੀ ਆਖਿਆ ਜਾਂਦਾ ਹੈ। ਐਪਰ, ਗੁਰਦੁਆਰਿਆਂ ਵਿਚ, ਜਿਵੇਂ ਸਭ ਨੂੰ ਪਤਾ ਹੀ ਹੈ, ਕੋਈ ਪ੍ਰਧਾਨ ਨਹੀਂ ਹੁੰਦਾ। ਉਥੇ ਮਹਾਰਾਜ ਦੀ ਬੀੜ ਹੀ ਸਭ ਤੋਂ ਉੱਚੀ ਹੁੰਦੀ ਹੈ। "ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਆਖ ਕੇ ਉਥੇ ਬੋਲਿਆ ਜਾਂਦਾ ਹੈ। ਪਰ ਮੈਂ ਏਕਣ ਨਹੀਂ ਕਹਿੰਦਾ। ਮੇਰਾ ਢੰਗ ਕੁਝ ਹੋਰ ਹੈ। ਮੈਂ ਗੁਰੂ ਗ੍ਰੰਥ ਸਾਹਿਬ ਨੂੰ ਪਹਿਲਾ ਦਰਜਾ ਦਿੰਦਾ ਹਾਂ। ਨੰਬਰ ਦੋ ਮੇਰੇ ਲਈ ਉਹ ਗਰੰਥੀ ਹੁੰਦਾ ਹੈ ਜਿਹੜਾ ਉਦੋਂ ਮਹਾਰਾਜ ਦੇ ਤਾਬੇ ਬੈਠਾ ਹੁੰਦਾ ਹੈ। ਮੈਂ ਕਹਿੰਦਾ ਹਾਂ: "ਸ੍ਰੀ ਗੁਰੂ ਮਹਾਰਾਜ ਦੇ ਤਾਬਿਆ ਬੈਠੇ ਸਤਿਕਾਰ ਯੋਗ ਗਰੰਥੀ ਸਿੰਘ ਜੀ, ਭੈਣੋ ਤੇ ਭਾਈਓ!" ਫੇਰ ਮੈਂ ਬੋਲਣ ਲਗਦਾ ਹਾਂ। ਅੰਤ ਵਿਚ ਮੈਂ ਸਾਧ ਸੰਗਤ ਦਾ ਸ਼ੁਕਰੀਆ ਅਦਾ ਕਰਦਾ ਹਾਂ। "ਤੁਸੀਂ ਮੇਰੇ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ, ਮੈਂ ਤੁਹਾਡਾ ਸਾਰਿਆਂ ਦਾ ਸ਼ੁਕਰੀਆ ਅਦਾ ਕਰਦਾ ਹਾਂ।" ਯਾਨੀ ਕਿ ਮੈਂ ਅੰਤ ਵਿਚ ਵੀ "ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਨਹੀਂ ਕਹਿੰਦਾ। ਅਤੇ ਇਹ ਠੀਕ ਹੀ ਹੁੰਦਾ ਹੈ। "ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਨਾ ਕਹਿਣਾ ਕਿਸੇ ਨੂੰ ਵੀ ਖਟਕਦਾ ਨਹੀਂ। ਕਿਉਂਕਿ ਜੋ ਮੈਂ ਕਹਿੰਦਾ ਹਾਂ, ਉਸ ਵਿਚ ਤਾਂ ਕਿਤੇ ਵਧ ਸਤਿਕਾਰ ਦੀ ਭਾਵਨਾ ਹੁੰਦੀ ਹੈ। "ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਆਖਣਾ ਮੈਨੂੰ ਜਚਦਾ ਨਹੀਂ ਹੈ। ਕਿਉਂਕਿ, ਅੱਜ, ਇਸ "ਫ਼ਤਹਿ" ਨੂੰ ਉਹ ਲੋਕ ਕਹਿ ਰਹੇ ਹਨ ਜੋ ਬਹੁਤ ਹੀ ਬਦਨਾਮ ਹਨ। ਕਦੇ "ਫ਼ਤਹਿ" ਦੇਸ਼ ਦੇ ਸਭ ਤੋਂ ਚੰਗੇ ਪੁੱਤਰ ਕਹਿੰਦੇ ਸਨ। ਅੱਜ ਫ਼ਿਰਕੂ ਕਹਿੰਦੇ ਹਨ। "ਫ਼ਤਹਿ" ਅਤੇ "ਨਮਸਤੇ" ਅੱਜ ਫ਼ਿਰਕੂਪਣੇ ਦੀ ਬੋਲੀ ਹੈ। ਹਾਂ, "ਨਮਸਕਾਰ" ਹੈ। ਇਹ ਧਰਮ ਨਿਰਪੇਖ ਹੈ। ਜੇ ਇਹ ਧਰਮ ਨਿਰਪੇਖ ਰਹਿ ਜਾਵੇ।

ਸੋ, ਮੈਂ ਇਵੇਂ ਹੀ ਆਖਿਆ। "ਸ੍ਰੀ ਗੁਰੂ ਗਰੰਥ ਸਾਹਿਬ ਦੇ ਤਾਬਿਆ ਬੈਠੇ ਗਰੰਥੀ ਸਿੰਘ ਜੀ, ਭੈਣੋ ਤੇ ਭਾਈਓ।" ਫੇਰ ਮੈਂ ਅੱਗੇ ਬੋਲਣ ਲਗਾ। ਤੇਤੀ ਮਿੰਟ ਮੈਂ ਬੋਲਿਆ। ਸਭ ਨੇ ਬੜੇ ਧਿਆਨ ਨਾਲ ਸੁਣਿਆ। ਸ੍ਰ: ਉਮਰਾਓ ਸਿੰਘ ਜੀ ਮੇਰੇ ਅੱਧ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਕਾਰ ਆਏ ਸਨ। ਨਾਲ ਇਕ ਸੁਲਤਾਨਪੁਰ ਦੇ ਐਮ. ਐਲ. ਏ. ਵੀ ਆਏ ਸਨ। ਦੋ ਤਿੰਨ ਸੱਜਣ ਹੋਰ ਵੀ ਸਨ। ਯਾਨੀ ਪੰਜ ਸੱਤ ਸੱਜਣ ਸਨ ਜਿਨ੍ਹਾਂ ਨੇ ਮੱਥਾ ਟੇਕਿਆ ਤੇ ਥਾਓਂ ਥਾਈਂ ਬੈਠੇ ਸਨ। ਪਰ ਮੈਂ ਆਪਣੇ ਬੋਲਣ ਵਿਚ ਕੋਈ ਵਿਘਨ ਮਹਿਸੂਸ ਨਹੀਂ ਕੀਤਾ। ਨਹੀਂ ਤਾਂ ਜਦੋਂ ਵਜ਼ੀਰ ਆਵੇ, ਕੁਝ ਨਾ ਕੁਝ ਧਿਆਨ ਲੋਕੀ ਉਸ ਵਲ ਕਰ ਹੀ ਲੈਂਦੇ ਹਨ।

ਮੈਂ ਪੱਗ ਬਾਰੇ ਵੀ ਬੋਲਿਆ ਅਤੇ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਬਾਰੇ ਵੀ ਬੋਲਿਆ। ਮੈਂ ਤਾਂ ਸਗੋਂ ਖ਼ੁਸ਼ ਸਾਂ ਕਿ ਮੈਨੂੰ ਊਧਮ ਸਿੰਘ ਬਾਰੇ ਵੀ ਬੋਲਣ ਲਈ ਕਿਹਾ ਗਿਆ ਹੈ। ਨਹੀਂ ਤਾਂ ਗੁਰਦੁਆਰਿਆਂ ਵਿਚ ਊਧਮ ਸਿੰਘ ਜਾਂ ਭਗਤ ਸਿੰਘ ਦਾ ਨਾਂ ਹੀ ਕੌਣ ਲੈਂਦਾ ਹੈ। ਬਹਾਨਾ ਇਹ ਹੋ ਜਾਂਦਾ ਹੈ ਕਿ ਉਹ ਤਾਂ ਪਤਿਤ ਹੋ ਗਏ ਸਨ। ਸਿਰਫ਼ ਕੇਸ ਕਟਾ ਲੈਣ ਨੂੰ ਅੱਗੇ ਕਰ ਲਿਆ ਜਾਂਦਾ ਹੈ। ਦੇਸ਼ ਕੌਮ ਲਈ ਜਾਨ ਵਾਰਨੀ ਓਹਲੇ ਕੀਤੀ ਜਾਂਦੀ ਹੈ। ਕੀ ਉਹਨਾਂ ਨੇ ਫ਼ੈਸ਼ਨ ਵਜੋਂ ਆਪਣੇ ਕੇਸ ਕਟਾਏ ਸਨ?

ਮੈਂ ਤਕਰੀਰ ਸਮਾਪਤ ਕੀਤੀ। "ਤੁਸੀਂ ਮੇਰੇ ਵਿਚਾਰਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ, ਮੈਂ ਤੁਹਾਡਾ ਸਾਰਿਆਂ ਦਾ ਸ਼ੁਕਰੀਆ ਅਦਾ ਕਰਦਾ ਹਾਂ।"

ਮੇਰੇ ਮਗਰੋਂ ਹੁਣ ਸ: ਉਮਰਾਓ ਸਿੰਘ ਨੇ ਬੋਲਣਾ ਸੀ। ਪਰ ਉਹਨਾਂ ਤੋਂ ਪਹਿਲਾਂ ਉਹਨਾਂ ਨਾਲ ਆਏ ਐਮ.ਐਲ.ਏ. ਸਾਹਿਬ ਨੂੰ ਵੀ ਬੋਲਣ ਲਈ ਆਖਿਆ ਗਿਆ। ਅਸੈਂਬਲੀ ਵਿਚ, ਨਿਰਸੰਦੇਹ, ਉਹ ਕਾਫ਼ੀ ਬੋਲਦੇ ਹੋਣਗੇ; ਪਰ ਏਥੇ ਪੰਜ ਕੁ ਮਿੰਟ ਹੀ ਬੋਲੇ। ਬੋਲੇ ਵੀ ਉਹ ਬਹੁਤ ਹੌਲੀ। ਸੰਗਤ ਬੜੀ ਹੀ ਚੰਗੀ ਸੀ। ਹਰ ਕਿਸੇ ਨੂੰ ਬੜੇ ਹੀ ਧਿਆਨ ਨਾਲ ਸੁਣ ਰਹੀ ਸੀ।

ਹੁਣ ਸ: ਉਮਰਾਓ ਸਿੰਘ ਜੀ ਬੋਲਣ ਲਈ ਆ ਗਏ ਸਨ। ਉਹਨਾਂ ਨੇ ਬੜੇ ਸਤਿਕਾਰ ਨਾਲ "ਵਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਆਖੀ। ਇਕ ਪਲ ਲਈ ਉਹਨਾਂ ਵਾਸਤੇ ਸੰਗਤ ਟਿਕ ਜਿਹੀ ਗਈ ਸੀ।

ਤਕਰੀਰ ਸ਼ੁਰੂ ਕਰਦੇ ਹੋਏ ਸ: ਉਮਰਾਓ ਸਿੰਘ ਨੇ ਕਿਹਾ : "ਮੈਂ ਕਿਸੇ ਪਾਰਟੀ ਦਾ ਪਰਚਾਰ ਨਹੀਂ ਕਰਾਂਗਾ; ਸਿਆਸੀ ਨਹੀਂ ਬੋਲਾਂਗਾ; ਸਿਰਫ਼ ਧਾਰਮਕ ਬੋਲਾਂਗਾ।" ਅੱਜ ਕਲ੍ਹ ਉਮਰਾਓ ਸਿੰਘ ਜੀ ਕਾਂਗਰਸ ਦੇ ਵਜ਼ੀਰ ਸਨ। ਕਦੇ ਅਕਾਲੀ ਹੁੰਦੇ ਸਨ। ਸੰਗਤ ਵਿਚੋਂ ਕਿਸੇ ਨੇ ਕੋਈ ਗੁੱਝੀ ਜਿਹੀ ਟੋਕ ਮਾਰੀ। ਸ: ਉਮਰਾਓ ਸਿੰਘ ਹੀ ਇਸ ਟੋਕ ਨੂੰ ਸਮਝ ਸਕਦੇ ਸਨ। ਉਹਨਾਂ ਨੇ ਬੜੀ ਹਲੀਮੀ ਨਾਲ ਥੋੜਾ ਰੁਕ ਕੇ ਆਖਿਆ : "ਦੇਖੋ, ਜੇ ਮੈਨੂੰ ਪੰਜ ਮਿੰਟ ਬੋਲਣ ਦੇਣੈ ਤਾਂ ਬੋਲਣ ਦਿਓ, ਨਹੀਂ ਮੈਂ ਚੁੱਪ ਕਰ ਜਾਂਦਾ ਹਾਂ।" ਵਿਚੋਂ ਕਿਸੇ ਨੇ ਆਖਿਆ : "ਬੋਲੋ ਜੀ—ਬੋਲੋ ਤੁਸੀਂ।" ਜਿਸ ਨੇ ਟੋਕ ਮਾਰੀ ਸੀ ਉਸ ਨੇ ਫੇਰ ਕੁਝ ਆਖਿਆ। ਤਦੇ ਉਸ ਨੂੰ ਕੋਲ ਬੈਠੇ ਇਕ ਦੋ ਬੰਦੇ ਰੋਕਣ ਲਗੇ : "ਆਪ ਨਹੀਂ ਜੇ ਸੁਣਨਾ ਤਾਂ ਸਾਨੂੰ ਤਾਂ ਕੁਝ ਸੁਣਨ ਦੇਹ!" ਟੋਕ ਮਾਰਨ ਵਾਲਾ ਸਾਡੇ ਪਿਛੇ ਜਿਹੇ ਹੀ ਬੈਠਾ ਸੀ। ਮੈਂ ਪਿਛੇ ਮੁੜ ਕੇ ਦੇਖਿਆ। ਸੂਹਣੀ ਨੀਲੀ ਪੱਗ ਵਾਲਾ ਇਕ ਬਜ਼ੁਰਗ ਜਿਹਾ ਬੰਦਾ ਸੀ। ਜਾਪਦਾ ਸੀ ਜਿਵੇਂ ਉਸ ਨੂੰ ਜ਼ਾਤੀ ਗੁੱਸਾ ਹੁੰਦਾ ਹੈ। ਅੱਖਾਂ ਵੀ ਕੁਝ ਲਾਲ ਸਨ।

ਸ: ਉਮਰਾਓ ਸਿੰਘ ਬੋਲਣ ਲਗੇ। ਉਹਨਾਂ ਨੇ ਕਿਸੇ ਪਾਰਟੀ ਦਾ ਨਾਂ ਤਾਂ ਨਹੀਂ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਆ ਸੀ, ਪਰ ਪੰਜਾਬ ਸਰਕਾਰ ਦੀ ਸਾਰੀ ਕਾਰਗੁਜ਼ਾਰੀ ਪੇਸ਼ ਕਰ ਦਿਤੀ ਸੀ। ਸੜਕਾਂ ਕਿੰਨੀਆਂ ਬਣੀਆਂ ਹਨ ਤੇ ਕਿੰਨੀਆਂ ਬਣਨ ਵਾਲੀਆਂ ਹਨ। ਬਿਜਲੀ ਕਿੰਨੀ ਦਿਤੀ ਹੈ ਤੇ ਕਿੰਨੀ ਅਜੇ ਦੇਣੀ ਹੈ। ਜਿਥੋਂ ਤਕ ਮੈਂ ਸਮਝਦਾ ਹਾਂ, ਹੋਰ ਉਹ ਉਥੇ ਕਹਿੰਦੇ ਵੀ ਕੀ? ਅਸੀਂ, ਹਿੰਦੋਸਤਾਨੀ, ਜਦੋਂ ਦੇਸ਼ ਤੋਂ ਬਾਹਰ ਹੁੰਦੇ ਹਾਂ ਤਾਂ ਦੇਸ਼ ਵਲ ਤੱਕਦੇ ਰਹਿੰਦੇ ਹਾਂ। ਪੰਜਾਬੀਆਂ ਨੂੰ ਆਪਣੇ ਘਰ ਪੰਜਾਬ ਦੀ ਯਾਦ ਆਉਂਦੀ ਹੈ। ਚਾਹੇ ਸਾਨੂੰ ਵੀਹ ਵੀਹ ਸਾਲ ਆਇਆਂ ਨੂੰ ਹੋ ਗਏ ਹਨ, ਪਰ ਪੰਜਾਬ ਭੁੱਲਦਾ ਨਹੀਂ।

ਅਸਲ ਵਿਚ ਵਜ਼ੀਰ ਸਾਡੇ ਚੌਕੀਦਾਰ ਹੁੰਦੇ ਹਨ--ਜੇ ਵਜ਼ੀਰ ਸਮਝਣ ਇਹ। ਅਸੀਂ ਬਾਹਰ ਬੈਠੇ ਹਾਂ, ਚੌਕੀਦਰ ਆਉਂਦਾ ਹੈ, ਉਸ ਦਾ ਫ਼ਰਜ਼ ਬਣਦਾ ਹੈ, ਸਾਨੂੰ ਸਾਰੀ ਹਾਲਤ ਦੱਸੇ। ਇਸ ਹਿਸਾਬ ਉਮਰਾਓ ਸਿੰਘ ਜੀ ਕਾਫ਼ੀ ਠੀਕ ਬੋਲੇ ਸਨ। ਬੋਲੇ ਵੀ ਸਿਆਸੀ ਸਨ। ਆਖ਼ਿਰ ਜਦੋਂ ਕੋਈ ਵਿਅਕਤੀ ਕਿਸੇ ਸਰਕਾਰ ਦੇ ਕੰਮਾਂ ਦੀ ਰਿਪੋਰਟ ਦੇ ਰਿਹਾ ਹੁੰਦਾ ਹੈ ਤਾਂ ਉਹ ਰਿਪੋਰਟ ਸਿਆਸਤ ਦਾ ਹੀ ਹਿੱਸਾ ਮੰਨੀ ਜਾਂਦੀ ਹੈ। ਸਿਆਸਤ ਜ਼ਹਿਰ ਨਹੀਂ ਹੈ। ਜਿਹੜੀ ਸਿਆਸਤ ਜ਼ਹਿਰ ਹੈ ਉਸ ਤੋਂ ਬਚਣਾ ਚਾਹੀਦਾ ਹੈ।

ਪਰ ਮੈਂ ਇਕ ਗੱਲ ਪੁੱਛਦਾ ਹਾਂ: ਕੀ ਕਿਸੇ ਅਕਾਲੀ ਨੂੰ ਵੀ ਗੁਰਦੁਆਰਾ ਕਮੇਟੀਆਂ ਵਾਲੇ ਇਹ ਗੱਲ ਪੁੱਛਦੇ ਹੋਣਗੇ ਕਿ ਉਹ ਕੀ ਕੁਝ ਬੋਲੇਗਾ? ਮੇਰਾ ਨਹੀਂ ਖ਼ਿਆਲ ਕਿ ਉਸ ਨੂੰ ਪੁੱਛਿਆ ਜਾਂਦਾ ਹੋਵੇ। ਉਹਨਾਂ ਲਈ ਤਾਂ ਗੁਰਦੁਆਰਾ ਖੁਲ੍ਹਾ ਛਡਿਆ ਜਾਂਦਾ ਹੈ। ਜੋ ਕੁਝ ਮਰਜ਼ੀ ਬੋਲਣ ਪਏ।

ਨਿਰਸੰਦੇਹ, ਅਕਾਲੀ ਪਾਰਟੀ ਇਕ ਸਿਆਸੀ ਪਾਰਟੀ ਹੈ। ਸਿਆਸਤ ਉਸ ਦੀ ਕੀ ਹੈ? ਥੋੜੇ ਜਿਹੇ ਜਾਗੀਰਦਾਰਾਂ ਦੇ ਹਿਤਾਂ ਦੀ ਰਾਖੀ ਕਰਦੇ ਜਾਣਾ। ਵੱਡੇ ਵੱਡੇ ਭੂਮੀ-ਪਤੀ ਅਕਾਲੀ ਦਲ ਵਿਚ ਸ਼ਾਮਲ ਹਨ। ਅਕਾਲੀ ਦਲ ਨੂੰ ਰਾਜਿਆਂ ਦੀ ਹੀ ਚਿੰਤਾ ਲਗੀ ਰਹਿੰਦੀ ਹੈ। ਕੀ ਇਹ ਸਿਆਸਤ ਗੁਰੂ-ਆਸ਼ੇ ਦੇ ਅਨੁਸਾਰ ਹੈ?

ਗੁਰੂ ਨਾਨਕ ਰਾਜਿਆਂ ਅਤੇ ਧਨ ਕੁਬੇਰਾਂ ਦੇ ਵਿਰੁਧ ਸਨ। ਪਰ, ਅਕਾਲੀ ਰਾਜਿਆਂ ਦੇ ਹੱਕ ਵਿਚ ਵੋਟ ਪਾਉਂਦੇ ਹਨ। ਫੇਰ ਵੀ ਉਹ ਗੁਰੂ ਨਾਨਕ ਦੇ ਪੱਕੇ ਸਿੱਖ ਹੀ ਰਹਿੰਦੇ ਹਨ? ਕਿੰਨੀ ਬੇ-ਇਨਸਾਫ਼ੀ ਹੈ!

ਮੈਂ ਗੁਰਦੁਆਰਿਆਂ ਵਿਚ ਬੈਠੀ ਸਾਧ ਸੰਗਤ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਉਹ ਸਾਵਧਾਨ ਹੋਵੇ! ਪਵਿੱਤਰ ਗੁਰਦੁਆਰਿਆਂ ਵਿਚ ਗੁਰੂ-ਆਸ਼ੇ ਤੋਂ ਬਿਲਕੁਲ ਉਲਟ ਸਿਆਸਤ ਦਾ ਪਰਚਾਰ ਕਰਨਾ ਗੁਰੂ ਗ੍ਰੰਥ ਸਾਹਿਬ ਦੀ ਤੇ ਗੁਰੂਆਂ ਦੀ ਬੇ-ਅਦਬੀ ਹੈ।

ਨਿਰਸੰਦੇਹ ਗੁਰੂਆਂ ਦੀ ਵੀ ਕੋਈ ਸਿਆਸਤ ਹੁੰਦੀ ਸੀ। ਉਹ ਸਿਆਸਤ ਕਿਹੜੀ ਸੀ? ਲਾਲੋ ਅਤੇ ਭਾਗੋ ਵਾਲੀ। ਚਿੜੀਆਂ ਅਤੇ ਬਾਜ਼ਾਂ ਵਾਲੀ। ਜੇ ਗੁਰਦੁਆਰਿਆਂ ਵਿਚ ਕਿਸੇ ਨਾ ਕਿਸੇ ਸਿਆਸਤ ਦਾ ਪਰਚਾਰ ਕੀਤਾ ਜਾ ਸਕਦਾ ਹੈ ਤਾਂ ਉਹ ਮਲਿਕ ਭਾਗੋਆਂ ਅਤੇ ਭਾਈ ਲਾਲੋਆਂ ਵਾਲੀ ਹੈ—ਹੋਰ ਸਿਆਸਤਾਂ ਗ਼ਲਤ ਹਨ।

ਗੁਰਦੁਆਰੇ ਹਿੰਦੂ ਸਿੱਖ ਏਕਤਾ ਦੇ ਮੰਦਰ ਹਨ। ਮਰਦਾਨਾ ਅਤੇ ਭਾਈ ਬਾਲਾ ਇਸ ਦਾ ਸੁੰਦਰ ਚਿੰਨ੍ਹ ਹਨ। ਏਥੇ ਹਿੰਦੂ-ਮੁਸਲਿਮ ਜਾਂ ਹਿੰਦੂ-ਸਿੱਖ ਵਿਤਕਰੇ ਦੀਆਂ ਗੱਲਾਂ ਕਰਨਾ ਕੁਫ਼ਰ ਹੈ। ਪਰ ਅਕਾਲੀ ਪਾਰਟੀ ਹੈ ਕਿ ਰੋਜ਼ ਗੁਰਦੁਆਰਿਆਂ ਵਿਚ ਇਹ ਕੁਫ਼ਰ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਲਦੀ ਰਹਿੰਦੀ ਹੈ। ਗੁਰੂਆਂ ਦੀ ਪਵਿੱਤਰ ਬਾਣੀ ਸਹੀ ਨਹੀਂ ਸਮਝਾਈ ਜਾਂਦੀ। ਬਾਣੀ ਦੇ ਅਰਥ ਤੋੜ ਮਰੋੜ ਕੇ ਪੇਸ਼ ਕੀਤੇ ਜਾਂਦੇ ਹਨ।

ਕਦੇ ਅਕਾਲੀ ਖ਼ਾਲਿਸਤਾਨ ਦਾ ਨਾਅਰਾ ਉੱਚਾ ਕਰਦੇ ਹਨ, ਕਦੇ ਸਿੱਖ ਸਟੇਟ ਦਾ। ਅਤੇ ਇਹਨਾਂ ਨਾਅਰਿਆਂ ਦਾ ਪਰਚਾਰ ਕਿਥੇ ਹੁੰਦਾ ਹੈ ? ਪਵਿੱਤਰ ਗੁਰਦੁਆਰਿਆਂ ਵਿਚ। ਕਦੇ, ਗੁਰਦੁਆਰਿਆਂ ਵਿਚ, "ਧੋਤੀ ਟੋਪੀ ਜਮਨਾ ਪਾਰ" ਦੇ ਨਾਅਰੇ ਲਗਦੇ ਰਹੇ ਹਨ। ਕੀ ਗੁਰਦੁਆਰਿਆਂ ਦੀ ਇਹ ਘੋਰ ਬੇ-ਅਦਬੀ ਨਹੀਂ ਹੈ ? ਸਗੋਂ ਗੁਰਦੁਆਰਿਆਂ ਦੀ ਇਹ ਪੂਰੀ ਪੂਰੀ ਦੁਰਵਰਤੋਂ ਹੈ। ਇਹ ਨਾਅਰੇ ਅਸਲ ਵਿਚ "ਚਿੜੀਆਂ" ਦੇ ਖ਼ਿਲਾਫ਼ ਹਨ—ਮਿਹਨਤਕਸ਼ ਗ਼ਰੀਬਾਂ ਦੇ। ਇਹਨਾਂ ਦੇ ਪਿਛੇ ਬਾਜ਼ਾਂ ਵਰਗੇ ਮਲਿਕ ਭਾਗੋ ਖੜੇ ਹਨ।

ਸਾਨੂੰ, ਕਮਿਊਨਿਸਟਾਂ ਨੂੰ, ਹੀ ਹਊਆ ਨਹੀਂ ਸਮਝਿਆ ਜਾਂਦਾ, ਕਾਂਗਰਸੀ ਵੀ ਗੁਰਦੁਆਰੇ ਤੋਂ ਦੂਰ ਹੀ ਰੱਖੇ ਜਾਂਦੇ ਹਨ। ਇਸ ਦਾ ਕਾਰਨ ਹੋਰ ਹੈ। ਅਕਾਲੀ, ਮੁਖ ਤੌਰ ਤੇ ਜਾਗੀਰਦਾਰੀ ਦੀ ਪਾਰਟੀ ਹਨ ਤੇ ਕਾਂਗਰਸੀ ਸਰਮਾਇਆਦਾਰੀ ਦੇ ਹਿਤਾਂ ਦੀ ਰਾਖੀ ਕਰਦੇ ਹਨ। ਸਰਮਾਇਆਦਾਰੀ, ਜਾਗੀਰਦਾਰੀ ਤੋਂ ਅੱਗੇ ਵਧੂ ਹੁੰਦੀ ਹੈ। ਇਹਨਾਂ ਵਿਚ ਵੀ ਟੱਕਰ ਹੈ। ਜਾਗੀਰਦਾਰੀ ਚਾਹੁੰਦੀ ਹੈ ਕਿ ਉਸ ਦੀ ਹੋਂਦ ਕਾਇਮ ਰਹੇ। ਸਰਮਾਇਆ-ਦਾਰੀ, ਜਾਗੀਰਦਾਰੀ ਦੇ ਹਿਤਾਂ ਨੂੰ ਸੱਟਾਂ ਮਾਰ ਕੇ ਹੀ ਆਪ ਵਧ ਫੁਲ ਸਕਦੀ ਹੈ।

ਜਾਗੀਰਦਾਰੀ ਜਿਥੇ ਮਿਹਨਤਕਸ਼ਾਂ ਦੇ ਵਿਰੁਧ ਹੁੰਦੀ ਹੈ, ਉਥੇ ਉਹਨਾਂ ਦੀ ਪਾਰਟੀ, ਕਮਿਊਨਿਸਟ ਪਾਰਟੀ, ਨੂੰ ਵੀ ਆਪਣਾ ਦੁਸ਼ਮਣ ਗਿਣਤੀ ਹੈ, ਅਤੇ ਇਹ ਜ਼ਰੂਰੀ ਵੀ ਹੈ। ਕਿਉਂਕਿ ਮਿਹਨਤਕਸ਼ ਹੀ ਹਨ ਜਿਨ੍ਹਾਂ ਨੇ ਜਾਗੀਰਦਾਰੀ ਦਾ ਕੰਡਾ ਕਢਣਾ ਹੁੰਦਾ ਹੈ। ਸਰਮਾਇਆਦਾਰੀ ਵੀ ਕੱਢਦੀ ਹੈ, ਪਰ ਉਹ ਕਿਸੇ ਹੱਦ ਤਕ ਹੀ ਉਸ ਨਾਲ ਲੜਨਾ ਚਾਹੁੰਦੀ ਹੈ। ਸਰਮਾਇਆਦਾਰੀ, ਜਾਗੀਰਦਾਰੀ ਦੀ ਥੋੜੀ ਦੁਸ਼ਮਣ ਹੁੰਦੀ ਹੈ। ਉਹ ਉਸ ਨੂੰ ਸੱਟ ਵੀ ਮਾਰਦੀ ਹੈ ਤੇ ਉਸ ਨਾਲ ਮਿਲ ਵੀ ਜਾਂਦੀ ਹੈ। ਇਸੇ ਲਈ ਅਕਾਲੀ ਕਦੇ ਕਾਂਗਰਸੀ ਬਣ ਜਾਂਦੇ ਹਨ ਤੇ ਕਦੇ ਕਾਂਗਰਸੀ ਚਿੱਟੀ ਦੀ ਥਾਂ ਨੀਲੀ ਪੱਗ ਬੰਨ੍ਹ ਲੈਂਦੇ ਹਨ। ਮੰਤਵ ਦੋਹਾਂ ਦਾ ਸੱਤਾ ਉਤੇ ਕਾਬਜ਼ ਹੁੰਦੇ ਰਹਿਣਾ ਹੈ। ਆਪਣੇ ਵਰਗ ਦੇ ਹਿਤਾਂ ਲਈ।

ਜਦੋਂ ਸ: ਉਮਰਾਓ ਸਿੰਘ ਨੂੰ ਟੋਕਿਆ ਜਿਹਾ ਗਿਆ ਸੀ, ਜਿਥੋਂ ਤਕ ਮੈਂ ਸਮਝਦਾ ਹਾਂ, ਉਸ ਦਾ ਕਾਰਨ ਇਹੋ ਸੀ। ਲੋਕੀ ਪਾਰਟੀ ਬਦਲਣ ਨੂੰ ਵੀ ਚੰਗਾ ਨਹੀਂ ਸਮਝਦੇ।

ਕੁਝ ਨਾ ਕੁਝ ਸ਼ਰੀਕੇ ਵਾਲੀ ਗੱਲ ਵੀ ਨਜ਼ਰ ਆਉਂਦੀ ਸੀ। ਉਮਰਾਓ ਸਿੰਘ ਦੁਆਬੇ ਦੇ ਹਨ। ਇੰਗਲੈਂਡ ਵਿਚ ਪੰਜਾਬ ਦਾ ਦੁਆਬਾ ਬਹੁਤਾ ਰਹਿੰਦਾ ਹੈ। ਸਭ ਤੋਂ ਵਧ ਜਲੰਧਰ ਤੇ ਫੇਰ ਜ਼ਿਲਾ ਹੁਸ਼ਿਆਰਪੁਰ। ਜਦੋਂ ਸ: ਉਮਰਾਓ ਸਿੰਘ ਜੀ ਬੋਲ ਕੇ ਚਲੇ ਗਏ ਸਨ ਤਾਂ ਮੈਂ ਵੀ ਬਾਹਰ ਆ ਗਿਆ ਸਾਂ ਤੇ ਮੈਂ ਵੀ ਕਿਧਰੇ ਜਾਣਾ ਸੀ। ਲੋਕਾਂ ਦੀ ਇਹ ਖ਼ਾਹਿਸ਼ ਸੀ ਕਿ ਉਹ ਸ: ਉਮਰਾਓ ਸਿੰਘ ਨੂੰ ਗੁਰਦੁਆਰੇ ਤੋਂ ਬਾਹਰ ਮਿਲਣ। ਪਰ ਉਹ ਚਲੇ ਗਏ ਸਨ।

ਮੈਂ ਅਜੇ ਗੁਰਦੁਆਰੇ ਤੋਂ ਬਾਹਰ ਖਲੋਤਾ ਹੋਇਆ ਸਾਂ ਤੇ ਆਪਣੇ ਬੂਟ ਪਾ ਰਿਹਾ ਸਾਂ। ਹਾਲ ਵਿਚੋਂ ਕਾਫ਼ੀ ਲੋਕ ਉੱਠ ਕੇ ਬਾਹਰ ਆ ਗਏ ਸਨ। ਲੋਕੀ ਮੈਨੂੰ ਆਖਣ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗੇ : "ਦੇਖੋ ਜੀ, ਅਸੀਂ ਸ੍ਰ: ਉਮਰਾਓ ਸਿੰਘ ਨੂੰ ਮਿਲਣਾ ਸੀ, ਪਰ ਉਹ ਸਾਨੂੰ ਮਿਲੇ ਹੀ ਨਹੀਂ। ਨਾ ਪੰਜਾਬ ਮਿਲਦੇ ਹਨ, ਨਾ ਏਥੇ ਆਏ ਮਿਲਦੇ ਹਨ। ਵੋਟਾਂ ਵੇਲੇ ਸਾਰੇ ਸਾਥੋਂ ਪੈਸੇ ਮੰਗਣ ਲਗ ਜਾਂਦੇ ਹਨ। ਦੱਸੋ, ਅਸੀਂ ਕਿਸ ਨੂੰ ਫੜੀਏ ?"

ਕੁਝ ਸ਼ਿਕਾਇਤਾਂ ਜਾਇਜ਼ ਸਨ। ਕੁਝ ਬੜੀਆਂ ਨਿੱਜੀ ਅਤੇ ਨੀਵੇਂ ਪੱਧਰ ਵਾਲੀਆਂ ਸਨ। ਉਂਜ, ਮੇਰੀ ਰਾਏ ਹੈ, ਸ੍ਰ: ਉਮਰਾਓ ਸਿੰਘ ਨੂੰ ਸਭ ਨੂੰ ਮਿਲ ਕੇ ਜਾਣਾ ਚਾਹੀਦਾ ਸੀ। ਇਹ ਮੰਗ ਦਰੁਸਤ ਸੀ।

ਇਕ ਬੜੀ ਦਿਲਚਸਪ ਗੱਲ ਮੈਂ ਏਥੇ ਦੱਸਣੀ ਚਾਹੁੰਦਾ ਹਾਂ। ਜਿਥੇ ਸ੍ਰ: ਉਮਰਾਓ ਸਿੰਘ ਦੇ ਵਿਰੁਧ ਸ਼ਿਕਾਇਤਾਂ ਹੋ ਰਹੀਆਂ ਸਨ, ਉਥੇ ਇਕ ਸ਼ਿਕਾਇਤ ਮੇਰੇ ਵਿਰੁਧ ਵੀ ਆ ਗਈ ਸੀ। ਬਾਰਾਂ ਪੰਦਰਾਂ ਬੰਦੇ ਮੇਰੇ ਆਲੇ ਦੁਆਲੇ ਖੜੇ ਸਨ। ਇਕ ਸੱਜਣ ਨੇ ਆਖਿਆ :

"ਕਿਉਂ ਜੀ, ਗੁਰਦੁਆਰੇ ਵਿਚ ਫ਼ਤਹਿ ਬੁਲਾਈਦੀ ਹੁੰਦੀ ਐ ਯਾ ਸ਼ੁਕਰੀਆ ਅਦਾ ਕਰੀਦੈ ?"

100060

ਮੈਂ ਸਮਝਿਆ ਨਹੀਂ ਸੀ। ਮੈਂ ਆਖਿਆ : "ਕੀ ਜਨਾਬ ?"

"ਗੁਰਦੁਆਰੇ ਵਿਚ ਹੱਥ ਜੋੜ ਕੇ ਫ਼ਤਹਿ ਬੁਲਾਈਦੀ ਹੁੰਦੀ ਐ, ਯਾ ਸ਼ੁਕਰੀਆ ਅਦਾ ਕਰੀਦੈ ? ਫ਼ਤਹਿ ਕਿਉਂ ਨਹੀਂ ਆਖੀ ਤੁਸੀਂ ? ਹੋਲੀ ਜਿਹੀ ਸ਼ੁਕਰੀਆ ਅਦਾ ਕਰ ਕੇ ਤੁਸੀਂ ਬੈਠ ਗਏ। ਪਹਿਲਾਂ ਵੀ ਕੁਛ ਹੋਰ ਹੋਰ ਜਿਹਾ ਕਹਿ ਕੇ ਕੰਮ ਜਿਹਾ ਸਾਰ ਦਿਤਾ।"

ਇੰਗਲੈਂਡ ਵਿਚ ਬਹੁਤੇ ਸਿੱਖ ਕਲੀਨ ਸ਼ੇਵਡ ਹੀ ਹੁੰਦੇ ਹਨ। ਬਹੁਤ ਹੀ ਥੋੜੇ ਲੋਕ ਹਨ ਜੋ ਦਾੜ੍ਹੀ ਕੇਸਾਂ ਵਾਲੇ ਹਨ। ਸੌ ਮਗਰੋਂ ਇਕ ਨਹੀਂ, ਹਜ਼ਾਰਾਂ ਮਗਰੋਂ ਇਕ ਹੀ ਕੋਈ ਦਾੜ੍ਹੀ ਕੇਸਾਂ ਵਾਲਾ ਹੈ। ਜਿਹੜੇ ਲੋਕ ਆਉਂਦੇ ਹਨ, ਅੱਵਲ ਤਾਂ ਪੰਜਾਬ ਤੋਂ ਹੀ ਸਿਰ ਮੁਨਾ ਕੇ ਆਉਂਦੇ ਹਨ, ਨਹੀਂ ਤਾਂ ਏਥੇ ਆ ਕੇ ਫ਼ੌਰਨ ਸਫ਼ਾ ਚੱਟ ਹੋ ਜਾਂਦੇ ਹਨ। ਖ਼ੈਰ, ਉਹਨਾਂ ਦੀ ਮਰਜ਼ੀ ਹੈ। ਫੇਰ ਹਾਲਾਤ ਹੁੰਦੇ ਹਨ। ਮੈਂ ਉਹਨਾਂ ਨੂੰ ਕਦਾਚਿਤ ਵੀ ਪਤਿਤ ਨਹੀਂ ਆਖਾਂਗਾ। ਬੜੀਆਂ ਹੋਰ ਗੱਲਾਂ ਹਨ ਜੋ ਇਨਸਾਨ ਨੂੰ ਸੌ ਸੌ ਵਾਰ ਦਿਨ ਵਿਚ ਪਤਿਤ ਕਰਦੀਆਂ ਹਨ। ਕਿਸੇ ਨੂੰ ਪਤਿਤ ਕਹਿਣ ਦੀ ਥਾਂ ਮੈਂ ਤਾਂ ਆਪਣੇ ਮੰਜੇ ਹੇਠ ਹੀ ਸੋਟੀ ਫੇਰਨੀ ਚਾਹਾਂਗਾ। ਕਿਤੇ ਮੈਂ ਤਾਂ ਪਤਿਤ ਨਹੀਂ ?

ਕਲੀਨ ਸ਼ੇਵਡ ਹੋਣ ਕਰਕੇ, ਏਥੇ ਗੁਰਦੁਆਰਿਆਂ ਵਿਚ ਬਹੁਤੀ ਸੰਗਤ ਸਿਰਾਂ ਉਤੇ ਰੁਮਾਲਾਂ ਵਾਲੀ ਹੀ ਹੁੰਦੀ ਹੈ। ਦਾੜ੍ਹੀ, ਕੇਸ ਤੇ ਪੱਗਾਂ ਵਾਲੇ ਬਹੁਤ ਹੀ ਥੋੜੇ ਹੁੰਦੇ ਹਨ। ਇਹ ਸ੍ਰੀ ਮਾਨ ਜੀ ਵੀ, ਜਿਨ੍ਹਾਂ ਨੂੰ ਸ਼ਿਕਾਇਤ ਸੀ ਕਿ ਮੈਂ ਗੁਰਦੁਆਰੇ ਵਿਚ ਫ਼ਤਹਿ ਕਿਉਂ ਨਹੀਂ ਆਖੀ ਸੀ, ਸੁੱਖ ਨਾਲ ਸਿਰ ਉਤੇ ਰੁਮਾਲ ਬੰਨ੍ਹਣ ਵਾਲੇ ਹੀ ਸਨ।

ਠੀਕ ਹੈ, ਕਿਸੇ ਨੂੰ ਵੀ ਮੇਰੇ ਵਿਰੁਧ ਸ਼ਿਕਾਇਤ ਕਰਨ ਦਾ ਹੱਕ ਹੈ, ਪਰ ਇਹ ਜ਼ਰੂਰ ਮੈਂ ਆਖਾਂਗਾ, ਸ਼ਿਕਾਇਤ ਕਰਨ ਵਾਲਾ ਆਪ ਉਸ ਨੁਕਸ ਤੋਂ ਬਰੀ ਹੋਵੇ। ਆਪ ਤਾਂ ਸਿਰ ਮੂੰਹ ਸਾਫ਼ ਹੈ, ਮੇਰੇ ਉਤੇ ਫ਼ਤਹਿ ਬਾਰੇ ਇਤਰਾਜ਼ ਕੀਤਾ ਜਾ ਰਿਹਾ ਹੈ ! ਇਹ ਕਿੱਧਰ ਦਾ ਇਨਸਾਫ਼ ਹੈ ?

ਹਾਂ, ਮੇਰਾ ਇਹੀਓ ਵੀਰ ਸਭ ਤੋਂ ਪਹਿਲਾਂ ਅੰਮ੍ਰਿਤ ਛਕੇ। ਦਾੜ੍ਹੀ ਰੱਖੇ; ਕੇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੱਖੇ; ਕੱਛ, ਕੜਾ, ਕਿਰਪਾਨ ਪਾਵੇ; ਫੇਰ ਉਸ ਨੂੰ ਫ਼ਤਹਿ ਬਾਰੇ ਮੈਨੂੰ ਪੁੱਛਣ ਦਾ ਹੱਕ ਹੈ। ਜਵਾਬ ਕੀ ਮੈਂ ਦਿਆਂਗਾ ? ਇਹ ਸਵਾਲ ਵੱਖਰਾ ਹੈ। ਏਨਾ ਕੁਝ ਕਰਨ ਨਾਲ ਤਾਂ ਉਸ ਨੂੰ ਸਿਰਫ਼ ਸਵਾਲ ਕਰਨ ਦਾ ਹੱਕ ਹੀ ਅਜੇ ਮਿਲੇਗਾ। ਜਵਾਬ ਉਹੀਓ ਦਿਆਂਗਾ ਜੋ ਮੈਂ ਉਦੋਂ ਵੀ ਦਿਤਾ ਸੀ। ਉਹ ਜਵਾਬ ਇਹ ਸੀ :

"ਮੈਂ ਨਹੀਂ ਬੁਲਾਉਣੀ ਫ਼ਤਹਿ !"

"ਕਿਉਂ ਨਹੀਂ ਬੁਲਾਉਣੀ ?"

"ਕਿਉਂਕਿ ਫ਼ੀਮਾਂ ਵੇਚਣ ਵਾਲੇ ਸਾਰੇ ਫ਼ਤਹਿ ਬੁਲਾਉਂਦੇ ਹਨ। ਸਮਗਲਰ, ਲੁਟੇਰੇ, ਚੋਰ ਬਾਜ਼ਾਰੀ ਕਰਨ ਵਾਲੇ ਜਿਹੜੀ ਫ਼ਤਹਿ ਬੁਲਾਉਂਦੇ ਹਨ, ਮੈਂ ਉਹ ਫ਼ਤਹਿ ਨਹੀਂ ਬੁਲਾਉਣੀ।"

"ਹੋਰ ਕਿਹੜੀ ਬੁਲਾਉਂਗੇ ?"

"ਜਿਹੜੀ ਮੇਰੀ ਮਰਜ਼ੀ ਹੋਊ।"

ਮੈਨੂੰ ਇਸ ਵਤੀਰੇ ਉਤੇ ਥੋੜਾ ਗ਼ੁੱਸਾ ਆ ਗਿਆ ਸੀ। ਮੈਂ ਆਖਿਆ : "ਮੈਨੂੰ ਫ਼ਤਹਿ ਲਈ ਕਹਿੰਦੇ ਹੋ, ਆਪਣੇ ਦਾੜ੍ਹੀ ਕੇਸ ਤਾਂ ਰਖੋ ! ਆਪ ਤਾਂ ਆਪਣੀ ਸਾਰੀ ਸਿੱਖੀ ਕਤਲ ਕਰੀਂ ਫਿਰਦੇ ਹੋ, ਮੈਨੂੰ ਫ਼ਤਹਿ ਲਈ ਕਹਿੰਦੇ ਹੋ ! ਕੀ ਹੱਕ ਹੈ ਤੁਹਾਨੂੰ ਇਸ ਦਾ ?"

"ਤੁਸੀਂ ਮੈਨੂੰ ਦਾੜ੍ਹੀ ਕੇਸ ਰੱਖਣ ਵਾਸਤੇ ਕਹਿ ਦਿਓ !"

"ਤੁਸੀਂ ਮੇਰੇ ਕਹਿਣ ਨਾਲ ਹੀ ਦਾੜ੍ਹੀ ਕੇਸ ਰੱਖੋਗੇ—ਮੈਨੂੰ ਸਿੱਖਿਆ ਦੇਣ ਵਾਲੇ ?"

ਕੋਲ ਗੁਰੂ ਜੀ ਖੜੇ ਸਨ ਤੇ ਇਕ ਦੋ ਸਾਥੀ ਹੋਰ ਸਨ। ਉਹਨਾਂ ਨੇ ਦਖ਼ਲ ਦਿਤਾ ਤੇ ਮੈਨੂੰ ਚੱਲਣ ਲਈ ਆਖਿਆ। ਉਹਨਾਂ ਨੇ ਵੀ ਕਿਹਾ ਸੀ : "ਤੁਸੀਂ ਪਹਿਲਾਂ ਸ੍ਰੀ ਮਾਨ ਜੀ ਆਪਣੀ ਸਿੱਖੀ ਕਾਇਮ ਕਰੋ, ਫੇਰ ਹੋਰਾਂ ਨੂੰ ਆਖਿਓ ! ਇਹਨਾਂ ਕੋਲ ਤਾਂ ਤੁਹਾਡੇ ਨਾਲੋਂ ਕਿਤੇ ਵਧੇਰੇ ਸਿੱਖੀ ਹੈ।"


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਸ਼ੈਕਸਪੀਅਰ ਦਾ ਘਰ

ਜਿਵੇਂ ਪੰਜਾਬ ਗੁਰੂ ਨਾਨਕ ਨੂੰ ਆਪਣਾ ਗੁਰੂ ਮੰਨਦਾ ਹੈ, ਇਵੇਂ ਇੰਗਲੈਂਡ ਸ਼ੈਕਸਪੀਅਰ ਨੂੰ ਆਪਣਾ ਸਿਰ ਝੁਕਾਉਂਦਾ ਹੈ। ਸਮਾਂ ਵੀ ਦੋਹਾਂ ਦਾ ਇਕੋ ਹੈ। ਗੁਰੂ ਨਾਨਕ ਨੂੰ ਜਨਮ ਧਾਰਿਆਂ ਪੰਜ ਸੌ ਸਾਲ ਹੋ ਗਏ ਹਨ, ਸ਼ੈਕਸਪੀਅਰ ਨੂੰ ਚਾਰ ਸੌ ਸਾਲ। ਪਚਾਨਵੇਂ ਵਰ੍ਹੇ ਦਾ ਫ਼ਰਕ ਹੈ।

ਕਾਵੇਂਟਰੀ ਤੋਂ ਥੋੜੀ ਦੂਰ ਸ਼ੈਕਸਪੀਅਰ ਦੀ ਨਗਰੀ ਸਟਰੈਟਫੋਰਡ-ਆਨ-ਐਵਨ (Stratford-on-Avon) ਹੈ। ਏਥੇ ਸ਼ੈਕਸਪੀਅਰ ਦਾ ਘਰ ਤੇ ਉਸਦੀਆਂ ਯਾਦਗਾਰਾਂ ਹਨ। ਸ਼ੈਕਸਪੀਅਰ ਥੀਏਟਰ ਹੈ। ਨੇੜੇ ਹੀ ਇਕ ਚਰਚ ਹੈ। ਏਥੇ ਸ਼ੈਕਸਪੀਅਰ ਆਪਣੀ ਅੰਤਮ ਨੀਂਦ ਸੌਂ ਰਿਹਾ ਹੈ।

ਦੋ ਕਵੀ ਦੋਸਤਾਂ—ਤ੍ਰਲੋਚਨ ਸਿੰਘ ਪਾਬਲਾ ਤੇ ਉਹਨਾਂ ਦੇ ਸਾਥੀ ਤਰਸੇਮ ਸਿੰਘ—ਨੇ ਮੈਨੂੰ ਦਾਅਵਤ ਦਿਤੀ ਸੀ ਕਿ ਉਹ ਮੈਨੂੰ ਸ਼ੈਕਸਪੀਅਰ ਦੇ ਨਗਰ ਲੈ ਕੇ ਚੱਲਣਗੇ। ਇਕ ਦਿਨ ਉਹ ਦੋਵੇਂ ਜਣੇ ਗੱਡੀ ਲੈ ਕੇ ਆ ਗਏ ਤੇ ਅਸੀਂ ਸਟਰੈਟਫੋਰਡ-ਆਨ-ਐਵਨ ਵਲ ਨੂੰ ਚਲ ਪਏ। ਦਿਨ ਬੜਾ ਹੀ ਸੁਹਣਾ ਸੀ। ਪੀਲੀ ਧੁੱਪ, ਨੀਲਾ ਅੰਬਰ। ਰਸਤੇ ਵਿਚ ਲਿਮਿੰਗਟਨ ਸਪਾ ਦਾ ਸੁੰਦਰ ਟਾਊਨ ਆਇਆ ਤੇ ਫੇਰ ਵਾਰਵਿਕ ਵਿਚੋਂ ਲੰਘੇ। ਫੇਰ ਅਸੀਂ ਸਟਰੈਟਫੋਰਡ-ਆਨ-ਐਵਨ ਪਹੁੰਚ ਗਏ—ਸ਼ੈਕਸਪੀਅਰ ਦੇ ਨਗਰ ਵਿਚ।

ਪਹਿਲਾਂ ਅਸੀਂ ਸ਼ੈਕਸਪੀਅਰ ਥੀਏਟਰ ਵਿਚ ਦਾਖ਼ਿਲ ਹੋਏ। ਥੀਏਟਰ ਅਜੇ ਦੂਰ ਸੀ। ਪਹਿਲਾਂ ਇਕ ਵਿਸ਼ਾਲ ਸਬਜ਼ਾਜ਼ਾਰ ਦਾ ਵੱਡਾ ਗੇਟ ਸੀ। ਗੇਟ ਦੇ ਅੰਦਰ ਲੰਘੇ ਤਾਂ ਸਭ ਤੋਂ ਪਹਿਲਾਂ ਸ਼ੈਕਸਪੀਅਰ ਦਾ ਤਾਂਬੇ ਦਾ ਵੱਡਾ ਬੁੱਤ ਸੀ ਜੋ ਕਾਫ਼ੀ ਉੱਚੇ ਥੜੇ ਉਤੇ ਗੌਰਵ ਨਾਲ ਖਲੋਤਾ ਸੀ। ਮਹਾਨ ਸ਼ੈਕਸਪੀਅਰ ਅਗੇ ਸਾਡਾ ਸਿਰ ਝੁਕ ਗਿਆ ਸੀ।

ਸ਼ੈਕਸਪੀਅਰ ਦੇ ਬੁੱਤ ਦੇ ਅਸੀਂ ਰੱਜ ਰੱਜ ਕੇ ਦਰਸ਼ਨ ਕੀਤੇ। ਵਾਰ ਵਾਰ ਅਸੀਂ ਉਸਦੀ ਕਲਮ ਨੂੰ ਸਲਾਮ ਕੀਤਾ। ਆਖ਼ਿਰ ਅਸੀਂ ਅੱਗੇ ਵਧੇ।

ਇੰਗਲੈਂਡ ਆਪਣੇ ਲੇਖਕਾਂ ਦੀ ਬਹੁਤ ਕਦਰ ਕਰਦਾ ਹੈ। ਭਾਰਤ ਅਜੇ ਪਿਛੇ ਹੈ। ਭਾਰਤ ਵਿਚ ਰਾਜਸੀ ਨੇਤਾਵਾਂ ਦੀ ਬਹੁਤੀ ਕਦਰ ਹੈ, ਕਲਾਕਾਰ ਜਾਂ ਸਾਹਿਤਕਾਰ ਪਿਛੇ ਰੱਖੇ ਜਾਂਦੇ ਹਨ। ਗਾਂਧੀ ਨਗਰ, ਜਵਾਹਰ ਨਗਰ ਤਾਂ ਬਹੁਤ ਥਾਈਂ ਮਿਲਣਗੇ;

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਟੈਗੋਰ ਅਤੇ ਪ੍ਰੇਮ ਚੰਦ ਦਾ ਕਿਤੇ ਹੀ ਜ਼ਿਕਰ ਆਵੇਗਾ। ਕਈ ਸ਼ਹਿਰ ਮੁਗਲ ਬਾਦਸ਼ਾਹਾਂ ਦੇ ਨਾਵਾਂ ਨਾਲ ਹਨ; ਪਰ ਤੁਲਸੀਦਾਸ, ਕਬੀਰਦਾਸ, ਰਵਿਦਾਸ ਜਾਂ ਮੀਰਾਂ ਬਾਈ ਇਸ ਯੋਗ ਨਹੀਂ ਸਮਝੇ ਜਾਂਦੇ। ਸੜਕਾਂ ਨੂੰ ਵੀ ਕਿਤੇ ਕਿਤੇ ਹੀ ਇਹ ਨਾਂ ਦਿਤੇ ਜਾਂਦੇ ਹਨ।

ਏਥੇ ਵੀ ਉਂਜ ਰਾਜਨੀਤਕ ਆਗੂ ਹੀ ਅੱਗੇ ਹੁੰਦੇ ਹਨ—ਬਾਦਸ਼ਾਹ, ਮਲਿਕਾਵਾਂ, ਡਿਊਕ ਅਤੇ ਪ੍ਰਿੰਸ ਆਦਿ ਤੇ ਜਾਂ ਫੇਰ 'ਸਰ' ਤੇ ਲਾਰਡ ਆਦਿ—ਪਰ ਭਾਰਤ ਨਾਲੋਂ ਲੇਖਕਾਂ ਦੀ ਏਥੇ ਫੇਰ ਵੀ ਕਦਰ ਹੈ। ਚਲੋ, ਸ਼ੈਕਸਪੀਅਰ ਦਾ ਤਾਂ ਦਰਜਾ ਬਹੁਤ ਉੱਚਾ ਹੈ, ਬਾਇਰਨ ਅਤੇ ਹਾਰਡੀ ਦੇ ਘਰ ਵੀ ਸਾਂਭੇ ਹੋਏ ਹਨ ਤੇ ਯਾਦਗਾਰਾਂ ਕਾਇਮ ਹਨ। ਸਾਡੇ ਬਹੁਤ ਸਾਰੇ ਲੇਖਕ ਇਹ ਹੈਸੀਅਤ ਰਖਦੇ ਹਨ ਕਿ ਉਹਨਾਂ ਦੇ ਘਰ ਸੰਭਾਲੇ ਜਾਣ; ਪਰ ਸਾਡੇ ਕਿਸੇ ਵਜ਼ੀਰ ਦੀ ਤਾਂ ਯਾਦਗਾਰ ਬਣ ਜਾਵੇਗੀ, ਕਵੀ ਜਾਂ ਸਾਹਿਤਕਾਰ ਦੀ ਨਹੀਂ।

ਅਸੀਂ ਗੁਰੂ ਨਾਨਕ ਨੂੰ ਵੀ ਸਿਰਫ਼ "ਗੁਰੂ" ਹੋਣ ਕਰਕੇ ਆਪਣਾ ਸਿਰ ਝੁਕਾਉਂਦੇ ਹਾਂ, ਕਵੀ ਹੋਣ ਕਰਕੇ ਨਹੀਂ। ਸਾਡੇ ਵਿਚੋਂ ਬਹੁਤ ਥੋੜੇ ਲੋਕਾਂ ਨੂੰ ਇਹ ਪਤਾ ਹੈ ਕਿ ਗੁਰੂ ਨਾਨਕ ਕਵੀ ਸਨ। ਨਹੀਂ ਤਾਂ ਇਹੋ ਪਤਾ ਹੈ ਕਿ ਸੱਪ ਨੇ ਛਾਇਆ ਕੀਤੀ ਸੀ, ਪਹਾੜ ਨੂੰ ਧੰਜਾ ਲਾਇਆ ਸੀ ਤੇ ਮੱਕਾ ਫੇਰ ਦਿਤਾ ਸੀ। ਗੁਰੂ ਨਾਨਕ ਦੀ ਉੱਚ ਕੋਟੀ ਦੀ ਕਵਿਤਾ ਦਾ ਵੀ ਪਤਾ ਨਹੀਂ। ਕਈ ਤਾਂ ਇਹ ਵੀ ਕਹਿੰਦੇ ਹਨ ਕਿ ਕਵਿਤਾ ਨਹੀਂ "ਬਾਣੀ" ਕਹੋ। ਕਵਿਤਾ ਨੂੰ ਉਹ ਬਾਣੀ ਨਾਲੋਂ ਤੁੱਛ ਜਾਂ ਛੋਟਾ ਗਿਣਦੇ ਹਨ। ਹਾਲਾਂ ਕਿ ਇਹ ਭਰਮ ਹੈ।

ਸ਼ੈਕਸਪੀਅਰ ਥੀਏਟਰ ਵਿਚ ਸ਼ੈਕਸਪੀਅਰ ਦੇ ਪਾਤਰਾਂ ਦੇ ਬੁੱਤ ਵੀ ਬਣੇ ਹੋਏ ਸਨ। ਬੁੱਤ ਸਾਰੇ ਤਾਂਬੇ ਦੇ ਸਨ।

ਇਕ ਪਾਸੇ ਉਸਦੇ ਪਾਤਰ ਫ਼ਾਲਸਟਾਫ਼ ਦਾ ਬੁੱਤ ਸੀ। ਫ਼ਾਲਸਟਾਫ਼ ਦਾ ਮੋਟਾ ਢਿੱਡ ਤੇ ਹੱਥ ਵਿਚ ਪਿਆਲਾ ਸੀ। ਹੱਥ ਉਤੇ ਹੱਥ ਰਖ ਕੇ ਇਕ ਪਾਸੇ ਲੇਡੀ ਮੈਕਬੈਥ ਝੁਕੀ ਜਿਹੀ ਖਲੋਤੀ ਸੀ। ਇਕ ਪਾਸੇ ਹੈਮਲਿਟ (Hamlet) ਝੁਕਿਆ ਜਿਹਾ ਬੈਠਾ ਸੀ ਤੇ ਹੱਥ ਵਿਚ ਖੋਪਰੀ ਤੇ ਬਗ਼ਲ ਵਿਚ ਖੰਜਰ ਸੀ। ਪ੍ਰਿੰਸ ਹਾਲ ਸਿਰ ਉਤੇ ਤਾਜ ਰਖਦਾ ਖੜਾ ਸੀ। ਸਾਰੇ ਪਾਤਰ ਤਾਂਬੇ ਵਿਚ ਜੀਊਂਦੇ ਹੋ ਗਏ ਦਿਸਦੇ ਸਨ।

ਸ਼ੈਕਸਪੀਅਰ ਦਾ ਘਰ ਪੁਰਾਣੇ ਇੰਗਲੈਂਡ ਦਾ ਨਮੂਨਾ ਸੀ। ਕਾਲੇ ਹੋ ਗਏ ਹੋਏ ਤਖ਼ਤੇ ਚੀਲ ਦੀ ਲੱਕੜ ਵਰਗੇ ਸਨ। ਇਸ ਪੁਰਾਣੀ ਲੱਕੜ ਵਿਚ ਝੁਰੜੀਆਂ ਪਈਆਂ ਹੋਈਆਂ ਸਨ।

ਘਰ ਗ਼ਰੀਬੜਾ ਜਿਹਾ ਸੀ। ਸ਼ਾਇਦ ਉਸ ਜ਼ਮਾਨੇ ਵਿਚ ਇਹ ਚੰਗੇ ਘਰਾਂ ਵਿਚੋਂ ਹੋਵੇ। ਹੇਠਾਂ ਸਿਲਾਂ ਦਾ ਫ਼ਰਸ਼ ਸੀ। ਪੱਥਰ ਦੀਆਂ ਸਲੇਟੀ ਸਿਲਾਂ ਉੱਘੜ ਦੁੱਘੜ ਜਿਹੀਆਂ ਸਨ। ਇਕ ਪੁਰਾਣੀ ਸਫ ਸੀ ਤੇ ਇਕ ਲੱਕੜ ਦੀ ਕੁਰਸੀ ਸੀ। ਇਹ ਰਹਿਣ ਵਾਲਾ ਕਮਰਾ ਸੀ।

ਕੁਰਸੀ ਕਾਫ਼ੀ ਸਖ਼ਤ ਸੀ। ਸੀਟ ਵੱਡੀ ਨਹੀਂ ਸੀ, ਮਸੀਂ ਬੈਠਣ ਜੋਗੀ ਸੀ। ਉਂਜ, ਚੌੜੀ ਕਾਫ਼ੀ ਸੀ, ਪਰ ਅੱਗੇ ਵਲ ਨੂੰ ਥੋੜੀ ਸੀ। ਅਜਿਹੀ ਸਖ਼ਤ ਕੁਰਸੀ ਉਤੇ ਬੈਠਣਾ ਕਾਫ਼ੀ ਮੁਸ਼ਕਲ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿੰਦੇ ਹਨ, ਮਹਾਨ ਸਾਹਿਤ ਰੋੜਾਂ ਅਤੇ ਰੱਕੜਾਂ ਉਤੇ ਬੈਠ ਕੇ ਲਿਖਿਆ ਜਾਂਦਾ ਹੈ। ਇਹ ਗੱਲ ਠੀਕ ਹੀ ਦਿਸਦੀ ਸੀ। ਜੀਵਨ ਦੀਆਂ ਦੁਸ਼ਵਾਰੀਆਂ ਹੀ ਰੋੜ ਅਤੇ ਰੱਕੜ ਹਨ।

ਇੰਗਲੈਂਡ ਵਿਚ ਸਾਰੇ ਘਰ ਤਿਕੋਨੇ ਮੱਥਿਆਂ ਵਾਲੇ ਹਨ, ਜਿਵੇਂ ਸਾਡੇ ਦੇਸ਼ ਵਿਚ ਦੀਵਾਲੀ ਦੀਆਂ ਹੱਟੀਆਂ (ਜਾਂ ਹੱਟੜੀਆਂ) ਹੁੰਦੀਆਂ ਹਨ। ਸਾਫ਼ ਹੈ, ਸ਼ੈਕਸਪੀਅਰ ਦਾ ਘਰ ਵੀ ਇਵੇਂ ਹੀ ਹੋਣਾ ਸੀ।

ਸ਼ੈਕਸਪੀਅਰ ਦੇ ਘਰ ਦਾ ਰੰਗ ਕਾਲਾ ਅਤੇ ਚਿੱਟਾ ਸੀ। ਕੰਧਾਂ ਦਾ ਰੰਗ ਚਿੱਟਾ ਤੇ ਵਿਚ ਵਿਚ ਕਾਲੇ ਫੱਟੇ ਸਨ। ਇਹਨਾਂ ਕਾਲੇ ਫੱਟਿਆਂ ਦੇ ਸਹਾਰੇ ਕੰਧਾਂ ਖੜੀਆਂ ਸਨ। ਉਂਜ ਕੰਧਾਂ ਮਜ਼ਬੂਤ ਸਨ। ਸਨ ਵੀ ਬੜੀਆਂ ਚੌੜੀਆਂ।

ਛੱਤ ਸਫ਼ੈਦ ਸਿਲਾਂ ਦੀ ਸੀ। ਹੇਠਾਂ ਕਾਲੇ ਬਾਲੇ ਅਤੇ ਸ਼ਤੀਰੀਆਂ ਪਈਆਂ ਹੋਈਆਂ ਸਨ। ਸ਼ਤੀਰ ਪੰਜਾਬ ਦੇ ਪਿੰਡਾਂ ਦੇ ਪੁਰਾਣੇ ਘਰਾਂ ਵਰਗੇ ਸਨ।

ਹਾਂ, ਇਕ ਕਮਰੇ ਵਿਚ ਲੱਕੜ ਦਾ ਵੀ ਫ਼ਰਸ਼ ਸੀ। ਉਸ ਸਮੇਂ ਕਾਲੀਨ ਜਾਂ ਗ਼ਾਲੀਚਾ ਨਹੀਂ ਹੋਵੇਗਾ। ਘੱਟੋ ਘੱਟ ਸ਼ੈਕਸਪੀਅਰ ਦੇ ਘਰ ਵਿਚ ਨਹੀਂ ਹੋਵੇਗਾ। ਗੱਲ ਸ਼ੈਕਸਪੀਅਰ ਦੀ ਹੈ, ਡਿਊਕਾਂ ਅਤੇ ਪ੍ਰਿੰਸਾਂ ਦੀ ਨਹੀਂ।

ਘਰ ਦੀਆਂ ਮੰਜ਼ਲਾਂ ਦੋ ਸਨ। ਸੌਣ ਦਾ ਕਮਰਾ ਉਤੇ ਸੀ। ਇਸ ਕਮਰੇ ਵਿਚ ਇਕ ਕੁਰਸੀ ਗੱਦੀ ਵਾਲੀ ਵੀ ਪਈ ਸੀ। ਗੱਦੀ ਮੈਲੀ ਤੇ ਮਖ਼ਮਲੀ ਸੀ। ਰੰਗ ਹਰਾ।

ਸ਼ੈਕਸਪੀਅਰ ਆਪਣੇ ਪਿੰਡ ਦੇ ਗਰਾਮਰ ਸਕੂਲ ਵਿਚ ਪੜ੍ਹਿਆ ਸੀ। ਇਸ ਸਕੂਲ ਦੇ ਸਾਰੇ ਟੀਚਰ ਆਕਸਫ਼ੋਰਡ ਯੂਨੀਵਰਸਿਟੀ ਦੇ ਗਰੈਜੂਏਟ ਹੁੰਦੇ ਸਨ। ਇਹ ਸਕੂਲ ਅਮੀਰਾਂ ਅਹਿਲਕਾਰਾਂ ਦੇ ਬੱਚਿਆਂ ਲਈ ਸੀ ਤੇ ਉਹਨਾਂ ਲਈ ਵਿੱਦਿਆ ਮੁਫ਼ਤ ਸੀ। ਇਹ ਸਹੂਲਤ ਸ਼ੈਕਸਪੀਅਰ ਨੂੰ ਕਿਵੇਂ ਨਾ ਕਿਵੇਂ ਮਿਲ ਹੀ ਗਈ ਸੀ।

ਸ਼ੈਕਸਪੀਅਰ ਦੇ ਘਰ ਵਿਚ ਉਸਦੀਆਂ ਕਈ ਇਕ ਯਾਦਗਾਰਾਂ ਵੀ ਹਨ। ਘਰ, ਆਪਣੇ ਆਪ ਵਿਚ, ਸ਼ੈਕਸਪੀਅਰ-ਅਜਾਇਬ ਘਰ ਸੀ।

ਸ਼ੈਕਸਪੀਅਰ ਦੀਆਂ ਲਿਖਤਾਂ ਦੀਆਂ ਪਹਿਲੀਆਂ ਐਡੀਸ਼ਨਾਂ ਖੋਲ੍ਹਕੇ ਸ਼ੀਸ਼ਿਆਂ ਅੰਦਰ ਰਖੀਆਂ ਸਨ। ਕਾਗਜ਼ ਸਾਡੇ ਪ੍ਰਾਚੀਨ ਗ੍ਰੰਥਾਂ ਵਾਂਗੂੰ ਦਿਸਦੇ ਸਨ। ਪੀਲੇ ਅਤੇ ਖ਼ਸਤਾ ਜਿਹੇ। ਸ਼ੈਕਸਪੀਅਰ ਦੇ ਸਮੇਂ ਦੀਆਂ ਪੁਰਾਣੀਆਂ ਸੁਰਾਹੀਆਂ ਤੇ ਇਕ ਕੰਘਾ ਪਿਆ ਸੀ। ਕੰਘਾ ਟੁਟਿਆ ਹੋਇਆ ਸੀ। ਕੁਝ ਪੁਰਾਣੇ ਸਿੱਕੇ ਵੀ ਸਨ।

ਸ਼ੈਕਸਪੀਅਰ ਸਕੂਲ ਵਿਚ ਜਿਸ ਡੈਸਕ ਉਤੇ ਪੜ੍ਹਦਾ ਸੀ, ਉਹ ਵੀ ਉਥੇ ਪਿਆ ਸੀ। ਚਾਰ ਸਵਾ ਚਾਰ ਫ਼ੁੱਟ ਇਹ ਡੈਸਕ ਉੱਚਾ ਹੋਵੇਗਾ। ਡੈਸਕ ਕਾਫ਼ੀ ਮਜ਼ਬੂਤ ਸੀ। ਦੋ ਇੰਚ ਦੇ ਨੇੜੇ ਤੇੜੇ ਉਸਦੀ ਲੱਕੜ ਮੋਟੀ ਸੀ।

ਬੈੱਡ ਰੂਮ ਵਿਚ ਇਕ ਬੈੱਡ ਉਸ ਜ਼ਮਾਨੇ ਦਾ ਪਿਆਂ ਸੀ। ਕੁਝ ਫ਼ਰਨੀਚਰ ਉਸਦਾ ਨਹੀਂ, ਉਸ ਜ਼ਮਾਨੇ ਦਾ ਰਖਿਆ ਸੀ। ਇਕ ਪਾਸੇ ਵੱਡੀਆਂ ਵੱਡੀਆਂ ਲੋਹੇ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੁੰਜੀਆਂ ਪਈਆਂ ਸਨ। ਬਿਲਕੁਲ ਇਹੋ ਜਿਹੀਆਂ ਕੁੰਜੀਆਂ ਸਾਡੇ ਦੇਸ਼ ਵਿਚ ਹੁੰਦੀਆਂ ਹਨ।

ਪਹਿਲਾਂ ਇਸ ਘਰ ਦੀਆਂ ਕੰਧਾਂ ਮਿੱਟੀ ਤੇ ਲੱਕੜ ਦੀਆਂ ਹੁੰਦੀਆਂ ਸਨ। ਉਹਨਾਂ ਵਿਚੋਂ, ਦੇਖਣ ਲਈ, ਥੋੜੀ ਜਿਹੀ ਕੰਧ ਹੀ ਹੁਣ ਸਾਂਭ ਕੇ ਰੱਖੀ ਹੋਈ ਹੈ। ਇਹ, ਨਮੂਨੇ ਵਾਲੀ ਕੰਧ, ਚਿੱਬ ਖੜਿੱਬੀ ਜਿਹੀ ਹੈ। ਜਿਵੇਂ ਸਾਡੇ ਪਿੰਡਾਂ ਦੇ ਘਰਾਂ ਦੀਆਂ ਕੱਚੀਆਂ ਕੰਧਾਂ ਹੁੰਦੀਆਂ ਹਨ। ਕਿਤੇ ਕਿਤੇ ਛੱਤਾਂ ਹੇਠ ਸ਼ਤੀਰੀਆਂ ਦੀਆਂ ਥੰਮੀਆਂ ਹਨ।

ਘਰ ਵਿਚ ਇਕ ਕਿਚਨ ਸੀ। ਤਿੰਨ ਸੌਣ ਦੇ ਕਮਰੇ ਸਨ। ਸੌਣ ਕਮਰੇ ਉਤੇ ਸਨ। ਕਿਚਨ ਹੇਠਾਂ ਬਣੀ ਸੀ। ਇਹ ਘਰ ਸ਼ੈਕਸਪੀਅਰ ਦੇ ਪਿਤਾ ਦੇ ਘਰ ਨਾਲ ਸਾਂਝਾ ਕਰਕੇ ਇਕੋ ਕੀਤਾ ਹੋਇਆ ਹੈ। ਦੋਹਾਂ ਦੇ ਸੱਤ ਕਮਰੇ ਹਨ।

ਕਈ ਪਤੀਲੇ ਪਏ ਸਨ ਜੋ ਲੋਹੇ ਅਤੇ ਪਿੱਤਲ ਦੇ ਸਨ। ਇਕ ਪਿੱਤਲ ਦੀ ਝਰਨੀ ਸੀ। ਇਕ ਪਰਾਂਤ ਪਈ ਸੀ। ਪਰਾਂਤ ਡੂੰਘੀ ਜਿਹੀ ਸੀ। ਅੰਗੀਠੀ ਕਾਫ਼ੀ ਖੁਲ੍ਹੀ ਸੀ। ਉਸ ਸਮੇਂ ਅੰਗੀਠੀਆਂ ਵਿਚ ਲੱਕੜਾਂ ਡਾਹੀਆਂ ਜਾਂਦੀਆਂ ਸਨ।

ਅੱਜ ਇੰਗਲੈਂਡ ਦੇ ਹਰ ਘਰ ਵਿਚ ਕਾਰਪੇਟਾਂ ਵਿਛੀਆਂ ਹਨ। ਹੀਟਰ ਲਗੇ ਹੋਏ ਹਨ। ਕੰਧਾਂ ਉਤੇ ਕਾਗਜ਼ ਹਨ ਤੇ ਛੱਤਾਂ ਮੜ੍ਹੀਆਂ ਹੋਈਆਂ ਹਨ। ਕਿਚਨਾਂ ਵਿਚ ਸਿੰਕ ਹਨ ਤੇ ਗੈਸ ਦੇ ਚੁਲ੍ਹੇ ਜਗਦੇ ਹਨ। ਉਦੋਂ ਇਹ ਕੁਝ ਨਹੀਂ ਸੀ। ਉਦੋਂ ਨੰਗੀਆਂ ਛੱਤਾਂ ਤੇ ਹੇਠਾਂ ਨੰਗੇ ਫ਼ਰਸ਼ ਸਨ। ਲੋਕੀ ਸਿਰਫ਼ ਅੰਗੀਠੀਆਂ ਨਾਲ ਹੀ ਅੱਗਾਂ ਸੇਕ ਸਕਦੇ ਸਨ। ਅੰਗੀਠੀਆਂ ਹੀ ਬਰਫ਼ਾਂ ਦਾ ਮੁਕਾਬਲਾ ਕਰਨ ਲਈ ਹੁੰਦੀਆਂ ਸਨ।

ਸ਼ੈਕਸਪੀਅਰ ਕਿੰਨੀ ਸਖ਼ਤ ਠੰਢ ਵਿਚ ਲਿਖਦਾ ਹੋਵੇਗਾ। ਮੁਸ਼ਕਲ ਨਾਲ ਹੀ ਸਖ਼ਤ ਠੰਢ ਵਿਚ ਕਲਮ ਫੜਦਾ ਹੋਵੇਗਾ। ਫੇਰ ਕੁਰਸੀ ਸਖ਼ਤ ਸੀ। ਧੰਨ ਤੂੰ ਤੇ ਧੰਨ ਤੇਰੀ ਘਾਲਣਾ ਹੈ ਸ਼ੈਕਸਪੀਅਰ।

ਲਿਖਣਾ ਇਕ ਤਪੱਸਿਆ ਹੈ। ਸਾਡੇ ਰਿਸ਼ੀ ਜੇਠ ਹਾੜ੍ਹ ਵਿਚ ਤਪ ਕੇ ਲਿਖਦੇ ਹੁੰਦੇ ਸਨ। ਸ਼ੈਕਸਪੀਅਰ ਬਰਫ਼ਾਂ ਵਿਚ ਬਰਫ਼ ਬਣ ਕੇ ਲਿਖਦਾ ਰਿਹਾ।

ਵਿਲੀਅਮ ਸ਼ੈਕਸਪੀਅਰ ਦਾ ਪਿੰਡ, ਸਟਰੈਟਫੋਰਡ-ਆਨ-ਐਵਨ ਵਾਰਵਿਕਸ਼ਾਇਰ (Warwickshir) ਵਿਚ ਹੈ। ਸ਼ੈਕਸਪੀਅਰ ਦੇ ਬਾਪ ਦਾਦੇ ਸਮਿਆਂ ਤੋਂ ਹੀ ਵਾਰਵਿਕਸ਼ਾਇਰ ਵਿਚ ਰਹਿੰਦੇ ਆਏ ਹਨ। 'ਸ਼ਾਇਰ' (Shir) ਏਥੇ ਜ਼ਿਲੇ ਜਾਂ ਇਲਾਕੇ ਨੂੰ ਆਖਿਆ ਜਾਂਦਾ ਹੈ। ਯੌਰਕਸ਼ਾਇਰ, ਡਰਬੀਸ਼ਾਇਰ, ਲੰਕਾਸ਼ਾਇਰ, ਵਾਰਵਿਕਸ਼ਾਇਰ।

ਸ਼ੈਕਸਪੀਅਰ ਦਾ ਪਿਤਾ ਪਹਿਲਾਂ ਕਿਸਾਨ ਦਾ ਕੰਮ ਕਰਦਾ ਸੀ, ਫੇਰ ਕੋਈ ਹੋਰ ਕੰਮ ਕੀਤਾ ਤੇ ਫੇਰ ਕਸਾਈ ਦਾ ਕੰਮ ਕੀਤਾ। ਮਾਤਾ ਬਿਲਕੁਲ ਅਨਪੜ੍ਹ ਸੀ। ਪਤਨੀ ਉਮਰ ਵਿਚ ਵੱਡੀ ਸੀ।

ਇੱਕੀ ਵਰ੍ਹੇ ਦੀ ਉਮਰ ਵਿਚ ਸ਼ੈਕਸਪੀਅਰ ਪਿੰਡ ਛੱਡ ਕੇ ਲੰਡਨ ਚਲਿਆ ਗਿਆ ਸੀ। ਪਹਿਲਾਂ ਕਿਸੇ ਥੀਏਟਰ ਵਿਚ ਛੋਟੇ ਵੱਡੇ ਕੰਮ ਕੀਤੇ। ਫੇਰ ਐਕਟਰ ਬਣਿਆ ਤੇ ਫੇਰ ਨਾਟਕ ਲਿਖਣ ਲਗਾ। ਸ਼ੈਕਸਪੀਅਰ ਨੇ ਆਪਣੇ ਸਮੇਂ ਦੇ ਦਿਲ ਵਿਚ ਬਹਿ ਕੇ ਲਿਖਿਆ ਹੈ। ਕਈ ਲੋਕ ਸ਼ੈਕਸਪੀਅਰ ਨੂੰ ਸਮੇਂ ਦੀ ਰੂਹ (Soul of the age) ਵੀ ਕਹਿੰਦੇ ਹਨ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਗਲੈਂਡ ਦੀ ਇਹ ਇੱਛਾ ਸੀ ਕਿ ਉਹ ਆਪਣੀ ਆਤਮਾ ਦੇ ਮੰਚ ਉਤੇ ਦਰਸ਼ਨ ਕਰੇ । ਇਹ ਇੱਛਾ, ਨਿਰਸੰਦੇਹ, ਸ਼ੈਕਸਪੀਅਰ ਨੇ ਪੂਰੀ ਕੀਤੀ ।

ਸ਼ੈਕਸਪੀਅਰ ਨੂੰ ਸਿਰਫ਼ ਬਵੰਜਾ ਵਰ੍ਹੇ ਦੀ ਉਮਰ ਮਿਲੀ ਸੀ। ੧੫੬੪ ਵਿਚ ਉਹ ਸੰਸਾਰ ਵਿਚ ਆਇਆ ਸੀ ਤੇ ਸੰਨ ੧੬੧੬ ਵਿਚ ਉਹ ਇਥੋਂ ਵਿਦਾਅ ਹੋ ਗਿਆ ਸੀ। ਮਹੀਨਾ ਉਹੀਓ ਅਪਰੈਲ ਸੀ। ੨੩ ਅਪਰੈਲ ਨੂੰ ਆਇਆ ਸੀ, ੧੫ ਅਪਰੈਲ ਨੂੰ ਚਲਿਆ ਗਿਆ।

ਹੋਲੀ ਟਰਿਨਿਟੀ ਚਰਚ ਵਿਚ, ਜੋ ਇਸੇ ਨਗਰੀ ਵਿਚ ਹੈ, ਸ਼ੈਕਸਪੀਅਰ ਦੀ ਕਬਰ ਹੈ । ਚਰਚ ਜੰਗਲ ਵਿਚ ਹੈ। ਬੜਾ ਹੀ ਸ਼ਾਂਤ ਵਾਤਾਵਰਣ। ਚਰਚ ਕਾਫ਼ੀ ਸੁੰਦਰ ਹੈ ।

ਸਭ ਤੋਂ ਪਹਿਲਾਂ, ਖੱਬਿਓਂ ਸੱਜੇ, ਉਸ ਦੀ ਪਤਨੀ ਦੀ ਕਬਰ ਹੈ, ਫੇਰ ਸ਼ੈਕਸਪੀਅਰ ਦੀ । ਆਨ (Anne) ਆਪਣੇ ਕਵੀ ਪਤੀ ਦੇ ਸੱਜੇ ਪਾਸੇ ਪਈ ਹੈ, ਸ਼ੈਕਸਪੀਅਰ ਖੱਬੇ ਪਾਸੇ। ਫੇਰ ਉਸ ਦੇ ਪੋਤ-ਜੁਆਈ ਥਾਮਸ ਨਾਸ਼ (Thomas Nash) ਦੀ ਕਬਰ ਹੈ। ਅੱਗੇ ਇਕ ਜੁਆਈ ਤੇ ਇਕ ਧੀ ਦੀ ਕਬਰ ਹੈ। ਜੁਆਈ ਜੌਹਨ ਹਾਲ ਸੀ ਜੋ ਚੌਥੇ ਨੰਬਰ ਉਤੇ ਹੈ। ਪੰਜਵੇਂ ਨੰਬਰ ਉਤੇ ਉਸਦੀ ਵੱਡੀ ਧੀ ਸੂਜ਼ਾਨਾ (Susannah) ਹੈ।

ਸ਼ੈਕਸਪੀਅਰ ਦੀ ਕਬਰ ਦੇ ਗਿਰਦ ਲਾਲ ਰੇਸ਼ਮ ਦੀ ਡੋਰੀ ਨਾਲ ਇਕ ਵਲਗਣ ਕੀਤੀ ਹੋਈ ਹੈ। ਡੋਰੀ ਕਾਫ਼ੀ ਮੋਟੀ ਹੈ।

ਕਬਰਾਂ, ਆਮ ਕਬਰਾਂ ਵਾਂਗ, ਉੱਚੀਆਂ ਉੱਚੀਆਂ ਨਹੀਂ ਹਨ, ਪੱਧਰ ਫ਼ਰਸ਼ ਵਾਂਗ ਹੀ ਹਨ। ਇਸੇ ਲਈ ਲਾਲ ਡੋਰੀ ਨਾਲ ਸ਼ੈਕਸਪੀਅਰ ਦੀ ਕਬਰ ਨੂੰ ਅਲਹਿਦਾ ਕੀਤਾ ਹੋਇਆ ਹੈ। ਉਂਜ ਸਭ ਦੇ ਨਾਵਾਂ ਦੀਆਂ ਪਲੇਟਾਂ ਵੀ ਲਗੀਆਂ ਹੋਈਆਂ ਹਨ।

ਸ਼ਾਇਦ, ਚਰਚ ਦੇ ਅੰਦਰ ਕਰਕੇ, ਉੱਚੀਆਂ ਕਬਰਾਂ ਨਹੀਂ ਬਣਾਈਆਂ। ਖ਼ੈਰ, ਕਬਰਾਂ ਸੁੰਦਰ ਸਨ। ਫ਼ਰਸ਼ ਲਾਲ।

ਸ਼ੈਕਸਪੀਅਰ ਦੇ ਘਰ ਦੇ ਨਾਲ ਇਕ ਬੁਕ ਸਟਾਲ ਜਿਹਾ ਬਣਿਆ ਸੀ। ਸ਼ੈਕਸਪੀਅਰ ਦਾ ਸਾਰਾ ਸਾਹਿਤ ਨਿੱਕੀਆਂ ਨਿੱਕੀਆਂ ਡਾਇਰੀਆਂ ਦੀ ਸ਼ਕਲ ਵਿਚ ਛਾਪਿਆ ਹੋਇਆ ਸੀ।

ਬਾਹਰ, ਘਰ ਦੇ ਵਿਹੜੇ ਵਿਚ, ਇਕ ਬੜਾ ਪੁਰਾਣਾ ਬਿਰਛ ਹੈ ਜਿਸ ਨੂੰ ਲੋਹੇ ਦੀਆਂ ਥੰਮੀਆਂ ਨਾਲ ਸੰਭਾਲ ਕੇ ਰਖਿਆ ਹੋਇਆ ਹੈ। ਪੱਤੇ ਛੋਟੇ ਛੋਟੇ ਹਨ। ਜਾਪਦਾ ਸੀ ਜਿਵੇਂ ਇਹ ਬਿਰਛ ਸ਼ੈਕਸਪੀਅਰ ਦੇ ਸਮੇਂ ਦਾ ਹੋਵੇ। ਲਿਖਿਆ ਕੁਝ ਵੀ ਨਹੀਂ ਸੀ। ਨਾ ਹੀ ਕਿਸੇ ਨੂੰ ਇਸ ਬਿਰਛ ਦੇ ਨਾਂ ਦਾ ਉਥੇ ਪਤਾ ਸੀ। ਉਂਜ ਸਭ ਸੈਲਾਨੀ ਉਸ ਨੂੰ ਤੱਕਦੇ ਬੜੇ ਹੀ ਗਹੁ ਨਾਲ ਸਨ।

ਇਹ ਬਿਰਛ ਮੈਨੂੰ ਬਾਬੇ ਦੀ ਬੇਰ ਵਾਂਗੂ ਜਾਪਿਆ।

ਸ਼ੈਕਸਪੀਅਰ ਦਾ ਘਰ ਇਕ ਬਾਜ਼ਾਰ ਜਿਹੇ ਦੇ ਵਿਚ ਹੀ ਹੈ। ਟਾਊਨ ਕਾਫ਼ੀ ਚੰਗਾ ਹੈ। ਨੇੜੇ ਇਕ ਦਰਿਆ ਵੀ ਹੈ। ਆਲੇ ਦੁਆਲੇ ਖੁਲ੍ਹੇ, ਵੱਡੇ, ਪਾਰਕ ਅਤੇ ਜੰਗਲ ਹਨ। ਸ਼ੈਕਸਪੀਅਰ ਦੇ ਵੇਲੇ ਏਥੇ ਬਹੁਤੇ ਜੰਗਲ ਹੋਣਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿਨ ਬਹੁਤ ਹੀ ਸੁਹਣਾ ਸੀ। ਨੀਲ, ਉਜਲ ਅੰਬਰ ਉਤੇ ਸੂਰਜ ਚਮਕ ਰਿਹਾ ਸੀ। ਸ਼ੈਕਸਪੀਅਰ ਦਾ ਸਾਰਾ ਟਾਊਨ ਧੁੱਪ ਵਿਚ ਘਿਰਿਆ ਹੋਇਆ ਸੀ।

ਅਸੀਂ ਇਕ ਵਿਸ਼ਾਲ ਪਾਰਕ ਵਿਚ ਬੈਠ ਕੇ ਲੰਚ ਕੀਤਾ ਸੀ। ਬੜੇ ਹੀ ਸੁੰਦਰ ਬਿਟਛ ਸਨ। ਬੜੀ ਹੀ ਸੁਹਣੀ ਸਾਵੀ ਘਾਹ।

ਕੁਝ ਚਿਰ ਮੈਂ ਇਸ ਘਾਹ ਦੇ ਉਤੇ ਲੇਟ ਵੀ ਗਿਆ ਸਾਂ।

ਅਸੀਂ ਕਾਰ ਵਿਚ ਪੌਣੇ ਬਾਰਾਂ ਕਾਵੈਂਟਰੀ ਤੋਂ ਚੱਲੇ ਸਾਂ। ਪੰਜ ਕੁ ਵਜੇ ਵਾਪਸ ਅਸੀਂ ਕਾਵੈਂਟਰੀ ਆ ਗਏ ਸਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਬੀ. ਬੀ. ਸੀ. ਨਾਲ ਇੰਟਰਵਿਊ

ਏਥੇ ਹਰ ਐਤਵਾਰ ਟੈਲੀਵੀਜ਼ਨ ਬੀ. ਬੀ. ਸੀ. ਤੋਂ ਏਸ਼ੀਅਨ ਲੋਕਾਂ ਲਈ ਪ੍ਰੋਗਰਾਮ ਆਉਂਦਾ ਹੈ। ਦੋ ਇੰਟਰਵਿਊਆਂ ਅਤੇ ਗੀਤ ਸੰਗੀਤ ਹੁੰਦਾ ਹੈ। ਕਦੇ ਉਂਜ ਹੀ ਕੋਈ ਨਾ ਕੋਈ ਹੋਰ ਫ਼ੀਚਰ ਹੁੰਦਾ ਹੈ। ਪ੍ਰੋਗਰਾਮ ਦਾ ਨਾਂ ਹੈ : "ਨਈ ਜ਼ਿੰਦਗੀ ਨਯਾ ਜੀਵਨ।"

ਸ੍ਰੀ ਯੁਤ ਮਹਿੰਦਰ ਕੌਲ ਤੇ ਦੂਜੇ ਸ੍ਰੀ ਸਲੀਮ ਸ਼ਾਹਿਦ ਇਸ ਦੇ ਪ੍ਰੋਡੀਊਸਰ ਹਨ। ਸਲੀਮ ਸ਼ਾਹਿਦ ਪਾਕਿਸਤਾਨੀ ਪ੍ਰੋਗਰਾਮ ਦੇ ਮੁਖੀ ਹਨ, ਮਹਿੰਦਰ ਕੌਲ ਭਾਰਤੀ ਦੇ। ਪ੍ਰੋਗਰਾਮ ਅਸਲੋਂ ਇਹਨਾਂ ਦੋਹਾਂ ਮੁਲਕਾਂ ਲਈ ਹੀ ਹੈ, ਕਿਹਾ "ਏਸ਼ੀਅਨ" ਜਾਂਦਾ ਹੈ। ਬਹੁਤੇ ਏਥੇ ਹਿੰਦੋਸਤਾਨੀ ਤੇ ਪਾਕਿਸਤਾਨੀ ਹੀ ਰਹਿੰਦੇ ਹਨ। ਠੀਕ ਹੈ, ਹੁਣ ਤੀਜਾ ਮੁਲਕ ਬੰਗਲਾ ਦੇਸ਼ ਵੀ ਸ਼ਾਮਿਲ ਹੈ। ਜਦੋਂ ਕਦੇ ਪਹਿਲਾਂ ਪਹਿਲਾਂ "ਨਈ ਜ਼ਿੰਦਗੀ ਨਯਾ ਜੀਵਨ" ਸ਼ੁਰੂ ਹੋਇਆ ਹੋਵੇਗਾ, ਉਦੋਂ ਬੰਗਲਾ ਦੇਸ਼ ਪਾਕਿਸਤਾਨ ਵਿਚ ਹੀ ਹੋਵੇਗਾ। ਨਹੀਂ ਤਾਂ ਇਕ ਪ੍ਰੋਡਿਊਸਰ ਬੰਗਲਾ ਦੇਸ਼ ਲਈ ਵੀ ਹੋਣਾ ਸੀ। ਹੁਣ ਬੰਗਲਾ ਦੇਸ਼ ਦਾ ਕੰਮ ਇਹੀਓ ਸਾਰ ਦੇਂਦੇ ਹਨ। ਪ੍ਰੋਗਰਾਮ ਜੋ "ਏਸ਼ੀਅਨ" ਹੈ।

ਪ੍ਰੋਡਿਊਸਰ, ਨਿਰਸੰਦੇਹ, ਦੋਵੇਂ ਬੜੇ ਹੀ ਲਾਇਕ ਹਨ।

ਜਦੋਂ ਵੀ ਕੋਈ ਹਿੰਦੋਸਤਾਨ ਤੋਂ ਨਾਮੀ ਲੇਖਕ ਆਉਂਦਾ ਹੈ, ਏਥੇ ਉਸਦਾ ਇੰਟਰਵਿਊ ਰੀਕਾਰਡ ਕਰ ਲਿਆ ਜਾਂਦਾ ਹੈ। ਐਕਟਰ ਅਤੇ ਐਕਟਰੈਸਾਂ ਵੀ ਏਥੇ ਆਉਂਦੇ ਰਹਿੰਦੇ ਹਨ। ਗਾਇਕਾਵਾਂ ਤੇ ਗਾਇਕ ਵੀ। ਉਹਨਾਂ ਦੇ ਵੀ ਇੰਟਰਵਿਊ ਰੀਕਾਰਡ ਕਰ ਲਏ ਜਾਂਦੇ ਹਨ। ਇਸੇ ਤਰ੍ਹਾਂ ਹੀ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਲੋਕਾਂ ਦੇ।

ਸ੍ਰੀ ਮਤੀ ਕੈਲਾਸ਼ ਪੁਰੀ ਅਤੇ ਉਹਨਾਂ ਦੇ ਪਤੀ ਡਾਕਟਰ ਗੋਪਾਲ ਪੁਰੀ ਅੱਜ ਕਲ੍ਹ ਇੰਗਲੈਂਡ ਹਨ। ਮੈਂ ਇੰਗਲੈਂਡ ਆਇਆ ਤਾਂ ਉਹਨਾਂ ਨੂੰ ਬਹੁਤ ਖ਼ੁਸ਼ੀ ਹੋਈ। ਸ੍ਰੀ ਮਹਿੰਦਰ ਕੌਲ ਨੂੰ ਉਹਨਾਂ ਨੇ ਫ਼ੋਨ ਕੀਤਾ ਕਿ ਮੈਂ ਬਤੌਰ ਦਰਸ਼ਕ ਦੇ ਇੰਗਲੈਂਡ ਆਇਆ ਹੋਇਆ ਹਾਂ, ਇਸ ਲਈ ਮੇਰਾ ਇੰਟਰਵਿਊ ਰੀਕਾਰਡ ਹੋਣਾ ਚਾਹੀਦਾ ਹੈ। ਉੱਤਰ ਵਿਚ ਮਹਿੰਦਰ ਕੌਲ ਨੇ ਉਹਨਾਂ ਨੂੰ ਕੀ ਕੁਝ ਕਿਹਾ ਸੀ, ਇਸਦਾ ਮੈਨੂੰ ਪਤਾ ਨਹੀਂ। ਇਕੱਤੀ ਜੁਲਾਈ ਮੈਨੂੰ ਡਾਕਟਰ ਪੁਰੀ ਦਾ ਫ਼ੋਨ ਆਇਆ ਕਿ ਦੋ ਅਗਸਤ ਨੂੰ ਮੇਰਾ ਇੰਟਰਵਿਊ ਰੀਕਾਰਡ ਹੋਣਾ ਹੈ। ਸਟੂਡੀਓ ਬ੍ਰਿਮਿੰਘਮ ਹੈ। ਦੋ ਅਗਸਤ ਨੂੰ ਦਸ ਕੁ ਵਜੇ ਮੈਂ ਬ੍ਰਿਮਿੰਘਮ ਪਹੁੰਚ ਜਾਵਾਂ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ ਅਗਸਤ ਨੇੜੇ ਸੀ । ਮੈਂ ਡਾਕਟਰ ਸਾਹਿਬ ਨੂੰ ਆਖਿਆ ਕਿ ਦੋ ਤਰੀਕ ਨੇੜੇ ਹੈ, ਘਟੋ ਘਟ ਦਸ ਕੁ ਦਿਨਾਂ ਦਾ ਫ਼ਰਕ ਹੋਣਾ ਚਾਹੀਦਾ ਹੈ । ਪਰ ਡਾਕਟਰ ਸਾਹਿਬ ਨੇ ਆਖਿਆ ਕਿ ਇਹ ਹੁਣ ਸੰਭਵ ਨਹੀਂ ਹੈ । ਮੈਨੂੰ ਦੋ ਤਰੀਕ ਹੀ ਪ੍ਰਵਾਨ ਕਰ ਲੈਣੀ ਚਾਹਦੀ ਹੈ । ਹੁਣੇ ਮੈਨੂੰ ਮਹਿੰਦਰ ਕੌਲ ਦਾ ਟੈਲੀਫ਼ੂਨ ਆਵੇਗਾ । ਮੈਂ ਉਹਨਾਂ ਨੂੰ 'ਹਾਂ' ਕਹਿ ਦੇਵਾਂ ।

ਅਸਲ ਵਿਚ ਡਾਕਟਰ ਸਾਹਿਬ ਨੇ ਪਹਿਲਾਂ ਮਹਿੰਦਰ ਕੌਲ ਹੋਰਾਂ ਨੂੰ ਟੈਲੀਫ਼ੂਨ ਕੀਤਾ ਸੀ ਤੇ ਫੇਰ ਮੈਨੂੰ ਕਾਵੈਂਟਰੀ ਨੂੰ । ਮੇਰੇ ਕੋਲੋਂ ਪ੍ਰਵਾਨਗੀ ਲੈ ਕੇ ਫੇਰ ਉਹਨਾਂ ਮਹਿੰਦਰ ਕੌਲ ਨੂੰ ਟੈਲੀਫ਼ੂਨ ਕਰਨਾ ਸੀ ਤੇ ਮੇਰਾ ਫ਼ੋਨ ਵੀ ਦੇਣਾ ਸੀ । ਫੇਰ ਮਹਿੰਦਰ ਕੌਲ ਵਲੋਂ ਮੈਨੂੰ ਫੋਨ ਆਉਣਾ ਸੀ । ਕਿਉਂਕਿ ਸਮਾਂ ਥੋੜਾ ਕਰਕੇ ਪਹਿਲਾਂ ਉਹਨਾਂ ਫ਼ੋਨ ਉਤੇ ਹੀ ਮੇਰੀ ਬੁਕਿੰਗ ਕਰਨੀ ਸੀ ਤੇ ਮਗਰੋਂ ਚਿੱਠੀ ਭੇਜਣੀ ਸੀ ।

ਡਾਕਟਰ ਹੋਰਾਂ ਦੋ ਤਿੰਨ ਫ਼ੋਨ ਮਹਿੰਦਰ ਕੌਲ ਨਾਲ ਕੀਤੇ ਸਨ ਤੇ ਇਵੇਂ ਹੀ ਦੋ ਤਿੰਨ ਮੇਰੇ ਨਾਲ । ਮੈਨੂੰ ਲੱਭਣ ਲਈ ਵੀ ਉਹਨਾਂ ਨੂੰ ਦੋ ਤਿੰਨ ਫ਼ੋਨ ਕਰਨੇ ਪਏ । ਉਹਨਾਂ ਨੇ ਇਹ ਵੀ ਕਿਹਾ ਸੀ : "ਮਹਾਰਾਜ, ਕਿਥੇ ਓਂ, ਤੁਸੀਂ ਤਾਂ ਮਸੀਂ ਮਿਲੇ ਓ; ਲੱਭਦੇ ਲੱਭਦੇ ਥੱਕ ਗਏ ।" ਉਹ ਲਿਵਰਪੂਲ ਤੋਂ ਬੋਲਦੇ ਸਨ ।

ਡਾਕਟਰ ਸਾਹਿਬ ਨੇ ਮੇਰੇ ਕੋਲੋਂ ਪ੍ਰਵਾਨਗੀ ਨਹੀਂ ਲਈ ਸੀ, ਸਗੋਂ, ਬੜੇ ਹੀ ਪਿਆਰ ਨਾਲ, ਮੈਨੂੰ ਹੁਕਮ ਕੀਤਾ ਸੀ ਕਿ ਮੈਂ ਦੋ ਅਗਸਤ ਹੀ ਜਾ ਕੇ ਇੰਟਰਵਿਊ ਰੀਕਾ-ਰਡ ਕਰਵਾਵਾਂ । ਮੇਰੇ ਮਗਰੋਂ ਉਹਨਾਂ ਮਹਿੰਦਰ ਕੌਲ ਨੂੰ ਫ਼ੋਨ ਕੀਤਾ ਕਿ ਉਹ ਮੈਨੂੰ ਫ਼ੋਨ ਕਰ ਲੈਣ । ਕੌਲ ਸਾਹਿਬ ਦਾ ਫ਼ੋਨ ਆਇਆ । ਉਹਨਾਂ ਮੈਨੂੰ ਦੋ ਤਰੀਕ ਬ੍ਰਮਿੰਘਮ ਆਉਣ ਲਈ ਕਿਹਾ ਸੀ । ਮੇਰਾ ਸਿਰਨਾਵਾਂ ਪੁੱਛਿਆ ਸੀ । ਹੁਣੇ, ਫ਼ੋਨ ਤੋਂ ਮਗਰੋਂ, ਉਹਨਾਂ ਨੇ ਚਿੱਠੀ ਪੋਸਟ ਕਰਨੀ ਸੀ ਜੋ ਮੈਨੂੰ ਕਲ੍ਹ ਮਿਲ ਜਾਣੀ ਸੀ । ਮੈਂ ਉਹਨਾਂ ਨੂੰ ਇਹ ਵੀ ਪੁੱਛਿਆ ਸੀ ਕਿ ਇੰਟਰਵਿਊ ਵਿਚ ਮੇਰੇ ਕੋਲੋਂ ਉਹ ਕੀ ਕੁਝ ਪੁੱਛਣਾ ਚਾਹੁਣਗੇ । ਕੌਲ ਸਾਹਿਬ ਨੇ ਕਿਹਾ ਸੀ :

"ਦੇਖੀਏ ਸਾਹਿਬ, ਹਮ ਆਪਸੇ ਚੰਦ ਸਵਾਲ ਪੂਛੇਂਗੇ । ਆਪ ਜਵਾਬ ਦੇਂਗੇ ਉਨਕਾ ।"

"ਕਵਿਤਾ ਭ੍ਹੀ ਕੋਈ ਕਹਿਨੀ ਹੋਗੀ ?"

"ਹਾਂ ਜਨਾਬ, ਕਵਿਤਾ ਭ੍ਹੀ, ਕਿਉਂਕਿ ਆਪ ਕਵੀ ਹੈਂ ਨਾ ।"

"ਕਵਿਤਾਏਂ ਕਿਤਨੀ ਹੋਨੀ ਚਾਹੀਏਂ ?"

"ਏਕ, ਦੋ, ਤੀਨ, ਚਾਰ, ਆਪ ਸਭ੍ਹੀ ਸਾਥ ਲੇ ਆਏਂ । ਵੁਹ ਸਬ ਯਹਾਂ ਦੇਖ ਲੇਂਗੇ ।"

"ਇੰਟਰਵਿਊ ਕਿਸ ਜ਼ਬਾਨ ਮੇਂ ਲੇਂਗੇ ਆਪ—ਪੰਜਾਬੀ ਮੇਂ ?"

"ਨਹੀਂ, ਹਿੰਦੋਸਤਾਨੀ ਮੇਂ । ਏਸ਼ੀਅਨ ਲੋਗੋਂ ਕਾ ਹੈ ਯਹ ਹਮਾਰਾ ਪ੍ਰੋਗਰਾਮ । ਹਿੰਦੋਸਤਾਨੀ ਭ੍ਹਾਸ਼ਾ ਹੋਗੀ ।"

"ਕੌਲ ਸਾਹਿਬ, ਕਵਿਤਾ ਤੋ ਪੰਜਾਬੀ ਮੇਂ ਹੀ ਹੋਗੀ ਨਾ ?"

"ਹਾਂ ਹਾਂ, ਪੰਜਾਬੀ ਮੇਂ । ਆਪ ਭ੍ਹਾਰਤੀ ਕਵੀ ਹੈਂ, ਪੰਜਾਬੀ ਭ੍ਹਾਸ਼ਾ ਕੇ ਕਵੀ ਹੈਂ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਲੀਏ ਪੰਜਾਬੀ ਮੇਂ ਹੀ ਆਪ ਕਵਿਤਾ ਕਹੇਂਗੇ।" ਅਤੇ ਕੋਲ ਸਾਹਿਬ ਨੇ ਮੈਨੂੰ ਬੀ. ਬੀ. ਸੀ. ਸਟੂਡੀਓ ਦਾ ਪੂਰਾ ਪਤਾ ਨੋਟ ਕਰਵਾਇਆ। ਦੋ ਅਗਸਤ, ਦਸ ਵਜੇ ਸਵੇਰੇ ਉਹਨਾਂ ਕੋਲ ਪੁੱਜਣਾ ਸੀ।

ਦਸਾਂ ਪੰਦਰਾਂ ਮਿੰਟਾਂ ਮਗਰੋਂ ਡਾਕਟਰ ਪੁਰੀ ਦਾ ਫ਼ੋਨ ਆਇਆ। "ਕੀ ਬੁਕਿੰਗ ਹੋ ਗਈ ਨਾ ?"

"ਹਾਂ, ਹੋ ਗਈ ਡਾਕਟਰ ਸਾਹਿਬ। ਦੋ ਅਗਸਤ ਨੂੰ ਜਾਵਾਂਗਾ।"

ਅਗਲੇ ਦਿਨ, ਸਵੇਰੇ ਹੀ, ਮੈਂ ਬੈੱਡ-ਟੀ ਪੀ ਰਿਹਾ ਸਾਂ ਕਿ ਇਕ ਕਵਿਤਾ ਆਈ ਤੇ ਕਾਗਜ਼ ਉਤੇ ਲਹਿਣ ਲਗੀ :

ਹੇ ਮੇਰੇ ਪੰਜਾਬ !
ਅੱਜ ਮੈਂ ਬੈਠਾ ਤੈਥੋਂ ਦੂਰ
ਆਵੇ ਤੇਰੀ ਯਾਦ।

ਤੇਰਾ ਸਤਿਲੁਜ
ਤੇਰੀ ਰਾਵੀ
ਜਿਹਲਮ ਅਤੇ ਚਨਾਬ
ਜੁਗਾਂ ਜੁਗਾਂ ਤੋਂ ਵਹਿਣ ਇਕੱਠੇ
ਹੇ ਮੇਰੇ ਪੰਜਾਬ !
ਪਰ ਅਜ ਹੋ ਗਏ ਵੱਖਰੇ ਵੱਖਰੇ
ਲਗ ਗਿਆ ਕਾਲਾ ਦਾਗ
ਦੋ ਦਰਿਆ ਨੇ ਦੂਜੇ ਪਾਸੇ
ਤਿੰਨ ਨੇ ਵੱਲ ਚਨਾਬ
ਪਰ ਮੈਂ ਸਮਝਾਂ ਹੁਣ ਵੀ ਇਕੋ
ਹੇ ਮੇਰੇ ਪੰਜਾਬ।

ਸਤਿਲੁਜ ਅਤੇ ਬਿਆਸ ਨੇ ਮੇਰੇ
ਰਾਵੀ ਅਤੇ ਚਨਾਬ ਨੇ ਕਿਸ ਦੇ ?
ਉਹ ਵੀ ਮੇਰੇ
ਇਹ ਵੀ ਮੇਰੇ
ਉਹ ਵੀ ਤੇਰੇ
ਇਹ ਵੀ ਤੇਰੇ
ਕੀ ਮੈਂ ਆਖਾਂ ਨਾਨਕ ਮੇਰਾ ?
ਸ਼ੇਖ਼ ਫ਼ਰੀਦ ਮੈਂ ਆਖਾਂ ਤੇਰਾ ?
ਉਹੀ ਵੀ ਮੇਰਾ
ਉਹ ਵੀ ਤੇਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਹ ਵੀ ਤੇਰਾ
ਉਹ ਵੀ ਮੇਰਾ
ਇਕੋ ਕੁੱਖ ਦੇ ਜੰਮੇ ਜਾਏ
ਅੱਜ ਬਣ ਬੈਠੇ ਹਾਂ ਹਮਸਾਏ
ਪਰ ਇਹ ਸਭ ਨੇ ਕੂੜੀਆਂ ਗੱਲਾਂ
ਪੰਜਾਂ ਦੇ ਵਿਚ ਇਕੋ ਛੱਲਾਂ ।

ਹੇ ਮੇਰੇ ਪੰਜਾਬ !
ਅੱਜ ਮੈਂ ਬੈਠਾ ਤੈਥੋਂ ਦੂਰ
ਆਵੇ ਤੇਰੀ ਯਾਦ ।

ਨਿਰਸੰਦੇਹ, ਕਵਿਤਾ ਬੜੀ ਹੀ ਆਪ ਮੁਹਾਰੇ ਆਈ ਸੀ । ਜਿਵੇਂ ਅੰਬ ਪੱਕ ਕੇ ਆਪਣੇ ਆਪ ਹੀ ਟਪਕ ਪੈਂਦਾ ਹੈ ।

ਦੋ ਅਗਸਤ, ਸਮੇਂ ਸਿਰ, ਮੈਂ ਬੀ. ਬੀ. ਸੀ. ਸਟੂਡੀਓ ਬ੍ਰਿਮਿੰਘਮ ਪਹੁੰਚ ਗਿਆ ਸਾਂ । ਨਾਲ ਮੇਰੇ ਗੁਰੂ ਜੀ ਸਨ ।

ਕੌਲ ਸਾਹਿਬ ਨੂੰ ਟੈਲੀ ਉਤੇ ਮੈਂ ਕਈ ਵਾਰ ਦੇਖਿਆ ਹੋਇਆ ਸੀ । ਅੱਖਾਂ ਉਤੇ ਮੋਟੇ ਫ਼ਰੇਮ ਦੀ ਐਨਕ ਲਗੀ ਹੁੰਦੀ ਸੀ । ਮੱਥੇ ਉਤੇ ਦਾਨਿਸ਼ਮੰਦੀ ਦੇ ਤਿੰਨ ਕਿ ਚਾਰ ਵਲ ਪੈਂਦੇ ਸਨ । ਨਜ਼ਰਾਂ ਕਾਫ਼ੀ ਤੇਜ਼ ਸਨ । ਬੜੇ ਹੀ ਸੁਹਣੇ ਪੋਜ਼ਾਂ ਵਿਚ ਉਹ ਟੈਲੀ ਉਤੇ ਦਿਸਦੇ ਹੁੰਦੇ ।

ਸਟੂਡੀਓ ਬਹੁਤ ਸੁੰਦਰ ਸੀ । ਬੂਹਾ 'ਖੁਲ੍ਹ ਜਾ ਸਮ ਸਮ' ਵਾਂਗ ਆਪਣੇ ਆਪ ਖੁਲ੍ਹ ਗਿਆ ਸੀ । ਅਸੀਂ ਰਿਸੈਪਸ਼ਨਿਸਟ ਨੂੰ ਮਿਲੇ । ਉਸ ਨੇ ਫ਼ੋਨ ਕੀਤਾ ਤੇ ਸਾਨੂੰ ਬਹਿਣ ਲਈ ਅਖਿਆ । ਰਿਸੈਪਸ਼ਨਿਸਟ ਇਕ ਕੁੜੀ ਸੀ । ਉਸਨੇ ਫੇਰ ਫ਼ੋਨ ਕੀਤਾ । ਫੇਰ ਇਕ ਕੁੜੀ ਆਈ ਤੇ ਸਾਨੂੰ ਬੜੇ ਸਲੀਕੇ ਨਾਲ ਨਾਲ ਚੱਲਣ ਲਈ ਆਖਿਆ । ਕੁੜੀਆਂ ਦੋਵੇਂ ਅੰਗਰੇਜ਼ ਸਨ ।

ਅਸੀਂ ਚਿੱਟੇ ਮਰਮਰੀ ਸਟੂਡੀਓ ਵਿਚ ਤੁਰਦੇ ਹੋਏ ਮਰਮਰੀ ਪੌੜੀਆਂ ਚੜ੍ਹਨ ਲਗੇ । ਕੌਲ ਸਾਹਿਬ ਦਾ ਕਮਰਾ ਆਇਆ । ਅਸੀਂ ਅੰਦਰ ਦਾਖ਼ਿਲ ਹੋਏ । ਬੜੇ ਹੀ ਸਲੀਕੇ ਨਾਲ ਮੈਂ ਕੌਲ ਸਾਹਿਬ ਨੂੰ ਆਖਿਆ : ''ਆਦਾਬ ਅਰਜ਼ ਕੌਲ ਸਾਹਿਬ । ਮੈਂ ਸੰਤੋਖ ਸਿੰਘ ਧੀਰ ਹਾਂ ।''

''ਅੱਛਾ ਅੱਛਾ, ਆਈਏ ਆਈਏ ।'' ਕੌਲ ਸਾਹਿਬ ਨੇ ਆਖਿਆ ਤੇ ਫੇਰ ਮੇਰੇ ਨਾਲ ਹੱਥ ਮਿਲਾਇਆ । ਉਹੀਓ ਤਿੰਨ ਕਿ ਚਾਰ ਵਲ ਉਹਨਾਂ ਦੇ ਮੱਥੇ ਵਿਚ ਪੈ ਗਏ ਸਨ ।

ਕੌਲ ਸਾਹਿਬ ਦੇ ਨੇੜੇ ਹੀ ਇਕ ਹੋਰ ਮੇਜ਼ ਵੀ ਡਹੀ ਸੀ । ਪਰ ਸੀਟ ਉਸਦੀ ਖ਼ਾਲੀ ਸੀ । ਕੌਲ ਸਾਹਿਬ ਦੀ ਮੇਜ਼ ਅੱਗੇ ਤੇ ਉਹਨਾਂ ਦੇ ਨਾਲ ਦੀ ਮੇਜ਼ ਅੱਗੇ ਇਕ ਇਕ ਕੁਰਸੀ ਡਹੀ ਸੀ । ਕੁਦਰਤੀ ਮੈਂ ਕੌਲ ਸਾਹਿਬ ਦੇ ਸਾਹਮਣੇ ਬੈਠ ਗਿਆ ਸਾਂ ਤੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰੂ ਹੋਰੀ ਨਾਲ ਦੀ ਮੇਜ਼ ਦੇ ਅੱਗੇ ਡਹੀ ਹੋਈ ਕੁਰਸੀ ਉਤੇ। ਮੁਮਕਿਨ ਹੈ ਉਹ ਮੇਜ਼ ਸਲੀਮ ਸ਼ਾਹਿਦ ਸਾਹਿਬ ਦੀ ਹੋਵੇ।

ਗੁਰੂ ਹੋਰੀ ਸਿੱਖ ਹਨ, ਪਰ ਜਾਪਦੇ ਮੁਸਲਮਾਨ ਸਨ। ਉਹਨਾਂ ਦੀ ਦਾੜ੍ਹੀ ਮੁਸਲਮਾਨੀ ਢੰਗ ਦੀ ਕੱਟੀ ਹੋਈ ਸੀ। ਪਤਲੇ ਪਤਲੇ ਖ਼ਤਾਂ ਨਾਲ ਉਹ ਪਾਕਿਸਤਾਨੀ ਤਾਂ ਦਰਕਿਨਾਰ, ਅਰਬ ਜਾਂ ਇਰਾਕ ਤਕ ਦੇ ਮੁਸਲਮਾਨ ਵੀ ਲਗਦੇ ਸਨ। ਕੌਲ ਸਾਹਿਬ ਨੇ ਸਮਝਿਆ ਕਿ ਗੁਰੂ ਹੋਰੀ ਸ਼ਾਇਦ ਸਲੀਮ ਸ਼ਾਹਿਦ ਨੂੰ ਮਿਲਣ ਲਈ ਆਏ ਹਨ, ਇਸ ਲਈ ਉਹਨਾਂ ਨੇ ਕੁਝ ਨਾ ਕਿਹਾ। ਜਦੋਂ ਪਤਾ ਲਗਾ, ਉਹ ਮੇਰੇ ਨਾਲ ਹੀ ਆਏ ਹਨ, ਉਹਨਾਂ ਇਸ ਦਾ ਨੋਟਸ ਲਿਆ।

ਕੌਲ ਸਾਹਿਬ ਨੇ ਸਭ ਤੋਂ ਪਹਿਲਾਂ ਮੈਨੂੰ ਇਹ ਸਵਾਲ ਕੀਤਾ: "ਦੇਖੀਏ, ਸਰਦਾਰ ਸਾਹਿਬ, ਮੈਂ ਆਪ ਕੋ ਜਾਨਤਾ ਨਹੀਂ ਹੂੰ। ਪਹਿਲੇ ਆਪ ਮੁਝੇ ਅਪਨੇ ਬਾਰੇ ਮੇਂ ਬਤ਼ਾਈਏ ਕੁਛ।"

ਬੜਾ ਅਜੀਬ ਸਵਾਲ ਸੀ। ਮੈਂ ਹੀਣਾ ਜਿਹਾ ਹੋ ਗਿਆ। ਕੀ ਬਤਾਵਾਂ ਕੌਲ ਸਾਹਿਬ ਨੂੰ ਹੁਣ ਮੈਂ ਆਪਣੇ ਬਾਰੇ ਵਿਚ। ਮੈਂ ਆਖਿਆ: "ਕੌਲ ਸਾਹਿਬ, ਮੇਰਾ ਨਾਮ ਸੰਤੋਖ ਸਿੰਘ ਧੀਰ ਹੈ। ਮੈਂ ਪੰਜਾਬੀ ਕਾ ਲੇਖਕ ਹੂੰ। ਸੈਰ ਕੇ ਲੀਏ ਆਇਆ ਹੂੰ।"

"ਨਹੀਂ, ਮੈਂ ਨੇ ਯੇਹ ਨਹੀਂ ਪੂਛਾ। ਯੇਹ ਤੋ ਮੁਝੇ ਪਤਾ ਹੈ। ਔਰ ਕੋਈ ਅਪਨੀ ਬਾਤ ਬਤਾਈਏ। ਆਪ ਕਯਾ ਕੁਛ ਲਿਖਤੇ ਹੈਂ?"

"ਮੈਂ ਕਵਿਤਾਏਂ ਲਿਖਤਾ ਹੂੰ। ਕਹਾਨੀਆਂ ਔਰ ਨਾਵਲ ਭੀ। ਲੇਖ ਭੀ ਲਿਖਤਾ ਰਹਿਤਾ ਹੂੰ।"

"ਦੇਖੀਏ, ਸਰਦਾਰ ਸਾਹਿਬ, ਪੰਜਾਬੀ ਸਾਹਿਤ ਕੇ ਬਾਰੇ ਮੇਂ ਮੈਂ ਬਹੁਤ ਕੁਛ ਨਹੀਂ ਜਾਨਤਾ। ਆਪ ਅਪਨੀ ਜਗ੍ਹੇ ਬਤਾਈਏ। ਆਪ ਕਾ ਪੰਜਾਬੀ ਸਾਹਿਤ ਮੇਂ ਕਯਾ ਮੁਕਾਮ ਯਾ ਜਗ੍ਹੇ ਹੈ।"

"ਕੌਲ ਸਾਹਿਬ, ਯੇਹ ਸਵਾਲ ਤੋ...ਆਪ ਕੋ...ਡਾਕਟਰ ਪੁਰੀ ਸੇ ਪੂਛਨਾ ਚਾਹੀਏ ਥਾ।"

"ਕਿਉਂ...?" ਕੌਲ ਸਾਹਿਬ ਦੀਆਂ ਤੇਜ਼ ਨਜ਼ਰਾਂ ਮੇਰੇ ਵਲ ਮੁਖ਼ਾਤਿਬ ਹੋਈਆਂ।

"ਕਿਉਂਕਿ...ਮੁਝੇ...ਅਪਨੇ ਮੂੰਹ ਸੇ...ਅਪਨੀ ਆਪ ਤਾਰੀਫ਼ ਕਰਨਾ..."

"ਨਹੀਂ ਨਹੀਂ, ਯੇਹ ਨਹੀਂ ਬਾਤ, ਹਮ ਸਬ ਭ੍ਰਾਈ ਭ੍ਰਾਈ ਹੈਂ, ਆਪ ਮੁਝੇ ਅਪਨੇ ਬਾਰੇ ਮੇਂ ਸਬ ਕੁਛ ਪੂਰੀ ਤਰ੍ਹਾ ਬਤਾਈਏ। ਆਪ ਯੇਹ ਨਾ ਸੋਚੀਏ। ਮੁਝੇ ਆਪ ਕੇ ਬਾਰੇ ਮੇਂ ਸਬ ਕੁਛ ਪਤਾ ਹੋਨਾ ਜ਼ਰੂਰੀ ਹੈ।"

"ਕੌਲ ਸਾਹਿਬ, ਮੇਰਾ ਮੁਕਾਮ ਪੰਜਾਬੀ ਮੇਂ ਕਾਫ਼ੀ ਅੱਛਾ ਹੈ। ਕਈ ਤੋ ਯੇਹ ਭੀ ਕਹਿਤੇ ਹੈਂ ਕਿ ਅਗਰ ਸਿਰਫ਼ ਛੇ ਪੰਜਾਬੀ ਕੇ ਚੋਟੀ ਕੇ ਲੇਖਕ ਚੁਨੇ ਜਾਏਂ ਤੋ ਮੈਂ ਉਨ ਛੇ ਚੋਟੀ ਕੇ ਲੇਖਕੋਂ ਮੇਂ ਸੇ ਏਕ ਹੂੰ।"

"ਵੁਹ ਛੇ ਕੌਨ ਕੌਨ ਹੈਂ?"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਪ੍ਰੋਫੈਸਰ ਮੋਹਨ ਸਿੰਘ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਕੁਲਵੰਤ ਸਿੰਘ ਵਿਰਕ, ਔਰ...ਏਕ...ਮੈਂ।"

"ਆਪ ਨੇ ਕਰਤਾਰ ਸਿੰਘ ਦੁੱਗਲ ਕਾ ਨਾਮ ਨਹੀਂ ਲਿਆ ?"

"ਕਰਤਾਰ ਸਿੰਘ ਦੁੱਗਲ ਭੀ ਹੈਂ। ਛੇ ਕਾ ਮਤਲਬ ਛੇ ਹੀ ਨਹੀਂ, ਸਾਤ ਭੀ ਹੋ ਸਕਤੇ ਹੈਂ। ਜ਼ਿਆਦਾ ਭੀ ਹੋ ਸਕਤੇ ਹੈਂ।"

"ਔਰ ਕੋਈ ਬਾਤ ?"

"ਔਰ . ਮੈਂ...ਪ੍ਰਾਗਰੈਸਿਵ ਵਿਚਾਰਧਾਰਾ ਕਾ ਧਾਰਨੀ ਹੂੰ।"

"ਸਮਝ ਨਹੀਂ ਪਾਇਆ ਮੈਂ ?"

"ਯਾਨੀ ਮੈਂ ਮਾਰਕਸਵਾਦੀ ਵਿਚਾਰਧਾਰਾ ਕਾ ਲੇਖਕ ਹੂੰ, ਔਰ ਸੀ. ਪੀ. ਆਈ. ਕਾ ਮੈਂਬਰ ਹੂੰ।"

"ਸੀ. ਪੀ. ਆਈ. ਕਾ ਕਯਾ ਮਤਲਬ ?"

"ਕਮਿਊਨਿਸਟ ਪਾਰਟੀ ਆਫ਼ ਇੰਡੀਆ। ਭਾਰਤੀ ਕਮਿਊਨਿਸਟ ਪਾਰਟੀ।"

"ਭਾਰਤੀ ਕਮਿਊਨਿਸਟ ਪਾਰਟੀ ਕਯਾ ?"

"ਭਾਰਤ ਕੀ ਕਮਿਊਨਿਸਟ ਪਾਰਟੀ।"

"ਮੇਰਾ ਮਤਲਬ ਯੇਹ ਨਹੀਂ। ਆਪ ਯੇਹ ਬਤਾਈਏ ਕਿ ਆਪ ਰੂਸ ਨਿਵਾਜ਼ ਹੈਂ ਯਾ ਚੀਨ ਨਿਵਾਜ਼ ਕਮਿਊਨਿਸਟ ?"

ਮੈਨੂੰ ਸ੍ਰੀ ਕੌਲ ਦਾ ਵਤੀਰਾ ਬਹੁਤ ਭੈੜਾ ਲੱਗਾ। ਪਰ ਮੈਂ ਫੇਰ ਵੀ ਉੱਤਰ ਦਿੱਤਾ :

"ਕੌਲ ਸਾਹਿਬ, ਯੇਹ ਨਾਮ ਤੋ ਸਬ ਹਮਾਰੇ ਦੁਸ਼ਮਨੋਂ ਨੇ ਦੀਏ ਹੈਂ। ਹਮ ਹਿੰਦੋਸਤਾਨ ਨਿਵਾਜ਼ ਹੈਂ, ਰੂਸ ਯਾ ਚੀਨ ਨਿਵਾਜ਼ ਨਹੀਂ।"

"ਦੇਖੀਏ, ਸਰਦਾਰ ਸਾਹਿਬ, ਮੈਂ ਠੀਕ ਸੇ ਸਮਝਨਾ ਚਾਹਤਾ ਹੂੰ। ਆਪ ਚੀਨ ਕੇ ਸਾਥ ਹੈਂ ਯਾ ਰੂਸ ਕਾ ਸਾਥ ਦੇਤੇ ਹੈ ?"

"ਕੌਲ ਸਾਹਿਬ, ਹਮ ਸੰਸਾਰ ਕੇ ਕਮਿਊਨਿਸਟ ਕੈਂਪ ਕੇ ਸਾਥ ਹੈਂ। ਰੂਸ ਉਸ ਕਾ ਲੀਡਰ ਹੈ।"

"ਯਾਨੀ ਆਪ ਰੂਸ ਨਿਵਾਜ਼ ਹੈ ?"

"ਆਪ ਕੁਛ ਭੀ ਸਮਝੀਏ।"

"ਅੱਛਾ, ਆਪ ਕਵਿਤਾ ਸੁਨਾਏਂ !"

ਸਾਫ਼ ਹੈ, ਮੈਂ ਏਥੇ ਆ ਕੇ ਚਾਰ ਕਵਿਤਾਵਾਂ ਲਿਖੀਆਂ ਸਨ। ਤਿੰਨ ਤਾਂ ਆਉਂਦੀ ਸਾਰ ਹੀ ਮੈਂ ਵੀਹ, ਇੱਕੀ, ਬਾਈ ਜੂਨ ਨੂੰ ਲਗਾਤਾਰ ਹੀ ਲਿਖੀਆਂ ਸਨ, ਇਕ ਮੈਂ ਕਲ੍ਹ ਲਿਖੀ ਸੀ—ਪਹਿਲ ਅਗਸਤ, ਚੁਹੱਤਰ ਨੂੰ। ਇਹਨਾਂ ਵਿਚੋਂ ਤਿੰਨ ਕਵਿਤਾਵਾਂ ਬਹੁਤ ਹੀ ਢੁੱਕਣ ਵਾਲੀਆਂ ਸਨ। "ਭਾਰਤ ! ਤੂੰ ਹੈਂ ਬੜਾ ਮਹਾਨ", "ਭਾਰਤ ! ਤੂੰ ਇਕ ਸੁੰਦਰ ਮੋਰ", ਤੀਜੀ "ਹੇ ਮੇਰੇ ਪੰਜਾਬ" ਜਿਹੜੀ ਕਲ੍ਹ ਲਿਖੀ ਸੀ। ਮੈਂ ਇਹਨਾਂ ਵਿਚੋਂ ਸਭ ਤੋਂ ਪਹਿਲੀ ਕਵਿਤਾ ਪੜ੍ਹਨੀ ਸ਼ੁਰੂ ਕੀਤੀ :

ਭਾਰਤ ! ਤੂੰ ਹੈਂ ਬੜਾ ਮਹਾਨ
ਇਸੇ ਤਰ੍ਹਾਂ ਹੀ ਇੰਗਲਿਸਤਾਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਵੀਰ ਕੌਣ ਬੂਰੇ ਹਨ ਏਥੇ ?
ਸਿਰਫ਼ ਲੁਟੇਰੇ ਤੇ ਬਈਮਾਨ
ਇਹ ਸ਼ੈਤਾਨਾਂ ਦੇ ਸ਼ੈਤਾਨ ।

ਕੌਲ ਸਾਹਿਬ ਨੇ ਟੋਕ ਕੇ ਕਿਹਾ : "ਠਹਿਰੀਏ, ਆਪ ਭ੍ਾਰਤ ਕੇ ਬਾਰੇ ਮੇਂ ਕਿਉਂ ਲਿਖਤੇ ਹੈਂ ? ਆਪ ਇੰਗਲੈਂਡ ਆਏ ਹੈਂ, ਇੰਗਲੈਂਡ ਕੇ ਬਾਰੇ ਮੇਂ ਕਿਉਂ ਨਹੀਂ ਲਿਖਤੇ ?"

"ਮੈਂ ਭ੍ਾਰਤੀ ਕਵੀ ਹੂੰ, ਮੈਂ ਭ੍ਾਰਤ ਕੇ ਬਾਰੇ ਮੇਂ ਲਿਖੂੰਗਾ ।"

"ਔਰ ਇੰਗਲੈਂਡ ਕੇ ਬਾਰੇ ਮੇਂ ?"

"ਇੰਗਲੈਂਡ ਕੇ ਕਵੀ ਲਿਖੇਂਗੇ ।"

"ਦੇਖੀਏ, ਸਰਦਾਰ ਸਾਹਿਬ, ਯੇਹ ਭ੍ਾਰਤ ਕਾ ਟੈਲੀਵੀਜ਼ਨ ਨਹੀਂ, ਇੰਗਲੈਂਡ ਕਾ ਟੈਲੀਵੀਜ਼ਨ ਹੈ । ਯਹਾਂ ਸਿਰਫ਼ ਭ੍ਾਰਤੀ ਨਹੀਂ, ਔਰ ਲੋਗ ਭ੍ੀ ਰਹਿਤੇ ਹੈਂ ।"

"ਕੌਲ ਸਾਹਿਬ, ਇੰਗਲੈਂਡ ਕਾ ਮੈਨੇ ਅਭ੍ੀ ਦੇਖਾ ਹੀ ਕਯਾ ਹੈ ? ਥੋੜੇ ਦਿਨ ਤੋ ਹੂਏ ਹੈਂ ਮੁਝੇ ਅਭ੍ੀ ਇੰਗਲੈਂਡ ਮੇਂ ਆਏ ਹੂਏ । ਪਹਿਲੀ ਵਾਰ ਮੈਂ ਆਇਆ ਹੂੰ ।"

ਕੌਲ ਸਾਹਿਬ ਨੇ ਆਖਿਆ : "ਠਹਿਰੀਏ, ਸਰਦਾਰ ਸਾਹਿਬ, ਮੈਂ ਅਭ੍ੀ ਏਕ ਮਿੰਟ ਮੇਂ ਆਇਆ ।" ਕੌਲ ਸਾਹਿਬ ਆਪਣੇ ਨਾਲ ਦੇ ਕਮਰੇ ਵਿਚ ਜਾ ਚੁਕੇ ਸਨ । ਉਥੇ ਉਹਨਾਂ ਦਾ ਦਫ਼ਤਰ ਸੀ । ਦਸਾਂ ਪੰਦਰਾਂ ਮਿੰਟਾਂ ਮਗਰੋਂ ਆਏ ਅਤੇ ਆਖਣ ਲਗੇ : "ਹਾਂ ਜੀ, ਸੁਨਾਈਏ !"

ਭਾਰਤ ! ਤੂੰ ਹੈਂ ਬੜਾ ਮਹਾਨ
ਇਸੇ ਤਰ੍ਹਾਂ ਹੀ ਇੰਗਲਿਸਤਾਨ

ਕੌਲ ਸਾਹਿਬ ਨੇ ਫੇਰ ਆਖਿਆ : "ਏਕ ਮਿੰਟ ਠਹਿਰੀਏ !" ਹੁਣ ਉਹ ਫੇਰ ਆਪਣੇ ਨਾਲ ਦੇ ਦਫ਼ਤਰ ਵਿਚ ਜਾ ਚੁੱਕੇ ਸਨ ।

ਕੌਲ ਸਾਹਿਬ ਪੰਦਰਾਂ ਵੀਹਾਂ ਮਿੰਟਾਂ ਮਗਰੋਂ ਵਾਪਸ ਆਏ । "ਹਾਂ ਜਨਾਬ, ਸੁਨਾਈਏ !"

ਭਾਰਤ ! ਤੂੰ ਹੈਂ ਬੜਾ ਮਹਾਨ
ਇਸੇ ਤਰ੍ਹਾਂ ਹੀ ਇੰਗਲਿਸਤਾਨ

ਕੌਲ ਸਾਹਿਬ ਨੇ ਰੋਕ ਕੇ ਕਿਹਾ : "ਦੇਖੀਏ, ਸਰਦਾਰ ਸਾਹਿਬ, ਯੇਹ ਹਮਾਰਾ ਪ੍ਰੋਗਰਾਮ ਏਸ਼ੀਅਨ ਲੋਗੋਂ ਕੇ ਲੀਏ ਹੈ । ਕੋਈ ਐਸੀ ਕਵਿਤਾ ਪੜ੍ਹੀਏ ਜੋ ਏਸ਼ੀਅਨ ਲੋਗੋਂ ਕੇ ਲੀਏ ਹੋ, ਸਿਰਫ਼ ਭ੍ਾਰਤ ਕੇ ਲੀਏ ਨਾ ਹੋ ?"

ਮੈਂ ਥੋੜਾ ਝਿਪ ਕੇ ਆਖਿਆ : "ਦੂਸਰੀ ਕਵਿਤਾ ਸੁਨ ਲੇਂ ਆਪ ।"

"ਵੁਹ ਕਯਾ ਹੈ ?"

"ਭਾਰਤ ! ਤੂੰ ਇਕ ਸੁੰਦਰ ਮੋਰ ।"

ਕੌਲ ਸਾਹਿਬ ਉਠੇ ਤੇ ਫੇਰ ਉਧਰ ਚਲੇ ਗਏ । "ਮੁਆਫ਼ ਕਰਨਾ ਸਰਦਾਰ ਜੀ, ਆਜ ਕੁਛ ਕਾਮ ਜ਼ਿਆਦਾ ਹੈ । ਫ਼ਰਾਈਡੇ ਕਾ ਦਿਨ ਹੈ ਆਜ । ਆਜ ਮੈਂ ਬਹੁਤ ਬਿਜ਼ੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੂੰ । ਮੈਂ ਅਬ੍ਹੀ ਹਾਜ਼ਰ ਹੋਤਾ ਹੂੰ। ਕਬ੍ਹੀ ਐਸਾ ਨਹੀਂ ਹੂਆ । ਅਬ੍ਹੀ ਮੈਂ ਏਕ ਮਿੰਟ ਮੇਂ ਆਇਆ ।''

ਕੌਲ ਸਾਹਿਬ ਪੰਦਰਾ ਵੀਹਾਂ ਮਿੰਟਾਂ ਮਗਰੋਂ ਵਾਪਸ ਆਏ । ਮੈਂ ਆਖਿਆ :

ਭਾਰਤ ! ਤੇਰਾ ਸੁੰਦਰ ਮੋਰ
ਨੱਚਣ ਲੱਗੇ, ਪੈਲਾਂ ਪਾਵੇ,
ਜਦ ਘਟ ਛਾ ਜਾਂਦੀ ਘਨਘੋਰ ;

ਕੌਲ ਸਾਹਿਬ ਨੇ ਫ਼ੌਰਨ ਆਪਣੀ ਘੜੀ ਦੇਖ ਕੇ ਆਖਿਆ : ''ਦੇਖੀਏ, ਸਰਦਾਰ ਸਾਹਿਬ, ਮੇਰੇ ਪਾਸ ਵਕਤ ਕਮ ਹੈ । ਆਪ ਵਕਤ ਜ਼ਾਇਆ ਨਾ ਕਰੇਂ !''

ਮੈਨੂੰ ਬੜੀ ਹੈਰਾਨੀ ਹੋਈ । ਆਖ਼ਿਰ ਸ੍ਰੀ ਮਾਨ ਕੌਲ ਜੀ ਮੇਰੇ ਨਾਲ ਕਰ ਕੀ ਰਹੇ ਹਨ ? ਇਕ ਮਿੰਟ ਲਈ ਜਾਂਦੇ ਹਨ ਤੇ ਪੱਚੀ ਮਿੰਟ ਜਾਂ ਅੱਧੇ ਘੰਟੇ ਮਗਰੋਂ ਵਾਪਸ ਆਉਂਦੇ ਹਨ । ਤਿੰਨ ਵਾਰ ਜਾ ਚੁੱਕੇ ਹਨ । ਮੇਰੇ ਨਾਲ ਕੁਲ ਮਿਲਾਕੇ ਪੰਜ ਮਿੰਟ ਵੀ ਗੱਲ ਨਹੀਂ ਹੋਈ !

ਫੇਰ ਸ੍ਰੀ ਕੌਲ ਕੋਲ ਮੈਂ ਆਪਣੇ ਆਪ ਹੀ ਨਹੀਂ ਆਇਆ, ਇਹਨਾਂ ਦਾ ਸੱਦਿਆ ਆਇਆ ਹਾਂ ਤੇ ਇਹਨਾਂ ਦਾ ਮਹਿਮਾਨ ਹਾਂ । ਪਰ ਗੱਲਾਂ ਇਉਂ ਕਰ ਰਹੇ ਹਨ ਜਿਵੇਂ ਮੈਂ ਇਹਨਾਂ ਦਾ ਨੌਕਰ ਹੋਵਾਂ । ਮੈਨੂੰ ਥੋੜਾ ਗ਼ੁੱਸਾ ਆਇਆ । ਮੈਂ ਆਖਿਆ : ''ਕੌਲ ਸਾਹਿਬ, ਮੇਰੇ ਪਾਸ ਭ੍ਹੀ ਵਕਤ ਬਹੁਤ ਕਮ ਹੈ !''

ਕੌਲ ਸਾਹਿਬ ਨੇ ਐਨਕ ਵਿਚੋਂ ਤਿੱਖੀਆਂ ਨਜ਼ਰਾਂ ਗੱਡ ਕੇ ਕਿਹਾ : ''ਕਯਾ ਮਤਲਬ ਆਪ ਕਾ ?'' ਇਸ ਸਮੇਂ ਉਹਨਾਂ ਦਾ ਮੱਥਾ ਵਲਾਂ ਨਾਲ ਭਰਿਆ ਹੋਇਆ ਸੀ ।

''ਮਤਲਬ ਹੈ ਕਿ ਵਕਤ ਸਬ ਕਾ ਕੀਮਤੀ ਹੈ ਕੌਲ ਸਾਹਿਬ । ਮੇਰਾ ਭ੍ਹੀ ਔਰ ਆਪ ਕਾ ਭ੍ਹੀ ।''

ਜਾਪਦਾ ਸੀ ਕੌਲ ਸਾਹਿਬ ਨੂੰ ਮੇਰੇ ਵਰਗੇ ਕਿਸੇ ਗੁਸਤਾਖ਼ ਨਾਲ ਅਜ ਤਕ ਵਾਹ ਨਹੀਂ ਪਿਆ ਸੀ । ਉਹਨਾਂ ਨੇ ਦਹਿਸ਼ਤ ਦੇਣ ਲਈ ਕਿਹਾ :

''ਸਰਦਾਰ ਸਾਹਿਬ, ਅਗਰ ਹਮਾਰੇ ਸਟੂਡੀਓ ਮੇਂ ਆਪ ਇੰਟਰਵਿਊ ਦੇਨੇ ਮੇਂ ਖ਼ੁਸ਼ੀ ਮਹਿਸੂਸ ਕਰ ਰਹੇ ਹੈਂ ਫਿਰ ਤੋ ਆਪ ਦੇਖ ਲੀਜੀਏ, ਵਰਨਾ...''

''ਕੌਲ ਸਾਹਿਬ, ਆਪ ਕੇ ਹਾਂ ਮੈਂ ਅਪਨੇ ਆਪ ਹੀ ਨਹੀਂ ਆਇਆ, ਆਪ ਨੇ ਮੁਝੇ ਇੰਟਰਵਿਊ ਕੇ ਲੀਏ ਯਹਾਂ ਬੁਲਾਇਆ ਹੈ । ਅਗਰ ਆਪ ਕੋ ਇੰਟਰਵਿਊ ਲੇਨੇ ਮੇਂ ਖ਼ੁਸ਼ੀ ਮਹਿਸੂਸ ਹੋ ਰਹੀ ਹੈ ਫਿਰ ਤੋ ਆਪ ਦੇਖ ਲੀਜੀਏ, ਵਰਨਾ...''

''ਭ੍ਹਾਈ ਸਾਹਿਬ, ਦੇਖੀਏ, ਆਪ ਮੁਝ੍ਹ ਸੇ ਖ਼ਫ਼ਾ ਨਾ ਹੋਈਏ । ਆਪ ਖ਼ਫ਼ਾ ਹੋ ਰਹੇ ਹੈਂ । ਆਪ ਤੋ ਮੁਝ੍ਹ ਸੇ ਲੜਤੇ ਹੈਂ ।''

''ਕੌਲ ਸਾਹਿਬ, ਮੈਂ ਲੜ ਨਹੀਂ ਰਹਾ, ਮੈਂ ਤੋ ਯੇਹ ਕਹਿ ਰਹਾ ਹੂੰ ਕਿ ਮੁਝ੍ਹੇ ਭ੍ਹੀ ਬਹੁਤ ਜਲਦੀ ਹੈ ।''

''ਆਪ ਕੋ ਕਾਹੇ ਕੀ ਜਲਦੀ ਹੈ ?''

''ਮੈਂ ਨੇ ਲੰਡਨ ਜਾਨਾ ਹੈ—ਰੀਕਾਰਡਿੰਗ ਕੇ ਫ਼ੌਰਨ ਬਾਅਦ ।''


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕਯਾ ਕਾਮ ਹੈ ਲੰਡਨ ਆਪ ਕੋ ?"

"ਮੈਂ ਨੇ ਵਹਾਂ ਲੇਖਕੋਂ ਕੋ ਐਡਰੈਸ ਕਰਨਾ ਹੈ।"

"ਕਿਤਨੇ ਬਜੇ ਕਰਨਾ ਹੈ ?"

"ਸਾਤ ਔਰ ਆਠ ਕੇ ਦਰਮਿਆਨ।"

ਕੌਲ ਸਾਹਿਬ ਹੁਣ ਚੁੱਪ ਸਨ। ਇਸ ਸਮੇਂ ਬਾਰਾਂ ਸਵਾ ਬਾਰਾਂ ਵਜੇ ਦਾ ਵੇਲਾ ਸੀ। ਤਿੰਨ ਸਾਢੇ ਤਿੰਨ ਵਜੇ ਰੀਕਾਰਡਿੰਗ ਦਾ ਸਮਾਂ ਸੀ। ਉਹਨਾਂ ਨੂੰ ਮੇਰੇ ਉੱਤਰ ਵਿਚ ਸਚਾਈ ਨਜ਼ਰ ਆ ਗਈ ਸੀ।

ਮੇਰੀ ਅਤੇ ਕੌਲ ਸਾਹਿਬ ਦੀ ਟੱਕਰ ਜਿਹੀ ਹੋ ਗਈ ਸੀ। ਉਹਨਾਂ ਨੇ ਗੁਰੂ ਹੋਰਾਂ ਨੂੰ ਕਿਹਾ : "ਆਪ ਕੈਸੇ ਬੈਠੇ ਹੈਂ ?"

"ਮੈਂ ਤਾਂ ਇਹਨਾਂ ਨਾਲ ਆਇਆਂ ਜੀ।" ਗੁਰੂ ਹੋਰਾਂ ਨੇ ਉੱਤਰ ਦਿਤਾ।

ਕੌਲ ਸਾਹਿਬ ਨੂੰ ਗੁਰੂ ਹੋਰਾਂ ਦੀ ਸਮਝ ਜਿਹੀ ਨਹੀਂ ਆਈ ਸੀ। ਮੈਂ ਦਖ਼ਲ ਦਿੰਦੇ ਆਖਿਆ : "ਮੈਂ ਇਨ ਕੀ ਗਾੜੀ ਮੇਂ ਆਇਆ ਹੂੰ। ਮੈਂ ਇਨ ਕੇ ਹਾਂ ਹੀ ਰਹਿਤਾ ਹੂੰ। ਯਹੀ ਮੁਝੇ ਕਾਵੈਂਟਰੀ ਸੇ ਯਹਾਂ ਲੇ ਕਰ ਆਏ ਹੈਂ। ਯੇਹ ਮੇਰੇ ਮੇਜ਼ਬਾਨ ਹੈ।"

"ਅੱਛਾ ਅੱਛਾ" ਕੌਲ ਸਾਹਿਬ ਨੇ ਸਭ ਕੁਝ ਸਮਝ ਕੇ ਆਖਿਆ : "ਆਪ ਖ਼ੁਸ਼ੀ ਸੇ ਚਲੇ ਜਾਏਂ। ਯੇ ਹਮਾਰੇ ਪਾਸ ਹੈਂ। ਆਪ ਇਨਕੀ ਚਿੰਤਾ ਨਾ ਕਰੇਂ। ਹਮ ਇਨ ਕੋ ਟੈਕਸੀ ਮੇਂ ਆਪ ਕੇ ਪਾਸ ਪਹੁੰਚਾ ਦੇਂਗੇ। ਆਪ ਕੋ ਯਹਾਂ ਬੈਠਨੇ ਕੀ ਤਕਲੀਫ਼ ਕੀ ਜ਼ਰੂਰਤ ਨਹੀਂ।"

ਕਿਉਂਕਿ ਮੈਂ ਅਨਜਾਣ ਸਾਂ, ਇਸ ਲਈ ਹੀ, ਗੁਰੂ ਹੋਰੀਂ ਮੇਰੇ ਨਾਲ ਏਥੇ ਆਏ ਸਨ। ਉਹ ਹੇਠੋਂ ਮੁੜਨਵੀ ਲਗੇ ਸਨ, ਪਰ ਮੈਂ ਹੀ ਉਹਨਾਂ ਨੂੰ ਉੱਪਰ ਆਪਣੇ ਨਾਲ ਆ ਜਾਣ ਲਈ ਕਿਹਾ ਸੀ। ਮੇਰਾ ਮਤਲਬ ਇਹ ਸੀ ਕਿ ਜਦੋਂ ਮੈਂ ਸਟੂਡੀਓ ਜਾਵਾਂ, ਉਦੋਂ ਉਹ ਵਾਪਸ ਚਲੇਜਾਣ। ਉਨ੍ਹਾਂ ਨੂੰ ਪਿਛੇ ਕੰਮ ਵੀ ਸੀ। ਉਹ ਉਠੇ ਅਤੇ ਚਲੇ ਗਏ। ਮੈਂ ਵੀ ਇਥੋਂ ਫ਼ਾਰਗ ਹੋ ਕੇ ਸਿੱਧਾ ਲੰਡਨ ਜਾਣਾ ਸੀ, ਕਾਵੈਂਟਰੀ ਨਹੀਂ ਸੀ ਜਾਣਾ ਮੈਂ।

ਆਖ਼ਿਰ ਮੈਂ "ਹੇ ਮੇਰੇ ਪੰਜਾਬ" ਕਵਿਤਾ ਕੱਢੀ ਤੇ ਕੌਲ ਸਾਹਿਬ ਨੂੰ ਆਖਿਆ : "ਏਕ ਕਵਿਤਾ ਯੇਹ ਹੈ ਨਈ। ਕਲ੍ਹ ਕੀ ਲਿਖੀ ਹੂਈ ਹੈ।"

"ਯੇਹ ਸੁਨਾਈਏ।"

ਕੌਲ ਸਾਹਿਬ ਨੇ ਕਵਿਤਾ ਸੁਣੀ। "ਹਾਂ, ਬੱਸ, ਯੇਹ ਠੀਕ ਹੈ। ਆਓ ਅਬ ਸਟੂਡੀਓ ਚਲੇਂ।" ਅਸੀਂ ਉਠ ਖਲੋਏ ਸਾਂ।

ਕੌਲ ਸਾਹਿਬ ਨੇ ਮੈਨੂੰ ਆਪਣੀ ਬਾਂਹ ਵਿਚ ਲੈਂਦੇ ਆਖਿਆ : "ਭੁਾਈ ਸਾਹਿਬ, ਮੈਂ ਭ੍ਰੀ ਕਭ੍ਰੀ ਕਮਿਊਨਿਸਟ ਰਹਾ ਹੂੰ ! ਮੈਂ ਤੋ ਆਪ ਕਾ ਸਾਥੀ ਹੂੰ !"

"ਠੀਕ ਹੈ, ਕੌਲ ਸਾਹਿਬ, ਮੈਂ ਭ੍ਰੀ ਆਪ ਕਾ ਸਾਥੀ ਹੂੰ।" ਮੈਂ ਵੀ ਉਹਨਾਂ ਨੂੰ ਬਾਂਹ ਵਲਾਈ।

"ਭ੍ਰਾਈ ਸਾਹਿਬ, ਦੇਖ ਲੀਜੀਏ, ਮੈਂ ਨੇ ਅਮਰੀਕਾ ਮੇਂ ਭ੍ਰੀ ਨੌਕਰੀ ਕਰ ਕੇ ਦੇਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਆਪ ਅਮਰੀਕਾ ਹੋਤੇ ਤੋ ਆਪ ਟੈਲੀਵੀਜ਼ਨ ਕੇ ਨਜ਼ਦੀਕ ਬ੍ਹੀ ਨਹੀਂ ਜਾ ਸਕਤੇ ਥੇ। ਆਪ ਕਮਿਊਨਿਸਟ ਹੈਂ। ਇੰਗਲੈਂਡ ਕੀ ਡੈਮੋਕਰੇਸੀ ਦੇਖੀਏ! ਟੈਲੀਵੀਜ਼ਨ ਆਪ ਕਾ ਇੰਟਰਵਿਊ ਰੀਕਾਰਡ ਕਰ ਰਹਾ ਹੈ। ਹੈ ਕੋਈ ਐਸੀ ਡੈਮੋਕਰੇਸੀ ?''

''ਠੀਕ ਹੈ, ਕੌਲ ਸਾਹਿਬ, ਡੈਮੋਕਰੇਸੀ ਤੋ ਅੱਛੀ ਹੈ।'' ਮੈਂ ਵੀ ਹਸ ਕੇ ਆਖਿਆ। ਕਿਉਂਕਿ ਇਹਨਾਂ ਗੱਲਾਂ ਦੀ ਹੁਣ ਬਹਿਸ ਦਾ ਮਤਲਬ ਨਹੀਂ ਸੀ।

## ੨

ਰੀਕਾਰਡਿੰਗ ਤੋਂ ਪਹਿਲਾਂ ਰੀਹਰਸਲ ਕੀਤੀ ਜਾਣੀ ਸੀ। ਰੀਹਰਸਲ ਸ਼ੁਰੂ ਕਰਦੇ ਹੋਇ ਕੌਲ ਸਾਹਿਬ ਨੇ ਆਖਿਆ : ''ਧੀਰ ਸਾਹਿਬ, ਹਮ ਨੇ ਆਪ ਕੇ ਬਾਰੇ ਮੇਂ ਸੁਨਾ ਹੈ, ਔਰ...ਅਖ਼ਬਾਰੋਂ ਮੇਂ ਬ੍ਹੀ ਪੜ੍ਹਾ ਹੈ ਕਿ ਆਪ ਲੈਫ਼ਟਿਸਟ ਵਿਊਜ਼ ਕੇ ਮਾਲਿਕ ਹੈਂ, ਔਰ ਆਪ... ਕਮਿਊਨਿਸਟ ਹੈ, ਕਯਾ ਯੇਹ ਬਾਤ ਸਹੀ ਹੈ ?''

''ਜੀ ਹਾਂ, ਬਿਲਕੁਲ ਸਹੀ, ਔਰ ਮੁਝ੍ਹੇ ਇਸ ਪਰ ਫ਼ਖ਼ਰ ਹੈ।''

''ਕਯਾ ਆਪ ਬਤਾ ਸਕਤੇ ਹੈਂ ਕਿ ਆਪ ਸੰਸਾਰ ਕੇ ਯਾ ਅਪਨੇ ਦੇਸ਼ ਕੇ ਕਿਨ ਕਿਨ ਲੇਖਕੋਂ ਸੇ ਪ੍ਰਭਾਵਤ ਹੈਂ, ਯਾ ਵੁਹ ਕੌਨ ਸੇ ਲੇਖਕ ਹੈਂ ਜੋ ਆਪ ਕੋ ਅੱਛੇ ਲਗੇ ਹੈਂ ?''

''ਟਾਲਸਟਾਏ, ਚੈਖ਼ਵ ਔਰ ਗੋਰਕੀ ਬੜੇ ਲੇਖਕ ਹੈਂ। ਟੈਗੋਰ ਔਰ ਪ੍ਰੇਮ ਚੰਦ ਬ੍ਹੀ ਬਹੁਤ ਬੜੇ ਲੇਖਕ ਹੈਂ। ਕਾਜ਼ੀ ਨਜ਼ਰੁਲਸਲਾਮ ਹੈਂ, ਬਹੁਤ ਹੀ ਜ਼ਬਰਦਸਤ ਹੈਂ। ਔਰ ਫਿਰ ਮਿਰਜ਼ਾ ਗ਼ਾਲਿਬ ਹੈਂ, ਬਹੁਤ ਹੀ ਖ਼ੂਬਸੂਰਤ ਹੈਂ। ਆਜ ਕੇ ਉਰਦੂ ਸ਼ਾਇਰੋਂ ਮੇਂ ਸੇ ਫੈਜ਼ ਅਹਿਮਦ ਫ਼ੈਜ਼ ਹੈਂ ਜੋ ਮੁਝ੍ਹੇ ਬਹੁਤ ਪਸੰਦ ਹੈਂ। ਵੁਹ ਬਹੁਤ ਬੜੇ ਸ਼ਾਇਰ ਹੈਂ।''

''ਟੈਗੋਰ ਔਰ ਕਾਜ਼ੀ ਨਜ਼ਰੁਲਸਲਾਮ ਮੇਂ ਕੁਛ ਅੰਤਰ ਹੈ ਜੋ ਆਪ ਮਹਿਸੂਸ ਕਰ ਸਕਤੇ ਹੈਂ ?''

''ਗੁਰੂਦੇਵ ਟੈਗੋਰ ਔਰ ਕਾਜ਼ੀ ਨਜ਼ਰੁਲਸਲਾਮ ਦੋਨੋਂ ਸਾਮਰਾਜ ਕੇ ਵਿਰੁੱਧ ਹੈ। ਲੇਕਿਨ ਇਨ ਮੇਂ ਫਰਕ ਬ੍ਹੀ ਹੈ। ਗੁਰੂਦੇਵ ਟੈਗੋਰ ਕੀ ਕਵਿਤਾ ਭਗਤੀ ਭਾਵ ਕੀ ਕਵਿਤਾ ਹੈ, ਔਰ ਰਹੱਸਯਵਾਦੀ ਬ੍ਹੀ ਹੈ। ਕਾਜ਼ੀ ਨਜ਼ਰੁਲਸਲਾਮ ਕੀ ਕਵਿਤਾ ਜੈਸੇ ਆਗ ਬਰਸਾਤੀ ਹੈ, ਔਰ ਗਰਜਤੀ ਔਰ ਕੜਕਤੀ ਔਰ ਬਿਜਲੀਆਂ ਗਿਰਾਤੀ ਹੈ।''

''ਕਯਾ ਆਪ ਇਸੀ ਲੀਏ ਤੋ ਕਮਿਊਨਿਸਟ ਨਹੀਂ ਹੈਂ ਕਿ ਫ਼ੈਜ਼ ਅਹਿਮਦ ਫ਼ੈਜ਼ ਔਰ ਕਾਜ਼ੀ ਨਜ਼ਰੁਲਸਲਾਮ ਕੀ ਕਵਿਤਾ ਆਪ ਕੋ ਬਹੁਤ ਪਸੰਦ ਹੈ ?''

''ਨਹੀਂ, ਮੁਝੇ ਮਿਰਜ਼ਾ ਗ਼ਾਲਿਬ ਔਰ ਗੁਰੂਦੇਵ ਟੈਗੋਰ ਬ੍ਹੀ ਤੋਂ ਬਹੁਤ ਪਸੰਦ ਆਤੇ ਹੈਂ। ਇਸ ਕੀ ਵਜ੍ਹਾ ਯੇਹ ਨਹੀਂ।''

''ਕਯਾ ਆਪ ਪੰਜਾਬੀ ਮੇਂ ਬ੍ਹੀ ਕਿਸੀ ਸੇ ਪ੍ਰਭਾਵਤ ਹੂਏ ਹੈਂ ?''

''ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਸੰਤ ਸਿੰਘ ਸੇਖੋਂ ਔਰ ਪ੍ਰੋਫੈਸਰ ਮੋਹਨ ਸਿੰਘ ਮੁਝ੍ਹੇ ਬਹੁਤ ਅੱਛੇ ਲਗੇ ਹੈਂ। ਮੈਨੇ ਉਨ ਸੇ ਸੀਖਾ ਹੈ।''

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਆਪ ਇੰਗਲੈਂਡ ਆਏ ਹੈਂ ਔਰ ਲੋਗੋਂ ਸੇ ਮਿਲੇ-ਜੁਲੇ ਹੈਂ। ਆਪ ਕੋ ਯਹਾਂ ਕੇ ਵਰਕਰਜ਼ ਔਰ ਹਿੰਦੋਸਤਾਨ ਕੇ ਵਰਕਰਜ਼ ਮੇਂ ਕੋਈ ਫ਼ਰਕ ਮਾਲੂਮ ਹੂਆ ਹੈ ? ਉਨ ਕੇ ਰਹਿਨ ਸਹਿਨ ਮੇਂ ?"

"ਯਹਾਂ ਇੰਗਲੈਂਡ ਕੇ ਵਰਕਰਜ਼ ਕੀ ਹਾਲਤ ਹਿੰਦੋਸਤਾਨ ਕੇ ਵਰਕਰਜ਼ ਕੀ ਬਨਿਸਬਤ ਕਾਫ਼ੀ ਅੱਛੀ ਹੈ। ਵਰਕਰਜ਼ ਕਾ ਸਟੈਂਡਰਡ ਆਫ਼ ਲਿਵਿੰਗ ਯਹਾਂ ਅੱਛਾ ਹੈ। ਹਿੰਦੋਸਤਾਨ ਮੇਂ ਵਰਕਰਜ਼ ਕਾ ਸਟੈਂਡਰਡ ਐਸਾ ਨਹੀਂ ਹੈ।"

"ਮਸਲਨ ?"

"ਯਹਾਂ ਹਮਾਰੇ ਵਰਕਰਜ਼ ਕੇ ਪਾਸ ਕਾਫ਼ੀ ਅੱਛੇ ਘਰ ਹੈਂ। ਸੋਫ਼ਾ ਹੈਂ, ਫ਼ਰਿੱਜ ਹੈਂ, ਟੈਲੀਵੀਜ਼ਨ ਸੈੱਟ ਹੈਂ। ਘਰੋਂ ਮੇਂ ਕਾਫ਼ੀ ਅੱਛੀ ਅੱਛੀ ਕਾਰਪੈਟੇਂ ਬਿਛੀ ਹੈਂ। ਖਾਨਾ ਪੀਨਾ ਅੱਛਾ ਹੈ। ਹਿੰਦੋਸਤਾਨ ਮੇਂ ਯਿਹ ਸਬ ਚੀਜ਼ੇਂ ਵਰਕਰਜ਼ ਕੋ ਮੁਯੱਸਰ ਨਹੀਂ। ਯਹਾਂ ਵਰਕਰਜ਼ ਕਾਫ਼ੀ ਅੱਛੇ ਕੱਪੜੇ ਪਹਿਨ ਸਕਤੇ ਹੈਂ। ਜਿਤਨੇ ਅੱਛੇ ਕੱਪੜੇ ਯਹਾਂ ਵੀਕ-ਐਂਡ ਕੋ ਵਰਕਰਜ਼ ਔਰ ਉਨ ਕੀ ਬੀਵੀਆਂ ਪਹਿਨਤੀ ਹੈਂ, ਉਤਨੇ ਅੱਛੇ ਕੱਪੜੇ ਹਮਾਰੇ ਹਿੰਦੋਸਤਾਨ ਮੇਂ ਗਜ਼ਟਿਡ ਆਫ਼ੀਸਰ ਭੀ ਨਹੀਂ ਪਹਿਨ ਸਕਤੇ। ਔਰ ਅਗਰ ਵੁਹ ਪਹਿਨਤੇ ਹੈਂ ਤੋ ਅਪਨੀ ਨੇਕ ਕਮਾਈ ਸੇ ਨਹੀਂ, ਰਿਸ਼ਵਤ ਔਰ ਭ੍ਰਿਸ਼ਟਾਚਾਰ ਕੀ ਮਦਦ ਸੇ ਪਹਿਨ ਸਕਤੇ ਹੈਂ। ਲੇਕਨ ਯਹਾਂ ਵਰਕਰਜ਼ ਅਪਨੀ ਨੇਕ ਕਮਾਈ ਸੇ ਪਹਿਨਤੇ ਹੈਂ।"

"ਕਯਾ ਆਪ ਸਮਝਤੇ ਹੈਂ ਕਿ ਯਹਾਂ ਕੇ ਜੋ ਵਰਕਰਜ਼ ਹੈਂ, ਹਮਾਰੇ ਹਿੰਦੋਸਤਾਨੀ ਵਰਕਰਜ਼, ਵੁਹ ਬਿਲਕੁਲ ਸੁਖੀ ਹੈਂ, ਔਰ ਉਨਹੇਂ ਕੋਈ ਭੀ ਕਸ਼ਟ ਨਹੀਂ ਹੈ ?"

"ਨਹੀਂ, ਉਨਹੇਂ ਕਸ਼ਟ ਭੀ ਹੈਂ। ਕਾਫ਼ੀ ਸਖ਼ਤ ਮਿਹਨਤ ਕੇ ਬਾਅਦ ਉਨਹੇਂ ਮਾਦੀ ਤੌਰ ਪਰ ਕੁਛ ਅੱਛਾ ਜੀਵਨ ਮਿਲਤਾ ਹੈ, ਲੇਕਨ ਉਨਹੇਂ ਰੂਹ ਕੀ ਖ਼ੁਸ਼ੀ ਕੁਰਬਾਨ ਕਰਨੀ ਪੜਤੀ ਹੈ। ਵਤਨ ਕੀ ਯਾਦ ਆਤੀ ਹੈ। ਔਰ ਭੀ ਬਹੁਤ ਬਾਤੇਂ ਹੈਂ।"

"ਆਪ ਪੰਜਾਬੀ ਭਾਸ਼ਾ ਕੇ ਕਵੀ ਹੈਂ, ਅਬ ਆਪ ਹਮੇਂ ਕੋਈ ਅਪਨੀ ਪੰਜਾਬੀ ਕਵਿਤਾ ਸੁਨਾਏਂ।"

ਮੈਂ ਆਪਣੀ ਕਵਿਤਾ "ਹੇ ਮੇਰੇ ਪੰਜਾਬ" ਸੁਣਾਈ।

ਟੈਲੀ ਉਤੇ ਦੋ ਤਰ੍ਹਾਂ ਨਾਲ ਪੇਸ਼ ਹੋਇਆ ਜਾ ਸਕਦਾ ਹੈ। ਇਕ, ਦੇਖਣ ਵਾਲਿਆਂ ਨੂੰ ਸੰਬੋਧਨ ਕੀਤਾ ਜਾਂਦਾ ਹੈ। ਦੂਜੇ, ਜਿਸ ਨਾਲ ਗੱਲਬਾਤ ਜਾਂ ਇੰਟਰਵਿਊ ਹੋ ਰਹੀ ਹੋਵੇ। ਸਭ ਤੋਂ ਪਹਿਲਾਂ ਕੌਲ ਸਾਹਿਬ ਆਪਣੇ ਦੇਖਣ ਵਾਲਿਆਂ ਨੂੰ ਸੰਬੋਧਨ ਕਰਦੇ ਹੁੰਦੇ ਹਨ ਤੇ ਬੜੇ ਹੀ ਚੰਗੇ ਲਗਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਪ੍ਰੋਗਰਾਮ ਸ਼ੁਰੂ ਕਰ ਰਹੇ ਹਾਂ ਤੇ ਇਹ ਕੁਝ ਪੇਸ਼ ਹੋਵੇਗਾ। ਫੇਰ ਜਿਸ ਨਾਲ ਇੰਟਰਵਿਊ ਜਾਂ ਗੱਲਬਾਤ ਕਰ ਰਹੇ ਹੋਣ, ਉਸ ਵਲ ਰੁਖ਼ ਕਰ ਲੈਂਦੇ ਹਨ। ਉਸ ਦਾ ਰੁਖ਼ ਵੀ ਕੌਲ ਸਾਹਿਬ ਵਲ ਹੋਣਾ ਕੁਦਰਤੀ ਹੁੰਦਾ ਹੈ।

ਸਾਫ਼ ਹੈ, ਜਿਸ ਨੂੰ ਇੰਟਰਵਿਊ ਲਈ ਸੱਦਿਆ ਜਾਂਦਾ ਹੈ, ਉਹ ਮਹਿਮਾਨ ਹੁੰਦਾ ਹੈ। ਸੱਦਣ ਵਾਲ ਮੇਜ਼ਬਾਨ। ਏਥੇ ਮੇਰਾ ਕੌਲ ਸਾਹਿਬ ਨਾਲ ਬੜਾ ਹੀ ਨਾਜ਼ੁਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਸਤਾ ਸੀ । [illegible] ਜ਼ਰੂਰੀ ਸੀ । ਸਾਡੀ ਇਕ ਇਕ ਹਰਕਤ ਤੋਂ ਇਹ ਆਦਰ ਜ਼ਾਹਿਰ ਹੋਣਾ ਸੀ ।

ਖ਼ੈਰ, ਮੈਂ ਕਵਿਤਾ ਸ਼ੁਰੂ ਕੀਤੀ । ਕੌਲ ਸਾਹਿਬ ਸੁਣ ਰਹੇ ਸਨ । ਕਾਪੀ ਹੱਥ ਵਿਚ ਫੜ ਕੇ ਮੈਂ ਉਹਨਾਂ ਵਲ ਸੰਬੋਧਨ ਸਾਂ । ਜਿਥੇ ਵਾਜਬ ਹੁੰਦਾ ਸੀ, ਕੌਲ ਸਾਹਿਬ ਦਾ ਬੜਾ ਹੀ ਸੁੰਦਰ ਪ੍ਰਤਿਕਰਮ ਆ ਜਾਂਦਾ ਸੀ । ਇਸ ਸਮੇਂ ਕੌਲ ਸਾਹਿਬ ਲੱਖਾਂ ਸੁਣਨ ਵਾਲਿਆਂ ਦੀ ਪ੍ਰਤੀਨਿਧਤਾ ਕਰਦੇ ਸਨ । ਬੜੇ ਹੀ ਦਾਨਿਸ਼ਮੰਦ ਲੋਕੀ ਮੈਨੂੰ ਮੇਰੀ ਕਵਿਤਾ ਦਾ ਹੁੰਗਾਰਾ ਦਿੰਦੇ ਜਾਪਦੇ ।

ਕਵਿਤਾ ਖ਼ਤਮ ਹੋ ਗਈ ਸੀ ।

ਕੌਲ ਸਾਹਿਬ ਨੇ ਕਿਹਾ ਸੀ ਕਿ ਕਵਿਤਾ ਮੇਰੀ ਇੰਟਰਵਿਊ ਦੇ ਅੱਧ-ਵਿਚਕਾਰ ਹੋਵੇਗੀ । ਕੁਝ ਸਵਾਲ ਪਹਿਲਾਂ ਤੇ ਕੁਝ ਸਵਾਲ ਉਹ ਕੁਵਿਤਾ ਕਹਿਣ ਤੋਂ ਮਗਰੋਂ ਮੈਨੂੰ ਪੁੱਛਣਗੇ । ਫੇਰ ਇਕ ਗੀਤ ਹੋਵੇਗਾ ।

ਇਕ ਕੋਈ ਮਹਿਮੂਦ ਹਾਸ਼ਮੀ ਉਸ ਦਿਨ ਆਏ ਹੋਏ ਸਨ ਤੇ ਇਕ ਕੋਈ ਡਾਕਟਰ ਚੱਕਰਵਰਤੀ । ਇਹਨਾਂ ਦੇ ਵੀ ਇੰਟਰਵਿਊ ਰੀਕਾਰਡ ਕੀਤੇ ਜਾਣੇ ਸਨ ।

ਸਟੂਡੀਓ ਵਿਚ ਤਿੰਨ ਕਿ ਚਾਰ ਕੁਰਸੀਆਂ ਡਹੀਆਂ ਹੋਈਆਂ ਸਨ । ਇਕ ਪਾਸੇ ਕੌਲ ਸਾਹਿਬ ਇਕ ਕੁਰਸੀ ਉਤੇ ਬਹਿੰਦੇ ਸਨ । ਦੋ ਕਿ ਤਿੰਨ ਕੁਰਸੀਆਂ ਉਹਨਾਂ ਦੇ ਸੱਜੇ ਹੱਥ ਵਲ ਡਹੀਆਂ ਸਨ । ਉਹਨਾਂ ਉਤੇ ਇੰਟਰਵਿਊ ਲਈ ਆਏ ਮਹਿਮਾਨ ਬਹਿੰਦੇ ਸਨ ।

ਮਹਿਮੂਦ ਹਾਸ਼ਮੀ ਸਾਹਿਬ ਨੂੰ ਮੈਂ ਪਹਿਲਾਂ ਨਹੀਂ ਸੀ ਵੇਖਿਆ, ਸਟੂਡੀਓ ਵਿਚ ਹੀ ਵੇਖਿਆ । ਚੱਕਰਵਰਤੀ ਸਾਹਿਬ ਪਹਿਲਾਂ ਦਫ਼ਤਰ ਵਿਚ ਆ ਗਏ ਸਨ ਤੇ ਕੁਝ ਚਿਰ ਬੈਠੇ ਰਹੇ ਸਨ । ਦਫ਼ਤਰ ਵਿਚੋਂ ਤਿੰਨੇ ਅਸੀਂ ਸਟੂਡੀਓ ਵਲ ਗਏ ਸਾਂ । ਕੌਲ ਸਾਹਿਬ, ਮੈਂ, ਤੇ ਤੀਜੇ ਸ੍ਰੀ ਚੱਕਰਵਰਤੀ । ਜਦੋਂ ਮੈਨੂੰ ਕੌਲ ਹੋਰਾਂ ਨੇ ਜੱਫੀ ਪਾ ਕੇ ਕਿਹਾ ਸੀ : "ਭ੍ਰਾਈ ਸਾਹਿਬ, ਮੈਂ ਭ੍ਰੀ ਕਭ੍ਰੀ ਕਮਿਊਨਿਸਟ ਰਹਾ ਹੂੰ" ਉਦੋਂ ਸ੍ਰੀ ਚੱਕਰਵਰਤੀ ਥੋੜਾ ਮੁਸਕਰਾਏ ਵੀ ਸਨ । ਗੁਰੂ ਜੀ ਚਲੇ ਗਏ ਸਨ ਤੇ ਸ੍ਰੀ ਚੱਕਰਵਰਤੀ ਉਹਨਾਂ ਦੀ ਕੁਰਸੀ ਉਤੇ ਆ ਬੈਠੇ ਸਨ । ਸਾਡੀ ਕੁਝ ਕੁ ਬਹਿਸ ਉਹਨਾਂ ਦੇ ਆਇਆਂ ਵੀ ਹੁੰਦੀ ਰਹੀ ਸੀ ।

ਜਦੋਂ ਅਸੀਂ ਸਟੂਡੀਓ ਆਏ, ਮਹਿਮੂਦ ਹਾਸ਼ਮੀ ਉਦੋਂ ਪਹਿਲੀ ਕੁਰਸੀ ਉਤੇ ਬੈਠੇ ਸਨ । ਜਾਪਦਾ ਸੀ, ਉਹਨਾਂ ਦੀ ਰੀਹਰਸਲ ਕੁਝ ਕੁ ਰਹਿੰਦੀ ਸੀ । ਅਸੀਂ ਆਏ ਤਾਂ ਕੁਝ ਇਕ ਗੱਲਾਂ ਉਹਨਾਂ ਨਾਲ ਕੀਤੀਆਂ ਗਈਆਂ ਸਨ । ਅਸੀਂ ਉਦੋਂ ਇਕ ਪਾਸੇ ਜਿਹੇ ਕੁਰਸੀਆਂ ਉਤੇ ਬੈਠੇ ਸਾਂ ।

ਫੇਰ ਚੱਕਰਵਰਤੀ ਸਾਹਿਬ ਰੀਹਰਸਲ ਲਈ ਬੁਲਾਏ ਗਏ । ਉਹ ਦੂਜੀ ਕੁਰਸੀ ਉਤੇ ਸਨ । ਫੇਰ ਮੇਰੀ ਰੀਹਰਸਲ ਸੀ । ਮੈਨੂੰ ਪਹਿਲੀ ਕੁਰਸੀ ਉਤੇ ਬਹਿਣ ਲਈ ਕਿਹਾ ਗਿਆ ਸੀ ।

ਜਿਵੇਂ ਕੌਲ ਸਾਹਿਬ ਦੀ ਬਹਿਸ ਮੇਰੇ ਨਾਲ ਹੋ ਗਈ ਸੀ, ਹੋਰ ਕਿਸੇ ਨਾਲ ਨਹੀਂ ਸੀ ਹੋਈ ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੀਹਰਸਲ ਖ਼ਤਮ ਹੋ ਗਈ ਸੀ। ਮੈਂ ਤੇ ਸ੍ਰੀ ਚੱਕਰਵਰਤੀ ਵਾਪਸ ਫੇਰ ਕੌਲ ਸਾਹਿਬ ਦੇ ਦਫ਼ਤਰ ਵਿਚ ਆ ਗਏ ਸਾਂ। ਹੁਣ ਲੰਚ ਦਾ ਵੇਲਾ ਸੀ। ਰੀਕਾਰਡਿੰਗ ਸਾਡੀ ਲੰਚ ਤੋਂ ਮਗਰੋਂ ਤਿੰਨ ਕੁ ਵਜੇ ਹੋਣੀ ਸੀ।

ਇਕ ਘਟਨਾ ਵਾਪਰੀ। ਮੇਰੀ ਮਨੋ-ਰੋਗ ਦੀ ਦਵਾਈ ਅਜੇ ਵੀ ਜਾਰੀ ਸੀ। ਅਚਾਨਕ ਮੈਨੂੰ ਖ਼ਿਆਲ ਆਇਆ, ਮੈਂ ਦਵਾਈ ਲੈਣੀ ਹੈ। ਇਸ ਸਮੇਂ ਕੌਲ ਸਾਹਿਬ ਨਾਲ ਦੇ ਕਮਰੇ ਵਿਚ ਸਨ। ਮੈਨੂੰ ਪਾਣੀ ਦੀ ਲੋੜ ਪਈ। ਮੈਂ ਏਧਰ ਉਧਰ ਦੇਖਿਆ, ਪਰ ਪਾਣੀ ਕਿਧਰੇ ਨਜ਼ਰ ਨਾ ਆਇਆ। ਕੋਈ ਅਜਿਹਾ ਬੰਦਾ ਵੀ ਮੈਨੂੰ ਨਜ਼ਰ ਨਹੀਂ ਆ ਸਕਿਆ ਸੀ ਜਿਸ ਤੋਂ ਪਾਣੀ ਮੰਗਿਆ ਜਾਂਦਾ।

ਆਖ਼ਿਰ ਥੋੜਾ ਝਿਜਕਦਾ ਮੈਂ ਉਸ ਪਾਸੇ ਵਲ ਚਲਾ ਗਿਆ ਜਿਥੇ ਕੌਲ ਸਾਹਿਬ ਆਪਣੇ ਦਫ਼ਤਰ ਵਿਚ ਖਲੋਤੇ ਸਨ ਤੇ ਆਪਣੇ ਅਮਲੇ ਫੈਲੇ ਨਾਲ ਗੱਲਾਂ ਵਿਚ ਲਗੇ ਹੋਏ ਸਨ। ਹੌਲੀ ਜਿਹੀ ਮੈਂ ਉਹਨਾਂ ਨੂੰ ਆਪਣੀ ਪਾਣੀ ਦੀ ਲੋੜ ਜ਼ਾਹਿਰ ਕੀਤੀ। ਕੌਲ ਸਾਹਿਬ ਆਏ ਤੇ ਫੇਰ ਆਪਣੇ ਕਮਰੇ ਵਿਚੋਂ ਦੂਜੇ ਪਾਸੇ ਚਲੇ ਗਏ।

ਪੰਜਾਂ ਚੌਹਾਂ ਮਿੰਟਾਂ ਮਗਰੋਂ ਕੌਲ ਸਾਹਿਬ ਵਾਪਸ ਆਏ। ਇਕ ਹੱਥ ਵਿਚ ਪਾਣੀ ਦਾ ਗਲਾਸ ਫੜਿਆ ਹੋਇਆ ਸੀ ਤੇ ਦੂਜਾ ਹੱਥ, ਪਲੇਟ ਵਾਂਗ, ਗਲਾਸ ਦੇ ਹੇਠਾਂ ਰਖਿਆ ਸੀ। ਕੌਲ ਸਾਹਿਬ ਨੇ ਨੇੜੇ ਆ ਕੇ ਥੋੜਾ ਝੁਕ ਕੇ ਆਖਿਆ : "ਲੀਜੀਏ ਸਰਦਾਰ ਸਾਹਿਬ!"

ਮੈਨੂੰ ਬੜੀ ਹੀ ਸ਼ਰਮ ਆਈ। ਕੌਲ ਸਾਹਿਬ ਨੂੰ ਆਪ ਗਲਾਸ ਲਿਆਉਣ ਦੀ ਕੀ ਲੋੜ ਸੀ? ਆਪ ਗਲਾਸ ਲੈ ਆਂਦਾ ਸੀ ਤਾਂ ਦੂਜਾ ਹੱਥ ਗਲਾਸ ਦੇ ਹੇਠਾਂ ਰੱਖਣ ਦੀ ਕੀ ਲੋੜ ਸੀ? ਹੱਥ ਹੇਠਾਂ ਰਖ ਲਿਆ ਸੀ ਤਾਂ ਬਿਨਾਂ ਜ਼ਰੂਰਤ ਧਰਤੀ ਵਲ ਨੂੰ ਝੁਕਣ ਦੀ ਕੀ ਲੋੜ ਸੀ? ਕੌਲ ਸਾਹਿਬ ਥੋੜਾ ਨਹੀਂ, ਕਾਫ਼ੀ ਜ਼ਿਆਦਾ ਝੁਕੇ ਸਨ ਤੇ ਬੜੀ ਲਟਕ ਨਾਲ ਝੁਕੇ ਸਨ। ਸ਼ਾਇਦ ਕੌਲ ਸਾਹਿਬ ਮੈਨੂੰ ਸਜ਼ਾ ਦੇਣੀ ਚਾਹੁੰਦੇ ਸਨ। ਤੇ ਇਹ ਸਜ਼ਾ ਤਹਿਜ਼ੀਬ ਦੀ ਮਦਦ ਨਾਲ ਹੀ ਦਿਤੀ ਜਾ ਸਕਦੀ ਸੀ।

ਕੌਲ ਸਾਹਿਬ ਨੂੰ ਆਖਣਾ ਕਿ ਮੈਨੂੰ ਪਾਣੀ ਦੀ ਲੋੜ ਹੈ, ਬਹੁਤ ਬੜੀ ਗੁਸਤਾਖ਼ੀ ਸੀ। ਕੌਲ ਸਾਹਿਬ ਦੇ ਮੱਥੇ ਵਿਚ ਦਾਨਿਸ਼ਮੰਦੀ ਦੇ ਵੱਟ ਵੀ ਮੈਨੂੰ ਸ਼ਰਮਸਾਰ ਕਰ ਰਹੇ ਸਨ। ਪਾਣੀ ਕੀ ਮੈਂ ਮੰਗਿਆ ਸੀ, ਮੈਨੂੰ ਜਿਵੇਂ ਆਪ ਹੀ ਪਾਣੀ ਪਾਣੀ ਹੋਣਾ ਪੈ ਗਿਆ ਸੀ।

ਇਹ ਵੀ ਕਿਹਾ ਜਾ ਸਕਦਾ ਹੈ ਕਿ ਮੇਰਾ ਨਿਰਣਾ ਗ਼ਲਤ ਹੈ। ਕੌਲ ਸਾਹਿਬ ਤਾਂ ਝੁਕ ਕੇ ਮੇਰਾ ਸਤਿਕਾਰ ਹੀ ਕਰਨਾ ਚਾਹੁੰਦੇ ਸਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਝੁਕਣਾ ਹੀ ਸਤਿਕਾਰ ਨਹੀਂ, ਕਿਵੇਂ ਝੁਕਿਆ ਜਾਂਦਾ ਹੈ, ਫ਼ਰਕ ਇਸ ਵਿਚ ਹੁੰਦਾ ਹੈ। ਕਿਸੇ ਨੂੰ ਹੱਥ ਜੋੜਨਾ ਸਤਿਕਾਰ ਦੀ ਨਿਸ਼ਾਨੀ ਹੈ, ਪਰ ਕਿਸੇ ਨੂੰ ਤ੍ਰਿਸਕਾਰ ਵਜੋਂ ਵੀ ਹੱਥ ਜੋੜੇ ਜਾ ਸਕਦੇ ਹਨ।

ਅਸੀਂ ਲੰਚ ਲਈ ਜਾਣਾ ਸੀ। ਕੌਲ ਸਾਹਿਬ ਚੱਕਰਵਰਤੀ ਸਾਹਿਬ ਨੂੰ ਕੁਝ ਆਖਣ ਲਗੇ।

ਆਖਣਾ ਉਹਨਾਂ ਕੀ ਸੀ। ਅਸਲ ਵਿਚ ਮੈਂ ਕੌਲ ਸਾਹਿਬ ਨੂੰ ਬਹੁਤ ਹੀ ਤੰਗ ਕੀਤਾ ਸੀ। ਪਹਿਲਾਂ ਤਾਂ ਮੈਂ ਉਹਨਾਂ ਨੂੰ ਇਹ ਸਾਫ਼ ਸਾਫ਼ ਕਹਿ ਦਿਤਾ ਸੀ ਕਿ ਮੈਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਮਿਊਨਿਸਟ ਹਾਂ । ਭਾਵੇਂ ਉਹਨਾਂ ਦੇ ਪੁੱਛਣ ਤੋਂ ਹੀ ਉਹਨਾਂ ਨੂੰ ਮੈਂ ਇਹ ਕਿਹਾ ਸੀ, ਫੇਰ ਵੀ ਬੁਰੀ ਗੱਲ ਸੀ । ਕਮਿਊਨਿਸਟ ਹੁੰਦੇ ਹੋਏ ਵੀ ਮੈਨੂੰ ਕਹਿਣਾ ਚਾਹੀਦਾ ਸੀ ਕਿ ਮੈਂ ਕਮਿਊਨਿਸਟ ਨਹੀਂ । ਜਿਥੋਂ ਤਕ ਮੈਂ ਸਮਝਦਾ ਹਾਂ, ਏਥੋਂ ਹੀ ਕੁਝ ਉਹਨਾਂ ਦੀ ਤਬੀਅਤ ਨੂੰ ਹੋ ਗਿਆ ਸੀ । ਫੇਰ ਬਹਿਸ ਵੇਲੇ ਵੀ ਮੈਂ ਲਿਫਣ ਵਿਚ ਨਹੀਂ ਆਉਂਦਾ ਸਾਂ, ਪੁਰ-ਵੱਕਾਰ ਤਰੀਕੇ ਨਾਲ ਜਵਾਬ ਦਿੰਦਾ ਜਾ ਰਿਹਾ ਸਾਂ । ਇਹ ਵੀ ਬਹੁਤ ਗੁਸਤਾਖ਼ੀ ਸੀ । ਆਖ਼ਿਰ ਉਹਨਾਂ ਨੇ ਇੰਟਰਵਿਊ ਲਈ ਮੈਨੂੰ ਸੱਦਿਆ ਹੋਇਆ ਸੀ, ਕੁਝ ਤਾਂ ਸਮਝ ਚਾਹੀਦੀ ਸੀ ? ਕਿਥੇ ਮੈਂ ਤੇ ਕਿਥੇ ਉਹਨਾਂ ਦਾ ਬੀ.ਬੀ.ਸੀ. ਦਾ ਟੈਲੀਵੀਜ਼ਨ ? ਬੜਾ ਹੀ ਮੂਰਖ ਬੰਦਾ ਸਾਂ । ਮੈਨੂੰ ਕਹਿਣਾ ਚਾਹੀਦਾ ਸੀ : "ਕੌਲ ਸਾਹਿਬ, ਠੀਕ ਹੈ—ਜਿਵੇਂ ਕਹਿੰਦੇ ਹੋ, ਠੀਕ ਹੈ ।"

ਕੌਲ ਸਾਹਿਬ ਚੱਕਰਵਰਤੀ ਸਾਹਿਬ ਨੂੰ ਕਹਿ ਰਹੇ ਸਨ : "ਮੈਂ ਤੋ ਆਜ ਖਪ ਗਿਆ । ਮੈਂ ਤੋ ਆਜ ਥਕ ਗਿਆ । ਯੇਹ ਸਰਦਾਰ ਸਾਹਿਬ ਹੈਂ—ਮੁਝ ਸੇ ਖ਼ਫ਼ਾ ਹੋ ਰਹੇ ਹੈਂ । ਮੇਰਾ ਭੇਜਾ ਨਹੀਂ ਰਹਾ । ਜ਼ਰਾ ਇਧਰ ਦੇਖੀਏ ! ਉਫ਼, ਯੇਹ ਸਰਦਾਰ ਸਾਹਿਬ ।"

ਸ੍ਰੀ ਚੱਕਰਵਰਤੀ ਫੇਰ ਹਲਕਾ ਜਿਹਾ ਮੁਸਕ੍ਰਾਏ ।

ਮੈਂ ਤੇ ਸ੍ਰੀ ਚੱਕਰਵਰਤੀ ਲੰਚ ਲਈ ਰਵਾਨਾ ਹੋਏ । ਸਾਡੇ ਨਾਲ ਇਕ ਨੌਜਵਾਨ ਅੰਗਰੇਜ਼ ਔਰਤ ਭੇਜੀ ਗਈ । ਕੌਲ ਸਾਹਿਬ ਨੇ ਕਿਹਾ ਸੀ : "ਮੁਆਫ਼ ਕਰਨਾ ਸਰਦਾਰ ਜੀ, ਮੁਝੇ ਆਜ ਕੁਛ ਕਾਮ ਹੈ, ਨਹੀਂ ਤੋ ਮੈਂ ਖ਼ੁਦ ਆਪ ਕੋ ਲੰਚ ਕੇ ਲੀਏ ਲੇ ਕੇ ਜਾਤਾ—ਆਪ ਕੇ ਸਾਥ ਲੰਚ ਕਰਤਾ ।" ਕੌਲ ਸਾਹਿਬ ਨੇ ਮੇਰੇ ਕੋਲੋਂ ਹੀ ਮੁਆਫ਼ੀ ਮੰਗਣੀ ਚਾਹੀ ਸੀ, ਚੱਕਰਵਰਤੀ ਹੋਰਾਂ ਤੋਂ ਨਹੀਂ । ਤੰਗ ਤਾਂ ਮੈਂ ਹੀ ਕੀਤਾ ਸੀ ।

ਕੌਲ ਸਾਹਿਬ ਨੇ ਥੋੜੀ ਜਿਹੀ ਸ਼ਰਾਬ ਵੀ ਪੀਤੀ ਹੋਈ ਸੀ । ਉਹਨਾਂ ਨੇ ਸਾਨੂੰ ਤੋਰਨ ਵੇਲੇ ਉਸ ਅੰਗਰੇਜ਼ ਔਰਤ ਨੂੰ ਵੀ ਕਈ ਇਕ ਫ਼ਿਕਰੇ ਬੋਲੇ ਸਨ : "ਆਜ ਮੈਂ ਬਹੁਤ ਥਕ ਗਿਆ । ਭੇਜ੍ਹਾ ਖ਼ਾਲੀ ਹੋ ਗਿਆ । ਆਜ ਮੈਂ ਬਹੁਤ ਪ੍ਰੇਸ਼ਾਨ ਹੂੰ । ਉਫ਼ ! ਉਫ਼ !"

ਕੌਲ ਸਾਹਿਬ ਬਾਸ ਸਨ । ਨੌਜਵਾਨ ਅੰਗਰੇਜ਼ ਔਰਤ ਉਹਨਾਂ ਦੇ ਮਾਤਹਿਤ ਸੀ । ਸਾਡੇ ਨਾਲ ਚਲਦੇ ਚਲਦੇ ਉਸ ਔਰਤ ਨੇ ਹਸ ਕੇ ਕਿਹਾ : "ਹੀ ਇਜ਼ ਡਰੰਕ ।" ਉਹ ਆਪਣੇ ਬਾਸ ਦੇ ਲਟਕਦਾਰ ਰੰਗੀਨ ਮਿਜ਼ਾਜ ਦੀ ਵਾਕਿਫ਼ ਸੀ ।

ਅਸੀਂ ਲੰਚ ਕਰ ਕੇ ਆਏ । ਢਾਈ ਪੌਣੇ ਤਿੰਨ ਅਸੀਂ ਸਟੂਡੀਓ ਵਿਚ ਚਲੇ ਗਏ । ਪਹਿਲਾਂ ਮੈਨੂੰ ਹੀ ਇੰਟਰਵਿਊ ਰਿਕਾਰਡ ਕਰਵਾਉਣ ਲਈ ਕਿਹਾ ਗਿਆ । ਮੈਂ ਕੌਲ ਸਾਹਿਬ ਦੇ ਲਾਗੇ ਵਾਲੀ ਕੁਰਸੀ ਉਤੇ ਬਹਿ ਗਿਆ ।

ਸਾਡੇ ਉਤੇ ਚਿੱਟੀਆਂ ਚਿੱਟੀਆਂ ਰੌਸ਼ਨੀਆਂ ਪੈ ਰਹੀਆਂ ਸਨ । ਵਖੋ ਵਖਰੇ ਕੋਣਾਂ ਵਲੋਂ ਕੈਮਰਿਆਂ ਨੇ ਸਾਡੇ ਵਲ ਨਿਗਾਹਾਂ ਸੇਧ ਦਿਤੀਆਂ ਸਨ ।

ਸ਼ਾਇਦ ਮੇਰੇ ਮੱਥੇ ਉਤੇ ਮੁੜ੍ਹਕੇ ਦੀ ਕੋਈ ਕਣੀ ਸੀ । ਇਕ ਅੰਗਰੇਜ਼ ਕੈਮਰਾ ਮੈਨ ਮੇਰੇ ਨੇੜੇ ਆਇਆ ਤੇ ਜੇਬ ਵਿਚੋਂ ਰੁਮਾਲ ਕਢ ਕੇ ਬੜੇ ਹੀ ਸਲੀਕੇ ਨਾਲ ਮੇਰਾ ਮੁੜ੍ਹਕਾ ਪੂੰਝਿਆ । ਪਤਾ ਨਹੀਂ ਇਹ ਪਸੀਨਾ ਮੈਨੂੰ ਕਿਉਂ ਆ ਗਿਆ ਸੀ । ਹਾਲਾਂ ਕਿ ਠੰਡਾ ਮੁਲਕ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਸਲ ਵਿਚ ਕੌਲ ਸਾਹਿਬ ਹੀ ਪ੍ਰਸ਼ਾਨ ਨਹੀਂ ਹੋਏ ਸਨ, ਮੈਂ ਵੀ ਨਾਲ ਹੀ ਹੋਇਆ ਸਾਂ। ਅਸੀਂ ਦੋਵੇਂ ਇਕ ਦੂਜੇ ਤੋਂ ਕਾਫ਼ੀ ਡਰ ਜਿਹੇ ਗਏ ਸਾਂ। ਹਾਲਾਂ ਕਿ ਸਾਨੂੰ ਇਕ ਦੂਜੇ ਤੋਂ ਡਰਨਾ ਨਹੀਂ ਸੀ ਚਾਹੀਦਾ।

ਸਵਾਲ ਜਵਾਬ ਸ਼ੁਰੂ ਹੋਏ। ਸਵਾਲ ਬਹੁਤੇ ਉਹੀਓ ਸਨ, ਪਰ ਕਿਤੇ ਕਿਤੇ ਕੌਲ ਸਾਹਿਬ ਨੇ ਨਵੇਂ ਸਵਾਲ ਵੀ ਕੀਤੇ ਸਨ। ਸ਼ਾਇਦ ਮੇਰੀਆਂ ਨਜ਼ਮਾਂ ਬਾਰੇ ਗੱਲ ਬਾਤ ਹੋ ਰਹੀ ਸੀ। ਪਹਿਲੀ ਵਾਰ ਮੈਂ ਆਪਣੇ ਦੇਸ਼ ਨੂੰ ਏਨੀ ਦੂਰ ਤੋਂ ਤੱਕਿਆ ਸੀ ਤੇ ਇਹ ਕਵਿਤਾਵਾਂ ਲਿਖੀਆਂ ਸਨ। ਕੌਲ ਸਾਹਿਬ ਨੇ ਆਖਿਆ : "ਕਯਾ ਆਪ ਨੇ ਇਸੀ ਲੀਏ ਅਪਨਾ ਦੇਸ਼ ਤਿਆਗਾ ਹੈ ਕਿ ਆਪ ਅਪਨੇ ਦੇਸ਼ ਕੋ ਇਤਨੀ ਦੂਰ ਸੇ ਦੇਖ ਸਕੇਂ ?" ਮੈਂ ਦੇਸ਼ "ਤਿਆਗਿਆ" ਨਹੀਂ ਸੀ, ਕੁਝ ਸਮੇਂ ਲਈ ਆਇਆ ਸਾਂ ਤੇ ਫੇਰ ਦੇਸ਼ ਨੂੰ ਜਾਣਾ ਸੀ। ਮੈਂ ਕੌਲ ਸਾਹਿਬ ਨੂੰ ਆਖਿਆ : "ਮੈਂ ਨੇ ਦੇਸ਼ ਤਿਆਗਾ ਨਹੀਂ ਹੈ..." ਮੇਰਾ ਉੱਤਰ ਜਾਰੀ ਸੀ ਕਿ ਕੌਲ ਸਾਹਿਬ ਨੇ ਵਿਚੋਂ ਹੀ ਕੋਈ ਹੋਰ ਸਵਾਲ ਕਰ ਦਿਤਾ ਸੀ।

ਇਕ ਸਵਾਲ ਕੌਲ ਸਾਹਿਬ ਨੇ ਹੋਰ ਵੀ ਨਵਾਂ ਕੀਤਾ ਸੀ। ਇੰਗਲੈਂਡ ਅਤੇ ਹਿੰਦੋਸਤਾਨ ਦੀ ਆਰਥਕ ਦਸ਼ਾ ਦਾ ਜ਼ਿਕਰ ਸੀ। ਉਹਨਾਂ ਨੇ ਉਪ-ਸਵਾਲ ਕੀਤਾ : "ਆਪ ਨੇ ਬ੍ਹੀ ਦੇਖਾ ਹੈ, ਇੰਗਲੈਂਡ ਮੇਂ ਹਿੰਦੋਸਤਾਨ ਕੀ ਨਿਸਬਤ ਕਾਫ਼ੀ ਅੱਛੀ ਹਾਲਤ ਹੈ, ਅਗਰ ਯੇਹ ਸਚਾਈ ਹੈ ਤੋ ਕਯਾ ਇੰਗਲੈਂਡ ਕੋ ਅਬ ਬ੍ਹੀ ਸੋਸ਼ਲਿਜ਼ਮ ਕੀ ਜ਼ਰੂਰਤ ਹੈ ?" ਮਤਲਬ ਹੈ ਇਹ ਸਵਾਲ ਰੀਹਰਸਲ ਵਿਚ ਨਹੀਂ ਕੀਤੇ ਸਨ, ਇਹ ਨਵੇਂ ਹੀ ਕੀਤੇ ਗਏ ਸਨ।

ਗੱਲ ਨੂੰ ਕੱਟਣ ਵਾਲੀ ਸੁਣੋ। ਮੈਂ ਜਵਾਬ ਦੇਣ ਲੱਗਾ। ਅੱਗੇ ਮੈਂ ਇਹ ਕਹਿਣਾ ਸੀ ਕਿ ਨਿਰਸੰਦੇਹ ਇੰਗਲੈਂਡ ਨੂੰ ਵੀ ਸੋਸ਼ਲਿਜ਼ਮ ਦੀ ਲੋੜ ਹੈ ਕਿ ਉਹਨਾਂ ਨੇ ਹੋਰ ਸਵਾਲ ਕਰ ਦਿਤਾ।

ਇੰਗਲੈਂਡ ਵਿਚ ਜਿਹੜੇ ਹਿੰਦੋਸਤਾਨੀ ਵਰਕਰਜ਼ ਰਹਿੰਦੇ ਹਨ, ਜਦ ਮੈਂ ਉੱਤਰ ਦਿਤਾ ਸੀ ਕਿ ਵੀਕ-ਐਂਡ ਨੂੰ ਉਹਨਾਂ ਦੇ ਕੱਪੜੇ ਬਹੁਤ ਸੁਹਣੇ ਹੁੰਦੇ ਹਨ, ਤੇ ਏਨੇ ਸੁਹਣੇ ਕੱਪੜੇ ਹਿੰਦੋਸਤਾਨ ਵਿਚ ਸਾਡੇ ਗਜ਼ਟਿਡ ਅਫ਼ਸਰ ਵੀ ਨਹੀਂ ਪਹਿਨ ਸਕਦੇ, ਅਤੇ ਜੇ ਉਹ ਪਹਿਨਦੇ ਹਨ ਤਾਂ ਆਪਣੀ ਤਲਬ ਵਿਚੋਂ ਨਹੀਂ, ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦੀ ਮਦਦ ਨਾਲ ਹੀ ਪਹਿਨਦੇ ਹਨ, ਤਾਂ ਕੌਲ ਸਾਹਿਬ ਨੇ ਮੇਰੀ ਗੱਲ ਵਿਚਕਾਰੋਂ ਹੀ ਕੱਟ ਦਿਤੀ ਸੀ। "ਔਰ ਅਗਰ ਵੁਹ ਪਹਿਨਤੇ ਹੈਂ..." ਮੈਂ ਏਨੀ ਗੱਲ ਹੀ ਆਖੀ ਸੀ ਕਿ ਕੌਲ ਸਾਹਿਬ ਨੇ ਇਸ ਤੋਂ ਅੱਗੇ ਹੋਰ ਸਵਾਲ ਕਰ ਦਿਤਾ ਸੀ ਤੇ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦਾ ਨਾਂ ਹੀ ਨਹੀਂ ਸੀ ਲੈਣ ਦਿਤਾ। ਮਤਲਬ ਹੈ ਜਵਾਬ ਵੀ ਤਾਂ ਪੂਰਾ ਹੋਣਾ ਚਾਹੀਦਾ ਹੈ।

ਫੇਰ ਮੈਂ ਕਵਿਤਾ ਬੋਲੀ ਸੀ। ਅੰਤ ਵਿਚ ਉਹਨਾਂ ਨੇ ਇਕ ਦੋ ਹੋਰ ਸਵਾਲ ਕੀਤੇ ਸਨ। ਇਕ ਸਵਾਲ ਇਹ ਵੀ ਸੀ : "ਆਪ ਜਬ ਇੰਗਲੈਂਡ ਸੇ ਵਾਪਸ ਹਿੰਦੋਸਤਾਨ ਜਾਇੰਗੇ ਤੋ ਕਯਾ ਆਪ ਅਪਨੇ ਦੇਸ਼ ਕੇ ਲੋਗੋਂ ਸੇ ਬ੍ਹੀ ਕੁਛ ਕਹਿਨਾ ਚਾਹੇਂਗੇ ?" ਮੇਰਾ ਮੁਖ ਜਵਾਬ ਸੀ : "ਹਾਂ, ਜ਼ਰੂਰ ਮੈਂ ਆਪਣੇ ਦੇਸ਼ ਦੇ ਲੋਕਾਂ ਨੂੰ ਕੁਝ ਆਖਾਂਗਾ।"

ਇੰਟਰਵਿਊ ਹੋ ਚੁੱਕੀ ਸੀ। ਮੈਨੂੰ ਫ਼ਾਰਗ ਕੀਤਾ ਗਿਆ। ਸ਼ਾਮ ਨੂੰ ਬ੍ਰਿਮਿੰਘਮ ਤੋਂ ਮੈਂ ਲੰਡਨ ਪਹੁੰਚ ਗਿਆ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਚਾਸੀ ਦਿਨਾਂ ਮਗਰੋਂ ਇਹ ਇੰਟਰਵਿਊ ਪਰਸਾਰਤ ਹੋਈ। ਦੋ ਅਗਸਤ ਰੀਕਾਰਡ ਹੋਈ, ੨੭ ਅਕਤੂਬਰ ਟੈਲੀਕਾਸਟ।

ਟੈਲੀਕਾਸਟ ਵੇਲੇ ਵੀ ਕੁਝ ਫ਼ਰਕ ਪਾਇਆ ਗਿਆ ਸੀ। ਜਿਵੇਂ, ਪਹਿਲਾ ਸਵਾਲ ਸੀ : "ਧੀਰ ਸਾਹਿਬ, ਹਮ ਨੇ ਆਪ ਕੇ ਬਾਰੇ ਮੇਂ ਸੁਨਾ ਹੈ, ਔਰ ਅਖ਼ਬਾਰੋਂ ਮੇਂ ਭੀ ਪੜ੍ਹਾ ਹੈ ਕਿ ਆਪ ਲੈਫਟਿਸਟ ਵਿਊਜ਼ ਕੇ ਮਾਲਿਕ ਹੈਂ, ਔਰ ਆਪ...ਕਮਿਊਨਿਸਟ ਹੈਂ, ਕਯਾ ਯੇਹ ਬਾਤ ਸਹੀ ਹੈ ?" ਇਹ ਸਵਾਲ ਤੇ ਇਸ ਦਾ ਉੱਤਰ ਪਰਸਾਰਤ ਨਹੀਂ ਕੀਤਾ ਗਿਆ।

ਕਹਿੰਦੇ ਹਨ ਕਿ ਜੋ ਕੁਝ ਵੀ ਰੀਕਾਰਡ ਕਰ ਲਿਆ ਜਾਂਦਾ ਹੈ, ਕਈ ਵਾਰ ਉਹ ਸਾਰਾ ਕੁਝ ਪਰਸਾਰਤ ਨਹੀਂ ਕੀਤਾ ਜਾਂਦਾ, ਕੁਝ ਨਾ ਕੁਝ ਐਡੀਟਰਾਂ ਵਲੋਂ ਕਾਂਟ ਛਾਂਟ ਹੋ ਜਾਂਦੀ ਹੈ। ਸਮੇਂ ਦੀ ਥੁੜ ਹੋ ਸਕਦੀ ਹੈ। ਰੀਕਾਰਡ ਦਸ ਮਿੰਟ ਦਾ ਹੈ, ਪਰ ਟੈਲੀ ਉਤੇ ਅੱਠ ਮਿੰਟ ਹੀ ਉਹਨਾਂ ਨੂੰ ਮਿਲੇ ਹੁੰਦੇ ਹਨ। ਉਹ ਮਜਬੂਰ ਹੁੰਦੇ ਹਨ।

ਕਵਿਤਾ ਵੇਲੇ ਕੌਲ ਸਾਹਿਬ ਤਸਵੀਰ ਵਿਚ ਨਹੀਂ ਆਏ ਸਨ। ਇਹ ਬਹੁਤ ਹੀ ਬੁਰੀ ਗੱਲ ਸੀ। ਮੈਂ ਉਹਨਾਂ ਵਲ ਸੰਬੋਧਨ ਸਾਂ।

ਜਿਥੋਂ ਤਕ ਮੈਂ ਸਮਝਦਾ ਹਾਂ, ਸਵਾਲਾਂ ਅਤੇ ਜਵਾਬਾਂ ਵਾਂਗ, ਕਵਿਤਾ ਵੇਲੇ ਵੀ ਉਹਨਾਂ ਨੂੰ ਤਸਵੀਰ ਵਿਚ ਹੋਣਾ ਚਾਹੀਦਾ ਸੀ। ਆਖ਼ਿਰ ਟੇਢੇ ਰੁਖ਼ ਹੋਇਆ ਮੈਂ ਉਂਜੇ ਨਹੀਂ ਬੈਠਾ ਸਾਂ, ਉਹਨਾਂ ਲਈ ਹੀ ਬੈਠਾ ਸਾਂ। ਯਾ ਉਹ ਮੈਨੂੰ ਕਹਿੰਦੇ, ਮੈਂ ਲੋਕਾਂ ਵਲ ਸੰਬੋਧਨ ਹੁੰਦਾ—ਲੱਖਾਂ ਦੇਖਣ ਵਾਲਿਆਂ ਵਲ।

ਮੈਨੂੰ ਬੜੀ ਹੀ ਸ਼ਰਮ ਆਈ। ਮੈਂ ਉਹਨਾਂ ਵਲ ਕਾਪੀ ਫੜੀਂ ਕਵਿਤਾ ਬੋਲ ਰਿਹਾ ਸਾਂ, ਅਤੇ ਉਹ ਉਥੋਂ ਗ਼ਾਇਬ ਸਨ।

ਮੈਨੂੰ ਟੈਲੀਵੀਜ਼ਨ ਨੇ ਲੱਖਾਂ ਲੋਕਾਂ ਨਾਲ ਮਿਲਾਇਆ ਹੈ। ਕੌਲ ਸਾਹਿਬ ਦਾ ਸ਼ੁਕਰੀਆ, ਬੀ. ਬੀ. ਸੀ. ਦਾ ਸ਼ੁਕਰੀਆ. ਅੰਤ ਵਿਚ ਇੰਗਲੈਂਡ ਦੀ ਡੈਮੋਕਰੇਸੀ ਦਾ ਵੀ ਸ਼ੁਕਰੀਆ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ਡੌਰਚੈਸਟਰ

ਕੋਹਲੀ ਹੋਰੀਂ, ਆਮ ਕਰ ਕੇ, ਮੈਨੂੰ ਲਿਖਦੇ ਹੁੰਦੇ ਸਨ ਕਿ ਡੌਰਚੈਸਟਰ, ਜਿਥੇ ਉਹ ਇੰਗਲੈਂਡ ਵਿਚ ਰਹਿ ਰਹੇ ਹਨ, ਬੜੀ ਹੀ ਸੁਹਣੀ ਜਗ੍ਹਾ ਹੈ। ਸ਼ਾਂਤੀ, ਸਵੱਛਤਾ ਤੇ ਵਾਦੀ ਵਰਗੀ ਸੁੰਦਰਤਾ। ਨੇੜੇ ਹੀ ਸਮੁੰਦਰ ਹੈ। ਏਥੇ ਫੁੱਲ ਵੀ ਬੜੇ ਹਨ, ਹਰਿਆਲੀ ਵੀ ਤੇ ਜੰਗਲ ਵੀ। ਗੱਲ ਕੀ, ਕਸ਼ਮੀਰ ਵਾਂਗ, ਇਹ ਜੱਨਤ ਦਾ ਇਕ ਟੁਕੜਾ ਹੈ ਤੇ ਦੁਨੀਆਂ ਨਾਲੋਂ ਵੱਖ ਹੀ ਹੈ।

ਮੈਂ ਸੋਲਾਂ ਜੂਨ ਨੂੰ ਆਇਆ ਸਾਂ। ਉਹਨਾਂ ਦੀ ਇੱਛਾ ਇਹ ਸੀ ਕਿ ਛੇਤੀ ਹੀ ਮੈਂ ਉਹਨਾਂ ਕੋਲ ਡੌਰਚੈਸਟਰ ਆਵਾਂ ਤੇ ਕੁਦਰਤ ਦੇ ਨਜ਼ਾਰੇ ਦੇਖਾਂ। ਮੌਸਮ ਬਹੁਤ ਸੁਹਣਾ ਸੀ। ਅੱਗੇ ਜਾ ਕੇ ਮੌਸਮ ਨੇ ਫੇਰ ਉਨਾ ਸੁਹਣਾ ਨਹੀਂ ਸੀ ਰਹਿਣਾ। ਖ਼ਾਸ ਕਰ ਕੇ ਅੱਜ ਕਲ੍ਹ ਉਥੇ ਫੁੱਲ ਦੇਖਣ ਵਾਲੇ ਸਨ। ਥੋੜੇ ਚਿਰ ਨੂੰ ਇਸ ਬਹਾਰ ਨੇ ਛਾਈਂ ਮਾਈਂ ਹੋ ਜਾਣਾ ਸੀ। ਪਰ ਮੈਂ ਦਿਲੋਂ ਚਾਹੁੰਦਾ ਹੋਇਆ ਵੀ ਛੇਤ੍ਰੀ ਨਹੀਂ ਜਾ ਸਕਿਆ ਸਾਂ। ਵੱਡਾ ਕਾਰਨ ਇਹ ਸੀ ਕਿ ਕੋਹਲੀ ਹੋਰੀਂ ਬਿਲਕੁਲ ਹੀ ਇਕ ਪਾਸੇ ਜਿਹੇ ਰਹਿੰਦੇ ਸਨ। ਕਾਵੈਂਟਰੀ ਮਿਡਲੈਂਡ ਹੈ। ਇਹ ਇੰਗਲੈਂਡ ਦਾ ਮਾਝਾ ਹੈ। ਲੰਡਨ ਰਾਜਧਾਨੀ ਹੈ। ਸਾਊਥਾਲ ਇੰਗਲੈਂਡ ਵਿਚ ਛੋਟਾ ਜਿਹਾ ਪੰਜਾਬ ਹੈ। ਆਉਂਦੀ ਸਾਰ ਲੰਡਨ, ਕਾਵੈਂਟਰੀ ਤੇ ਸਾਊਥਾਲ ਹੀ ਮੇਰੇ ਚੱਕਰ ਵੱਜਦੇ ਰਹੇ। ਥੋੜਾ ਫ਼ਾਰਗ ਹੋ ਕੇ ਹੀ ਮੈਂ ਡੌਰਚੈਸਟਰ ਜਾਣਾ ਸੀ।

ਜੁਲਾਈ ਦੇ ਅੰਤਲੇ ਦਿਨਾਂ ਵਿਚ ਕੋਹਲੀ ਹੋਰਾਂ ਦਾ ਫ਼ੋਨ ਆਇਆ। ਦੋ ਅਗਸਤ, ਕਿਸੇ ਕੰਮ ਲਈ, ਉਹਨਾਂ ਨੇ ਲੰਡਨ ਆਉਣਾ ਸੀ ਤੇ ਤਿੰਨ ਨੂੰ ਵਾਪਸ ਮੁੜਨਾ ਸੀ। ਚਾਰ ਅਗਸਤ, ਸਾਊਥਾਲ, ਮੈਨੂੰ ਵੀ ਕੋਈ ਕੰਮ ਸੀ। ਦੋ ਤਰੀਕ ਬਰਮਿੰਘਮ ਤੋਂ ਮੈਂ ਇੰਟਰਵਿਊ ਰੀਕਾਰਡ ਕਰਵਾ ਕੇ ਇਸੇ ਲਈ ਲੰਡਨ ਆਇਆ ਸਾਂ। ਸਾਊਥਾਲ ਹੀ ਜਾਣਾ ਸੀ।

ਕੋਹਲੀ ਜੀ ਨੂੰ ਕਿਹਾ ਗਿਆ ਕਿ ਜੇ ਉਹ ਤਿੰਨ ਨੂੰ ਮੁੜਨ ਦੀ ਥਾਂ ਚਾਰ ਤਰੀਕ ਨੂੰ ਮੁੜ ਸਕਣ ਤਾਂ ਮੈਂ ਵੀ ਨਾਲ ਜਾ ਸਕਦਾ ਹਾਂ। ਉਹਨਾਂ ਕਾਰ ਵਿਚ ਆਉਣਾ ਸੀ ਤੇ ਮੈਨੂੰ ਇਹ ਵੀ ਸੌਖ ਸੀ। ਉਹਨਾਂ ਨੂੰ ਵੀ ਇਹ ਤਜਵੀਜ਼ ਕਾਫ਼ੀ ਠੀਕ ਲਗ ਗਈ ਸੀ। ਖ਼ੈਰ, ਉਹਨਾਂ ਨੇ ਇਵੇਂ ਹੀ ਕੀਤਾ।

ਲੰਡਨ ਵਿਚ ਕੋਹਲੀ ਹੋਰੀਂ ਆਪਣੇ ਮਿੱਤਰ ਸਾਥੀ ਲੁਧਿਆਣਵੀ ਕੋਲ ਠਹਿਰੇ ਸਨ। ਉਹਨਾਂ ਦਾ ਘਰ ਸਾਊਥਾਲ ਤੋਂ ਵੀਹ ਜਾਂ ਪੱਚੀ ਮੀਲ ਸੀ। ਦੋ ਜਾਂ ਢਾਈ ਬਾਅਦ ਦੁਪਹਿਰ ਉਹਨਾਂ ਨੇ ਮੇਰੇ ਕੋਲ ਆਉਣਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੰਡਨ ਦਾ ਟਰੈਫ਼ਿਕ ਸਾਰੀ ਦੁਨੀਆਂ ਵਿਚ ਪ੍ਰਸਿੱਧ ਹੈ। ਹਰ ਆਦਮੀ ਇਸ ਟਰੈਫ਼ਿਕ ਤੋਂ ਕੰਨਾਂ ਨੂੰ ਹੱਥ ਲਾਉਂਦਾ ਹੈ। ਕੋਹਲੀ ਜੀ ਨੂੰ ਇਸ ਟਰੈਫ਼ਿਕ ਨੇ ਏਨਾ ਤੰਗ ਕੀਤਾ ਕਿ ਦੋ ਦੀ ਥਾਂ ਪੰਜ ਸਾਢੇ ਪੰਜ ਹੀ ਉਹ ਪਹੁੰਚ ਸਕੇ। ਸਾਥੀ ਹੋਰੀਂ ਵੀ ਨਾਲ ਸਨ। ਸਾਥੀ ਜੀ ਨੂੰ ਪਹਿਲੀ ਵਾਰ ਮੈਂ ਹੁਣੇ ਹੀ ਏਥੇ ਮਿਲਿਆ ਸਾਂ।

ਲਗ ਪਗ ਸ਼ਾਮ ਦੇ ਸਾਢੇ ਛੇ ਜਾਂ ਪੌਣੇ ਸੱਤ ਦਾ ਵੇਲਾ ਸੀ। ਸਾਡੀ ਗੱਡੀ ਲੰਡਨ ਦਾ ਟਰੈਫ਼ਿਕ ਪਾਰ ਕਰ ਰਹੀ ਸੀ। ਪੌਣਾ ਘੰਟਾ ਲੰਡਨ ਦੇ ਟਰੈਫ਼ਿਕ ਨੇ ਲੈ ਲਿਆ ਸੀ। ਓੜਕ ਸਾਡੀ ਕਾਰ ਦੇ ਪਹੀਏ ਮੋਟਰ-ਵ੍ਹੇ ਉਤੇ ਚੱਲਣ ਲਗੇ।

ਇੰਗਲੈਂਡ ਦੀ ਪੇਂਡੂ ਵਸੋਂ ਦੇ ਹਿੱਸੇ ਬੜੇ ਹੀ ਖ਼ੂਬਸੂਰਤ ਹਨ। ਸਬਜ਼ਾਜ਼ਾਰ, ਜੰਗਲ ਤੇ ਕਿਧਰੇ ਕਿਧਰੇ ਸੁੰਦਰ ਟਿੱਲੇ। ਕਿਤੇ ਕਿਤੇ ਤਾਂ ਖ਼ੂਬਸੂਰਤੀ ਸਿਖਰਾਂ ਨੂੰ ਜਾ ਛੂੰਹਦੀ ਹੈ। ਏਥੇ ਮੈਨੂੰ ਦੋ ਤਿੰਨ ਰਾਹ ਤਾਂ ਬੜੇ ਹੀ ਚੰਗੇ ਲਗੇ ਹਨ। ਕਾਵੈਂਟਰੀ ਦੇ ਨੇੜੇ ਲਿਮਿੰਗਟਨ-ਸਪਾ ਦਾ ਟਾਊਨ ਹੈ। ਜਿਹੜਾ ਰਾਹ ਕਾਵੈਂਟਰੀ ਤੋਂ ਇਸ ਟਾਊਨ ਨੂੰ ਜਾਂਦਾ ਹੈ, ਬੜਾ ਹੀ ਖ਼ੂਬਸੂਰਤ ਹੈ। ਇੰਗਲੈਂਡ ਤੋਂ ਸਕਾਟਲੈਂਡ ਦਾ ਰਾਹ ਵੀ ਬਹੁਤ ਸੁੰਦਰ ਹੈ। ਪਰ ਡੌਰਚੈਸਟਰ ਜਾਂਦੇ ਹੋਏ ਤਾਂ ਏਨੀ ਸੁੰਦਰਤਾਈ ਸੀ ਕਿ ਮਨ ਉਛਾਲੇ ਲੈਂਦਾ ਸੀ। ਘੁਸਮੁਸਾ ਜਿਹਾ ਚਾਨਣ ਸੀ। ਥਾਂ ਪਰ ਥਾਂ ਬੜੇ ਹੀ ਸੁਹਣੇ ਕਾਲੇ ਕਾਲੇ ਜੰਗਲ ਆਉਂਦੇ। ਡੌਰਚੈਸਟਰ ਦੇ ਨੇੜੇ ਜਾ ਕੇ ਹੋਰ ਵੀ ਸੁੰਦਰਤਾਈ ਸੀ। ਮੋਟਰ-ਵ੍ਹੇ ਨੂੰ ਛੱਡਣ ਮਗਰੋਂ ਨਿੱਕੀਆਂ ਨਿੱਕੀਆਂ ਸੜਕਾਂ ਸਨ। ਕਿਤੇ ਕਿਤੇ ਇਹ ਸੜਕਾਂ ਬਿਲਕੁਲ ਵਣੀਆਂ ਵਿਚ ਘਿਰ ਜਾਂਦੀਆਂ ਸਨ। ਸਾਵੇ ਸਾਵੇ ਘੁਸਮੁਸੇ ਵਿਚ ਕਾਲੀਆਂ ਕਾਲੀਆਂ ਸੁੰਦਰ ਵਣੀਆਂ।

ਕਿਤੇ ਕਿਤੇ ਆਕਾਸ਼ ਵਿਚ ਕੋਈ ਤਾਰਾ ਨਜ਼ਰ ਆਉਂਦਾ ਸੀ। ਕਿਤੇ ਕਿਤੇ ਕੋਈ ਅਰਗਵਾਨੀ ਰੰਗ ਦਾ ਬੱਦਲ ਦਿਸਦਾ ਸੀ। ਸੂਰਜ ਛਿਪ ਚੁੱਕਾ ਸੀ, ਪਰ ਚਾਨਣ ਅਜੇ ਵੀ ਕਾਇਮ ਸੀ। ਜਿਵੇਂ ਕਿਸੇ ਨੇ ਕੱਚੇ ਦੁੱਧ ਨੂੰ ਕਾਲੀ ਚੁੰਨੀ ਨਾਲ ਢਕਿਆ ਹੋਵੇ।

ਸਾਡੇ, ਸੂਰਜ ਛਿਪਣ ਮਗਰੋਂ ਛੇਤੀ ਨ੍ਹੇਰਾ ਹੋ ਜਾਂਦਾ ਹੈ। ਗਰਮੀਆਂ ਦੇ ਦਿਨਾਂ ਵਿਚ ਵੀ ਛੇਤੀ ਕਾਲਕ ਆ ਜਾਂਦੀ ਹੈ। ਪਰ ਏਥੇ ਇਹ ਗੱਲ ਨਹੀਂ ਹੈ। ਏਥੇ, ਚਾਨਣ, ਰਾਤ ਦਾ ਰਸਤਾ ਰੋਕ ਕੇ ਖੜਾ ਹੋ ਜਾਂਦਾ ਹੈ। ਦਸ ਸਾਢੇ ਦਸ ਤਕ ਵੀ ਏਥੇ ਚਾਨਣ ਹੁੰਦਾ ਹੈ—ਗਰਮੀਆਂ ਦੇ ਦਿਨਾਂ ਵਿਚ। ਜਿਵੇਂ ਸਾਡੇ ਜੇਠ ਹਾੜ੍ਹ ਵਿਚ ਸੱਤ ਕੁ ਵਜੇ ਹੁੰਦਾ ਹੈ।

ਸਾਢੇ ਦਸ ਸਾਡੀ ਗੱਡੀ ਡੌਰਚੈਸਟਰ ਪੁੱਜੀ ਸੀ। ਹੁਣ ਸ਼ਾਮ ਨੇ ਥੋੜੀ ਜਿਹੀ ਸਿਆਹੀ ਫੜਨੀ ਚਾਹੀ ਸੀ। ਦਿਨ, ਕਿਸੇ ਗੋਰੇ ਵਾਂਗ, ਮਸੀਂ ਪੱਬ ਤੋਂ ਬਾਹਰ ਆ ਕੇ ਘਰ ਵਲ ਜਾਣ ਲੱਗਾ ਸੀ। ਹੁਣ ਵੀ ਜਿਵੇਂ ਘਰ ਜਾਣ ਨੂੰ ਉਸ ਦਾ ਦਿਲ ਨਹੀਂ ਕਰਦਾ ਸੀ।

ਗਿਆਰਾਂ ਸਾਢੇ ਗਿਆਰਾਂ ਅਸੀਂ ਰੋਟੀ ਖਾ ਕੇ ਸੁੱਤੇ ਸਾਂ।

ਇਕ ਤਾਂ ਡੌਰਚੈਸਟਰ ਆਪ ਹੀ ਬਹੁਤ ਖ਼ੂਬਸੂਰਤ ਸੀ। ਦੂਜੇ, ਕੋਹਲੀ ਹੋਰਾਂ ਦਾ ਘਰ ਵੀ ਬਹੁਤ ਖ਼ੂਬਸੂਰਤ ਸੀ। ਹਰ ਰੂਮ ਦੀ ਬਾਰੀ ਵਿਚੋਂ ਸੁੰਦਰ ਦ੍ਰਿਸ਼ ਦਿਸਦੇ ਸਨ। ਸਬਜ਼ਾਜ਼ਾਰ, ਟਿੱਲੇ, ਆਕਾਸ਼ ਅਤੇ ਪੀਲੀ ਧੁੱਪ। ਬੈਕੁੰਠ ਵਰਗੀ ਸ਼ਾਂਤੀ। ਪੰਛੀ ਵੀ ਜੇ ਚਹਿਕਦੇ ਤਾਂ ਪੁੱਛ ਪੁੱਛ ਕੇ ਚਹਿਕਦੇ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਨੂੰ ਉਤਲੀ ਮੰਜ਼ਲ ਉਤੇ ਕਮਰਾ ਦਿਤਾ ਗਿਆ ਸੀ। ਪਰਬਤ ਵਰਗੇ ਟਿੱਲੇ ਵਲ ਨੂੰ ਇਸ ਰੂਮ ਦੀ ਬਾਰੀ ਸੀ।

ਪੰਜ ਅਗਸਤ, ੧੯੭੪ ਦੀ ਸਵੇਰ ਹੋਈ। ਸੁਰਖ਼ ਰੰਗ ਦੀਆਂ ਕਿਰਨਾਂ ਮੈਨੂੰ ਕਮਰੇ ਵਿਚ ਜਗਾਉਣ ਆਈਆਂ। ਜਾਗਿਆ ਤੇ ਤਾਜ਼ਾ ਹੋਇਆ। ਚਾਹ ਪੀਤੀ, ਖ਼ਤ ਲਿਖੇ, ਫੇਰ ਮੈਂ ਤੇ ਕੋਹਲੀ ਜੀ ਸਮੁੰਦਰ ਦੇਖਣ ਚਲੇ ਗਏ। ਸਮੁੰਦਰ ਅੱਠ ਮੀਲ ਸੀ। ਬੜੇ ਹੀ ਸੁਹਣੇ ਰਾਹਾਂ ਵਿਚੋਂ ਸਾਡੀ ਕਾਰ ਜਾ ਰਹੀ ਸੀ।

ਜੀਵਨ ਵਿਚ ਪਹਿਲੀ ਵਾਰ ਸਮੁੰਦਰ ਦੇ ਮੈਂ ਦਰਸ਼ਨ ਕੀਤੇ।

ਇਹ ਪ੍ਰੈਸਟਨ ਬੀਚ ਸੀ। ਬੀਚ ਦੇ ਪੇਤਲੇ ਕੰਢੇ ਉਤੇ ਗੋਰੇ ਗੋਰੇ ਮਰਦ ਔਰਤਾਂ ਨੰਗੇ ਲੇਟੇ ਹੋਏ ਸਨ। ਮਰਦ ਕੱਛੀਆਂ ਨਾਲ ਸਨ, ਔਰਤਾਂ ਦੇ ਕੱਛੀਆਂ ਅਤੇ ਚੋਲੀਆਂ ਪਹਿਨੀਆਂ ਹੋਈਆਂ ਸਨ।

ਬੜਾ ਹੀ ਸੁਹਣਾ ਦਿਨ ਸੀ। ਸੂਰਜ ਨੀਲੇ ਅੰਬਰ ਉਤੇ ਚਮਕਾਂ ਮਾਰ ਰਿਹਾ ਸੀ। ਹੇਠਾਂ ਨੀਲਾ ਸਾਗਰ ਸੀ। ਸਾਗਰ ਜਿਵੇਂ ਸੂਰਜ ਵਲ ਨੂੰ ਉਮ੍ਹਲ ਉਮ੍ਹਲ ਜਾਂਦਾ ਸੀ। ਚੁਲ੍ਹਕ ਚੁਲ੍ਹਕ ਸਾਗਰ ਉਤੇ ਲਹਿਰਾਂ ਲਪਕ ਰਹੀਆਂ ਸਨ। ਕਿਤੇ ਕਿਤੇ ਸਾਗਰ ਉਤੇ ਕਾਲੀਆਂ ਧਾਰਾਂ ਦਿਸਦੀਆਂ।

ਲਹਿਰਾਂ ਉਤੇ ਧੁੱਪ ਦੀ ਜ਼ਰੀ ਚਮਕਾਂ ਮਾਰ ਰਹੀ ਸੀ। ਇਕ ਵਿਸ਼ਾਲ ਰੇਸ਼ਮੀ ਲਹਿੰਗਾ ਲਸ ਲਸ ਕਰ ਰਿਹਾ ਸੀ। ਸਿਰਿਆਂ ਉਤੇ ਚਿੱਟੀ ਝੱਗ ਦੀ ਪੱਟੀ ਲਗੀ ਹੋਈ ਸੀ। ਪਹਿਲੀ ਵਾਰ ਮੈਂ ਏਨੇ ਸੁੰਦਰ ਪਾਣੀਆਂ ਨੂੰ ਦੇਖਿਆ।

ਬੀਚ ਉਤੇ ਗੋਰੇ ਗੋਰੇ ਮਰਦਾਂ ਅਤੇ ਔਰਤਾਂ ਦਾ ਮੇਲਾ ਲਗਿਆ ਹੋਇਆ ਸੀ। ਨੰਗੇ ਨੰਗੇ ਪਿੰਡਿਆਂ ਵਾਲੇ ਗੋਰੇ ਗੋਰੇ ਮਰਦ ਔਰਤਾਂ ਬੜੇ ਹੀ ਸੁਹਣੇ ਲਗਦੇ ਸਨ। ਕਈ ਧੁੱਪ ਦੀਆਂ ਕਿਰਨਾਂ ਨਾਲ ਆਪਣਾ ਰੰਗ ਕਾਲਾ ਕਰਦੇ। ਜਿਵੇਂ ਅਸੀਂ ਕਾਲੇ ਰੰਗ ਨੂੰ ਗੋਰਾ ਕਰਨਾ ਚਾਹੁੰਦੇ ਹਾਂ, ਕਈ ਅੰਗਰੇਜ਼ ਗੋਰੇ ਰੰਗ ਨੂੰ ਕਾਲਾ ਕਰਨਾ ਚਾਹੁੰਦੇ ਹਨ। ਉਹਨਾਂ ਨੂੰ ਸਾਡਾ ਸਉਲਾ ਰੰਗ ਬੜਾ ਹੀ ਚੰਗਾ ਲਗਦਾ ਹੈ। ਜਿਵੇਂ ਚਿੱਟੇ ਰੰਗ ਤੋਂ ਉਹ ਅੱਕ ਥੱਕ ਜਿਹਾ ਗਏ ਹੋਣ।

ਬੀਚ ਉਤੇ ਰੰਗ ਬਰੰਗੇ ਛਤਰ ਤਣੇ ਹੋਏ ਸਨ। ਕੋਈ ਬੜੇ ਹੀ ਸੁਖ ਵਿਚ ਪਿਆ ਧੁੱਪ ਵਿਚ ਉਂਘਲਾਂਦਾ ਸੀ, ਕੋਈ ਆਪਣੇ ਮਨ ਦੀ ਮੌਜ ਵਿਚ ਮੂਧਾ ਲੇਟਿਆ ਹੋਇਆ ਸੀ। ਆਪਣੇ ਆਪ ਦੇ ਨੰਗੇ ਹੋਣ ਦੀ ਕਿਸੇ ਨੂੰ ਝਿਜਕ ਨਹੀਂ ਸੀ। ਉਂਜ ਉਹ ਨੰਗੇ ਸਨ ਵੀ ਨਹੀਂ। ਉਹਨਾਂ ਨੇ ਸਭ ਨੇ ਪੀਲੀ ਧੁੱਪ ਦੇ ਬਸਤਰ ਪਹਿਨੇ ਹੋਏ ਸਨ।

ਆਮ ਕਰ ਕੇ ਔਰਤਾਂ ਲਈ ਨੰਗਾ ਹੋਣਾ ਔਖਾ ਹੈ। ਘਰਾਂ ਵਿਚ ਉਹ ਚੋਲੀਆਂ ਅਤੇ ਕੱਛੀਆਂ ਨਾਲ ਵੀ ਨੰਗੀਆਂ ਹਨ। ਪਰ ਏਥੇ ਚੋਲੀਆਂ ਕੱਛੀਆਂ ਨਾਲ ਉਹ ਬਿਲਕੁਲ ਨੰਗੀਆਂ ਨਹੀਂ ਸਨ। ਉਹਨਾਂ ਦੇ ਨੰਗੇ ਪਿੰਡੇ ਕਿਸੇ ਨੂੰ ਨੰਗੇ ਨਹੀਂ ਸਨ ਜਾਪਦੇ। ਜਿਵੇਂ ਸੱਤ ਲਿਬਾਸਾਂ ਵਿਚ ਉਹ ਢਕੀਆਂ ਛੁਪੀਆਂ ਹੋਈਆਂ ਸਨ। ਕਿਉਂ? ਇਸ ਦਾ ਕਾਰਨ ਕੀ? ਸਮੁੰਦਰ ਦਾ ਕਿਨਾਰਾ ਸੀ। ਸਮੁੰਦਰ ਦਾ ਦਿਲ ਵੱਡਾ ਹੈ। ਉਤੇ ਸੂਰਜ ਰੌਸ਼ਨ ਸੀ। ਸੂਰਜ ਨਿਰਾ ਚਾਨਣ ਹੈ। ਤੰਗ ਅਤੇ ਹਨੇਰੇ ਦਿਲ ਹੀ ਮੈਲੀ ਅੱਖ ਕਰ ਸਕਦੇ ਹਨ, ਖੁੱਲ੍ਹੇ ਅਤੇ ਰੌਸ਼ਨ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਨੰਗਾ ਹੋਵੇ ਤਾਂ ਸਭ ਨੂੰ ਨੰਗਾ ਦਿਸਦਾ ਹੈ। ਜਿਥੇ ਬਹੁਤੇ ਨੰਗੇ ਹੋਣ, ਕੋਈ ਵੀ ਨੰਗਾ ਨਹੀਂ ਰਹਿੰਦਾ।

ਫੇਰ ਇਹਨਾਂ ਮਰਦਾਂ ਅਤੇ ਔਰਤਾਂ ਦੀਆਂ ਰੂਹਾਂ ਸਨ। ਕੀ ਗੁਨਾਹ ਕਰ ਰਹੇ ਸਨ ? ਨੰਗੇ ਹੀ ਤਾਂ ਹੋਏ ਸਨ। ਸੂਰਜ ਨੰਗਾ ਨਹੀਂ ਸੀ ? ਸਮੁੰਦਰ ਨੰਗਾ ਨਹੀਂ ਸੀ ? ਧਰਤੀ, ਆਕਾਸ਼ ਅਤੇ ਜੰਗਲ ਨੰਗੇ ਨਹੀਂ ਸਨ ? ਨੰਗਾ ਹੋਣਾ ਬੁਰਾ ਨਹੀਂ। ਫ਼ਰਕ ਸਿਰਫ਼ ਇਹ ਹੈ ਕਿ ਨੰਗਾ ਕਿਸ ਲਈ ਹੋਣਾ ਹੈ। ਸੁਹਜ ਲਈ ਜਾਂ ਕੋਹਜ ਲਈ ? ਉਹ ਆਪਣੇ ਤਨ ਦੀ ਮੈਲ ਲਾਹੁਣ ਲਈ ਨੰਗੇ ਹੋਏ ਸਨ। ਮਨ ਦੀ ਮੈਲ ਵੀ ਆਪਣੇ ਆਪ ਨੂੰ ਨੰਗਿਆਂ ਕਰ ਕੇ ਲਹਿੰਦੀ ਹੈ। ਮੈਲ ਲਾਹੁਣਾ ਸੁਹਜ ਹੈ।

ਬੀਚ ਉਤੇ, ਨਿਰਸੰਦੇਹ, ਨਿਰਾ ਸੁਹਜ ਹੀ ਸੁਹਜ ਸੀ।

ਕਿਸੇ ਕਿਸੇ ਮਰਦ ਦਾ ਪਿੰਡਾ ਬਹੁਤ ਹੀ ਖ਼ੂਬਸੂਰਤ ਸੀ। ਲੰਮਾ ਕੱਦ, ਪਤਲਾ ਲੱਕ, ਚੌੜੀ ਅਤੇ ਵਿਸ਼ਾਲ ਛਾਤੀ। ਪੱਟਾਂ ਅਤੇ ਡੌਲਿਆਂ ਵਿਚ ਜਿਵੇਂ ਲੋਹਾ ਭਰਿਆ ਹੋਵੇ। ਇਸੇ ਤਰ੍ਹਾਂ ਹੀ ਔਰਤਾਂ ਸਨ। ਜਿਵੇਂ ਸੰਗ-ਮਰਮਰ ਵਿਚੋਂ ਕਿਸੇ ਨੇ ਬੁੱਤ ਤਰਾਸ਼ੇ ਹੋਣ।

ਕਈਆਂ ਮਰਦਾਂ ਔਰਤਾਂ ਦੇ ਜਿਸਮ ਆਮ ਜਿਹੇ ਵੀ ਸਨ। ਸਭ ਆਦਰਸ਼ਕ ਨਹੀਂ ਸਨ।

ਇਕ ਕਾਫ਼ੀ ਤਕੜੀ ਅਤੇ ਮੋਟੀ ਜਿਹੀ ਔਰਤ ਸੀ। ਉਮਰ ਬਹੁਤੀ ਨਹੀਂ ਸੀ, ਪਰ ਜਿਸਮ ਕਾਫ਼ੀ ਭਾਰਾ ਸੀ। ਗੂਹੜੇ ਜਿਹੇ ਸਰਦਈ ਰੰਗ ਦੀ ਕੱਛੀ ਅਤੇ ਚੋਲੀ ਸੀ। ਬੀਚ ਉਤੇ ਕਾਫ਼ੀ ਚਿਰ ਉਹ ਪਹਿਲਾਂ ਧੁੱਪ ਵਿਚ ਬੈਠੀ ਰਹੀ। ਫੇਰ ਉਹ ਪਾਣੀ ਵਲ ਨੂੰ ਗਈ। ਘਰੋਂ ਅਸੀਂ ਆਪਣੇ ਨਾਲ ਦੂਰਬੀਨ ਲੈ ਆਏ ਸਾਂ। ਇਸ ਸਮੇਂ ਮੈਂ ਦੂਰਬੀਨ ਨਾਲ ਸਾਗਰ ਵਲ ਤੱਕ ਰਿਹਾ ਸਾਂ। ਫੇਰ ਮੈਂ ਉਸ ਵਲ ਤੱਕਣ ਲਗਾ। ਇਸ ਸਮੇਂ ਜਾਂ ਸਾਗਰ ਸੀ, ਜਾਂ ਉਹ ਤਕੜੀ, ਮੋਟੀ ਔਰਤ। ਜਿਵੇਂ ਸਮੁੰਦਰ ਉਸੇ ਦੇ ਅਸ਼ਨਾਨ ਲਈ ਬਣਿਆ ਹੋਇਆ ਸੀ।

ਗਿੱਟੇ ਗਿੱਟੇ, ਗੋਡੇ ਗੋਡੇ, ਫੇਰ ਪਾਣੀ ਉਸ ਔਰਤ ਦੇ ਪੱਟਾਂ ਤੀਕਰ ਪੁੱਜ ਗਿਆ। ਉਸ ਦਾ ਮੂੰਹ ਬੀਚ ਵਲ ਤੇ ਪਿੱਠ ਸਮੁੰਦਰ ਵਲ ਨੂੰ ਸੀ। ਕਿੰਨਾ ਚਿਰ ਉਹ ਪਾਣੀ ਵਿਚ ਖਲੋਤੀ ਅਤੇ ਨਹਾਉਂਦੀ ਰਹੀ।

ਸਾਡੇ ਪਿੱਛੇ, ਥੋੜੀ ਦੂਰ, ਉੱਚੀ ਜਿਹੀ ਪਹਾੜੀ ਉਤੇ ਪ੍ਰੈਸਟਨ ਟਾਊਨ ਦਿਸ ਰਿਹਾ ਸੀ। ਇਸ ਟਾਊਨ ਦੇ ਨਾਂ ਉਤੇ ਹੀ ਇਸ ਬੀਚ ਦਾ ਨਾਂ ਸੀ—ਪ੍ਰੈਸਟਨ ਬੀਚ। ਇਹ ਟਾਊਨ ਪਹਾੜੀ ਉਤੇ ਇਉਂ ਨਜ਼ਰ ਆ ਰਿਹਾ ਸੀ ਜਿਵੇਂ ਥੋੜਾ ਉਡ ਕੇ ਉਹ ਸਾਗਰ ਵਲ ਤੱਕ ਰਿਹਾ ਹੋਵੇ। ਟਾਊਨ ਕਾਫ਼ੀ ਵੱਡਾ ਸੀ। ਤੇ ਖ਼ੂਬਸੂਰਤ।

ਮੈਂ ਮਹਾਨ ਸਮੁੰਦਰ ਨਾਲ ਇਕ ਮਿਕ ਹੋਣਾ ਚਾਹੁੰਦਾ ਸਾਂ। ਜ਼ਰੀਆਂ ਅਤੇ ਕਤੂਨਾਂ ਵਾਲੇ ਚੂਹ ਚੂਹ ਕਰਦੇ ਪਾਣੀਆਂ ਨਾਲ।

ਇਕ ਬੱਚਾ, ਬੜਾ ਦਲੇਰ, ਕਾਫ਼ੀ ਦੂਰ, ਸਮੁੰਦਰ ਵਿਚ, ਟਿਊਬ ਨਾਲ ਤਰ ਰਿਹਾ ਸੀ। ਉਫ਼ ! ਕਿੰਨਾ ਜਿਗਰਾ ਸੀ। ਦਸਾਂ ਸਾਲਾਂ ਦਾ ਹੋਵੇਗਾ। ਨਿੱਕੇ ਨਿੱਕੇ ਹੱਥ ਤੇ ਪੈਰ ਸਮੁੰਦਰ ਨਾਲ ਘੁਲ ਰਹੇ ਸਨ। ਦੂਰਬੀਨ ਨਾਲ ਕਾਫ਼ੀ ਨੇੜੇ ਤਰਦਾ ਨਜ਼ਰ ਆ ਰਿਹਾ ਸੀ। ਪਰ ਉਹ ਕਾਫ਼ੀ ਦੂਰ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੂਰ ਇਕ ਜਜ਼ੀਰਾ ਜਿਹਾ ਵੀ ਸਾਨੂੰ ਨਜ਼ਰ ਆਇਆ ਸੀ । ਇਕ ਸੜਕ ਜਿਹੀ ਦਿਸਦੀ ਸੀ । ਜਾਪਦਾ ਸੀ ਜਿਵੇਂ ਕਿਸੇ ਨੇ ਪੁਲ ਬਣਾਇਆ ਹੁੰਦਾ ਹੈ । ਪਰ ਪੁਲ ਨਹੀਂ, ਇਹ ਸੜਕ ਹੀ ਸੀ । ਅਸੀਂ ਇਕ ਦੋ ਦਿਨਾਂ ਤੀਕ ਉਸ ਪਾਸੇ ਵੀ ਜਾਣਾ ਸੀ । ਅੱਜ ਤਾਂ ਅਸੀਂ ਇਸ ਬੀਚ ਨੂੰ ਤੱਕਣ ਲਈ ਹੀ ਆਏ ਸਾਂ ।

ਅੱਜ ਤਕ ਸਮੁੰਦਰ ਨੂੰ ਮੈਂ ਛੂਹ ਕੇ ਨਹੀਂ ਸੀ ਦੇਖਿਆ । ਮੈਂ ਰੇਤੇ ਉਤੇ ਤੁਰਦਾ ਤੁਰਦਾ ਕੰਢੇ ਲਾਗੇ ਚਲਾ ਗਿਆ । ਪਾਣੀ ਦੀ ਇਕ ਚੂਲੀ ਭਰੀ । ਮੈਂ ਮਹਿਸੂਸ ਕੀਤਾ, ਮੈਂ ਸਾਗਰ ਨਾਲ ਮਿਲ ਗਿਆ ਹਾਂ ।

ਸ਼ਾਮ ਦੇ ਪੰਜ ਕੁ ਵਜੇ ਅਸੀਂ ਵਾਪਸ ਘਰ ਆ ਗਏ ਸਾਂ । ਰਾਤ ਨੂੰ ਸਮੁੰਦਰ ਵਰਗੀ ਬੜੀ ਹੀ ਡੂੰਘੀ ਨੀਂਦ ਆਈ ।

## ੨

ਅਗਲੇ ਦਿਨ, ਸ਼ਾਮੀਂ ਜਿਹੇ, ਅਸੀਂ ਡੋਰਚੈਸਟਰ ਦੀ ਲਾਇਬਰੇਰੀ ਦੇਖਣ ਗਏ । ਇਸ ਦਾ ਨਾਂ ਡੋਰਸੈਟ ਕਾਊਂਟੀ ਲਾਇਬਰੇਰੀ ਹੈ ।

ਲਾਇਬਰੇਰੀ, ਨਿਰਸੰਦੇਹ, ਬੜੀ ਹੀ ਖ਼ੂਬਸੂਰਤ ਸੀ । ਉਂਜ ਵੀ ਬੜੀ ਅਮੀਰ ਸੀ । ਹਰ ਤਰ੍ਹਾਂ ਦੀਆਂ ਬਹੁਤ ਜ਼ਰੂਰੀ ਪੁਸਤਕਾਂ ਨਾਲ ਭਰੀ ਭਕੁੰਨੀ ।

ਇਕ ਕਿਤਾਬ "ਦੀ ਕੋਲੰਬੀਆ ਲਿਪਨਕੋਟ ਗਜ਼ਟੀਅਰ ਆਫ਼ ਦੀ ਵਰਲਡ (The columbia lippincott gazetteer of the world)" ਵਿਚ ਦੁਨੀਆਂ ਦੇ ਹਰ ਉਸ ਸ਼ਹਿਰ ਦਾ ਨਾਂ ਤੇ ਵਾਕਫ਼ੀਅਤ ਸੀ ਜਿਸ ਦੀ ਵਸੋਂ ਦਸ ਹਜ਼ਾਰ ਜਾਂ ਦਸ ਹਜ਼ਾਰ ਤੋਂ ਉਤੇ ਸੀ । ਮੈਂ ਇਸ ਕਿਤਾਬ ਵਿਚ ਮੰਡੀ ਗੋਬਿੰਦਗੜ੍ਹ ਦੇਖਣ ਲੱਗਾ । ਮੰਡੀ ਗੋਬਿੰਦਗੜ੍ਹ ਨਹੀਂ ਸੀ, ਮੰਡੀ ਗਿੱਦੜਬਾਹਾ ਸੀ । ਅਸਲ ਵਿਚ ਇਹ ਐਡੀਸ਼ਨ ੧੯੬੧ ਦੀ ਸੀ । ਉਦੋਂ ਮੰਡੀ ਗੋਬਿੰਦਗੜ੍ਹ ਦੀ ਆਬਾਦੀ ਸ਼ਾਇਦ ਘੱਟ ਹੋਵੇ ।

ਇਕ ਹੋਰ ਕਿਤਾਬ ਸੀ "ਦੀ ਵਰਲਡ ਆਫ਼ ਲਰਨਿੰਗ (The world of learning—੧੯੭੩-੭੪)" ਇਸ ਕਿਤਾਬ ਵਿਚ ਦੁਨੀਆਂ ਭਰ ਦੇ ਸਾਰੇ ਮੁਲਕਾਂ ਦੀਆਂ ਯੂਨੀਵਰਸਿਟੀਆਂ, ਅਕਾਡਮੀਆਂ, ਖੋਜ-ਸ਼ਾਲਾਵਾਂ, ਕਲਾ ਅਤੇ ਸੰਗੀਤ ਦੀਆਂ ਸੰਸਥਾਵਾਂ ਬਾਰੇ ਵਾਕਫ਼ੀ ਸੀ । ਮੈਂ ਬੜੇ ਹੀ ਸ਼ੌਕ ਨਾਲ ਇੰਡੀਆ ਵਾਲੇ ਪੱਤਰੇ ਦੇਖੇ ।

ਇਕ ਹੋਰ ਕਿਤਾਬ ਸੀ "ਦੀ ਯੂਰਪਾ ਈਅਰ ਬੁਕ—ਏ ਵਰਲਡ ਸਰਵੇ (The Europa year book—A world survey)" । ਇਸ ਕਿਤਾਬ ਵਿਚ ਦੁਨੀਆਂ ਦੇ ਹਰ ਮੁਲਕ ਬਾਰੇ ਵਾਕਫ਼ੀ ਸੀ । ਭਾਰਤ ਦੀ ਆਬਾਦੀ, ਇਤਿਹਾਸ, ਮਿਥਿਹਾਸ, ਆਬੋ-ਹਵਾ, ਮਜ਼ਹਬ, ਰਾਜਧਾਨੀ ਤੇ ਕੌਮੀ ਝੰਡਾ ਸਾਰਾ ਕੁਝ ਹੀ ਦਰਜ ਸੀ । ਇਉਂ ਸਾਰੀ ਦੁਨੀਆਂ ਬਾਰੇ ਪੂਰੀ ਜਾਣਕਾਰੀ ਸੀ—ਹਰ ਦੇਸ਼ ਦੀ, ਹਰ ਤਰ੍ਹਾਂ ਦੀ, ਪੂਰੀ ਪੂਰੀ ਜਾਣਕਾਰੀ । ਕਿੰਨਾ ਵੱਡਾ ਕੰਮ ਸੀ । ਹਰ ਸਾਲ ਇਸ ਕਿਤਾਬ ਨੂੰ ਨਵਾਂ ਐਡੀਸ਼ਨ ਛਾਪ ਕੇ ਅਪ-ਟੂ-ਡੇਟ ਕਰ ਦਿਤਾ ਜਾਂਦਾ ਹੈ ।

ਭਾਰਤ ਦੇ ਪ੍ਰਧਾਨ ਮੰਤਰੀ—ਜਿੰਨੇ ਹੁਣ ਤਕ ਹੋਏ ਹਨ; ਸੂਬਿਆਂ ਦੇ ਮੁੱਖ ਮੰਤਰੀ—ਜਿੰਨੇ ਵੀ ਹੋ ਚੁੱਕੇ ਹਨ; ਸਾਰੇ ਇਸ ਵਿਚ ਦਰਜ ਸਨ । ਕੇਂਦਰ ਅਤੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਬਿਆਂ ਦੇ ਸਭ [illegible] ਪਾਰਲੀਮੈਂਟ ਬਾਰੇ ਵੀ ਸਭ ਵਿਸਥਾਰ ਛਪਿਆ ਸੀ। ਪਾਰਲੀਮੈਂਟ ਵਿਚ ਕਿਹੜੀ ਕਿਹੜੀ ਪਾਰਟੀ ਪਹੁੰਚੀ ਹੋਈ ਹੈ ਤੇ ਕਿਸ ਦੀਆਂ ਕਿੰਨੀਆਂ ਸੀਟਾਂ ਹਨ। ਲੋਕ ਸਭਾ, ਰਾਜਯ ਸਭਾ, ਸਭ ਦਾ ਪੂਰਾ ਵੇਰਵਾ। ਸੀ. ਪੀ. ਆਈ. ਦੀਆਂ ਲੋਕ ਸਭਾ ਵਿਚ ਤੇਈ ਸੀਟਾਂ ਲਿਖੀਆਂ ਸਨ ਤੇ ਰਾਜਯ ਸਭਾ ਦੀਆਂ ਦਸ ਸੀਟਾਂ। ਕੌਣ ਕਿਸ ਮੁਲਕ ਦਾ ਸਫ਼ੀਰ ਸਾਡੇ ਅੱਜ ਹੈ, ਇਹ ਵੀ ਉਸ ਵਿਚ ਦਰਜ ਸੀ।

ਸਭ ਸਿਆਸੀ ਪਾਰਟੀਆਂ ਤੇ ਉਹਨਾਂ ਦੇ ਮੰਤਵ ਲਿਖੇ ਸਨ। ਸੀ.ਪੀ.ਆਈ. ਦੇ ਕੇਂਦਰੀ ਦਫ਼ਤਰ ਦਾ ਆਸਫ਼ ਅਲੀ ਰੋਡ ਵਾਲਾ ਪਹਿਲਾ ਪਤਾ ਹੀ ਛਪਿਆ ਸੀ। ਅਗੋਂ ਲਈ ਅਜੈ ਭਵਨ ਦਾ ਪਤਾ ਵੀ ਛਪ ਜਾਵੇਗਾ––ਹਮੇਸ਼ਾ ਲਈ।

ਪੰਜਾਬ ਰਾਜ ਦਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਲਿਖਿਆ ਹੋਇਆ ਸੀ। ਅਤੇ ਉਸ ਦੇ ਮਹਿਕਮੇ ਵੀ।

ਸੀ. ਪੀ. ਆਈ. ਦਾ ਮੰਤਵ ਇਸ ਪਰਕਾਰ ਲਿਖਿਆ ਹੋਇਆ ਸੀ :

''ਮਿਹਨਤਕਸ਼ ਜਮਾਤ ਵਲੋਂ ਸਮਾਜਵਾਦੀ ਸਮਾਜ ਦੀਆਂ ਨੀਹਾਂ ਨੂੰ ਸਥਾਪਤ ਕਰਨਾ, ਅਤੇ ਓੜਕ ਸਾਮਯਵਾਦੀ ਸਮਾਜ ਨੂੰ ਉਸਾਰਨਾ। ਇਸ ਅੱਗੇ ਫ਼ੌਰੀ ਕੰਮ ਜਾਗੀਰ-ਦਾਰੀ ਤੇ ਸਾਮਰਾਜੀ ਜੜ੍ਹਾਂ ਨੂੰ ਉਖਾੜਨਾ ਤੇ ਕੌਮੀ ਜਮਹੂਰੀ ਏਕੇ ਰਾਹੀਂ ਕੌਮੀ ਜਮਹੂਰੀ ਰਾਜ ਬਣਾਉਣਾ।''

> (The establishment of a socialist society led by the working class, and ultimately of a communist society. Its immediate task is the liquidation of feudal and imperialist survivels and the achievement of a national democratic state.)

ਅਜਿਹੀਆਂ ਵੀ ਕਿਤਾਬਾਂ ਸਨ ਜਿਨ੍ਹਾਂ ਵਿਚ ਭਾਰਤ ਦੀ ੧੯੭੪ ਦੀ ਰੇਲਵੇ ਹੜਤਾਲ ਬਾਰੇ ਪੂਰੀ ਜਾਣਕਾਰੀ ਸੀ। ਹੜਤਾਲ ਹੁੰਦੀ ਸਾਰ ਹੀ, ਜਾਂ ਖ਼ਤਮ ਹੁੰਦੀ ਸਾਰ ਹੀ, ਇਹ ਵਾਕਫ਼ੀ ਛਾਪੀ ਗਈ ਸੀ। ਕੈਰੋਂ ਦੇ ਕਤਲ ਹੋਣ ਬਾਰੇ ਵੀ ਪੂਰੀ ਜਾਣਕਾਰੀ ਸੀ। ਇਸ ਕਿਤਾਬ ਦਾ ਨਾਂ ''ਕੀਸਿੰਗਜ਼ ਕੰਟੈਂਪਰੇਰੀ ਆਰਕਾਈਵਜ਼ (Keesing's contemprary archives)'' ਹੈ।

ਲਾਇਬਰੇਰੀ ਤੋਂ ਮਗਰੋਂ ਅਸੀਂ ਡੋਰਚੈਸਟਰ ਦਾ ਮਨੋ-ਰੋਗ ਦਾ ਹਸਪਤਾਲ ਦੇਖਣ ਗਏ। ਹਸਪਤਾਲ ਦੇ ਆਲੇ ਦੁਆਲੇ ਜੰਗਲ ਅਤੇ ਬਾਗ਼ ਸਨ।

ਇੰਗਲੈਂਡ ਵਿਚ ਬੀਮਾਰਾਂ ਦੀ ਕਾਫ਼ੀ ਸੇਵਾ ਕੀਤੀ ਜਾਂਦੀ ਹੈ, ਜਿਹੜੇ ਹਸਪਤਾਲ ਵਿਚ ਹੋਣ। ਟੈਲੀਵੀਜ਼ਨ, ਟੈਲੀਫ਼ੂਨ ਬੀਮਾਰਾਂ ਲਈ ਹਾਜ਼ਰ ਰਹਿੰਦੇ ਹਨ। ਬੀਮਾਰ ਲਾਇਬਰੇਰੀ ਵਿਚੋਂ ਪੁਸਤਕਾਂ ਲੈ ਸਕਦੇ ਹਨ। ਏਸ਼ੀਅਨ ਭਾਸ਼ਾਵਾਂ ਦੀਆਂ ਪੁਸਤਕਾਂ ਵੀ ਹੁੰਦੀਆਂ ਹਨ। ਪੰਜਾਬੀ ਦੀਆਂ ਕਿਤਾਬਾਂ ਵੀ ਮਰੀਜ਼ ਲੈ ਲੈ ਪੜ੍ਹਦੇ ਹਨ, ਜਿਥੇ ਉਹਨਾਂ ਦੀ ਵਸੋਂ ਹੋਵੇ। ਡੋਰਚੈਸਟਰ ਹਸਪਤਾਲ ਵਿਚ ਇਹ ਕਿਤਾਬਾਂ ਸ਼ਾਇਦ ਨਾ ਹੋਣ, ਕਿਉਂਕਿ ਉਥੇ ਕੋਹਲੀ ਹੋਰੀਂ ਇਕੋ ਇਕ ਭਾਰਤੀ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਸੀ । ਮੱਖਣ, ਅੰਡੇ, ਮੀਟ, ਮੱਛੀ, ਫਲ, ਮੁਰੱਬੇ, ਚੀਜ਼ (Cheese), ਕੌਫ਼ੀ ਬਹੁਤ ਕੁਝ ਲਿਖਿਆ ਹੋਇਆ ਸੀ । ਜਾਪਦਾ ਸੀ ਜਿਵੇਂ ਮਰੀਜ਼ ਇੱਜ਼ਤਦਾਰ ਪ੍ਰਾਹੁਣੇ ਸਨ ।

ਡੋਰਚੈਸਟਰ ਤੋਂ ਥੋੜੀ ਦੂਰ, ਪੇਂਡੂ ਜਿਹੇ ਇਲਾਕੇ ਵਿਚ, ਛੋਟੀ ਜਿਹੀ ਇਕ ਕੈਰਾਵਾਨਾਂ ਦੀ ਨਗਰੀ ਵਸੀ ਹੋਈ ਸੀ ਜਿਸ ਦਾ ਨਾਂ ਨਾਰਥ ਹੀਥ ਕੈਰਾਵਾਨ ਪਾਰਕ ਸੀ । ਇਹ ਪਹੀਆਂ ਉਤੇ ਚਿੱਟੇ ਰੰਗ ਦੇ ਬੱਸਾਂ ਵਰਗੇ ਘਰ ਸਨ ਜੋ ਕਿਤੇ ਵੀ ਜਾ ਸਕਦੇ ਸਨ । ਸੱਤ ਅਗਸਤ ਦੀ ਹਲਕੀ ਅਤੇ ਸਾਵੀ ਸਾਵੀ ਜਿਹੀ ਸ਼ਾਮ ਸੀ । ਅਸੀਂ ਕੈਰਾਵਾਨ ਦੇਖਣ ਪਾਰਕ ਵਲ ਰਵਾਨਾ ਹੋਏ । ਬੜੀ ਹੀ ਸੁੰਦਰ ਸੜਕ ਉਤੇ ਸਾਡੀ ਕਾਰ ਜਾ ਰਹੀ ਸੀ । ਕਿਤੇ ਕਿਤੇ ਸਿਰ ਜੋੜ ਕੇ ਦੋਵੇਂ ਪਾਸਿਓਂ ਬਿਰਛਾਂ ਨੇ ਇਸ ਸੜਕ ਨੂੰ ਢਕਿਆ ਹੋਇਆ ਸੀ । ਇਉਂ ਮਲੂਮ ਹੁੰਦਾ ਸੀ ਜਿਵੇਂ ਅਸੀਂ ਹਰੇ ਅਤੇ ਨੀਲੇ ਰੰਗ ਦੀ ਸੁਰੰਗ ਵਿਚੋਂ ਬਿਸ਼ਤ ਵਲ ਜਾ ਰਹੇ ਹੋਈਏ ।

ਰਾਹ ਵਿਚ ਬਰੌਡ ਮੇਨ (Broad mayne) ਨਾਂ ਦਾ ਇਕ ਪਿੰਡ ਆਇਆ । ਅੱਗੇ ਇਕ ਹੋਰ ਪਿੰਡ ਵਾਰਮ ਵੈਲ (Warm well) ਆਇਆ ਸੀ । ਪਿੰਡ ਬੜੇ ਹੀ ਸ਼ਾਂਤ ਸਨ । ਵਾਰਮ ਵੈਲ ਮੈਨੂੰ ਆਪਣੇ ਪਿੰਡ ਵਾਂਗ ਮਹਿਸੂਸ ਹੋਇਆ । ਸਿਧੇ ਸਾਦੇ ਘਰ ਸਨ । ਪੱਥਰ-ਰੰਗਾ ਚਰਚ ਸੀ । ਮੇਰੇ ਪਿੰਡ ਦਾ ਸ਼ਿਵਦੁਆਲਾ ਬਿਲਕੁਲ ਇਸੇ ਰੰਗ ਦਾ ਸੀ । ਉਵੇਂ ਗਊਆਂ ਦੇ ਵਾੜੇ ਸਨ । ਉਸੇ ਤਰ੍ਹਾਂ ਹੀ ਗੋਹੇ ਮੂਤ ਨਾਲ ਭਰੇ ਤੇ ਲਿੱਬੜੇ ਵਿਹੜੇ ਸਨ । ਜਾਪਦਾ ਸੀ ਅੰਦਰ ਕਿਤੇ ਫਾਹੁੜੇ ਵੀ ਪਏ ਹੋਣੇ ਹਨ । ਉਵੇਂ ਤੂੜੀ ਦੇ ਕੁੱਪ ਸਨ । ਹਾਂ, ਇਹ ਗੋਲ ਨਹੀਂ ਸਨ, ਤਹਿਆਂ ਵਾਲੇ ਚੋਰਸ ਸਨ । ਇਹ ਤਹਿਆਂ ਮਸ਼ੀਨਾਂ ਨੇ ਦਬਾ ਨਾਲ ਲਾਈਆਂ ਹੋਈਆਂ ਸਨ ।

ਪੰਦਰਾਂ ਵੀਹਾਂ ਮਿੰਟਾਂ ਵਿਚ ਹੀ ਅਸੀਂ ਕੈਰਾਵਾਨ ਪਹੁੰਚ ਗਏ । ਏਥੇ ਲਗ ਪਗ ਪੱਚੀ ਤੀਹ ਕੈਰਾਵਾਨ ਖਲੋਤੇ ਸਨ ।

ਇਹਨਾਂ ਕੈਰਾਵਾਨਾਂ ਵਿਚ ਸਭ ਸਹੂਲਤਾਂ ਹੁੰਦੀਆਂ ਹਨ । ਹਰ ਇਕ ਕੈਰਾਵਾਨ ਵਿਚ ਤਿੰਨ ਸੌਣ ਦੇ ਕਮਰੇ ਸਨ । ਇਕ ਵੱਡਾ, ਦੋ ਛੋਟੇ । ਕਿਚਨ, ਬਾਥ ਰੂਮ, ਟਾਇਲਟ, ਟੈਲੀਵੀਜ਼ਨ, ਸੋਫ਼ਾ ਸੈਟ, ਕੁਰਸੀਆਂ, ਫ਼ਰਿੱਜ ਅਤੇ ਵਾਸ਼ਿੰਗ ਮਸ਼ੀਨ । ਘਰਾਂ ਵਾਂਗ ਹੀ ਕਮਰਿਆਂ ਵਿਚ ਕਾਰਪੈਟਾਂ ਵਿਛੀਆਂ ਸਨ । ਸਮਝੋ ਬਿਲਕੁਲ ਘਰ ਹੀ ਸਨ ।

ਇੰਗਲੈਂਡ ਵਿਚ ਥਾਂ ਪਰ ਥਾਂ ਕੈਰਵਾਨਾਂ ਦੀਆਂ ਨਗਰੀਆਂ ਲਈ ਥਾਵਾਂ ਬਣੀਆਂ ਹੋਈਆਂ ਹਨ । ਅੱਜ ਇਕ ਕੈਰਾਵਾਨ ਡੋਰਚੈਸਟਰ ਖੜਾ ਹੈ, ਕਲ੍ਹ ਨੂੰ ਉਹ ਲੰਡਨ ਜਾਂ ਕਾਵੈਂਟਰੀ ਜਾ ਸਕਦਾ ਹੈ । ਇਸੇ ਤਰ੍ਹਾਂ ਇਹ ਕੈਰਾਵਾਨ ਘੁੰਮਦੇ ਫਿਰਦੇ ਰਹਿੰਦੇ ਹਨ ।

ਇਕ ਥਾਂ ਤੋਂ ਦੂਜੀ ਥਾਂ ਇਹ ਕੈਰਾਵਾਨ ਟਰੱਕਾਂ ਉਤੇ ਵੀ ਲੱਦ ਕੇ ਭੇਜੇ ਜਾਂਦੇ ਹਨ ਤੇ ਕਾਰਾਂ ਪਿਛੇ ਜੋੜ ਕੇ ਵੀ । ਇੰਗਲੈਂਡ ਵਿਚ ਇਹ ਕੈਰਾਵਾਨ ਕਾਰਾਂ ਪਿਛੇ ਨੱਸੇ ਜਾਂਦੇ ਹਰ ਥਾਂ ਨਜ਼ਰ ਆ ਜਾਂਦੇ ਹਨ ।

ਅਗਲੇ ਦਿਨ, ਅੱਠ ਅਗਸਤ, ਛੇ ਕੁ ਵਜੇ ਸ਼ਾਮੀਂ ਅਸੀਂ ਵੇਮਥ ਬੀਚ (Weymouth beach) ਵਲ ਚਲੇ ਗਏ । ਇਹ ਜਜ਼ੀਰੇ ਜਿਹੇ ਵਲ ਨੂੰ ਜਾਂਦੀ ਉਹੀਓ ਸੜਕ ਸੀ ਜਿਹੜੀ ਪੰਜ ਅਗਸਤ ਨੂੰ ਅਸੀਂ ਪ੍ਰੈਸਟਨ ਬੀਚ ਤੋਂ ਦੇਖੀ ਸੀ ਤੇ ਪੁਲ ਵਾਂਗ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗ ਰਹੀ ਸੀ । ਵੇਮਥ ਵਿਚ ਲੰਘਦੇ ਅਸੀਂ ਪੋਰਟਲੈਂਡ ਬਿਲ (Portland bill) ਪਹੁੰਚ ਗਏ । ਚਾਰੇ ਪਾਸੇ ਨੀਲਾ ਅਤੇ ਛੱਲਾਂ ਵਾਲਾ ਵਿਸ਼ਾਲ ਸਮੁੰਦਰ ਠਾਠਾਂ ਮਾਰ ਰਿਹਾ ਸੀ । ਏਥੇ ਪ੍ਰੈਸਟਨ ਬੀਚ ਨਾਲੋਂ ਕਿਤੇ ਵਧ ਸਮੁੰਦਰ ਸੀ । ਜਿੱਧਰ ਦੇਖੋ, ਪਾਣੀਓ ਪਾਣੀ । ਥਰਕਦਾ, ਲਰਜ਼ਦਾ, ਖੌਲਦਾ ਤੇ ਉਛਲਦਾ । ਸਮੁੰਦਰ ਆਪਣੇ ਆਪ ਵਿਚ ਇਕ ਦੁਨੀਆਂ ਬਣਿਆ ਹੋਇਆ ਸੀ । ਏਨਾ ਪਾਣੀ ਕਿਸ ਚੀਜ਼ ਨੇ ਸਾਂਭ ਕੇ ਰਖਿਆ ਹੋਇਆ ਸੀ ? ਹੈਰਾਨੀ ਸੀ !

ਅਸੀਂ ਸਮੁੰਦਰ ਲਾਗੇ ਗਏ । ਇਹ ਚੱਟਾਨੀ ਕੰਢਾ ਸੀ । ਅਸੀਂ ਇਕ ਉੱਚੀ ਜਿਹੀ ਚੱਟਾਨ ਉਤੇ ਖੜੇ ਸਾਂ । ਸਮੁੰਦਰ ਸਾਥੋਂ ਪੱਚੀ, ਤੀਹ ਜਾਂ ਚਾਲੀ ਫੁੱਟ ਨੀਵਾਂ ਹੋਵੇਗਾ । ਬੜਾ ਭਿਆਨਕ ਪਾਣੀ ਸੀ । ਛੱਲਾਂ ਦੂਰੋਂ ਉਛਲ ਉਛਲ ਸਾਡੇ ਵਲ ਨੂੰ ਆਉਂਦੀਆਂ ਤੇ ਲਪਕ ਲਪਕ ਕਹਿੰਦੀਆਂ : "ਆਓ, ਆਓ, ਏਨੀ ਦੂਰ ਕਿਉਂ ਖੜੇ ਹੋ ? ਆਓ, ਆਪਾਂ ਇਕ ਮਿਕ ਹੋਈਏ !"

ਛੱਲਾਂ ਬਹੁਤ ਭਿਆਨਕ ਸਨ । ਆਥਣ ਅਤੇ ਬੱਦਲ ਕਰਕੇ ਰੰਗਤ ਵੀ ਕੁਝ ਕਾਲੀ ਸੀ ਤੇ ਦੇਖ ਕੇ ਦਹਿਸ਼ਤ ਹੁੰਦੀ ਸੀ । ਕਈ ਛੱਲਾਂ ਕੰਧਾਂ ਵਾਂਗੂ ਉੱਸਰ ਉੱਸਰ ਆਉਂਦੀਆਂ । ਇਹਨਾਂ ਦੇ ਛੱਟੇ ਉੱਪਰ ਸਾਡੇ ਕਦਮਾਂ ਤਕ ਆ ਜਾਂਦੇ ਸਨ ।

ਇਕ ਪਹਾੜੀ ਉਤੋਂ ਅਸੀਂ ਚੇਜ਼ਲ ਬੀਚ (Chesil beach) ਵਲ ਦੇਖਣ ਲੱਗੇ । ਪੋਰਟਲੈਂਡ ਅੰਡਰ ਹਿੱਲ ਦਾ ਸੁੰਦਰ ਕਸਬਾ ਦੇਖਿਆ । ਪਹਾੜੀ ਉਤੋਂ ਦੂਰਬੀਨ ਨਾਲ ਏਧਰ ਉਧਰ ਦੇਖਣ ਨਾਲ ਰੂਹ ਤ੍ਰਿਪਤ ਹੋ ਰਹੀ ਸੀ । ਸਮੁੰਦਰ, ਪਹਾੜੀ, ਪੋਰਟਲੈਂਡ ਅੰਡਰ ਹਿਲ ਦੇ ਕਸਬੇ ਦੀਆਂ ਲਾਲ ਛੱਤਾਂ । ਕਦੇ ਕਦੇ ਇਸ ਸਾਰੇ ਉਤੇ ਸੂਰਜ ਦੀ ਸੰਧੂਰੀ ਫਾਂਟ ਇਕ ਟੂਣਾ ਜਿਹਾ ਕਰ ਜਾਂਦੀ ਸੀ ।

ਇਸ ਸਮੇਂ ਸਾਡੀ ਰੂਹ ਸਮੁੰਦਰ ਵਾਂਗ ਭਰਪੂਰ ਸੀ । ਨੌਂ ਕੁ ਵਜੇ ਲਗ ਪਗ ਅਸੀਂ ਵਾਪਸ ਘਰ ਆ ਗਏ ਸਾਂ ।

ਜਿਸ ਸੜਕ ਰਾਹੀਂ ਅਸੀਂ ਵੇਮਥ ਬੀਚ ਵਲ ਗਏ ਸਾਂ, ਇਹ ਦੋ ਜਾਂ ਢਾਈ ਮੀਲਾਂ ਤਕ ਸਮੁੰਦਰ ਵਿਚ ਨੂੰ ਜਾਂਦੀ ਹੈ । ਇਹ ਰਸਤਾ ਕੁਦਰਤ ਵਲੋਂ ਆਪ ਹੀ ਛੱਡਿਆ ਹੋਇਆ ਹੈ । ਇਸ ਸੜਕ ਦੇ ਬਣਨ ਤੋਂ ਪਹਿਲਾਂ ਏਧਰੋਂ ਉਧਰ ਆਵਾਜਾਈ ਦੇ ਸਾਧਨ ਬਹੁਤ ਹੀ ਘਟ ਸਨ । ਪੋਰਟਲੈਂਡ ਦੇ ਵਾਸੀ ਏਧਰ ਮੇਨ ਲੈਂਡ ਜਾਂ ਡੋਰਸੈਟ ਦੀ ਕਾਊਂਟੀ ਦੇ ਵਸਨੀਕਾਂ ਨੂੰ ਪਰਦੇਸੀ ਗਿਣਦੇ ਹੁੰਦੇ ਸਨ । ਦੋਹਾਂ ਦੇ ਸਭਿਆਚਾਰਾਂ ਵਿਚ ਵੀ ਕਾਫ਼ੀ ਫ਼ਰਕ ਹੁੰਦਾ ਸੀ । ਪਹਿਰਾਵਾ ਬਿਲਕੁਲ ਵੱਖਰਾ ਸੀ । ਰਸਮ ਰਿਵਾਜ ਵੱਖਰੇ ਸਨ । ਹੁਣ ਇਹ ਅੰਤਰ ਨਹੀਂ ਹੈ । ਹੁਣ ਤਾਂ ਸਾਰੀ ਦੁਨੀਆਂ ਵਿਚ ਹੀ ਅੰਤਰ ਘਟਦਾ ਜਾਂਦਾ ਹੈ ।

ਰਸਤਾ ਬੜਾ ਹੀ ਖ਼ੂਬ ਹੈ । ਦੋਵੇਂ ਪਾਸੇ ਸਮੁੰਦਰ ਹੈ, ਪਰ ਵਿਚੋਂ ਦੋ ਜਾਂ ਢਾਈ ਮੀਲ ਦਾ ਰਸਤਾ ਛਡਿਆ ਹੋਇਆ ਹੈ । ਸਮੁੰਦਰ ਦੀ ਇਸ ਰਸਤੇ ਉਤੇ ਇਕ ਵੀ ਛੱਲ ਨਹੀਂ ਲਪਕਦੀ ।

ਦੇਖੋ, ਪ੍ਰਾਚੀਨ ਜ਼ਮਾਨੇ ! ਮੀਲ ਦੋ ਜਾਂ ਢਾਈ ਸਨ, ਪਰ ਪੋਰਟ ਲੈਂਡ ਤੇ ਮੇਨ ਲੈਂਡ ਇਕ ਦੂਜੇ ਲਈ ਪਰਦੇਸ ਸਨ । ਸਗੋਂ ਹੋਰ ਹੀ ਦੁਨੀਆਂ ਸਨ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲਿਵਰਪੂਲ ਦੀ ਫੇਰੀ

ਕੈਲਾਸ਼ ਪੁਰੀ ਤੇ ਉਹਨਾਂ ਦੇ ਪਤੀ ਡਾ: ਗੋਪਾਲ ਪੁਰੀ ਲਿਵਰਪੂਲ ਰਹਿੰਦੇ ਹਨ। ਤੇਰਾਂ ਅਗਸਤ ਉਹਨਾਂ ਦੇ ਘਰ ਇਕ ਸਾਹਿਤਕ ਸ਼ਾਮ ਹੋ ਰਹੀ ਸੀ। ਮੈਨੂੰ ਉਸ ਵਿਚ ਸ਼ਾਮਿਲ ਹੋਣ ਲਈ ਦਾਅਵਤ ਦਿਤੀ ਗਈ ਸੀ।

ਅੱਜ ਕਲ੍ਹ ਮੈਂ ਲੰਡਨ ਸਾਂ। ਦਸ ਅਤੇ ਗਿਆਰਾਂ ਅਗਸਤ ਨੂੰ ਸਾਊਥਾਲ ਵਿਚ ਸਰਬ ਬਰਤਾਨੀਆ ਵਾਰਸ਼ਕ ਪੰਜਾਬੀ ਲੇਖਕ ਕਾਨਫਰੰਸ ਹੋ ਰਹੀ ਸੀ। ਉਸ ਵਿਚ ਸ਼ਾਮਿਲ ਹੋਣ ਲਈ ਮੈਂ ਡੋਰਚੈਸਟਰ ਤੋਂ ਨੌਂ ਅਗਸਤ ਨੂੰ ਲੰਡਨ ਪਹੁੰਚ ਗਿਆ ਸਾਂ।

ਅੱਜ ਤੇਰਾਂ ਅਗਸਤ ਸੀ। ਲਿਵਰਪੂਲ ਲਈ ਯੂਸਟਨ ਤੋਂ ਮੈਨੂੰ ਗੱਡੀ ਮਿਲਣੀ ਸੀ। ਦੁਪਹਿਰੇ, ਇਕ-ਪੰਜਾਹ ਉਤੇ, ਯੂਸਟਨ ਤੋਂ ਲਿਵਰਪੂਲ ਲਈ ਬ੍ਰਿਟਿਸ਼ ਰੇਲ ਰਵਾਨਾ ਹੋਈ। ਇੰਗਲੈਂਡ ਵਿਚ ਬ੍ਰਿਟਿਸ਼ ਰੇਲ ਧਰਤੀ ਪੁੱਟਦੀ ਜਾਂਦੀ ਹੈ। ਘਟ ਤੋਂ ਘਟ ਅੱਸੀ-ਨੱਬੇ ਮੀਲ ਰਫ਼ਤਾਰ ਹੁੰਦੀ ਹੈ। ਸਾਡੇ ਅਜੇ ਕੋਈ ਵੀ ਰੇਲ ਏਨੀ ਤੇਜ਼ ਨਹੀਂ ਦੌੜਨ ਲਗੀ। ਬੰਬੇ, ਫਰੰਟੀਅਰ, ਪਸ਼ਚਮ, ਫ਼ਲਾਈਂਗ ਕਾਫ਼ੀ ਤੇਜ਼ ਗੱਡੀਆਂ ਹਨ, ਪਰ ਬ੍ਰਿਟਿਸ਼ ਰੇਲ ਤੋਂ ਪਿਛੇ ਹਨ। ਬ੍ਰਿਟਿਸ਼ ਰੇਲ ਤਾਂ ਖੜੀ ਖੜੀ ਹੀ ਵਾ-ਵਰੋਲਾ ਬਣ ਜਾਂਦੀ ਹੈ।

ਇਕ ਘਟਨਾ ਵਾਪਰੀ। ਪਿਸ਼ਾਬ ਲਈ ਮੈਂ ਟਾਇਲਟ ਗਿਆ। ਮਨੋ-ਰੋਗ ਤੰਤੂਆਂ ਵਿਚ ਖਿਚਾਓ ਪੈਦਾ ਕਰ ਦਿੰਦਾ ਹੈ ਤੇ ਇਹ ਖਿਚਾਓ ਸਹਿਜ ਅਤੇ ਸਰਲਤਾ ਲਈ ਘਾਤਕ ਹੈ। ਇਸ ਰੋਗ ਵਿਚ ਭਾਵੁਕਤਾ ਵੀ ਹੱਦ ਤੋਂ ਵੱਧ ਹੋ ਜਾਂਦੀ ਹੈ। ਮੈਨੂੰ ਦੇਰੀ ਲਗ ਗਈ। ਗੱਡੀ ਦਾ ਖੜਾਕ ਅਤੇ ਹਿਲ ਜੁਲ ਵਿਘਨ ਪਾਉਂਦੇ ਸਨ। ਲਿਵਰਪੂਲ ਦੇ ਨੇੜੇ ਹੀ ਮੈਂ ਟਾਇਲਟ ਅੰਦਰ ਗਿਆ ਸਾਂ। ਪਰ ਮੈਨੂੰ ਇਹ ਖ਼ਿਆਲ ਸੀ ਕਿ ਲਿਵਰਪੂਲ ਦੂਰ ਹੈ।

ਮੈਨੂੰ ਇਕ ਗ਼ਲਤੀ ਲਗੀ। ਲਿਵਰਪੂਲ ਯੂਸਟਨ ਤੋਂ ਤਿੰਨ ਘੰਟੇ ਦਾ ਸਫ਼ਰ ਸੀ; ਪਰ ਮੈਂ ਸਮਝਿਆ, ਲਿਵਰਪੂਲ ਪੰਜ ਘੰਟੇ ਦਾ ਸਫ਼ਰ ਹੈ। ਪਤਾ ਨਹੀਂ ਕਿਸ ਨੇ ਮੈਨੂੰ ਪੰਜ ਘੰਟੇ ਕਹਿ ਦਿਤਾ ਸੀ, ਮੈਨੂੰ ਪੰਜ ਹੀ ਚੇਤੇ ਰਹੇ।

ਗੱਡੀ ਆਪਣਾ ਪੰਧ ਮੁਕਾ ਕੇ ਲਿਵਰਪੂਲ ਆ ਲੱਗੀ ਸੀ। ਟਾਇਲਟ ਵਿਚ, ਮੈਂ ਸਮਝਿਆ, ਗੱਡੀ ਕਿਸੇ ਚੁਪ ਚੁਪੀਤੇ ਜੰਗਲ ਵਿਚ ਆ ਖੜੀ ਹੈ ਤੇ ਜਾਂ ਕੋਈ ਹੋਰ ਸਟੇਸ਼ਨ ਹੈ। ਇੰਗਲੈਂਡ ਵਿਚ ਸਟੇਸ਼ਨਾਂ ਉਤੇ ਰੌਲਾ ਗੌਲਾ ਨਹੀਂ ਹੁੰਦਾ। ਨਾ ਹੀ ਭਗਦੜ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੁੰਦੀ ਹੈ ਤੇ ਨਾ ਹੀ ਚੀਜ਼ਾਂ ਵੇਚਣ ਵਾਲੇ ਹੋਕੇ ਮਾਰਦੇ ਹੁੰਦੇ ਹਨ। ਸਾਫ਼ ਹੈ, ਇਸ ਸਮੇਂ ਖੜਾਕ ਤੇ ਹਿਲ ਜੁਲ ਨਹੀਂ ਸੀ। ਮੇਰੇ ਮਨ ਨੂੰ ਸਹਿਜ ਅਤੇ ਸਰਲਤਾ ਨਸੀਬ ਹੋਈ ਤੇ ਮੈਨੂੰ ਆਪਣੇ ਮਕਸਦ ਵਿਚ ਕਾਮਯਾਬੀ ਹੋਣ ਲਗੀ।

ਇਹ ਗੱਡੀ ਯੂਸਟਨ ਤੋਂ ਲਿਵਰਪੂਲ ਤਕ ਹੀ ਸੀ ਤੇ ਏਥੇ ਇਹ ਸਮਾਪਤ ਸੀ, ਇਸ ਲਈ ਇਹ ਏਥੇ ਆ ਕੇ ਉੱਕਾ ਖ਼ਾਲੀ ਹੋ ਗਈ ਸੀ। ਸਿਰਫ਼ ਇਕ ਮੈਂ ਸਾਂ ਜੋ ਟਾਇਲਟ ਵਿਚ ਬੈਠਾ ਸਾਂ। ਇਕ ਰੇਲਵੇ ਕਰਮਚਾਰੀ ਬਾਹਰੋਂ ਲਫ਼ਜ਼ 'ਰੁੱਝੀ ਹੋਈ" (Engaged) ਪੜ੍ਹ ਕੇ ਮੇਰੀ ਟਾਇਲਟ ਦੇ ਬੂਹੇ ਉਤੇ ਮੁੱਕੀਆਂ ਮਾਰਨ ਲਗ ਪਿਆ। ਉਸ ਦਾ ਮਤਲਬ ਇਹ ਸੀ ਕਿ ਜੇ ਕੋਈ ਬੰਦਾ ਅੰਦਰ ਹੈ ਤਾਂ ਉਹ ਬਾਹਰ ਨਿਕਲ ਆਵੇ; ਲਿਵਰਪੂਲ ਆ ਗਿਆ ਹੈ ਤੇ ਗੱਡੀ ਖ਼ਾਲੀ ਹੋ ਚੁੱਕੀ ਹੈ; ਤੇ ਏਥੇ ਇਹ ਹੁਣ ਖ਼ਤਮ ਹੈ।

ਮੈਨੂੰ ਮੁੱਕੀਆਂ ਮਾਰਨ ਵਾਲਾ ਬਹੁਤ ਹੀ ਭੈੜਾ ਲਗਦਾ ਸੀ। ਮੈਂ ਸਮਝਿਆ, ਕੋਈ ਬੰਦਾ ਅੰਦਰ ਆਉਣਾ ਚਾਹੁੰਦਾ ਹੈ, ਤੇ ਬਾਹਰੋਂ, ਸਾਡੇ ਭਾਰਤ ਵਾਂਗ ਹੀ, ਮੁੱਕੀਆਂ ਮਾਰ ਰਿਹਾ ਹੈ। ਜਦ ਉਹ ਮੁੱਕੀਆਂ ਮਾਰਦਾ, ਮੈਂ ਉੱਚੀ ਉੱਚੀ "ਵੇਟ ਪਲੀਜ਼—ਵੇਟ ਪਲੀਜ਼" ਆਖਦਾ। ਉਸ ਦੇ ਮੁੱਕੀਆਂ ਮਾਰਨ ਨਾਲ ਮੈਂ ਬੇ-ਆਰਾਮ ਹੋ ਰਿਹਾ ਸਾਂ। ਮੇਰੇ ਸਰਲ ਹੋਏ ਮਨ ਵਿਚ ਫੇਰ ਵਿਘਨ ਪੈ ਰਿਹਾ ਸੀ।

ਉਹ ਅੰਗ੍ਰੇਜ਼ ਵੀ ਸਤ ਗਿਆ। ਆਖ਼ਿਰ ਮੈਂ ਵੀ ਬਾਹਰ ਆਇਆ। ਦੇਖਿਆ ਤਾਂ ਸਾਰੀ ਗੱਡੀ ਬਿਲਕੁਲ ਖ਼ਾਲੀ ਪਈ ਸੀ। ਕੋਈ ਮੁਸਾਫ਼ਿਰ ਨਹੀਂ ਸੀ। "ਕੀ ਇਹ ਲਿਵਰਪੂਲ ਹੈ ?" ਉਸ ਅੰਗਰੇਜ਼ ਨੇ ਕਿਹਾ, "ਹਾਂ।"

ਮੇਰਾ ਬੈਗ ਮੇਰੀ ਸੀਟ ਦੇ ਉਤੇ ਵਲ ਨੂੰ ਪਿਆ ਸੀ। ਜਦ ਮੈਂ ਆਪਣਾ ਬੈਗ ਲੈਣ ਲਈ ਆਪਣੀ ਸੀਟ ਦੇ ਨੇੜੇ ਗਿਆ ਤਾਂ ਹੱਕਾ ਬੱਕਾ ਰਹਿ ਗਿਆ। ਬੈਗ ਉਥੇ ਨਹੀਂ ਸੀ। ਮੇਰਾ ਪਾਸਪੋਰਟ ਅਤੇ ਹੋਰ ਜ਼ਰੂਰੀ ਕਾਗਜ਼ ਪੱਤਰ ਸਾਰੇ ਬੈਗ ਵਿਚ ਹੀ ਸਨ।

ਕਾਹਲੀ ਅਤੇ ਘਬਰਾਹਟ ਨਾਲ਼ ਮੈਂ ਉਸ ਅੰਗਰੇਜ਼ ਨੂੰ ਆਖਿਆ ਕਿ ਉਥੇ ਮੇਰਾ ਬੈਗ ਸੀ, ਕੀ ਉਹ ਉਸ ਨੇ ਦੇਖਿਆ ਹੈ ? ਉਸ ਨੇ ਸਿਰ ਹਿਲਾ ਕੇ ਕਿਹਾ : "ਮੈਨੂੰ ਨਹੀਂ ਪਤਾ।"

ਮੈਨੂੰ ਬੜੀ ਘਬਰਾਹਟ ਹੋਈ। ਹੇਠਾਂ, ਪਲੇਟ ਫ਼ਾਰਮ ਉਤੇ, ਦੋ ਤਿੰਨ ਗਾਰਡ ਖੜੇ ਸਨ। ਉਸ ਅੰਗਰੇਜ਼ ਨੇ ਆਖਿਆ, ਮੈਂ ਉਹਨਾਂ ਕੋਲੋਂ ਪੁੱਛ ਲਵਾਂ।

ਪ੍ਰੇਸ਼ਾਨੀ ਦੀ ਹਾਲਤ ਵਿਚ ਮੈਂ ਡੱਬਿਓਂ ਬਾਹਰ ਆਇਆ ਤੇ ਗਾਰਡਾਂ ਨੂੰ ਆਖਿਆ ਕਿ ਮੇਰਾ ਬੈਗ ਗੁੰਮ ਹੈ। ਉਹਨਾਂ ਮੈਨੂੰ ਪਰਾਪਰਟੀ ਰੂਮ ਵਿਚ ਪਤਾ ਕਰਨ ਲਈ ਆਖਿਆ।

ਸ੍ਰੀਮਤੀ ਕੈਲਾਸ਼ ਪੁਰੀ ਤੇ ਡਾ: ਗੋਪਾਲ ਪੁਰੀ ਅੱਗੇ ਮੈਨੂੰ ਸਟੇਸ਼ਨ ਉਤੇ ਲੈਣ ਲਈ ਆਏ ਹੋਏ ਸਨ। ਉਹਨਾਂ ਨੇ ਮੇਰੀ ਭਾਲ ਕੀਤੀ। ਪਲੇਟ ਫ਼ਾਰਮ ਉਤੇ ਉਹਨਾਂ ਨੇ ਦੋ ਤਿੰਨ ਚੱਕਰ ਮਾਰੇ ਸਨ। ਗੱਡੀ ਖ਼ਾਲੀ ਹੋ ਚੁੱਕੀ ਸੀ। ਜਦ ਮੈਂ ਉਹਨਾਂ ਨੂੰ ਨਜ਼ਰ ਨਾ ਆਇਆ. ਉਹਨਾਂ ਨੂੰ ਬਹੁਤ ਮਾਯੂਸੀ ਹੋਈ। ਕਿਉਂਕਿ ਉਹਨਾਂ ਨੂੰ ਫ਼ੋਨ ਰਾਹੀਂ ਮੈਂ ਸੂਚਿਤ ਕੀਤਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਇਆ ਸੀ ਕਿ ਇਸ ਗੱਡੀ ਆ ਰਿਹਾ ਹਾਂ। ਉਹਨਾਂ ਲਖਣ ਲਾਇਆ ਕਿ ਸ਼ਾਇਦ ਮੈਨੂੰ, ਕਿਸੇ ਕਾਰਨ, ਗੱਡੀ ਮਿਸ ਹੋ ਗਈ ਹੈ ਤੇ ਹੁਣ ਮੈਂ ਦੂਜੀ ਗੱਡੀ ਆਵਾਂ। ਦੂਜੀ ਗੱਡੀ ਇਸ ਗੱਡੀ ਤੋਂ ਘੰਟਾ ਮਗਰੋਂ ਆਉਣੀ ਸੀ। ਉਹਨਾਂ ਨੇ ਵਾਪਸ ਜਾਣ ਦੀ ਥਾਂ ਇਹ ਘੰਟਾ ਏਥੇ ਸਟੇਸ਼ਨ ਉਤੇ ਹੀ ਗੁਜ਼ਾਰਨਾ ਚਾਹਿਆ।

ਇਸ ਸਮੇਂ ਕੈਲਾਸ਼ ਪੁਰੀ, ਸਮਾਂ ਬਿਤਾਉਣ ਦੀ ਗਰਜ਼ ਨਾਲ, ਸਟੇਸ਼ਨ ਉਤੇ ਹੀ ਬਣੇ ਹੋਏ ਕੈਫ਼ੇਟੇਰੀਆ ਵਿਚ ਜਾ ਬੈਠੇ ਸਨ। ਡਾਕਟਰ ਸਾਹਿਬ ਬਾਹਰ ਹੀ ਸਨ। ਏਧਰ ਵਲ ਨੂੰ ਪਿੱਠ ਕਰ ਕੇ, ਪਲੇਟ ਫ਼ਾਰਮ ਦੇ ਜੰਗਲੇ ਨਾਲ ਉਹ ਢੋਅ ਜਿਹੀ ਲਾਈ ਖੜੇ ਸਨ ਤੇ ਸਿਰ ਝੁਕਾਈ ਕੋਈ ਕਿਤਾਬ ਜਾਂ ਕਾਗਜ਼ ਆਦਿ ਪੜ੍ਹ ਰਹੇ ਸਨ। ਉਹਨਾਂ ਦੀ ਪਿੱਠ ਪਛਾਣ ਕੇ ਮੈਂ - ਦੂਰੋਂ ਪਲੇਟ ਫ਼ਾਰਮ ਉਤੇ ਉਹਨਾਂ ਵਲ ਨੂੰ ਤੁਰ ਪਿਆ। ਪਰਾਪਰਟੀ ਰੂਮ ਵੀ ਉਧਰ ਹੀ ਸੀ।

ਮੈਂ ਅਤੇ ਡਾਕਟਰ ਸਾਹਿਬ ਪਰਾਪਰਟੀ ਰੂਮ ਪਹੁੰਚ ਗਏ। ਮੈਨੂੰ ਧੜਕਾ ਇਹ ਸੀ ਕਿ ਬੈਗ ਬਾਰੇ ਪਤਾ ਨਹੀਂ ਹੁਣ ਕੀ ਕੁਝ ਪੁੱਛਿਆ ਜਾਵੇਗਾ ਤੇ ਕੀ ਕੁਝ ਕਰਨਾ ਹੋਵੇਗਾ। ਇਹ ਵੀ ਨਿਸ਼ਚਾ ਨਹੀਂ ਸੀ ਕਿ ਬੈਗ ਏਥੇ ਹੋਵੇਗਾ ਵੀ। ਪਰ ਇਹ ਇੰਗਲਿਸਤਾਨ ਸੀ, ਹਿੰਦੋਸਤਾਨ ਨਹੀਂ ਸੀ। ਇਸ ਗੱਲੋਂ ਇੰਗਲਿਸਤਾਨ ਸਾਥੋਂ ਬਹੁਤ ਅੱਗੇ ਹੈ। ਮੇਰਾ ਬੈਗ ਸੰਭਾਲਣ ਲਈ ਪਰਾਪਰਟੀ ਰੂਮ ਪੁਜ ਚੁੱਕਾ ਸੀ। ਪੁੱਛਿਆ ਕੀ ਕੁਝ ਗਿਆ ਸੀ ? ਸਿਰਫ਼ ਬੈਗ ਦਾ ਰੰਗ ਤੇ ਸਾਈਜ਼। ਬੈਗ ਚਾਰਖ਼ਾਨੀਆ ਸੀ ਜਿਸ ਦੀ ਧਰਤੀ ਲਾਲ ਸੀ ਤੇ ਹਰੇ ਰੰਗ ਦੇ ਵੱਡੇ ਵਡੇ ਚਾਰਖ਼ਾਨੇ ਜਿਹੇ ਬਣੇ ਸਨ। ਸਿਰਫ਼ ਏਨਾ ਦੱਸਣ ਨਾਲ ਹੀ ਫ਼ੌਰਨ ਬੈਗ ਦੇ ਦਿਤਾ ਗਿਆ। ਬੈਗ ਦੇ ਵਿਚਲੀ ਕਿਸੇ ਚੀਜ਼ ਲਈ ਪੁੱਛ ਗਿੱਛ ਨਹੀਂ ਕੀਤੀ ਗਈ। ਇਕ ਮਾਮੂਲੀ ਕਾਗਜ਼ ਉਤੇ ਦਸਖ਼ਤ ਲੈ ਲਏ ਗਏ ਸਨ।

## ੨

ਇੰਗਲੈਂਡ ਦਾ ਹਰ ਇਕ ਟਾਊਨ ਲਗ ਪਗ ਇਕੋ ਜਿਹਾ ਹੀ ਹੁੰਦਾ ਹੈ। ਇਕੋ ਜਿਹੀਆਂ ਬਿਲਡਿੰਗਾਂ ਤੇ ਇਕੋ ਜਿਹਾ ਹੀ ਸਿਟੀ ਸੈਂਟਰ। ਉਹੀਓ ਫਰਮਾਂ ਹੁੰਦੀਆਂ ਹਨ ਤੇ ਉਹੀਓ ਉਹਨਾਂ ਦੇ ਸਾਈਨ ਬੋਰਡ। ਬੋਰਡਾਂ ਦੇ ਉਹੀਓ ਅੱਖਰ (Lettering) ਹਰ ਥਾਂ ਨਜ਼ਰ ਆ ਜਾਂਦੇ ਹਨ। ਤਾਂ ਵੀ, ਹਰ ਇਕ ਟਾਊਨ ਵਿਚ ਕੋਈ ਖ਼ਾਸ ਗੱਲ ਵੀ ਹੁੰਦੀ ਹੈ। ਇਹ ਖ਼ਾਸੀਅਤ ਕੁਦਰਤ ਜਾਂ ਇਤਿਹਾਸ ਨੇ ਬਖ਼ਸ਼ੀ ਹੁੰਦੀ ਹੈ।

ਕੈਲਾਸ਼ ਜੀ ਤੇ ਡਾਕਟਰ ਪੁਰੀ ਮੈਨੂੰ ਲਿਵਰਪੂਲ ਦੀਆਂ ਬਿਲਡਿੰਗਾਂ ਦਿਖਾਉਂਦੇ ਤੇ ਉਹਨਾਂ ਬਾਰੇ ਦੱਸਦੇ ਜਾਂਦੇ। ਰਾਹ ਵਿਚ ਇਕ ਚਰਚ ਆਇਆ। ਇਹ ਚਰਚ ਸਾਰੇ ਯੂਰਪ ਦਾ ਸਭ ਤੋਂ ਵੱਡਾ ਚਰਚ ਹੈ (ਸੰਭਵ ਹੈ, ਯੂਰਪ ਵਿਚ ਹੋਰ ਵੀ ਵੱਡੇ ਚਰਚ ਹੋਣ, ਖ਼ਾਸ ਕਰਕੇ ਰੋਮ ਵਿਚ, ਪਰ ਜਿਵੇਂ ਮੈਨੂੰ ਦੱਸਿਆ ਗਿਆ)। ਗੱਡੀ ਖੜੀ ਕੀਤੀ ਗਈ। ਅਸੀਂ ਚਰਚ ਦੇਖਣ ਗਏ।

ਚਰਚ ਬਹੁਤ ਸੁੰਦਰ ਸੀ। ਸਵਰਗਾਂ ਵਰਗੀ ਸ਼ਾਂਤੀ ਦਾ ਸਮਾਂ ਬੱਝਿਆ ਹੋਇਆ ਸੀ। ਦੂਰ, ਮੱਧਮ ਰੌਸ਼ਨੀਆਂ ਵਿਚ, ਈਸਾ ਦੀ ਤਸਵੀਰ ਸੀ। ਜਾਪਦਾ ਸੀ ਜਿਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਈਸਾ ਇਸ ਚਰਚ ਵਿਚ ਜ਼ਿੰਦਾ ਹਵੇ । ਹਾਏ ਈਸਾ ! ਤੈਨੂੰ ਕਿਉਂ ਸਲੀਬ ਉਤੇ ਚਾੜ੍ਹਿਆ ਗਿਆ ? ਤੇਰਾ ਕੀ ਕਸੂਰ ਸੀ ? ਦੁਖੀਆਂ ਦਾ, ਗ਼ਰੀਬਾਂ ਦਾ, ਨਿਤਾਣਿਆਂ ਦਾ ਦਰਦੀ ਹੋਣਾ ?

ਦਰਵਾਜ਼ਾ ਬਹੁਤ ਖ਼ੂਬਸੂਰਤ, ਗੌਰਵਸ਼ਾਲੀ ਤੇ ਉੱਚਾ ਸੀ । ਮੈਨੂੰ ਫ਼ਤਹਿਪੁਰ ਸੀਕਰੀ ਦਾ ਬੁਲੰਦ ਦਰਵਾਜ਼ਾ ਯਾਦ ਆਇਆ ।

ਅਸੀਂ ਇੰਗਲੈਂਡ ਦੀ ਬੜੀ ਹੀ ਸੁਹਣੀ ਸ਼ਾਮ ਵਿਚੋਂ ਲੰਘਦੇ ਹੋਏ ਬੱਕਲੈਂਡਜ਼ (Bucklands) ਜਾ ਪੁੱਜੇ ਸਾਂ । ਬੱਕਲੈਂਡਜ਼ ਕੈਲਾਸ਼ ਪੁਰੀ ਤੇ ਡਾਕਟਰ ਗੋਪਾਲ ਪੁਰੀ ਦਾ ਬੜਾ ਹੀ ਸੁੰਦਰ ਘਰ ਹੈ । ਘਰ ਨਹੀਂ, ਮਹੱਲ ਹੈ । ਸਾਰੇ ਠਾਠ ਨਵਾਬੀ ਹਨ । ਮੈਨੂੰ ਇਕ ਬੜਾ ਹੀ ਸੁਹਣਾ ਕਮਰਾ ਦਿਤਾ ਗਿਆ ਸੀ । ਇਸ ਮਹੱਲ ਵਿਚ ਪੰਦਰਾਂ-ਵੀਹ ਖੁਲ੍ਹੇ ਤੇ ਸਜੇ ਹੋਏ ਕਮਰੇ ਸਨ । ਫ਼ਰਨੀਚਰ ਸਭ ਸ਼ਾਹਾਨਾ ਸੀ ।

ਘਰ ਵਿਚ ਇਕ ਬੜਾ ਹੀ ਸੁਹਣਾ ਤੇ ਵੱਡਾ ਹਾਲ ਕਮਰਾ ਸੀ । ਇਹ ਕਮਰਾ ਸੋਫ਼ਿਆਂ ਅਤੇ ਕਾਲੀਨਾਂ ਨਾਲ ਸਜਿਆ ਹੋਇਆ ਸੀ । ਗੂਹੜੀ ਸ਼ਾਮ ਇਸ ਹਾਲ ਵਿਚ ਕਵੀਆਂ ਵਾਲੀ ਮਹਿਫ਼ਲ ਜੁੜੀ । ਇਕ ਅੰਗਰੇਜ਼ ਕਵੀ-ਜੋੜਾ, ਸਿਲਵੀਆ ਤੇ ਹੈਰਲਡ ਹਾਈਕਨਜ਼, ਵੀ ਇਸ ਲਈ ਆਇਆ ਹੋਇਆ ਸੀ । ਫ਼ੀਰੋਜ਼ ਅਤੇ ਸਰਫ਼ਰਾਜ਼, ਦੋ ਪਾਕਿਸਤਾਨੀ ਮਿੱਤਰ ਸਨ, ਜੋ ਖ਼ਾਸ ਕਰ ਸੱਦੇ ਗਏ ਸਨ । ਦੋ ਸਿੱਖ ਨੌਜਵਾਨ ਤੇ ਇਕ ਕੋਈ ਇੰਗਲਿਸ਼ ਲੇਡੀ ਸੀ ਜਿਸ ਦੀ ਉਮਰ ਕੁਝ ਵੱਡੀ ਸੀ । ਇਹ ਸੰਖੇਪ ਜਿਹੀ ਚੋਣਵੇਂ ਚੋਣਵੇਂ ਲੋਕਾਂ ਦੀ ਇਕ ਮਹਿਫ਼ਲ ਸੀ ।

ਸਿਲਵੀਆ ਅਤੇ ਹੈਰਲਡ ਨੇ ਅੰਗਰੇਜ਼ੀ ਵਿਚ ਕਵਿਤਾਵਾਂ ਸੁਣਾਈਆਂ । ਮੈਂ ਅਤੇ ਕੈਲਾਸ਼ ਜੀ ਨੇ ਪੰਜਾਬੀ ਵਿਚ ਸੁਣਾਈਆਂ ਸਨ । ਡਾਕਟਰ ਗੋਪਾਲ ਪੁਰੀ ਨੇ ਸਾਡੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ।

ਕਵਿਤਾ ਦਾ ਅਨੁਵਾਦ ਕਰਨਾ ਕਾਫ਼ੀ ਮੁਸ਼ਕਿਲ ਹੁੰਦਾ ਹੈ । ਪਰ ਡਾਕਟਰ ਗੋਪਾਲ ਪੁਰੀ ਨੂੰ ਇਸ ਦੀ ਬਹੁਤ ਮੁਹਾਰਤ ਹੈ । ਦੋਹਾਂ ਅੰਗਰੇਜ਼ ਕਵੀਆਂ ਤੇ ਉਸ ਅੰਗਰੇਜ਼ ਔਰਤ ਨੇ ਵੀ ਸਾਨੂੰ ਕਾਫ਼ੀ ਦਾਦ ਦਿਤੀ ।

ਫੇਰ ਹਾਲ ਕਮਰੇ ਵਿਚ ਕੇਕਾਂ ਅਤੇ ਕਾਫ਼ੀਆਂ ਦੀ ਟਰਾਲੀ ਪਹੁੰਚ ਗਈ ਸੀ । ਕੇਕਾਂ ਅਤੇ ਕਾਫ਼ੀਆਂ ਨਾਲ ਮਹਿਫ਼ਲ ਖ਼ਤਮ ਹੋ ਗਈ ਸੀ ।

ਸਿਲਵੀਆ ਤੇ ਹੈਰਲਡ ਹਾਈਕਨਜ਼ ਦੋਵੇਂ ਪਤੀ ਪਤਨੀ ਸਨ । ਉਮਰ ਦਾ ਕਾਫ਼ੀ ਫ਼ਰਕ ਸੀ । ਸਿਲਵੀਆ ਜਵਾਨ ਸੀ, ਪਰ ਹੈਰਲਡ ਬੁੱਢਾ ਦਿਸਦਾ ਸੀ । ਜਿਥੇ ਹੈਰਲਡ ਇਸ ਸਮੇਂ ਸੱਠ ਵਰ੍ਹੇ ਦੇ ਨੇੜੇ ਸੀ, ਉਥੇ ਉਸ ਦੀ ਪਤਨੀ, ਸਿਲਵੀਆ, ਤੀਹ ਵਰ੍ਹੇ ਦੀ ਦਿਸਦੀ ਸੀ । ਪਰ ਜਾਪਦਾ ਸੀ ਸਿਲਵੀਆ ਲਈ ਹੈਰਲਡ ਜਿਵੇਂ ਜਵਾਨ ਹੀ ਸੀ ।

ਇਕ ਕਿਤਾਬ ਦੋਹਾਂ ਦੀਆਂ ਕਵਿਤਾਵਾਂ ਦੀ ਸਾਂਝੀ ਛਪੀ ਹੈ । ਇਸ ਕਿਤਾਬ ਦਾ ਨਾਂ ਹੈ : "Harold and Sylvia's Book of Revelations (ਹੈਰਲਡ ਅਤੇ ਸਿਲਵੀਆ ਦਾ ਰੰਗ ਰਲੀਆਂ ਦਾ ਸੰਗ੍ਰਹਿ)" । ਇਸ ਕਿਤਾਬ ਦੇ ਪਿਛਲੇ ਪਾਸੇ ਇਕ ਤਸਵੀਰ ਛਪੀ ਹੋਈ ਹੈ । ਸਿਲਵੀਆ ਤੇ ਹੈਰਲਡ ਇਸ ਵਿਚ ਬਿਲਕੁਲ ਨੰਗੇ ਖੜੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਅੱਗੇ ਹੈਰਲਡ ਖੜਾ ਹੈ, ਉਸ ਦੇ ਪਿੱਛੇ ਸਿਲਵੀਆ। ਇਕ ਸਿਤਾਰ ਦਾ ਗੋਲ ਪਾਸਾ, ਕਲਾ ਵਜੋਂ, ਹੈਰਲਡ ਨੇ ਆਪਣੇ ਪੱਟਾਂ ਅੱਗੇ ਕਰ ਲਿਆ ਹੈ।

ਹੈਰਲਡ ਆਪਣੇ ਮੋਢੇ ਉਤੋਂ ਪਿਛੇ ਵਲ ਨੂੰ ਸਿਲਵੀਆ ਦੀਆਂ ਅੱਖਾਂ ਵਿਚ ਨੂੰ ਤੱਕਦਾ ਹੈ। ਸਿਲਵੀਆ ਨੇ ਠੋਡੀ ਉਸ ਦੇ ਮੋਢੇ ਉਤੇ ਰੱਖੀ ਹੈ ਤੇ ਉਸੇ ਤਰ੍ਹਾਂ ਉਹ ਵੀ ਉਸ ਦੀਆਂ ਅੱਖਾਂ ਵਿਚ ਤੱਕ ਰਹੀ ਹੈ। ਦੋਵੇਂ ਬੜੇ ਹੀ ਖ਼ੁਸ਼ ਹਨ। ਸਿਲਵੀਆ ਦੇ ਸੁੰਦਰ ਹੋਂਠ ਥੋੜਾ ਖੁਲ੍ਹੇ ਹੋਏ ਹਨ ਤੇ ਵਿਚੋਂ ਦੰਦ ਦਿਸਦੇ ਹਨ।

ਸਿਲਵੀਆ ਦਾ ਸਾਰਾ ਆਪਾ ਹੈਰਲਡ ਨਾਲ ਲੱਗਾ ਹੋਇਆ ਹੈ। ਉਸ ਦੇ ਹੱਥ, ਅੱਗੇ, ਉਸ ਦੇ ਪੱਟਾਂ ਨਾਲ ਲਗੇ ਹੋਏ ਹਨ।

ਹੈਰਲਡ ਸਿਰੋਂ ਨੰਗਾ ਹੈ, ਪਰ ਸਿਲਵੀਆ ਦੇ ਸਿਰ ਉਤੇ ਇਕ ਰਿਬਨ ਵਾਲੀ ਹੈਟ ਹੈ। ਕੱਟੇ ਹੋਏ ਮੁਲਾਇਮ ਵਾਲ ਨੰਗੇ ਅਤੇ ਖ਼ੂਬਸੂਰਤ ਸ਼ਾਨਿਆਂ ਉਤੇ ਖਿੱਲਰੇ ਹਨ।

ਦੋਹਾਂ ਦੇ ਪੈਰ ਵੀ ਨੰਗੇ ਹਨ। ਅਲਫ਼ ਨੰਗੇ, ਦੋਵੇਂ, ਇਕ ਚੱਟਾਨ ਉਤੇ ਖੜੇ ਹਨ।

ਉਮਰੋਂ ਵੱਡਾ ਹੁੰਦਾ ਹੋਇਆ ਵੀ, ਹੈਰਲਡ, ਇਸ ਤਸਵੀਰ ਵਿਚ, ਜਿਵੇਂ ਹਾਣ ਦਾ ਲਗ ਰਿਹਾ ਹੈ। ਇਸ ਸਮੇਂ, ਅਸਲ ਵਿਚ, ਉਹਨਾਂ ਦੇ ਦਿਲ ਹਾਣ ਦੇ ਹਨ। ਭਾਵੇਂ ਇਕੋ ਛਿਨ ਲਈ ਹੋਣ।

ਹੈਰਲਡ ਨੇ, ਫ਼ੈਸ਼ਨ ਵਜੋਂ, ਦਾੜ੍ਹੀ ਵੀ ਰੱਖੀ ਹੋਈ ਹੈ ਜਿਸ ਵਿਚ ਧੌਲੇ ਬਹੁਤੇ ਹਨ। ਪਰ ਜਾਪਦਾ ਹੈ, ਸਿਲਵੀਆ ਨੂੰ, ਹੈਰਲਡ ਦੇ ਇਹ ਧੌਲੇ ਸਗੋਂ ਬਹੁਤੇ ਚੰਗੇ ਲਗਦੇ ਹਨ। ਦਾੜ੍ਹੀ ਕੁਝ ਨੁਕੀਲੀ ਹੈ। ਸੰਭਵ ਹੈ, ਸਿਲਵੀਆ ਨੂੰ ਇਸੇ ਨੋਕ ਨੇ ਮੋਹਿਆ ਹੋਵੇ। ਕਵਿਤਾ ਵੀ ਮੋਹ ਸਕਦੀ ਹੈ, ਪਰ ਕਵਿਤਾ ਨਾਲੋਂ ਦਾੜ੍ਹੀ ਦੀ ਨੋਕ ਵਧੇਰੇ ਸਫਲ ਦਿਸਦੀ ਹੈ।

ਇਸ ਕਾਵਿ-ਸੰਗ੍ਰਹਿ ਵਿਚੋਂ ਹੈਰਲਡ ਅਤੇ ਸਿਲਵੀਆ ਦੀ ਇਕ ਇਕ ਕਵਿਤਾ ਹਾਜ਼ਰ ਹੈ। ਸਿਲਵੀਆ ਦੀ ਕਵਿਤਾ ਹੈ :

### A CHILD'S VIEW OF MARRIAGE

I kiss Daddy
Daddy kisses Mummy
Mummy kisses me
I kiss the dog.

Grandad married Grandma
Daddy married Mummy
I'll marry the dog.

Grandma was given Mummy
Mummy was given me
I was given the dog.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
Daddy sleeps with Mummy
Grandad doesn't sleep with Grandma
and I'm not going to sleep with the dog.

## ਵਿਆਹ ਬਾਰੇ ਬੱਚੇ ਦੀ ਦ੍ਰਿਸ਼ਟੀ

ਮੈਂ ਡੈਡੀ ਨੂੰ ਚੁੰਮਦੀ ਹਾਂ
ਡੈਡੀ ਮੰਮੀ ਨੂੰ ਚੁੰਮਦਾ ਹੈ
ਮੰਮੀ ਮੈਨੂੰ ਚੁੰਮਦੀ ਹੈ
ਮੈਂ ਕੁੱਤੇ ਨੂੰ ਚੁੰਮਦੀ ਹਾਂ ।

ਦਾਦੇ ਨੇ ਦਾਦੀ ਨਾਲ ਵਿਆਹ ਕਰਾਇਆ
ਅਤੇ ਡੈਡੀ ਨੇ ਮੰਮੀ ਨਾਲ
ਮੈਂ ਕੁੱਤੇ ਨਾਲ ਵਿਆਹ ਕਰਾਵਾਂਗੀ ।

ਨਾਨੀ ਨੂੰ ਮੰਮੀ ਮਿਲੀ ਸੀ
ਮੰਮੀ ਨੂੰ ਮੈਂ ਮਿਲ ਗਈ ਸੀ
ਮੈਨੂੰ ਕੁੱਤਾ ਮਿਲ ਗਿਆ ਹੈ ।

ਡੈਡੀ ਮੰਮੀ ਨਾਲ ਸੌਂਦਾ ਹੈ
ਪਰ ਦਾਦਾ ਦਾਦੀ ਨਾਲ ਨਹੀਂ ਸੌਂਦਾ
ਮੈਂ ਵੀ ਕੁੱਤੇ ਨਾਲ ਨਹੀਂ ਸੌਣਾ ।

ਅਤੇ ਹੈਰਲਡ ਦੀ ਕਵਿਤਾ ਹੈ :

My mother had a cat
that cat's name was Fanny.
This poem is short enough
to get in any
miscellany.

ਮੇਰੀ ਮਾਂ ਕੋਲ ਇਕ ਬਿੱਲੀ ਸੀ
ਉਸ ਬਿੱਲੀ ਦਾ ਨਾਂ ਸੀ ਫੈਨੀ ।
ਇਹ ਕਵਿਤਾ ਬਹੁਤ ਛੋਟੀ ਹੈ
ਕਿਸੇ ਢੋਏ ਵਿਚ ਰੱਖਣ ਲਈ ।

ਹੈਰਲਡ ਦੀ ਇਸ ਕਵਿਤਾ ਉਤੇ ਸਿਰਲੇਖ ਕੋਈ ਨਹੀਂ ਸੀ ।

ਮਹਿਮਾਨ ਚਲੇ ਗਏ ਸਨ । ਇਟਲੀ ਜਾਂ ਫ਼ਰਾਂਸ ਦੀ ਕੋਈ ਬੜੀ ਹੀ ਵਧੀਆ ਵਾਈਨ ਪੀ ਕੇ ਅਸੀਂ ਖਾਣਾ ਖਾਣ ਲਗੇ । ਗਿਆਰਾਂ ਸਾਢੇ ਗਿਆਰਾਂ ਵਜੇ ਅਸੀਂ ਰਾਤ ਨੂੰ ਸੁੱਤੇ ਸਾਂ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ੩

ਅਗਲਾ ਦਿਨ ਹੋ ਗਿਆ ਸੀ। ਅੱਜ ਦੋ ਮਹਿਫ਼ਲਾਂ ਸਨ।

ਮੈਂ ਰਾਤ ਦੀ ਮਹਿਫ਼ਲ ਵਿਚ ਆਪਣੀ ਕਵਿਤਾ "ਹੇ ਮੇਰੇ ਪੰਜਾਬ" ਵੀ ਸੁਣਾਈ ਸੀ ਜੋ ਪਾਕਿਸਤਾਨੀ ਦੋਸਤਾਂ ਨੂੰ ਖ਼ਾਸ ਕਰ ਚੰਗੀ ਲਗੀ ਸੀ ਅਤੇ ਉਹ ਟੁੰਬੇ ਗਏ ਸਨ। ਉਹਨਾਂ ਵਿਚੋਂ ਸਰਫ਼ਰਾਜ਼ ਨੇ ਸ਼ਾਮੀਂ ਚਾਰ ਕੁ ਵਜੇ ਸਾਨੂੰ ਆਪਣੇ ਘਰ ਬੁਲਾਇਆ ਸੀ। ਦੂਜੀ ਮਹਿਫ਼ਲ ਕਿਸੇ ਹੋਰ ਥਾਂ ਰਾਤ ਨੂੰ ਅੱਠ ਕੁ ਵਜੇ ਸੀ। ਏਥੇ ਸਿਰਫ਼ ਅੰਗਰੇਜ਼ਾਂ ਨੇ ਹੀ ਸਾਡੇ ਸਰੋਤੇ ਹੋਣਾ ਸੀ। ਡਾਕਟਰ ਸਾਹਿਬ ਨੇ ਕਿਹਾ ਸੀ ਕਿ ਉਥੇ ਮੈਂ ਪੰਜਾਬੀ ਸਾਹਿਤ ਦੀ ਪਰੰਪਰਾ ਬਾਰੇ ਬੋਲਾਂਗਾ ਤੇ ਉਹ ਮੇਰੀ ਤਕਰੀਰ ਦਾ ਅੰਗਰੇਜ਼ੀ ਅਨੁਵਾਦ ਕਰਨਗੇ। ਫੇਰ ਕੁਝ ਕਵਿਤਾਵਾਂ ਵੀ ਮੈਂ ਅਤੇ ਕੈਲਾਸ਼ ਜੀ ਨੇ ਪੰਜਾਬੀ ਵਿਚ ਸੁਣਾਉਣੀਆਂ ਸਨ। ਡਾਕਟਰ ਸਾਹਿਬ ਨੇ ਇਹ ਕਵਿਤਾਵਾਂ ਪਹਿਲਾਂ ਅਨੁਵਾਦ ਕਰ ਲੈਣੀਆਂ ਸਨ।

ਡਾਕਟਰ ਸਾਹਿਬ ਨੇ "ਕਾਫ਼ਰ" ਅਤੇ ਦੋ ਤਿੰਨ ਮੇਰੀਆਂ ਹੋਰ ਕਵਿਤਾਵਾਂ ਅਨੁਵਾਦ ਲਈ ਚੁਣ ਲਈਆਂ ਸਨ। ਕੈਲਾਸ਼ ਦੀਆਂ ਕਵਿਤਾਵਾਂ ਉਹਨਾਂ ਕੋਲ ਪਹਿਲਾਂ ਹੀ ਅਨੁਵਾਦਤ ਸਨ।

ਲਿਵਰਪੂਲ ਸਮੁੰਦਰ ਦੇ ਕਿਨਾਰੇ ਉਤੇ ਜਾ ਪੈਂਦਾ ਹੈ। ਏਥੇ ਆਇਰਸ਼-ਸੀ (Irish sea) ਹੈ। ਅਸੀਂ ਤਿਆਰ ਹੋਏ ਤੇ ਬਰੇਕਫ਼ਾਸਟ ਕਰਨ ਲਗੇ। ਫੇਰ ਅਸੀਂ— ਮੈਂ, ਕੈਲਾਸ਼ ਜੀ, ਤੇ ਇਕ ਉਹਨਾਂ ਦੀ ਹੋਰ ਦੋਸਤ ਮਿਸਿਜ਼ ਅਵਤਾਰ ਖ਼ਾਲਸਾ—ਸਮੁੰਦਰ ਦੇਖਣ ਚਲੇ ਗਏ। ਡਾਕਟਰ ਸਾਹਿਬ ਘਰ ਹੀ ਸਨ। ਉਹਨਾਂ ਨੂੰ ਕੋਈ ਰੁਝੇਵਾਂ ਸੀ। ਉਹ ਨਾਲ ਨਹੀਂ ਜਾ ਸਕਦੇ ਸਨ।

ਘੰਟਾ ਡੇਢ ਘੰਟਾ ਅਸੀਂ ਆਇਰਸ਼-ਸੀ ਦੇ ਕੰਢੇ ਰਹੇ। ਫੇਰ ਵਾਪਸ ਆ ਗਏ ਸਾਂ। ਅਸਲ ਵਿਚ ਇਹ ਖਾੜੀ ਸੀ। ਸਮੁੰਦਰ ਜ਼ਰਾ ਦੂਰ ਸੀ। ਅਸੀਂ ਖਾੜੀ ਦੇਖ ਕੇ ਹੀ ਵਾਪਸ ਘਰ ਆ ਗਏ ਸਾਂ।

ਅਸੀਂ ਘਰੋਂ ਚੱਲੇ ਤਾਂ ਮੌਸਮ ਬਹੁਤ ਸੁਹਣਾ ਸੀ। ਖਾੜੀ ਕੰਢੇ ਪਹੁੰਚੇ ਤਾਂ ਬਾਰਿਸ਼ ਹੋਣ ਲਗ ਗਈ ਸੀ। ਅਸੀਂ ਵਾਪਸ ਮੁੜਨਾ ਚਾਹਿਆ।

ਬੱਕਲੈਂਡਜ਼ ਦੇ ਦੋਵੇਂ ਪਾਸੇ ਦੋ ਫ਼ਰੰਟ ਦੇ ਕਮਰੇ ਸਨ ਜੋ ਵੱਡੇ ਅਤੇ ਖੁੱਲ੍ਹੇ ਸਨ। ਖੱਬੇ ਵਲ ਕੈਲਾਸ਼ ਜੀ ਤੇ ਡਾਕਟਰ ਸਾਹਿਬ ਦੇ ਦਫ਼ਤਰ ਸਨ, ਸੱਜੇ-ਪਾਸੇ ਸਿਟਿੰਗ ਰੂਮ। ਅਸੀਂ ਵਾਪਸ ਆਏ ਤਾਂ ਡਾਕਟਰ ਸਾਹਿਬ ਦਫ਼ਤਰ ਵਿਚ ਮੇਰੀਆਂ ਕਵਿਤਾਵਾਂ ਦੇ ਅਨੁਵਾਦ ਵਿਚ ਲਗੇ ਹੋਏ ਸਨ। ਅਜੇ ਤਿਆਰ ਵੀ ਨਹੀਂ ਸਨ ਹੋਏ। ਡਰੈਸਿੰਗ ਗਾਊਨ ਵਿਚ ਹੀ ਉਹ ਟੇਬਲ ਉਤੇ ਬੈਠੇ ਸਨ ਤੇ ਆਪਣੇ ਕੰਮ ਵਿਚ ਮਗਨ ਸਨ। ਮੌਲਿਕ ਵਾਂਗ, ਤਰਜਮਾ ਵੀ ਸਿਰਜਣਾਤਮਕ ਕਾਰਜ ਹੈ। ਸਿਰਜਣਾ ਹਮੇਸ਼ਾ ਆਪਣੇ ਮਨ ਦੀ ਰੌਂ ਨਾਲ ਹੁੰਦੀ ਹੈ—ਅੰਦਰ ਦੀ ਪਰੇਰਨਾ ਨਾਲ। ਅੰਦਰ ਦੀ ਪਰੇਰਨਾ ਜਦੋਂ ਮਨ ਵਿਚ ਜਾਗੀ ਹੁੰਦੀ ਹੈ, ਸਿਰਜਣਹਾਰ ਨੂੰ ਆਪਣਾ ਆਪਾ ਭੁੱਲ ਜਿਹਾ ਗਿਆ ਹੁੰਦਾ ਹੈ। ਇਹ ਅਵਸਥਾ ਪਰਮ ਆਨੰਦ ਦੇ ਨੇੜੇ ਤੇੜੇ ਦੀ ਹੁੰਦੀ ਹੈ।

CC-0. In Public Domain. Gurukul Kangri Collection, Haridwar

ਡਾਕਟਰ ਸਾਹਿਬ ਨੇ ਪੈਨਸਿਲ ਨਾਲ ਮੇਰੀਆਂ ਕਵਿਤਾਵਾਂ ਨੂੰ ਅੰਗਰੇਜ਼ੀ ਰੂਪ ਦੇ ਦਿਤਾ ਸੀ। ਨਿਰਸੰਦੇਹ, ਉਹਨਾਂ ਦੀ ਅੰਗਰੇਜ਼ੀ ਬੜੀ ਉੱਚੀ ਹੈ। "ਰੂਪਵਤੀ" ਵਿਚ ਕਈ ਵਾਰ ਮੈਂ ਗੁਰੂਆਂ ਦੀ ਪਵਿੱਤਰ ਬਾਣੀ ਡਾਕਟਰ ਸਾਹਿਬ ਦੀ ਕਲਮ ਨਾਲ ਅਨੁਵਾਦ ਹੋਈ ਪੜ੍ਹੀ ਹੈ। ਗੁਰੂਆਂ ਦੀ ਮਹਾਨਤਾ, ਬੁਲੰਦੀ ਅਤੇ ਜਾਗਦੀ ਰੂਹ ਪੂਰੀ ਫੜੀ ਗਈ ਹੁੰਦੀ ਹੈ। ਸੁਖੈਨਤਾ ਏਨੀ ਹੁੰਦੀ ਹੈ ਕਿ ਮੇਰੇ ਵਰਗੇ ਬੰਦੇ ਨੂੰ ਵੀ ਪੂਰੀ ਸਮਝ ਪੈ ਜਾਂਦੀ ਹੈ। ਸੌਖਾ ਲਿਖਣਾ ਔਖਾ ਹੈ। ਇਸ ਲਈ ਬੜੀ ਹੀ ਘਾਲ ਅਤੇ ਕਮਾਈ ਦੀ ਲੋੜ ਹੁੰਦੀ ਹੈ।

Digitized by Arya Samaj Foundation Chennai and eGangotri

ਦੁਪਹਿਰੇ ਖਾਣਾ ਖਾ ਕੇ ਅਸੀਂ ਸਭ ਆਰਾਮ ਕਰਨ ਲਗੇ। ਸਾਢੇ ਤਿੰਨ ਦੇ ਨੇੜੇ ਅਸੀਂ ਜਾਣ ਲਈ ਤਿਆਰ ਹੋਏ। ਚਾਰ ਸਵਾ ਚਾਰ ਅਸੀਂ ਸਰਫ਼ਰਾਜ਼ ਦੇ ਘਰ ਸਾਂ।

ਸਰਫ਼ਰਾਜ਼ ਬੜਾ ਹੀ ਕੋਮਲ ਭਾਵੀ ਨੌਜਵਾਨ ਸੀ। ਬੜੇ ਹੀ ਸੁੰਦਰ ਜਜ਼ਬੇ ਉਸ ਦੇ ਦਿਲ ਵਿਚ ਭਰੇ ਹੋਏ ਸਨ। ਮੇਰੀ ਕਵਿਤਾ ਸੁਣਦੇ ਸੁਣਦੇ ਉਸ ਦੀਆਂ ਅੱਖਾਂ ਆਪ-ਮੁਹਾਰੀਆਂ ਪਾਣੀ ਨਾਲ ਭਰ ਆਈਆਂ ਸਨ। ਭਰੀਆਂ ਅੱਖਾਂ ਨਾਲ ਹੀ ਉਸ ਨੇ ਸਾਨੂੰ ਆਪਣੇ ਘਰ ਆਉਣ ਲਈ ਅੱਜ ਦੀ ਦਾਅਵਤ ਦਿਤੀ ਸੀ। ਅਸੀਂ ਹਿੰਦੋਸਤਾਨੀ ਸਾਂ, ਸਰਫ਼ਰਾਜ਼ ਪਾਕਿਸਤਾਨੀ। ਕਦੇ ਅਸੀਂ ਲੜੇ ਸਾਂ, ਪਰ ਅੱਜ ਅਸੀਂ ਇਕ ਦੂਜੇ ਲਈ ਤੜਪ ਤੜਪ ਜਾ ਰਹੇ ਸਾਂ। ਹਾਏ! ਅਸੀਂ ਕਿਉਂ ਲੜੇ?

ਅਸੀਂ ਸਰਫ਼ਰਾਜ਼ ਦੇ ਫਰੰਟ ਵਿਚ ਬਹਿ ਗਏ ਸਾਂ। ਸਰਫ਼ਰਾਜ਼ ਦਾ ਧਰਤੀ ਉਤੇ ਪੈਰ ਨਹੀਂ ਲਗ ਰਿਹਾ ਸੀ। ਉਸ ਨੇ ਆਪਣੇ ਰਿਸ਼ਤੇਦਾਰਾਂ ਨੂੰ ਆਉਣ ਲਈ ਕਿਹਾ ਹੋਇਆ ਸੀ। ਇਕ ਦੋ ਆਪਣੇ ਹੋਰ ਦੋਸਤ ਵੀ ਉਸ ਨੇ ਸੱਦੇ ਹੋਏ ਸਨ। ਸਾਰੇ ਪਹੁੰਚ ਰਹੇ ਸਨ।

ਸਰਫ਼ਰਾਜ਼ ਦਾ ਬੁੱਢਾ ਅੱਬਾ ਉਤਲੀ ਮੰਜ਼ਲ ਉਤੇ ਸੀ। ਉਸ ਨੂੰ ਪਤਾ ਲਗਾ ਤਾਂ ਉਤਸੁਕ ਜਿਹਾ ਹੋ ਕੇ ਉਹ ਹੌਲੀ ਹੌਲੀ ਹੇਠਾਂ ਆਇਆ। ਉਸ ਨੇ ਬੂਹਾ ਖੋਹਲਿਆ, ਅੰਦਰ ਦਾਖ਼ਿਲ ਹੋ ਕੇ ਉਸ ਨੇ ਦੋਵੇਂ ਹੱਥ ਜੋੜੇ ਤੇ ਸਿਰ ਨਿਵਾ ਕੇ ਆਖਿਆ: 'ਸਤਿ ਸ੍ਰੀ ਅਕਾਲ।" ਯਕੀਨ ਜਾਣੋ, ਮੇਰੀਆਂ ਅੱਖਾਂ ਪਾਣੀ ਨਾਲ ਭਰ ਆਈਆਂ ਸਨ। ਸਰਫ਼ਰਾਜ਼ ਦਾ ਬੁੱਢਾ ਅੱਬਾ ਬਹੁਤ ਹੀ ਜ਼ਈਫ਼ ਸੀ। ਅਸੀਂ ਹਿੰਦੋਸਤਾਨੀ ਸਾਂ। ਸਾਡਾ ਮਜ਼ਹਬ ਸਿੱਖ ਸੀ। ਸਰਫ਼ਰਾਜ਼ ਦਾ ਬੁੱਢਾ ਅੱਬਾ ਸਤਿ ਸ੍ਰੀ ਅਕਾਲ ਕਹਿ ਕੇ ਹਿੰਦੋਸਤਾਨ ਦੀ ਧਰਤੀ ਦਾ ਸਤਿਕਾਰ ਕਰਨਾ ਚਾਹੁੰਦਾ ਸੀ।

ਸਰਫ਼ਰਾਜ਼ ਦੇ ਬੁੱਢੇ ਅੱਬਾ! ਅੱਸਲਾਮਾਲੇਕਮ। ਹਜ਼ਾਰ ਵਾਰ ਮੈਂ ਤੈਨੂੰ ਅੱਸਲਾਮਾਲੇਕਮ ਕਹਿੰਦਾ ਹਾਂ। ਨਹੀਂ, ਦਸ ਹਜ਼ਾਰ ਵਾਰ। ਸਰਫ਼ਰਾਜ਼ ਦੇ ਬੁੱਢੇ ਅੱਬਾ! ਤੇਰੀ ਧਰਤੀ ਜ਼ਿੰਦਾ ਰਹੇ।

ਹਾਏ ਰੱਬਾ! "ਤੇਰੀ" ਅਤੇ "ਮੇਰੀ" ਧਰਤੀ ਹੋ ਗਈ? ਅਸੀਂ "ਹਿੰਦੋਸਤਾਨੀ" ਅਤੇ "ਪਾਕਿਸਤਾਨੀ" ਹੋ ਗਏ? ਹਾਏ! ਅਸੀਂ ਕੌਣ ਹਾਂ?

ਗੁਰੂ ਨਾਨਕ ਕਹਿੰਦਾ ਸੀ, ਅਸੀਂ ਸਭ ਇਨਸਾਨ ਹਾਂ ਤੇ ਇਕੋ ਅੱਲਾ ਦੇ ਪੁੱਤਰ ਹਾਂ। ਇਹੋ ਗੱਲ ਫ਼ਰੀਦ ਸ਼ਕਰਗੰਜ ਨੇ ਸਾਨੂੰ ਆਖੀ ਸੀ। ਪਰ ਅਸੀਂ ਨਾ ਫ਼ਰੀਦ ਦੀ ਸੁਣੀ, ਨਾ ਹੀ ਗੁਰੂ ਨਾਨਕ ਦੀ। ਅਸੀਂ ਆਪਣੇ ਕੰਨਾਂ ਵਿਚ ਉਂਗਲੀਆਂ ਦੇ ਲਈਆਂ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਗਰੇਜ਼ ਸਾਡਾ ਹਾਕਮ ਸੀ। ਪਾੜੋ ਅਤੇ ਰਾਜ ਕਰੋ ਦੀ ਨੀਤੀ ਉਤੇ ਚਲਦਾ ਸੀ। ਚੰਗੇ ਭਲੇ ਇਨਸਾਨ ਸਾਂ, ਉਸ ਨੇ ਸਾਨੂੰ "ਹਿੰਦੂ" ਅਤੇ "ਮੁਸਲਮਾਨ" ਬਣਾਇਆ ਤੇ ਫੇਰ ਸਾਨੂੰ ਇਕ ਦੂਜੇ ਦੇ ਗਲ ਪੈਣ ਲਈ ਆਖਿਆ। ਫੇਰ ਅਸੀਂ ਲੜੇ ਤੇ ਇਕ ਦੂਜੇ ਦੇ ਵੈਰੀ ਬਣੇ। ਸਾਮਰਾਜ, ਅੰਗਰੇਜ਼ੀ ਸਾਮਰਾਜ, ਨੂੰ ਬਹੁਤ ਖ਼ੁਸ਼ੀ ਹੋਈ। ਉਸ ਦੀ ਇੱਛਾ ਪੂਰੀ ਹੋਈ।

ਸਰਫ਼ਰਾਜ਼ ਦੀ ਬੁੱਢੀ ਮਾਂ ਵੀ ਕਮਰੇ ਵਿਚ ਆ ਗਈ ਸੀ। ਸਰਫ਼ਰਾਜ਼ ਦੀਆਂ ਭੈਣਾਂ ਵੀ ਤੇ ਹੋਰ ਬੱਚੇ ਬੱਚੀਆਂ ਵੀ। ਮੈਂ ਉਹਨਾਂ ਨੂੰ ਆਪਣੀ ਕਵਿਤਾ "ਹੇ ਮੇਰੇ ਪੰਜਾਬ" ਸੁਣਾਈ।

ਸਰਫ਼ਰਾਜ਼ ਦੀ ਬੁੱਢੀ ਮਾਂ ਦੇ ਅੱਥਰੂ ਵਗਣ ਲਗ ਗਏ ਸਨ। ਉਹ ਸੋਫ਼ੇ ਉਤੇ ਬੈਠੀ ਸੀ। ਉਸ ਨੇ ਆਪਣੇ ਪੈਰ ਵੀ ਸੋਫ਼ੇ ਉਤੇ ਹੀ ਕਰ ਲਏ ਸਨ। ਜਦੋਂ ਕਵਿਤਾ ਸਤਿਲੁਜ ਅਤੇ ਬਿਆਸ ਉਤੇ ਆ ਗਈ ਸੀ, ਉਸ ਨੇ ਆਪਣੇ ਸਿਰ ਨੂੰ ਆਪਣੇ ਗੋਡਿਆਂ ਵਿਚ ਰੱਖ ਲਿਆ ਸੀ। ਜਦੋਂ ਕਵਿਤਾ ਰਾਵੀ ਅਤੇ ਚਨਾਬ ਦਾ ਨਾਂ ਲੈ ਰਹੀ ਸੀ, ਸਰਫ਼ਰਾਜ਼ ਦੀ ਬੁੱਢੀ ਮਾਂ ਦੇ ਦਿਲ ਵਿਚ ਧੂਹ ਪੈ ਰਹੀ ਸੀ। ਆਖ਼ਿਰ ਉਸ ਦੇ ਦਿਲ ਦਾ ਪਾਣੀ ਅੱਖਾਂ ਵਿਚ ਆ ਗਿਆ ਸੀ।

ਵੱਡੇ ਲੋਕ ਸਤਿਲੁਜ ਅਤੇ ਬਿਆਸ ਦੀ ਰੂਹ ਤੋਂ ਜਾਣੂ ਸਨ। ਰਾਵੀ ਅਤੇ ਚਨਾਬ ਉਹਨਾਂ ਦੇ ਦਿਲ ਵਿਚ ਉਤਰੇ ਹੋਏ ਸਨ। ਪਰ ਜਿਹੜੇ ਬੱਚੇ ਬਾਰਾਂ, ਚੋਦਾਂ, ਸੋਲਾਂ ਵਰ੍ਹੇ ਦੇ ਨੇੜੇ ਸਨ, ਸਤਿਲੁਜ ਅਤੇ ਬਿਆਸ ਦੀ ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ। ਰਾਵੀ ਅਤੇ ਚਨਾਬ ਵੀ ਉਹਨਾਂ ਲਈ ਅਰਥ ਜਿਹੇ ਨਹੀਂ ਰੱਖਦੇ ਸਨ। ਉਹਨਾਂ ਨੂੰ ਥੇਮਜ਼ ਦਾ ਪਤਾ ਸੀ, ਪਰ ਰਾਵੀ ਅਤੇ ਚਨਾਬ ਉਹਨਾਂ ਦੀ ਰੂਹ ਦਾ ਹਿੱਸਾ ਨਹੀਂ ਸਨ।

ਚਾਹ ਆਈ; ਪਕੌੜੇ ਆਏ; ਪਕੌੜੇ ਬੜੇ ਸੁਆਦੀ ਸਨ। ਬਿਲਕੁਲ ਸਾਡੇ ਵਾਂਗ ਹੀ ਸਨ। ਅਖੇ ਜੀ ਮੁਸਲਮਾਨ ਹਨ। ਇਹਨਾਂ ਦੇ ਘਰ ਦੀ ਚੀਜ਼ ਨਹੀਂ ਖਾਣੀ। ਫੇਰ ਗਊ ਤੇ ਸੂਰ ਹਨ। ਦੱਸੋ, ਕੀ ਬਕਵਾਸ ਹੈ ਇਹ ?

ਇਕ ਲਈ ਗਊ ਚੰਗੀ ਹੈ, ਦੂਜੇ ਲਈ ਬਹੁਤ ਬੁਰੀ ਹੈ। ਇਕ ਲਈ ਸੂਰ ਹਲਾਲ ਹੈ, ਦੂਜੇ ਲਈ ਹਰਾਮ ਹੈ। ਅੰਗਰੇਜ਼, ਸਾਡੇ ਦੇਸ਼ ਵਿਚ, ਗਊ ਤੇ ਸੂਰ ਦੋਹਾਂ ਨੂੰ ਹੀ ਚੱਟਮ ਕਰਦਾ ਰਹਿੰਦਾ ਸੀ। ਉਸ ਨੂੰ ਕੁਝ ਨਹੀਂ ਹੁੰਦਾ ਸੀ।

ਏਥੇ ਗਊ ਤੇ ਸੂਰ ਦੋਹਾਂ ਨੂੰ ਕਤਲ ਕੀਤਾ ਜਾਂਦਾ ਹੈ। ਏਥੇ ਗਊ ਵੀ ਹਜਮ ਹੈ ਤੇ ਸੂਰ ਵੀ ਲੋਕੀਂ ਖਾਂਦੇ ਹਨ। ਠੀਕ ਹੈ, ਖ਼ੁਰਾਕ ਹੈ, ਚਾਹੇ ਖਾਓ, ਚਾਹੇ ਨਾ ਖਾਓ। ਧਰਮ ਦਾ ਇਸ ਵਿਚ ਦਖ਼ਲ ਕੀ ? ਕਈ ਅੰਗਰੇਜ਼ ਅਜਿਹੇ ਹਨ ਜੋ ਉੱਕਾ ਗੋਸ਼ਤ ਨਹੀਂ ਖਾਂਦੇ। ਕਈ ਅੰਗਰੇਜ਼ ਸ਼ਰਾਬ, ਅਤੇ ਸਿਗਰਟ ਤਕ ਵੀ, ਨਹੀਂ ਪੀਂਦੇ। ਇਹ ਤਾਂ ਆਪਣੀ ਮਰਜ਼ੀ ਹੈ। ਇਸ ਵਿਚ ਕਿਸੇ ਦੂਜੇ ਦਾ ਜਾਂ ਤੀਜੇ ਦਾ ਦਖ਼ਲ ਨਹੀਂ ਹੈ।

ਸ਼ਾਮ ਦੇ ਸਾਢੇ ਛੇ ਕਿ ਪੌਣੇ ਸੱਤ ਦਾ ਸਮਾਂ ਹੋ ਗਿਆ ਸੀ। ਅਸੀਂ ਸਾਰੇ ਉਠੇ ਤੇ ਜਾਣ ਲਈ ਤਿਆਰ ਹੋਏ।

ਅਸੀਂ ਉਸ ਅੰਗਰੇਜ਼ਾਂ ਵਾਲੀ ਮਹਿਫ਼ਲ ਵਿਚ ਨਹੀਂ ਗਏ ਸਾਂ। ਕਿਸੇ ਕਾਰਨ ਅਸੀਂ ਉਸ ਵਿਚ ਪਹੁੰਚ ਹੀ ਨਹੀਂ ਸਕੇ ਸਾਂ। ਇਹ ਪ੍ਰੋਗਰਾਮ ਹੁਣ ਕਦੇ ਵੇਰ ਉਤੇ ਜਾ ਪਿਆ ਸੀ।

CC-0. In Public Domain. Gurukul Kangri Collection, Haridwar

ਬੜੇ ਹੀ ਚੰਗੇ ਤਜਰਬੇ ਲੈ ਕੇ ਸਰਫ਼ਰਾਜ਼ ਦੇ ਘਰੋਂ ਅਸੀਂ ਵਾਪਸ ਪਰਤ ਰਹੇ ਸਾਂ।

Digitized by Arya Samaj Foundation Chennai and eGangotri

## ੪

ਅਗਲੇ ਦਿਨ, ਪੰਦਰਾਂ ਅਗਸਤ, ਮੈਂ ਗਲਾਸਗੋ ਜਾਣਾ ਸੀ। ਉਥੇ ਆਈ. ਡਬਲਿਊ. ਏ. (ਇੰਡੀਅਨ ਵਰਕਰਜ਼ ਐਸੋਸੀਏਸ਼ਨ) ਨੇ ਭਾਰਤ ਦਾ ਆਜ਼ਾਦੀ ਦਿਵਸ ਮਨਾਉਣ ਲਈ ਜਲਸਾ ਕਰਨਾ ਸੀ ਤੇ ਮੈਨੂੰ ਸੱਦਿਆ ਗਿਆ ਸੀ। ਸਵੇਰੇ, ਲਿਵਰਪੂਲ ਤੋਂ, ਮੈਂ ੯-੪੩ ਦੀ ਗੱਡੀ ਫੜੀ। ਦੁਪਹਿਰੇ ਜਿਹੇ, ਉੱਡਦਾ ਹੋਇਆ, ਮੈਂ ਗਲਾਸਗੋ ਪੁੱਜ ਗਿਆ।

ਯੂਸਟਨ ਤੋਂ ਜਿੰਨੀ ਕੁ ਦੂਰ ਲਿਵਰਪੂਲ ਪੈਂਦਾ ਸੀ, ਲਿਵਰਪੂਲ ਤੋਂ ਏਨਾ ਹੀ ਗਲਾਸਗੋ ਦਾ ਸਫ਼ਰ ਸੀ। ਪਹਿਲਾਂ ਸਿਰਫ਼ ਇੰਗਲੈਂਡ ਸੀ, ਹੁਣ ਅੱਧ ਤੋਂ ਅੱਗੇ ਜਿਹੇ ਸਕਾਟਲੈਂਡ ਦੀ ਧਰਤੀ ਸੀ।

ਸ਼ਾਮ ਨੂੰ, ਗਲਾਸਗੋ, ਮੈਂ ਭਾਰਤ ਦੀ ਆਜ਼ਾਦੀ ਦੇ ਸਮਾਗਮ ਵਿਚ ਤਕਰੀਰ ਕੀਤੀ। ਸਮਾਗਮ ਬਹੁਤ ਸਫਲ ਸੀ। ਸਾਰਾ ਹਾਲ ਦਰਸ਼ਕਾਂ ਨਾਲ ਖਚਾ-ਖਚ ਭਰਿਆ ਹੋਇਆ ਸੀ।

ਗਲਾਸਗੋ—ਸਕਾਟਲੈਂਡ—ਮੈਂ ਕਈ ਦਿਨ ਰਹਿਣਾ ਚਾਹੁੰਦਾ ਸਾਂ। ਪਰ ਅਗਲੇ ਦਿਨ ਹੀ, ਸੋਲਾਂ ਅਗਸਤ, ਮੈਂ ਸਾਊਥਾਲ ਵਿਚ ਬੋਲਣਾ ਸੀ। ਆਈ. ਡਬਲਿਊ. ਏ. ਵਲੋਂ ਉਥੇ ਵੀ ਆਜ਼ਾਦੀ ਦਿਵਸ ਮਨਾਉਣ ਲਈ ਸਮਾਗਮ ਸੀ।

ਅਗਲੇ ਦਿਨ, ਗਲਾਸਗੋ ਤੋਂ, ਦਸ ਵਜ ਕੇ ਦਸ ਮਿੰਟ ਦੀ ਬ੍ਰਿਟਿਸ਼ ਰੇਲ ਸਵਾਰ ਹੋਇਆ। ਬੜੀ ਹੀ ਸੁੰਦਰ ਵਾਦੀ ਵਿਚੋਂ ਰੇਲ ਨੱਸੀ ਜਾਂਦੀ ਸੀ। ਮਖ਼ਮਲ ਵਰਗੀ, ਹਰੀ, ਕਚੂਰ, ਬੜੀ ਹੀ ਖ਼ੂਬਸੂਰਤ ਘਾਹ। ਕਿਤੇ ਕਿਤੇ ਹਰੀਆਂ ਅਤੇ ਨੀਲੀਆਂ ਪਹਾੜੀਆਂ। ਧਰਤੀ ਉਤੇ, ਕਿਤੇ ਕਿਤੇ, ਸਾਵੇ ਅਤੇ ਜਾਮਣੀ ਕਾਲੀਨ ਵਿਛੇ ਹੋਏ ਸਨ ਜੋ ਕੂਲੇ ਅਤੇ ਮੋਟੇ ਸਨ। ਬਹਿਸ਼ਤ ਦੇ ਇਸ ਟੁਕੜੇ ਵਿਚੋਂ, ਅੱਸੀ-ਨੱਬੇ ਮੀਲ ਦੀ ਰਫ਼ਤਾਰ ਨਾਲ ਗੱਡੀ ਉੱਡੀ ਜਾਂਦੀ।

ਗੱਡੀ ਤੇਜ਼ ਹੀ ਨਹੀਂ ਸੀ, ਉਂਜ ਵੀ ਬਹੁਤ ਸੁਹਣੀ ਸੀ। ਬ੍ਰਿਟਿਸ਼ ਰੇਲ, ਵਿਚੋਂ, ਕਾਫ਼ੀ ਸੁਹਣੀ ਬਣੀ ਹੋਈ ਹੁੰਦੀ ਹੈ। ਫ਼ੁੱਲਾਂ ਵਾਲੀਆਂ, ਗੱਦੇਦਾਰ, ਮਖ਼ਮਲੀ ਸੀਟਾਂ ਹੁੰਦੀਆਂ ਹਨ। ਅਜਿਹੀ ਰੇਲ, ਸਾਡੇ, ਰਾਸ਼ਟਰਪਤੀ ਦੀ ਹੁੰਦੀ ਹੋਵੇਗੀ।

ਕੰਬਰਲੈਂਡ, ਲੰਕਾਸ਼ਾਇਰ ਤੇ ਮਿਡਲੈਂਡ ਦੀਆਂ ਕਾਊਂਟੀਆਂ ਵਿਚੋਂ ਉੱਡਦੀ ਹੋਈ ਬ੍ਰਿਟਿਸ਼ ਰੇਲ ੩-੧੦ ਯੂਸਟਨ ਪੁੱਜੀ। ਚਾਰ ਸੌ ਮੀਲ ਦਾ ਸਫ਼ਰ ਸੀ। ਕੇਵਲ ਪੰਜਾਂ ਘੰਟਿਆਂ ਵਿਚ ਇਹ ਸਫ਼ਰ ਕੱਟਿਆ ਗਿਆ ਸੀ। ਸਫ਼ਰ ਦੀ ਥਕਾਵਟ ਵੀ ਕੋਈ ਲਾਗੇ ਚਾਗੇ ਨਹੀਂ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਵਿਚ ਪੰਦਰਾਂ ਅਗਸਤ

ਭਾਰਤ ਦਾ ਆਜ਼ਾਦੀ ਦਿਵਸ, ਪੰਦਰਾਂ ਅਗਸਤ, ਇੰਗਲੈਂਡ ਵਿਚ, ਸਾਡੇ ਲੋਕੀ ਚਾਵਾਂ ਅਤੇ ਖ਼ੁਸ਼ੀਆਂ ਨਾਲ ਮਨਾਉਂਦੇ ਹਨ । ਲਗ ਪਗ ਇਕ ਮਹੀਨਾ ਇਹ ਸਮਾਗਮ ਚਲਦੇ ਰਹਿੰਦੇ ਹਨ ।

ਮੈਨੂੰ ਅੱਠ ਸਮਾਗਮਾਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਗਲਾਸਗੋ, ਸਾਊਥਾਲ, ਲਿਸਟਰ, ਵੁਲਵਰਹੈਮਪਟਨ, ਹੱਡਰਸਫੀਲਡ, ਰੈਡਿੰਗ, ਨੌਟਿੰਘਮ ਅਤੇ ਲਿਮਿੰਗਟਨ-ਸਪਾ । ਅੱਠਾਂ ਵਿਚ ਮੈਂ ਹਿੰਦੋਸਤਾਨ ਦੀ ਹਾਲਤ ਬਾਰੇ ਬੋਲਿਆ । ਮੈਥੋਂ ਹਿੰਦੋਸਤਾਨ ਬਾਰੇ ਹੀ ਲੋਕੀ ਸੁਣਨਾ ਚਾਹੁੰਦੇ ਸਨ ।

ਇਹਨੀਂ ਦਿਨੀਂ ਹਿੰਦੋਸਤਾਨ ਦੀ ਹਾਲਤ ਬਹੁਤ ਹੀ ਭੈੜੀ ਸੀ। ਮਹਿੰਗਾਈ, ਗ਼ਰੀਬੀ, ਰਿਸ਼ਵਤ, ਭਰਿਸ਼ਟਾਚਾਰ ਸਿਖਰਾਂ ਨੂੰ ਛੂਹ ਰਹੇ ਸਨ । ਚੋਰ-ਬਾਜ਼ਾਰੀ ਆਮ ਸੀ । ਦੇਸ਼ ਵਿਚ ਸਮਗਲਰਾਂ ਦੇ ਨਾਂ ਦਾ ਸਿੱਕਾ ਚਲਦਾ ਸੀ । ਕਾਲਾ ਧਨ ਮੁਕਾਬਲੇ ਦੀ ਸਰਕਾਰ ਬਣਾਈ ਬੈਠਾ ਸੀ । ਸਿੱਕੇ ਦੇ ਫੈਲਾਅ ਨੇ ਵੀ ਤਕਲੀਫ਼ ਵਧਾਈ ਹੋਈ ਸੀ । ਹਿੰਦੋਸਤਾਨ, ਸਮਝੋ, ਅੱਗ ਦੀਆਂ ਲਾਟਾਂ ਵਿਚ ਸੜ ਰਿਹਾ ਸੀ ।

ਬਨਾਸਪਤੀ ਘੀ ਵਿਚ ਗਰੀਸ ਮਿਲਾਈ ਜਾਂਦੀ ਸੀ। ਮਸਾਲਿਆਂ ਵਿਚ ਘੋੜਿਆਂ ਦੀ ਲਿੱਦ ਦੀਆਂ ਗੱਲਾਂ ਆਮ ਸਨ । ਜ਼ਹਿਰ ਬਾਰੇ ਵੀ, ਕਹਿੰਦੇ ਸਨ, ਜੇ ਕਿਸੇ ਨੇ ਖ਼ੁਦਕੁਸ਼ੀ ਲਈ ਜ਼ਹਿਰ ਖਾਣੀ ਹੋਵੇ ਤਾਂ ਉਹ ਵੀ ਸ਼ੁੱਧ ਨਹੀਂ ਮਿਲਦੀ ਸੀ। ਪਹਿਲਾਂ ਚੀਜ਼ਾਂ ਮਹਿੰਗੀਆਂ ਸਨ, ਫੇਰ ਉਹ ਸ਼ੁੱਧ ਵੀ ਨਹੀਂ ਸਨ, ਮਿਲਾਵਟ ਵਾਲੀਆਂ ਹੁੰਦੀਆਂ ਸਨ। ਉਹ ਵੀ ਮਿਲਦੀਆਂ ਨਹੀਂ ਸਨ, ਗੁਦਾਮਾਂ ਅਤੇ ਜ਼ਖ਼ੀਰਿਆਂ ਵਿਚ ਲੁਕਾ ਕੇ ਰੱਖੀਆਂ ਹੁੰਦੀਆਂ ਸਨ । ਸੱਟੇਬਾਜ਼, ਲੁਟੇਰੇ ਅਤੇ ਚੋਰ ਬਾਜ਼ਾਰੀ ਕਰਨ ਵਾਲੇ, ਜਿਨ੍ਹਾਂ ਦੇ ਮੂੰਹ ਨੂੰ ਖ਼ੂਨ ਪੀਣ ਦੀ ਚੇਟਕ ਲਗੀ ਹੋਈ ਸੀ, ਪਹਿਲਾਂ ਇਹਨਾਂ ਚੀਜ਼ਾਂ ਦੀ ਬਨਾਉਟੀ ਥੁੜ ਦਰਸਾਉਂਦੇ ਸਨ ਤੇ ਫੇਰ ਕੀਮਤਾਂ ਉੱਚੀਆਂ ਕਰ ਕੇ ਦੁਖੀ ਅਤੇ ਲਾਚਾਰ ਲੋਕਾਂ ਦੇ ਲਹੂ ਵਿਚ ਚਾਘੀਆਂ ਲਾਉਂਦੇ ਸਨ । ਕੁਹਰਾਮ ਮਚਿਆ ਹੋਇਆ ਸੀ। ਕਿਸੇ ਨੂੰ ਕੁਝ ਨਹੀਂ ਸੁੱਝਦਾ ਸੀ ਕਿ ਕੀ ਕਰੇ ਤੇ ਕਿੱਧਰ ਜਾਵੇ ।

ਮੈਂ ਜਦੋਂ ਬੋਲਦਾ ਤਾਂ ਦੇਸ਼ ਦੀ ਇਸ ਹਾਲਤ ਦੀ ਤਸਵੀਰ ਹੀ ਬਹੁਤੀ ਪੇਸ਼ ਕਰਦਾ । ਦੇਸ਼ ਦੀ ਹਾਲਤ ਸੁਣਦੇ ਸੁਣਦੇ ਲੋਕੀ ਬਹੁਤ ਗੰਭੀਰ ਹੋ ਜਾਂਦੇ ।

ਹਾਲਤ ਸੀ ਵੀ ਬਹੁਤ ਬੁਰੀ । ੧੯੭੩ ਦੇ ਸਤੰਬਰ ਵਿਚ ਰੁਪਏ ਦੀ ਕੀਮਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੈਂਤੀ ਪੈਸੇ ਰਹਿ ਗਈ ਸੀ। ਸਾਲ ਹੋਣ ਨੂੰ ਆਇਆ ਸੀ। ਇਹ ਕੀਮਤ ਅੱਵਲ ਤਾਂ ਹੁਣ ਪੱਚੀ ਪੈਸੇ ਰਹਿ ਗਈ ਸੀ, ਪਰ ਜੇ ਅਜੇ ਪੱਚੀ ਨਹੀਂ ਤਾਂ ਤੀਹ ਜ਼ਰੂਰ ਰਹਿ ਗਈ ਸੀ, ਅਤੇ ਇਹ ਅਨਰਥ ਸੀ। ਦੇਣਾ ਇਕ ਰੁਪਿਆ ਜਾਂ ਸੌ ਪੈਸੇ ਪੈਂਦੇ ਸਨ, ਚੀਜ਼ ਤੀਹ ਦੀ ਮਿਲਦੀ ਸੀ। ਕਾਮਿਆਂ ਦੀ, ਇਸ ਹਿਸਾਬ, ਦੂਹਰੀ ਲੁੱਟ ਹੋ ਰਹੀ ਸੀ। ਜਿਨ ਕੰਮ ਦਾ ਇਕ ਰੁਪਿਆ ਉਹਨਾਂ ਨੂੰ ਮਿਲਣਾ ਚਾਹੀਦਾ ਸੀ, ਉਸ ਦੇ ਕੇਵਲ ਤੀਹ ਪੈਸੇ ਹੀ ਉਹਨਾਂ ਨੂੰ ਦਿਤੇ ਜਾਂਦੇ ਸਨ। ਰੁਪਿਆ, ਸੁੱਕੇ ਹੋਏ ਛਿੱਲੜ ਵਾਂਗ, ਨਭਾਗਾ ਜਿਹਾ ਲਗ ਰਿਹਾ ਸੀ। ਇਸੇ ਤਰ੍ਹਾਂ ਹੀ ਹਿੰਦੋਸਤਾਨ ਨਭਾਗਾ ਜਿਹਾ ਲਗ ਰਿਹਾ ਸੀ। ਅਜਿਹੀ ਭੈੜੀ ਹਾਲਤ ਵਿਚ ਕਿਸੇ ਕੌਮ ਦੇ ਚਿਹਰੇ ਉਤੇ ਭਾਗ ਕਿਵੇਂ ਆ ਸਕਦਾ ਹੈ?

ਮੇਰੇ ਆਪਣੇ ਪਿੰਡ ਵਿਚ, ਮੈਂ ਇਹ ਦੇਖਦਾ ਗਿਆ ਸਾਂ, ਕਿਸਾਨ ਔਰਤਾਂ ਹੱਟੀਆਂ ਉਤੇ ਸੌਦਾ ਲੈਣ ਲਈ ਜਾਂਦੀਆਂ ਤਾਂ ਪੁੜੀਆਂ ਵਿਚ ਅੱਧ ਅੱਧ ਪਾ ਦਾਲਾਂ ਲੈ ਕੇ ਆਉਂਦੀਆਂ। ਪੰਜਾਬ ਦੇ ਕਿਸਾਨ ਬਾਰੇ ਇਕ ਗੱਲ ਆਖੀ ਜਾਂਦੀ ਹੈ: ਇਹ ਕਿਸਾਨ ਬਾਕੀ ਸਾਰੇ ਭਾਰਤ ਦੇ ਕਿਸਾਨਾਂ ਨਾਲੋਂ ਚੰਗਾ ਖਾਂਦਾ ਪੀਂਦਾ ਹੈ। ਇਹ ਕਿਸਾਨ ਅੱਧ ਅੱਧ ਪਾ ਦਾਲਾਂ ਨਹੀਂ ਸੀ ਚਾੜ੍ਹਦਾ ਹੁੰਦਾ, ਆਪਣੇ ਘਰ ਦੀਆਂ ਮੱਟੀਆਂ ਵਿਚੋਂ ਹਰ ਕਿਸਮ ਦੀਆਂ ਦਾਲਾਂ ਇਸ ਨੇ ਛੰਨੇ ਭਰ ਭਰ ਚਾੜ੍ਹੀਆਂ ਹਨ। ਪਰ ਜੇ ਹੁਣ ਕਿਸਾਨ ਔਰਤਾਂ ਹੱਟੀਆਂ ਉਤੋਂ ਅੱਧ ਅੱਧ ਪਾ ਦਾਲਾਂ ਲੈਣ ਲਈ ਜਾਂਦੀਆਂ ਸਨ ਤਾਂ ਇਸ ਦਾ ਕੋਈ ਕਾਰਨ ਸੀ। ਹਿੰਦੋਸਤਾਨ ਦਾ ਅਰਥਚਾਰਾ ਪਲੋ ਪਲ ਨਿੱਘਰ ਰਿਹਾ ਸੀ। ਅਤੇ ਫੇਰ ਪੰਜਾਬ ਵਿਚ ਸਭ ਕਿਸਾਨ ਹੀ ਨਹੀਂ ਹਨ, ਬੇ-ਜ਼ਮੀਨੇ ਵੀ ਬਹੁਤ ਹਨ। ਇਹਨਾਂ ਬੇ-ਜ਼ਮੀਨਿਆਂ ਦਾ ਹਾਲ ਕੀ ਹੁੰਦਾ ਹੋਵੇਗਾ, ਹਿਸਾਬ ਲਾਉਣਾ ਮੁਸ਼ਕਿਲ ਨਹੀਂ।

ਮੁਲਕ ਜਿਸ ਬੇਚੈਨੀ ਵਿਚੋਂ ਇਹਨੀਂ ਦਿਨੀਂ ਲੰਘ ਰਿਹਾ ਸੀ, ਉਸ ਦਾ ਵਰਣਨ ਔਖਾ ਹੈ। ਹਾਲਤ ਹੁਣ ਵੀ ਬੁਰੀ ਹੈ, ਪਰ ਹੁਣ ਐਮਰਜੰਸੀ ਕਰਕੇ (ਸੰਨ ੭੫ ਦੇ ਪਿਛਲੇ ਅੱਧ ਵਿਚ) ਥੋੜੀ ਠਲ੍ਹ ਪੈ ਗਈ ਹੈ। ਕੀਮਤਾਂ ਥੱਲੇ ਆਈਆਂ ਹਨ ਤੇ ਚੀਜ਼ਾਂ ਮਿਲਣ ਲਗ ਪਈਆਂ ਹਨ। ਉਦੋਂ ਤਾਂ ਰਾਹ ਹੀ ਨਹੀਂ ਸੀ ਕੋਈ।

ਜਿਸ ਸਮੇਂ ਮੈਂ ਹੱਟੀਆਂ ਉਤੋਂ ਅੱਧ ਅੱਧ ਪਾ ਦਾਲਾਂ ਲੈ ਕੇ ਆਉਣ ਦਾ ਜ਼ਿਕਰ ਕਰਦਾ ਸਾਂ ਤਾਂ ਥੋੜਾ ਥੋੜਾ ਮੇਰਾ ਆਪਣਾ ਗਲ ਵੀ ਭਰ ਜਿਹਾ ਜਾਂਦਾ ਸੀ। ਕਿਉਂਕਿ ਇਹ ਕਿਸਾਨ ਔਰਤਾਂ ਹੱਟੀਆਂ ਉਤੋਂ ਇਉਂ ਲੁਕਾ ਕੇ ਦਾਲਾਂ ਲੈ ਕੇ ਆਉਂਦੀਆਂ ਸਨ ਜਿਵੇਂ ਕੋਈ ਚੋਰੀ ਕਰਨੀ ਹੋਵੇ। ਕੀ ਕਹਿਣਗੇ ਦੇਖਣ ਵਾਲੇ? ਜੱਟ ਜਾਂ ਜ਼ਿਮੀਂਦਾਰ ਹੋ ਕੇ ਹੱਟੀ ਉਤੋਂ ਏਨੀ ਥੋੜੀ ਦਾਲ ਲਿਆ ਕੇ ਚਾੜ੍ਹੀ ਹੈ? ਬੱਸ—ਘਰ ਵਿਚ ਕੁਝ ਵੀ ਨਹੀਂ?

ਜੀਵਨ ਵਿਚ ਕਲ੍ਹਾ-ਕਲੇਸ਼ ਜਾਂ ਝਗੜੇ ਆਮ ਹੋ ਗਏ ਹਨ। ਘਰਾਂ ਵਿਚ ਲੜਾਈਆਂ ਹਨ। ਇਹ ਲੜਾਈਆਂ ਕਿਉਂ ਹਨ? ਵੱਡਾ ਕਾਰਨ ਇਹਨਾਂ ਪਿਛੇ ਆਰਥਕ ਗ਼ਰੀਬੀ ਹੈ। ਜਿਥੇ ਖਾਣ ਨੂੰ ਘਰ ਵਿਚ ਕੇਵਲ ਅੱਧ ਪਾ ਦਾਲ ਹੀ ਚਾੜ੍ਹੀ ਹੋਵੇ, ਅਤੇ ਟੱਬਰ ਵੱਡਾ ਹੋਵੇ, ਉਥੇ ਕਿਸੇ ਇਕ ਨੂੰ ਦੂਜਾ ਚੰਗਾ ਕਿਵੇਂ ਲਗ ਸਕਦਾ ਹੈ? ਘਰ ਵਾਲੇ ਨੂੰ ਘਰ ਵਾਲੀ ਵਿਚ ਨੁਕਸ ਨਜ਼ਰ ਆਉਂਦਾ ਹੈ, ਘਰ ਵਾਲੀ ਨੂੰ ਘਰ ਵਾਲੇ ਵਿਚ ਦੋਸ਼ ਦਿਖਾਈ ਦਿੰਦੇ ਹਨ। ਘਰ, ਕਲੇਸ਼ ਦੀਆਂ ਲਾਟਾਂ ਨਾਲ, ਦਾਵਾਨਲ ਬਣ ਜਾਂਦਾ ਹੈ। ਬਾਪ ਪੁੱਤ ਨਾਲ ਲੜਦਾ ਹੈ, ਪੁੱਤ ਬਾਪ ਨੂੰ ਡਾਂਗਾਂ ਅਤੇ ਗੰਡਾਸੀਆਂ ਚੁਕ ਚੁਕ ਜਾਂਦਾ ਹੈ। ਜਿਹੜਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਲ ਦੋਖੀ [illegible] ਉਸ ਦੀ ਕਿਸੇ ਨੂੰ ਸਮਝ ਨਹੀਂ । ਪੂਰੇ ਪੂਰੇ ਵਿਸਥਾਰ ਨਾਲ ਮੈਂ ਇਸ ਦਾ ਵਰਣਨ ਕਰਦਾ ਸਾਂ ।

ਇੰਗਲੈਂਡ ਰਹਿੰਦੇ ਹਿੰਦੋਸਤਾਨੀ ਹਰ ਖ਼ਿਆਲ ਦੇ ਧਾਰਨੀ ਹਨ । ਕਮਿਊਨਿਸਟ, ਕਾਂਗਰਸੀ, ਅਕਾਲੀ ਅਤੇ ਜਨਸੰਘੀ । ਪਰ ਮੈਂ ਇਕ ਗੱਲ ਨੋਟ ਕੀਤੀ । ਜਿਥੇ ਕਿਤੇ ਮੇਰੀ ਤਕਰੀਰ ਵਿਚ ਲਾਲ ਝੰਡੇ ਦਾ ਜ਼ਿਕਰ ਆਉਂਦਾ, ਉਥੇ ਸਾਰੇ ਹਾਲ ਵਿਚ ਹੀ ਤਾੜੀ ਵੱਜਣ ਲਗ ਜਾਂਦੀ ਸੀ । ਇਹ ਸਟੇਜ, ਸਾਫ਼ ਹੈ, ਲਾਲ ਝੰਡੇ ਦੀ ਨਹੀਂ ਸੀ ਹੁੰਦੀ, ਸਰਬ ਸਾਂਝੀ ਹੁੰਦੀ ਸੀ । ਇੰਡੀਅਨ ਵਰਕਰਜ਼ ਐਸੋਸੀਏਸ਼ਨ (I.W.A.) ਸਾਂਝੀ ਜਥੇਬੰਦੀ ਸੀ ਤੇ ਲਾਲ ਝੰਡਾ ਕਮਿਊਨਿਸਟ ਪਾਰਟੀ ਦਾ ਝੰਡਾ ਹੈ । ਪਰ ਮੈਂ ਇਕ ਗੱਲ ਕਰਦਾ ਸਾਂ । ਥੋੜੀ ਜਿਹੀ ਕਵਿਤਾ ਅਤੇ ਕਲਾ ਦੀ ਮਦਦ ਲੈ ਲੈਂਦਾ ਸਾਂ : "ਲਾਲ ਕਿਲ੍ਹਾ ਕਹਿ ਰਿਹਾ ਹੈ ਕਿ ਉਸ ਉਤੇ ਹੁਣ ਉਸੇ ਰੰਗ ਦਾ ਝੰਡਾ ਝੁਲਣਾ ਚਾਹੀਦਾ ਹੈ ਜਿਸ ਦਾ ਰੰਗ ਲਾਲ ਕਿਲ੍ਹੇ ਦੇ ਆਪਣੇ ਰੰਗ ਵਰਗਾ ਹੋਵੇ ।"

ਇੰਗਲੈਂਡ ਵਿਚ ਲੇਬਰ ਅਤੇ ਟੋਰੀ, ਜਾਂ ਕੰਜ਼ਰਵੇਟਿਵ, ਮੁੱਖ ਸਿਆਸੀ ਪਾਰਟੀਆਂ ਹਨ । ਟੋਰੀ ਨਾਲੋਂ ਲੇਬਰ ਪਾਰਟੀ ਕਦਰੇ ਅੱਗੇ-ਵਧੂ ਹੈ । ਟੋਰੀ ਜਨਸੰਘ ਵਾਂਗ ਹੈ, ਲੇਬਰ ਪਾਰਟੀ ਕਾਂਗਰਸ ਵਾਂਗ । ਇੰਡੀਅਨ ਵਰਕਰਜ਼ ਐਸੋਸੀਏਸ਼ਨ ਇਸ ਸਬੰਧ ਵਿਚ ਇਕ ਗੱਲ ਬੜੀ ਹੀ ਚੰਗੀ ਕਰਦੀ ਰਹਿੰਦੀ ਹੈ । ਉਹ, ਤਰਜੀਹ, ਟੋਰੀ ਨਾਲੋਂ ਲੇਬਰ ਨੂੰ ਹੀ ਦਿੰਦੀ ਹੈ । ਹਨ ਤਾਂ ਭਾਵੇਂ ਦੋਵੇਂ ਹੀ ਸਰਮਾਇਆਦਾਰੀ ਦੀਆਂ ਪਾਰਟੀਆਂ, ਤੇ ਸਾਮਰਾਜੀ ਵੀ ਦੋਵੇਂ ਹੀ ਹਨ, ਪਰ ਲੇਬਰ ਪਾਰਟੀ ਰੰਗਦਾਰ ਜਾਂ ਭਾਰਤੀ ਪਰਵਾਸੀਆਂ ਲਈ ਕੁਝ ਨਰਮ ਭਾਵਨਾ ਰਖਦੀ ਹੈ ਜਿਸ ਦਾ ਕਾਰਨ ਦੋਹਾਂ ਦੀਆਂ ਹੀ ਪਾਲਿਸੀਆਂ ਦਾ ਫ਼ਰਕ ਵੀ ਹੈ । ਜਿਵੇਂ ਹਿੰਦੋਸਤਾਨ ਵਿਚ ਹਰੀਜਨਾਂ ਜਾਂ ਮੁਸਲਮਾਨਾਂ ਨੂੰ ਜਨਸੰਘ ਜਾਂ ਇਸੇ ਤਰ੍ਹਾਂ ਦੀਆਂ ਹੋਰ ਜਗੀਰੂ ਪਾਰਟੀਆਂ ਨਾਲੋਂ ਕਾਂਗਰਸ ਚੰਗੀ ਲਗਦੀ ਹੈ, ਇਸੇ ਤਰ੍ਹਾਂ ਇੰਗਲੈਂਡ ਵਿਚ ਏਸ਼ੀਆਈ ਆਵਾਸੀਆਂ ਨੂੰ ਲੇਬਰ ਪਾਰਟੀ ਜਚਦੀ ਹੈ । ਹੋਰ ਨਹੀਂ ਤਾਂ ਨਸਲਵਾਦੀ ਟੋਰੀਆਂ ਅਤੇ ਪਾਵਲਾਂ ਕੋਲੋਂ ਜਾਨ ਤਾਂ ਬਚੀ ਰਹਿੰਦੀ ਹੈ । ਅਤੇ, ਇਹ ਛੋਟੀ ਗੱਲ ਨਹੀਂ ।

ਆਪਣੇ ਇਹਨਾਂ ਸਮਾਗਮਾਂ ਵਿਚ, ਇੰਡੀਅਨ ਵਰਕਰਜ਼ ਐਸੋਸੀਏਸ਼ਨ, ਪਾਰਲੀਮੈਂਟ ਦੇ ਮੈਂਬਰਾਂ ਨੂੰ ਵੀ ਆਉਣ ਲਈ ਦਾਅਵਤ ਦਿੰਦੀ ਸੀ ਜੋ ਖਾਸ ਕਰ ਕੇ ਉਹਨਾਂ ਦੇ ਆਪਣੇ ਹਲਕੇ ਨਾਲ ਸੰਬੰਧਤ ਹੋਣ । ਪਰ ਜੇ ਕਿਸੇ ਹਲਕੇ ਵਿਚੋਂ ਟੋਰੀ ਚੁਣਿਆ ਹੁੰਦਾ ਸੀ ਤਾਂ ਉਸ ਦੀ ਥਾਂ ਕੋਈ ਹੋਰ ਤਰੀਕਾ ਧਾਰਨ ਕਰ ਲਿਆ ਜਾਂਦਾ ਸੀ । ਜਿਵੇਂ, ਜਦੋਂ ਰੈਡਿੰਗ ਵਿਚ ਇਹ ਸਮਾਗਮ ਹੋਇਆ ਸੀ ਤਾਂ ਉਥੇ ਐਮ. ਪੀ. ਟੋਰੀ ਸੀ । ਪਰ ਰੈਡਿੰਗ ਆਈ. ਡਬਲਿਊ. ਏ. ਨੇ ਉਸ ਨੂੰ ਸੱਦਾ ਨਹੀਂ ਸੀ ਦਿਤਾ, ਸਗੋਂ ਲੇਬਰ ਪਾਰਟੀ ਵਲੋਂ ਆਉਣ ਵਾਲੀਆਂ ਚੋਣਾਂ ਲਈ ਉਮੀਦਵਾਰ ਨੂੰ ਸੱਦਾ ਦਿਤਾ । ਪਾਰਲੀਮੈਂਟ ਦਾ ਮੈਂਬਰ ਹੋਣਾ ਕੋਈ ਜ਼ਰੂਰੀ ਨਹੀਂ ਸੀ, ਹਿਤੂ ਹੋਣਾ ਜ਼ਰੂਰੀ ਸੀ ।

ਮੇਰੀ ਤਕਰੀਰ ਦੇ ਮੋਟੇ ਨੁਕਤੇ ਸੱਦੇ ਗਏ ਉਮੀਦਵਾਰ ਨੂੰ ਤਰਜਮਾ ਕਰ ਕੇ ਦੱਸੇ ਗਏ । ਫੇਰ ਉਹ ਵੀ ਬੋਲਿਆ । ਉਹ ਬੜਾ ਹੀ ਸੁਹਣਾ, ਲੰਮਾ ਲੰਝਾ ਤੇ ਨੌਜਵਾਨ ਅੰਗਰੇਜ਼ ਸੀ । ਵਿਚਾਰ ਅੱਗੇ-ਵਧੂ ਸਨ । ਜਿਵੇਂ ਸਾਡੇ ਕਾਂਗਰਸ ਵਿਚ ਕੋਈ ਖੱਬੇ-ਪੱਖੀ ਮੈਂਬਰ ਹੋਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰਾ ਨੁਕਤਾ ਇਹ ਸੀ ਕਿ ਸਾਡੀ ਆਜ਼ਾਦੀ ਅਧੂਰੀ ਹੈ। ਅਸੀਂ ਸਿਰਫ਼ ਰਾਜਨੀਤਕ ਪੱਖੋਂ ਹੀ ਆਜ਼ਾਦ ਹਾਂ, ਆਰਥਕ ਪੱਖੋਂ ਨਹੀਂ ਹਾਂ। ਸਾਡੇ ਉਤੇ ਟਾਟਿਆਂ ਅਤੇ ਬਿਰਲਿਆਂ ਦੀ ਜਕੜ ਹੈ। ਕਾਲਾ ਧਨ ਮੁਕਾਬਲੇ ਦੀ ਸਰਕਾਰ ਬਣਾਈਂ ਬੈਠਾ ਹੈ। ਜੇ ਅਸੀਂ ਆਰਥਕ ਪੱਖੋਂ ਛੇਤੀ ਆਜ਼ਾਦ ਨਹੀਂ ਹੋਵਾਂਗੇ ਤਾਂ ਰਾਜਸੀ ਆਜ਼ਾਦੀ ਨੂੰ ਵੀ ਖ਼ਤਰਾ ਪੈਦਾ ਹੋ ਜਾਵੇਗਾ। ਕਈ ਵਾਰ ਮੇਰੀ ਤਕਰੀਰ ਵਿਚ ਇੰਦਰਾ ਗਾਂਧੀ ਦਾ ਨਾਂ ਵੀ ਆਇਆ।

ਇਸ ਅੰਗਰੇਜ਼ ਉਮੀਦਵਾਰ ਨੇ ਮੇਰੀ ਤਕਰੀਰ ਦੇ ਨੁਕਤਿਆਂ ਦੇ ਦੋ ਤਿੰਨ ਵਾਰ ਹਵਾਲੇ ਦਿਤੇ: ''ਜਿਵੇਂ ਮਿਸਟਰ ਧੀਰ ਨੇ ਕਿਹਾ ਹੈ, ਉਵੇਂ ਸਾਡੇ ਦੇਸ਼ ਵਿਚ ਵੀ ਅਜੇ ਆਜ਼ਾਦੀ ਅਧੂਰੀ ਹੈ। ਸਾਡੇ ਵੀ ਇੰਗਲੈਂਡ ਵਿਚ ਦੌਲਤ ਦੇ ਵਸੀਲਿਆਂ ਉਤੇ ਚੰਦ ਲੋਕਾਂ ਦਾ ਕਬਜ਼ਾ ਹੈ। ਮਿਸਟਰ ਧੀਰ ਦੇ ਦੇਸ਼ ਵਾਂਗ, ਮੇਰੇ ਦੇਸ਼, ਇੰਗਲੈਂਡ, ਨੂੰ ਵੀ ਸੋਸ਼ਲਿਜ਼ਮ ਦੀ ਲੋੜ ਹੈ। ਸਾਡੀ ਵੀ ਅਧੂਰੀ ਆਜ਼ਾਦੀ ਤਦੇ ਹੀ ਪੂਰੀ ਹੋਵੇਗੀ।''

ਇਕ ਗੱਲ ਉਸ ਹੋਰ ਆਖੀ: ''ਅਸੀਂ ਲੇਬਰ ਪਾਰਟੀ ਵਾਲੇ ਮਾਣ ਨਾਲ ਇਹ ਕਹਿੰਦੇ ਹਾਂ ਕਿ ਜਦੋਂ ਹਿੰਦੋਸਤਾਨ ਨੇ ਆਜ਼ਾਦੀ ਹਾਸਲ ਕੀਤੀ ਹੈ, ਇੰਗਲੈਂਡ ਵਿਚ ਉਦੋਂ ਲੇਬਰ ਪਾਰਟੀ ਦਾ ਹੀ ਰਾਜ ਸੀ। ਹਿੰਦੋਸਤਾਨ ਨੂੰ ਲੇਬਰ ਦੇ ਹੀ ਰਾਜ ਵਿਚ ਆਜ਼ਾਦੀ ਮਿਲੀ।'' ਉਸ ਨੇ ਇਹ ਵੀ ਆਖਿਆ: ''ਅਸੀਂ ਹਿੰਦੋਸਤਾਨ ਦੀ ਬਹੁਤ ਵੱਡੀ ਜਮਹੂਰੀਅਤ ਦੀ ਬਹੁਤ ਪ੍ਰਸੰਸਾ ਕਰਦੇ ਹਾਂ ਤੇ ਹਿੰਦੋਸਤਾਨ ਨੂੰ ਸੋਸ਼ਲਿਜ਼ਮ ਵਲ ਮੁੜਿਆ ਦੇਖਣਾ ਚਾਹੁੰਦੇ ਹਾਂ।''

ਦੋ ਥਾਈਂ ਭਾਰਤੀ ਹਾਈ ਕਮਿਸ਼ਨਰ ਦੇ ਨੁਮਾਇੰਦੇ ਵੀ ਸਮਾਗਮਾਂ ਵਿਚ ਆਏ ਸਨ। ਵੁਲਵਰਹੈਮਪਟਨ ਐਸਿਸਟੈਂਟ ਭਾਰਤੀ ਹਾਈ ਕਮਿਸ਼ਨਰ ਸਨ, ਹੱਡਰਸਫ਼ੀਲਡ ਡਿਪਟੀ ਭਾਰਤੀ ਹਾਈ ਕਮਿਸ਼ਨਰ ਆਏ ਸਨ। ਹਿੰਦੋਸਤਾਨ ਦੀ ਹਾਲਤ ਬਾਰੇ ਜਿਥੇ ਵੀ ਮੈਂ ਬੋਲਦਾ, ਦੁੱਖਾਂ ਅਤੇ ਜਜ਼ਬਿਆਂ ਨਾਲ ਹਿੱਲ ਹਿੱਲ ਕੇ ਬੋਲਦਾ। ਕਦੇ ਕਾਫ਼ੀ ਗਰਜ ਨਾਲ ਤੇ ਗੁੱਸੇ ਨਾਲ ਵੀ ਬੋਲਦਾ। ਪਰ ਹੱਡਰਸਫ਼ੀਲਡ ਤੇ ਵੁਲਵਰਹੈਮਪਟਨ ਮੇਰਾ ਲਹਿਜਾ ਹੋਰ ਸੀ। ਕਿਉਂਕਿ ਏਥੇ ਭਾਰਤੀ ਹਾਈ ਕਮਿਸ਼ਨਰ ਦੇ ਨੁਮਾਇੰਦੇ ਸਨ—ਡਿਪਟੀ ਹਾਈ ਕਮਿਸ਼ਨਰ ਅਤੇ ਅਸਿਸਟੈਂਟ ਹਾਈ ਕਮਿਸ਼ਨਰ। ਇਹ ਨੁਮਾਇੰਦੇ ਮੇਰੇ ਲਈ ਭਾਰਤੀ ਹਾਈ ਕਮਿਸ਼ਨਰ ਹੁੰਦੇ। ਭਾਰਤੀ ਹਾਈ ਕਮਿਸ਼ਨਰ, ਏਥੇ, ਸਾਫ਼ ਹੈ, ਭਾਰਤ ਦੀ ਸਰਕਾਰ ਦਾ ਨੁਮਾਇੰਦਾ ਹੈ। ਸੋ, ਉਹ ਏਥੇ ਮੇਰੇ ਲਈ ਭਾਰਤ ਦੀ ਸਰਕਾਰ ਹੁੰਦਾ। ਭਾਰਤ ਦੀ ਸਰਕਾਰ ਨੂੰ ਮੈਂ ਭਰੀ ਸਭਾ ਵਿਚ ਆਖਦਾ ਕਿ ਤੇਰਾ ਰਸਤਾ ਠੀਕ ਨਹੀਂ।

ਵੁਲਵਰਹੈਮਪਟਨ ਕਈ ਵਾਰ ਮੈਂ ਬੋਲਣ ਸਮੇਂ ਭਾਰਤੀ ਹਾਈ ਕਮਿਸ਼ਨਰ ਨੂੰ ਸੰਬੋਧਨ ਕੀਤਾ। ਇਸੇ ਤਰ੍ਹਾਂ ਹੀ ਹੱਡਰਸਫ਼ੀਲਡ। "ਐਸਿਸਟੈਂਟ ਹਾਈ ਕਮਿਸ਼ਨਰ ਸਾਹਿਬ" ਤੇ "ਡਿਪਟੀ ਹਾਈ ਕਮਿਸ਼ਨਰ ਸਾਹਿਬ" ਮੇਰੇ ਲਫ਼ਜ਼ ਹੁੰਦੇ ਸਨ। ਇੱਜ਼ਤ ਵੀ ਮੈਂ ਕਰਦਾ ਸਾਂ, ਲੜਾਈ ਵੀ ਮੈਂ ਲੜਦਾ ਸਾਂ। ਕਿਉਂਕਿ ਮੇਰਾ ਉਹਨਾਂ ਨਾਲ ਕੋਈ ਜ਼ਾਤੀ ਝਗੜਾ ਨਹੀਂ ਸੀ, ਅਸੂਲਾਂ ਦੀ ਲੜਾਈ ਸੀ।

ਉਹ ਵੀ ਦੋਵੇਂ, ਦੋਵੇਂ ਥਾਂ ਹੀ, ਬਹੁਤ ਚੰਗਾ ਬੋਲੇ ਸਨ। ਵੁਲਵਰਹੈਮਪਟਨ ਐਸਿਸਟੈਂਟ ਹਾਈ ਕਮਿਸ਼ਨਰ ਨੇ ਕਿਹਾ ਸੀ: ''ਮੈਂ ਸ੍ਰੀ ਸੰਤੋਖ ਸਿੰਘ ਧੀਰ ਦੇ ਵਿਚਾਰਾਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ, ਭਾਰਤੀ ਹਾਈ ਕਮਿਸ਼ਨਰ ਰਾਹੀਂ, ਭਾਰਤ ਦੀ ਸਰਕਾਰ ਤਕ ਪਹੁੰਚਾਉਣ ਦੀ ਕੋਸ਼ਿਸ਼ ਕਰਾਂਗਾ ਤੇ ਦੇਸ਼ ਦੀ ਮੰਦੀ ਹਾਲਤ ਨੂੰ ਸੁਧਾਰਨ ਲਈ ਵੀ ਕਹਾਂਗਾ।'' ਕਿਉਂਕਿ ਮੈਂ ਇਹ ਵੀ ਕਿਹਾ ਸੀ ਕਿ ਮੇਰੇ ਵਿਚਾਰ ਭਾਰਤ ਦੀ ਸਰਕਾਰ ਤਕ ਪਹੁੰਚਾਏ ਜਾਣ।

ਹੱਡਰਸਫੀਲਡ ਸਮਾਗਮ ਵਿਚ ਮੈਂ ਥੋੜਾ ਲੇਟ ਪੁੱਜਾ ਸਾਂ। ਡਿਪਟੀ ਹਾਈ ਕਮਿਸ਼ਨਰ ਮੈਥੋਂ ਪਹਿਲਾਂ ਬੋਲ ਚੁੱਕੇ ਸਨ। ਉਹਨਾਂ ਨੇ ਛੇਤੀ ਜਾਣਾ ਸੀ, ਪਰ ਮੇਰੀ ਤਕਰੀਰ ਸੁਣਨ ਲਈ ਉਹ ਖ਼ਾਸ ਕਰ ਬੈਠੇ ਰਹੇ ਸਨ। ਏਥੇ ਵੀ ਮੈਂ ਵੂਲਵਰਹੈਮਪਟਨ ਵਾਂਗ ਹੀ ਲਗ ਪਗ ਬੋਲਿਆ।

ਮਗਰੋਂ, ਆਮ ਗੱਲ ਬਾਤ ਵਿਚ, ਏਥੇ ਡਿਪਟੀ ਹਾਈ ਕਮਿਸ਼ਨਰ ਵੀ ਮੇਰੇ ਨਾਲ ਸਹਿਮਤ ਹੋਏ ਸਨ; ਉਹਨਾਂ ਦੇ ਸੁਪਤਨੀ ਜੀ ਵੀ ਉਹਨਾਂ ਨਾਲ ਆਏ ਹੋਏ ਸਨ, ਉਹ ਵੀ ਬਿਲਕੁਲ ਸਹਿਮਤ ਸਨ; ਪਰ ਕਰ ਉਹ ਕੁਝ ਨਹੀਂ ਸਕਦੇ ਸਨ। ਕਿਉਂਕਿ ਅੱਜ ਜੋ ਹਾਲਤ ਸੀ, ਉਸ ਦਾ ਹੱਲ ਉਹਨਾਂ ਦੇ ਅਧਿਕਾਰ-ਖੇਤਰ ਤੋਂ ਬਾਹਰ ਸੀ। ਨੇਕ ਨੀਯਤ ਹੁੰਦੇ ਹੋਏ ਵੀ, ਦੇਸ਼ ਦੀ ਹਾਲਤ ਬਦਲਣ ਵਿਚ ਉਹ ਉੱਕਾ ਹੀ ਅਸਮਰਥ ਸਨ। ਕਿਉਂਕਿ ਦੇਸ਼ ਦੀ ਮੰਦੀ ਹਾਲਤ ਦਾ ਕੋਈ ਬੁਨਿਆਦੀ ਕਾਰਨ ਹੈ, ਤੇ ਉਹ ਹੈ, ਵਿਕਾਸ ਦੇ ਸਰਮਾਇਆਦਾਰੀ ਰਾਹ ਦਾ ਹੋਣਾ। ਜਦ ਤਕ ਵਿਕਾਸ ਦਾ ਰਾਹ, ਸਰਮਾਇਆਦਾਰੀ ਬਦਲ ਕੇ, ਸਮਾਜਵਾਦੀ ਨਹੀਂ ਹੋਵੇਗਾ, ਹਾਲਤ ਨਹੀਂ ਬਦਲੇਗੀ। ਇਸ ਲਈ ਜੋ ਕੁਝ ਹੋਣਾ ਹੈ, ਉਹ ਦਿੱਲੀ ਵਿਚ ਹੀ ਹੋਣਾ ਹੈ, ਜਿਥੇ ਨੀਤੀ ਬਣਨੀ ਹੈ। ਇੰਗਲੈਂਡ ਵਿਚ ਤਾਂ ਜਿਹੜੀ ਨੀਤੀ ਦਿੱਲੀ ਵਿਚ ਬਣ ਜਾਵੇਗੀ, ਉਹ ਲਾਗੂ ਕੀਤੀ ਜਾਵੇਗੀ। ਉਹ ਵੀ ਸਿਰਫ਼ ਬਦੇਸ਼ ਨੀਤੀ। ਹਿੰਦੋਸਤਾਨ ਨੇ ਜਦ ਵੀ ਕਦੇ ਸਹੀ ਰਸਤੇ ਪੈਣਾ ਹੈ, ਹਿੰਦੋਸਤਾਨ ਦੀ ਜਨਤਾ ਦੇ ਸੰਘਰਸ਼ ਨਾਲ ਹੀ ਪੈਣਾ ਹੈ। ਤਦ ਵੀ, ਵੱਡੇ ਅਫ਼ਸਰ ਵੀ ਕੁਝ ਕਰਨ-ਯੋਗ ਹੋ ਸਕਦੇ ਹਨ—ਜੇ ਉਹ ਕਰਨਾ ਚਾਹੁੰਦੇ ਹੋਣ। ਹਾਂ, ਇਸ ਲਈ ਜੁਰੱਅਤ ਅਤੇ ਦਲੇਰੀ ਦੀ ਲੋੜ ਹੁੰਦੀ ਹੈ। ਜੁਰਅੱਤ ਅਤੇ ਦਲੇਰੀ ਉਹਨਾਂ ਅਫ਼ਸਰਾਂ ਵਿਚ ਹੀ ਹੋਵੇਗੀ ਜਿਨ੍ਹਾਂ ਦੀ ਚਿੱਟੀ ਚਾਦਰ ਉਤੇ ਕੋਈ ਦਾਗ਼ ਨਹੀਂ ਹੋਵੇਗਾ।

ਜਲਸੇ ਦੀ ਸਮਾਪਤੀ ਉਤੇ ਗੀਤ ਸੰਗੀਤ ਹੋਣਾ ਸੀ ਤੇ ਨਾਲੇ ਭੰਗੜਾ ਪੈਣਾ ਸੀ। ਭੰਗੜਾ ਪੈਣਾ ਸ਼ੁਰੂ ਹੋਇਆ। ਢੋਲ ਅਤੇ ''ਹੁਰਰ ਹੁਰਰ'' ਨਾਲ ਭੰਗੜਾ ਨਾਚ ਹੋ ਰਿਹਾ ਸੀ। ਪੰਜਾਬੀ ਝੂਮ ਰਹੇ ਸਨ। ਦੋ ਅੰਗਰੇਜ਼ ਔਰਤਾਂ ਵੀ ਹਾਲ ਵਿਚ ਮੌਜੂਦ ਸਨ। ਭੰਗੜੇ ਦੀਆਂ ਵੰਨ-ਸੁਵੰਨੀਆਂ ਹਰਕਤਾਂ ਮੁਦ੍ਰਾਵਾਂ ਦੇਖ ਉਹਨਾਂ ਨੂੰ ਬੜੀ ਹੀ ਖ਼ੁਸ਼ੀ ਹੋਈ। ਪਹਿਲਾਂ ਦੋਵੇਂ ਮੁਸਕ੍ਰਾਈਆਂ, ਫੇਰ ਹੱਸਣ ਲਗੀਆਂ। ਉਹਨਾਂ ਵਿਚੋਂ ਇਕ ਤਾਂ ਜਿਵੇਂ ਲੋਟ ਪੋਟ ਹੀ ਹੋਣ ਲਗੀ। ਜਿਵੇਂ ਕੋਈ ਪੰਜਾਬਣ ਜੱਟੀ ਹਸ ਹਸ ਦੂਹਰੀ ਹੁੰਦੀ ਹੋਵੇ। ਉਸ ਦੀ ਹਾਸੀ ਨਸਲਾਂ ਅਤੇ ਕੌਮਾਂ ਅਤੇ ਦੇਸ਼ਾਂ ਦੀਆਂ ਸਰਹੱਦਾਂ ਉਤੋਂ ਉੱਡਦੀ ਜਾਂਦੀ। ਉਸ ਦੀ ਹਾਸੀ ਕਹਿੰਦੀ ਸੀ: ''ਮਨੁੱਖ ਸਭ ਥਾਂ ਇਕੋ ਹੈ।''

ਇਹ ਅੰਗਰੇਜ਼ ਔਰਤਾਂ ਇਸ ਹਾਲ ਦੀਆਂ ਨਿਗਰਾਨ ਸਨ।

ਸਾਰਾ ਹਾਲ ਭੰਗੜੇ ਨਾਲ ਉਛਾਲੇ ਲੈਣ ਲਗ ਪਿਆ ਸੀ।

ਇੰਗਲੈਂਡ ਵਿਚ ਸਿਆਸੀ ਜਿਹੀ ਧੜੇਬੰਦੀ ਵੀ ਕਾਫ਼ੀ ਹੈ—ਆਪਣੇ ਹਿੰਦੋਸਤਾਨੀਆਂ ਵਿਚ। ਇਕ ਦੂਜੇ ਦੇ ਜਲਸੇ ਵਿਚ ਘਸਮਾਣ ਜਿਹਾ ਪਾਉਣ ਨੂੰ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤਾ ਬੁਰਾ ਨਹੀਂ ਮੰਨਿਆ ਜਾਂਦਾ । ਸਾਊਥਾਲ, ਇਸੇ ਆਜ਼ਾਦੀ ਦਿਵਸ ਦੇ ਸਮਾਗਮ ਵਿਚ, ਅੰਤ ਉਤੇ ਸਭਿਆਚਾਰਕ ਪ੍ਰੋਗਰਾਮ ਹੋ ਰਿਹਾ ਸੀ । ਮੈਂ ਤਾਂ ਹਾਜ਼ਰ ਨਹੀਂ ਸਾਂ, ਉਸ ਸਮੇਂ ਆ ਗਿਆ ਸਾਂ, ਪਰ ਕਹਿੰਦੇ ਸਨ ਕਿ ਪਿਛੋਂ ਕਾਫ਼ੀ ਮਾਰ ਧਾੜ ਵੀ ਹੋਈ ਸੀ । ਕਿਉਂ ? ਇਸ ਦਾ ਕਾਰਨ ਕੀ ? ਵੱਡਾ ਕਾਰਨ ਇਹ ਸੀ ਕਿ ਆਈ. ਡਬਲਿਊ. ਏ. ਉਤੇ ਜੇ ਮੇਰਾ ਕਬਜ਼ਾ ਨਹੀਂ ਹੈ ਤਾਂ ਮੈਂ ਵਿਘਨ ਪਾਉਣਾ ਹੈ । ਮੇਰਾ ਕਬਜ਼ਾ ਹੋ ਗਿਆ ਤਾਂ ਹੋਰ ਨੇ ਰੌਲਾ ਪਾਉਣਾ ਹੈ ।

ਸਾਊਥਾਲ ਦੇ ਜਲਸੇ ਵਿਚ ਇਕ ਆਵਾਜ਼ ਦੂਰੋਂ, ਪਿਛੋਂ, ਬੜੀ ਹੀ ਚੰਗੀ ਆਈ ਸੀ । ਸਮਾਗਮ ਵਿਚ ਭਾਰਤ ਦਾ ਤਿਰੰਗਾ ਝੰਡਾ ਨਹੀਂ ਸੀ । ਉਂਜੇ, ਬਿਨਾਂ ਝੰਡੇ ਤੋਂ ਹੀ, ਜਲਸਾ ਕੀਤਾ ਜਾ ਰਿਹਾ ਸੀ । ਭਾਰਤ ਦਾ ਤਿਰੰਗਾ ਝੰਡਾ ਕਾਂਗਰਸ ਦਾ ਨਹੀਂ ਹੈ, ਰਾਸ਼ਟਰ ਦਾ ਝੰਡਾ ਹੈ । ਚਰਖ਼ਾ ਅਤੇ ਅਸ਼ੋਕ ਚੱਕਰ ਇਸ ਨੂੰ ਵੱਖ ਕਰਦੇ ਹਨ । ਕੁਝ ਲੋਕ ਸ਼ਰਮੋਂ ਸ਼ਰਮੀਂ ਇਸ ਲਈ ਝਿਜਕ ਜਾਂਦੇ ਹਨ ਕਿ ਹੈ ਤਾਂ ਇਹ ਤਿਰੰਗਾ ਹੀ । ਕੁਝ, ਕੇਵਲ ਇਸੇ ਗੱਲੋਂ, ਮਿਹਣਾ ਵੀ ਦੇ ਦਿੰਦੇ ਹਨ । ਜਿਸ ਸਮੇਂ ਮੈਂ ਲਾਲ ਕਿਲ੍ਹੇ ਦੇ ਨੁਕਤੇ ਉਤੇ ਆਇਆ ਸਾਂ ਤੇ ਕਿਹਾ ਸੀ ਕਿ ਲਾਲ ਕਿਲ੍ਹਾ ਹੁਣ ਆਪਣੇ ਉਤੇ ਆਪਣੇ ਵਰਗਾ ਝੰਡਾ ਹੀ ਚਾਹ ਰਿਹਾ ਹੈ ਤਾਂ ਜਿਹੜੇ ਲੋਕੀਂ ਸਭ ਤੋਂ ਪਿੱਛੇ ਝੁਡ ਜਿਹੇ ਵਿਚ ਖੜੇ ਸਨ, ਉਹਨਾਂ ਵਿਚੋਂ ਕਿਸੇ ਨੇ ਕਿਹਾ : "ਸਟੇਜ ਉਤੇ ਝੰਡਾ ਤਾਂ ਝੁਲਾ ਲੈਂਦੇ ਕੋਈ ! ਤਿਰੰਗਾ ਨਹੀਂ ਝੁਲਾਉਣਾ ਸੀ ਤਾਂ ਲਾਲ ਇ ਝੁਲਾ ਲੈਂਦੇ !"

ਨੌਟਿੰਘਮ ਨਕਸਲਬਾੜੀਆਂ ਨੇ ਰੌਲਾ ਜਿਹਾ ਪਾ ਦਿਤਾ ਸੀ । ਸ਼ਾਮੀਂ ਪੰਜ ਕੁ ਵਜੇ ਨਾਲ ਕੋਆਪ੍ਰੇਟਿਵ ਐਜੂਕੇਸ਼ਨ ਸੈਂਟਰ ਦੇ ਵੱਡੇ ਹਾਲ ਵਿਚ ਇਹ ਜਲਸਾ ਸ਼ੁਰੂ ਹੋਣਾ ਸੀ । ਮੈਨੂੰ ਅਤੇ ਪੰਡਤ ਵਿਸ਼ਨੂੰ ਦੱਤ ਨੂੰ ਸੱਦਿਆ ਹੋਇਆ ਸੀ ।

ਇਕ ਬੜੇ ਹੀ ਚੰਗੇ ਸੱਜਣ ਕੇਸਰ ਸਿੰਘ ਜੌਹਲ ਹਨ । ਉਹ ਜਲਸੇ ਦੇ ਪ੍ਰਧਾਨ ਸਨ । ਉਹਨਾਂ ਨਾਲ ਨੌਟਿੰਘਮ ਦੇ ਦੋ ਐਮ. ਪੀ. ਬੈਠੇ ਹੋਏ ਸਨ । ਇਕ ਸ਼ਹਿਰ ਦਾ ਮੇਅਰ ਸੀ । ਪੰਡਤ ਵਿਸ਼ਨੂੰ ਦੱਤ ਨੂੰ ਤੇ ਮੈਨੂੰ ਵੀ ਸਟੇਜ ਉਤੇ ਆ ਜਾਣ ਲਈ ਕਿਹਾ ਗਿਆ । ਕਾਰਵਾਈ ਸ਼ੁਰੂ ਹੋਈ ।

ਕਾਰਵਾਈ ਮੇਰੀ ਕਵਿਤਾ "ਭਾਰਤ ! ਤੂੰ ਹੈਂ ਬੜਾ ਮਹਾਨ" ਸੁਣਾਉਣ ਨਾਲ ਸ਼ੁਰੂ ਕੀਤੀ ਗਈ । ਫੇਰ ਤਕਰੀਰਾਂ ਸ਼ੁਰੂ ਹੋਈਆਂ । ਸਭ ਤੋਂ ਪਹਿਲਾਂ ਪੰਡਤ ਵਿਸ਼ਨੂੰ ਦੱਤ ਨੇ ਤਕਰੀਰ ਕੀਤੀ । ਕਿਉਂ ਕਿ ਉਹਨਾਂ ਨੂੰ ਕਾਹਲ ਸੀ । ਉਹਨਾਂ ਕਾਵੈਂਟਰੀ ਜਾਣਾ ਸੀ । ਫੇਰ ਇਕ ਐਮ. ਪੀ. ਬੋਲਿਆ । ਫੇਰ, ਮੇਰਾ ਖ਼ਿਆਲ ਹੈ, ਮੇਅਰ ਨੇ ਤਕਰੀਰ ਕੀਤੀ । ਐਮ. ਪੀ. ਦੋਵੇਂ ਬੋਲੇ ਸਨ ਜਾਂ ਦੋਹਾਂ ਵਿਚੋਂ ਇਕੋ ਹੀ, ਇਹ ਹੁਣ ਮੈਨੂੰ ਯਾਦ ਨਹੀਂ । ਮੇਰੀ ਤਕਰੀਰ ਅੰਤਮ ਸੀ । ਪੰਡਤ ਵਿਸ਼ਨੂੰ ਦੱਤ ਹੋਰੀਂ ਆਵਾਸੀਆਂ ਬਾਰੇ ਬੋਲੇ ਸਨ, ਮੈਂ ਭਾਰਤ ਬਾਰੇ ਬੋਲਿਆ ਸੀ ।

ਜਦੋਂ ਅਸੀਂ ਆਏ ਸਾਂ, ਹਾਲ ਦੇ ਬਾਹਰ ਨਕਸਲਬਾੜੀਏ ਬੈਨਰ ਚੁੱਕੀ ਖੜੇ ਸਨ ਤੇ ਨਾਲ ਹੀ ਇਕ ਇਸ਼ਤਿਹਾਰ ਵੀ ਲੋਕਾਂ ਵਿਚ ਵੰਡ ਰਹੇ ਸਨ । ਅਸੀਂ ਵੀ ਇਸ਼ਤਿਹਾਰ ਲਿਆ । ਇਸ਼ਤਿਹਾਰ ਵਿਚ ਸਾਰੀਆਂ ਗੱਲਾਂ ਬਿਲਕੁਲ ਠੀਕ ਲਿਖੀਆਂ ਸਨ । ਪਰ ਇਸ਼ਤਿਹਾਰ ਦੇ ਹੈਡਿੰਗ ਉਤੇ ਇਕ ਇਹ ਸਤਰ ਲਿਖੀ ਸੀ : "ਭਾਰਤ ਦੀ ਨਕਲੀ ਆਜ਼ਾਦੀ—ਮੁਰਦਾਬਾਦ ।"


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਥੋਂ ਤਕ ਹਕੀਕਤ ਹੈ, ਸਾਡੀ ਆਜ਼ਾਦੀ ਨਕਲੀ ਨਹੀਂ, ਸਾਡੀ ਆਜ਼ਾਦੀ ਅਧੂਰੀ ਹੈ। ਨਕਲੀ ਅਤੇ ਅਧੂਰੀ ਹੋਣ ਵਿਚ ਬਹੁਤ ਹੀ ਵੱਡਾ ਫ਼ਰਕ ਹੈ। ਆਜ਼ਾਦੀ ਨਕਲੀ ਹੁੰਦੀ ਹੀ ਨਹੀਂ। ਜੋ ਆਜ਼ਾਦੀ ਨਕਲੀ ਹੈ, ਉਹ ਆਜ਼ਾਦੀ ਹੈ ਹੀ ਨਹੀਂ। ਹਾਂ, ਅਧੂਰੀ ਹੁੰਦੀ ਹੈ। "ਨਕਲੀ" ਅਤੇ "ਆਜ਼ਾਦੀ" ਕੀ ? ਉਹ ਤਾਂ ਫੇਰ ਗ਼ੁਲਾਮੀ ਹੋਈ ? ਰਾਜਸੀ ਆਜ਼ਾਦੀ ਹਿੰਦੋਸਤਾਨ ਨੂੰ ਪ੍ਰਾਪਤ ਹੈ, ਆਰਥਕ ਪ੍ਰਾਪਤ ਨਹੀਂ। ਆਰਥਕ ਆਜ਼ਾਦੀ ਅਸੀਂ ਅਜੇ ਹਾਸਿਲ ਕਰਨੀ ਹੈ। ਫੇਰ ਹਿੰਦੋਸਤਾਨ ਦੀ ਆਜ਼ਾਦੀ ਪੂਰਨ ਹੋਵੇਗੀ।

ਫੇਰ "ਮੁਰਦਾਬਾਦ" ਸੀ। ਚਲੋ, ਇਹ ਵੀ ਠੀਕ ਹੈ, ਉਹਨਾਂ ਨੂੰ ਲਫ਼ਜ਼ ਨਹੀਂ ਆਇਆ। ਉਹਨਾਂ ਦਾ ਭਾਵ "ਨਕਲੀ" ਤੋਂ "ਅਧੂਰੀ" ਪਰਗਟ ਕਰਨਾ ਹੀ ਸੀ (ਅੱਵਲ ਤਾਂ ਇਹ ਸੀ ਨਹੀਂ)। ਜੇ ਭਾਵ "ਅਧੂਰੀ" ਸੀ ਤਾਂ ਕੀ ਅਧੂਰੀ ਆਜ਼ਾਦੀ ਨੂੰ ਅਸੀਂ "ਮੁਰਦਾਬਾਦ" ਆਖਾਂਗੇ ? ਇਹ ਤਾਂ ਕਹਿਣਾ ਸਹੀ ਹੈ : "ਅਧੂਰੀ ਆਜ਼ਾਦੀ—ਅਧੂਰਾ ਜ਼ਿੰਦਾਬਾਦ।" ਪਰ ਜਿਥੇ ਲਫ਼ਜ਼ "ਆਜ਼ਾਦੀ" ਹੈ, ਉਥੇ ਕਿਸੇ ਹਾਲਤ ਵਿਚ ਵੀ "ਮੁਰਦਾਬਾਦ" ਨਹੀਂ ਚਾਹੀਦਾ।

ਫੇਰ, ਸਿਰਫ਼ ਆਜ਼ਾਦੀ ਨੂੰ ਹੀ ਮੁਰਦਾਬਾਦ ਨਹੀਂ ਕਿਹਾ ਸੀ, ਹੇਠਾਂ ਜਾ ਕੇ "ਇਹ ਦਿਵਸ ਮਨਾਉਣ ਵਾਲੇ" ਲੋਕਾਂ ਨੂੰ ਵੀ ਮੁਰਦਾਬਾਦ ਕਿਹਾ ਸੀ।

ਮੈਂ ਜਦੋਂ ਬੋਲਣ ਲਗਾ ਸਾਂ ਤਾਂ ਬੜੇ ਹੀ ਪਿਆਰ ਨਾਲ ਮੈਂ ਇਹ ਗੱਲ ਆਖਣ ਲਗਾ ਸਾਂ ਕਿ ਇਸ਼ਤਿਹਾਰ ਵਿਚ ਜੋ ਕੁਝ ਹੈ, ਮੈਂ ਉਸ ਨਾਲ ਬਿਲਕੁਲ ਸਹਿਮਤ ਹਾਂ, ਅਤੇ ਇਹ ਬਿਲਕੁਲ ਸਹੀ ਹੈ, ਪਰ ਇਹ ਜੋ ਉਤੇ "ਨਕਲੀ ਆਜ਼ਾਦੀ ਮੁਰਦਾਬਾਦ" ਲਿਖਿਆ ਹੈ, ਇਹ ਗੱਲ ਸਹੀ ਨਹੀਂ ਹੈ। ਲਓ ਜਨਾਬ, ਮੇਰੇ ਮੂੰਹ ਵਿਚ ਅਜੇ ਏਨੇ ਹੀ ਲਫ਼ਜ਼ ਸਨ ਕਿ ਇਕ ਗੁਜਰਾਤੀ ਨੌਜਵਾਨ ਨਕਸਲਬਾੜੀਆ ਉਠਿਆ ਤੇ ਬੇ-ਤਹਾਸ਼ਾ ਚੀਖ਼ ਚੀਖ਼ ਕੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ। ਜਿਵੇਂ ਕਿਸੇ ਪਟਬੀਜਣੇ ਨੂੰ ਅੱਗ ਜਿਹੀ ਛੁਹ ਜਾਂਦੀ ਹੈ ਤੇ ਇਕੋ ਥਾਂ ਉਹ ਤਿੜ ਤਿੜ ਕਰਦਾ ਚੱਕਰ ਕੱਟਦਾ ਰਹਿੰਦਾ ਹੈ, ਇਹੋ ਜਿਹੀ ਹੀ ਹਾਲਤ ਸੀ। ਉਸ ਨੂੰ ਚੁੱਪ ਕਰਾਉਣ ਲਈ ਇਕ ਝੁਰਮਟ ਜਿਹਾ ਜੁੜ ਗਿਆ ਸੀ, ਪਰ ਉਹ ਚੁੱਪ ਨਹੀਂ ਹੁੰਦਾ ਸੀ, ਲਗਾਤਾਰ ਕੁਝ ਉੱਚੀ ਉੱਚੀ ਚੀਖ਼ ਚੀਖ਼ ਕਹਿ ਰਿਹਾ ਸੀ। ਆਖਿਰ ਉਸ ਨੂੰ ਕਾਫ਼ੀ ਲੋਕਾਂ ਨੇ ਉਸ ਕੋਲ ਜਾ ਕੇ ਚੁੱਪ ਕਰਾਇਆ। ਆਖਿਆ ਕਿ ਉਸ ਨੂੰ ਬੋਲਣ ਲਈ ਸਮਾਂ ਦਿਤਾ ਜਾਵੇਗਾ। ਜੋ ਕੁਝ ਉਸ ਨੇ ਕਹਿਣਾ ਹੈ, ਸਟੇਜ ਉਤੇ ਆ ਕੇ ਕਹੇ।

ਲਗ ਪਗ ਦਸ ਜਾਂ ਪੰਦਰਾਂ ਮਿੰਟ ਇਹ ਰੌਲਾ ਪੈਂਦਾ ਰਿਹਾ ਸੀ। ਹਾਲ ਬਿਲਕੁਲ ਚੁੱਪ ਸੀ। ਸਿਰਫ਼ ਜਿਥੇ ਇਹ ਗੁਜਰਾਤੀ ਨਕਸਲਬਾੜੀਆ ਬੈਠਾ ਸੀ, ਉਥੇ ਰੌਲਾ ਪੈ ਰਿਹਾ ਸੀ।

ਸਾਫ਼ ਹੈ, ਇਸ ਸਮੇਂ ਮੈਂ ਮਾਈਕ ਅਗੇ ਖੜਾ ਸਾਂ। ਇਕ ਪਲ ਮੈਂ ਮੁੜ ਕੇ ਜ਼ਰਾ ਡਾਇਸ ਵਲ ਵੀ ਤੱਕਿਆ ਸੀ। ਮੇਅਰ ਅਤੇ ਦੋਵੇਂ ਐਮ. ਪੀ. ਮੁਸਕ੍ਰਾਉਣ ਲਗ ਗਏ ਸਨ।

ਮੈਂ ਤਕਰੀਰ ਸ਼ੁਰੂ ਕੀਤੀ। ਸਮਾਂ ਘੱਟ ਰਹਿ ਗਿਆ ਸੀ। ਖ਼ੈਰ, ਜੋ ਵੀ ਸਮਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ, ਮੈਂ ਚੰਗੀ ਤਰ੍ਹਾਂ ਬੋਲਿਆ ਤੇ ਚੰਗੀ ਤਰ੍ਹਾਂ ਸੁਣਿਆ ਗਿਆ। ਜਿੰਨਾ ਰੌਲਾ ਪਿਆ ਸੀ, ਉਨੀ ਹੀ ਹੁਣ ਹਾਲ ਵਿਚ ਸੰਜੀਦਗੀ ਅਤੇ ਚੁੱਪ ਸੀ।

ਨਕਸਲਬਾੜੀ ਨੌਜਵਾਨ ਨੂੰ ਬੋਲਣ ਲਈ ਬੁਲਾਇਆ ਗਿਆ। ਬੋਲਣਾ ਉਸ ਕੀ ਸੀ ? ਸਾਮਰਾਜ, ਸਰਮਾਇਆਦਾਰੀ ਉਸ ਦੇ ਦੁਸ਼ਮਣ ਨਹੀਂ ਸਨ, ਉਸ ਦਾ ਦੁਸ਼ਮਣ ਰੂਸ ਸੀ। ਜਿੰਨਾ ਚਿਰ ਉਹ ਬੋਲਿਆ, ਰੂਸ ਦੇ ਵਿਰੁੱਧ ਬੋਲਿਆ। ਅੰਤ ਵਿਚ ਉਸ ਨਾਅਰਾ ਲਾਇਆ : "ਨਕਸਲਬਾੜੀ—ਜ਼ਿੰਦਾਬਾਦ।" ਆਪ ਹੀ "ਨਕਸਲਬਾੜੀ" ਕਿਹਾ, ਆਪ ਹੀ "ਜ਼ਿੰਦਾਬਾਦ" ਕਿਹਾ। ਹਾਲ ਵਿਚ ਜਿਹੜੇ ਉਸ ਦੇ ਸਾਥੀ ਬੈਠੇ ਹੋਏ ਸਨ, ਉਹਨਾਂ ਵੀ ਜ਼ਿੰਦਾਬਾਦ ਨਾ ਕਿਹਾ।

ਕਈ ਥਾਈਂ ਪ੍ਰਬੰਧਕਾਂ ਵਿਚ ਪੰਜਾਬੀ ਦੇ ਕਵੀ ਤੇ ਲੇਖਕ ਸਨ। ਲਿਸਟਰ ਵਿਚ ਅਵਤਾਰ ਸਿੰਘ ਸਾਦਿਕ, ਸ਼ਾਇਦ, ਸਕੱਤਰ ਸਨ। ਰੈਡਿੰਗ ਵਿਚ ਸੰਤੋਖ ਸਿੰਘ ਸੰਤੋਖ ਸਟੇਜ ਸਕੱਤਰ ਸਨ। ਨ. ਸ. ਨੂਰ ਹੋਰੀਂ ਵੁਲਵਰਹੈਮਪਟਨ ਆਈ. ਡਬਲਿਊ. ਏ. ਦੇ ਪ੍ਰਧਾਨ ਸਨ।

ਗਲਾਸਗੋ, ਸਾਊਥਾਲ, ਨੌਟਿੰਘਮ ਅਤੇ ਵੁਲਵਰਹੈਮਪਟਨ ਇਹ ਸਮਾਗਮ ਕਾਫ਼ੀ ਵੱਡੇ ਹਾਲਾਂ ਵਿਚ ਕੀਤੇ ਗਏ ਸਨ। ਹਾਲ ਪੂਰੇ ਪੂਰ ਹੁੰਦੇ ਸਨ। ਵੁਲਵਰਹੈਮਪਟਨ ਢਾਈ ਹਜ਼ਾਰ ਸੀਟਾਂ ਦਾ ਵੱਡਾ ਹਾਲ ਸੀ ਜੋ ਖਚਾ ਖਚ ਭਰਿਆ ਹੋਇਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨੈਸ਼ਨਲ ਫ਼ਰੰਟ ਵਿਰੁੱਧ ਮੁਜ਼ਾਹਰਾ

ਇੰਗਲੈਂਡ ਵਿਚ ਇਕ ਨਸਲਵਾਦੀ ਤੇ ਫ਼ਾਸ਼ੀ ਜਥੇਬੰਦੀ ਹੈ ਜਿਸ ਦਾ ਚੰਗਾ ਜਾਂ ਬੁਰਾ ਨਾਂ "ਨੈਸ਼ਨਲ ਫ਼ਰੰਟ" ਹੈ।

ਜਿਵੇਂ ਹਿੰਦੋਸਤਾਨ ਵਿਚ ਜਨ ਸੰਘ ਕਹਿੰਦਾ ਰਹਿੰਦਾ ਹੈ ਕਿ ਮੁਸਲਮਾਨਾਂ ਨੂੰ ਕੱਢ ਦਿਓ ਤਾਂ ਸਭ ਕੁਝ ਠੀਕ ਹੋ ਜਾਵੇਗਾ, ਇੰਗਲੈਂਡ ਵਿਚ ਇਹੋ ਸੋਚ ਨੈਸ਼ਨਲ ਫ਼ਰੰਟ ਦੀ ਹੈ। ਉਹ ਕਹਿੰਦਾ ਹੈ ਕਿ ਇਹਨੀਂ ਦਿਨੀਂ ਸਾਡੇ ਦੇਸ਼ ਇੰਗਲੈਂਡ ਦੇ ਅੱਗੇ ਜੋ ਵੀ ਕੋਈ ਸਮੱਸਿਆ ਹੈ, ਉਸ ਦਾ ਕਾਰਨ, ਕੇਵਲ ਤੇ ਕੇਵਲ, ਇਹ ਰੰਗਦਾਰ ਆਵਾਸੀ ਹਨ। ਇਹ ਸੋਚਣੀ, ਨਿਰਸੰਦੇਹ, ਇੰਗਲੈਂਡ ਦੇ ਪੂੰਜੀਪਤੀਆਂ ਅਤੇ ਸਾਮਰਾਜ ਦੀ ਸੇਵੀ ਹੈ। ਇਹ ਸਾਮਰਾਜ ਦੀ ਪਿੱਠੂ ਅਤੇ ਗੁਮਾਸ਼ਤਾ ਜਥੇਬੰਦੀ ਹੈ।

੨੪ ਅਗਸਤ, ੭੪ ਨੂੰ ਇਸ ਫ਼ਾਸ਼ੀ ਜਥੇਬੰਦੀ ਵਲੋਂ ਲਿਸਟਰ ਵਿਚ ਆਵਾਸੀਆਂ ਵਿਰੁੱਧ ਮੁਜ਼ਾਹਰਾ ਕੀਤਾ ਜਾ ਰਿਹਾ ਸੀ। ਬੜੀ ਭਿਆਨਕ ਹਾਲਤ ਸੀ। ਨਾਅਰਾ ਸੀ ਕਿ ਕਾਲਿਓ, ਇੰਗਲੈਂਡ ਵਿਚੋਂ ਬਾਹਰ ਹੋ ਜਾਓ।

ਪਰ, ਅੱਜ ਦੁਨੀਆਂ ਉਹ ਨਹੀਂ ਜੋ ਸਾਮਰਾਜ ਦੀ ਤਸ਼ਤਰੀ ਵਿਚ ਕਿਸੇ ਸਮੇਂ ਕ੍ਰਿਸਮਿਸ ਦੇ ਕੇਕ ਵਾਂਗ ਪਈ ਹੁੰਦੀ ਸੀ। ਅੱਜ ਇਹ ਦੁਨੀਆਂ ਹੋਰ ਹੈ। ਅੱਜ ਇਸ ਦੁਨੀਆਂ ਵਿਚ ਕਾਰਲ ਮਾਰਕਸ ਦੀ ਕਲਮ ਦੇ ਲਿਖੇ ਸੂਰਜਾਂ ਵਰਗੇ ਅੱਖਰ ਹਨ ਜੋ ਇਸ ਸੰਸਾਰ ਦੀ ਨੁੱਕਰ ਨੁੱਕਰ ਵਿਚ ਤੇਜ਼ੀ ਨਾਲ ਪੁੱਜ ਰਹੇ ਹਨ। ਜਿਹੜੀ ਦੁਨੀਆਂ ਆਧਣੀ ਬੰਦ-ਖ਼ਲਾਸ ਲਈ ਉੱਠੀ ਹੋਈ ਹੈ, ਅਜ ਉਸ ਦੇ ਵਿਰਸੇ ਵਿਚ ਲੈਨਿਨ ਦਾ ਸੰਗਰਾਮ ਹੈ। ਦੁਨੀਆਂ ਬਦਲੀ ਹੋਈ ਹੈ।

ਸਾਮਰਾਜ ਤੇ ਪੂੰਜੀਵਾਦ ਦੀ ਬੜੀ ਹੀ ਖੋਟੀ ਕਿਸਮਤ ਹੈ। ਭਾਵੇਂ ਅੱਜ ਉਹ ਕਿੰਨੇ ਵੀ ਗੁਮਾਸ਼ਤੇ ਪੈਦਾ ਕਰਦਾ ਹੈ, ਪਰ ਇਹ ਸਭ ਬੇ-ਅਰਥ ਹੈ। ਜਨਤਾ ਜਾਗ ਰਹੀ ਹੈ।

ਧਰਮ, ਨਸਲ, ਦੇਸ਼, ਕੌਮ ਅੱਜ ਇਹ ਸਭ ਬੇ-ਫ਼ਾਇਦਾ ਹਨ। ਅੱਜ ਤਾਂ ਗੱਲਾਂ ਦੋ ਹੀ ਹਨ : ਮਿਹਨਤਕਸ਼ ਤੇ ਲੁੱਟਣ ਵਾਲੇ। ਮਿਹਨਤਕਸ਼ ਧਰਮ, ਨਸਲ, ਦੇਸ਼, ਕੌਮ ਤੋਂ ਉਤੇ ਹਨ। ਲੁੱਟਣ ਵਾਲੇ ਇਹਨਾਂ ਤੋਂ ਆਪਣੀ ਸੇਵਾ ਲੈਣੀ ਚਾਹੁੰਦੇ ਹਨ। ਪਰ ਇਹ ਮਰੇ ਹੋਏ ਸੱਪ ਹਨ। ਭਾਵੇਂ ਜ਼ਹਿਰ ਅਜੇ ਵੀ ਇਹਨਾਂ ਦਾ ਕਿਧਰੇ ਕਿਧਰੇ ਕਾਇਮ ਹੈ। ਇਹ ਵੀ ਬਹੁਤ ਠੀਕ ਹੈ ਕਿ ਕਈ ਅਜੇ ਪੂਰੀ ਤਰ੍ਹਾਂ ਕਿਉਂਕਿ ਮਰੇ ਨਹੀਂ ਹਨ, ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਈ ਵਿਸ ਘੋਲਦੇ ਹਨ। ਕਦੇ ਕਦੇ ਇਹ ਕਿਤੇ ਨਾ ਕਿਤੇ ਡੰਗ ਵੀ ਮਾਰ ਜਾਂਦੇ ਹਨ। ਕਿਉਂਕਿ ਇਹਨਾਂ ਸੱਪਾਂ ਨੂੰ ਮਾਰਨਾ ਸੌਖਾ ਵੀ ਤਾਂ ਨਹੀਂ ਹੈ।

ਤਦ ਵੀ, ਜਿਨ੍ਹਾਂ ਨੇ ਦਾਤੀ ਅਤੇ ਹਥੌੜਾ ਫੜਿਆ ਹੋਇਆ ਹੈ, ਉਹ ਕਾਫ਼ੀ ਸਾਵਧਾਨ ਹਨ। ਦਾਤੀ ਸਿਰ ਕੱਟ ਦਿੰਦੀ ਹੈ, ਹਥੌੜਾ ਸਿਰ ਫੇਹ ਦਿੰਦਾ ਹੈ।

ਇੰਗਲੈਂਡ ਦੀਆਂ ਖੱਬੀਆਂ ਅਤੇ ਸਭ ਜਮਹੂਰੀ ਪਾਰਟੀਆਂ ਨੇ ਇਹ ਵੰਗਾਰ ਕਬੂਲ ਕੀਤੀ। ਉਹਨਾਂ ਨੇ ਵੀ ਉਸੇ ਦਿਨ ਹੀ ਨੈਸ਼ਨਲ ਫ਼ਰੰਟ ਵਿਰੁਧ ਮੁਜ਼ਾਹਰੇ ਦਾ ਪ੍ਰਬੰਧ ਕੀਤਾ। ਇਸ ਲਈ ਅੱਜ ਲਿਸਟਰ ਵਿਚ ਦੋ ਮੁਜ਼ਾਹਰੇ ਹੋਣੇ ਸਨ। ਇਕ ਮੁਜ਼ਾਹਰਾ ਪਿਛੇ-ਖਿਚੂ ਤੇ ਦੂਜਾ ਅੱਗੇ ਵਧੂ ਸੀ। ਪਿਛੇ ਖਿਚੂ, ਮਿਹਨਤਕਸ਼ ਜਮਾਤ ਨੂੰ ਪਾੜਨ ਵਾਲਾ ਸੀ। ਅੱਗੇ ਵਧੂ ਜੋੜਨ ਵਾਲਾ।

ਮੈਨੂੰ ਚੌਵੀ ਅਗਸਤ ਨੂੰ ਹੱਡਰਸਫ਼ੀਲਡ ਸੱਦਿਆ ਗਿਆ ਸੀ। ਪੱਚੀ ਨੂੰ ਸਵੇਰੇ ਪਹਿਲਾਂ ਗੁਰਦੁਆਰੇ ਬੋਲਣਾ ਸੀ, ਸ਼ਾਮ ਨੂੰ ਪੰਦਰਾਂ ਅਗਸਤ ਦੇ ਆਜ਼ਾਦੀ ਦੇ ਸਮਾਗਮ ਵਿਚ। ਹੱਡਰਸਫ਼ੀਲਡ ਇਹ ਸਮਾਗਮ ਪੱਚੀ ਅਗਸਤ ਨੂੰ ਹੋਇਆ ਸੀ।

ਕਾਵੈਂਟਰੀ ਤੋਂ ਹੱਡਰਸਫ਼ੀਲਡ ਲਿਸਟਰ ਵਲ ਹੀ ਪੈਂਦਾ ਹੈ। ਪਹਿਲਾਂ ਲਿਸਟਰ ਆਉਂਦਾ ਹੈ, ਫੇਰ ਅੱਗੇ ਹੱਡਰਸਫ਼ੀਲਡ। ਉਹੀਓ ਸੜਕ ਜਾਂਦੀ ਹੈ। ਲਿਸਟਰ ਜਾਣਾ ਹੋਵੇ ਤਾਂ ਸੜਕ ਛੱਡਣੀ ਪੈਂਦੀ ਹੈ। ਫੇਰ ਅੱਗੇ ਜਾਣਾ ਹੋਵੇ ਤਾਂ ਉਹੀਓ ਸੜਕ ਮਿਲ ਜਾਂਦੀ ਹੈ।

ਕਾਵੈਂਟਰੀ ਤੋਂ ਸਿੱਧਾ ਵੀ ਮੈਂ ਹੱਡਰਸਫ਼ੀਲਡ ਜਾ ਸਕਦਾ ਸਾਂ। ਪਰ ਮੈਂ ਇਹੋ ਸੋਚਿਆ ਕਿ ਪਹਿਲਾਂ ਲਿਸਟਰ ਜਾਵਾਂ ਤੇ ਇਸ ਮੁਜ਼ਾਹਰੇ ਦੇ ਦਰਸ਼ਨ ਕਰਾਂ। ਇਹ ਮੁਜ਼ਾਹਰਾ ਪੂਰੇ ਗਰੇਟ ਬ੍ਰਿਟਿਨ ਦਾ ਹੋ ਰਿਹਾ ਸੀ ਤੇ ਇਸ ਦਾ ਬਹੁਤ ਮਹੱਤਵ ਸੀ। ਹੱਡਰਸਫ਼ੀਲਡ ਮੈਨੂੰ ਗੁਰਦੀਪ ਮੁਠੱਡਾ ਨੇ ਸੱਦਿਆ ਹੋਇਆ ਸੀ ਜੋ ਨਵਾਂ ਪੰਜਾਬੀ ਲੇਖਕ ਹੈ ਤੇ ਪਿਛੋਂ ਲੱਖਾ ਸਿੰਘ ਜੌਹਰ ਦੇ ਪਿੰਡ ਮੁਠੱਡਾ ਦਾ ਰਹਿਣ ਵਾਲਾ ਹੈ। ਗੁਰਦੀਪ ਦੇ ਵੀ ਇਸ ਮੁਜ਼ਾਹਰੇ ਵਿਚ ਆਉਣ ਦੀ ਪੂਰੀ ਆਸ ਸੀ। ਲਿਸਟਰ ਤੋਂ ਮੈਂ ਉਸ ਦੇ ਨਾਲ ਹੀ ਹੱਡਰਸਫ਼ੀਲਡ ਜਾ ਸਕਦਾ ਸਾਂ। ਜੱਥਾ ਜ਼ਰੂਰ ਕੋਈ ਹੱਡਰਸਫ਼ੀਲਡ ਤੋਂ ਇਸ ਮੁਜ਼ਾਹਰੇ ਲਈ ਆਉਣਾ ਸੀ। ਜੇ ਗੁਰਦੀਪ ਨਾ ਵੀ ਆਵੇ, ਤਾਂ ਵੀ ਮੈਂ ਆਸਾਨੀ ਨਾਲ ਇਸ ਜਥੇ ਨਾਲ ਜਾ ਸਕਦਾ ਸਾਂ।

ਮੁਜ਼ਾਹਰੇ ਲਈ ਕਾਵੈਂਟਰੀ ਤੋਂ ਇਕ ਪੂਰੀ ਕੋਚ ਜਾ ਰਹੀ ਸੀ ਜੋ ਜਾਣ ਵਾਲੇ ਸਾਥੀਆਂ ਨੇ ਸਾਲਮ ਕੀਤੀ ਹੋਈ ਸੀ। ਲਿਸਟਰ ਤਕ ਮੈਨੂੰ ਵੀ ਇਸ ਕੋਚ ਵਿਚ ਜਗ੍ਹਾ ਦਿਤੀ ਗਈ।

ਅੱਡੇ ਉਤੇ ਹਰ ਖ਼ਿਆਲ ਦੇ ਕਮਿਊਨਿਸਟ ਖੜੇ ਸਨ। ਕਮਿਊਨਿਸਟ ਪਾਰਟੀ ਆਫ਼ ਗਰੇਟ ਬ੍ਰਿਟਿਨ ਦੇ ਮੈਂਬਰ, ਆਈ. ਐਸ. (ਇੰਟਰਨੈਸ਼ਨਲ ਸੋਸ਼ਲਿਸਟ) ਟਰਾਟਸਕੀਵਾਦੀ, ਨਕਸਲੀ, ਮਾਰਕਸੀ, ਇੰਡੀਅਨ ਵਰਕਰਜ਼ ਐਸੋਸੀਏਸ਼ਨ, ਸਾਰੀਆਂ ਜਥੇਬੰਦੀਆਂ ਵਲੋਂ ਮੁਜ਼ਾਹਰਾ ਕੀਤਾ ਜਾ ਰਿਹਾ ਸੀ। ਟੱਕਰ ਹੋਣ ਦਾ ਖ਼ਤਰਾ ਸੀ। ਉਂਜ ਪੁਲਸ ਨੇ ਦੋਹਾਂ ਦੇ ਰੂਟ ਵਖੋ ਵੱਖ ਕਰ ਦਿਤੇ ਸਨ।

ਅੱਡੇ ਉਤੇ ਗੋਰੇ ਗੋਰੀਆਂ (ਅੰਗਰੇਜ਼ ਨੌਜਵਾਨ ਤੇ ਕੁੜੀਆਂ) ਲਾਲ ਰੰਗ ਦੇ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੈਨਰ ਅਤੇ ਝੰਡੇ ਚੁਕੀ ਖੜੇ ਸਨ। ਯੂਰਪੀਨ ਤੇ ਏਸ਼ੀਆਈ ਸਭ ਦੇ ਇਕ ਜਜ਼ਬੇ ਸਨ।

ਇਕੱਠ ਹੁੰਦਾ ਜਾ ਰਿਹਾ ਸੀ। ਲੋਕੀ ਦੋ ਦੋ ਚਾਰ ਚਾਰ ਦੀਆਂ ਟੋਲੀਆਂ ਵਿਚ ਖਲੋਤੇ ਸਨ। ਕਈਆਂ ਕੋਲ ਵੰਨ ਸੁਵੰਨੇ ਪਰਚੇ ਜਾਂ ਅਖ਼ਬਾਰ ਸਨ ਤੇ ਸਾਹਿੱਤ ਵੇਚ ਰਹੇ ਸਨ। ਇਕ ਨੌਜਵਾਨ ਗੋਰੀ ਮੇਰੇ ਲਾਗੇ ਆਈ ਤੇ ਨੈਸ਼ਨਲ ਫ਼ਰੰਟ ਵਿਰੁੱਧ ਇਕ ਪਰਚਾ ਮੈਨੂੰ ਦੇਣ ਲਗੀ। ਲੇਅ-ਆਊਟ ਕੁਝ ਇੰਜ ਸੀ ਕਿ ਪਰਚੇ ਉਤੇ "ਨੈਸ਼ਨਲ ਫ਼ਰੰਟ" ਮੋਟਾ ਛਪਿਆ ਸੀ। ਮੈਂ ਸਮਝਿਆ, ਸ਼ਾਇਦ ਇਹ ਪਰਚਾ ਨੈਸ਼ਨਲ ਫ਼ਰੰਟ ਦਾ ਹੈ। ਮੈਂ ਉਸ ਕੁੜੀ ਨੂੰ ਆਖਿਆ : "ਡੂ ਯੂ ਬੀਲਾਂਗ ਟੂ ਦਾ ਨੈਸ਼ਨਲ ਫਰੰਟ ? (ਕੀ ਤੇਰਾ ਨੈਸ਼ਨਲ ਫ਼ਰੰਟ ਨਾਲ ਸੰਬੰਧ ਹੈ ?)" ਕੁੜੀ ਹਸ ਕੇ ਆਖਣ ਲਗੀ : "ਨੋ ਨੋ, ਨੋ ਨੋ, ਆਈ ਐਮ ਅਗੇਂਸਟ ਦੈਮ ! ਆਈ ਐਮ ਵਿਦ ਯੂ (ਨਹੀਂ ਨਹੀਂ, ਨਹੀਂ ਨਹੀਂ, ਮੈਂ ਤਾਂ ਉਹਨਾਂ ਦੇ ਵਿਰੁੱਧ ਹਾਂ। ਮੈਂ ਤੁਹਾਡੇ ਨਾਲ ਹਾਂ)।" ਮੈਂ ਮੁਆਫ਼ੀ ਮੰਗੀ ਤੇ ਫੇਰ ਉਸ ਨੂੰ ਆਖਿਆ : "ਵੈਰੀ ਗਲੈਡ ਟੂ ਸੀ ਯੂ ਡੀਅਰ (ਤੈਨੂੰ ਮਿਲ ਕੇ ਮੈਨੂੰ ਬੜੀ ਹੀ ਖ਼ੁਸ਼ੀ ਹੋਈ ਹੈ ਪਿਆਰੀ ਕੁੜੀਏ)"।

ਮੁਜ਼ਾਹਰਾ ਬਹੁਤ ਭਰਵਾਂ ਸੀ। ਇੰਗਲੈਂਡ ਭਰ ਤੋਂ ਲਿਸਟਰ ਵਿਚ ਅੱਜ ਕੋਚਾਂ ਪਹੁੰਚ ਰਹੀਆਂ ਸਨ। ਲਾਲ ਬੈਨਰ, ਲਾਲ ਝੰਡੇ ਇਕ ਸੁਹਾਵਣੇ ਪਾਰਕ ਵਿਚ ਇਕੱਠੇ ਹੁੰਦੇ ਜਾਂਦੇ ਸਨ। ਮੈਨੂੰ ਸੀ. ਪੀ. ਆਈ. ਵਲੋਂ ਕਦੇ ਦਿੱਲੀ ਵਿਚ ਕੀਤੇ ਗਏ ਮਹਾਨ ਮਾਰਚ ਚੇਤੇ ਆਏ। ੧੩ ਸਤੰਬਰ, ੧੯੬੩ ਦਾ ਮਹਾਨ ਮਾਰਚ; ੧ ਸਤੰਬਰ, ੧੯੬੬ ਦਾ ਮਹਾਨ ਮਾਰਚ; ੨੭ ਮਾਰਚ, ੧੯੭੩ ਦਾ ਮਹਾਨ ਮਾਰਚ। ਪਹਿਲਾ ਮਾਰਚ ਰਾਮ ਲੀਲ੍ਹਾ ਮੈਦਾਨ ਤੋਂ ਸ਼ੁਰੂ ਹੋਇਆ ਸੀ। ਦੂਜੇ ਦੋਵੇਂ ਲਾਲ ਕਿਲ੍ਹੇ ਤੋਂ ਪਾਰਲੀਮੈਂਟ ਨੂੰ ਚੱਲੇ ਸਨ।

ਰਾਮ ਲੀਲ੍ਹਾ ਮੈਦਾਨ ਅਤੇ ਲਾਲ ਕਿਲ੍ਹੇ ਦੇ ਸਬਜ਼ ਘਾਹ, ਤੇ ਉਤੇ ਲਾਲ ਝੰਡੇ ਸਨ। ਇਸੇ ਤਰ੍ਹਾਂ ਹੀ ਏਥੇ ਸੀ। ਸੁਹਣੇ ਸਬਜ਼ਾਜ਼ਾਰ ਉਤੇ ਫਰਫਰਾਂਦੇ ਲਾਲ ਝੰਡੇ। ਉਥੇ ਗਿਣਤੀ ਵੱਡੀ ਸੀ। ਏਥੇ ਗਿਣਤੀ ਥੋੜੀ ਸੀ। ਪਰ ਉਹ ਮੁਲਕ ਵੀ ਵੱਡਾ ਹੈ। ਇੰਗਲੈਂਡ ਬਹੁਤ ਛੋਟਾ ਹੈ।

ਇਕ ਗੱਲ ਮੈਂ ਨੋਟ ਕੀਤੀ : ਮੁਜ਼ਾਹਰਾ ਰੰਗ ਤੇ ਨਸਲ ਆਦਿ ਦੇ ਵਿਤਕਰੇ ਦੇ ਵਿਰੁੱਧ ਸੀ ਤੇ ਸਮਝੋ ਸਾਡੇ ਹੱਕ ਵਿਚ ਸੀ, ਪਰ ਅਸੀਂ ਬਹੁਤ ਹੀ ਘੱਟ ਸਾਂ ਤੇ ਗੋਰੇ ਗੋਰੀਆਂ ਬਹੁਤੇ ਸਨ। ਗੋਰੇ ਪੈਂਹਠ ਫ਼ੀ ਸਦੀ ਸਨ ਤੇ ਕਾਲੇ ਮਸੀਂ ਪੈਂਤੀ ਫ਼ੀ ਸਦੀ। ਹਾਲਾਂਕਿ ਹਿਤ ਉਹਨਾਂ ਦਾ ਨਹੀਂ, ਸਾਡਾ, ਰੰਗਦਾਰਾਂ ਦਾ, ਸੀ।

ਸਾਡੇ ਵਿਚੋਂ ਵੀ ਬਹੁਤੇ ਲੋਕ ਪੰਜਾਬੀ ਜਾਂ ਪਾਕਿਸਤਾਨੀ ਹੀ ਸਨ। ਜਮੀਕਨ ਇਕ ਵੀ ਨਹੀਂ ਸੀ। ਨਾ ਹੀ ਕੋਈ ਅਫ਼ਰੀਕੀ ਦਿਸਿਆ। ਹਾਲਾਂ ਕਿ ਉਹਨਾਂ ਦਾ ਰੰਗ ਸਾਥੋਂ ਬਹੁਤਾ ਕਾਲਾ ਹੁੰਦਾ ਹੈ। ਇਸ ਦਾ ਕਾਰਨ ਕੀ ਸੀ ? ਸਿਆਸੀ ਸਮਝਦਾਰੀ ਦੀ ਘਾਟ।

ਗੁਜਰਾਤੀਆਂ ਨੇ ਖ਼ਾਸ ਕਰ ਕੇ ਬਹੁਤ ਹੀ ਕਮਜ਼ੋਰੀ ਦਿਖਾਈ। ਯੂਗਾਂਡਾ ਵਿਚੋਂ ਬਹੁ-ਗਿਣਤੀ ਗੁਜਰਾਤੀ ਹੀ ਕੱਢੇ ਗਏ ਹਨ ਜਿਨ੍ਹਾਂ ਵਿਚੋਂ ਬਹੁਤੇ ਲੋਕ ਇੰਗਲੈਂਡ ਵਿਚ ਆ ਕੇ ਵਸੇ ਹਨ। ਲਿਸਟਰ ਵਿਚ ਗੁਜਰਾਤੀਆਂ ਦੀ ਕਾਫ਼ੀ ਵੱਡੀ ਗਿਣਤੀ ਹੈ। ਪਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਜਰਾਤੀ, ਇਸ ਮੁਜ਼ਾਹਰੇ ਵਿਚ ਇਕ ਵੀ ਸ਼ਾਮਿਲ ਨਹੀਂ ਸੀ ਹੋਇਆ। ਸਾਰੇ ਭਿੱਜੀ ਬਿੱਲੀ ਵਾਂਗ, ਆਪੋ ਆਪਣੇ ਘਰਾਂ ਦੇ ਬੂਹਿਆਂ ਬਾਰੀਆਂ ਵਿਚ ਖਲੋਤੇ ਸਨ ਤੇ ਚੁੱਪ ਚਾਪ ਤੱਕ ਰਹੇ ਸਨ, ਜਿਵੇਂ ਉਹਨਾਂ ਦਾ ਇਸ ਮੁਜ਼ਾਹਰੇ ਨਾਲ ਕੋਈ ਸੰਬੰਧ ਹੀ ਨਹੀਂ ਸੀ। ਲੋਕੀ, ਇਹਨਾਂ ਗੁਜਰਾਤੀਆਂ ਬਾਰੇ, ਇਹ ਰੀਮਾਰਕਸ ਦਿੰਦੇ ਸਨ : "ਪਹਿਲਾਂ ਇਹ ਯੂਗਾਂਡਾ ਵਿਚੋਂ ਛਿੱਤਰ ਖਾ ਕੇ ਆਏ ਹਨ, ਏਥੋਂ ਵੀ ਹੁਣ ਛਿੱਤਰ ਖਾ ਕੇ ਜਾਣ ਦੀਆਂ ਸਲਾਹਾਂ ਹਨ। ਇਹਨਾਂ ਨੇ ਛਿੱਤਰ ਖਾਣੇ ਹਨ।"

ਇਹ ਗੁਜਰਾਤੀ, ਆਮ ਕਰਕੇ, ਫ਼ੈਕਟਰੀਆਂ ਦੇ ਕਾਮੇ ਨਹੀਂ, ਏਜੰਟਾਂ ਦਾ ਕੰਮ ਕਰਦੇ ਹਨ। ਇਹਨਾਂ ਲਈ ਪੈਸਾ ਵੱਡਾ ਹੈ।

ਅਸਲ ਵਿਚ ਤਾਂ ਅੰਤਸ਼ਕਰਣ ਘੁਰਾੜੇ ਮਾਰ ਰਿਹਾ ਹੈ। ਜ਼ਮੀਰ ਸੁੱਤੀ ਪਈ ਹੈ। ਜਮੀਰ ਜਾਗੀ ਹੋਵੇ ਤਾਂ ਪੈਸਾ ਹੇਚ ਹੋ ਜਾਂਦਾ ਹੈ।

ਮੈਂ, ਇਸ ਮੁਜ਼ਾਹਰੇ ਵਿਚ, ਬੜੀ ਹੀ ਸ਼ਾਨ ਨਾਲ ਤੁਰਿਆ ਸਾਂ। ਯਕੀਨ ਜਾਣੋ, ਮੈਨੂੰ ਬੜਾ ਹੀ ਫ਼ਖ਼ਰ ਮਹਿਸੂਸ ਹੋ ਰਿਹਾ ਸੀ।

ਮੇਰੇ ਹੱਥ ਵਿਚ ਕਾਲੇ ਰੰਗ ਦਾ ਬੜਾ ਹੀ ਸੁੰਦਰ ਬੈਗ ਸੀ। ਇਹ ਬੈਗ ਮੈਨੂੰ ਕਿਸੇ ਨੇ ਤੁਹਫ਼ੇ ਵਜੋਂ ਦਿਤਾ ਸੀ। ਸਾਫ਼ ਹੈ, ਇਸ ਮੁਜ਼ਾਹਰੇ ਲਈ ਪੁਲਸ ਤਾਂ ਕਾਫ਼ੀ ਹੋਣੀ ਹੀ ਸੀ। ਮੇਰੇ ਹੱਥ ਵਿਚ ਬੈਗ ਦੇਖ ਕੇ ਇਕ ਸਿਪਾਹੀ ਨੇ ਆਖਿਆ : "ਇਸ ਬੈਗ ਵਿਚ ਬੰਬ ਤਾਂ ਨਹੀਂ ?" ਫੇਰ ਉਹ ਹਸਣ ਲਗ ਪਿਆ, ਜਿਵੇਂ ਕਿਸੇ ਮਿੱਤਰ ਨਾਲ ਸਖੌਲ ਕਰ ਕੇ ਹਸੀਦਾ ਹੈ।

ਉਚਾਰਣ ਕੁਝ ਸਥਾਨਕ (Colloquial) ਕਰ ਕੇ ਪਹਿਲਾਂ ਮੈਨੂੰ ਸਮਝ ਨਾ ਆਈ। ਜਦੋਂ ਸਮਝ ਆਈ ਤਾਂ ਮੈਂ ਵੀ ਹਸ ਕੇ ਆਖਿਆ : "ਨਹੀਂ ਜਨਾਬ, ਬੰਬ ਤਾਂ ਨਹੀਂ, ਐਟਮ ਬੰਬ ਜ਼ਰੂਰ ਹੈ।" ਫੇਰ ਉਹ ਹੋਰ ਵੀ ਹਸਿਆ ਸੀ।

ਮੁਜ਼ਾਹਰਾ ਬੜਾ ਹੀ ਸਫਲ ਸੀ। ਨਾਅਰੇ ਬੜੇ ਹੀ ਗੌਰਵਸ਼ਾਲੀ :

ਬਲੈਕ ਐਂਡ ਵ੍ਹਾਈਟ
ਯੂਨਾਈਟ ਐਂਡ ਫ਼ਾਈਟ।
ਫ਼ਾਸ਼ਿਜ਼ਮ—ਡਾਊਨ ਡਾਊਨ
ਸੋਸ਼ਲਿਜ਼ਮ—ਕਮ ਕਮ।

"ਨੈਸ਼ਨਲ ਫ਼ਰੰਟ ਮੁਰਦਾਬਾਦ" ਦੇ ਨਾਅਰੇ ਵੀ ਲਗ ਰਹੇ ਸਨ।

ਵਾਲੰਟੀਅਰ ਅੰਗਰੇਜ਼ ਅਤੇ ਏਸ਼ੀਆਈ ਦੋਵੇਂ ਹੀ ਸਨ। ਮੇਮਾਂ ਅਤੇ ਦੇਸਣਾਂ ਨੇ ਵੀ ਬੈਜ ਲਾਏ ਹੋਏ ਸਨ। ਬੈਜ ਹਰੇ ਰੰਗ ਦੇ ਸਨ। ਇਸ ਰੰਗ ਵਿਚ ਥੋੜੀ ਜਿਹੀ ਪਿਲੱਤਣ ਮਿਲੀ ਹੋਈ ਸੀ।

ਟੱਕਰ ਕਿਤੇ ਵੀ ਨਹੀਂ ਸੀ ਹੋਈ। ਨੈਸ਼ਨਲ ਫ਼ਰੰਟ ਕਿਸੇ ਹੋਰ ਰਾਹ ਜਾ ਰਿਹਾ ਸੀ, ਇਹ ਮੁਜ਼ਾਹਰਾ ਹੋਰ ਰਾਹ। ਏਧਰ ਬੈਨਰ ਲਾਲ ਸਨ ਤੇ ਦਾਤੀ ਅਤੇ ਹਥੌੜੇ ਵਾਲੇ ਕਮਿਊਨਿਸਟ ਝੰਡੇ ਵੀ। ਉਧਰ ਸਾਮਰਾਜ ਦਾ ਯੂਨੀਅਨ ਜੈਕ ਫੜਿਆ ਹੋਇਆ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] । ਨੈਸ਼ਨਲ ਫ਼ਰੰਟ ਦੀ ਗਿਣਤੀ ਸਿਰਫ਼ ਛੇ ਸੌ ਆਖੀ ਸੀ। ਇਕ ਅੜਚਣ ਹੋਰ ਸੀ, ਅੱਜ ਹੀ ਬ੍ਰਿਮਿੰਘਮ ਵਿਚ ਕਬੱਡੀ ਦਾ ਮੈਚ ਹੋ ਰਿਹਾ ਸੀ। ਕਹਿੰਦੇ ਸਨ ਕਿ ਇਸ ਮੈਚ ਨੇ ਕਾਫ਼ੀ ਲੋਕ ਖਿੱਚ ਲਏ ਸਨ। ਨਹੀਂ ਤਾਂ ਅਸੀਂ, ਖ਼ਾਸ ਕਰ ਕਾਲੇ, ਕਾਫ਼ੀ ਵੱਧ ਹੋ ਸਕਦੇ ਸਾਂ। ਪਰ ਨਹੀਂ ਜੀ, ਕਬੱਡੀ ਨਹੀਂ, ਸਿਆਸੀ ਸੂਝ ਦੀ ਕਮੀ ਹੈ। ਕਿਥੇ ਇਹ ਮੁਜ਼ਾਹਰਾ ਤੇ ਕਿਥੇ ਇਕ ਕਬੱਡੀ ਦਾ ਮੈਚ। ਹੋਣਾ ਇਹ ਚਾਹੀਦਾ ਸੀ ਕਿ ਅੱਜ ਕਬੱਡੀ ਦੇ ਮੈਚ ਵਿਚ ਇਸ ਲਈ ਲੋਕੀ ਨਹੀਂ ਆਏ ਕਿ ਲਿਸਟਰ ਵਿਚ ਮੁਜ਼ਾਹਰਾ ਸੀ।

ਸਨਿਚਰਵਾਰ ਦਾ ਦਿਨ ਸੀ। ਲਿਸਟਰ ਵਿਚ ਵੀ ਬਹੁਤੇ ਲੋਕੀ ਸਿਨਮੇ ਵਲ ਤਾਂ ਜਾਂਦੇ ਹਨ, ਮੁਜ਼ਾਹਰੇ ਲਈ ਨਹੀਂ ਆਏ ਸਨ। ਜਾਂ ਫੇਰ ਬੀਅਰ ਪੀਣ ਲਈ ਬਹੁਤੇ ਪੱਬਾਂ ਵਿਚ ਜਾ ਬੈਠੇ ਸਨ।

ਅਸਲ ਵਿਚ ਇਹ ਜਾਗ੍ਰਤੀ ਤੇ ਰਾਜਸੀ ਸੂਝ ਦੀ ਘਾਟ ਹੀ ਹੈ।

ਇਕ ਗੱਲ ਬਹੁਤ ਭੈੜੀ ਸੀ। ਮੁਜ਼ਾਹਰਾ ਸਾਂਝਾ ਹੋਇਆ ਸੀ, ਪਰ ਰੈਲੀਆਂ ਵਖੋ ਵੱਖ ਸਨ। ਇਨਟਰਨੈਸ਼ਨਲ ਸੋਸ਼ਲਿਸਟਾਂ ਨੇ ਵੱਖਰੀ ਰੈਲੀ ਕੀਤੀ ਸੀ, ਬਾਕੀ ਸਭ ਦੀ ਵੱਖਰੀ ਸੀ। ਖੱਬੇ ਪੱਖ ਦੀਆਂ ਦੋ ਰੈਲੀਆਂ ਸਾਮਰਾਜ ਤੇ ਪੂੰਜੀਵਾਦ ਨੂੰ ਤਾਕਤ ਹੀ ਕੁਝ ਦਿੰਦੀਆਂ ਸਨ।

ਖੱਬੇ ਪੱਖੀ ਤਾਕਤਾਂ ਵਿਚ ਅੱਜ ਜੋ ਫੁੱਟ ਪਈ ਹੈ, ਇਹ ਬੜੀ ਹੀ ਹਾਨੀਕਾਰਕ ਹੈ। ਇਹ ਫੁੱਟ ਛੇਤੀ ਤੋਂ ਛੇਤੀ ਖ਼ਤਮ ਹੋ ਜਾਣੀ ਚਾਹੀਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਹੱਡਰਸਫ਼ੀਲਡ

ਲਿਸਟਰ ਦੇ ਮੁਜ਼ਾਹਰੇ ਵਿਚ ਮੈਨੂੰ ਹੱਡਰਸਫ਼ੀਲਡ ਦਾ ਜੱਥਾ ਲੱਭਣ ਦੀ ਬੜੀ ਹੀ ਕਾਹਲੀ ਸੀ । ਮੈਂ ਚਾਹੁੰਦਾ ਸਾਂ ਕਿ ਹੱਡਰਸਫ਼ੀਲਡ ਪਹੁੰਚਣ ਦੀ ਚਿੰਤਾ ਦੂਰ ਹੋ ਜਾਵੇ ।

ਪਹਿਲਾਂ ਮੈਂ ਜਲੂਸ ਦੇ ਕਾਫ਼ੀ ਅੱਗੇ ਅੱਗੇ ਤੁਰ ਰਿਹਾ ਸਾਂ । ਆਖ਼ਿਰ ਮੈਂ ਇਕ ਮੋੜ ਉਤੇ ਹੱਡਰਸਫ਼ੀਲਡ ਦੇ ਜਥੇ ਦੀ ਪਛਾਣ ਕਰਨ ਲਈ ਰੁਕ ਗਿਆ । ਜਥੇ ਲੰਘਦੇ ਜਾਂਦੇ ਸਨ, ਪਰ ਹੱਡਰਸਫ਼ੀਲਡ ਦਾ ਬੈਨਰ ਕਿਧਰੇ ਨਜ਼ਰ ਹੀ ਨਹੀਂ ਆਉਂਦਾ ਸੀ । ਮੈਨੂੰ ਫ਼ਿਕਰ ਹੋ ਰਿਹਾ ਸੀ ।

ਓੜਕ ਹੱਡਰਸਫ਼ੀਲਡ ਦਾ ਜੱਥਾ ਮੈਨੂੰ ਨਜ਼ਰੀਂ ਆ ਹੀ ਗਿਆ । ਪਰ ਬੰਦੇ ਬਹੁਤ ਥੋੜੇ ਸਨ ਤੇ ਸਨ ਵੀ ਗੋਰੇ ਗੋਰੀਆਂ ਹੀ । ਸਾਡਾ ਕੋਈ ਵੀ ਨਹੀਂ ਸੀ । ਗੁਰਦੀਪ ਵੀ ਨਹੀਂ ਆਇਆ ਸੀ । ਮੈਨੂੰ, ਇਕ ਸਾਥੀ ਨੇ, ਸੰਭਾਲ ਲਈ ਹੱਡਰਸਫ਼ੀਲਡ ਦੇ ਜਥੇ ਦੇ ਸਪੁਰਦ ਕਰ ਦਿਤਾ ।

ਹੱਡਰਸਫ਼ੀਲਡ ਦੇ ਜਥੇ ਦੇ ਕੁਲ ਨੌਂ ਜਾਂ ਦਸ ਹੀ ਮੈਂਬਰ ਸਨ । ਉਹ ਆਪਣੀ ਵੈਨ ਵਿਚ ਆਏ ਸਨ । ਉਹਨਾਂ ਨੇ ਮੈਨੂੰ ਆਪਣੀ ਵੈਨ ਵਿਚ ਖ਼ੁਸ਼ੀ ਨਾਲ ਲੈ ਜਾਣਾ ਚਾਹਿਆ ।

ਹੱਡਰਸਫ਼ੀਲਡ ਦਾ ਸਾਰਾ ਜੱਥਾ ਆਈ. ਐਸ. (ਇਨਟਰਨੈਸ਼ਨਲ ਸੋਸ਼ਲਿਸਟ) ਪਾਰਟੀ ਨਾਲ ਸੰਬੰਧਤ ਸੀ । ਮੈਨੂੰ ਆਈ. ਐਸ. ਪਾਰਟੀ ਦੀ ਕੁਝ ਸਮਝ ਨਹੀਂ ਆ ਰਹੀ ਸੀ । ਆਖ਼ਿਰ ਇਹ ਚਾਹੁੰਦੇ ਕੀ ਹਨ ? ਸੋਸ਼ਲਿਜ਼ਮ ਜਾਂ ਹੋਰ ਹੀ ਕੁਝ ? ਸੋਸ਼ਲਿਜ਼ਮ ਚਾਹੁੰਦੇ ਹਨ ਤਾਂ ਵਖੋ ਵੱਖ ਗਰੁੱਪ ਬਣਾ ਕੇ ਸੋਸ਼ਲਿਜ਼ਮ ਆ ਜਾਵੇਗਾ ? ਸੋਸ਼ਲਿਜ਼ਮ ਜਾਂ ਕਮਿਊਨਿਜ਼ਮ ਲਈ ਪਹਿਲੀ ਗੱਲ ਸੋਸ਼ਲਿਸਟ ਤੇ ਹੋਰ ਜਮਹੂਰੀ ਸ਼ਕਤੀਆਂ ਦੀ ਏਕਤਾ ਜ਼ਰੂਰੀ ਹੈ । ਇਹ ਪਹਿਲੀ ਤੇ ਲਾਜ਼ਮੀ ਸ਼ਰਤ ਹੈ ।

ਖ਼ੈਰ, ਇਹਨਾਂ ਆਈ. ਐਸ. ਦੇ ਸੁੰਦਰ ਗੋਰੇ ਗੋਰੀਆਂ ਨੇ ਮੈਨੂੰ ਬੜੀ ਹੀ ਇੱਜ਼ਤ ਨਾਲ ਵੈਨ ਵਿਚ ਬਿਠਾਇਆ ਸੀ । ਜਿਵੇਂ ਅਸੀਂ ਭਾਰਤ ਵਿਚ ਵੀ, ਇਹੋ ਜਿਹੇ ਮੌਕਿਆਂ ਉਤੇ, ਖਿੱਲਰ ਪੁੱਲਰ ਜਾਂਦੇ ਹਾਂ, ਇਸੇ ਤਰ੍ਹਾਂ ਹੀ ਇਹ ਵੀ ਸਾਰੇ ਖਿੱਲਰ ਪੁੱਲਰ ਜਾਂਦੇ ਸਨ । ਸ਼ਾਮੀਂ ਲਗ ਪਗ ਸਾਢੇ ਛੇ ਵੈਨ ਸਟਾਰਟ ਹੋਈ ਸੀ । ਇਕ ਬੜਾ ਹੀ ਲੰਮਾ ਲੰਝਾ ਸੁੰਦਰ ਅਤੇ ਜਵਾਨ ਗੋਰਾ ਸਟੀਅਰਿੰਗ ਉਤੇ ਬੈਠਾ ਸੀ । ਇਕ, ਲਗ ਪਗ ਉਹੋ ਜਿਹਾ ਹੀ, ਉਸ ਦੇ ਨਾਲ ਬੈਠਾ ਸੀ । ਬਾਕੀ ਮਰਦ-ਔਰਤਾਂ ਅਸੀਂ ਸਾਰੇ ਪਿਛੇ ਬੈਠੇ ਸਾਂ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੱਡੀ ਪਹਿਲਾਂ ਹੌਲੀ ਹੌਲੀ ਸ਼ਹਿਰੋਂ ਬਾਹਰ ਆ ਰਹੀ ਸੀ। ਫੇਰ, ਸ਼ਹਿਰੋਂ ਬਾਹਰ ਆ ਕੇ, ਖੁਲ੍ਹੀ ਵੱਡੀ ਸੜਕ ਉਤੇ ਕਾਫ਼ੀ ਤੇਜ਼ ਹੋ ਗਈ ਸੀ। ਪਹਿਲਾਂ ਗੱਡੀ ਚਾਲੀ ਜਾਂ ਪੰਜਾਹ ਮੀਲ ਦੀ ਥੋੜੀ ਜਿਹੀ ਰਫ਼ਤਾਰ ਨਾਲ ਚੱਲ ਰਹੀ ਸੀ, ਫੇਰ ਸੱਤਰ ਮੀਲ ਦੀ ਰਫ਼ਤਾਰ ਨਾਲ ਚੱਲਣ ਲਗੀ। ਕੁਲ ਰਫ਼ਤਾਰ ਅੱਸੀ ਸੀ। ਕਦੇ ਕਦੇ ਅੱਸੀ ਉਤੇ ਵੀ ਸੂਈ ਟਿਕੀ ਹੁੰਦੀ ਸੀ। ਅਸੀਂ ਡੇਢ ਘੰਟੇ ਵਿਚ ਹੀ ਹੱਡਰਸਫ਼ੀਲਡ ਆ ਗਏ ਸਾਂ। ਪੂਰੇ ਅੱਠ ਮੈਂ ਗੁਰਦੀਪ ਦੇ ਘਰ ਅੱਗੇ ਪੁੱਜ ਗਿਆ ਸਾਂ। ਆਈ. ਐਸ. ਦੇ ਸਾਥੀਆਂ ਨੇ ਮੈਨੂੰ ਐਨ ਗੁਰਦੀਪ ਦੇ ਘਰ ਦੇ ਬੂਹੇ ਅੱਗੇ ਲਾਹਿਆ ਸੀ। ਗੁਰਦੀਪ ਦੇ ਘਰ ਦਾ ਨੰਬਰ ਜਦ ਮੈਂ ਚੰਗੀ ਤਰ੍ਹਾਂ ਪੜ੍ਹ ਲਿਆ ਸੀ, ਤਦ ਹੀ ਉਹਨਾਂ ਨੇ ਵੈਨ ਤੋਰੀ।

"ਵੈਰੀ ਥੈਂਕਫੁਲ ਟੂ ਯੂ ਆਲ ਆਫ਼ ਦੀ ਕਾਮਰੇਡਜ਼!" ਟੁੱਟੀ ਫੁੱਟੀ ਅੰਗਰੇਜ਼ੀ ਵਿਚ ਮੈਂ ਉਹਨਾਂ ਦਾ ਧੰਨਵਾਦ ਕੀਤਾ। "ਚੀਰੀਓ" ਤੇ "ਬਾਈ ਬਾਈ" ਨਾਲ ਅਸੀਂ ਵੱਖ ਹੋ ਗਏ ਸਾਂ।

ਰਸਤੇ ਵਿਚ ਇਹ ਗੋਰੇ ਗੋਰੀਆਂ ਮੇਰੀ ਬੜੇ ਪਿਆਰ ਨਾਲ ਪ੍ਰਾਹੁਣਚਾਰੀ ਵੀ ਕਰਦੇ ਰਹੇ। ਜੂਸ ਦੀ ਬੋਤਲ ਖੁਲ੍ਹਦੀ ਤਾਂ ਸਾਰੇ ਉਸ ਨੂੰ ਮੂੰਹ ਨਾਲ ਹੀ ਥੋੜਾ ਥੋੜਾ ਪੀਂਦੇ ਰਹਿੰਦੇ। ਫੇਰ ਇਹ ਬੋਤਲ ਘੁੰਮਦੀ ਘੁੰਮਦੀ ਮੇਰੇ ਪਾਸ ਵੀ ਪਹੁੰਚ ਜਾਂਦੀ। ਮੈਂ ਵੀ ਉਵੇਂ ਹੀ ਪੀਂਦਾ ਜਾਂਦਾ। ਇਕ ਵਾਰ ਮੈਂ ਆਪ ਪੀ ਕੇ ਇਕ ਗੋਰੀ ਨੂੰ ਬੋਤਲ ਦਿਤੀ (ਮੈਥੋਂ ਅੱਗੇ ਉਹੀ ਸੀ ਤੇ ਬੋਤਲ ਅੱਗੇ ਦੇਣੀ ਹੀ ਸੀ)। ਉਸ ਨੇ ਪਹਿਲਾਂ "ਥੈਂਕਿਊ" ਕਿਹਾ ਤੇ ਫੇਰ ਬੜੀ ਨਿਝੱਕਤਾ ਨਾਲ ਬੁਲ੍ਹ ਜੋੜ ਕੇ ਪੀਣ ਲਗੀ। ਉਸ ਨੇ ਉੱਕਾ ਜੂਠ ਨਹੀਂ ਮੰਨੀ।

ਕੁੜੀ ਕਾਫ਼ੀ ਸੁਹਣੀ ਸੀ। ਪਹਿਲਾਂ ਮੇਰਾ ਖ਼ਿਆਲ ਸੀ ਕਿ ਮੇਰੀ ਜੂਠੀ ਬੋਤਲ ਨੂੰ ਉਹ ਬੁਲ੍ਹ ਛੁਹਣ ਤੋਂ ਝਿਜਕੇਗੀ। ਕਿਉਂਕਿ ਇਕ ਤਾਂ ਕਾਲਾ (Coloured) ਸਾਂ. ਦੂਜੇ ਸੁਹਣਾ ਵੀ ਨਹੀਂ ਸਾਂ। ਪਰ ਨਹੀਂ, ਉਸ ਵਿਚ ਬੜੀ ਉਚੇਰੀ ਆਤਮਾ ਦਾ ਵਾਸਾ ਸੀ। ਫੇਰ ਉਹਨਾਂ ਨੇ ਲਾਲ ਝੰਡਾ ਵੀ ਹੱਥ ਵਿਚ ਫੜਿਆ ਹੋਇਆ ਸੀ। ਲਾਲ ਝੰਡਾ ਫੜਨ ਨਾਲ ਵੀ ਥੋੜੀ ਬਹੁਤੀ ਮਨ ਦੀ ਮੈਲ ਬੰਦੇ ਦੀ ਕੱਟੀ ਹੀ ਜਾਂਦੀ ਹੈ।

ਆਮ ਕਰ ਕੇ ਪੀਣ ਦੀ ਚੀਜ਼ ਮੈਂ ਜੂਠੀ ਪੀਣ ਤੋਂ ਡਰਦਾ ਹਾਂ। ਪਰ ਏਥੇ ਮੈਨੂੰ ਜੂਠ-ਸੁੱਚ ਮਹਿਸੂਸ ਹੀ ਨਹੀਂ ਹੁੰਦੀ ਸੀ ਤੇ ਨਾ ਹੀ ਉਹਨਾਂ ਨੂੰ ਹੁੰਦੀ ਸੀ। ਅਸਲ ਵਿਚ ਇਹ ਜੂਠ-ਸੁੱਚ ਵੀ ਮੰਨਣ ਦੀ ਹੀ ਚੀਜ਼ ਹੈ। ਨਹੀਂ ਤਾਂ ਕੁਝ ਵੀ ਜੂਠਾ ਨਹੀਂ।

## ੨

ਡੋਰਚੈਸਟਰ ਤੋਂ ਮਗਰੋਂ ਮੈਨੂੰ ਹੱਡਰਸਫ਼ੀਲਡ ਚੰਗਾ ਲਗਾ। ਇਹ ਪਹਾੜੀ ਵਾਦੀ ਹੈ। ਡੋਰਚੈਸਟਰ ਸਾਗਰ ਲਾਗੇ ਵਸੀ ਹੋਈ ਸੁੰਦਰ ਬਸਤੀ ਹੈ, ਇਹ ਪਹਾੜੀ ਬਸਤੀ ਹੈ।

ਕੁਲ ਇੰਗਲੈਂਡ ਦੀ ਆਈ. ਡਬਲਿਊ. ਏ. ਦੇ ਸਕੱਤਰ ਸ੍ਰੀ ਗੁਰਨਾਮ ਸਿੰਘ ਸੰਘੇੜਾ ਸਨ। ਉਹ ਹੱਡਰਸਫ਼ੀਲਡ ਰਹਿੰਦੇ ਸਨ। ਉਹਨਾਂ ਦਾ ਘਰ, ਨਿਰਸੰਦੇਹ. ਹੱਡਰਸਫ਼ੀਲਡ ਦੇ ਸਭ ਤੋਂ ਚੰਗੇ ਹਿੱਸੇ ਵਿਚ ਸਥਿਤ ਸੀ। ਉਹਨਾਂ ਦੇ ਘਰ ਦਾ ਆਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੁਆਲਾ ਬੜਾ ਹੀ ਖ਼ੂਬਸੂਰਤ ਸੀ। ਘਰ ਵੀ ਬਹੁਤ ਸੁੰਦਰ ਸੀ ' ਬੜੀ ਸਫ਼ਾਈ, ਬੜੀ ਸ਼ਾਂਤੀ। ਨਿਰਸੰਦੇਹ, ਸਭ ਦੇ ਘਰ ਹੀ ਇਹੋ ਜਿਹੇ ਹੋਣੇ ਚਾਹੀਦੇ ਹਨ।

ਸ੍ਰੀਮਤੀ ਹਰਮਿੰਦਰ ਕੌਰ ਉਹਨਾਂ ਦੀ ਚੰਗੀ ਪਤਨੀ ਹਨ। ਜਾਗ੍ਰਤੀ, ਸਲੀਕਾ ਅਤੇ ਸੂਹਜ ਬਹੁਤ ਉੱਚਾ ਸੀ। ਸਿਆਸੀ ਸੂਝ ਵੀ ਬਹੁਤ ਸੀ। ਉਹਨਾਂ ਦੇ ਪਿਤਾ ਨੇ ਕਿਸੇ ਵੇਲੇ ਕਾਂਗਰਸ ਵਿਚ ਹੁੰਦੇ ਹੋਏ ਅੰਗਰੇਜ਼ ਦੀਆਂ ਜੇਲ੍ਹਾਂ ਕੱਟੀਆਂ ਸਨ ਤੇ ਅੱਜ ਉਹ ਕਮਿਊਨਿਸਟ ਸਨ। ਉਹਨਾਂ ਦੀ ਲੜਕੀ ਸਿਹਤਮੰਦ ਪਰਵਾਰ ਦੀ ਪੈਦਾਵਾਰ ਸੀ। ਕਿਉਂ ਨਾ ਸੋਝੀਵਾਨ ਹੁੰਦੀ ?

ਉਹਨਾਂ ਦੇ ਇਕੋ ਬੱਚਾ ਸੀ। ਦਸਾਂ ਕੁ ਸਾਲਾਂ ਦਾ ਸੁਹਣਾ ਪੁੱਤਰ। ਉਹ ਅੰਗਰੇਜ਼ ਬੱਚਿਆਂ ਨਾਲ ਖੇਡਣ ਵਿਚ ਗ਼ਲਤਾਨ ਸੀ। ਉਹਨਾਂ ਦੇ ਘਰ ਦੇ ਬੂਹੇ ਅੱਗੇ ਇਕ ਕਾਫ਼ੀ ਵੱਡਾ ਬਿਰਛ ਸੀ। ਉਹਨਾਂ ਨੇ ਬਿਰਛ ਦੇ ਉਤੇ ਇਕ ਮਚਾਨ ਬਣਾਈ ਹੋਈ ਸੀ। ਗੋਰੇ ਮੁੰਡੇ ਤੇ ਉਹਨਾਂ ਦਾ ਪੁੱਤਰ ਫ਼ੌਰਨ ਉੱਤੇ ਚੜ੍ਹਦੇ ਤੇ ਉਸ ਮਚਾਨ ਵਿਚ ਬੈਠਦੇ ਤੇ ਹਸਦੇ ਅਤੇ ਖੇਡਦੇ। ਚੜ੍ਹਨ ਲਈ ਬਿਰਛ ਦੇ ਤਣੇ ਵਿਚ ਹੀ ਫੌਡੇ ਜਿਹੇ ਬਣਾਏ ਸਨ। ਮਚਾਨ ਵੀ ਉਹਨਾਂ ਨੇ ਬਿਰਛ ਉਤੇ ਆਪਣੇ ਆਪ ਬਣਾਈ ਸੀ। ਬੜੇ ਪਿਆਰੇ ਬੱਚੇ ਸਨ। ਗੁਲਹਿਰੀ ਵਾਂਗੂ ਫ਼ੌਰਨ ਹੀ ਉਹ ਬਿਰਛ ਉਤੇ ਚੜ੍ਹਦੇ ਤੇ ਫ਼ੌਰਨ ਹੇਠਾਂ ਉੱਤਰ ਆਉਂਦੇ। ਹਾਲਾਂ ਕਿ ਕਣੀਆਂ ਪੈਣ ਕਰ ਕੇ ਬਿਰਛ ਦਾ ਤਣਾ ਗਿੱਲਾ ਸੀ, ਪਰ ਉਹਨਾਂ ਨੂੰ ਤਿਲ੍ਹਕ ਕੇ ਡਿਗ ਜਾਣ ਦਾ ਉੱਕਾ ਖ਼ਤਰਾ ਨਹੀਂ ਸੀ।

ਮਚਾਨ ਵਿਚ ਉਹ ਪੱਤਿਆਂ ਵਿਚੋਂ ਬਾਂਦਰਾਂ ਵਾਂਗੂ ਦਿਸਦੇ ਸਨ।

ਚੌਵੀ ਅਗਸਤ ਸ਼ਾਮ ਨੂੰ ਮੈਂ ਹੱਡਰਸਫ਼ੀਲਡ ਆਇਆ ਸਾਂ, ਉਣੱਤੀ ਨੂੰ ਸਵੇਰੇ ਹੀ ਮੈਂ ਵਾਪਸ ਚਲਿਆ ਜਾਣਾ ਸੀ। ਚਾਰ ਦਿਨ ਮੈਂ ਪੂਰੇ ਹੱਡਰਸਫ਼ੀਲਡ ਵਿਚ ਗੁਜ਼ਾਰੇ ਸਨ।

ਅੱਜ ਅਠਾਈ ਅਗਸਤ ਸੀ। ਮੈਂ, ਗੁਰਦੀਪ ਸਿੰਘ ਤੇ ਇਕ ਕੋਈ ਹੋਰ ਸੱਜਣ, ਸ਼ਾਮੀਂ, ਕੈਸਲ ਹਿੱਲ ਦੇਖਣ ਗਏ। ਇਹ ਇਕ ਪਹਾੜੀ ਉਤੇ ਬਣਿਆ ਹੋਇਆ ਕਿਲ੍ਹਾ ਹੈ ਜੋ ਚਾਰ ਹਜ਼ਾਰ ਸਾਲ ਪੁਰਾਣਾ ਬਣਿਆ ਦੱਸਿਆ ਜਾਂਦਾ ਹੈ। ਉਦੋਂ ਨੀਂਹਾਂ ਰੱਖੀਆਂ ਸਨ ਤੇ ਪਿਛੋਂ ਇਸ ਵਿਚ ਸਮੇਂ ਸਮੇਂ ਸਿਰ ਵਾਧੇ ਹੁੰਦੇ ਗਏ ਹਨ। ਇਹ ਕਿਲ੍ਹਾ ਇਕ ਛੋਟੇ ਜਿਹੇ ਚੌਰਸ ਬੁਰਜ ਵਰਗਾ ਹੈ ਜੋ ਉੱਚਾ ਅਤੇ ਸਿੱਧਾ ਜਿਹਾ ਕਈ ਮੰਜ਼ਲਾਂ ਵਾਲਾ ਹੈ। ੧੮੯੭ ਵਿਚ ਇਹ ਮੁਕੰਮਲ ਹੋਇਆ ਸੀ। ਉਸ ਸਮੇਂ ਇੰਗਲੈਂਡ ਵਿਚ ਵਿਕਟੋਰੀਆ ਦਾ ਰਾਜ ਸੀ। ੧੮੩੭ ਤੋਂ ੧੮੯੭ ਤਕ ਸੱਠ ਸਾਲ ਇਹ ਬਣਦਾ ਰਿਹਾ। ਉਦੋਂ ਕਰੇਨਾਂ ਨਹੀਂ ਸਨ। ਸਾਡੇ ਕੁਤਬ ਮੀਨਾਰ ਵਾਂਗ ਹੀ ਇਹ ਉਸਾਰਿਆ ਗਿਆ ਸੀ। ਨਾਲ ਇਕ ਅੰਨ੍ਹਾ ਖੂਹ ਵੀ ਹੈ ਜਿਸ ਦਾ ਥੱਲਾ ਦਿਸਦਾ ਨਹੀਂ। ਉਤੇ ਲੋਹੇ ਦਾ ਜਾਲ ਹੈ।

ਨੇੜੇ ਹੀ ਇਕ ਹੋਟਲ ਹੈ। ਜਾਪਦਾ ਹੈ ਇਸ ਹੋਟਲ ਵਿਚ ਯਾਤਰੀ ਠਹਿਰਦੇ ਹੋਣੇ ਹਨ। ਉਸ ਦਿਨ ਹੋਟਲ ਬੰਦ ਸੀ। ਦੋ ਬਲਵਾਨ ਕੁੱਤੇ ਅੰਦਰ ਸ਼ੀਸ਼ਿਆਂ ਪਿਛੋਂ ਭੌਂਕਦੇ।

ਕਿਲ੍ਹਾ ਵੀ ਉਸ ਦਿਨ ਬੰਦ ਸੀ। ਅਸੀਂ ਬਾਹਰੋਂ ਹੀ ਦੇਖ ਸਕੇ।

ਇਸ ਪਹਾੜੀ ਉਤੋਂ ਸਾਰਾ ਹੱਡਰਸਫ਼ੀਲਡ ਦਿਸਦਾ ਸੀ। ਲਾਲ ਛੱਤਾਂ ਵਾਲੇ ਘਰ, ਬਿਰਛ ਅਤੇ ਨਿੱਕੇ ਜੰਗਲ। ਕੱਚੇ ਅਤੇ ਪੱਕੇ ਖੇਤਾਂ ਦੀਆਂ ਹਰੀਆਂ ਅਤੇ ਪੀਲੇ ਰੰਗ ਦੀਆਂ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਰਸ ਚੋਰਸ ਟੁਕੜੀਆਂ । ਅੱਜ ਕੱਲ੍ਹ ਇਥੇ ਹਾੜ੍ਹੀ (Harvest) ਸੀ। ਕਿਤੇ ਕਿਤੇ ਜੌਂ ਤੇ ਕਣਕਾਂ ਪੱਕ ਕੇ ਲਾਲ ਹੋ ਗਏ ਸਨ ਤੇ ਕਿਤੇ ਅਜੇ ਸਾਵੇ ਹੀ ਸਨ।

ਹੇਠਾਂ, ਸਾਵੀਆਂ ਜੂਹਾਂ ਵਿਚ, ਡੱਬ-ਖੜੱਬੀਆਂ ਸੁੰਦਰ ਗਊਆਂ ਚਰਦੀਆਂ ਦਿਸ ਰਹੀਆਂ ਸਨ। ਇਹ ਗਊਆਂ ਖੁੱਲ੍ਹੇ ਦਿਲ ਨਾਲ ਚਰਦੀਆਂ ਤੇ ਫਿਰਦੀਆਂ। ਆਮ ਕਰ ਕੇ ਏਥੇ ਗਊਆਂ ਨੂੰ ਰੱਸੇ ਨਹੀਂ ਪਾਏ ਜਾਂਦੇ। ਆਪਣੇ ਆਪ ਚਰ ਕੇ ਇਹ ਵਾਪਸ ਘਰ ਆ ਜਾਂਦੀਆਂ ਹਨ।

ਕੈਸਲ ਹਿੱਲ ਦੀਆਂ ਸਿਖਰਾਂ ਉਤੇ ਅਸੀਂ ਕਾਰ ਵਿਚ ਗਏ ਸਾਂ। ਕਿਲ੍ਹੇ ਦੇ ਨੇੜੇ ਜਾ ਕੇ ਅਸੀਂ ਇਕ ਚੱਟਾਨ ਦੀਆਂ ਖੁੱਚਾਂ ਲਾਗੇ ਕਾਰ ਖੜੀ ਕਰ ਦਿਤੀ ਸੀ ਤੇ ਫੇਰ ਅਸੀਂ ਵੱਡੀਆਂ ਵੱਡੀਆਂ ਪੌੜੀਆਂ ਚੜ੍ਹ ਕੇ ਉੱਪਰ ਗਏ। ਉੱਪਰ ਜਾ ਕੇ ਫੇਰ ਕਾਫ਼ੀ ਪੱਧਰ ਭੋਂ ਆ ਗਈ ਸੀ ਜਿਥੇ ਸਾਡੇ ਅੱਸੂ ਵਰਗੀ ਪੀਲੀ ਪੀਲੀ ਜਿਹੀ ਘਾਹ ਵੀ ਸੀ ਤੇ ਪੀਲੀ ਪੀਲੀ ਜਿਹੀ ਮਿੱਟੀ ਵੀ। ਮੈਨੂੰ ਇਸ ਪਹਾੜੀ ਉਤੇ ਚੜ੍ਹ ਕੇ ਬੜਾ ਹੀ ਲੁਤਫ਼ ਆਇਆ! ਘੰਟਾ ਸਵਾ ਘੰਟਾ ਅਸੀਂ ਇਸ ਕਿਲ੍ਹੇ ਨੂੰ ਤੱਕਦੇ ਰਹੇ।

ਇਕ ਗੱਲ ਮੈਂ ਕਹਿ ਹੀ ਦਿਆਂ। ਇੰਗਲੈਂਡ ਵਿਚ ਕਿਲ੍ਹੇ ਅਤੇ ਦਰਿਆ ਬੜੇ ਹੀ ਛੋਟੇ ਹਨ। ਕਿਲ੍ਹੇ ਹਿੰਦੋਸਤਾਨ ਦੇ। ਕੀ ਮੁਕਾਬਲਾ ਕਰਨਗੇ ਇੰਗਲੈਂਡ ਦੇ ਕਿਲ੍ਹੇ ਉਹਨਾਂ ਦਾ? ਇੰਗਲੈਂਡ ਵਿਚ ਤਾਂ ਕਿਲ੍ਹਿਆਂ ਦੀ ਥਾਂ ਨਿੱਕੀਆਂ ਨਿੱਕੀਆਂ ਕਿਲ੍ਹੀਆਂ ਹਨ। ਇਸੇ ਤਰ੍ਹਾਂ ਦਰਿਆ ਹਨ। ਇਹ ਵੀ ਬਹੁਤ ਛੋਟੇ ਹਨ। ਸਿਰਫ਼ ਇਕ ਥੇਮਜ਼ ਹੈ ਜੋ ਏਥੇ ਸਭ ਤੋਂ ਵੱਡਾ ਹੈ।

ਹੱਡਰਸਫ਼ੀਲਡ ਇੰਗਲੈਂਡ ਦਾ ਬੜਾ ਮਹੱਤਵਪੂਰਨ ਸ਼ਹਿਰ ਹੈ। ਇਸ ਸ਼ਹਿਰ ਦਾ ਕਈ ਹਜ਼ਾਰ ਸਾਲ ਪੁਰਾਣਾ ਇਤਿਹਾਸ ਹੈ। ਕਦੇ ਇਸ ਸ਼ਹਿਰ ਉਤੇ ਰੋਮਨ ਕਾਬਜ਼ ਰਹੇ ਹਨ। ਇਹ ਇੰਗਲੈਂਡ ਦੇ ਨਕਸ਼ੇ ਵਿਚ ਕੁਝ ਉੱਤਰ ਵਲ ਜਾ ਪੈਂਦਾ ਹੈ। ਯੌਰਕਸ਼ਾਇਰ (Yorkshire) ਕਾਊਂਟੀ ਹੈ।

ਉਦੋਂ (੧੯੬੮) ਦਾ ਪ੍ਰਧਾਨ ਮੰਤਰੀ, ਮਿਸਟਰ ਹੈਰਲਡ ਵਿਲਸਨ, ਹੱਡਰਸਫ਼ੀਲਡ ਵਿਚ ਹੀ ਜੰਮਿਆ ਸੀ। ਏਥੇ ਹੀ ਉਹ ਪੜ੍ਹਿਆ ਤੇ ਉਸ ਦੀ ਪਾਲਣਾ ਹੋਈ ਸੀ। ਇਹ ਉਸ ਦੀ ਜਨਮ-ਭੂਮੀ ਹੈ। ਏਥੇ ਉਸ ਦਾ ਪਿਤਾ ਕਿਸੇ ਫ਼ੈਕਟਰੀ ਵਿਚ ਕਾਮਾ ਸੀ।

ਜਿਵੇਂ ਸਾਡਾ ਲੁਧਿਆਣਾ ਲੋਧੀਆਂ ਨਾਲ ਸੰਬੰਧਤ ਹੈ, ਇਸੇ ਤਰ੍ਹਾਂ ਹੀ ਹੱਡਰਸਫ਼ੀਲਡ (Huddersfield) ਦੇ ਨਾਂ ਬਾਰੇ ਵੀ ਕਹਿੰਦੇ ਹਨ। ਕਹਿੰਦੇ ਹਨ, "ਹੁੱਡਾ" ਨਾਂ ਦਾ ਇਕ ਅੰਗਰੇਜ਼ ਹੁੰਦਾ ਸੀ। ਏਥੇ ਉਸ ਦੇ ਫ਼ੀਲਡ (ਖੇਤ) ਸਨ। ਇਸ ਤੋਂ ਹੱਡਰਸਫ਼ੀਲਡ ਬਣਿਆ। ਪਰ ਇਹ ਗੱਲ ਕੁਝ ਜਚਦੀ ਨਹੀਂ। ਹਾਸੋਹੀਣੀ ਜਿਹੀ ਲਗਦੀ ਹੈ। ਉਂਜ ਅਸੰਭਵ ਗੱਲ ਵੀ ਨਹੀਂ। ਜੇ ਪੱਤੀ+ਆਲੇ ਤੋਂ ਪਟਿਆਲਾ ਨਾਂ ਪੈ ਸਕਦਾ ਹੈ (ਪੱਤੀ+ਆਲਾ : ਆਲੇ ਦੀ ਪੱਤੀ) ਤਾਂ ਹੁੱਡਾ+ਫ਼ੀਲਡ ਨਾਲ ਹੱਡਰਸਫ਼ੀਲਡ ਵੀ ਸੰਭਵ ਹੈ। ਇਤਿਹਾਸ ਵਿਚ ਬਥੇਰੇ ਨਾਂ ਇਵੇਂ ਹੀ ਪੈਂਦੇ ਰਹੇ ਹਨ।

### ੩

ਕੁਝ ਲੋਕਾਂ ਦਾ ਕਹਿਣਾ ਹੈ ਕਿ ਹੱਡਰਸਫ਼ੀਲਡ ਸੁਹਣਾ ਨਹੀਂ। ਧੂੰਏਂ ਨਾਲ ਧੁਆਂਖਿਆ ਹੋਇਆ ਕਾਲਾ ਕਾਲਾ ਜਿਹਾ ਸ਼ਹਿਰ ਹੈ, ਇਸ ਲਈ ਗੰਦਾ ਦਿਸਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਮੈਂ ਇਸ ਨਾਲ ਸਹਿਮਤ ਨਹੀਂ। ਧੂਏਂ ਨਾਲ ਧੁਆਂਖ ਜਾਣ ਨਾਲ ਕੀ ਫ਼ਰਕ ਪੈ ਜਾਂਦਾ ਹੈ ? ਇਹ ਧੁਆਂਖ ਤਾਂ ਕਿਸੇ ਵੇਲੇ ਵੀ ਦੂਰ ਕੀਤੀ ਜਾ ਸਕਦੀ ਹੈ। ਇੰਗਲੈਂਡ ਦੀ ਪਾਰਲੀਮੈਂਟ ਦੀ ਬਿਲਡਿੰਗ ਬੜੀ ਹੀ ਸੁਹਣੀ ਤੇ ਚਿੱਟੀ ਹੈ ਜੋ ਥੇਮਜ਼ ਦੇ ਕਿਨਾਰੇ ਉਤੇ ਹੰਸ ਵਾਂਗ ਦਿਸ ਰਹੀ ਹੈ। ਪਰ ਧੂੰਏਂ ਕਰ ਕੇ ਉਹ ਵੀ ਸਾਰੀ ਮੈਲੀ ਮੈਲੀ ਜਿਹੀ ਦਿਸਦੀ ਹੈ। ਕੀ ਉਸ ਦੇ ਉਜਲੇਪਣ ਦੀ ਸੁੰਦਰਤਾਈ ਜਾਂਦੀ ਰਹੀ ? ਸੁਣਿਆ ਸੀ ਕਿ ਉਸ ਨੂੰ ਧੋ ਕੇ ਸਾਫ਼ ਕੀਤਾ ਜਾ ਰਿਹਾ ਹੈ। ਮੁੜ ਕੇ ਫੇਰ ਉਹ ਚਿੱਟੀ ਦੁੱਧ ਜਾਂ ਹੰਸ ਸਮਾਨ ਹੋ ਜਾਵੇਗੀ। ਹੱਡਰਸਫ਼ੀਲਡ ਵੀ ਕਦੇ ਨਾ ਕਦੇ ਸਾਫ਼ ਕੀਤਾ ਜਾ ਸਕਦਾ ਹੈ। ਇਸ ਵਿਚ ਗੱਲ ਹੀ ਕਿਹੜੀ ਹੈ ?

ਸੁੰਦਰਤਾਈ, ਅਸਲ ਵਿਚ, ਹੱਡਰਸਫ਼ੀਲਡ ਦੀ ਵਾਦੀ ਦੀ ਹੈ। ਹਰੀਆਂ ਅਤੇ ਨੀਲੀਆਂ ਪਹਾੜੀਆਂ ਦੇ ਠਿੱਬਲ ਠੋਲ੍ਹੇ। ਕਦੇ ਇਹਨਾਂ ਪਹਾੜੀਆਂ ਉਤੇ ਪੀਲੀ ਧੁੱਪ ਆ ਜਾਂਦੀ ਹੈ, ਕਦੇ ਛਾਂ ਤੇ ਕਦੇ ਕਣੀਆਂ। ਕਦੇ, ਰਾਤ ਨੂੰ, ਚੰਨ ਵੀ ਆਪਣੀ ਚਾਂਦੀ ਛਿੜਕ ਜਾਂਦਾ ਹੈ।

ਮੈਨੂੰ ਹੱਡਰਸਫ਼ੀਲਡ ਦੀਆਂ ਗਲੀਆਂ ਬਹੁਤ ਹੀ ਚੰਗੀਆਂ ਲਗੀਆਂ ਸਨ। ਕਦੇ ਸਾਡੀ ਕਾਰ ਕਿਸੇ ਉੱਚੀ ਗਲੀ ਵਿਚ ਹੁੰਦੀ ਸੀ, ਕਦੇ ਇਕਦਮ ਨੀਵੀਂ ਵਿਚ। ਕਾਰ ਜਦੋਂ ਉੱਚੇ ਵਲੋਂ ਨੀਵੇਂ ਵਲ ਨੂੰ ਆਉਂਦੀ ਸੀ ਤਾਂ ਬੜੀ ਹੀ ਚੰਗੀ ਲਗਦੀ ਸੀ। ਜਿਵੇਂ ਕੋਈ ਫੁਰਤੀਲੀ ਮੱਛੀ ਪਾਣੀ ਉਤੇ ਆਉਂਦੀ ਤੇ ਫੇਰ ਜਿਵੇਂ ਬਿਲਕੁਲ ਸਿੱਧੀ ਹੇਠਾਂ ਵਲ ਨੂੰ ਚਲੀ ਜਾਂਦੀ।

ਧੂੰਏਂ ਦੀ ਧੁਆਂਖ ਦੇ ਕੋਈ ਬਹੁਤੇ ਅਰਥ ਨਹੀਂ ਹਨ। ਜੇ ਕੋਈ ਛੈਲ ਛਬੀਲਾ ਮੁੰਡਾ ਫ਼ੈਕਟਰੀ ਦੇ ਧੂੰਏ ਨਾਲ ਸਿਆਹੀ-ਮਾਇਲ ਹੋ ਗਿਆ ਹੋਵੇ, ਇਸ ਦਾ ਮਤਲਬ ਇਹ ਨਹੀਂ ਕਿ ਹੁਣ ਉਹ ਸੁਹਣਾ ਨਹੀਂ ਹੈ। ਸੁਹਣਾ ਉਸ ਦਾ ਹੁਸਨ, ਜਵਾਨੀ, ਰੰਗ, ਰੂਪ ਤੇ ਸਿਹਤ ਹੈ। ਕੰਮ ਤੋਂ ਵਿਹਲਾ ਹੋ ਕੇ ਜਦ ਉਹ ਆਪਣਾ ਸਿਰ-ਮੂੰਹ ਧੋਵੇਗਾ, ਫੇਰ ਸੁਹਣਾ ਹੋ ਜਾਵੇਗਾ।

ਹੱਡਰਸਫ਼ੀਲਡ ਦੀ ਸੁੰਦਰਤਾਈ ਕੁਦਰਤ ਵਲੋਂ ਮਿਲੇ ਹੋਏ ਉਸ ਨੂੰ ਸੁੰਦਰ ਆਲੇ ਦੁਆਲੇ ਦੀ ਹੈ। ਬੜੀ ਹੀ ਸੁੰਦਰ ਵਾਦੀ ਅਤੇ ਬਿਰਛਾਂ ਅਤੇ ਸਬਜ਼ਾਜ਼ਾਰਾਂ ਨੇ ਹੱਡਰਸਫ਼ੀਲਡ ਨੂੰ ਆਪਣਾ ਹੁਸਨ ਅਖੁੱਟ ਬਖ਼ਸ਼ਿਆ ਹੋਇਆ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਨੌਟਿੰਘਮ

ਇੰਗਲੈਂਡ ਦੇ ਮਿਡਲੈਂਡ ਵਿਚ ਕਈ ਇਕ ਚੰਗੇ ਸ਼ਹਿਰ ਹਨ। ਇਹਨਾਂ ਵਿਚੋਂ, ਨਿਰਸੰਦੇਹ, ਨੌਟਿੰਘਮ (Nottingham) ਬਹੁਤ ਪ੍ਰਸਿੱਧ ਹੈ।

ਨੌਟਿੰਘਮ ਨੂੰ "ਮਿਡਲੈਂਡ ਦੀ ਮਲਿਕਾ (Queen of the Midland)" ਆਖਿਆ ਜਾਂਦਾ ਸੀ। ਅਜ ਕਲ੍ਹ ਵੀ, ਇਹ ਖ਼ਿਤਾਬ, ਨੌਟਿੰਘਮ ਨੂੰ ਪਰਾਪਤ ਹੈ। ਇਹ ਕਾਫ਼ੀ ਸੁਹਣਾ ਸ਼ਹਿਰ ਹੈ।

ਚਾਰ ਵਾਰ ਮੈਂ ਮਿਡਲੈਂਡ ਦੀ ਇਸ ਹੁਸੀਨ "ਮਲਿਕਾ" ਦੇ ਦੀਦਾਰ ਕਰਨ ਲਈ ਗਿਆ ਸਾਂ। ਪਹਿਲਾਂ ਅੱਠ ਸਤੰਬਰ ਨੂੰ, ਆਜ਼ਾਦੀ ਦਿਵਸ ਦੇ ਜਲਸੇ ਲਈ। ਫੇਰ ਪੰਦਰਾਂ ਸਤੰਬਰ ਨੂੰ, ਲਗ ਭਗ ਮੁੜਦੇ ਪੈਰੀਂ ਹੀ। ਫੇਰ ਸੱਤ ਦਸੰਬਰ ਨੂੰ, ਤੇ ਫੇਰ ਮਈ ਦੇ ਪਿਛਲੇ ਪੱਖ।

ਪਹਿਲੀ ਵਾਰ, ਅੱਠ ਨੂੰ ਗਿਆ, ਦੋ ਕੁ ਦਿਨ ਹੀ ਰਿਹਾ ਸਾਂ। ਦੂਜੀ ਵਾਰ ਇਕ ਮਹੀਨਾ। ਤੀਜੀ ਵਾਰ ਵੀ ਇਕ ਮਹੀਨਾ। ਸੱਤ ਦਸੰਬਰ ਗਿਆ ਸਾਂ, ਤਿੰਨ ਜਨਵਰੀ ਆਇਆਂ ਸਾਂ। ਚੌਥੀ ਵਾਰੀ ਪੰਦਰਾਂ ਦਿਨ।

ਹਰ ਵਾਰ, ਨੌਟਿੰਘਮ ਵਿਚ, ਮੈਂ ਸਾਥੀ ਕੇਸਰ ਸਿੰਘ ਹੋਰਾਂ ਦੇ ਘਰ ਹੀ ਰਹਿੰਦਾ ਹੁੰਦਾ ਸਾਂ। ਉਹਨਾਂ ਨੇ ਹੀ ਪਹਿਲੀ ਵਾਰ ਨੌਟਿੰਘਮ ਮੈਨੂੰ ਸੱਦਿਆ ਸੀ। ਹੁਣ ਵੀ ਉਹੀਓ ਸੱਦਦੇ ਸਨ।

ਨੌਟਿੰਘਮ ਵਿਚ ਕਈ ਇਕ ਇਤਿਹਾਸਕ ਯਾਦਗਾਰਾਂ ਹਨ। ਇਕ ਦਿਨ ਅਸੀਂ ਇਹ ਇਤਿਹਾਸਕ ਯਾਦਗਾਰਾਂ ਦੇਖਣ ਗਏ।

ਸਭ ਤੋਂ ਪਹਿਲਾਂ ਅਸੀਂ ਨੌਟਿੰਘਮ ਕੈਸਲ ਦੇਖਣ ਗਏ ਸਾਂ। ਇਹ ਇਕ ਪਹਾੜੀ ਉਤੇ ਬਣਿਆ ਹੋਇਆ ਕਿਲ੍ਹਾ ਹੈ ਜੋ ਇਸ ਪਹਾੜੀ ਦੀਆਂ ਜੜ੍ਹਾਂ ਵਿਚੋਂ, ਹੂ ਬ ਹੂ, ਆਨੰਦਪੁਰ ਸਾਹਿਬ ਦੇ ਕਿਲ੍ਹੇ ਵਾਂਗੂ ਦਿਸਦਾ ਹੈ। ਕਿਲ੍ਹਾ ਪੁਰਾਣੀ ਕਿਸਮ ਦਾ ਹੈ। ਕੁਝ ਪਹਾੜੀ ਦੇ ਉੱਪਰ ਹੈ ਤੇ ਕੁਝ ਹੇਠ, ਪਹਾੜੀ ਵਿਚ। ਪਹਾੜੀ ਵਿਚੋਂ ਸੁਰੰਗਾਂ ਰਾਹੀਂ ਮੋਰਚੇ ਬਣੇ ਹੋਏ ਹਨ ਜੋ ਹੇਠੋਂ ਬਿਲਕੁਲ ਨਿੱਕੇ ਨਿੱਕੇ ਮਘੋਰਿਆਂ ਵਾਂਗੂ ਦਿਸਦੇ ਹਨ। ਕਿਲ੍ਹੇ ਵਿਚ ਇਕ ਜੇਲ੍ਹ ਵੀ ਹੈ। ਠੰਡੀ ਅਤੇ ਸਲ੍ਹਾਬੀ ਜੇਲ੍ਹ। ਕਦੇ ਏਥੇ ਬਾਗ਼ੀ ਜਾਂ ਵਿਦਰੋਹੀ ਡੱਕੇ ਜਾਂਦੇ ਸਨ।

ਇਸ ਕਿਲ੍ਹੇ ਵਿਚ ਕਵੀਆਂ ਅਤੇ ਲਿਖਾਰੀਆਂ ਦੇ ਬੁੱਤ ਵੀ ਹਨ। ਅੰਦਰ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਛੋਟਾ ਜਿਹਾ ਅਜਾਇਬ ਘਰ ਵੀ ਬਣਿਆ ਹੈ। ਦਵਾਈ ਬੂਟੀ ਦੇ ਹਿੰਦੁਸਤਾਨੀ ਢੰਗ ਤਰੀਕੇ ਦੀਆਂ ਚੀਜ਼ਾਂ ਵੀ ਸਨ। ਖਰਲ ਅਤੇ ਵੱਟਾ ਵੀ ਸੀ। ਮਰਤਬਾਨ ਤੇ ਸੈਂਕੜੇ ਕਿਸਮ ਦੀਆਂ ਛੋਟੀਆਂ ਵੱਡੀਆਂ ਚਾਬੀਆਂ। ਛੇ ਛੇ ਇੰਚ ਲੰਮੀਆਂ ਵੀ। ਇਕ ਸੁਨਹਿਰੀ ਚਾਬੀ ਸੀ। ਸਤ੍ਹਾਰਵੀਂ ਸਦੀ ਦੇ ਲੋਹੇ ਦੇ ਟੋਪ ਤੇ ਜ਼ੱਰਾ ਬਕਤਰ ਪਏ ਸਨ।

ਲੋਹੇ ਦਾ ਇਕ ਬਹੁਤ ਵੱਡਾ ਕਾਲੇ ਰੰਗ ਦਾ ਟੱਲ ਸੀ ਤੇ ਕਾਠੀਆਂ ਅਤੇ ਵਰਦੀਆਂ। ਹੋਰ ਵੀ ਬਹੁਤ ਨਿੱਕ ਸੁੱਕ ਸੀ। ਅਫਰੀਕਾ, ਆਸਟਰੇਲੀਆ ਦੇ ਬੜੇ ਪੁਰਾਣੇ ਬਰਤਨ ਸਨ। ਚਾਰ ਹਜ਼ਾਰ ਸਾਲ ਪੁਰਾਣੇ।

੧੮੫੭ ਵਿਚ ਮਰਹੱਟਿਆਂ ਨੇ ਜੋ ਤਲਵਾਰਾਂ ਅੰਗਰੇਜ਼ਾਂ ਵਿਰੁਧ ਵਾਹੀਆਂ ਸਨ, ਉਹ ਵੀ ਏਥੇ ਪਈਆਂ ਸਨ।

ਨੌਟਿੰਘਮ ਤੋਂ ਕੋਈ ਦਸ ਕੁ ਮੀਲ ਇਕ ਸ਼ੇਰ ਵੁੱਡ (Sherwood) ਨਾਂ ਦਾ ਜੰਗਲ ਹੈ। ਰੌਬਿਨ ਹੁੱਡ (Robin Hood) ਅੰਗਰੇਜ਼ੀ ਲੋਕ ਕਥਾ ਦਾ ਇਕ ਨਾਇਕ ਹੈ ਜੋ ਸਾਡੇ ਦੁੱਲੇ ਭੱਟੀ ਵਾਂਗ ਹੀ ਅਣਖੀ ਅਤੇ ਬਹਾਦੁਰ ਸੀ। ਸ਼ੇਰ ਵੁੱਡ ਤੋਂ. ਰੌਬਿਨ ਹੁੱਡ, ਨੌਟਿੰਘਮ ਦੇ ਇਸ ਕਿਲ੍ਹੇ ਉਤੇ ਹਮਲੇ ਕਰਦਾ ਹੁੰਦਾ ਸੀ ਤੇ ਲੁੱਟਿਆ ਹੋਇਆ ਮਾਲ ਖ਼ਜ਼ਾਨਾ ਲੋਕਾਂ ਵਿਚ ਵੰਡ ਦਿੰਦਾ ਸੀ। ਇਹ ਇਕ ਸਖੀ ਲੁਟੇਰਾ ਸੀ ਜੋ ਉਸ ਸਮੇਂ ਦੀ ਸੂਝ ਅਨੁਸਾਰ ਰਜਵਾੜਾਸ਼ਾਹੀ ਤੋਂ ਆਕੀ ਸੀ। ਲੋਕੀ ਰੌਬਿਨ ਹੁੱਡ ਨੂੰ ਆਪਣਾ ਰਾਖਾ ਮੰਨਦੇ ਹੁੰਦੇ ਸਨ।

ਰੌਬਿਨ ਹੁੱਡ ਤੀਰ ਕਮਾਨਾਂ ਨਾਲ ਹੀ ਲੜਦਾ ਹੁੰਦਾ ਸੀ। ਉਦੋਂ ਹਥਿਆਰ ਹੀ ਇਹੋ ਸਨ। ਤੀਰ, ਕਮਾਨ, ਤਲਵਾਰਾਂ, ਨੇਜ਼ੇ, ਬਰਛੇ ਅਤੇ ਕਟਾਰਾਂ ਆਦਿ।

ਤੀਰ-ਕਮਾਨ ਨਾਲ ਤਣਿਆ ਹੋਇਆ, ਰੌਬਿਨ ਹੁੱਡ ਦਾ ਕਾਲਾ ਬੁੱਤ, ਨੌਟਿੰਘਮ ਵਿਚ, ਇਸ ਕਿਲ੍ਹੇ ਦੀਆਂ ਜੜ੍ਹਾਂ ਵਿਚ ਲੱਗਾ ਹੋਇਆ ਹੈ। ਰੌਬਿਨ ਹੁੱਡ ਨੇ, ਤੀਰ, ਕਮਾਨ ਵਿਚ ਰੱਖ ਕੇ, ਖਿੱਚਿਆ ਹੋਇਆ ਹੈ।

ਨੌਟਿੰਘਮ ਤੋਂ ਕੋਈ ਦਸ ਕੁ ਮੀਲ ਹੀ ਨਿਊ ਸਟੈੱਡ ਐਬੇ (Newstead Abbay) ਹੈ ਜੋ ਕਵੀ ਬਾਇਰਨ ਦਾ ਘਰ ਹੈ। ਨਿਊ ਸਟੈੱਡ, ਸ਼ੇਰ ਵੁੱਡ ਦੇ ਜੰਗਲ ਕੋਲੋਂ ਲੰਘਦੇ ਹੋਏ, ਸ਼ੇਰ ਵੁੱਡ ਦੇ ਨਾਲ ਹੀ ਹੈ। ਸ਼ੇਰ ਵੁੱਡ ਹੁਣ ਰੌਬਿਨ ਹੁੱਡ ਦੇ ਸਮੇਂ ਦਾ ਜੰਗਲ ਨਹੀਂ ਰਿਹਾ, ਹੁਣ ਇਹ ਜੰਗਲ ਖੇਤਾਂ ਅਤੇ ਗਿਰਾਵਾਂ ਵਿਚ ਵਟ ਗਿਆ ਹੈ। ਪਰ ਕਿਧਰੇ ਕਿਧਰੇ ਜੰਗਲ ਵਾਂਗੂ ਕਾਲੇ ਕਾਲੇ ਝੁੰਡ ਵੀ ਹਨ।

ਬਾਇਰਨ, ਆਮ ਕਵੀਆਂ ਵਾਂਗ, ਗ਼ਰੀਬ ਘਰ ਵਿਚ ਪੈਦਾ ਨਹੀਂ ਹੋਇਆ, ਸਗੋਂ, ਉਹ ਇਕ ਬੜੇ ਰਈਸ ਘਰ ਵਿਚ ਪੈਦਾ ਹੋਇਆ ਸੀ। ਉਸਦਾ ਘਰ ਮਾਮੂਲੀ ਨਹੀਂ, ਸਗੋਂ ਇਕ ਮਹੱਲ ਹੈ ਜਿਸਦੇ ਗਿਰਦੇ ਜੰਗਲਾਂ, ਬਿਰਛਾਂ, ਖੇਤਾਂ ਅਤੇ ਚਰਾਗਾਹਾਂ ਦਾ ਇਕ ਵਿਸ਼ਾਲ ਘੇਰਾ ਹੈ। ਇਸ ਮਹੱਲ ਦੇ ਆਲੇ ਦੁਆਲੇ ਬੱਤੀ ਸੌ ਏਕੜ ਭੂਮੀ ਹੈ। ਅੰਦਰ ਹੀ ਇਕ ਝੀਲ ਵੀ ਹੈ।

ਕਵੀ ਬਾਇਰਨ ਦਾ ਪੂਰਾ ਨਾਂ ਲਾਰਡ ਜੌਰਜ ਗੋਰਡਨ ਬਾਇਰਨ (Lord George Gordon Byron) ਸੀ। ਇਹ ਛੇਵਾਂ ਲਾਰਡ ਬਾਇਰਨ ਸੀ। ਇਹ ਮਹੱਲ ਤੇ ਇਹ ਜਾਗੀਰ ਇਕ ਪੂਰੀ ਦੀ ਪੂਰੀ ਰਿਆਸਤ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ[illegible] ਸੀ । [illegible] ਉਸ ਨੂੰ ਦੇਖ ਲੈਂਦੀ ਸੀ ਉਹ ਝੱਟ ਮੋਹਿਤ ਹੋ ਜਾਂਦੀ ਸੀ । ਨਿਰਸੰਦੇਹ ਉਸ ਦੇ ਬੁੱਤ, ਪੇਂਟਿੰਗਾਂ, ਤਸਵੀਰਾਂ, ਸਭ ਇਸ ਕਥਨ ਦੀ ਗਵਾਹੀ ਹਨ ।

ਮਹਾਨ ਕਵੀ ਬਾਇਰਨ ਨੂੰ ਸੁਹੱਪਣ ਬਹੁਤ ਮਿਲਿਆ ਸੀ, ਪਰ ਉਮਰ ਬਹੁਤ ਥੋੜੀ ਮਿਲੀ । ਛੱਤੀ ਸਾਲ ਦੀ ਉਮਰ ਵਿਚ ਉਹ ਸਵਰਗਵਾਸ ਹੋ ਗਿਆ ਸੀ ।

ਅਸੀਂ ਵਾਪਸ ਆਏ ਤੇ ਵੂਲਟਨ ਹਾਲ (Wollaton Hall) ਦੇਖਣ ਗਏ । ਇਹ ਵੀ ਇਕ ਮਹੱਲ ਹੈ ਜੋ ਏਥੇ ਦੇਖਣ ਯੋਗ ਹੀ ਹੈ । ਹਜ਼ਾਰਾਂ ਏਕੜ ਭੂਮੀ ਇਸ ਮਹੱਲ ਦੇ ਚਾਰ ਚੁਫੇਰੇ ਹੈ ! ਬਾਗ਼ ਅਤੇ ਜੰਗਲ ਹਨ । ਇਮਾਰਤੀ ਕਲਾ ਅੰਗਰੇਜ਼ੀ ਸੀ । ਪਰ ਦੂਰੋਂ ਮਹਾਰਾਜਾ ਪਟਿਆਲਾ ਦਾ ਮੋਤੀ ਬਾਗ਼ ਲਗ ਰਿਹਾ ਸੀ ।

ਰੈਲੇ (Raleigh), ਜੋ ਦੁਨੀਆ ਭਰ ਵਿਚ ਬਹੁਤ ਪ੍ਰਸਿੱਧ ਸਾਇਕਲ ਹੈ, ਨੌਟਿੰਘਮ ਵਿਚ ਹੀ ਬਣਦਾ ਹੈ । ਦਵਾਈਆਂ ਦੀ ਸੰਸਾਰ ਪ੍ਰਸਿੱਧ ਫ਼ਰਮ ਬੂਟਸ (Boots) ਵੀ ਏਥੇ ਹੀ ਹੈ । ਜਾਹਨ ਪਲੇਅਰਜ਼ ਸਿਗਰਟਾਂ, ਜੋ ਦੁਨੀਆਂ ਵਿਚ ਪ੍ਰਸਿੱਧ ਹਨ, ਨੌਟਿੰਘਮ ਵਿਚ ਹੀ ਬਣਦੀਆਂ ਹਨ ।

ਕਦੇ ਨੌਟਿੰਘਮ ਸ਼ਹਿਰ ਦੇ ਗਿਰਦੇ ਪੱਥਰ ਦੀ ਇਕ ਬਹੁਤ ਮੋਟੀ ਦੀਵਾਰ ਬਣੀ ਹੋਈ ਹੁੰਦੀ ਸੀ । ਇਹ ਦੀਵਾਰ ਦੋ ਜਾਂ ਢਾਈ ਗਜ਼ ਦੇ ਲਗ ਪਗ ਮੋਟੀ ਸੀ । ਇਸ ਦੀਵਾਰ ਦਾ ਇਕ ਟੁਕੜਾ ਕਿਲ੍ਹੇ ਵਿਚ ਨਮੂਨੇ ਵਜੋਂ ਸਾਂਭ ਕੇ ਰਖਿਆ ਹੋਇਆ ਹੈ ਜੋ ਚੌਂਤਰੇ ਵਾਂਗੂੰ ਪਿਆ ਹੈ । ਇਨਸਾਨ ਆਪਣੀ ਰੱਖਿਆ ਲਈ ਕੀ ਕੁਝ ਕਰਦਾ ਰਿਹਾ ਹੈ, ਪਰ ਰੱਖਿਆ ਫੇਰ ਵੀ ਹੁੰਦੀ ਨਹੀਂ ।

## ੨

ਨੌਟਿੰਘਮ ਵਿਚ ਇਕ "ਗੂਸ ਫੇਅਰ (Goose Fair)" ਨਾਂ ਦਾ ਮੇਲਾ ਲਗਦਾ ਹੈ । ਇਹ ਮੇਲਾ ਲਗ ਪਗ ਕੁਲ ਇੰਗਲੈਂਡ ਵਿਚ ਪ੍ਰਸਿੱਧ ਹੈ । ਇਹ ਸਭਿਆਚਾਰਕ ਮੇਲਾ ਹੈ । ਇਸ ਵਾਰ ਇਹ ਤਿੰਨ, ਚਾਰ ਤੇ ਪੰਜ ਅਕਤੂਬਰ ਨੂੰ ਲਗਣਾ ਸੀ । ਅਸੀਂ ਇਹ ਮੇਲਾ ਦੇਖਣ ਗਏ ।

ਇਹ ਮੇਲਾ ਕਾਫ਼ੀ ਹੱਦ ਤਕ ਸਾਡੇ ਮੇਲਿਆਂ ਵਰਗਾ ਸੀ । ਗ਼ਰੀਬ, ਮਿਹਨਤਕਸ਼ ਅੰਗਰੇਜ਼ ਆਪਣੇ ਬਾਲ ਬੱਚਿਆਂ ਸਣੇ ਮੇਲਾ ਦੇਖਣ ਆਏ ਸਨ । ਸਾਡੇ ਵਾਂਗ ਹੀ ਛੋਟੀਆਂ ਛੋਟੀਆਂ ਹੱਟੀਆਂ ਲਗੀਆਂ ਹੋਈਆਂ ਸਨ । ਉਵੇਂ ਹੀ ਅੰਗਰੇਜ਼ ਮਰਦ ਤੇ ਔਰਤਾਂ ਸੌਦਾ ਵੇਚਦੇ ਤੇ ਉਵੇਂ ਹੀ ਹੋਕੇ ਮਾਰਦੇ । ਕਿਤੇ ਕਿਤੇ ਪੰਜਾਬੀ ਅਤੇ ਹਿੰਦੋਸਤਾਨੀ ਦੁਕਾਨਦਾਰ ਵੀ ਸੌਦਾ ਵੇਚਦੇ ਦਿਸਦੇ ਸਨ ।

ਉਵੇਂ, ਸਾਡੇ ਮੇਲਿਆਂ ਵਾਂਗ ਹੀ, ਧਰਤੀ ਉਤੇ ਥਾਂ ਪਰ ਥਾਂ ਕਾਗ਼ਜ਼ ਡਿੱਗੇ ਹੋਏ ਸਨ—ਪੱਤੇ ਚੱਟ ਕੇ ਸੁੱਟੇ ਹੋਏ ।

ਸਾਡੇ ਵਾਂਗ, ਅੰਗਰੇਜ਼ਾਂ ਨੇ ਵੀ ਮੋਢਿਆਂ ਉਤੇ ਉਵੇਂ ਹੀ ਆਪਣੇ ਬੱਚੇ ਚੁੱਕੇ ਹੋਏ ਸਨ । ਲਗ ਪਗ ਉਹੀਓ ਜਜ਼ਬੇ ਸਨ : ਮੇਲੇ ਵਿਚ ਖਾਣ ਪੀਣ ਤੇ ਪੈਸੇ ਖ਼ਰਚ ਕਰਨ ਦਾ ਚਾਅ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕ ਪਾਸੇ ਬੁੱਢੀ ਮਾਈ ਦਾ ਝਾਟਾ ਵੀ ਵਿਕ ਰਿਹਾ ਸੀ। ਅੰਗਰੇਜ਼ੀ ਵਿਚ ਇਸ ਨੂੰ ਏਥੇ "ਕੈਂਡੇ ਫਲੌਸ (Candy Floss)" ਕਹਿੰਦੇ ਹਨ। ਉਸੇ ਤਰ੍ਹਾਂ ਚੰਡੋਲ ਸਨ। ਉਤੋਂ ਹੇਠਾਂ ਵਾਲੇ ਵੀ ਤੇ ਗੋਲ ਚੱਕਰ ਵਾਲੇ ਵੀ। ਕਈ ਤਰ੍ਹਾਂ ਦਾ ਜੂਆ ਵੀ ਸੀ।

ਮੇਲੇ ਵਿਚ ਇਕ ਬਹੁਤ ਲੰਮਾ ਆਦਮੀ ਵੀ ਦੇਖਿਆ। ਮਹਾਰਾਜਾ ਪਟਿਆਲਾ (ਯਾਦਵਿੰਦਰ ਸਿੰਘ) ਵਰਗਾ ਸਭ ਤੋਂ ਉੱਚਾ ਅਤੇ ਜਵਾਨ। ਮੇਲੇ ਵਿਚ ਉਹ ਹੌਲੀ ਹੌਲੀ ਸ਼ਾਨ ਨ ਲ ਤੁਰ ਰਿਹਾ ਸੀ। ਨਿਰਸੰਦੇਹ ਉਸਦਾ ਕੱਦ ਸੱਤ ਫੁੱਟ ਤਕ ਹੋਵੇਗਾ।

ਇਕ ਸਭ ਤੋਂ ਛੋਟਾ ਬੰਦਾ ("A Little Man") ਵੀ ਮੇਲੇ ਵਿਚ ਦਿਖਾਇਆ ਗਿਆ। ਇਹ ਟਿਕਟ ਲੈ ਕੇ ਤੱਕਿਆ ਸੀ।

ਇਕ ਪਾਸੇ ਬਿਜਲੀ ਦੀਆਂ ਛੋਟੀਆਂ ਛੋਟੀਆਂ ਮੋਟਰਾਂ ਚਲਾਏ ਜਾਣ ਦੀ ਖੇਡ ਸੀ। ਵੀਹ ਕੁ ਫੁੱਟ ਚੌੜੀ ਅਤੇ ਤੀਹ ਕੁ ਫੁੱਟ ਲੰਮੀ ਥਾਂ ਵਿਚ ਇਹ ਖੇਡ ਹੋ ਰਹੀ ਸੀ ਜੋ ਦੋ ਕੁ ਫੁੱਟ ਉੱਚੀ ਸੀ। ਹੇਠਾਂ ਕੂਲ਼ਾ ਫ਼ਰਸ਼ ਸੀ ਤੇ ਉਤੇ ਛੱਪਰ ਬਣਿਆ ਸੀ। ਏਥੇ ਬਟਣ ਦੱਬਣ ਨਾਲ ਲਗ ਪਗ ਬਾਰਾਂ ਪੰਦਰਾਂ ਮੋਟਰਾਂ ਇਕੋ ਵਾਰ ਚਲ ਪੈਂਦੀਆਂ ਸਨ। ਦੋ ਦੋ ਬੰਦੇ ਬਹਿ ਸਕਦੇ ਸਨ। ਸਿਰਫ਼ ਸਟੀਅਰਿੰਗ ਫੜਕੇ ਮੋਟਰ ਕਾਬੂ ਕਰਨੀ ਹੁੰਦੀ ਸੀ।

ਮੋਟਰ ਛੁਹਲੀ ਹੁੰਦੀ ਹੈ। ਚੱਕਰ ਵਸ ਵਿਚ ਰਖਦੇ ਹੋਏ ਵੀ ਮੋਟਰ ਘੁੰਮ ਘੁੰਮ ਜਾਂਦੀ ਹੈ ਤੇ ਛੇਤੀ ਛੇਤੀ ਏਧਰ ਉਧਰ ਚੱਕਰ ਮੋੜਨਾ ਪੈਂਦਾ ਹੈ। ਅਸਲੀ ਨਾਲੋਂ ਇਸਦਾ ਚੱਕਰ ਬਹੁਤਾ ਸਾਂਭਣਾ ਪੈਂਦਾ ਹੈ।

ਮੇਮਾਂ ਜਦੋਂ ਬਹਿੰਦੀਆਂ ਤਾਂ ਦੂਹਰੀਆਂ ਹੋ ਹੋ ਹਸਦੀਆਂ।

ਮੈਨੂੰ ਮੋਟਰ ਆਉਂਦੀ ਨਹੀਂ। ਕਦੇ ਮੌਕਾ ਮਿਲਿਆ ਨਹੀਂ ਤੇ ਇਸ ਲਈ ਕਦੇ ਚਲਾਈ ਹੀ ਨਹੀਂ। ਖ਼ੈਰ, ਅਸਲੀ ਨਾ ਸਹੀ, ਨਕਲੀ ਮੈਂ ਚਲਾ ਕੇ ਦੇਖੀ। ਬੜਾ ਹੀ ਸਫਲ ਰਿਹਾ ਸਾਂ। ਵਾਹ ਲਗਦਿਆਂ ਮੇਰੀ ਮੋਟਰ ਕਿਸੇ ਨਾਲ ਵੀ ਛੁਹੀ ਨਹੀਂ ਤੇ "ਐਕਸੀਡੈਂਟ" ਨਹੀਂ ਹੋਇਆ। ਪਲ ਕੁ ਲਈ ਇਕ ਵਾਰ ਇਕ ਪਾਸੇ ਫਸ ਜਿਹੀ ਗਈ ਸੀ ਜੋ ਹੇਠ ਖੜੋਤੇ ਲੋਕਾਂ ਵਲੋਂ ਠੁੱਡ ਮਾਰ ਕੇ ਤੋਰੀ ਗਈ ਤੇ ਮੇਰੀ ਮਦਦ ਕੀਤੀ ਗਈ। ਬੜੀ ਹੀ ਛੇਤੀ ਛੇਤੀ ਮੈਨੂੰ ਪਹੀਆ ਮੋੜਨਾ ਪੈਂਦਾ ਸੀ। ਸਮਝੋ ਹੱਥ ਬਿਜਲੀ ਵਾਂਗੂੰ ਹਰਕਤ ਵਿਚ ਹੀ ਰਹੇ ਸਨ। ਖ਼ੈਰ, ਮੈਂ ਕਾਫ਼ੀ ਸਫਲ ਸਾਂ। ਅੰਤ ਉਤੇ ਸਾਥੀ ਕੇਸਰ ਸਿਘ ਹੋਰਾਂ ਨੇ ਕਿਹਾ ਸੀ: "ਯੂ ਆਰ ਏ ਗੁੱਡ ਡਰਾਈਵਰ।" ਮੈਂ ਇਕੱਲਾ ਨਹੀਂ ਸਾਂ, ਸਾਥੀ ਕੇਸਰ ਸਿੰਘ ਹਰਾਂ ਦਾ ਛੋਟਾ ਭਰਾ ਪਾਲ ਸਿੰਘ ਵੀ ਮੇਰੇ ਨਾਲ ਬੈਠਾ ਹੋਇਆ ਸੀ।

ਵੀਹ ਪੈਂਨਸ ਦੀ ਟਿਕਟ ਸੀ। ਭਾਵੇਂ ਇਕ ਬੈਠੇ ਤੇ ਭਾਵੇਂ ਦੋ ਹੀ ਬੈਠ ਜਾਣ। ਉਂਜ ਜੇ ਇਕ ਬੈਠੇ ਤਾਂ ਕਾਫ਼ੀ ਠੀਕ ਰਹਿੰਦਾ ਹੈ। ਸਟੀਅਰਿੰਗ ਗੱਭੇ ਹੁੰਦਾ ਹੈ। ਦੋਹਾਂ ਨਾਲ ਸਟੀਅਰਿੰਗ ਫੜਨਾ ਕਾਫ਼ੀ ਮੁਸ਼ਕਿਲ ਹੁੰਦਾ ਹੈ।

ਅੰਤ ਉਤੇ ਮੇਰੀਆਂ ਬਾਹਵਾਂ ਕਾਫ਼ੀ ਥੱਕ ਜਿਹੀਆਂ ਗਈਆਂ ਸਨ। ਕਾਰਨ ਦੋ ਜਣੇ ਵੀ ਸੀ। ਜੇ ਇਕੱਲਾ ਹੁੰਦਾ ਤਾਂ ਘਟ ਥਕੇਵਾਂ ਹੋਣਾ ਸੀ।

ਇਹ ਖੇਡ ਜਿਹੀ ਖੇਡਣ ਨਾਲ, ਮੇਰਾ ਦਿਲ ਕਹਿ ਰਿਹਾ ਹੈ, ਅਸਲੀ ਮੋਟਰ ਹੋਵੇ, ਮੈਂ ਉਹ ਵੀ ਬੜੀ ਹੀ ਸੁਹਣੀ ਚਲਾਵਾਂ। ਹਵਾਈ ਜਹਾਜ਼ ਚਲਾਉਣ ਨੂੰ ਵੀ ਮੇਰਾ ਦਿਲ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰ ਰਿਹਾ ਹੈ। ਆਖ਼ਿਰ ਗੱਲ ਹੀ ਕੀ ਹੈ ਇਹ? ਸਾਡੇ ਵਰਗੇ ਬੰਦੇ ਹੀ ਹਵਾਈ ਜਹਾਜ਼ ਚਲਾਉਂਦੇ ਹਨ।

ਹੁਣ ਤਾਂ ਮੇਰਾ ਸਪੂਤਨਿਕ ਵਿਚ ਬੈਠਣ ਨੂੰ ਦਿਲ ਕਰਦਾ ਹੈ—ਚੰਦਰਮਾਂ ਵਲ ਜਾਣ ਨੂੰ। ਮੰਗਲ ਤਾਰੇ ਉਤੇ ਵੀ ਹੁਣ ਜਾਣ ਨੂੰ ਦਿਲ ਕਰਦਾ ਹੈ—ਉਸ ਦੇ ਦਿਲ ਵਿਚ ਬਹਿਣ ਨੂੰ।

"...ਪਾਤਾਲਾ ਪਾਤਾਲ ਲਖ ਆਗਾਸਾ ਆਗਾਸ..."

ਕੀ ਮੈਂ ਇਹਨਾਂ "ਪਾਤਾਲਾਂ" ਅਤੇ "ਆਗਾਸਾਂ" ਨੂੰ ਛੁਹ ਸਕਾਂਗਾ? ਹੁਣ ਤਾਂ ਮੇਰਿਆਂ ਮੋਢਿਆਂ ਉਤੇ ਖੰਭ ਉਗ ਆਉਣੇ ਚਾਹੀਦੇ ਹਨ।

## ੩

ਨੌਟਿੰਘਮ ਵਿਚ ਪੰਜਾਬੀ ਕਾਫ਼ੀ ਗਿਣਤੀ ਵਿਚ ਰਹਿ ਰਹੇ ਹਨ। ਜ਼ਿਲਾ ਜਲੰਧਰ ਬਹੁਤਾ ਹੈ। ਜਲੰਧਰ ਵਿਚੋਂ ਵੀ ਬਹੁਤੇ ਲੋਕ ਜੰਡਿਆਲਾ ਦੇ ਵਸਨੀਕ ਹਨ। ਜੰਡਿਆਲੇ ਦੇ ਵਸਨੀਕਾਂ ਵਿਚੋਂ ਵੀ ਬਹੁਤੇ ਲੋਕੀ "ਜੌਹਲ" ਹਨ। ਜੰਡਿਆਲੇ ਦੇ ਵਸਨੀਕਾਂ ਲਈ, ਤੇ ਖ਼ਾਸ ਕਰਕੇ ਜੌਹਲਾਂ ਲਈ, ਨੌਟਿੰਘਮ ਦੂਜਾ ਜੰਡਿਆਲਾ ਹੈ।

ਇਹਨਾਂ ਵਿਚੋਂ ਕਈ ਲੋਕ ਤਾਂ ਵੀਹਾਂ ਵੀਹਾਂ, ਤੀਹਾਂ ਤੀਹਾਂ ਸਾਲਾਂ ਦੇ ਏਥੇ ਰਹਿੰਦੇ ਹਨ। ਕਈ ਅਮੀਰ ਵੀ ਬਹੁਤ ਹਨ। ਵੱਡੇ ਵੱਡੇ ਕਾਰ ਵਿਹਾਰ। ਸ਼ੁਰੂ ਸ਼ੁਰੂ ਵਿਚ ਇਹਨਾਂ ਨੇ ਬੜੀ ਹੀ ਸਖ਼ਤ ਮਿਹਨਤ ਕੀਤੀ ਸੀ। ਇਥੋਂ ਤਕ ਕਿ ਪਿੰਡਾਂ ਵਿਚ ਇਹ ਫੇਰੀਆਂ ਲਾਉਂਦੇ ਹੁੰਦੇ ਸਨ। ਫੇਰ ਇਹ ਉੱਨਤ ਹੋਣ ਲਗੇ। ਇਹਨਾਂ ਵਿਚੋਂ ਕਈਆਂ ਦੇ ਹੁਣ ਆਪਣੇ ਥੋਕ-ਭੰਡਾਰ (Warehouses) ਹਨ। ਹੋਰ ਜਾਇਦਾਦਾਂ ਵੀ ਬਹੁਤ ਹਨ। ਕਈ ਵਿਚਾਰੇ, ਸਾਡੇ ਵਰਗੇ, ਫ਼ੈਕਟਰੀਆਂ ਦੇ ਵਰਕਰ ਹੀ ਹਨ।

ਏਥੇ ਇਕ ਗੁਰਦੁਆਰਾ ਬੜਾ ਹੀ ਖ਼ੂਬਸੂਰਤ ਹੈ ਜੋ ਅਜੇ ਮੁਕੰਮਲ ਹੋਣਾ ਹੈ। ਖੁਲ੍ਹਾ ਅਤੇ ਵੱਡਾ ਹਾਲ। ਵੱਡੀਆਂ ਵੱਡੀਆਂ ਬਾਰੀਆਂ। ਸਾਰੇ ਹਾਲ ਵਿਚ ਬੜੀ ਹੀ ਸੁਹਣੀ ਕਾਰਪੈਟ ਵਿਛੀ ਹੋਈ ਸੀ। ਚਾਨਣ ਖੁਲ੍ਹਾ ਪੈਂਦਾ ਸੀ। ਲੱਖਾਂ ਪੌਂਡ ਉਸਾਰੀ ਉਤੇ ਖ਼ਰਚ ਕੀਤੇ ਜਾ ਰਹੇ ਹਨ।

ਇਸ ਗੁਰਦੁਆਰੇ ਦਾ ਨਾਂ "ਗੁਰਦੁਆਰਾ ਸ਼ੇਰਵੁੱਡ" ਹੈ।

ਦੋ ਵਾਰ ਮੈਂ ਇਸ ਗੁਰਦੁਆਰੇ ਵਿਚ ਤਕਰੀਰ ਕੀਤੀ। ਪਹਿਲਾਂ ਇਕ ਵਿਆਹ ਸੀ ਤੇ ਦੂਜੀ ਵਾਰ ਇਕ ਮੰਗਣੀ ਸੀ। ਦੋਵੇਂ ਵਾਰ ਮੈਂ ਦਾਜ ਦਹੇਜ ਦੀ ਲਾਅਨਤ ਵਿਰੁੱਧ ਬੋਲਿਆ ਸਾਂ।

ਇਸ ਗੁਰਦੁਆਰੇ ਦੀ ਕਮੇਟੀ ਕਾਫ਼ੀ ਚੰਗੀ ਹੈ। ਨਾਜ਼ਰ ਸਿੰਘ ਜੀ ਜੌਹਲ ਅਤੇ ਅਜੀਤ ਸਿੰਘ ਜੀ ਜੌਹਲ ਦੋਵੇਂ ਚੰਗੇ ਬਿਜ਼ਨਸਮੈਨ ਹਨ ਤੇ ਦੋਵੇਂ ਹੀ ਜੰਡਿਆਲੇ ਦੇ ਹਨ। ਗੁਰਦੁਆਰੇ ਦੇ ਕੰਮਾਂ ਵਿਚ ਇਹ ਕਾਫ਼ੀ ਦਿਲਚਸਪੀ ਲੈਂਦੇ ਹਨ।

ਇਕ ਕੰਮ ਇਸ ਕਮੇਟੀ ਨੇ ਬੜਾ ਹੀ ਚੰਗਾ ਕੀਤਾ ਹੈ। ਇੰਗਲੈਂਡ ਵਿਚੋਂ, ਪਤਾ ਨਹੀਂ, ਕਦੋਂ ਹਿੰਦੋਸਤਾਨੀਆਂ ਨੂੰ ਆਪਣੇ ਦੇਸ ਆ ਜਾਣਾ ਪਵੇ। ਇਸ ਹਾਲਤ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਰਦੁਆਰੇ ਦੀ ਲੱਖਾਂ ਪੌਂਡਾਂ ਦੀ ਇਸ ਜਾਇਦਾਦ ਨੂੰ ਕਿਹੜੇ ਲੇਖੇ ਲਾਇਆ ਜਾਵੇ ? ਗੁਰਦੁਆਰਾ ਕਮੇਟੀ ਨੇ ਇਕ ਮਤਾ ਪਾਇਆ ਹੋਇਆ ਹੈ : "ਜਦੋਂ ਲੋੜ ਨਾ ਸਮਝੀ ਜਾਵੇ ਤਾਂ ਇਸ ਗੁਰਦੁਆਰੇ ਦੀ ਰਕਮ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਦੇ ਦਿਤੀ ਜਾਵੇ।" ਏਨਾ ਅੱਗੇ ਵਧੂ ਮਤਾ ਕੋਈ ਅੱਗੇ ਵਧੂ ਵਿਚਾਰਾਂ ਵਾਲੀ ਕਮੇਟੀ ਹੀ ਪਾ ਸਕਦੀ ਹੈ। ਹੋਰ ਕਮੇਟੀ ਹੁੰਦੀ ਤਾਂ ਆਖਦੀ ਕਿ ਇਹ ਰਕਮ ਸ਼ਰੋਮਣੀ ਕਮੇਟੀ ਦੀ ਹੀ ਗੋਲਕ ਵਿਚ ਪਾ ਦਿਤੀ ਜਾਵੇ—ਜਿਸ ਨਾਲ ਫੇਰ ਵੱਖਵਾਦ ਤੇ ਫ਼ਿਰਕੂ ਭਾਵਨਾਵਾਂ ਦਾ ਪਰਚਾਰ ਹੀ ਕੀਤਾ ਜਾਣਾ ਸੀ।

ਨੌਟਿੰਘਮ ਦੇ ਵਿਕਟੋਰੀਆ ਸੈਂਟਰ ਦਾ ਮੋਰਾਂ ਵਾਲਾ ਫੁਹਾਰਾ ਮੈਨੂੰ ਕਈ ਵਾਰ ਯਾਦ ਆ ਜਾਂਦਾ ਹੈ। ਇਹ ਟਾਈਮ ਦਾ ਫੁਹਾਰਾ ਹੈ ਤੇ ਇਸਦਾ ਨਾਂ "ਵਿਕਟੋਰੀਆ ਸੈਂਟਰ ਟਾਈਮ ਫ਼ਾਊਂਟੇਨ" ਹੈ। ਜਿਵੇਂ ਕਿਸੇ ਮਹੱਲ ਵਿਚ ਕੋਈ ਝਾੜ ਫ਼ਲੂਸ ਪਿਆ ਹੁੰਦਾ ਹੈ, ਲਗ ਪਗ ਇਹੋ ਜਿਹਾ ਹੀ, ਸੁਨਹਿਰੀ ਮੋਰਾਂ ਵਾਲਾ, ਇਹ ਟਾਈਮ ਦਾ ਫੁਹਾਰਾ ਹੈ। ਕਿਸੇ ਰਾਜ ਦਰਬਾਰ ਵਿਚ, ਸੋਨੇ ਦੇ ਕਿਸੇ ਬਿਰਛ ਵਰਗੀ, ਉੱਚੀ ਜਿਹੀ ਛਤਰੀ ਉਤੇ, ਇਕ ਗੋਲ ਜਿਹੇ ਚੱਕਰ ਵਿਚ, ਸੁਨਹਿਰੀ ਮੋਰ ਬਣੇ ਹਨ ਜੋ ਅੱਧੇ ਅੱਧੇ ਘੰਟੇ ਮਗਰੋਂ ਨਾਚ ਕਰਨ ਲਗ ਜਾਂਦੇ ਹਨ। ਮੋਰ ਜਦੋਂ ਨੱਚਦੇ ਹਨ, ਮਧੁਰ ਮਧੁਰ ਘੰਟੀਆਂ ਵੀ ਨਾਲ ਵੱਜਣ ਲਗ ਜਾਂਦੀਆਂ ਹਨ। ਟਾਈਮ ਦੱਸਣ ਵਾਲੇ ਘੰਟੇ ਵੀ ਨਾਲੋ ਨਾਲ ਹੀ ਵੱਜਦੇ ਹਨ।

ਲੋਕੀ, ਬੜੇ ਹੀ ਸ਼ੌਕ ਨਾਲ, ਮੋਰਾਂ ਦਾ ਇਹ ਨਾਚ ਦੇਖਣ ਲਈ ਜਮ੍ਹਾਂ ਹੁੰਦੇ ਰਹਿੰਦੇ ਹਨ।

ਇਹ ਸੁਨਹਿਰੀ ਮੋਰ, ਸ਼ਾਇਦ, ਪਿੱਤਲ ਦੇ ਬਣੇ ਹੋਏ ਹਨ, ਪਰ ਦਿਸਦੇ ਸੋਨੇ ਵਾਂਗ ਹੀ ਹਨ। ਵਿਚ ਵਿਚ ਜਿਵੇਂ ਮੀਨਾਕਾਰੀ ਦੇ ਰੰਗ ਵੀ ਛੁਹੇ ਹੋਏ ਹਨ। ਮੋਰ ਬਹੁਤੇ ਵੱਡੇ ਨਹੀਂ, ਕਾਫ਼ੀ ਛੋਟੇ ਛੋਟੇ ਹਨ, ਪਰ ਜਦੋਂ ਸਾਰੇ ਪੈਰ ਮਾਰ ਕੇ ਇਕੋ ਵੇਲੇ ਨੱਚਦੇ ਹਨ ਤਾਂ ਬੜੇ ਹੀ ਸੁਹਣੇ ਲਗਦੇ ਹਨ।

ਇਹ ਫੁਹਾਰਾ, ਨਿਰਸੰਦੇਹ, ਵਿਕਟੋਰੀਆ ਸੈਂਟਰ ਦਾ ਗਹਿਣਾ ਹੈ। ਵਿਕਟੋਰੀਆ ਸੈਂਟਰ ਇਸ ਫੁਹਾਰੇ ਨਾਲ ਝੱਮ ਝੱਮ ਕਰਦਾ ਰਹਿੰਦ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੰਡਨ ਦਾ ਅਜਾਇਬ ਘਰ ਤੇ ਮੈਡਮ ਟੂਸਾਡਜ਼

ਇਕ ਦਿਨ, ਗਿਆਰਾਂ ਕੁ ਵਜੇ, ਮੈਂ ਤੇ ਗਿਆਨੀ ਦਰਸ਼ਨ ਸਿੰਘ ਜੀ ਲੰਡਨ ਦਾ ਅਜਾਇਬ ਘਰ, ਵਿਕਟੋਰੀਆ ਐਂਡ ਅਲਬਰਟ ਮਿਊਜ਼ੀਅਮ ਜਾਂ ਬ੍ਰਿਟਿਸ਼ ਮਿਊਜ਼ੀਅਮ, ਦੇਖਣ ਗਏ। ਮੈਨੂੰ ਸ਼ਾਹਜਹਾਨ ਦਾ ਨੀਲਮ ਦਾ ਪਿਆਲਾ ਅਤੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੋਨੇ ਦੀ ਕੁਰਸੀ ਦੇਖਣ ਦਾ ਬਹੁਤ ਹੀ ਚਾਓ ਸੀ। ਇਹ ਚੀਜ਼ਾਂ ਸਾਡੇ ਹਿੰਦੋਸਤਾਨ ਤੋਂ ਆਈਆਂ ਹੋਈਆਂ ਸਨ।

ਸ਼ਾਹਜਹਾਨ ਦਾ ਨੀਲਮ ਦਾ ਪਿਆਲਾ ਬਹੁਤ ਛੋਟਾ ਸੀ। ਪਿਆਲਾ ਨਹੀਂ, ਪਿਆਲੀ ਸੀ। ਉਸ ਵਿਚ ਚਾਹ ਦੇ ਕੱਪ ਨਾਲੋਂ ਵੀ ਥੋੜੀ ਚੀਜ਼ ਪੈ ਸਕਦੀ ਸੀ।

ਸੰਭਵ ਹੈ, ਇਹ ਜਹਾਂਗੀਰ ਤੋਂ ਸ਼ਾਹਜਹਾਨ ਨੂੰ ਮਿਲਿਆ ਹੋਵੇ। ਕਹਿੰਦੇ ਹਨ, ਜਹਾਂਗੀਰ ਬਹੁਤ ਸ਼ਰਾਬ ਪੀਂਦਾ ਸੀ। ਸ਼ਾਇਦ ਇਸ ਪਿਆਲੇ ਵਿਚ ਵੀ ਉਸ ਨੇ ਜਾਮ ਪੀਤੇ ਹੋਣ। ਜਹਾਂਗੀਰ ਤਾਂ ਇਸ ਵਿਚ ਸੌ ਸੌ ਜਾਮ ਪੀ ਜਾਂਦਾ ਹੋਵੇਗਾ।

ਇਸ ਪਿਆਲੇ ਦੀ ਧਾਤ ਦਾ ਨਾਂ ਜੇਡ (Jade) ਲਿਖਿਆ ਹੋਇਆ ਸੀ।

ਮੁਗ਼ਲ ਕਾਲ ਦੇ ਹੁੱਕੇ ਦਾ ਇਕ ਹੇਠਲਾ ਹਿੱਸਾ ਪਿਆ ਸੀ ਜਿਸ ਵਿਚ ਪਾਣੀ ਪਾਉਂਦੇ ਹਨ। ਇਹ ਵੀ ਜੇਡ ਦਾ ਬਣਿਆ ਸੀ ਤੇ ਰੰਗ ਬਰੰਗੇ ਨੀਲਮਾਂ ਨਾਲ ਇਸ ਦੇ ਉਤੇ ਬੜੇ ਹੀ ਸੁੰਦਰ ਫੁੱਲ ਤੇ ਬੂਟੇ ਬਣੇ ਸਨ। ਇਹਨਾਂ ਫੁੱਲਾਂ ਬੂਟਿਆਂ ਗਿਰਦੇ ਸੋਨੇ ਦੀਆਂ ਬਰੀਕ ਤਾਰਾਂ ਦੀ ਜਾਲੀ ਬੁਣੀ ਹੋਈ ਸੀ। ਇਕ ਸੋਨੇ ਦਾ ਮੁਗ਼ਲ ਕਾਲ ਦਾ ਵੱਡਾ ਚਮਚਾ ਪਿਆ ਸੀ ਤੇ ਜੈ ਪੁਰ ਅਤੇ ਜੋਧ ਪੁਰ ਦੇ ਰਾਣਿਆਂ ਦੀ ਕਲਗੀਆਂ।

ਇਕ, ਗਲ ਵਿਚ ਪਾਉਣ ਵਾਲਾ, ਲਾਲ ਹੀਰੇ ਦਾ ਹਾਰ ਸੀ। ਇਹ ਹਾਰ ਸੁੱਚੀ ਜ਼ਰੀ ਦੀਆਂ ਤਾਰਾਂ ਨਾਲ ਗੁੰਦਿਆ ਹੋਇਆ ਸੀ, ਤੇ ਹੀਰਾ ਹੇਠਾਂ ਲਮਕਦਾ। ਹੀਰਾ, ਲਾਲ ਨਹੀਂ ਸੀ, ਗੁਲਾਬੀ ਤੋਂ ਕੁਝ ਗੂਹੜਾ ਸੀ। ਇਹ ਹੀਰਾ ਅਕਬਰ, ਜਹਾਂਗੀਰ, ਸ਼ਾਹਜਹਾਨ ਤੇ ਔਰੰਗਜ਼ੇਬ ਨੇ ਪਹਿਨਿਆ। ਸੁਨਹਿਰੀ ਜ਼ਰੀ ਦੀ ਵੱਟੀ ਹੋਈ ਡੋਰ ਹੁਣ ਕਾਲੀ ਜਿਹੀ ਹੋ ਗਈ ਸੀ। ਇਹ ਹੀਰਾ ਇਕ ਸੌ ਸਾਢੇ ਤੇਤੀ ਕੈਰਟ ਦਾ ਲਿਖਿਆ ਸੀ। ਬਹੁਤਾ ਨਹੀਂ ਸੀ ਚਮਕਦਾ, ਮੱਧਮ ਮੱਧਮ ਦਿਸਦਾ ਸੀ। ਸਾਈਜ਼ ਅਖਰੋਟ ਜਿੰਨਾ ਸੀ।

ਬਾਕੀ ਹੋਰ ਵੀ ਮੁਗ਼ਲ ਕਾਲ ਦਾ ਕਾਫ਼ੀ ਨਿੱਕ ਸੁੱਕ ਪਿਆ ਸੀ। ਸੁਰਾਹੀਆਂ, ਪਿਆਲੇ, ਜਿਨ੍ਹਾਂ ਨੂੰ ਫ਼ਾਰਸੀ ਕਵਿਤਾ ਵਿਚ "ਜਾਮ-ਓ-ਮੀਨਾ" ਕਹਿੰਦੇ ਹਨ। ਸਭਨਾਂ ਉਤੇ ਰੰਗ ਬਰੰਗੇ ਮੀਨਾਕਾਰੀ ਦੇ ਨਕਸ਼ ਸਨ। ਰੰਗ ਬਹੁਤਾ ਨੀਲਾ ਹੀ ਸੀ। ਗੂਹੜਾ ਨੀਲਾ।

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਇਕ ਜੇਡ ਦੀ ਬਹੁਤ ਵੱਡੀ ਚਿੱਟੀ ਮੁੰਦਰੀ ਪਈ ਸੀ। ਇਹ ਮੁੰਦਰੀ ਸ਼ਾਹਜਹਾਨ ਅੰਗੂਠੇ ਵਿਚ ਪਹਿਨਦਾ ਹੁੰਦਾ ਸੀ। ਜੇਡ ਦੇ ਹੀ ਮੀਨਾਕਾਰੀ ਦੇ ਕਲਮਾਂ ਅਤੇ ਚਾਕੂ ਸਨ। ਜੇਡ ਦਾ ਹੀ ਕਲਮਦਾਨ ਜਿਸ ਦੇ ਉਤੇ ਚਿੱਟੀ ਮੀਨਾਕਾਰੀ ਦੇ ਫੁੱਲ ਤੇ ਬੂਟੇ ਸਨ।

ਨੇੜੇ ਹੀ ਰਣਜੀਤ ਸਿੰਘ ਦੀ ਸੋਨੇ ਦੀ ਕੁਰਸੀ ਪਈ ਸੀ। ਹਲਕੇ ਜਿਹੇ ਗੁਲਾਬੀ ਰੰਗ ਦੇ ਗੱਦੇ ਅਤੇ ਸਰਹਾਣੇ ਸਨ। ਰੇਸ਼ਮ ਕਾਫ਼ੀ ਮੈਲਾ ਸੀ, ਤੇ ਖ਼ਸਤਾ ਵੀ ਉਹ ਬਹੁਤ ਸੀ। ਰੰਗ ਉੱਡਿਆ ਹੋਇਆ ਸੀ।

ਕੁਰਸੀ, ਸ਼ਾਇਦ, ਲੱਕੜ ਦੀ ਸੀ ਤੇ ਸੋਨੇ ਦਾ ਉਤੇ ਪੱਤਰਾ ਸੀ। ਕੁਰਸੀ ਚੋਰਸ ਨਹੀਂ ਸੀ, ਗੋਲ ਸੀ, ਮੂਹੜੇ ਵਰਗੀ।

ਇਕ ਪਾਸੇ ਟੀਪੂ ਸੁਲਤਾਨ ਦੀ ਜੇਬੀ ਘੜੀ ਰੱਖੀ ਹੋਈ ਸੀ। ਇਹ ਘੜੀ ੧੭੯੮ ਦੀ ਬਣੀ ਹੋਈ ਹੈ। ਲੰਡਨ ਵਿਚ ਹੀ ਬਣੀ ਸੀ ਇਹ।

ਇਕ ਸੋਨੇ ਦੇ ਮੁੱਠੇ ਵਾਲੀ ਲੰਮੀ ਛਟੀ ਪਈ ਸੀ। ਇਕ ਤਲਵਾਰ ਪਈ ਸੀ। ਘੜੀ ਕਿਸੇ ਅੰਗਰੇਜ਼ ਨੇ ਹੀ ਤੁਹਫ਼ਾ ਦਿਤੀ ਹੋਵੇਗੀ––ਸਲਤਨਤ ਖੋਹ ਲੈਣ ਲਈ।

ਅਜਾਇਬ ਘਰ ਵਿਚ ਦੇਖਣ ਵਾਲਾ ਬੜਾ ਹੀ ਨਿੱਕ-ਸੁੱਕ ਪਿਆ ਸੀ। ਸਾਰਾ ਦੇਖਣਾ ਮੁਸ਼ਕਿਲ ਹੈ। ਫੇਰ, ਬਿਆਨ ਕਰਨਾ ਮੁਸ਼ਕਿਲ।

ਇਕ ਸ਼ੀਸ਼ੇ ਵਿਚ ਬੁੱਧ ਦਾ ਸੁਨਹਿਰੀ ਮੰਦਰ ਪਿਆ ਸੀ ਤੇ ਪੂਰੇ ਦਾ ਪੂਰਾ ਮੰਦਰ ਹੀ ਲਿਆ ਕੇ ਰਖਿਆ ਹੋਇਆ ਸੀ। ਸੰਨ ੧੮੪੦ ਵਿਚ ਇਹ ਸੁਹਣਾ ਮੰਦਰ ਬਣਿਆ ਸੀ। ਇਹ ਬਰਮਾ ਤੋਂ ਲਿਆ ਕੇ ਏਥੇ ਲੰਡਨ ਰਖਿਆ ਗਿਆ ਹੈ।

ਮਹਾਂਵੀਰ ਦਾ ਸੋਲ੍ਹਵੀਂ ਸਦੀ ਦਾ ਇਕ ਤਾਂਬੇ ਦਾ ਬੁੱਤ ਵੀ ਪਿਆ ਸੀ ਤੇ ਭੈਰੋਂ ਦਾ ਡਰਾਉਣਾ ਜਿਹਾ ਪਿੱਤਲ ਦਾ ਇਕ ਬੁੱਤ ਵੀ। ਇਹ ਨੈਪਾਲ ਤੋਂ ਆਇਆ ਸੀ, ਸ਼ਾਇਦ।

ਇਸਲਾਮਿਕ ਸੈਕਸ਼ਨ ਦੇਖਿਆ। ਸਪੇਨ ਦੇ ਇਕ ਹੱਥੀਂ ਲਿਖੇ ਕੁਰਾਨ ਦੀ ਕਾਪੀ ਪਈ ਸੀ।

ਸੰਗਮਰਮਰੀ ਫ਼ਰਸ਼ਾਂ ਦੇ ਮੀਨਾਕਾਰੀ ਦੇ ਰੰਗ ਬਰੰਗੇ ਚੋਰਸ ਟੁਕੜੇ ਪਏ ਸਨ। ਇਹ ਕਸ਼ਮੀਰ ਤੋਂ ਆਏ ਸਨ। ਸ੍ਰੀਨਗਰ ਦੇ ਨੇੜੇ ਹੀ ਕੋਈ ਬੁੱਤ ਕੁਦਾਲ ਜਗ੍ਹਾ ਹੈ, ਇਹ ਟੁਕੜੇ, ਉਥੋਂ ਦੇ ਮਾਧਵੀ ਨਾਂ ਦੇ ਕਿਸੇ ਫ਼ਕੀਰ ਦੇ ਮਕਬਰੇ ਦੇ ਫ਼ਰਸ਼ ਦੇ ਹਨ। ਦੇਖੋ, ਸਾਡੇ ਦੇਸ਼ ਨੂੰ ਕਿਵੇਂ ਲੁੱਟਿਆ ਪੁੱਟਿਆ ਗਿਆ ਹੈ! ਫ਼ਰਸ਼ ਵੀ ਉਖਾੜ ਲਿਆਂਦੇ! ਆਖਣਗੇ, ਅਸੀਂ ਅਜਾਇਬ ਘਰ ਲਈ ਲੈ ਕੇ ਆਏ ਸਾਂ! ਕੀ ਇਹ ਕੋਈ ਜਵਾਬ ਹੈ? ਸਾਡੇ ਆਪਣੇ ਮੁਲਕ ਨੂੰ ਅਜਾਇਬ ਘਰ ਨਹੀਂ ਚਾਹੀਦੇ?

ਇਕ ਪਾਸੇ ਲਾਲ ਪੱਥਰ ਦੇ ਮਥਰਾ ਤੋਂ ਲਿਆਂਦੇ ਗਏ ਯਕਸ਼ਣੀਆਂ ਦੇ ਬੁੱਤ ਸਨ ਜੋ ਬੜੇ ਹੀ ਖ਼ੂਬਸੂਰਤ ਸਨ। ਇਹ ਦੂਜੀ ਸਦੀ ਦੀ ਕਿਰਤ ਸਨ। ਇਹ ਬੁੱਤ ਭਾਰਤੀ ਕਲਾ ਦੀਆਂ ਸਿਖਰਾਂ ਨੂੰ ਛੂਹ ਰਹੇ ਸਨ। ਕਲਾਕਾਰਾਂ ਨੇ ਪੱਥਰਾਂ ਵਿਚੋਂ ਬਿਲਕੁਲ ਨੰਗੀਆਂ ਯਕਸ਼ਣੀਆਂ ਤਰਾਸ਼ ਕੇ ਰੱਖੀਆਂ ਹੋਈਆਂ ਸਨ। ਯਕਸ਼ਣੀਆਂ ਦੇ ਇਸਤਰੀ ਲਿੰਗ ਵੀ ਪੂਰੇ ਦੇ ਪੂਰੇ ਦਿਸਦੇ ਸਨ ਤੇ ਏਥੋਂ ਤਕ ਕਿ ਇਹਨਾਂ ਵਿਚਕਾਰ ਚੀਰ ਵੀ ਵਾਹੇ ਹੋਏ ਸਨ। ਕੀ ਇਹ ਅਸ਼ਲੀਲਤਾ ਹੈ? ਇਸ ਨੂੰ ਕੋਈ ਜਾਹਲ ਹੀ ਅਸ਼ਲੀਲਤਾ ਕਹਿ ਸਕਦਾ ਹੈ ਤੇ ਜਾਂ ਫੇਰ ਕੋਈ ਮਹਾਂ ਦੰਭੀ—ਜਿਹੜਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪ ਅਸ਼ਲੀਲ ਹੋਵੇ। ਕੰਮਾਂ ਅਸ਼ਲੀਲਤਾ ਨੂੰ ਸਾਂਭ ਸਾਂਭ ਨਹੀਂ ਰੱਖਦੀਆਂ, ਪਵਿੱਤਰਤਾ ਨੂੰ ਰੱਖਦੀਆਂ ਹਨ। ਅਜੰਤਾ ਅਤੇ ਐਲੋਰਾ ਦੇ ਕਲਾਕਾਰ ਅਸ਼ਲੀਲ ਨਹੀਂ ਸਨ। ਉਹਨਾਂ ਦੇ ਮੁਖ ਉੱਜਲ ਸਨ।

ਨੇੜੇ ਹੀ, ਇਕ ਪਾਸੇ ਜਿਹੇ, ਕਾਲੀ ਨਾਗ ਦੇ ਸਿਰ ਦੇ ਉਤੇ ਕ੍ਰਿਸ਼ਨ ਖਲੋਤਾ ਹੋਇਆ ਸੀ ਜਿਸ ਨੇ ਆਪਣੇ ਖੱਬੇ ਹੱਥ ਨਾਲ ਕਾਲੀ ਨਾਗ ਦੀ ਪੂਛ ਦਾ ਸਿਰਾ ਉੱਚਾ ਚੁੱਕਿਆ ਹੋਇਆ ਸੀ। ਜਿਵੇਂ ਕਾਲੀ ਨਾਗ ਨੂੰ ਨੱਥ ਕੇ ਵਿਜੈ ਪਰਾਪਤ ਕਰ ਲਈ ਹੋਵੇ। ਇਹ ਕਾਲੇ ਪੱਥਰ ਦਾ ਬੁੱਤ ਸੀ।

ਕਾਲੀ ਨਾਗ ਦੇ ਪੰਜ ਮੂੰਹ ਸਨ। ਇਸ ਪੰਜ-ਮੂੰਹੇਂ ਫਣ ਦੇ ਉਤੇ ਕ੍ਰਿਸ਼ਨ ਖਲੋਤਾ ਹੋਇਆ ਸੀ ਤੇ ਪੂਛ ਦਾ ਸਿਰਾ ਫੜਿਆ ਕਰ ਕੇ ਸੱਪ ਬਿਲਕੁਲ ਸਿੱਧਾ ਸੀ ਤੇ ਇਕ ਵੀ ਵਲ ਨਹੀਂ ਰਿਹਾ ਸੀ। ਇਹ ਬਦੀ ਉਤੇ ਨੇਕੀ ਦੇ ਚੜ੍ਹ ਜਾਣ ਦਾ ਪ੍ਰਤੀਕ ਸੀ। ਜਦੋਂ ਨੇਕੀ ਹਾਵੀ ਹੋ ਜਾਵੇ, ਬਦੀ ਵਿਚ ਇਕ ਵੀ ਵਲ ਨਹੀਂ ਰਹਿੰਦਾ।

ਇਕ ਪਾਸੇ ਕਾਹਿਰਾ ਦੇ ਪੰਦਰ੍ਹਵੀਂ ਸਦੀ ਦੇ ਇਕ ਬਾਦਸ਼ਾਹ ਸੁਲਤਾਨ ਕਾਤਬੀ ਦੀ ਮਸਜਿਦ ਦਾ ਪੂਰੇ ਦਾ ਪੂਰਾ ਦਰਵਾਜ਼ਾ ਸੰਭਾਲ ਕੇ ਰਖਿਆ ਹੋਇਆ ਹੈ ਜਿਸ ਵਿਚ ਹਾਥੀ ਦੰਦ ਵੀ ਹੈ। ਇਕ ਪਾਸੇ ਸੰਗਮਰਮਰ ਦੀ ਇਕ ਮਹਾਨ ਤੇ ਬੜੀ ਹੀ ਸੁੰਦਰ ਮੀਨਾਕਾਰੀ ਵਾਲੀ ਅੰਗੀਠੀ ਅਜਾਇਬ ਘਰ ਦਾ ਹੁਸਨ ਸੀ। ਇਹ ਅੰਗੀਠੀ ਇਸਤੰਬੋਲ ਦੇ ਫ਼ੌਦਾ ਪਾਸ਼ਾ ਮਹੱਲ ਦੀ ਸੀ—ਸਰਦੀਆਂ ਵਿਚ, ਲੱਕੜ ਨਾਲ, ਮਹੱਲ ਨੂੰ ਨਿੱਘਾ ਰੱਖਣ ਲਈ।

ਇਕ ਬੜਾ ਹੀ ਸ਼ਕਤੀਸ਼ਾਲੀ ਚਿੱਟੇ ਪੱਥਰ ਦਾ ਬੁੱਤ ਸੀ। ਦੋ ਅਲਫ਼ ਨੰਗੇ ਮਰਦ ਆਪਸ ਵਿਚ ਲੜ ਰਹੇ ਸਨ। ਇਕ ਮਰਦ ਨੇ ਦੂਜੇ ਮਰਦ ਨੂੰ ਚੰਗੀ ਤਰ੍ਹਾਂ ਦਬੋਚਿਆ ਅਤੇ ਜ਼ੇਰ ਕਰ ਲਿਆ ਹੋਇਆ ਸੀ, ਤੇ ਹੁਣ ਉਹ ਕਿਸੇ ਹਥਿਆਰ ਨਾਲ ਉਸ ਨੂੰ ਕਤਲ ਕਰ ਦੇਣਾ ਚਾਹੁੰਦਾ ਸੀ। ਜਿਹੜਾ ਮਰਦ ਹੇਠਾਂ ਸੀ, ਉਸ ਦਾ ਲਿੰਗ ਸੁਕੜਿਆ ਤੇ ਛੋਟਾ ਹੋ ਗਿਆ ਹੋਇਆ ਸੀ। ਤੇ ਜਿਹੜਾ ਮਰਦ ਉਤੇ ਸੀ ਤੇ ਹਾਵੀ ਸੀ ਤੇ ਜੇਤੂ ਸੀ, ਉਸ ਦਾ ਲਿੰਗ ਤਕੜਾ ਅਤੇ ਅਗੇ ਵਲ ਵਧ ਰਿਹਾ ਸੀ। ਏਥੇ, ਲਿੰਗ, ਢਹਿੰਦੀ ਅਤੇ ਚੜ੍ਹਦੀ ਕਲਾ ਦਰਸਾਉਂਦੇ ਹਨ। ਧੰਨ ਹੈ ਉਹ ਕਲਾਕਾਰ ਜਿਸ ਨੇ ਆਪਣੀ ਕਲਾ ਨਾਲ ਪੱਥਰ ਦੀ ਇਸ ਘਾੜਤ ਵਿਚ ਮਹਾਨ ਭਾਵ ਭਰ ਦਿਤੇ ਹਨ।

ਲੱਖਾਂ ਚੀਜ਼ਾਂ ਇਸ ਅਜਾਇਬ ਘਰ ਵਿਚ ਦੇਖਣ ਵਾਲੀਆਂ ਹਨ। ਇਹਨਾਂ ਸਭਨਾਂ ਨੂੰ ਦੇਖਣ ਲਈ ਤੇ ਸਭ ਦੇ ਅਰਥ ਜਾਨਣ ਲਈ ਕਾਫ਼ੀ ਸਮੇਂ ਦੀ ਲੋੜ ਹੈ।

ਅਜਾਇਬ ਘਰ ਤੋਂ ਮਗਰੋਂ ਅਸੀਂ ਮੈਡਮ ਟੂਸਾਡਜ਼ (Madame Tussaud's) ਦੇਖਣ ਗਏ। ਏਥੇ ਪ੍ਰਸਿੱਧ ਵਿਅਕਤੀਆਂ ਦੇ ਪਲਾਸਟਿਕ ਦੇ ਬੁੱਤ ਹਨ ਜੋ ਸਹੀ ਆਦਮ ਕੱਦ ਦੇ ਹਨ। ਹੂ-ਬ-ਹੂ ਸ਼ਕਲਾਂ ਹਨ ਜਿਵੇਂ ਉੱਕਾ ਉਹੀਓ ਬੰਦੇ ਜੀਊਂਦੇ ਜਾਗਦੇ ਖੜੇ ਹੋਣ। ਮਹਾਤਮਾ ਗਾਂਧੀ, ਇੰਦਰਾ ਗਾਂਧੀ, ਮਾਓ, ਬਰੈਜ਼ਨੇਵ, ਹੂ-ਬ-ਹੂ ਖਲੋਤੇ ਸਨ। ਜਾਰਜ ਪੰਜਮ ਦੇਖਿਆ। ਕੱਦ ਵੱਡਾ ਨਹੀਂ ਸੀ, ਲਗ ਪਗ ਮੇਰੇ ਜਿੰਨਾ ਹੀ ਸੀ।

ਇੰਦਰਾ ਸੁਹਣੀ ਨਹੀਂ ਸੀ। ਜਿੰਨੀ ਸੁਹਣੀ ਉਹ ਅਸਲ ਹੈ, ਬੁੱਤ ਨਹੀਂ ਸੀ ਉਨਾ ਸੁਹਣਾ। ਵਡੀ ਗੱਲ ਤਾਂ ਇਹ ਸੀ ਕਿ ਰੰਗ ਬਹੁਤ ਹੀ ਸਉਲਾ ਸੀ। ਇੰਦਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਸੁਹਣੀ ਹੈ। ਗੋਰਾ ਰੰਗ, ਤਿੱਖੇ ਨਕਸ਼, ਪਰ ਬੁੱਤ ਬਹੁਤ ਹੀ ਸਉਲਾ ਸੀ। ਨਕਸ਼ ਵੀ ਸੁਹਣੇ ਨਹੀਂ ਸਨ ਬਹੁਤੇ। ਸਿਰ ਦੇ ਖੱਬੇ ਪਾਸੇ ਵਲ ਨੂੰ ਧੌਲੇ ਵਾਲਾਂ ਦੀ ਪੱਟੀ ਸੀ, ਪਰ ਇਹ ਵੀ ਸੁਹਣੀ ਨਹੀਂ ਸੀ। ਉਸ ਦੇ ਵਾਲਾਂ ਦੀ ਧੌਲੀ ਪੱਟੀ ਤਾਂ ਬਹੁਤ ਹੀ ਸੁੰਦਰ ਲਗਦੀ ਹੈ।

ਨਹਿਰੂ ਦਾ ਬੁੱਤ ਨਹੀਂ ਸੀ। ਕਹਿੰਦੇ ਸਨ, ਪਹਿਲਾਂ ਸੀ, ਪਰ ਫੇਰ ਉਠਾਇਆ ਗਿਆ ਸੀ। ਸ਼ਾਇਦ ਦੁਬਾਰਾ ਬਣਨਾ ਹੋਵੇ।

ਲੇਖਕਾਂ ਵਿਚੋਂ ਸ਼ੈਕਸਪੀਅਰ, ਵਿਕਟਰ ਹਿਊਗੋ, ਵਾਲਟਰ ਸਕਾਟ, ਚਾਰਲਜ਼ ਡਿੱਕਨਜ਼ ਅਤੇ ਵਾਲਟੇਅਰ ਦੇ ਬੁੱਤ ਸਨ। ਅਤੇ, ਚਿੱਤਰਕਾਰਾਂ ਵਿਚੋਂ ਪਾਬਲੋ ਪਿਕਾਸੋ ਦਾ। ਵਾਲਟੇਅਰ ਅਜਬ ਹੱਦ ਤਕ ਕੱਦ ਦਾ ਬਹੁਤ ਛੋਟਾ ਸੀ। ਐਕਟਰਾਂ ਵਿਚੋਂ ਇਕ ਪਾਸੇ ਚਾਰਲੀ ਚਪਲਨ ਖੜਾ ਸੀ।

ਅਫ਼ਰੀਕੀ ਆਗੂ ਇਹ ਸਨ : ਨਕਰੂਮਾ, ਜੋਮੋ ਕਨਿਆਟਾ, ਇਕ ਪਾਸੇ ਮਿਸਰ ਦਾ ਪ੍ਰਧਾਨ ਕਰਨਲ ਨਾਸਰ ਸੀ। ਇਕ ਪਾਸੇ ਮਾਰਟਨ ਲੂਥਰ ਕਿੰਗ ਖਲੋਤਾ ਹੋਇਆ ਸੀ।

ਲਿੰਕਨ, ਵਾਸ਼ਿੰਗਟਨ, ਰੂਜ਼ਵੈਲਟ, ਕੈਨੇਡੀ ਅਤੇ ਆਈਜ਼ਨਹਾਵਰ ਖੜੇ ਸਨ। ਟੀਟੋ, ਡੀਗਾਲ, ਅਤੇ ਪਰਸ਼ੀਆ ਦਾ ਬਾਦਸ਼ਾਹ ਮੁਹੰਮਦ ਰਜ਼ਾ ਪਹਲਵੀ।

ਮਾਓ ਅਤੇ ਬਰੈਜ਼ਨੇਵ ਨਾਲੋ ਨਾਲ ਖਲ੍ਹਾਰੇ ਸਨ। ਦੋਵੇਂ ਪਹਿਲੀ ਉਮਰ ਦੇ ਸਨ। ਮਾਓ ਨੂੰ ਦੇਖ ਕੇ ਕੁਝ ਇਕ ਮੇਮਾਂ ਵਿਅੰਗ ਨਾਲ ਹਸ ਪਈਆਂ ਸਨ : "ਮਾਓ ! ਮਾਓ !"

ਹਿਟਲਰ ਵੀ ਖਲੋਤਾ ਸੀ। ਪਰ ਹਿਟਲਰ ਨੂੰ ਇਕ ਪਾਸੇ ਜਿਹੇ ਖੂੰਜੇ ਲਾਇਆ ਹੋਇਆ ਸੀ। ਇਹ ਖੂੰਜੇ ਵਿਚ ਹੀ ਠੀਕ ਸੀ।

ਚਰਚਲ ਵੀ ਖਲੋਤਾ ਸੀ ਤੇ ਕਾਲੇ ਗੋਰੇ ਨੂੰ ਪਾੜਨ ਵਾਲਾ ਨਸਲਵਾਦੀ ਪਾਵਲ (Enoch Powell) ਵੀ। ਐਡਵਰਡ ਅੱਠਵਾਂ ਵੀ ਜਿਸ ਨੇ ਪਿਆਰ ਦੇ ਬਦਲੇ ਰਾਜ ਨੂੰ ਠੋਹਕਰ ਮਾਰ ਦਿਤੀ ਸੀ। ਅਠੱਤਰ ਵਰ੍ਹੇ ਦੀ ਉਮਰ ਵਿਚ ਇਸ ਦੀ ਮੌਤ ੧੯੭੨ ਵਿਚ ਹੋ ਗਈ ਸੀ।

ਐਡਵਰਡ ਹਫ਼ਤਮ ਵੀ, ਜੋ ੧੯੧੦ ਵਿਚ ਮੋਇਆ ਸੀ, ਇਹਨਾਂ ਬੁੱਤਾਂ ਵਿਚ ਸ਼ਾਮਿਲ ਸੀ। ਇਹ ਉਹੀ ਸੀ ਜੋ ਰੋਡਾ ਸੀ। ਜਾਰਜ ਪੰਜਮ ਤੋਂ ਪਹਿਲਾਂ ਇਸੇ ਦਾ ਸਿੱਕਾ ਚਲਦਾ ਹੁੰਦਾ ਸੀ।

ਇਕ ਪਾਸੇ ਅੱਜ ਦੀ ਮਲਿਕਾ—ਯਾਨੀ ਮਲਿਕਾ ਐਲਿਜ਼ਬੈਥ—ਨੀਲੇ ਮਖ਼ਮਲ ਦੇ ਬੜੇ ਹੀ ਸੁੰਦਰ ਗਾਊਨ ਵਿਚ ਖਲੋਤੀ ਸੀ। ਪਿਛੇ, ਥੋੜਾ ਸੱਜੇ, ਮਲਿਕਾ ਐਲਿਜ਼ਬੈਥ ਦੀ ਮਾਂ ਸੀ ਤੇ ਇਕ ਪਾਸੇ ਪਤੀ ਤੇ ਪੁੱਤਰ। ਇਕ ਪਾਸੇ ਐਲਿਜ਼ਬੈਥ ਦੇ ਧੀ-ਜੁਆਈ ਖੜੇ ਸਨ। ਧੀ ਦੇ ਹਰੇ ਮੂੰਗੀਆ ਰੰਗ ਦਾ ਵਧੀਆ ਰੇਸ਼ਮੀ ਗਾਊਨ ਸੀ, ਅਤੇ ਜੁਆਈ ਦੇ ਫ਼ੌਜੀ ਵਰਦੀ—ਲਾਲ ਕੋਟ, ਨੀਲੀ ਪਤਲੂਨ, ਉਤੇ ਜ਼ਰੀ ਕਤੂਨਾਂ ਸਨ।

ਮਾਂ, ਜੋ ਪਿਛੇ ਖੜੀ ਸੀ, ਬਹੁਤ ਹੀ ਖ਼ੂਬਸੂਰਤ ਸੀ। ਉਸ ਦੇ ਗਲ ਵਿਚ ਹਲਕਾ' ਜਿਹਾ ਸਰਦਈ ਰੇਸ਼ਮੀ ਗਾਊਨ ਸੀ।

ਮਲਿਕਾ ਐਲਿਜ਼ਬੈਥ ਦੀ ਭੈਣ, ਰਾਜਕੁਮਾਰੀ ਮਾਰਗਰੇਟ, ਐਲਿਜ਼ਬੈਥ ਤੋਂ ਥੋੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੂਰ, ਉਸ ਦੇ ਸਾਹਮਣੇ ਖੜੀ ਸੀ। ਇਹ ਉਹੀ ਰਾਜਕੁਮਾਰੀ ਸੀ ਜਿਸ ਨੇ ਫ਼ੋਟੋਗਰਾਫ਼ਰ ਨਾਲ ਪ੍ਰੇਮ-ਵਿਵਾਹ ਕਰਵਾਇਆ ਸੀ। ਨਾਲ ਹੀ ਉਹ ਵੀ ਖੜਾ ਸੀ। ਪਹਿਲਾਂ ਫ਼ੋਟੋਗਰਾਫ਼ਰ ਦਾ ਨਾਂ ਸਿਰਫ਼ ਸਨੋਡਨ (Snowdon) ਹੁੰਦਾ ਸੀ, ਹੁਣ ਉਹ "ਲਾਰਡ" ਸਨੋਡਨ ਸੀ। ਲਾਰਡ ਦਾ ਖ਼ਿਤਾਬ ਉਸ ਨੂੰ ਦੇਣਾ ਹੀ ਪੈ ਗਿਆ ਸੀ।

ਏਥੇ ਕੁਝ ਇਕ ਹੋਰ ਵੀ ਸ਼ਾਹੀ ਖ਼ਾਨਦਾਨ ਦੇ ਬੰਦੇ ਸਨ। ਇਹਨਾਂ ਸਭਨਾਂ ਪਿਛੇ ਲਾਰਡ ਮਾਊਂਟਬੈਟਨ ਖੜਾ ਸੀ—ਹਿੰਦ ਦਾ ਆਖ਼ਰੀ ਵਾਇਸਰਾਏ।

ਜਾਰਜ ਪੰਜਮ ਦੀ ਵਰਦੀ ਬਿਲਕੁਲ ਉਹੋ ਜਿਹੀ ਰੰਗੀਨ ਸੀ ਜਿਹੋ ਜਿਹੀ ਕਿਸੇ ਸਮੇਂ ਤਸਵੀਰਾਂ ਵਿਚ ਛਪਦੀ ਹੁੰਦੀ ਸੀ। ਜਾਪਦਾ ਸੀ ਜਿਵੇਂ ਮੈਂ ਜਾਰਜ ਪੰਜਮ ਦੇ ਸਾਹਮਣੇ ਖੜਾ ਸਾਂ ਤੇ ਉਸ ਨਾਲ ਗੱਲਾਂ ਕਰਦਾ ਸਾਂ : "ਸੁਣਾ ਬਈ, ਜਾਰਜ ਪੰਜਮ ! ਕੀ ਹਾਲ ਐ ? ਤਕੜਾ ਏਂ ?" ਬੱਲੇ, ਕਦੇ ਕਿੰਨਾ ਰੁਅਬ ਸੀ ਉਸ ਦਾ ਸਾਡੇ ਦੇਸ਼ ਉਤੇ। ਪਰ ਹੁਣ ਕੁਝ ਵੀ ਨਹੀਂ ਸੀ ਉਹ।

ਇਕ ਪਾਸੇ, ਇਕ ਮੇਜ਼ ਉਤੇ, ਮਿਸਟਰ ਵਿਲਸਨ ਬੈਠਾ ਸੀ ਤੇ ਏਧਰ ਉਧਰ ਹੋਰ ਵਜ਼ੀਰ। ਪਿਛੇ ਮਿਸਟਰ ਹੀਥ ਤੇ ਆਪੋਜ਼ੀਸ਼ਨ ਵਾਲੇ ਖੜੇ ਸਨ ਜੋ ਈਰਖਾ ਅਤੇ ਵਿਅੰਗ ਨਾਲ ਉਸ ਮੇਜ਼ ਵਲ ਤੱਕ ਰਹੇ ਸਨ। ਪਾਵਲ ਕਾਫ਼ੀ ਪਿਛੇ ਸੀ। ਵਿਲਸਨ ਵਾਲੀ ਕੁਰਸੀ ਤੀਕਰ ਉਸ ਦਾ ਪਹੁੰਚਣਾ ਮੁਸ਼ਕਿਲ ਸੀ।

ਮੇਜ਼ ਉਤੇ, ਵਿਲਸਨ ਅੱਗੇ, ਕੁਝ ਇਕ ਕਾਗ਼ਜ਼ ਪਏ ਸਨ ਤੇ ਕਾਗ਼ਜ਼ਾਂ ਉਤੇ ਉਸ ਦੇ ਹੱਥ। ਯਾਨੀ ਵਜ਼ਾਰਤ ਦਾ ਕਲਮਦਾਨ ਮਿਸਟਰ ਵਿਲਸਨ ਕੋਲ ਸੀ ਜੋ ਕਿ ਪ੍ਰਾਈਮ ਮਨਿਸਟਰ ਸੀ। ਇਹ ਸਾਰੀ ਸੈਟਿੰਗ ਗਿਆਨ-ਵਧਾਊ ਤੇ ਬੜੀ ਹੀ ਚਿੰਨ੍ਹਾਤਮਕ ਸੀ।

ਮੈਡਮ ਟੂਸਾਡਜ਼ ਦੇ ਬੁੱਤ ਏਨੇ ਜੀਊਂਦੇ ਅਤੇ ਹਕੀਕੀ ਸਨ ਕਿ ਬੜਾ ਭੁਲੇਖਾ ਪੈਂਦਾ ਸੀ। ਸਭ ਤੋਂ ਪਹਿਲਾਂ ਬੂਹੇ ਅੱਗੇ ਇਕ ਪੁਲੀਸ ਮੈਨ ਖਲੋਤਾ ਸੀ। ਸੱਚ ਜਾਣੋ, ਇਹ ਪੁਲੀਸ ਮੈਨ ਮੈਨੂੰ ਏਕਣ ਜਾਪਿਆ ਜਿਵੇਂ ਅਸਲੀ ਪੁਲੀਸ ਮੈਨ ਹੀ ਡਿਊਟੀ ਉਤੇ ਖੜਾ ਹੋਵੇ। ਏਥੋਂ ਤਕ ਕਿ ਜਿਹੜੇ ਲੋਕੀ ਸਾਡੇ ਵਾਂਗੂ ਇਹਨਾਂ ਬੁੱਤਾਂ ਨੂੰ ਦੇਖਣ ਲਈ ਆਏ ਹੋਏ ਸਨ, ਉਹਨਾਂ ਵਿਚੋਂ ਜੇ ਕੋਈ ਬਿਲਕੁਲ ਚੁੱਪ ਚਾਪ ਜਿਹਾ ਖੜਾ ਹੋਵੇ, ਅਤੇ ਉਹ ਇਕ ਪਲ ਅੱਖ ਨਾ ਝਮਕੇ, ਉਹ ਵੀ ਬੁੱਤ ਹੀ ਜਾਪਣ ਲਗਦਾ। ਅੱਖਾਂ ਝਮਕਣ ਨਾਲ ਹੀ ਸਾਨੂੰ ਫ਼ਰਕ ਦਾ ਪਤਾ ਲਗ ਸਕਦਾ ਸੀ। ਬੁੱਤਾਂ ਵਿਚ ਇਕ ਫ਼ਰਕ ਸੀ, ਉਹ ਅੱਖ ਨਹੀਂ ਸਨ ਝਮਕਦੇ। ਪਰ ਫੇਰ ਵੀ ਜੀਊਂਦੇ ਦਿਸਦੇ ਸਨ।

ਇਕ ਪਾਸੇ ਇੰਗਲੈਂਡ ਵਿਚ ਹੋਈ ੧੮੦੫ ਦੀ ਕੋਈ ਲੜਾਈ (Battle of Trafalger) ਬੁੱਤਾਂ ਨਾਲ ਬਿਆਨੀ ਹੋਈ ਸੀ। ਇਹ ਕੋਈ ਸਿਵਲ ਵਾਰ ਸੀ। ਸਿਪਾਹੀ, ਲੜਨ ਦੇ ਪੋਜ਼ਾਂ ਵਿਚ, ਬੰਦੂਕਾਂ ਅਤੇ ਬਰਛਿਆਂ ਨੂੰ ਫੜੀ ਖਲੋਤੇ ਹੋਏ ਸਨ। ਕੱਪੜੇ ਖ਼ੂਨ ਨਾਲ ਲਥ ਪਥ, ਫਟੇ ਤੇ ਖੁੱਥੇ ਹੋਏ ਸਨ। ਕਦੇ ਕਦੇ ਤੋਪਾਂ ਅਤੇ ਗੋਲਿਆਂ ਦੀਆਂ ਗਰਜਾਂ ਅਤੇ ਗੜਗੜਾਹਟ ਹੋਣ ਲਗਦੀ। ਹੂ-ਹਾ ਤੇ ਚੀਖ਼ ਪੁਕਾਰ। ਜਿਵੇਂ ਲੜਾਈਆਂ ਜੰਗਾਂ ਵਿਚ ਇਨਸਾਨ ਰੋਂਦਾ ਤੇ ਚੀਖ਼ਦਾ ਹੈ। ਇਹ ਆਵਾਜ਼ ਬਨਾਉਟੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜੇ ਥੋੜੇ ਸਮੇਂ ਮਗਰੋਂ ਗੜਗੜਾਹਟ ਹੋਣ ਲਗਦੀ। ਹੂ-ਹਾ ਤੇ ਚੀਖ਼ ਪੁਕਾਰ। ਬੜਾ ਭਿਆਨਕ ਸੀਨ ਸੀ।

ਇਕ ਪਾਸੇ ਬੜੇ ਭਿਆਨਕ ਜੇਲ੍ਹਾਂ ਦੇ ਦ੍ਰਿਸ਼ ਸਨ। ਜਿਨ੍ਹਾਂ ਨੇ ਕਦੇ ਕਤਲ ਜਾਂ ਕੋਈ ਹੋਰ ਗੁਨਾਹ ਕੀਤੇ ਸਨ, ਉਹਨਾਂ ਦੇ ਹਸ਼ਰ ਦੱਸੇ ਸਨ। ਇੰਗਲੈਂਡ ਠੰਡਾ ਮੁਲਕ ਹੈ। ਏਥੇ ਜੇਲ੍ਹ ਨੂੰ ਦੇਖਣ ਨਾਲ ਹੀ ਸੁੰਨ ਜਿਹਾ ਚੜ੍ਹ ਰਿਹਾ ਸੀ। ਹਾਲਾਂ ਕਿ ਅੰਦਰ ਨਿੱਘ ਸੀ, ਪਰ ਜੇਲ੍ਹਾਂ ਦੇ ਦ੍ਰਿਸ਼ ਸਾਨੂੰ ਠੰਡੇ ਠਾਰ ਲਗ ਰਹੇ ਸਨ। ਜਿਵੇਂ ਮੁਲਤਾਨ ਦੀ ਗਰਮੀ ਸਾਨੂੰ ਸਿਆਲੇ ਵਿਚ ਵੀ ਲੱਗਣ ਲਗੇ—ਕਿਸੇ ਕਲਾ ਦੀ ਕਿਰਪਾ ਨਾਲ।

ਮੈਡਮ ਟੂਸਾਡਜ਼ ਦੀ ਸਭ ਤੋਂ ਅੰਤਮ ਕਿਰਤ ਬੜੀ ਹੀ ਸੁੰਦਰ ਸੀ। ਇਹ "ਸਲੀਪਿੰਗ ਬਿਊਟੀ (Sleeping Beauty)" ਸੀ—ਸੁੱਤੀ ਨਾਰੀ ਦੀ ਸੁੰਦਰਤਾ। ਹਾਏ! ਇਹ ਸੁੰਦਰਤਾ। ਨਿੱਘੇ, ਕੂਲੇ ਬੈੱਡ ਉਤੇ, ਇਕ ਪਰੀ ਵਰਗੀ ਅੰਗਰੇਜ਼ ਔਰਤ, ਨਰਮ ਤੇ ਨਿੱਘੇ ਸਰਹਾਣੇ ਉਤੇ, ਲੰਮੀ, ਪਤਲੀ, ਚਿੱਟੀ ਗਰਦਨ ਟੇਢੀ ਸੁੱਟੀਂ ਪਈ ਸੀ ਤੇ ਨੀਂਦਰ ਵਿਚ ਬੇਹੋਸ਼ ਸੀ। ਲਾਲ ਕੱਪੜੇ, ਚਿੱਟਾ ਬਦਨ, ਪਤਲੇ ਪਤਲੇ ਨਾਜ਼ੁਕ ਹੱਥ। ਛਾਤੀ ਬੜੇ ਪਵਿੱਤਰ ਦੁੱਧ ਨਾਲ ਭਰੀ ਤੇ ਉੱਭਰੀ ਹੋਈ ਸੀ। ਸੀਨੇ ਉਤੇ ਨੈਕਲਸ ਸੀ ਜੋ ਲਾਲ ਸੂਹੇ ਗਾਊਨ ਉਤੇ ਚਮਕਾਂ ਮਾਰ ਰਿਹਾ ਸੀ। ਇਕ ਕਮਾਲ ਹੁਰ ਸੀ। ਔਰਤ ਸਾਹ ਲੈ ਰਹੀ ਸੀ। ਧੀਮੇ ਧੀਮੇ, ਹਲਕੇ ਸਾਹ। ਜਿਥੇ ਨੈਕਲਸ ਪਿਆ ਸੀ, ਉਥੋਂ ਛਾਤੀ ਹੌਲੀ ਹੌਲੀ ਹਿਲਦੀ ਨਜ਼ਰ ਆ ਰਹੀ ਸੀ।

ਇਹ "ਸਲੀਪਿੰਗ ਬਿਊਟੀ" ਮੈਨੂੰ ਸਾਰੇ ਬੁੱਤਾਂ ਦੀ ਸਿਖਰ ਜਾਪੀ।

ਦੇਖੋ, ਏਥੇ ਮਾਰਕਸ ਅਤੇ ਲੈਨਿਨ ਦੇ ਬੁੱਤ ਨਹੀਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਲੰਡਨ ਦੀ ਆਰਟ ਗੈਲਰੀ

ਅੱਜ ਕਲ੍ਹ ਮੈਂ ਹੇਜ਼ (Hayes) ਸਾਂ। ਰੂਪ ਨਾਰਾਇਣ ਰੂਪੀ ਮੇਰਾ ਬੜਾ ਪੁਰਾਣਾ ਮਿੱਤਰ ਹੈ। ਅੱਜ ਕਲ੍ਹ ਉਹ ਏਥੇ ਹੈ। ਹੇਜ਼ ਮੈਂ ਉਸ ਦੇ ਕੋਲ ਸਾਂ।

ਬਹੁਤ ਵੱਡਾ ਪੇਂਟਰ ਹਰਕਿਸ਼ਨ ਲਾਲ ਵੀ ਅੱਜ ਕਲ੍ਹ ਇੰਗਲੈਂਡ ਆਇਆ ਹੋਇਆ ਸੀ। ਅੱਜ, ੨੦ ਅਕਤੂਬਰ ਨੂੰ, ਮੈਂ ਰੂਪੀ ਦੇ ਘਰ ਆਇਆ ਸਾਂ। ਦੋ ਕੁ ਵਜੇ ਹਰਕਿਸ਼ਨ ਲਾਲ ਵੀ ਰੂਪੀ ਦੇ ਆ ਗਿਆ ਸੀ। ਲੁਧਿਆਣੇ ਦਾ ਕੇਵਲ ਕ੍ਰਿਸ਼ਨ ਵੀ ਅੱਜ ਕਲ੍ਹ ਆਇਆ ਹੋਇਆ ਸੀ। ਕਦੇ ਲੁਧਿਆਣੇ ਅਸੀਂ ਅਗਾਂਹ ਵਧੂ ਪੰਜਾਬੀ ਲੇਖਕ ਸਭਾ ਵਿਚ ਮਿਲਦੇ ਹੁੰਦੇ ਸਾਂ। ਰੂਪੀ ਅਤੇ ਹਰਕਿਸ਼ਨ ਲਾਲ ਦੋਵੇਂ ਲੁਧਿਆਣੇ ਦੇ ਹਨ। ਰੂਪੀ ਕਮਿਊਨਿਸਟ ਪਾਰਟੀ ਦਾ ਸਿਟੀ ਸੈਕਟਰੀ ਹੁੰਦਾ ਸੀ, ਕੇਵਲ ਕ੍ਰਿਸ਼ਨ ਪੜ੍ਹਦਾ ਸੀ। ਅੱਜ ਕਲ੍ਹ ਉਹ ਕਾਫ਼ੀ ਵੱਡਾ ਅੰਗਰੇਜ਼ੀ ਦਾ ਜਰਨਲਿਸਟ ਹੈ ਤੇ ਦਿੱਲੀ ਕਿਸੇ ਅਖ਼ਬਾਰ ਵਿਚ ਹੈ। ਆਪਣੇ ਦਫ਼ਤਰ ਵਲੋਂ ਹੀ, ਬਤੌਰ ਪੱਤਰਕਾਰ ਦੇ, ਉਹ ਅੱਜ ਕਲ੍ਹ ਏਥੇ ਆਇਆ ਸੀ। ਕੁਝ ਪ੍ਰਾਹੁਣੇ ਹੋਰ ਸਨ। ਸ਼ਾਮੀ ਸਾਢੇ ਦਸ ਵਜੇ ਤਕ ਬੜੀ ਹੀ ਸੁਹਣੀ ਮਹਿਫ਼ਲ ਜੁੜੀ।

ਰਾਤ ਨੂੰ ਹਰਕਿਸ਼ਨ ਲਾਲ ਵੀ ਰੂਪੀ ਦੇ ਹੀ ਰਿਹਾ ਸੀ। ਅਗਲੇ ਦਿਨ ਅਸੀਂ ਹੇਜ਼ ਤੇ ਸਾਊਥਾਲ ਵਿਚ ਘੁੰਮਦੇ ਰਹੇ।

ਲੰਡਨ ਦੀ ਆਰਟ ਗੈਲਰੀ—ਦੀ ਨੈਸ਼ਨਲ ਗੈਲਰੀ ਆਫ਼ ਆਰਟ—ਟਰਾਫ਼ਾਲਗਰ ਸੁਕੇਅਰ ਹੈ। ਮੈਂ ਅਤੇ ਹਰਕਿਸ਼ਨ ਲਾਲ ਇਹ ਗੈਲਰੀ ਦੇਖਣ ਗਏ ਸਾਂ। ਪਹਿਲਾਂ, ਸੱਜੇ ਹੱਥ ਵਲ, ਇਕ ਖ਼ਾਸ ਕਮਰਾ ਬਣਿਆ ਸੀ। ਏਥੇ ਉੱਚ ਕੋਟੀ ਦੇ ਹੀ ਚਿੱਤਰ ਰੱਖੇ ਜਾਂਦੇ ਹਨ ਜੋ ਥੋੜੇ ਥੋੜੇ ਸਮੇਂ ਮਗਰੋਂ ਬਦਲ ਦਿਤੇ ਜਾਂਦੇ ਹਨ। ਇਹ ਚਿੱਤਰ ਇਹਨੀਂ ਦਿਨੀਂ ਗੈਲਰੀ ਦੇ ਸਰਬ ਸਰੇਸ਼ਟ ਚਿੱਤਰ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਏਥੇ ਰੱਖਣ ਦਾ ਸਨਮਾਨ ਮਿਲਿਆ ਹੁੰਦਾ ਹੈ।

ਮੈਨੂੰ ਕਲਾ-ਚਿੱਤਰ ਦੇਖਣ ਦੀ ਬਹੁਤੀ ਸਮਝ ਨਹੀਂ ਹੈ। ਮੇਰਾ ਇਹ ਸੁਭਾਗ ਸੀ ਕਿ ਬਹੁਤ ਵੱਡਾ ਕਲਾਕਾਰ, ਹਰਕਿਸ਼ਨ, ਮੇਰੇ ਨਾਲ ਸੀ। ਹਰਕਿਸ਼ਨ ਮੈਨੂੰ ਸਾਰਾ ਕੁਝ ਦਿਖਾਉਂਦਾ ਅਤੇ ਸਮਝਾਉਂਦਾ ਰਿਹਾ।

ਇਟਲੀ ਦਾ ਇਕ ਪੰਦਰ੍ਹਵੀਂ ਸਦੀ ਦਾ ਪੇਂਟਰ ਪਾਉਲੋ ਉਚੈਲੋ (Paolo Uccello) ਹੈ। ਅਸੀਂ ਉਸ ਦਾ ਕੰਮ ਦੇਖਿਆ। ਉਚੈਲੋ ਦੀਆਂ ਇਸ ਸਮੇਂ ਸਿਰਫ਼ ਤਿੰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਸਵੀਰਾਂ ਹਨ । ਤਿੰਨੇ ਹੀ ਸੰਸਾਰ ਪ੍ਰਸਿੱਧ । ਇਕ ਲੂਵਰ (ਪੈਰਿਸ) ਵਿਚ; ਇਕ ਵੈਨਿਸ (ਇਟਲੀ) ਵਿਚ; ਅਤੇ ਇਕ ਏਥੇ, ਲੰਡਨ ਵਿਚ । ਇਹ, ਲੰਡਨ ਵਾਲੀ ਪੇਂਟਿੰਗ, ਕਿਸੇ ਮੈਦਾਨੇ ਜੰਗ ਦੀ ਹੈ ।

ਇਹ ਤਿੰਨੇ ਵੱਡੀਆਂ ਕਿਰਤਾਂ ਉਸ ਦੀਆਂ ਈਜ਼ਲ-ਕਿਰਤਾਂ ਹਨ । ਬਾਕੀ ਉਸ ਦਾ ਸਾਰਾ ਕੰਮ, ਜੋ ਵੱਡਾ ਅਤੇ ਮਹਾਨ ਹੈ, ਅਰੇਸੋ (ਇਟਲੀ ਦਾ ਇਕ ਛੋਟਾ ਸ਼ਹਿਰ) ਦੇ ਗਿਰਜੇ ਦੀਆਂ ਕੰਧਾਂ ਉਤੇ ਚਿੱਤਰਿਤ ਹੈ । ਇਹ, ਲੰਡਨ ਵਾਲੀ ਪੇਂਟਿੰਗ, ਕਿਸੇ ਧਰਮ-ਯੁੱਧ ਦੀ ਹੈ ।

ਮੈਂ ਉਹਨਾਂ ਥੋੜੀਆਂ ਜਿਹੀਆਂ ਤਸਵੀਰਾਂ ਦਾ ਜ਼ਿਕਰ ਕਰਾਂਗਾ ਜੋ ਮੈਨੂੰ ਚੰਗੀਆਂ ਲਗੀਆਂ ਜਾਂ ਦੇਖਣ ਵਿਚ ਆ ਸਕੀਆਂ ਹਨ । ਕਿਉਂਕਿ ਸਾਰੀ ਗੈਲਰੀ ਦੇਖਣੀ, ਉਹ ਵੀ ਕੇਵਲ ਇਕੋ ਦਿਨ ਵਿਚ, ਮੇਰੇ ਲਈ ਬਹੁਤ ਮੁਸ਼ਕਿਲ ਸੀ । ਫੇਰ ਸਾਰੀ ਗੈਲਰੀ ਦਾ ਬਿਆਨ ਵੀ ਬਹੁਤ ਮੁਸ਼ਕਿਲ ਹੈ । ਇਸ ਲਈ ਤਾਂ ਵੱਖ ਹੀ ਇਕ ਕਿਤਾਬ ਲਿਖਣ ਦੀ ਲੋੜ ਹੈ । ਉਹ ਵੀ ਕਿਸੇ ਸਿਆਣੇ ਵਲੋਂ ।

ਇਕ ਤਸਵੀਰ ਵਿਚ ਸੱਪ ਉਤੇ ਇਕ ਪਰੀ ਖਲੋਤੀ ਹੋਈ ਸੀ ਜੋ ਦੇਵੀ ਵਾਂਗੂ ਦਿਸਦੀ ਸੀ । ਹੱਥ ਵਿਚ ਤਲਵਾਰ ਸੀ ਜੋ ਬੜੀ ਭਿਆਨਕ ਦਿਸਦੀ ਸੀ । ਪਰੀ ਨੇ ਤਲਵਾਰ ਨਾਲ ਸੱਪ ਦਾ ਸਿਰ ਕੱਟ ਸੁੱਟਿਆ ਸੀ । ਸੁਨੇਹਾ ਬੜਾ ਉਚੇਰਾ ਸੀ : ਦੇਵਤੇ—ਚੰਗੇ ਲੋਕ—ਤਲਵਾਰਾਂ ਫੜਨ ਤਾਂ ਸੁਹੰਦੇ ਹਨ । ਨੇਕੀ, ਬਦੀ ਦੀ ਗਰਦਨ ਕੱਟੇ ।

ਇਕ ਤਸਵੀਰ ਦੇ ਦਰਸ਼ਨ ਕਰੋ : ਤੀਰਾਂ ਨਾਲ ਇਕ ਜਰਨੈਲ ਮਾਰਿਆ ਵਿੰਨ੍ਹਿਆ ਹੋਇਆ ਸੀ ਜੋ ਬਾਦਸ਼ਾਹ ਦਾ ਨੌਕਰ ਸੀ । ਗਿਆ ਸੀ ਉਹ ਆਪਣੇ ਵਲੋਂ ਬਾਗ਼ੀਆਂ (ਉਹਨੀਂ ਦਿਨੀਂ ਈਸਾਈ ਮੱਤ ਦੇ ਅਗਾਂਹ ਵਧੂ ਸੰਗਰਾਮੀਆਂ) ਦੇ ਭੇਤ ਲੈਣ, ਪਰ ਉਹ ਉਥੇ ਉਹਨਾਂ ਦੇ ਉੱਦੇਸ਼ਾਂ ਤੋਂ ਪ੍ਰਭਾਵਤ ਹੋ ਕੇ ਉਹਨਾਂ ਨਾਲ ਮਿਲ ਗਿਆ ਸੀ ਤੇ ਉਹਨਾਂ ਦਾ ਸ਼ਿਸ਼ ਬਣ ਗਿਆ ਸੀ । ਜਿਵੇਂ ਅੱਜ ਕੋਈ ਪੁਲੀਸ ਅਫ਼ਸਰ ਕਮਿਊਨਿਸਟ ਹਮਦਰਦ ਬਣ ਜਾਵੇ, ਅਤੇ ਸਰਕਾਰ, ਜੇ ਫ਼ਾਸ਼ੀ ਹੋਵੇ, ਉਸ ਅਫ਼ਸਰ ਨੂੰ ਕਤਲ ਕਰ ਦੇਵੇ । ਉਸ ਉਤੇ ਗ਼ੱਦਾਰੀ ਦਾ ਇਲਜ਼ਾਮ ਲਾਇਆ ਗਿਆ ਸੀ । ਤਸਵੀਰ ਵਿਚ, ਉਹ ਜਰਨੈਲ, ਇਕ ਟੁੰਡ ਮੁੰਡ ਜਿਹੇ ਰੁਖ ਉਤੇ ਅਲਫ਼ ਨੰਗਾ ਖੜਾ ਸੀ । ਹੇਠ ਜੱਲਾਦ ਖੜੇ ਸਨ। ਉਹਨਾਂ ਨੇ ਉਸ ਦਾ ਜਿਸਮ, ਹੇਠੋਂ, ਤੀਰਾਂ ਨਾਲ ਵਿੰਨ੍ਹਿਆ ਹੋਇਆ ਸੀ । ਤੀਰ, ਉਸ ਦੇ ਜਿਸਮ ਵਿਚੋਂ, ਲੰਘਦੇ, ਖੁੱਭਦੇ ਦੱਸੇ ਗਏ । ਬੜੀ ਹੀ ਸ਼ਕਤੀਸ਼ਾਲੀ ਸੀ ਇਹ ਲਹੂ-ਨੁੱਚੜਦੀ ਸੁੰਦਰ ਕਿਰਤ । ਜਿਵੇਂ ਤੀਰ ਹੁਣੇ ਕਮਾਨਾਂ ਵਿਚੋਂ ਛੱਡੇ ਗਏ ਹਨ ਤੇ ਹੁਣੇ ਹੀ ਉਸ ਨੂੰ ਖੁੱਭੇ ਹਨ ।

ਇਸ ਤਸਵੀਰ ਦਾ ਰਚਣਹਾਰ ਲਿਓਨਾਰਡੋ ਦਾ ਵਿੰਚੀ (Leonardo da Vinci) ਸੀ । ਮੋਨਾ ਲਿਜ਼ਾ ਇਸੇ ਮਹਾਨ ਕਲਾਕਾਰ ਦੀ ਰਚਨਾ ਹੈ ।

ਮਹਾਨ ਮਾਈਕਲੇਂਜਲੋ ਦੀ ਸੁੰਦਰਤਾ ਦੀ ਦੇਵੀ—ਵੀਨਸ—ਵੀ ਏਥੇ ਲਗੀ ਹੋਈ ਸੀ ।

ਕਈ ਤਸਵੀਰਾਂ ਬਹੁਤ ਵੱਡੀਆਂ । ਇਕ ਇਕ ਦੀਵਾਰ ਉਤੇ ਪੂਰੀ ਦੀ ਪੂਰੀ ਇਕ ਤਸਵੀਰ । ਫਰੇਮ ਬਹੁਤ ਮੋਟੇ ਸਨ । ਵੰਨ ਸੁਵੰਨੇ ਅਤੇ ਸੁਨਹਿਰੀ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਖਾਸ ਇਕ ਕਲਾਕਾਰ ਦੀਆਂ ਚਾਰ ਤਸਵੀਰਾਂ ਸਨ । ਬਿਵਫ਼ਾਈ, ਤ੍ਰਿਸਕਾਰ, ਸਤਿਕਾਰ, ਅਤੇ ਮਿਲਣੀ (ਵਸਲ) ਚਿੱਤਰਤ ਕੀਤੇ ਹੋਏ ਸਨ । ਪਾਤਰ ਸਭ ਵਿਚ ਇਕੋ ਸਨ । ਕੇਵਲ ਉਹਨਾਂ ਦੀਆਂ ਹਰਕਤਾਂ ਨਾਲ ਹੀ ਭਾਵ ਬਦਲੇ ਹੋਏ ਸਨ । ਇਕ ਤਸਵੀਰ ਸਿਰਫ਼ ਜੰਗਲੀ ਸੁੰਦਰਤਾ ਦੀ ਦੇਵੀ ਦੀ ਸੀ ।

ਅਸੀਂ ਇਟਾਲੀਅਨ ਮਾਸਟਰਾਂ ਦਾ ਕੰਮ ਹੀ ਦੇਖ ਸਕੇ ਸਾਂ ਅੱਜ ।

ਇਕ ਤਸਵੀਰ ਵਿਚ ਬੈਕਸ (Bacchus) ਸੀ । ਇਹ ਐਸ਼ਵਰਜ ਦਾ ਦੇਵਤਾ ਹੈ । ਇਹ ਪਰਿੰਦੇ ਖਾਂਦਾ ਅਤੇ ਮਦਰਾ ਪੀਂਦਾ ਰਹਿੰਦਾ ਹੈ । ਦੁਨੀਆਂ ਵਿਚ ਅੰਗੂਰਾਂ ਦੀ ਸ਼ਰਾਬ ਬੜੀ ਪ੍ਰਸਿੱਧ ਹੈ । ਬੈਕਸ ਨੇ ਅੰਗੂਰਾਂ ਦੀਆਂ ਵੇਲਾਂ ਦਾ ਤਾਜ ਪਹਿਨਿਆ ਹੋਇਆ ਸੀ । ਇਸ ਦਾ ਪੇਂਟਰ ਟਿਸ਼ੀਅਨ (Titian) ਸੀ ।

ਕਈ ਇਕ ਤਸਵੀਰਾਂ ਵਿਚ ਕ਼ਾਮਦੇਵ ਦੇ ਦਰਸ਼ਨ ਹੋਏ । ਬਹੁਤ ਸੁੰਦਰ ਕਾਮਦੇਵ । ਵੰਨ ਸੁਵੰਨੇ ਢੰਗਾਂ ਨਾਲ ਉਹ ਸੁੰਦਰੀਆਂ ਨੂੰ ਛੇੜਦਾ । ਕਾਮਦੇਵ ਨੇ ਇਕ ਹੱਥ ਵਿਚ ਤੀਰ ਫੜਿਆ ਹੋਇਆ ਸੀ । ਇਹ ਤੀਰ, ਨਿਰਸੰਦੇਹ, ਸਭ ਥਾਂ ਇਕੋ ਜਿਹਾ ਹੈ । ਕਾਮਦੇਵ ਦਾ ਇਹੋ ਤੀਰ ਪ੍ਰੇਮੀਆਂ ਦੇ ਸੀਨਿਆਂ ਵਿਚੋਂ ਸਾਰ ਪਾਰ ਹੋ ਜਾਂਦਾ ਹੈ ।

ਕਾਮਦੇਵ ਕੋਈ ਸੱਤ ਕੁ ਵਰ੍ਹੇ ਦੀ ਉਮਰ ਦਾ ਸੁੰਦਰ ਬੱਚਾ ਸੀ ।

ਰੈਂਬਰਾਂ (Rembrandt) ਇਕ ਡੱਚ ਪੇਂਟਰ ਸਤਾਰ੍ਹਵੀਂ ਸਦੀ ਵਿਚ ਹੋਇਆ ਹੈ । ਉਸ ਨੇ ਇਕ ਬੱਚੇ ਦੀ ਤਸਵੀਰ ਵਾਹੀ ਹੋਈ ਸੀ ਜੋ ਉਸ ਦੇ ਘਰ ਹੀ ਪਈ ਸੀ । ਬੜੀ ਅਜੀਬ ਕਹਾਣੀ ਹੈ । ਉਨ੍ਹੀਵੀਂ ਸਦੀ ਵਿਚ ਕੋਈ ਵਪਾਰੀ—ਯਾਨੀ ਦੋ ਸੌ ਸਾਲ ਮਗਰੋਂ—ਉਸ ਦੇ ਪਿੰਡ ਪਹੁੰਚਿਆ ਤੇ ਉਸ ਦੇ ਘਰ ਹੀ ਤੂੜੀ ਦੇ ਇਕ ਕੋਠੇ ਵਿਚ ਉਸ ਰਾਤ ਗੁਜ਼ਾਰੀ । ਵਾਰਿਸ ਬਹੁਤ ਗ਼ਰੀਬ ਸਨ । ਸਵੇਰੇ ਜਦੋਂ ਵਪਾਰੀ ਉਹਨਾਂ ਨੂੰ ਨਾਸ਼ਤੇ ਆਦਿ ਦੇ ਖ਼ਰਚ ਵਜੋਂ ਪੈਸੇ ਦੇਣ ਲਗਾ ਤਾਂ ਉਹ ਤਸਵੀਰ ਵੀ ਨਜ਼ਰੀਂ ਪਈ ਤੇ ਉਸ ਨੇ ਕਾਫ਼ੀ ਸਿਫ਼ਤ ਕੀਤੀ । ਘਰ ਵਾਲਿਆਂ ਆਖਿਆ ਕਿ ਜੇ ਤਸਵੀਰ ਉਸ ਵਪਾਰੀ ਨੂੰ ਏਨੀਓਂ ਚੰਗੀ ਲਗੀ ਹੈ ਤਾਂ ਦੋ ਪੈਨੀਆਂ ਉਸ ਦੀਆਂ ਵੀ ਦੇ ਦੇਵੇ ਤੇ ਲੈਂਦਾ ਜਾਵੇ । ਉਹਨਾਂ ਦੇ ਕਿਸੇ ਵੀ ਕੰਮ ਨਹੀਂ । ਰੁਲੀ ਖੁਲੀ ਜਿਹੀ ਪਈ ਹੈ । ਉਸ ਵਪਾਰੀ ਨੇ ਦੋ ਪੈਨਸ ਤੋਂ ਉਹ ਤਸਵੀਰ ਖ਼ਰੀਦ ਲਈ ।

ਫ਼ਰਾਂਸ ਦੇ ਨਜ਼ਦੀਕ ਜਿਹੇ ਨੂੰ ਇਕ ਜਜ਼ੀਰਾ ਜਰਸੀ (Jersey) ਹੈ । ਉਥੇ ਕਿਸੇ ਲਾਰਡ ਕੋਲ ਇਹ ਵਪਾਰੀ ਪਹੁੰਚਿਆ । ਉਥੇ ਹੋਰ ਵੀ ਲਾਰਡ ਸਨ । ਤਸਵੀਰ ਦੀ ਨੀਲਾਮੀ ਹੋਈ । ਸੱਤ ਲੱਖ, ਅੱਸੀ ਹਜ਼ਾਰ ਪੌਂਡ ਉਸ ਦੀ ਕੀਮਤ ਪਈ । ਤਸਵੀਰ, ਜਿਹੜੀ ਤੂੜੀ ਦੇ ਕੋਠੇ ਵਿਚ ਉਂਜੇ ਸੁੱਟੀ ਪਈ ਸੀ ਤੇ ਦੋ ਪੈਨੀਆਂ ਬਦਲੇ ਉਸ ਵਪਾਰੀ ਨੇ ਖ਼ਰੀਦੀ ਸੀ, ਦੇਖੋ, ਕਿਥੇ ਪਹੁੰਚ ਗਈ ! ਰੈਂਬਰਾਂ ਨੇ—ਜਿਸ ਨੇ ਇਸ ਤਸਵੀਰ ਦੀ ਰਚਨਾ ਕੀਤੀ ਸੀ—ਕੀ ਪਤਾ ਹੈ ਕਿੰਨੇ ਦੁੱਖ ਤੇ ਭੁੱਖਾਂ ਕੱਟੀਆਂ ਹੋਣੀਆਂ ਹਨ । ਫੇਰ ਵਾਰਿਸ ਵੀ ਬਦਨਸੀਬ ! ਉਹਨਾਂ ਨੂੰ ਉਸ ਅਮੁੱਲ ਦਾਤ ਦੇ ਮੁੱਲ ਦਾ ਪਤਾ ਹੀ ਨਹੀਂ ਸੀ। ਉਹਨਾਂ ਨੂੰ ਤਾਂ ਦੋ ਪੈਨੀਆਂ ਹੋਰ ਮਿਲ ਜਾਣੀਆਂ ਬਹੁਤ ਸਨ ।

ਰੈਂਬਰਾਂ ਦੀ ਆਪਣੀ ਸੈਲਫ਼ ਪੋਰਟਰੇਟ ਵੀ ਨਾਲ ਹੀ ਸੀ । ਮੈਂ ਹਰਕਿਸ਼ਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਪੁੱਛਿਆ ਕਿ ਇਸ ਦਾ ਮੁੱਲ ਕੀ ਹੋਵੇਗਾ। ਸਤਿਕਾਰ ਨਾਲ, ਹਰਕਿਸ਼ਨ ਲਾਲ, ਕੰਨਾਂ ਨੂੰ ਹੱਥ ਲਾਉਂਦਾ ਬੋਲਿਆ: "ਹਾਏ ਹਾਏ! ਤੌਬਾ ਤੌਬਾ! ਮੈਂ ਕੌਣ ਹੁੰਦਾ ਹਾਂ ਇਸ ਦੀ ਕੀਮਤ ਪਾਉਣ ਵਾਲਾ? ਇਹ ਅਮੁੱਲੀ ਦਾਤ ਹੈ ਜੋ ਕਲਾਕਾਰ ਨੇ ਮਾਨਵਤਾ ਨੂੰ ਰਚ ਕੇ ਬਖ਼ਸ਼ ਦਿਤੀ ਹੈ।

ਇਕ ਸਪੇਨੀ ਪੇਂਟਰ ਵਿਲਾਸਕੇ (Velazquez) ਦੀ ਇਕ ਪੇਂਟਿੰਗ ਪਿਛੇ ਜਿਹੇ ਦੁਨੀਆਂ ਭਰ ਵਿਚ ਸਭ ਤੋਂ ਮਹਿੰਗੀ ਵਿਕੀ ਸੀ—ਅੱਜ ਦਿਨ ਤਕ ਸਭ ਤੋਂ ਮਹਿੰਗੀ। ਵਿਲਾਸਕੇ ਵੱਡਾ ਪੇਂਟਰ ਹੈ। ਇਕ ਪੇਂਟਰ ਐਲਗਰੀਕੋ (Elgreco) ਵੀ ਵੱਡਾ ਅਤੇ ਮਹਾਨ ਹੈ। ਇਹ ਹਰਕਿਸ਼ਨ ਦੀ ਰਾਏ ਹੈ (ਅਤੇ ਹਰਕਿਸ਼ਨ ਦੀ ਰਾਏ ਦਾ ਮੁੱਲ ਵੀ ਦੱਸਣ ਵਾਲਾ ਮੈਂ ਕੌਣ ਹਾਂ?)।

ਲੰਡਨ ਦੀ ਇਸ ਸਭ ਤੋਂ ਵੱਡੀ ਕੌਮੀ ਆਰਟ ਗੈਲਰੀ ਵਿਚ ਮਹਾਨ ਵੈਨਗਾਗ (Vangogh) ਦੀਆਂ ਤਸਵੀਰਾਂ ਦੇ ਵੀ ਦਰਸ਼ਨ ਕੀਤੇ।

ਫ਼ਰਾਂਸੀਸੀ ਪੇਂਟਰ ਸੇਜ਼ਾਨ (Cezzane) ਦੀਆਂ ਜਾਦੂ ਵਰਗੀਆਂ ਬੁਰਸ਼-ਛੁਹਾਂ ਦੇਖੀਆਂ। ਹਰਕਿਸ਼ਨ ਲਾਲ ਦੀ ਰਾਏ ਵਿਚ ਇਹ ਸਭ ਤੋਂ ਵੱਡਾ ਪੇਂਟਰ ਹੈ। ਸੇਜ਼ਾਨ ਦੀਆਂ ਤਸਵੀਰਾਂ ਇਕ ਚਬੂਤਰੇ ਉਤੇ ਲਗੀਆਂ ਸਨ। ਸ਼ਾਂਤੀ, ਅਡੋਲਤਾ ਤੇ ਟਿਕ-ਟਿਕਾਅ ਦਾ ਵਾਯੂ ਮੰਡਲ।

ਇਕ ਤਸਵੀਰ ਅਸ਼ਨਾਨ ਦੀ ਸੀ। ਨੰਗੀਆਂ ਨਹਾਉਂਦੀਆਂ ਇਸਤਰੀਆਂ ਦੀ ਨਹਾਉਣ ਵੇਲੇ ਦੀ ਕੁਦਰਤਾਈ। ਰੰਗ ਨੀਲੇ ਤੇ ਸਾਵੇ ਸਨ। ਹਲਕੇ ਅਤੇ ਸਹਿਣ-ਯੋਗ। ਮੁਖ ਰੰਗ ਹਲਕਾ ਨੀਲਾ। ਇਹ ਔਰਤਾਂ ਖੁਲ੍ਹੇ ਜਲ ਵਿਚ ਮੱਛੀਆਂ ਵਾਂਗ ਲਗ ਰਹੀਆਂ ਸਨ।

ਗੈਲਰੀ ਨੇ, ਇਹ ਤਸਵੀਰ, ਪੰਜ ਲੱਖ ਪੌਂਡ ਵਿਚ ਖ਼ਰੀਦ ਕੇ ਏਥੇ ਲਾਈ ਸੀ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਵਿਚ ਭਾਰਤੀ ਪਰਵਾਸੀਆਂ ਦਾ ਜੀਵਨ

ਇੰਗਲੈਂਡ ਵਿਚ ਪੰਜ ਲੱਖ ਦੇ ਨੇੜੇ ਤੇੜੇ ਭਾਰਤੀ ਹਨ। ਇਹ ਭਾਰਤੀ ਕਾਫ਼ੀ ਚੰਗੀ ਹਾਲਤ ਵਿਚ ਵੀ ਰਹਿੰਦੇ ਹਨ ਤੇ ਮੰਦੀ ਹਾਲਤ ਵਿਚ ਵੀ। ਚੰਗੀ ਅਤੇ ਮੰਦੀ ਹਾਲਤ ਦੇ ਕਾਰਨ ਵਖੋ ਵਖਰੇ ਹਨ।

ਠੀਕ ਹੈ ਜਾਂ ਗ਼ਲਤ ਹੈ, ਮੇਰੀ ਸੋਚ ਇਹ ਹੈ ਕਿ ਸਾਡੇ ਇਸ ਗਲੋਬ ਉਤੇ ਜਿੰਨੇ ਵੀ ਇਨਸਾਨ ਹਨ, ਉਹਨਾਂ ਦਾ ਸਭ ਦਾ ਹੱਕ ਹੈ ਕਿ ਆਪਣੇ ਇਸ ਗਲੋਬ ਦੀ ਉਹ ਨੁੱਕਰ ਨੁੱਕਰ ਨੂੰ ਦੇਖ ਸਕਣ। ਚਾਰ ਅਰਬ ਇਨਸਾਨ ਹਨ। ਚਾਰ ਅਰਬ ਦੇ ਚਾਰ ਅਰਬ ਦਾ ਇਹ ਬੁਨਿਆਦੀ ਹੱਕ ਹੈ। ਪਰ, ਮੈਂ ਟਿਕ ਗੱਲ ਕਹਿੰਦਾ ਹਾਂ, ਰੋਟੀ ਜਾਂ ਰੁਜ਼ਗਾਰ ਦੀ ਖ਼ਾਤਰ ਆਪਣੇ ਮੁਲਕ ਤੋਂ ਬਾਹਰ ਜਾਣਾ ਵੱਡੀ ਬਦਨਸੀਬੀ ਜਾਂ ਇਨਸਾਨ ਦਾ ਦੁਖਾਂਤ ਹੈ। ਰੋਟੀ ਆਪਣੇ ਮੁਲਕ ਵਿਚੋਂ ਹਾਸਿਲ ਹੋਣੀ ਚਾਹੀਦੀ ਹੈ।

ਪੰਜ ਲੱਖ ਦੇ ਨੇੜੇ ਤੇੜੇ ਜਿਹੜੇ ਭਾਰਤੀ ਅੱਜ ਕਲ੍ਹ ਇੰਗਲੈਂਡ ਵਿਚ ਰਹਿ ਰਹੇ ਹਨ, ਉਹ ਸੈਰ ਲਈ ਨਹੀਂ ਆਏ ਹੋਏ, ਰੋਟੀ ਜਾਂ ਰੁਜ਼ਗਾਰ ਲਈ ਹੀ ਏਥੇ ਆਏ ਹੋਏ ਹਨ। ਇੰਗਲੈਂਡ ਉਹਨਾਂ ਨੂੰ ਰੋਟੀ ਜਾਂ ਰੁਜ਼ਗਾਰ ਦੇ ਵੀ ਰਿਹਾ ਹੈ। ਘਟੋ ਘਟ ਭਾਰਤ ਨਾਲੋਂ ਚੰਗੀ ਰੋਟੀ ਦੇ ਰਿਹਾ ਹੈ। ਪਰ ਕੀ ਸਾਡੇ ਦੇਸ਼ ਲਈ ਇਹ ਸ਼ਰਮ ਦਾ ਕਾਰਨ ਨਹੀਂ ਹੈ? ਸਾਡੇ ਇਕ ਵੀ ਨਾਗਰਿਕ ਨੂੰ ਰੋਟੀ ਜਾਂ ਰੁਜ਼ਗਾਰ ਦੀ ਖ਼ਾਤਰ ਬਾਹਰ ਜਾਣਾ ਪਵੇ ਹੀ ਕਿਉਂ? ਇੰਗਲੈਂਡ ਵਿਚ ਕਈ ਭਾਰਤੀ ਬੜੇ ਹੀ ਦੁੱਖ ਨਾਲ ਕਹਿੰਦੇ ਹਨ ਕਿ ਜੇ ਹਿੰਦੋਸਤਾਨ ਵਿਚ ਉਹਨਾਂ ਨੂੰ ਇੰਗਲੈਂਡ ਨਾਲੋਂ ਅੱਧੀ ਰੋਟੀ ਵੀ ਮਿਲ ਸਕੇ, ਚੌਥਾ ਹਿੱਸਾ ਵੀ ਮਿਲ ਸਕੇ, ਉਹ ਅੱਜ ਇੰਗਲੈਂਡ ਤੋਂ ਵਾਪਸ ਆ ਜਾਣ। ਪਰ ਜੇ ਉਥੇ ਭੁੱਖਾਂ ਅਤੇ ਦੁੱਖਾਂ ਨਾਲ ਹੀ ਘੁਲਣਾ ਹੈ ਤੇ ਦਾਲ ਅਤੇ ਰੋਟੀ ਤੋਂ ਵੀ ਜੇਕਰ ਵਿਰਵੇ ਰਹਿਣਾ ਹੈ, ਫੇਰ ਉਹ ਉਥੇ ਆਉਣ ਕੀ? ਠੀਕ, ਆਪਣਾ ਦੇਸ਼ ਹੈ, ਪਰ ਆਪਣੇ ਦੇਸ਼ ਦੀ ਹਵਾ ਅਤੇ ਪਾਣੀ ਹੀ ਤਾਂ ਨਹੀਂ ਨਾ ਕਾਫ਼ੀ? ਢਿੱਡ ਨੂੰ ਵੀ ਕਿਸੇ ਚੀਜ਼ ਨਾਲ ਝੁਲਕਾ ਦੇਣਾ ਹੁੰਦਾ ਹੈ।

ਸਵਾਲ ਕੀਤਾ ਜਾ ਸਕਦਾ ਹੈ ਕਿ ਬਾਕੀ ਲੋਕ ਕੀ ਖਾਂਦੇ ਹਨ? ਇਸ ਦਾ ਉੱਤਰ ਇਹ ਹੈ ਕਿ ਹਿੰਦੋਸਤਾਨ ਨੂੰ ਪੁੱਛ ਕੇ ਦੇਖੋ—ਭੁੱਖੇ ਮਰਦੇ, ਮਿਹਨਤਕਸ਼, ਗ਼ਰੀਬ ਹਿੰਦੋਸਤਾਨ ਨੂੰ। ਸਾਰਾ ਹਿੰਦੋਸਤਾਨ ਹੀ ਇੰਗਲੈਂਡ ਜਾਣ ਨੂੰ ਫਿਰਦਾ ਹੈ। ਮੁਸ਼ਕਿਲ ਸਿਰਫ਼ ਏਨੀ ਹੈ ਕਿ ਉਸ ਤੋਂ ਜਾ ਹੀ ਹੁੰਦਾ ਨਹੀਂ। ਜਿਸ ਤੋਂ ਜਾ ਹੋ ਜਾਂਦਾ ਹੈ, ਉਹ ਫ਼ੌਰਨ ਚਲਿਆ ਜਾਂਦਾ ਹੈ। ਅਤੇ ਉਹ ਹੱਕ ਬਜਾਨਬ ਹੈ। ਕਿਉਂਕਿ ਉਸ ਦਾ ਮੁਖ ਨਿਸ਼ਾਨਾ ਚੰਗਾ ਜੀਵਨ ਹੁੰਦਾ ਹੈ। ਚੰਗਾ ਜੀਵਨ ਲੋਚਣਾ, ਜਾਂ ਹਾਸਿਲ ਕਰਨਾ, ਬੁਰਾ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫੇਰ, ਇੰਗਲੈਂਡ ਵਿਚ, ਇਹ ਭਾਰਤੀ, ਜਿਵੇਂ ਜਿਵੇਂ ਵੀ ਜਾਂਦੇ ਹਨ, ਉਹ ਕਹਾਣੀ ਵੱਖਰੀ ਹੈ। ਕੁਵੈਤ, ਈਰਾਨ, ਫ਼ਰਾਂਸ, ਜਰਮਨੀ, ਕੁਝ ਇਕ ਨਾਂ ਅਜਿਹੇ ਹਨ ਜੋ ਰੋਜ਼ ਹੀ ਸੁਣਦੇ ਰਹਿੰਦੇ ਹਨ। ਅੱਜ ਕਲ੍ਹ ਡੁਬਈ ਦਾ ਨਾਂ ਵੀ ਕਾਫ਼ੀ ਸੁਣਨ ਲਗ ਪਿਆ ਹੈ। ਜਾਣਾ ਇੰਗਲੈਂਡ ਹੁੰਦਾ ਹੈ, ਪਰ ਪਹਿਲਾਂ ਕਿਸੇ ਹੋਰ ਮੁਲਕ ਦੇ ਰਸਤੇ ਪੈਣਾ ਪੈਂਦਾ ਹੈ। ਕਈ ਵਾਰ ਇਹ ਰਸਤੇ ਮੌਤ ਦੇ ਸਾਗਰ ਵਲ ਜਾ ਰਹਿੰਦੇ ਹਨ।

ਇੰਗਲੈਂਡ ਵਿਚ ਪੰਜ ਲੱਖ ਦੇ ਨੇੜੇ ਤੇੜੇ ਦੇ ਭਾਰਤੀਆਂ ਵਿਚ ਬਹੁਤੇ ਲੋਕ ਪੰਜਾਬੀ ਹਨ। ਜੇ ਇਹ ਬਹੁਤੇ ਨਹੀਂ ਵੀ ਹਨ ਤਾਂ ਇਹਨਾਂ ਦੀ ਗਿਣਤੀ ਕਾਫ਼ੀ ਹੈ। ਪੰਜਾਬੀ ਲੋਕ, ਬਾਕੀਆਂ ਨਾਲੋਂ, ਚੰਗੇ ਖਾਂਦੇ ਪੀਂਦੇ ਅਤੇ ਖ਼ੁਸ਼ਹਾਲ ਮੰਨੇ ਜਾਂਦੇ ਹਨ। ਪਰ ਜੇ "ਖਾਂਦੇ ਪੀਂਦੇ ਅਤੇ ਖ਼ੁਸ਼ਹਾਲ" ਪੰਜਾਬੀ ਲੋਕਾਂ ਨੂੰ ਵੀ ਰੋਟੀ ਜਾਂ ਰੁਜ਼ਗਾਰ ਲਈ ਇੰਗਲੈਂਡ ਜਾਣਾ ਪੈ ਜਾਂਦਾ ਹੈ ਤਾਂ ਇਹ ਇਕ ਦੁਖਾਂਤ ਹੀ ਹੈ। ਇਸ ਦੁਖਾਂਤ ਦੀ ਹੋਣੀ ਨੂੰ ਤਸਲੀਮ ਕਰ ਲੈਣਾ ਚਾਹੀਦਾ ਹੈ।

ਪੰਜਾਬੀ ਲੋਕਾਂ ਵਿਚੋਂ ਵੀ, ਪੰਜਾਬ ਦਾ ਕਿਸਾਨ ਵੀ, ਇੰਗਲੈਂਡ ਵਿਚ ਰਹਿ ਰਿਹਾ ਹੈ, ਤੇ ਸਗੋਂ ਇਸ ਕਿਸਾਨ ਦੀ ਗਿਣਤੀ ਕਾਫ਼ੀ ਭਾਰੂ ਦਿਸਦੀ ਹੈ। ਇਕ ਕਿਸਾਨ ਨੂੰ ਸਭ ਤੋਂ ਵੱਧ ਜ਼ਮੀਨ ਪਿਆਰੀ ਹੁੰਦੀ ਹੈ। ਕਿਸਾਨ, ਇਸ ਜ਼ਮੀਨ ਸਦਕਾ, ਆਪਣੇ ਆਪ ਨੂੰ ਧਰਤੀ ਅਤੇ ਆਕਾਸ਼ ਦਾ ਮਾਲਿਕ ਗਿਣਦਾ ਹੈ। ਪਰ ਜ਼ਮੀਨ, ਕਿਸਾਨ ਨੂੰ, ਜੇ ਰੋਟੀ ਜਾਂ ਰੁਜ਼ਗਾਰ ਦੇਣ ਤੋਂ ਇਕ ਦਿਨ ਨਾਂਹ ਕਰ ਦਿੰਦੀ ਹੈ ਤਾਂ ਉਸ ਨੂੰ ਆਪਣੀਆਂ ਅੱਖਾਂ ਅਗੇ, ਤਾਰੇ ਨਹੀਂ, ਭੰਬਰ ਤਾਰੇ ਨਜ਼ਰ ਆਉਣ ਲਗ ਜਾਂਦੇ ਹਨ। ਕਿਸਾਨ, ਮਜ਼ਦੂਰ ਨਹੀਂ ਬਣਨਾ ਚਾਹੁੰਦਾ। ਪਰ, ਜਦ ਬੰਦਾ ਮਰਦਾ ਹੈ, ਤਾਂ ਕੀ ਕੁਝ ਹੈ, ਜੋ ਕਰਦਾ ਨਹੀਂ ?

ਇੰਗਲੈਂਡ ਵਿਚ ਬਹੁਤੇ ਭਾਰਤੀ ਫ਼ੈਕਟਰੀਆਂ ਦੇ ਕਾਮੇ ਹਨ। ਡਾਕਟਰ, ਟੀਚਰ, ਵਪਾਰੀ, ਅਤੇ ਹੋਰ ਕਿੱਤੇ ਕਰਨ ਵਾਲੇ ਵੀ ਬੇਸ਼ੱਕ ਹਨ; ਪਰ ਉਹ ਟਾਵੇਂ ਟਾਵੇਂ ਹਨ। ਇਥੋਂ ਤਕ ਕਿ ਬੀ. ਏ., ਐਮ. ਏ. ਪੜ੍ਹੇ ਹੋਏ ਵੀ ਕਾਫ਼ੀ ਹਨ ਜੋ ਫ਼ੈਕਟਰੀਆਂ ਦੇ ਵਰਕਰ ਹਨ। ਇਸ ਹਿਸਾਬ ਕਿਸਾਨ ਨੇ ਤਾਂ ਫ਼ੈਕਟਰੀ-ਵਰਕਰ ਹੋਣਾ ਹੀ ਹੈ ਜਿਹੜਾ ਕਿ ਉਂਜ ਵੀ ਅਨਪੜ੍ਹ ਹੈ।

ਕਹਿੰਦੇ ਹਨ, ਪੰਜਾਬ ਦੀ ਧਰਤੀ ਦੁਨੀਆਂ ਭਰ ਵਿਚ ਸਭ ਤੋਂ ਚੰਗੀ ਧਰਤੀ ਦਾ ਇਕ ਟੁਕੜਾ ਹੈ। ਇਹ ਗੱਲ ਕੁਝ ਠੀਕ ਹੀ ਹੈ। ਸਿੱਖ ਗੁਰੂ ਸਾਹਿਬਾਨ ਨੇ ਵੀ ਇਸ ਧਰਤੀ ਦੀ ਉਤੱਮਤਾ ਨੂੰ ਮੰਨਿਆ ਅਤੇ ਸਲਾਹਿਆ ਹੈ। ਰਿਗ ਵੇਦ ਦੇ ਰਿਸ਼ੀ ਤੇ ਮੁਨੀ ਵੀ ਇਸ ਧਰਤੀ ਦੀ ਸੁੰਦਰਤਾ ਨੂੰ ਮੰਨਦੇ ਅਤੇ ਸਲਾਹੁੰਦੇ ਸ਼ਨ। ਇਸ ਧਰਤੀ ਦੇ ਸਾਵੇ ਜੰਗਲ ਉਹਨਾਂ ਨੂੰ ਫਲ ਵੀ ਦਿੰਦੇ ਸਨ ਤੇ ਘਣੀ ਤੇ ਗੂਹੜੀ ਛਾਇਆ ਵੀ। ਇਸ ਤੋਂ ਬਿਨਾਂ ਪੰਜ ਦਰਿਆ ਜੋ ਕੋਲ ਕੋਲ ਵਗ ਰਹੇ ਸਨ, ਉਹਨਾਂ ਦੇ ਤਨ ਨੂੰ ਧੋਂਦੇ ਤੇ ਮਨ ਨੂੰ ਉਜਲਾ ਕਰਦੇ ਸਨ। ਏਨੀ ਸੁੰਦਰ ਧਰਤੀ ਨਾਲੋਂ ਟੁੱਟ ਕੇ ਕਿਸੇ ਪਰਦੇਸ ਜਾ ਰਹਿਣਾ ਕਿਸੇ ਲਈ ਵੀ ਸੌਖਾ ਨਹੀਂ। ਰੋਟੀ ਅਤੇ ਰੁਜ਼ਗਾਰ ਲਈ ਤਾਂ ਕਦੇ ਵੀ ਸੌਖਾ ਨਹੀਂ ਹੋ ਸਕਦਾ।

ਸ਼ੱਕ ਕੀਤਾ ਜਾ ਸਕਦਾ ਹੈ ਕਿ ਜਿਹੜੇ ਲੋਕੀ ਦੇਸ਼ ਛੱਡ, ਪਰਦੇਸ ਵਲ ਚਲੇ ਜਾਂਦੇ ਹਨ, ਉਹਨਾਂ ਦੇ ਦਿਲ ਵਿਚ ਮਾਤ ਭੂਮੀ ਦੇ ਪਿਆਰ ਦੀ ਘਾਟ ਹੋ ਸਕਦੀ ਹੈ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸ਼ੱਕ ਨਿਰਮੂਲ ਹੈ । ਜਿਸ ਗਊ ਦੇ ਲੇਵੇ ਵਿਚੋਂ ਦੁੱਧ ਦੀਆਂ ਧਾਰਾਂ ਚੋਂਦੀਆਂ ਹਨ, ਸਾਡੇ ਦਿਲ ਵਿਚ ਉਸੇ ਗਊ ਲਈ ਪਿਆਰ ਜਾਂ ਹਿਤ ਹੋ ਸਕਦਾ ਹੈ । ਜਦ ਇਹ ਦੁੱਧ ਸੁੱਕ ਜਾਂਦਾ ਹੈ ਜਾਂ ਸਾਨੂੰ ਉਸ ਦਾ ਭਾਅ ਨਹੀਂ ਰਹਿੰਦਾ, ਸਾਡੇ ਵਿਚ ਵੀ ਉਸ ਗਊ ਲਈ ਉਹ ਪਿਆਰ ਜਾਂ ਮੋਹ ਨਹੀਂ ਰਹਿੰਦਾ । ਅਸੀਂ ਨਿਰੇ ਸਿੰਙਾਂ ਅਤੇ ਖੁਰਾਂ ਦੇ ਗਾਹਕ ਨਹੀਂ ਹਾਂ. ਸਾਨੂੰ ਦੁੱਧ ਵੀ ਚਾਹੀਦਾ ਹੈ । ਨਹੀਂ ਤਾਂ ਅਸੀਂ ਉਹ ਹਾਂ ਜੋ ਆਦਿ ਕਾਲ ਤੋਂ ਗਊ ਮਾਤਾ ਦੇ ਚਰਨਾਂ ਨੂੰ ਹੱਥ ਲਾਉਂਦੇ ਹਾਂ । ਅਸੀਂ ਤਾਂ ਗਊ ਦੀ ਸਹੁੰ ਖਾਣ ਨੂੰ ਬੁਰਾ ਮੰਨਣ ਵਾਲੇ ਹਾਂ ।

ਸਾਨੂੰ ਆਪਣੀ ਮਾਤਰੀ ਭੂਮੀ ਗਊ ਤੋਂ ਵੱਧ ਪਿਆਰੀ ਹੈ । ਗਊ ਦੀ ਸਹੁੰ ਖਾ ਲੈਂਦੇ ਹਾਂ, ਪਰ ਮਾਤ ਭੂਮੀ ਦੀ ਸਹੁੰ ਨਹੀਂ ਖਾਂਦੇ । ਪਰ ਜੇ ਸਾਨੂੰ ਫੇਰ ਵੀ ਆਪਣੀ ਧਰਤੀ ਤਜਣੀ ਪੈਂਦੀ ਹੈ ਤਾਂ ਇਸ ਦਾ ਕਾਰਨ ਵੱਡਾ ਹੈ ।

ਇੰਗਲੈਂਡ ਰਹਿੰਦੇ ਭਾਰਤੀਆਂ ਨੂੰ, ਭਾਰਤ ਨਾਲੋਂ ਚੰਗਾ ਜੀਵਨ ਕੁਝ ਨਾ ਕੁਝ ਮਿਲ ਜਾਂਦਾ ਹੈ, ਪਰ ਇਸ ਦੇ ਬਦਲੇ ਜਿਹੜੀ ਕੀਮਤ ਉਹਨਾਂ ਦੀ ਦੇਣੀ ਪੈਂਦੀ ਹੈ, ਉਹ ਕਿਤੇ ਵਡੇਰੀ ਹੁੰਦੀ ਹੈ । ਸਭ ਤੋਂ ਪਹਿਲਾਂ ਮਾਤ ਭੂਮੀ ਤੋਂ ਦੂਰ ਹੋ ਜਾਣਾ ਪੈਂਦਾ ਹੈ । ਮਾਤ ਭੂਮੀ, ਨਿਰਸੰਦੇਹ, ਛੱਜੂ ਦਾ ਚੁਬਾਰਾ ਹੈ । ਛੱਜੂ ਦੇ ਚੁਬਾਰੇ ਨਾਲੋਂ, ਹਰ ਇਨਸਾਨ, ਬਲਖ਼ ਤੇ ਬੁਖ਼ਾਰਾ ਵਾਰ ਦਿੰਦਾ ਹੈ । ਠੀਕ ਹੈ, ਅਸੀਂ ਸਾਰੀ ਦੁਨੀਆਂ ਦੇ ਹੀ ਮਾਲਿਕ ਹਾਂ, ਤਾਂ ਵੀ, ਸਾਰੀ ਦੁਨੀਆਂ ਵਿਚ ਵੀ, ਕੋਈ ਨਾ ਕੋਈ ਨੁੱਕਰ ਕੋਨਾ ਇਹੋ ਜਿਹਾ ਵੀ ਹੁੰਦਾ ਹੈ ਜਿਸ ਨਾਲ ਸਾਡਾ ਸਾਰਾ ਆਪਾ ਇਕ ਮਿਕ ਹੋ ਗਿਆ ਹੁੰਦਾ ਹੈ । ਅਜਿਹੇ ਕੋਨੇ ਤੋਂ ਦੂਰ ਹੋਣ ਲਈ ਮਨ ਦੇ ਉਤੇ ਪਰਬਤ ਵਰਗੇ ਭਾਰ ਸਹਾਰਨੇ ਪੈਂਦੇ ਹਨ ।

ਕਈ ਲੋਕ ਕਹਿ ਦਿੰਦੇ ਹਨ, ਇੰਗਲੈਂਡ ਵਿਚ, ਭਾਰਤੀ ਲੋਕ, "ਭੱਈਆਂ ਵਾਂਗੂੰ" ਰਹਿੰਦੇ ਹਨ । ਯੂ. ਪੀ. ਤੋਂ ਜਾਂ ਸੀ. ਪੀ. ਤੋਂ ਜਿਵੇਂ ਪੰਜਾਬ ਵਿਚ ਭੱਈਏ ਆ ਕੇ ਰੁਲੇ ਖੁਲੇ ਜਿਹੇ ਰਹਿੰਦੇ ਹਨ, ਇਵੇਂ ਹੀ ਉਹ ਰਹਿ ਰਹੇ ਹਨ । ਇਹ ਆਖਣਾ ਗ਼ਲਤ ਹੈ । ਇੰਗਲੈਂਡ ਵਿਚ, ਭਾਰਤੀ ਲੋਕ, ਭੱਈਆਂ ਵਾਂਗੂੰ ਨਹੀਂ ਰਹਿੰਦੇ, ਉਸੇ ਤਰ੍ਹਾਂ ਹੀ ਰਹਿੰਦੇ ਹਨ ਜਿਵੇਂ ਰਹਿਣ ਲਈ ਉਹਨਾਂ ਨੂੰ ਇੰਗਲੈਂਡ ਨੇ ਰਖਿਆ ਹੋਇਆ ਹੈ । ਸਭ ਕੋਲ ਆਪਣੇ ਘਰ ਹਨ ਜੋ ਉਹਨਾਂ ਨੇ ਆਪ ਖ਼ਰੀਦੇ ਜਾਂ ਆਪ ਬਣਾ ਲਏ ਹੁੰਦੇ ਹਨ । ਇੰਗਲੈਂਡ ਵਿਚ, ਭਾਰਤੀ ਲੋਕ, ਅਮੀਰ ਤੋਂ ਅਮੀਰ ਵੀ ਹਨ; ਗ਼ਰੀਬ ਤੋਂ ਗ਼ਰੀਬ ਵੀ; ਪਰ ਕੁਝ ਇਕ ਚੀਜ਼ਾਂ ਉਹ ਹਨ ਜੋ ਲਗ ਪਗ ਸਭ ਕੋਲ ਹੁੰਦੀਆਂ ਹਨ । ਕਾਰਪੇਟਾਂ, ਸੋਫ਼ਾ ਸੈਟ, ਫ਼ਰਿੱਜ ਅਤੇ ਟੈਲੀਵੀਜ਼ਨ । ਇਹ ਚੀਜ਼ਾਂ, ਭਾਰਤ ਵਿਚ, ਨਿਰਸੰਦੇਹ, ਅੱਯਾਸ਼ੀ ਹਨ; ਇੰਗਲੈਂਡ ਵਿਚ ਇਹ ਸਾਰੀਆਂ ਚੀਜ਼ਾਂ ਸਭ ਦੀਆਂ ਮੁਢਲੀਆਂ ਲੋੜਾਂ ਹਨ । ਇਥੋਂ ਤਕ ਕਿ ਕਾਰ ਵੀ ਇੰਗਲੈਂਡ ਵਿਚ ਮੁਢਲੀ ਲੋੜ ਹੀ ਹੈ । ਟੈਲੀਫ਼ੂਨ ਵੀ ਹਰ ਇਕ ਘਰ ਦੀ ਮੁਢਲੀ ਲੋੜ ਵਿਚ ਸ਼ਾਮਿਲ ਹੈ ।

ਕਈਆਂ ਕੋਲ ਇਹਨਾਂ ਵਿਚੋਂ ਕੁਝ ਇਕ ਚੀਜ਼ਾਂ ਨਹੀਂ ਵੀ ਹੁੰਦੀਆਂ । ਕਿਸੇ ਕੋਲ ਕਾਰ ਦੀ ਘਾਟ ਹੈ, ਕਿਸੇ ਕੋਲ ਫ਼ਰਿੱਜ ਨਹੀਂ ਹੁੰਦਾ । ਪਰ ਇਹ ਚੀਜ਼ਾਂ ਉਹਨਾਂ ਨੂੰ ਇਕ ਦਿਨ ਲੈਣੀਆਂ ਹੀ ਪੈ ਜਾਂਦੀਆਂ ਹਨ ।

ਕਾਰਪੈਟ ਤੇ ਸੋਫ਼ੇ ਬਿਨਾਂ ਤਾਂ ਕਿਸੇ ਵੀ ਘਰ ਦਾ ਮਤਲਬ ਨਹੀਂ । ਇਵੇਂ ਹੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਟੈਲੀਵੀਜ਼ਨ ਹੈ। ਇਹ ਗੱਲ ਤਾਂ ਸੰਭਵ ਹੈ ਕਿ ਇਹ ਚੀਜ਼ਾਂ ਕਿਸੇ ਦੇ ਘਰ ਵਿਚ ਘਟੀਆ ਹਨ ਜਾਂ ਵਧੀਆ ਹਨ, ਪਰ ਨਾ ਹੋਣ ਦਾ ਮਤਲਬ ਨਹੀਂ। ਇਹ ਤਾਂ ਕਿਸੇ ਭਿਖਾਰੀ ਦੇ ਵੀ ਘਰ ਵਿਚ ਹੋਣੀਆਂ ਉਚਿੱਤ ਹਨ।

ਕਿਸੇ ਸਮੇਂ "ਭੱਈਆਂ ਵਾਂਗ" ਵੀ ਭਾਰਤੀ ਲੋਕ ਰਹਿ ਰਹੇ ਸਨ। ਪਰ ਇਹ ਸੰਨ ਪੰਜਾਹ-ਸੱਠ ਦੇ ਨੇੜੇ ਤੇੜੇ ਦੀਆਂ ਗੱਲਾਂ ਹਨ ਜਦੋਂ ਉਹ ਅਜੇ ਸ਼ੁਰੂ ਸ਼ੁਰੂ ਵਿਚ ਆਉਣੇ ਸ਼ੁਰੂ ਹੀ ਹੋਏ ਸਨ। ਉਦੋਂ ਕੇਵਲ ਮਰਦ ਹੀ ਇੰਗਲੈਂਡ ਵਿਚ ਆਉਂਦੇ ਹੁੰਦੇ ਸਨ। ਨਿਸ਼ਾਨਾ ਕੇਵਲ ਇਹ ਸੀ ਕਿ ਕੁਝ ਵਰ੍ਹੇ ਇੰਗਲੈਂਡ ਵਿਚ ਕਮਾਈ ਕਰਨ ਲਈ ਰਹਿਣਾ ਹੈ ਤੇ ਫੇਰ ਭਾਰਤ ਮੁੜ ਜਾਣਾ ਹੈ। ਉਦੋਂ ਆਪਣੇ ਘਰ ਖ਼ਰੀਦਣ ਦੀ ਲੋੜ ਮਹਿਸੂਸ ਨਹੀਂ ਹੁੰਦੀ ਸੀ। ਘਰ ਤਾਂ ਉਦੋਂ ਖ਼ਰੀਦੇ ਗਏ ਜਦੋਂ ਭਾਰਤੀ ਲੋਕਾਂ ਨੇ ਪਰਵਾਰ ਬੁਲਾਉਣੇ ਸ਼ੁਰੂ ਕਰ ਦਿਤੇ। ਮਾਲੀ ਹਾਲਤ ਸੁਧਰਨ ਨਾਲ ਇੰਗਲੈਂਡ ਵਿਚ ਹੁਣ ਅੱਗੋਂ ਲਈ ਵੀ ਰਹਿਣ ਲਈ ਦਿਲ ਕਰਦਾ ਜਾਂਦਾ।

ਫ਼ੈਕਟਰੀਆਂ ਵਿਚ ਦਿਨ ਰਾਤ ਦੀਆਂ ਸ਼ਿਫ਼ਟਾਂ ਆਮ ਹੀ ਹੁੰਦੀਆਂ ਹਨ। ਇਹ ਵੀ ਬਿਲਕੁਲ ਠੀਕ ਹੈ ਕਿ ਜਿਸ ਬੈੱਡ ਦੇ ਉਤੇ ਕੋਈ ਰਾਤ ਨੂੰ ਸੁੱਤਾ ਹੁੰਦਾ ਸੀ, ਉਸੇ ਉਤੇ, ਕੋਈ ਦੂਜਾ, ਦਿਨ ਨੂੰ ਸੌਂਦਾ ਹੁੰਦਾ ਸੀ। ਕਫ਼ਾਇਤ ਲਈ ਇਕੋ ਬੈੱਡ ਤੋਂ ਕੰਮ ਲੈ ਲਿਆ ਜਾਂਦਾ ਸੀ। ਕਿਉਂਕਿ ਉਹਨਾਂ ਦਾ ਮੁਖ ਮਨੋਰਥ ਐਸ਼ ਆਰਾਮ ਨਹੀਂ ਹੁੰਦਾ ਸੀ, ਪਿਛੇ, ਆਪਣੇ ਚੁਲ੍ਹੇ ਵਿਚੋਂ ਧੂੰਆਂ ਕੱਢਣਾ ਹੁੰਦਾ ਸੀ।

ਭੱਈਏ ਵੀ, ਪੰਜਾਬ ਵਿਚ, ਇਸੇ ਤਰ੍ਹਾਂ ਹੀ ਕਰਦੇ ਹਨ। ਦੋਹਾਂ ਦੇਸ਼ਾਂ ਦੀ ਰਹਿਣੀ ਬਹਿਣੀ ਦਾ ਫ਼ਰਕ ਤਾਂ ਹੋ ਸਕਦਾ ਹੈ, ਮੁਢਲੇ ਜਜ਼ਬੇ ਉਹੀਓ ਹਨ।

ਭੱਈਏ ਜਦੋਂ ਆਪਣੇ ਘਰ ਨੂੰ ਪੈਸੇ ਭੇਜਣ ਲਗਦੇ ਹਨ ਤਾਂ ਇਕ ਜਣੇ ਨਾਲ ਕਈ ਕਈ ਬੰਦੇ ਡਾਕਖ਼ਾਨੇ ਆ ਜਾਂਦੇ ਹਨ। ਇਸੇ ਤਰ੍ਹਾਂ ਹੀ, ਉਹਨੀਂ ਦਿਨੀਂ, ਇੰਗਲੈਂਡ ਦੇ ਭਾਰਤੀ ਕਰਦੇ ਸਨ। ਇਕ ਜਣਾ ਜੇ ਆਪਣੇ ਘਰ ਨੂੰ ਮਨੀ ਆਰਡਰ ਕਰਵਾਉਂਦਾ ਸੀ ਤਾਂ ਉਸ ਨਾਲ ਉਸ ਦੇ ਕਈ ਕਈ ਸਾਥੀ ਮਨੀ ਆਰਡਰ ਕਰਵਾਉਣ ਲਈ ਜਾਂਦੇ। ਇੰਗਲੈਂਡ ਤੋਂ ਘਰ ਨੂੰ ਪੈਸੇ ਭੇਜਣੇ ਉਹਨਾਂ ਲਈ ਸਾਂਝਾ ਕਾਰਜ ਹੁੰਦਾ। ਮਤਲਬ ਇਹ ਵੀ ਹੁੰਦਾ ਸੀ ਕਿ ਮਨੀ ਆਰਡਰ ਵਿਚ ਕੱਚ ਨਾ ਰਹੇ।

ਫੇਰ ਉਹ "ਧੱਕਾ" ਲਾਉਂਦੇ ਸਨ। ਇਸ ਦਾ ਮਤਲਬ ਇਹ ਸੀ ਕਿ ਫੇਰ ਉਹ ਸਾਰੇ ਪੱਬ ਵਿਚ ਆ ਕੇ ਰੱਜ ਰੱਜ ਕੇ ਬੀਅਰ ਪੀਂਦੇ। ਇਸ ਨੂੰ ਸਾਰੇ ਮਨੀ ਆਰਡਰ ਨੂੰ "ਧੱਕਾ ਲਾਉਣਾ" ਕਹਿੰਦੇ ਸਨ ਤਾਂ ਜੋ ਪੈਸੇ ਛੇਤੀ ਪਹੁੰਚਣ।

ਇੰਗਲੈਂਡ ਵਿਚ ਆਮ ਭਾਰਤੀ ਮਿਹਨਤਕਸ਼ ਮਜ਼ਦੂਰ ਹੀ ਹੈ। ਠੀਕ ਹੈ, ਭਾਰਤ ਨਾਲੋਂ ਉਹਨਾਂ ਦੀ ਆਮਦਨ ਚੋਖੀ ਹੈ, ਪਰ ਉਹਨਾਂ ਦੇ ਖ਼ਰਚ ਵੀ ਵੱਡੇ ਹਨ। ਕਈ ਵਾਰ ਤਾਂ ਖੂਹ ਦੀ ਮਿੱਟੀ ਖੂਹ ਨੂੰ ਹੀ ਲਗ ਜਾਂਦੀ ਹੈ। ਕਈਆਂ ਦੇ ਤਾਂ ਡੰਗ ਦੀ ਡੰਗ ਗੁਜ਼ਾਰੇ ਹੀ ਹੋ ਰਹੇ ਹਨ।

ਕਈ ਵਿਚਾਰੇ ਦਸ ਦਸ ਸਾਲ ਸਲਾਹਾਂ ਕਰਦੇ ਰਹਿੰਦੇ ਹਨ ਕਿ ਭਾਰਤ ਫੇਰਾ ਮਾਰਨਾ ਹੈ। ਪਰ ਉਹ ਭਾਗਾਂ-ਭਰਿਆ ਦਿਨ, ਰਾਹੀਆਂ ਲਈ ਦੁਮੇਲ ਦੇ ਵਾਂਗੂੰ, ਆਉਣ ਵਿਚ ਹੀ ਨਹੀਂ ਆਉਂਦਾ। ਬਾਰਾਂ ਬਾਰਾਂ, ਚੌਦਾਂ ਚੌਦਾਂ ਸਾਲ ਤਕ ਹੋ ਜਾਂਦੇ ਹਨ। ਜਦ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਕਦੇ ਆਉਂਦੇ ਹਨ ਤਾਂ ਚਾਰ ਜਾਂ ਛੇਆਂ ਵਰ੍ਹਿਆਂ ਲਈ ਹੀ ਮੁਸ਼ਕਿਲ ਨਾਲ ਆ ਸਕਦੇ ਹਨ । ਕੋਈ ਹੀ ਕਿਸਮਤ ਵਾਲਾ ਤਿੰਨ ਜਾਂ ਚਾਰ ਮਹੀਨੇ ਰਹਿੰਦਾ ਹੈ, ਨਹੀਂ ਤਾਂ ਸਿੱਕਾਂ ਸਿੱਕਦੇ ਆਏ ਨੂੰ ਝਟ ਹੀ ਮੁੜਨਾ ਪੈਂਦਾ ਹੈ । ਕਿਉਂ ? ਕਿਉਂਕਿ ਰੋਟੀ ਜਾਂ ਰੁਜ਼ਗਾਰ ਦਾ ਮਸਲਾ ਹੁੰਦਾ ਹੈ । ਕੰਮ ਤੋਂ "ਸੈਕ" (ਛੁੱਟੀ) ਹੋ ਸਕਦੀ ਹੈ । ਪਿੱਛੇ (ਇੰਗਲੈਂਡ ਵਿਚ) ਟੱਬਰ ਹੁੰਦਾ ਹੈ । ਏਨਾ ਚਿਰ ਕਮਾਈ ਤੋਂ ਬਿਨਾਂ ਗੁਜ਼ਾਰਾ ਕਰਨਾ ਔਖਾ ਹੈ । ਇੰਗਲੈਂਡ ਵਿਚ ਤਾਂ ਕੰਮ ਤੋਂ ਬਿਨਾਂ ਇਕ ਦਿਨ ਵੀ ਵਿਹਲੇ ਰਹਿਣ ਨਾਲ ਨੱਕ ਵਿਚ ਦਮ ਆ ਜਾਂਦਾ ਹੈ । ਕਮਾਈ ਬੰਦ ਹੋ ਜਾਂਦੀ ਹੈ; ਪਰ ਬਿਜਲੀ, ਪਾਣੀ, ਗੈਸ ਆਦਿ ਦੇ ਖ਼ਰਚੇ ਉਵੇਂ ਹੀ ਹੁੰਦੇ ਹਨ । ਕਿਉਂਕਿ ਇਹਨਾਂ ਚੀਜ਼ਾਂ ਤੋਂ ਬਿਨਾਂ ਗੁਜ਼ਾਰਾ ਕਰਨਾ ਮੁਸ਼ਕਿਲ ਹੈ ।

ਫੇਰ, ਭਾਰਤ ਆਉਣ ਲਈ ਸਿਰਫ਼ ਕਿਰਾਏ ਦੀ ਲੋੜ ਹੀ ਨਹੀਂ ਹੁੰਦੀ, ਹੋਰ ਵੀ ਲੋੜਾਂ ਹੁੰਦੀਆਂ ਹਨ । ਦੋਸਤ, ਮਿੱਤਰ, ਰਿਸ਼ਤੇਦਾਰ, ਸਾਰੇ ਉਸ ਵਲ ਤੱਕਦੇ ਤੇ ਉਸ ਤੋਂ ਮਦਦ ਚਾਹੁੰਦੇ ਹਨ, ਅਤੇ ਉਹ ਸਹੀ ਵੀ ਹੁੰਦੇ ਹਨ । ਉਹਨਾਂ ਦਾ ਬੰਦਾ ਖੱਟ ਕਮਾ ਕੇ ਜਦੋਂ ਵਲੈਤੋਂ ਆਉਂਦਾ ਹੈ ਤਾਂ ਉਸ ਦੀ ਨੇਕ ਕਮਾਈ ਉਤੇ ਉਹਨਾਂ ਦਾ ਹੱਕ ਵੀ ਹੁੰਦਾ ਹੈ । ਉਸਦੇ ਆਪਣੇ ਹਿਰਦੇ ਵਿਚ ਵੀ ਇਹੋ ਭਾਵਨਾ ਹੁੰਦੀ ਹੈ ਕਿ ਉਹ ਉਹਨਾਂ ਦੀ ਮਦਦ ਕਰੇ । ਕਈ ਵਿਚਾਰੇ ਰਿਸ਼ਤੇਦਾਰ ਬਹੁਤ ਗ਼ਰੀਬ ਵੀ ਹੁੰਦੇ ਹਨ । ਹਿੰਦੋਸਤਾਨ ਗ਼ਰੀਬ ਹੀ ਹੈ ।

ਘਟੋ ਘਟ, ਇਕ ਜਣੇ ਦਾ, ਵੀਹ ਹਜ਼ਾਰ ਰੁਪਿਆ ਤਾਂ ਜ਼ਰੂਰ ਹੀ ਖ਼ਰਚ ਆ ਜਾਂਦਾ ਹੈ । ਤੀਹ ਹਜ਼ਾਰ, ਚਾਲੀ ਹਜ਼ਾਰ, ਪੰਜਾਹ ਹਜ਼ਾਰ ਵੀ ਬਹੁਤਾ ਨਹੀਂ । ਕਈ ਵਾਰ ਸਾਰੇ ਦਾ ਸਾਰਾ ਟੱਬਰ ਵੀ ਆਉਣਾ ਚਾਹੁੰਦਾ ਹੈ । ਇਸ ਹਿਸਾਬ ਕਿੰਨਾ ਪੈਸਾ ਉਹਨਾਂ ਕੋਲ ਹੋਣਾ ਚਾਹੀਦਾ ਹੈ ? ਹਿਸਾਬ ਲਾਉਣਾ ਮੁਸ਼ਕਿਲ ਨਹੀਂ ।

ਕਦੇ ਕਦੇ ਤਾਂ ਕਈ ਵਿਚਾਰੇ ਰੋਣ ਤਕ ਲਗ ਜਾਂਦੇ ਹਨ । ਦੇਸ ਜਾਣ ਲਈ ਸਾਲਾਂ ਉੱਤੋਂ ਸਾਲ ਬੀਤਦੇ ਜਾਂਦੇ ਹਨ, ਪਰ ਜਾਣ ਦੀ ਘੜੀ ਆਉਂਦੀ ਨਹੀਂ । ਵੱਡੀ ਗੱਲ ਕਿਰਾਇਆ ਅਤੇ ਖ਼ਰਚ ਹੀ ਜੁੜਨ ਵਿਚ ਆਉਂਦਾ ਨਹੀਂ । ਪੌਂਡ ਆਉਂਦੇ ਪਿਛੋਂ ਹਨ, ਖ਼ਰਚ ਪਹਿਲਾਂ ਹੋ ਜਾਂਦੇ ਹਨ । ਪੌਂਡ ਦਾ ਨਾਉਂ ਹੀ ਪੌਂਡ ਹੈ, ਇੰਗਲੈਂਡ ਵਿਚ ਉਹ ਭਾਰਤ ਦੇ ਰੁਪਏ ਵਾਂਗ ਹੀ ਹੁੰਦਾ ਹੈ । ਹੁਣ ਤਾਂ ਸਗੋਂ ਹੋਰ ਵੀ ਉਸਦੀ ਕਦਰ ਘਟ ਹੋ ਰਹੀ ਹੈ ।

ਖ਼ਾਸ ਕਰਕੇ ਔਰਤਾਂ ਤਾਂ ਸਾਡੀਆਂ ਬਹੁਤ ਹੀ ਦੁਖੀ ਹਨ । ਭਾਵੇਂ ਅਸੀਂ ਕਹਿਣ ਨੂੰ ਇੰਗਲੈਂਡ ਵਿਚ ਰਹਿ ਰਹੇ ਹਾਂ—ਅੱਗੇ ਵਧੇ ਹੋਏ ਮੁਲਕ ਵਿਚ—ਪਰ ਸੋਚ ਸਾਡੀ ਭਾਰਤ ਨਾਲੋਂ ਵੀ ਬਹੁਤੀ ਪਛੜੀ ਹੋਈ ਹੈ । ਅਸੀਂ ਆਪਣੀ ਔਰਤ ਨੂੰ ਇੰਗਲੈਂਡ ਵਿਚ ਵੀ ਲੋਹੇ ਦੀ ਜ਼ੰਜ਼ੀਰ ਨਾਲ ਬੰਨ੍ਹਿਆ ਹੋਇਆ ਹੈ । ਮਿਸਾਲ ਵਜੋਂ, ਅਸੀਂ ਆਪ ਤਾਂ ਪੱਬ ਵਿਚ ਬਹਿਣਾ ਚਾਹਾਂਗੇ, ਪਰ ਅਸੀਂ ਆਪਣੀ ਔਰਤ ਬਾਰੇ ਸੋਚ ਵੀ ਨਹੀਂ ਸਕਾਂਗੇ ਕਿ ਉਹ ਵੀ ਪੱਬ ਵਿਚ ਬੈਠੀ ਹੋਵੇ । ਸਾਡੀ ਔਰਤ ਆਪਣੇ ਆਪ ਨੂੰ ਆਪ ਵੀ ਪਿੱਛੇ ਰਖਦੀ ਹੈ । ਪਰ ਇਸਦਾ ਕਾਰਨ ਮਰਦਾਂ ਵਲੋਂ ਡਰ ਜਾਂ ਭੈਅ ਹੀ ਬਹੁਤਾ ਹੈ । ਅੱਗੇ ਵਧੂ ਤੋਂ ਅੱਗੇ ਵਧੂ ਮਰਦ ਵੀ ਇਹ ਨਹੀਂ ਚਾਹੇਗਾ ਕਿ ਉਸ ਦੀ ਔਰਤ ਪੂਰੀ ਦੀ ਪੂਰੀ ਉਸ ਦੇ ਨਾਲ ਬਰਾਬਰ ਹੋਵੇ । ਕੁਝ ਅਧਿਕਾਰ ਉਹ ਆਪਣੇ ਲਈ ਵਿਸ਼ੇਸ਼ ਹੀ ਰਖਣੇ ਚਾਹੁੰਦਾ ਹੈ ।

ਪੱਬ, ਇੰਗਲੈਂਡ ਦੇ ਜੀਵਨ ਵਿਚ ਵੱਡਾ ਮਨ-ਪਰਚਾਵਾ ਹੈ । ਮਰਦ ਨੂੰ ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣਾ ਮਨ ਪਰਚਾਉਣ ਦੀ ਲੋੜ ਮਹਿਸੂਸ ਹੋਵੇ, ਪੱਬ ਵਿਚ ਜਾ ਬਹਿੰਦਾ ਹੈ। ਔਰਤ, ਆਪਣਾ ਮਨ-ਪਰਚਾਵਾ, ਆਪਣੇ ਘਰ ਦੀਆਂ ਕੰਧਾਂ ਵਲ ਹੀ ਦੇਖ ਦੇਖ ਕਰ ਸਕਦੀ ਹੈ। ਜਾਂ ਫੇਰ ਉਸ ਲਈ ਕਿਚਨ ਹੈ। ਭਾਰਤ ਵਾਂਗ, ਇੰਗਲੈਂਡ ਵਿਚ ਵੀ, ਭਾਰਤੀ ਔਰਤ ਕਿਚਨ ਵਿਚ ਹੀ ਸੁਹੰਦੀ ਸਮਝੀ ਜਾਂਦੀ ਹੈ।

ਅਸੀਂ ਇੰਗਲੈਂਡ ਦੇ ਮੌਸਮ ਤੋਂ ਵੀ ਕਾਫ਼ੀ ਤੰਗ ਪੈ ਜਾਂਦੇ ਹਾਂ। ਇੰਗਲੈਂਡ ਦੀ ਗ੍ਰੀਸ਼ਮ ਰੁੱਤ (Summer) ਭਾਵੇਂ ਬਹੁਤ ਹੀ ਸੁੰਦਰ ਹੈ, ਪਰ ਜਦੋਂ ਸਿਆਲਾ ਆਉਂਦਾ ਹੈ ਤਾਂ ਕਾਫ਼ੀ ਮੁਸ਼ਕਿਲ ਹੁੰਦੀ ਹੈ। ਹਵਾ ਸੀਤ ਹੀ ਨਹੀਂ ਹੁੰਦੀ, ਤੇਜ਼ ਵੀ ਬਹੁਤ ਹੁੰਦੀ ਹੈ। ਅਕਤੂਬਰ ਵਿਚ ਹੀ ਝੱਖੜ ਅਤੇ ਤੂਫ਼ਾਨ ਸ਼ੁਰੂ ਹੋ ਜਾਂਦੇ ਹਨ।

ਇੰਗਲੈਂਡ ਵਿਚ ਸਭ ਤੋਂ ਵੱਧ ਮੀਂਹ ਅਕਾਊ ਹੁੰਦਾ ਹੈ। ਇਸ ਮੀਂਹ ਤੋਂ, ਅਸੀਂ ਤਾਂ ਕੀ, ਅੰਗਰੇਜ਼ ਵੀ ਤੰਗ ਪੈ ਜਾਂਦੇ ਹਨ। ਗਰਮੀਆਂ ਵਿਚ, ਕਦੇ ਕਦੇ ਤਾਂ, ਖ਼ੈਰ, ਇਹ ਠੀਕ ਹੀ ਹੁੰਦਾ ਹੈ ਤੇ ਠੰਡ ਜਿਹੀ ਵੀ ਪਾਉਂਦਾ ਹੈ, ਪਰ ਸਰਦੀਆਂ ਵਿਚ ਹਰ ਕੋਈ ਇਸ ਤੋਂ ਕਾਫ਼ੀ ਤੰਗ ਆ ਜਾਂਦਾ ਹੈ। ਧੁੰਦਾਂ ਅਤੇ ਬੱਦਲਾਂ ਥੱਲੇ ਹਰ ਵੇਲੇ ਹੀ ਇਸ ਮੀਂਹ ਦੀ ਘਿਸ ਘਿਸ ਹੁੰਦੀ ਰਹਿੰਦੀ ਹੈ।

ਕਹਿੰਦੇ ਹਨ, ਸਾਉਣ ਵਿਚ, ਭਾਰਤ ਜਾਂ ਪੰਜਾਬ ਵਿਚ, ਸੌ ਕੁ ਮੀਂਹ ਪੈ ਜਾਂਦਾ ਹੈ। ਇਸ ਹਿਸਾਬ, ਇੰਗਲੈਂਡ ਵਿਚ, ਹਰ ਮਹੀਨੇ, ਇਕ ਹਜ਼ਾਰ ਦੇ ਨੇੜੇ ਤੇੜੇ ਮੀਂਹ ਪੈਂਦੇ ਹਨ। ਭਾਰਤ ਵਿਚ ਸਾਉਣ-ਭਾਦੋਂ ਬਰਖਾ ਦੇ ਮਹੀਨੇ ਹਨ, ਇੰਗਲੈਂਡ ਵਿਚ ਹਰ ਮਹੀਨਾ ਬਰਖਾ ਦਾ ਮਹੀਨਾ ਹੈ। ਜਿਵੇਂ ਸਾਡਾ ਹਿੰਦੋਸਤਾਨ ਬਹੁਤਾ ਧੁੱਪ ਦਾ ਦੇਸ਼ ਹੈ, ਇੰਗਲੈਂਡ ਮੀਂਹ ਦਾ ਦੇਸ਼ ਹੈ।

ਫੇਰ ਬਰਫ਼ਾਂ ਹੁੰਦੀਆਂ ਹਨ ਜੋ ਭਾਵੇਂ ਇਕ ਨਜ਼ਾਰਾ ਵੀ ਹਨ, ਪਰ ਤੰਗ ਵੀ ਬਹੁਤ ਕਰਦੀਆਂ ਹਨ। ਖ਼ਾਸ ਕਰਕੇ ਅਸੀਂ, ਭਾਰਤੀ, ਜਿਹੜੇ ਕੇਵਲ ਰੋਟੀ ਜਾਂ ਰੁਜ਼ਗਾਰ ਲਈ ਹੀ ਆਏ ਹਾਂ, ਕਾਫ਼ੀ ਤੰਗ ਹੋ ਜਾਂਦੇ ਹਾਂ। ਕਿਉਂਕਿ ਅਸੀਂ ਇਸੇ ਲਈ ਇਹ ਮੌਸਮ ਸਹਿਣਾ ਹੁੰਦਾ ਹੈ।

ਅਜਿਹੇ ਭੈੜੇ ਮੌਸਮ ਵਿਚ, ਖ਼ਾਸ ਕਰਕੇ ਛੋਟੇ ਬੱਚੇ, ਕਾਫ਼ੀ ਤੰਗ ਆ ਜਾਂਦੇ ਹਨ। ਕਿਉਂਕਿ ਉਹਨਾਂ ਲਈ ਪਾਰਕਾਂ ਵਿਚ ਜਾਣਾ ਮੁਸ਼ਕਿਲ ਹੁੰਦਾ ਹੈ। ਘਰ ਹੀ ਡੱਕੇ ਰਹਿੰਦੇ ਹਨ। ਇਹ ਬੱਚੇ ਗਰਮੀਆਂ ਵਿਚ ਹੀ ਖ਼ੁਸ਼ੀ ਮਹਿਸੂਸ ਕਰ ਸਕਦੇ ਹਨ।

ਅਜਿਹੇ ਕੁਝ ਇਕ ਕਾਰਨਾਂ ਕਰਕੇ, ਸਾਡੀ ਔਰਤ, ਕਾਫ਼ੀ ਹੱਦ ਤਕ, ਘੁਟਨ ਮਹਿਸੂਸ ਕਰ ਰਹੀ ਹੈ।

ਦੁੱਖ ਸੁਖ ਦੀ ਗੱਲ ਵੀ ਹੈ। ਭਾਵੇਂ ਅਸੀਂ ਵੱਧ ਤੋਂ ਵੱਧ ਆਪਣੇ ਆਰ ਪਰਵਾਰ ਅਤੇ ਰਿਸ਼ਤੇਦਾਰ ਸੱਦ ਲੈਂਦੇ ਹਾਂ, ਕੋਈ ਨਾ ਕੋਈ ਅੰਗਲੀ ਸੰਗਲੀ ਤਾਂ ਵੀ ਪਿਛੇ ਹੁੰਦੀ ਹੀ ਹੈ। ਆਪਣੇ ਸਾਰੇ ਰਿਸ਼ਤੇਦਾਰ ਤਾਂ ਕੋਈ ਵੀ ਸੱਦ ਹੀ ਸਕਦਾ ਨਹੀਂ। ਆਪਣੇ ਰਿਸ਼ਤੇਦਾਰ ਆ ਗਏ ਤਾਂ ਪਤਨੀ ਦੇ ਰਹਿ ਜਾਂਦੇ ਹਨ। ਭੈਣਾਂ ਦੇ, ਭਰਾਵਾਂ ਦੇ, ਪੁੱਤਰਾਂ ਦੇ ਤੇ ਧੀਆਂ ਦੇ। ਇਸ ਹਾਲਤ ਵਿਚ ਦੁੱਖ ਜਾਂ ਸੁਖ ਬਹੁਤ ਹੀ ਦੁੱਖ ਦਿੰਦੇ ਹਨ। ਖ਼ਾਸ ਕਰਕੇ ਦੁੱਖ ਸਹਾਰਨੇ ਬੜੇ ਹੀ ਮੁਸ਼ਕਲ ਹੁੰਦੇ ਹਨ।

ਮੇਰੇ ਬੜੇ ਹੀ ਚੰਗੇ ਸਾਥੀ ਕੇਸਰ ਸਿੰਘ ਜੌਹਲ ਦੀ ਪਤਨੀ ਦੇ ਭਰਾ ਦੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚ ਸਭ ਹੋ ਗਈ ਸੀ। ਜਦੋਂ ਖ਼ਬਰ ਆਈ ਤਾਂ ਉਹਨਾਂ ਦੀ ਪਤਨੀ ਉੱਚੀ ਉੱਚੀ ਕੀਰਨੇ ਪਾਉਣ ਲਗ ਪਈ ਸੀ। ਉਹ ਕੀਰਨੇ, ਨਿਰਸੰਦੇਹ, ਪੰਜਾਬ ਤਕ ਸੁਣ ਰਹੇ ਸਨ। ਨਾ ਪੰਜਾਬ ਆ ਸਕਦੀ ਸੀ, ਨਾ ਉਥੇ ਹੀ ਰਹਿ ਸਕਦੀ ਸੀ। ਇੰਗਲੈਂਡ ਵਿਚ ਉਹ ਮੱਛੀ ਵਾਂਗੂ ਤੜਫਣ ਲਈ ਮਜਬੂਰ ਸੀ। ਭਾਵੇਂ ਉਹ ਪੰਜਾਬ ਆਕੇ ਆਪਣੇ ਵਿਛੁੱੜ ਚੁੱਕੇ ਹੋਏ ਭਰਾ ਨੂੰ ਮਿਲ ਨਹੀਂ ਸਕਦੀ ਸੀ, ਪਰ ਮੜ੍ਹੀ ਤਾਂ ਦੇਖ ਸਕਦੀ ਸੀ? ਰੋਣ ਧੋਣ ਤੋਂ ਮਗਰੋਂ, ਉਸ ਨੂੰ, ਓੜਕ ਚੁੱਪ ਕਰ ਜਾਣਾ ਪਿਆ।

ਕਾਵੈਂਟਰੀ ਵਿਚ ਇਕ ਸੱਜਣ ਬਾਬੂ ਸਿੰਘ ਜੀ ਮਾਂਗਟ ਹਨ। ਪੰਜਾਬ ਵਿਚ, ਦੁਰਾਹੇ ਲਾਗੇ, ਉਹਨਾਂ ਦਾ ਪਿੰਡ ਜਟਾਣਾ ਹੈ ਜਿਹੜਾ ਸੰਨ ੭੫ ਵਿਚ ਝੱਖੜ ਜਾਂ ਤੂਫ਼ਾਨ ਹਥੋਂ ਮਲੀਆਮੇਟ ਹੋ ਗਿਆ ਸੀ। ਇਸ ਤੂਫ਼ਾਨ ਨੇ ਉਹਨਾਂ ਦੇ ਘਰ ਦੇ ਕਈ ਜੀਅ ਖੱਸ ਲਏ ਸਨ। ਪਹਿਲਾਂ ਕਾਫ਼ੀ ਵਰ੍ਹੇ ਉਹ ਅਫਰੀਕਾ ਰਹਿੰਦੇ ਰਹੇ ਹਨ ਤੇ ਹੁਣ ਇੰਗਲੈਂਡ ਆ ਗਏ ਹਨ। ਜਿਵੇਂ ਵਿਛੁੱੜ ਗਏ ਭਰਾ ਨੂੰ ਕਦੇ ਰਾਮ ਰੋ ਰਿਹਾ ਸੀ, ਇਉਂ, ਬਾਬੂ ਸਿੰਘ ਜੀ ਮਾਂਗਟ ਕਲਪ ਕਲਪ ਜਾ ਰਹੇ ਸਨ। ਦੁਨੀਆਂ, ਭਾਵੇਂ, ਸਾਇੰਸ ਨੇ, ਅੱਜ ਬਹੁਤ ਛੋਟੀ ਕਰ ਦਿਤੀ ਹੈ, ਪਰ ਇਹ ਬਹੁਤ ਬੜੀ ਵੀ ਹੈ। ਇਹ ਨੇੜੇ ਵੀ ਹੈ ਤੇ ਦੂਰ ਵੀ। ਨੇੜੇ ਇਹ ਥੋੜਿਆਂ ਲਈ ਹੈ, ਦੂਰ ਅਜੇ ਇਹ ਬਹੁਤਿਆਂ ਲਈ।

ਇਕ ਬੀਬੀ ਕਈ ਵਰ੍ਹੇ ਤੋਂ ਦੇਸ ਨਹੀਂ ਆ ਸਕੀ ਸੀ। ਉਸ ਦਾ ਪਤੀ ਕਹਿੰਦਾ ਸੀ ਕਿ ਇਸ ਵਿਚ ਗੱਲ ਹੀ ਕਿਹੜੀ ਹੈ। ਹੋਰ ਵੀ ਬਹੁਤ ਲੋਕ ਹਨ ਜੋ ਸਾਡੇ ਵਾਂਗ ਰਹਿ ਰਹੇ ਹਨ, ਉਹਨਾਂ ਨੂੰ ਕੋਈ ਸ਼ਿਕਾਇਤ ਨਹੀਂ। ਪਤੀ ਉਸ ਦੀ ਗੱਲ ਨੂੰ ਥੋੜਾ ਹਾਸੇ ਵਿਚ ਪਾ ਰਿਹਾ ਸੀ। ਪਰ ਉਹ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈ ਰਹੀ ਸੀ। ਉਸ ਨੇ ਕਾਫ਼ੀ ਦੁੱਖ ਜਿਹੇ ਨਾਲ, ਉਸ ਦੀ ਗੱਲ ਨੂੰ ਕੱਟਦੇ ਹੋਏ, ਮੇਰੇ ਵਲ ਸੰਬੋਧਨ ਕੀਤਾ: "ਭਾਈ ਸਾਹਿਬ, ਮੈਂ ਤਾਂ ਬਹੁਤ ਦੁਖੀ ਹਾਂ। ਅੰਦਰ ਮੇਰੀਆਂ ਤਿੰਨ ਸਹੇਲੀਆਂ ਹੋਰ ਬੈਠੀਆਂ ਹੋਈਆਂ ਹਨ, ਉਹਨਾਂ ਨੂੰ ਪੁੱਛ ਕੇ ਦੇਖ ਲਓ, ਉਹ ਵੀ ਇਹੋ ਕਹਿ ਰਹੀਆਂ ਹਨ। ਮੈਂ ਮੂੰਹ ਉਤੇ ਕਹਿ ਦਿੰਦੀ ਹਾਂ, ਉਹ ਪਿੱਠ ਪਿਛੇ ਕਹਿ ਰਹੀਆਂ ਹਨ। ਇੰਗਲੈਂਡ ਤਾਂ ਮਿੱਠੀ ਕੈਦ ਐ।"

ਕਾਲੇ ਗੋਰੇ ਦੇ ਵਿਤਕਰੇ ਦੀ ਗੱਲ ਵੀ ਬੜੀ ਦੁਖਦਾਈ ਹੈ। ਇੰਗਲੈਂਡ ਵਿਚ ਸਭ ਨੂੰ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਜ਼ਹਿਰ ਰੋਜ਼ ਹੀ ਏਥੇ ਉਤਪੰਨ ਹੁੰਦੀ ਰਹਿੰਦੀ ਹੈ।

ਇਕ ਦਿਨ, ਕਾਵੈਂਟਰੀ ਤੋਂ, ਕਿਸੇ ਮਿੱਤਰ ਦੀ ਕਾਰ ਵਿਚ ਮੈਂ ਲੰਡਨ ਵਲ ਜਾ ਰਿਹਾ ਸਾਂ। ਪਿਛੋਂ ਆਉਂਦੀ ਇਕ ਕੋਚ ਸਾਡੀ ਕਾਰ ਨੂੰ ਪਾਸ ਕਰਦੀ ਸਾਡੇ ਅੱਗੇ ਨਿਕਲ ਗਈ। ਇਸ ਕੋਚ ਵਿਚ ਬਹੁਤੇ ਨੌਜਵਾਨ ਜਿਹੇ ਗੋਰੇ ਬੈਠੇ ਸਨ। ਜਾਪਦਾ ਸੀ ਜਿਵੇਂ ਉਹ ਯੂਨੀਵਰਸਿਟੀ ਦੇ ਵਿਦਿਆਰਥੀ ਹੋਣ।

ਕੋਚ ਅੱਗੇ ਲੰਘੀ ਤਾਂ ਕੁਝ ਗੋਰੇ ਕੋਚ ਵਿਚੋਂ ਪਿਛੇ ਤੱਕਣ ਲਗੇ ਤੇ ਸਾਨੂੰ ਗਾਹਲਾਂ ਕੱਢਣ ਲਗੇ। ਝੱਈਆਂ ਨਾਲ ਉਹਨਾਂ ਦੇ ਚਿਹਰੇ ਵਹਿਸ਼ੀ ਅਤੇ ਲਾਲ ਸਨ। ਆਪਣੇ ਹੱਥ ਦੀਆਂ ਦੋ ਉਂਗਲਾਂ ਉਹਨਾਂ ਨੇ ਜੋੜੀਆਂ ਹੋਈਆਂ ਸਨ ਜੋ ਸਾਡੇ ਵਲ ਹਿਲਾਉਂਦੇ ਸਨ। ਕਿਸੇ ਦੀ ਹੇਠੀ ਕਰਨ ਲਈ ਇਹ ਉਂਗਲਾਂ ਜੋੜੀਆਂ ਜਾਂਦੀਆਂ ਹਨ। ਜਿਵੇਂ ਅਸੀਂ ਠੁੱਠ ਵਿਖਾ ਕੇ ਕਿਸੇ ਦੀ ਹੇਠੀ ਕਰਦੇ ਹਾਂ। ਇਹ ਉਂਗਲਾਂ ਠੁੱਠ ਨਾਲੋਂ ਵੀ ਵੱਧ ਚਿੜਾਉਣੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀਆਂ ਹਨ। ਇਹ ਕਿਸੇ ਨੂੰ ਨੰਗੀ ਗਾਹਲ ਹੀ ਹਨ। ਦੁੱਖ ਉਹਨਾਂ ਨੂੰ ਕੀ ਸੀ ? ਇਕ ਤਾਂ ਅਸੀਂ ਕਾਲੇ (ਏਸ਼ੀਆਈ) ਸਾਂ, ਦੂਜੇ ਅਸੀਂ ਕਾਫ਼ੀ ਵਧੀਆ ਕਾਰ ਵਿਚ ਜਾ ਰਹੇ ਸਾਂ।

ਇਕ ਵਾਰ ਇਕ ਬੁੱਢੀ ਮੇਮ ਨੇ, ਸਾਨੂੰ, ਏਸ਼ੀਆਈਆਂ ਨੂੰ, ਜਾਂ ਭਾਰਤੀਆਂ ਨੂੰ, ਦੇਖਦੀ ਸਾਰ ਹੀ ਬੂਲ੍ਹ ਜਿਹਾ ਕੱਢ ਦਿਤਾ ਸੀ। ਅਸੀਂ ਪੰਜ ਕਿ ਸੱਤ ਜਣੇ ਕਾਵੈਂਟਰੀ ਦੇ ਸਿਟੀ ਸੈਂਟਰ ਵਿਚ ਚੱਕਰ ਕੱਢਦੇ ਫਿਰਦੇ ਸਾਂ। ਇਕ ਦੁਕਾਨ ਦੇ ਸ਼ੀਸ਼ੇ ਵਿਚੋਂ ਅਸੀਂ ਅੰਦਰ ਦੇਖਿਆ। ਅੰਦਰ ਇਕ ਬੁੱਢੀ ਮੇਮ ਸੋਫ਼ੇ ਉਤੇ ਬੈਠੀ ਸੀ ਤੇ ਸਾਡੇ ਵਲ ਤੱਕ ਰਹੀ ਸੀ। ਅਸੀਂ ਉਸ ਵਲ ਦੇਖਿਆ ਤਾਂ ਉਸ ਨੇ ਬੜੀ ਹੀ ਘਿਰਣਾ ਨਾਲ ਸਾਨੂੰ ਆਪਣਾ ਬੂਲ੍ਹ ਕੱਢ ਦਿਤਾ।

ਕਾਲੇ ਗੋਰੇ ਤੋਂ ਬਿਨਾਂ ਵੀ, ਕਈ ਅੰਗਰੇਜ਼ ਕਾਮੇ ਵੀ, ਸਹਿਜ ਸਭਉਕੀ ਸਾਡੇ ਭਾਰਤੀ ਕਾਮਿਆਂ ਨੂੰ ਕਹਿ ਦਿੰਦੇ ਹਨ : "ਸਾਨੂੰ ਤੁਸੀਂ ਕਹਿੰਦੇ ਸਉ ਕਿ ਸਾਡੇ ਦੇਸ ਤੋਂ ਚਲੇ ਜਾਓ, ਜੇ ਹੁਣ ਅਸੀਂ ਚਲੇ ਆਏ ਤਾਂ ਤੁਸੀਂ ਸਾਡੇ ਮਗਰੇ ਸਾਡੇ ਦੇਸ ਵਿਚ ਕਿਉਂ ਆਏ ਹੋ ?" ਅਤੇ ਉਹ ਇਹ ਵੀ ਕਹਿੰਦੇ ਹਨ : "ਆਜ਼ਾਦ ਹੋਣ ਲਈ ਕਹਿੰਦੇ ਸਉ, ਹੁਣ ਆਜ਼ਾਦ ਹੋ ਗਏ ਹੋ, ਪਰ ਰੋਟੀ ਜਾਂ ਰੁਜ਼ਗਾਰ ਲਈ ਹੁਣ ਸਾਡੇ ਦੇਸ ਵਿਚ ਆਉਂਦੇ ਹੋ, ਫੇਰ ਆਜ਼ਾਦ ਕਿਉਂ ਹੋਏ ਸਉ ?" ਅਤੇ ਉਹ ਮਿਹਣਾ ਦਿੰਦੇ ਹਨ : "ਦੇਖ ਲਓ, ਰੁਜ਼ਗਾਰ ਫੇਰ ਵੀ ਸਾਡਾ ਦੇਸ ਹੀ ਦਿੰਦਾ ਹੈ !" ਅਤੇ ਇਹ ਗੱਲਾਂ ਸਹੀ ਵੀ ਹਨ। ਸਾਡੇ ਭਾਰਤੀ ਕਾਮਿਆਂ ਕੋਲ ਇਹਨਾਂ ਦਾ ਕੋਈ ਜਵਾਬ ਨਹੀਂ ਹੁੰਦਾ।

ਸਭ ਤੋਂ ਵੱਡੀ ਮੁਸ਼ਕਿਲ, ਸਾਡੀ, ਸਭਿਆਚਾਰ ਦੀ ਹੁੰਦੀ ਹੈ। ਅਸੀਂ ਆਪਣੇ ਸਭਿਆਚਾਰ ਤੋਂ ਦੂਰ ਹੋ ਗਏ ਹੁੰਦੇ ਹਾਂ ਤੇ ਕਿਸੇ ਓਪਰੇ ਸਭਿਆਚਾਰ ਦੇ ਨੇੜੇ ਹੋਣਾ ਆਸਾਨ ਨਹੀਂ ਹੁੰਦਾ। ਸਿੱਟਾ ਇਹ ਹੋ ਜਾਂਦਾ ਹੈ ਕਿ ਆਪਣੀ ਚਾਲ ਰਹਿੰਦੀ ਨਹੀਂ ਤੇ ਨਵੀਂ ਦੀ ਜਾਚ ਆਉਂਦੀ ਨਹੀਂ। ਇਸ ਹਾਲਤ ਵਿਚ ਵਿਅਕਤਿਤਵ ਨੂੰ ਬੜੀ ਹੀ ਹਾਨੀ ਪੁੱਜਦੀ ਹੈ।

ਇੰਗਲੈਂਡ ਵਿਚ, ਭਾਰਤੀ ਲੋਕ, ਖ਼ਾਸ ਕਰ ਸਭਿਆਚਾਰਕ ਪੱਖ ਤੋਂ, ਆਪਣੇ ਬੱਚਿਆਂ ਬਾਰੇ ਕਾਫ਼ੀ ਚਿੰਤਾ ਕਰਦੇ ਰਹਿੰਦੇ ਹਨ। ਉਹਨਾਂ ਨੂੰ ਆਪਣੇ ਸਭਿਆਚਾਰ ਦੀ ਬਹੁਤੀ ਛੁਹ ਨਹੀਂ ਰਹਿ ਗਈ ਹੁੰਦੀ। ਅੰਗਰੇਜ਼ੀ ਸਭਿਆਚਾਰ ਵਿਚ ਉਹ ਕਿੰਨਾ ਕੁ ਵਧ ਫੁਲ ਸਕਦੇ ਹਨ ? ਆਖਣਾ ਮੁਸ਼ਕਿਲ ਹੁੰਦਾ ਹੈ। ਹਾਲਤ ਬੜੀ ਅਨਿਸਚਿਤ ਹੈ।

ਬੱਚਿਆਂ ਲਈ ਮੇਜ਼ ਅਤੇ ਕੁਰਸੀ ਕਹਿਣਾ ਮੁਸ਼ਕਿਲ ਹੈ, ਟੇਬਲ ਅਤੇ ਚੇਅਰ ਦੀ ਹੀ ਉਹਨਾਂ ਨੂੰ ਸਮਝ ਆ ਸਕਦੀ ਹੈ। ਬੂਹਾ ਅਤੇ ਬਾਰੀ ਵੀ ਉਹ ਸਮਝ ਨਹੀਂ ਸਕਣਗੇ। ਉਹਨਾਂ ਲਈ ਇਹ ਡੋਰ ਅਤੇ "ਵਿੰਡਾ" ਹੀ ਹੋ ਸਕਦੇ ਹਨ। ਮਾਤਾ ਅਤੇ ਪਿਤਾ ਤਾਂ ਭਲਾ ਅੱਜ ਕਲ੍ਹ ਹਿੰਦੋਸਤਾਨ ਵਿਚ ਵੀ ਮੰਮੀ ਅਤੇ ਡੈਡੀ ਹੀ ਹਨ।

ਬੱਚੇ, ਦਾਲ ਫੁਲਕੇ ਨਾਲੋਂ, ਅੰਗਰੇਜ਼ੀ ਢੰਗ ਨਾਲ ਬਣਿਆ "ਡੀਨਾ" ਬੜਾ ਹੀ ਚਾਹ ਕੇ ਖਾਂਦੇ ਹਨ। ਮਾਵਾਂ ਦਾਲ ਫੁਲਕਾ ਖਾਣ ਲਈ ਉਹਨਾਂ ਨੂੰ ਕਹਿੰਦੀਆਂ ਰਹਿੰਦੀਆਂ ਹਨ, ਪਰ ਦਾਲ ਫੁਲਕਾ ਖਾ ਕੇ ਜਿਵੇਂ ਉਹਨਾਂ ਦਾ ਢਿੱਡ ਹੀ ਭਰਦਾ ਨਹੀਂ। ਖਾ ਜ਼ਰੂਰ ਉਹ ਲੈਂਦੇ ਹਨ, ਪਰ ਅਸਲੀ ਰੱਜ ਉਹਨਾਂ ਨੂੰ ਇੰਗਲਿਸ਼ "ਡੀਨੇ" ਨਾਲ ਹੀ ਆਉਂਦਾ ਹੈ। ਇਸੇ ਤਰ੍ਹਾਂ ਹੀ ਰਹਿਣੀ ਬਹਿਣੀ ਦੇ ਬਾਕੀ ਦੂਜੇ ਪੱਖ ਵੀ ਹਨ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸਲ ਵਿਚ, ਇੰਗਲੈਂਡ ਵਿਚ [illegible] ਨਸਲ, ਸਾਡੀ, ਕੁਝ ਕੁਝ ਦੋਗਲੀ ਜਿਹੀ ਹੋ ਗਈ ਹੈ। ਨਾ ਉਹ ਹਿੰਦੋਸਤਾਨੀ ਹਨ, ਨਾ ਹੀ ਉਹ ਅੰਗਰੇਜ਼ ਹਨ। ਕਈ ਬੱਚੇ, ਸਾਡੇ ਆਪਣੇ, ਸਾਡੇ ਹਿੰਦੋਸਤਾਨੀਆਂ ਬਾਰੇ ਉਹੀਓ ਰਾਵਾਂ ਰਖਦੇ ਹਨ ਜੋ ਅੰਗਰੇਜ਼ ਰਖਦੇ ਹਨ। ਅੰਗਰੇਜ਼ ਇਹ ਗੱਲ ਕਹਿੰਦੇ ਹਨ ਕਿ ਉਹਨਾਂ ਨੂੰ ਸਾਡੇ ਘਰਾਂ ਵਿਚੋਂ ਇਕ ਬੋ (Smell) ਜਿਹੀ ਆਉਂਦੀ ਰਹਿੰਦੀ ਹੈ। ਇਹੀਓ ਗੱਲ ਸਾਡੇ ਬੱਚੇ ਵੀ ਕਈ ਵਾਰ ਆਖਦੇ ਰਹਿੰਦੇ ਹਨ। ਮੇਰੇ ਇਕ ਮੇਜ਼ਬਾਨ ਦੀ ਚੌਦਾਂ ਪੰਦਰਾਂ ਵਰ੍ਹੇ ਦੀ ਲੜਕੀ ਸ਼ਾਪਿੰਗ ਲਈ ਕਿਸੇ ਅੰਗਰੇਜ਼ੀ ਸ਼ਾਪ ਵਿਚ ਹੀ ਜਾਂਦੀ ਸੀ। ਹਿੰਦੋਸਤਾਨੀ ਸ਼ਾਪ ਵਿਚੋਂ, ਉਹ ਕਹਿੰਦੀ ਸੀ ਕਿ ਉਸ ਨੂੰ ਇਕ "ਸਮੈੱਲ" ਜਿਹੀ ਆਉਂਦੀ ਰਹਿੰਦੀ ਹੈ। ਉਂਜ ਵੀ ਉਸ ਦੀਆਂ ਬਹੁਤੀਆਂ ਆਦਤਾਂ ਹਿੰਦੋਸਤਾਨੀ ਨਹੀਂ ਸਨ, ਅੰਗਰੇਜ਼ੀ ਢੰਗ ਦੇ ਨੇੜੇ ਸਨ। ਇਹ ਅਵਸਥਾ, ਨਿਰਸੰਦੇਹ, ਸੋਚਣ ਦੀ ਮੰਗ ਕਰਦੀ ਹੈ। ਕਿਉਂਕਿ ਇਹਨਾਂ ਬੱਚਿਆਂ ਨੂੰ ਜੇ ਹਿੰਦੋਸਤਾਨ ਆ ਜਾਣਾ ਪਵੇ ਤਾਂ ਕੀ ਉਹ ਆਪਣੀ ਮਾਤ ਭੂਮੀ ਵਿਚ ਖ਼ੁਸ਼ੀ ਨਾਲ ਰਹਿ ਸਕਣਗੇ? ਮੇਰਾ ਖ਼ਿਆਲ ਹੈ, ਉਹਨਾਂ ਨੂੰ ਇਸ ਵਿਚ ਕਾਫ਼ੀ ਮੁਸ਼ਕਿਲ ਆਵੇਗੀ।

ਇੰਗਲੈਂਡ ਵਿਚ ਭਾਰਤੀ ਭਾਰਤੀ ਪੰਜ ਲੱਖ ਦੇ ਨੇੜੇ ਹਨ, ਏਸ਼ੀਆਈ ਸਤਾਰਾਂ ਸਾਢੇ ਸਤਾਰਾਂ ਲੱਖ ਦੇ ਨੇੜੇ ਹਨ। ਇਹਨਾਂ ਏਸ਼ੀਆਈਆਂ ਵਿਚ ਹਿੰਦੋਸਤਾਨੀ, ਪਾਕਿਸਤਾਨੀ, ਅਫ਼ਰੀਕਨ, ਜਮੀਕਨ ਤੇ ਹੋਰਾਂ ਮੁਲਕਾਂ ਦੇ ਲੋਕ ਹਨ। ਉਂਜ ਤਾਂ ਸਾਰੇ ਏਸ਼ੀਆਈ ਹੀ ਇਕ ਦੂਜੇ ਦੇ ਨੇੜੇ ਹਨ, ਪਰ ਭਾਰਤੀ ਅਤੇ ਪਾਕਿਸਤਾਨੀ ਆਪਣੇ ਆਪ ਨੂੰ ਇਕ ਦੂਜੇ ਦੇ ਬਹੁਤਾ ਨੇੜੇ ਗਿਣਦੇ ਹਨ। ਦੇਖੋ, ਕੀ ਵਿਅੰਗ ਹੈ: ਏਥੇ ਅਸੀਂ ਲੜੇ ਅਤੇ ਇਕ ਦੂਜੇ ਦੇ ਵੈਰੀ ਬਣੇ, ਉਥੇ ਅਸੀਂ ਇਕ ਦੂਜੇ ਨੂੰ ਬੜੇ ਹੀ ਚਾਅ ਨਾਲ ਮਿਲਦੇ ਹਾਂ। ਵਾਹਗੇ ਦੀ ਸਰਹੱਦ ਉਤੇ (ਯਾਨੀ ਆਪਣੇ ਵਤਨ ਵਿਚ) ਸਾਨੂੰ ਮਿਲਣਾ ਮੁਸ਼ਕਿਲ ਹੈ, ਇੰਗਲੈਂਡ ਵਿਚ ਆਸਾਨ ਹੈ—ਜਿਸ ਇੰਗਲੈਂਡ ਨੇ ਸਾਨੂੰ ਇਕ ਤੋਂ ਦੋ ਕਰ ਦਿਤਾ ਹੋਇਆ ਹੈ।

ਇੰਗਲੈਂਡ ਵਿਚ ਦੁੱਖ ਤੇ ਸੁਖ ਵੀ ਸਾਡੇ ਕਾਫ਼ੀ ਸਾਂਝੇ ਹਨ। ਖ਼ਾਸ ਕਰ ਕੇ ਨਸਲਵਾਦੀ ਗੋਰਿਆਂ ਦੀਆਂ ਨਜ਼ਰਾਂ ਵਿਚ ਅਸੀਂ ਦੋਵੇਂ ਹੀ "ਕਾਲੇ" ਹਾਂ।

ਇੰਗਲੈਂਡ ਵਿਚ ਜਿਹੜੇ ਲੋਕੀ ਫ਼ੈਕਟਰੀਆਂ ਦੇ ਕਾਮੇ ਹਨ, ਉਹਨਾਂ ਦਾ ਕੰਮ ਸਖ਼ਤ ਹੈ। ਰਾਤ ਦੀ ਡਿਊਟੀ ਦੇਣੀ ਹੋਰ ਵੀ ਸਖ਼ਤ ਹੁੰਦੀ ਹੈ। ਇਕ ਤਾਂ ਦਿਨੇ ਸੌਣ ਨਾਲ ਰਾਤ ਵਰਗੀ ਨੀਂਦ ਨਹੀਂ ਆਉਂਦੀ। ਦੂਜੇ ਰਾਤੀਂ ਜਾਗਣ ਨਾਲ ਵੀ ਵੱਧ ਥਕੇਵਾਂ ਹੁੰਦਾ ਹੈ। ਕਈ ਵਾਰ ਤਾਂ ਘਰੋਂ ਜਾਣ ਨੂੰ ਉਂਜ ਹੀ ਦਿਲ ਨਹੀਂ ਕਰਦਾ ਹੁੰਦਾ। ਕਿਉਂਕਿ ਬਾਕੀ ਘਰ ਦੇ ਜੀਅ ਤਾਂ ਸੌਣ ਲਈ ਜਾਂਦੇ ਹੁੰਦੇ ਹਨ, ਆਪ ਆਪਣਾ ਝੋਲਾ ਚੁਕ ਕੇ ਕੰਮ ਲਈ ਜਾਣਾ ਹੁੰਦਾ ਹੈ। ਪਰ, ਠੀਕ ਹੈ, ਜੋ ਵੀ ਹੈ! ਇਹ ਕਰਤੱਵ ਦਾ ਪਾਲਣ ਹੈ। ਆਖ਼ਿਰ ਅਸੀਂ ਇਸੇ ਕੰਮ ਲਈ ਏਥੇ ਆਏ ਹੋਏ ਹਾਂ? ਕੰਮ ਦਿਨ ਤੇ ਰਾਤ ਹੀ ਸੰਸਾਰ ਦਾ ਹੁੰਦਾ ਰਹਿੰਦਾ ਹੈ। ਦਿਨ ਤੇ ਰਾਤ ਅਸੀਂ ਹੀ ਸੰਸਾਰ ਦਾ ਕੰਮ ਕਰਨਾ ਹੈ—ਇਨਸਾਨਾਂ ਨੇ। ਹਾਂ, ਇਹ ਜ਼ਰੂਰੀ ਹੈ ਕਿ ਸਾਡੀ ਇਸ ਸੰਸਾਰ ਵਿਚ ਇਨਸਾਨਾਂ ਵਾਲੀ ਕਦਰ ਵੀ ਹੋਵੇ।

ਇੰਗਲੈਂਡ ਵਿਚ, ਅਸੀਂ, ਭਾਰਤੀ, ਰਸਮਾਂ ਅਤੇ ਰਵਾਜਾਂ ਪਖੋਂ ਕਾਫ਼ੀ ਪਛੜੇ ਹੋਏ ਹਾਂ। ਕਾਰਨ ਇਸ ਦਾ, ਨਿਰਸੰਦੇਹ, ਪਰਵਾਸੀ ਹੋਣਾ ਵੀ ਹੁੰਦਾ ਹੈ। ਸਾਨੂੰ ਆਪਣੇ ਬੀਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਪਿਛੇ ਨਾਲ ਮੋਹ ਜਿਹਾ ਹੁੰਦਾ ਹੈ। ਭਾਵੇਂ, ਪਿਛੇ, ਸਾਡਾ ਦੇਸ ਕੁਝ ਅੱਗੇ ਵਧ ਗਿਆ ਹੁੰਦਾ ਹੈ, ਤੇ ਜਿਸ ਦੇਸ ਵਿਚ ਆ ਕੇ, ਅਸੀਂ, ਪਰਵਾਸੀ, ਵਸ ਗਏ ਹੁੰਦੇ ਹਾਂ, ਉਹ ਵੀ ਇਸ ਸੰਬੰਧ ਵਿਚ ਕੁਝ ਉੱਚਾ ਉਠ ਗਿਆ ਹੁੰਦਾ ਹੈ; ਪਰ ਸਾਡੀ ਸੋਚ ਦੀ ਪੱਧਰ ਲਗ ਪਗ ਉਹੀਓ ਹੀ ਰਹਿ ਜਾਂਦੀ ਹੈ ਜਿੰਨੀ ਸਾਡੇ ਆਉਣ ਸਮੇਂ ਦੀ ਸਾਡੇ ਦੇਸ ਦੀ ਹੁੰਦੀ ਹੈ। ਇਹ ਇਤਿਹਾਸ ਦਾ ਨਿਰਣਾ ਹੈ। ਕਾਰਨ ਇਸ ਦਾ ਕੀ ਹੈ ? ਆਪਣੇ ਦੇਸ ਦੀ ਜੀਵਨ-ਰੌ ਤੋਂ ਟੁੱਟ ਕੇ ਵੱਖਰਾ ਹੋ ਗਿਆ ਹੋਣਾ ਤੇ ਦੂਜੀ ਥਾਵੇਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮੋ ਨਾ ਸਕਣਾ। ਇਹ ਪਰਵਾਸੀ ਜੀਵਨ ਦਾ ਇਕ ਬੜਾ ਹੀ ਦੁਖਦਾ ਪਾਸਾ ਹੈ। ਇਸ ਦੀ ਝਲਕ ਰਸਮਾਂ ਅਤੇ ਰਵਾਜਾਂ ਵਿਚੋਂ ਵੀ ਪੈਂਦੀ ਹੈ ਤੇ ਨਿੱਤ ਦੀਆਂ ਸੋਚਾਂ ਵਿਚੋਂ ਵੀ। ਸਾਡੀ ਸੋਚ ਬੜੀ ਹੀ ਘਟ ਵਿਗਿਆਨਕ ਹੋਈ ਹੁੰਦੀ ਹੈ।

ਇੰਗਲੈਂਡ ਵਿਚ ਜ਼ਾਤ ਪਾਤ ਵੀ ਸਾਡੇ ਨਾਲ ਹੀ ਆਈ ਹੈ। ਏਥੇ ਵੀ ਕੋਈ ਜੱਟ ਹੈ, ਕੋਈ ਗ਼ੈਰ ਜੱਟ ਜਾਂ ਹਰੀਜਨ। ਚਾਹੀਦਾ ਤਾਂ ਇਹ ਹੈ ਕਿ ਅਸੀਂ ਸਭ ਮਨੁੱਖ ਹੋਈਏ। ਪਰ ਜੇ ਅਜੇ ਇਹ ਮੁਸ਼ਕਿਲ ਹੈ ਤਾਂ ਘਟੋ ਘਟ ਏਸ਼ੀਆਈ ਜਾਂ ਭਾਰਤੀ ਹੋਣਾ ਤਾਂ ਸੌਖਾ ਹੈ। ਪਰ ਸਾਨੂੰ ਤੰਗ ਤੋਂ ਤੰਗ ਘੇਰੇ ਹੀ ਬਹੁਤੇ ਚੰਗੇ ਲਗਦੇ ਹਨ। ਕਾਵੈਂਟਰੀ ਵਿਚ ਸਿੱਖ ਧਰਮ ਦੇ ਦੋ ਗੁਰਦੁਆਰੇ ਹਨ। ਇਕ ਦਾ ਨਾਂ "ਗੁਰੂ ਨਾਨਕ ਪ੍ਰਕਾਸ਼" ਗੁਰਦੁਆਰਾ ਹੈ, ਦੂਜਾ "ਰਾਮਗੜ੍ਹੀਆ" ਗੁਰਦੁਆਰਾ ਆਖਿਆ ਜਾਂਦਾ ਹੈ। ਆਮ ਲੋਕੀ ਇਕ ਨੂੰ ਜੱਟਾਂ ਦਾ ਗੁਰਦੁਆਰਾ ਕਹਿੰਦੇ ਹਨ, ਦੂਜੇ ਨੂੰ ਤਰਖਾਣਾਂ ਦਾ। ਗੁਰੂ ਨਾਨਕ ਦਾ ਜੋ "ਪ੍ਰਕਾਸ਼" ਸੰਸਾਰ ਨੂੰ ਤਾਰਨ ਵਾਲਾ ਹੈ, ਉਸ ਨੂੰ ਗੁਰਦੁਆਰਿਆਂ ਲਾਗੇ ਆਉਣ ਦੀ ਆਗਿਆ ਨਹੀਂ ਹੈ।

ਇੰਗਲੈਂਡ ਵਿਚ ਜ਼ਿਲ੍ਹਾਵਾਦ ਵੀ ਆਪਣਾ ਸਿਰ ਚੁਕ ਲੈਂਦਾ ਹੈ। ਮੇਰਾ ਜ਼ਿਲ੍ਹਾ ਜਲੰਧਰ ਹੈ ਤਾਂ ਲੁਧਿਆਣੇ ਦਾ ਕੋਈ ਵਸਨੀਕ ਮੇਰੇ ਲਈ ਕੁਝ ਦੂਰ ਹੀ ਹੈ। ਸਾਨੂੰ ਇਹਨਾਂ ਵਲਗਣਾਂ ਵਿਚੋਂ ਬਾਹਰ ਆ ਜਾਣਾ ਚਾਹੀਦਾ ਹੈ।

ਮੰਦਰਾਂ ਗੁਰਦੁਆਰਿਆਂ ਲਈ ਅਸੀਂ ਏਥੇ ਵੀ ਲੜਦੇ ਹਾਂ। ਸਗੋਂ ਇਸ ਲੜਾਈ ਦੀ ਸ਼ਕਲ ਏਥੇ ਕਾਫ਼ੀ ਖਰ੍ਹਵੀ ਹੈ। ਅਖ਼ਬਾਰਾਂ ਵਿਚ ਚਿੱਠੀਆਂ ਅਤੇ ਵਿਰੋਧ ਦੇ ਲੇਖ ਛਪਦੇ ਹਨ ਜਿਨ੍ਹਾਂ ਦੀ ਬੋਲੀ ਕਾਫ਼ੀ ਨੀਵੀਂ ਪੱਧਰ ਉਤੇ ਆ ਜਾਂਦੀ ਹੈ। "ਇਹ ਬਣੀਂ ਕੀ ਫਿਰਦੇ ਹਨ ?" ਜਾਂ "ਇਹ ਆਪਣੇ ਆਪ ਨੂੰ ਕੀ ਸਮਝਦੇ ਹਨ ?" ਫ਼ਿਕਰੇ ਆਮ ਹੀ ਲਿਖੇ ਜਾਂਦੇ ਹਨ। ਦਲੀਲ ਨਾਲੋਂ ਈਰਖਾ ਅਤੇ ਦਵੈਤ ਬਹੁਤੀ ਹੁੰਦੀ ਹੈ।

ਇਕ ਬੀਬੀ ਨੇ ਕਿਸੇ ਗੁਰਦੁਆਰੇ ਦੇ ਪ੍ਰਬੰਧਕਾਂ ਵਿਰੁੱਧ ਨੁਕਤਾਚੀਨੀ ਕਰਦੇ ਹੋਏ ਅਖ਼ਬਾਰਾਂ ਵਿਚ ਇਕ ਚਿੱਠੀ ਲਿਖੀ। ਉਸ ਨੂੰ ਉੱਤਰ ਦਿਤਾ ਗਿਆ : "ਇਹ ਜੋ ਮਿਸਿਜ਼...ਨੇ ਆਪਣੀ ਭੜਾਸ ਕੱਢੀ ਹੈ..."ਅਖ਼ਬਾਰਾਂ ਵਾਲੇ ਵੀ ਇਸ ਕਿਸਮ ਦੇ ਚਿੱਠੀ ਪੱਤਰ ਛਾਪਣ ਨੂੰ ਉਤਸ਼ਾਹਤ ਕਰਦੇ ਰਹਿੰਦੇ ਹਨ।

ਇੰਗਲੈਂਡ ਵਿਚ, ਭਾਰਤੀ ਲੋਕ, ਜਿਹੜੇ ਚਿਰ ਤੋਂ ਰਹਿੰਦੇ ਹਨ, ਜਿਥੋਂ ਤਕ ਮੈਂ ਦੇਖਿਆ ਹੈ, ਕਾਫ਼ੀ ਹੱਦ ਤਕ ਇੰਗਲਿਸਤਾਨੀ ਅਦਬ ਆਦਾਬ ਨਿਭਾਹੁੰਦੇ ਹਨ। ਇੰਗਲੈਂਡ ਵਿਚ, ਪਜਾਮੇ ਨਾਲ, ਕੋਈ ਮਰਦ, ਬੂਹਿਓਂ ਬਾਹਰ ਕਦੇ ਪੈਰ ਨਹੀਂ ਰੱਖੇਗਾ। ਪਜਾਮਾ ਉਥੇ ਘਰ ਵਿਚ ਵੀ ਘੱਟ ਹੀ ਪਹਿਨਿਆ ਜਾਂਦਾ ਹੈ। ਸਗੋਂ, ਸੱਚ ਤਾਂ ਇਹ ਹੈ, ਪਜਾਮਾ ਸਿਰਫ਼


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੈੱਡ ਵਿਚ ਹੀ ਪਹਿਨ ਕੇ ਸੌਂਇਆ ਜਾਂਦਾ ਹੈ। ਬੈੱਡ ਤੋਂ ਬਾਹਰ, [illegible], ਪਤਲੂਨ ਹੀ ਨਜ਼ਰ ਆਵੇਗੀ। ਇੰਗਲੈਂਡ ਵਿਚ ਜਿੰਨੇ ਵੀ ਮੈਂ ਭਾਰਤੀ ਘਰਾਂ ਵਿਚ ਗਿਆ ਹਾਂ, ਸਭ ਦੀ ਇਹੋ ਰੀਤ ਸੀ। ਹਰ ਮਰਦ ਪਤਲੂਨ ਨਾਲ ਹੀ ਬੈੱਡ ਤੋਂ ਬਾਹਰ ਆਉਂਦਾ ਸੀ। ਕਾਰਨ, ਸ਼ਾਇਦ, ਇਹ ਵੀ ਹੈ ਕਿ ਬੈੱਡ ਤੋਂ ਬਾਹਰ ਆ ਕੇ ਫ਼ੌਰਨ ਕੰਮ ਲਈ ਜਾਣਾ ਹੁੰਦਾ ਹੈ। ਪਰ, ਪਜਾਮਾ ਉਂਜ ਵੀ ਇੰਗਲੈਂਡ ਦੀ ਰਹਿਣੀ ਬਹਿਣੀ ਵਿਚ ਅਸੱਭਯ ਸਮਝਿਆ ਜਾਂਦਾ ਹੈ। ਇਹ ਸੌਣ ਵੇਲੇ ਦੀ ਚੀਜ਼ ਹੈ। ਉਂਜ ਪਜਾਮਾ ਪਾਓ ਤਾਂ ਇੰਝ ਸਮਝਿਆ ਜਾਂਦਾ ਹੈ ਜਿਵੇਂ ਕੋਈ ਨੰਗਾ ਫਿਰਦਾ ਹੋਵੇ। ਇਹ ਵਿਚਾਰ ਚੂੜੀਦਾਰ ਪਜਾਮੇ ਬਾਰੇ ਨਹੀਂ ਹੈ। ਉਹ ਫ਼ੈਸ਼ਨ ਮੰਨਿਆ ਜਾਂਦਾ ਹੈ। ਏਥੇ ਨਾਈਟ ਸੂਟ ਦੇ ਪਜਾਮੇ ਦਾ ਹੀ ਜ਼ਿਕਰ ਹੈ।

ਠਾਠੀ ਦਾ ਇੰਗਲੈਂਡ ਵਿਚ ਸਵਾਲ ਹੀ ਪੈਦਾ ਨਹੀਂ ਹੁੰਦਾ। ਬਹੁਤੇ ਸਿੱਖ ਅੱਵਲ ਤਾਂ ਕਲੀਨ ਸ਼ੇਵਡ ਹੋ ਜਾਂਦੇ ਹਨ, ਜਿਹੜੇ ਸਿੱਖ ਰਹਿ ਜਾਂਦੇ ਹਨ, ਜੇ ਉਹ ਦਾੜ੍ਹੀ ਬੰਨ੍ਹਦੇ ਹਨ ਤਾਂ ਠਾਠੀ ਉਹਨਾਂ ਦੇ ਘਰ ਤੋਂ ਬਾਹਰ ਕਦੇ ਨਜ਼ਰ ਨਹੀਂ ਆਵੇਗੀ। ਇੰਗਲੈਂਡ ਵਿਚ, ਠਾਠੀ, ਜ਼ਖ਼ਮੀ ਹੋਣ ਦਾ ਮਤਲਬ ਦਿੰਦੀ ਹੈ। ਅੰਗਰੇਜ਼ ਸੋਚ ਸਕਦੇ ਹਨ, ਇਹ ਆਦਮੀ ਹਸਪਤਾਲ ਤੋਂ ਬਾਹਰ ਕਿਉਂ ਫਿਰ ਰਿਹਾ ਹੈ? ਦਾੜ੍ਹੀ ਨੂੰ ਪ੍ਰੈੱਸ ਕਰਨਾ ਉਹਨਾਂ ਦੀ ਸਮਝ ਤੋਂ ਬਾਹਰ ਹੈ!

ਮੈਨੂੰ ਅਜੇ ਇੰਗਲੈਂਡ ਆਏ ਨੂੰ ਕੁਝ ਕੁ ਦਿਨ ਹੀ ਹੋਏ ਸਨ। ਇਕ ਦਿਨ ਸਵੇਰੇ ਹੀ ਤਿਆਰ ਹੋ ਕੇ ਜਾਣਾ ਸੀ। ਮੈਂ ਠਾਠੀ ਬੱਧੀ ਹੋਈ ਸੀ। ਦਾੜ੍ਹੀ ਅਜੇ ਪੂਰੀ ਤਰ੍ਹਾਂ ਪ੍ਰੈੱਸ ਨਹੀਂ ਹੋ ਸਕੀ ਸੀ। ਮੈਂ ਪੱਗ ਉਤੋਂ ਠਾਠੀ ਬੰਨ੍ਹ ਕੇ ਬਾਹਰ ਜਾਣਾ ਚਾਹੁੰਦਾ ਸਾਂ। ਪਰ ਮੈਨੂੰ ਮੇਰੇ ਮੇਜ਼ਬਾਨ ਨੇ ਇੰਝ ਕਰਨ ਤੋਂ ਰੋਕ ਦਿਤਾ। ਭਾਵੇਂ ਕਾਰ ਵਿਚ ਜਾਣਾ ਸੀ ਤੇ ਸ਼ੀਸ਼ਾ ਬੰਦ ਹੋ ਸਕਦਾ ਸੀ, ਪਰ ਫੇਰ ਵੀ ਠੀਕ ਨਹੀਂ ਸੀ। ਕਿਉਂਕਿ ਇਹ ਪੰਜਾਬ ਨਹੀਂ, ਉਹ ਬੇਗਾਨਾ ਮੁਲਕ ਸੀ ਜਿਸ ਦੀ ਰਹਿਣੀ ਬਹਿਣੀ ਸਾਥੋਂ ਸੌ ਫ਼ੀ ਸਦੀ ਵੱਖਰੀ ਸੀ। ਇਸ ਲਈ ਮੇਰੇ ਮੇਜ਼ਬਾਨ ਦਾ ਰੋਕਣਾ ਬਿਲਕੁਲ ਸਹੀ ਸੀ।

ਅੰਗਰੇਜ਼ ਹੌਲੀ ਬੋਲਦੇ ਹਨ। ਅਸੀਂ, ਭਾਰਤੀ, ਆਮ ਕਰਕੇ, ਉੱਚੀ ਬੋਲਣ ਵਾਲੇ ਹਾਂ। ਪੱਬਾਂ ਵਿਚ, ਸਟੇਸ਼ਨਾਂ ਜਾਂ ਸਰਬਜਨਕ ਥਾਵਾਂ ਉਤੇ, ਸਾਡੇ ਕੋਲੋਂ, ਕਦੇ ਨਾ ਕਦੇ, ਉੱਚੀ ਬੋਲ ਹੋ ਜਾਂਦਾ ਹੈ। ਜਦੋਂ ਪਤਾ ਲਗਦਾ ਹੈ ਕਿ ਸਾਥੋਂ ਗ਼ਲਤੀ ਹੋਈ ਹੈ ਤਾਂ ਅਸੀਂ ਸੋਧ ਕਰ ਲੈਂਦੇ ਹਾਂ। ਇਹ ਇਲਜ਼ਾਮ ਸਹੀ ਨਹੀਂ ਕਿ ਅਸੀਂ ਇੰਗਲੈਂਡ ਦੇ ਰਹਿਣ ਸਹਿਣ ਨੂੰ ਗੰਧਲਾ ਕੀਤਾ ਹੋਇਆ ਹੈ। ਇਹ ਇਲਜ਼ਾਮ ਨਸਲਵਾਦ ਦੀ ਗੰਧਲੀ ਸੋਚ ਦੀ ਉਪਜ ਹੈ।

ਇੰਗਲੈਂਡ ਵਿਚ, ਸਾਡੇ ਲੋਕ, ਭਾਰਤ ਦੇ ਮੁਕਾਬਲੇ ਵਿਚ, ਸੁਹਣੇ ਕੱਪੜੇ ਪਾਉਂਦੇ ਤੇ ਸੁਹਣੀ ਰੋਟੀ ਖਾਂਦੇ ਹਨ; ਘਰ ਵੀ ਬਹੁਤ ਸੁਹਣੇ ਹਨ; ਪਰ ਇਸ ਲਈ ਕਾਫ਼ੀ ਹੱਡ ਭੰਨ ਕੇ ਮਿਹਨਤ ਕਰਨੀ ਪੈਂਦੀ ਹੈ। ਸਨਿਚਰ ਅਤੇ ਐਤਵਾਰ, ਵੀਕ-ਐਂਡ ਨੂੰ, ਦੋ ਦਿਨ ਲਈ, ਸਭ ਨੂੰ ਛੁੱਟੀ ਹੁੰਦੀ ਹੈ। ਪਰ ਕਈ ਵਿਚਾਰੇ ਇਹਨੀਂ ਦਿਨੀਂ ਵੀ ਕੰਮ ਹੀ ਕਰਦੇ ਰਹਿੰਦੇ ਹਨ। ਓਵਰ ਟਾਈਮ ਲਾਉਂਦੇ ਜਾਂ ਹੋਰ ਕੋਈ ਕੰਮ ਕਰਦੇ ਹਨ। ਇਹਨਾਂ ਵਿਚੋਂ ਇਕ ਕੰਮ ''ਫੱਟਾ'' ਲਾਉਣ ਦਾ ਹੁੰਦਾ ਹੈ। ਕਿਸੇ ਹੋਰ ਸ਼ਹਿਰ ਵਿਚ ਇਕ ਦਿਨ ਲਈ ਮਾਰਕੀਟ ਵਿਚ ਛੋਟੀ ਜਿਹੀ ਦੁਕਾਨ ਲਾਉਣੀ। ਉਂਜ ਇਹ ਦਿਨ ਸੌਣ ਲਈ ਜਾਂ ਤਾਜ਼ੇ ਹੋਣ ਲਈ ਹੁੰਦੇ ਹਨ, ਪਰ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹੜੇ ਲੋਕੀ ਦਸਾਂ ਦਸਾਂ, ਵੀਹਾਂ ਵੀਹਾਂ ਵਰ੍ਹਿਆਂ ਤੋਂ ਇੰਗਲੈਂਡ ਵਿਚ ਰਹਿ ਰਹੇ ਹਨ, ਨਿਰਸੰਦੇਹ, ਉਹ ਧੰਨ ਹੀ ਹਨ। ਰੋਟੀ ਜਾਂ ਰੁਜ਼ਗਾਰ ਲਈ ਜੇ ਮੈਨੂੰ ਏਕਣ ਰਹਿਣਾ ਪਵੇ ਤਾਂ ਮੈਂ ਤਾਂ ਕਦੇ ਵੀ ਰਹਿ ਨਾ ਸਕਾਂ। ਠੀਕ ਹੈ, ਰੋਟੀ ਅਤੇ ਕੱਪੜਾ ਬੜੇ ਜ਼ਰੂਰੀ ਹਨ ਤੇ ਚੰਗੇ ਘਰ ਵੀ ਚਾਹੀਦੇ ਹਨ, ਪਰ ਆਪਣੇ ਵਤਨ ਦੀ ਧੂੜ ਵੀ ਕੋਈ ਛੋਟੀ ਨਿਅਮਤ ਨਹੀਂ ਹੈ। ਇੰਗਲੈਂਡ ਵਿਚ ਮੈਂ ਧੂੜ ਉਡਦੀ ਦੇਖਣ ਨੂੰ ਤਰਸ ਗਿਆ ਸਾਂ। ਇਕ ਦਿਨ, ਨੌਟਿੰਘਮ ਵਿਚ, ਇਕ ਸਟਰੀਟ ਦੀ ਪਟੜੀ ਉਤੇ, ਮੈਨੂੰ ਬੇਮਲੂਮੀ ਜਿਹੀ ਧੂੜ ਉਡਦੀ ਨਜ਼ਰ ਆਈ। ਇਕ ਪਲ ਮੈਂ ਆਪਣੇ ਆਪ ਨੂੰ ਭਾਰਤ ਵਿਚ ਮਹਿਸੂਸ ਕੀਤਾ। ਮੇਰੇ ਦਿਲ ਦਾ ਬੜਾ ਹੀ ਵੱਡਾ ਖੱਪਾ ਪੂਰ ਹੋ ਗਿਆ ਸੀ।

ਨਿਰਸੰਦੇਹ, ਕਈ ਲੋਕ ਇੰਗਲੈਂਡ ਵਿਚ ਖ਼ੁਸ਼ ਵੀ ਬੜੇ ਹਨ। ਇਕ ਦਿਨ ਮੈਂ ਲੋਕਲ ਬੱਸ ਵਿਚ ਬੈਠਾ ਸਫ਼ਰ ਕਰ ਰਿਹਾ ਸਾਂ। ਇਕ ਬਜ਼ੁਰਗ ਸਿੱਖ ਪੰਜਾਬੀ ਇਕ ਸਟਾਪ ਤੋਂ ਮੇਰੇ ਨਾਲ ਦੀ ਸੀਟ ਉਤੇ ਆ ਬੈਠਾ ਸੀ। ਉਸ ਨੇ ਮੈਨੂੰ ਦੱਸਿਆ, ਉਹ ਗੁਰਦੁਆਰੇ ਚੱਲਿਆ ਹੈ, ਰਹਿਰਾਸ ਦਾ ਪਾਠ ਸੁਣ ਕੇ ਵਾਪਸ ਘਰ ਨੂੰ ਆਵੇਗਾ। ਬੜੀ ਹੀ ਮੌਜ ਵਿਚ ਹੈ ਉਹ। ਬੁਢੇਪਾ-ਪੈਨਸ਼ਨ ਮਿਲਦੀ ਹੈ ਜੋ ਉਸ ਲਈ ਕਾਫ਼ੀ ਰਕਮ ਹੈ। ਦੇਸ ਵਿਚ ਕੀ ਪਿਆ ਹੈ? ਰੋਟੀ ਦੀ ਉਡੀਕ ਵਿਚ ਹੀ ਸਾਰਾ ਦਿਨ ਉਹ ਖੂਹ ਉਤੇ ਹੀ ਬੈਠਾ ਸੁੱਕਦਾ ਰਹਿੰਦਾ ਸੀ। ਏਥੇ ਮੌਜ ਹੀ ਮੌਜ ਹੈ। ਕੀ ਉਹ ਝੂਠ ਕਹਿ ਰਿਹਾ ਸੀ? ਘਟੋ ਘਟ ਮੇਰੇ ਵਿਚ ਇਹ ਕਹਿ ਸਕਣ ਦੀ ਹਿੰਮਤ ਨਹੀਂ। ਉਹ ਇਕੱਲਾ ਨਹੀਂ ਸੀ, ਆਪਣੇ ਵਰਗੀ ਇਕ ਜਮਾਤ ਦੀ ਪ੍ਰਤੀਨਿਧਤਾ ਕਰਦਾ ਸੀ। ਹਾਲਾਂਕਿ ਬੁੱਢੇ, ਖ਼ਾਸ ਕਰ, ਪਰਦੇਸ ਵਿਚ ਬਹੁਤੇ ਖ਼ੁਸ਼ ਨਹੀਂ ਹੁੰਦੇ। ਉਹਨਾਂ ਨੂੰ ਆਪਣੇ ਵਤਨ ਦੀ ਮਿੱਟੀ ਚੇਤੇ ਆਉਂਦੀ ਰਹਿੰਦੀ ਹੈ।

ਅਸੀਂ ਇੰਗਲੈਂਡ ਜਾਣ ਨੂੰ ਬਹੁਤ ਮਹੱਤਤਾ ਦਿੰਦੇ ਰਹਿੰਦੇ ਹਾਂ; ਪਰ ਹੁਣ ਇੰਗਲੈਂਡ ਉਹ ਨਹੀਂ ਜੋ ਸ਼ੁਰੂ ਸ਼ੁਰੂ ਵਿਚ ਹੁੰਦਾ ਸੀ। ਅੱਜ ਇੰਗਲੈਂਡ ਦਾ ਅਰਥਚਾਰਾ ਕੰਧੀ ਉਤੇ ਰੁੱਖੜੇ ਵਾਂਗੂ ਸੰਕਟ ਵਿਚ ਗ੍ਰਸਤ ਹੈ ਤੇ ਸਹੁ-ਦਰਿਆ ਦੀਆਂ ਕਾਂਗਾਂ ਵਾਂਗ ਮਹਿੰਗਾਈ ਵਧਦੀ ਜਾਂਦੀ ਹੈ। ਇੰਗਲੈਂਡ ਆਪਣੇ ਮਿਹਨਤੀਆਂ ਨੂੰ ਅੱਜ ਜੋ ਮਿਹਨਤ ਦਿੰਦਾ ਹੈ, ਉਹ ਕਾਫ਼ੀ ਘਟ ਰਹਿ ਜਾਂਦੀ ਹੈ ਤੇ ਪੌਂਡ ਆਉਂਦੇ ਦਿਸਦੇ ਹਨ, ਪਰ ਜਾਂਦੇ ਦਿਸਦੇ ਨਹੀਂ ਹਨ।

ਕਰੰਸੀ ਝੱਗ ਦੇ ਬੁੰਬਿਆਂ ਵਾਂਗੂ ਵਧਦੀ ਫੁਲਦੀ ਜਾਂਦੀ ਹੈ ਤੇ ਪੌਂਡ ਦਾ ਚਿਹਰਾ ਰੁੱਖਾ ਅਤੇ ਬੇਨੂਰ ਹੁੰਦਾ ਜਾ ਰਿਹਾ ਹੈ। ਜਦੋਂ ਹਨੇਰੀ ਝੁੱਲਦੀ ਹੈ, ਖੜ ਖੜ ਕਰਦੇ ਪੱਤੇ ਵਾਂਗੂ ਪੌਂਡ ਕੰਬਣ ਲਗ ਜਾਂਦਾ ਹੈ। ਪੌਂਡ ਦਾ ਬਿਰਛ ਪੱਤਝੜ ਦੀਆਂ ਲਪੇਟਾਂ ਵਿਚ ਆ ਗਿਆ ਹੈ ਤੇ ਪਲ ਪਲ ਸੁੱਕਦਾ ਜਾਂਦਾ ਹੈ। ਇਸੇ ਕਾਰਨ ਨਸਲਵਾਦ ਨੂੰ ਹਵਾ ਦਿਤੀ ਜਾ ਰਹੀ ਹੈ। ਰੁਪਿਆ, ਸਾਡਾ, ਕੁਝ ਨਾ ਕੁਝ ਸਾਹ ਲੈਣ ਲਗ ਪਿਆ ਹੈ, ਪਰ ਪੌਂਡ ਡਿਗਦਾ ਜਾਂਦਾ ਹੈ। ਰੁਪਏ ਦਾ ਕੁਝ ਭਵਿੱਖ ਹੈ, ਪਰ ਪੌਂਡ ਦਾ ਭਵਿੱਖ ਨਹੀਂ। ਸਮਾਜਵਾਦ ਤੋਂ ਬਿਨਾਂ ਇਸ ਭਵਿੱਖ ਦੀ ਗਰੰਟੀ ਨਹੀਂ।

ਜਿਵੇ ਅਸੀਂ ਭਾਰਤ ਵਾਲੇ ਮਾਣ ਨਾਲ ਇਹ ਕਹਿੰਦੇ ਹਾਂ ਕਿ ਇਹ ਚੀਜ਼ ਇੰਗਲੈਂਡ ਦੀ ਹੈ, ਇਸੇ ਤਰ੍ਹਾਂ ਇੰਗਲੈਂਡ ਵਿਚ ਵੀ ਭਾਰਤੀ ਚੀਜ਼ਾਂ ਦੀ ਕਦਰ ਹੈ। ਇੰਗਲੈਂਡ ਦੇ ਨੌਜਵਾਨਾਂ ਵਿਚ ਬੜੇ ਮਾਮੂਲੀ ਖੱਦਰ ਦੀ ਕਮੀਜ਼ ਪਾਉਣ ਦਾ ਫ਼ੈਸ਼ਨ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਕਮੀਜ਼ [illegible] ਆਮ ਹੀ ਹੁੰਦੀ ਹੈ, ਪਰ ਨੌਜਵਾਨ ਕਹਿ ਸਕਦਾ ਹੈ ਕਿ ਉਸ ਦੇ ਗਲ ਵਿਚ ਇੰਡੀਆ ਦੀ ਕਮੀਜ਼ ਪਹਿਨੀ ਹੋਈ ਹੈ । ਭਾਰਤੀ ਨੌਜਵਾਨ ਹੀ ਨਹੀਂ, ਕਈ ਅੰਗਰੇਜ਼ ਨੌਜਵਾਨ ਵੀ ਇਹਨਾਂ ਵਿਚ ਸ਼ਾਮਿਲ ਹੁੰਦੇ ਹਨ ।

ਮੈਂ ਜਦੋਂ ਸ਼ੇਕਸਪੀਅਰ ਦੇ ਘਰ ਵਿਚ ਘੁੰਮ ਫਿਰ ਰਿਹਾ ਸਾਂ ਤਾਂ ਮੇਰੇ ਗਲ ਵਿਚ ਬੜੀ ਹੀ ਸੁੰਦਰ ਟਾਈ ਬੰਨ੍ਹੀ ਹੋਈ ਸੀ । ਇਹ ਕੈਨੇਡਾ ਦੀ ਟਾਈ ਸੀ । ਪਰ ਬਣਤਰ ਕੁਝ ਅਜਿਹੀ ਸੀ ਕਿ ਪਹਿਲੀ ਨਜ਼ਰੇ ਕਿਸੇ ਨੂੰ ਵੀ ਇਹ ਭਾਰਤ ਦੀ ਲਗ ਸਕਦੀ ਸੀ । ਇਕ ਤਾਂ ਉਸ ਦੀ ਧਰਤੀ ਵਿਚ ਕੁਝ ਖਰ੍ਹਵੇ ਜਿਹੇ ਧੜਿੱਬੇ ਸਨ, ਦੂਜੇ ਉਸ ਵਿਚ ਤਿੰਨ ਰੰਗਾਂ ਦੀਆਂ ਵੱਡੀਆਂ-ਛੋਟੀਆਂ ਧਾਰੀਆਂ ਸਨ । ਇਕ ਰੰਗ ਕੁਝ ਹਲਦੀ ਵਰਗਾ ਗੂਹੜਾ ਜਿਹਾ ਸੁਨਹਿਰੀ ਸੀ, ਇਕ ਲਾਲ ਤੇ ਇਕ ਨੀਲਾ । ਭਾਰਤ ਦਾ ਤਿਰੰਗਾ ਭਾਵੇਂ ਇਹਨਾਂ ਰੰਗਾਂ ਤੋਂ ਵੱਖਰਾ ਹੈ, ਪਰ ਦੁਨੀਆਂ ਨੂੰ ਤਿਰੰਗੇ ਦਾ ਤੇ ਸਾਡੇ ਖੱਦਰ ਦਾ ਪਤਾ ਹੈ । ਬੜੇ ਹੀ ਸਤਿਕਾਰ ਨਾਲ ਇਕ ਬਦੇਸ਼ੀ ਮੇਰੀ ਟਾਈ ਨੂੰ ਛੂਹ ਕੇ ਮੈਨੂੰ ਪੁੱਛਣ ਲਗਾ : "ਕੀ ਇਹ ਹਿੰਦੋਸਤਾਨ ਦੀ ਹੈ ?" ਇਹ ਸਤਿਕਾਰ ਮੇਰੇ ਅਤੇ ਮੇਰੀ ਟਾਈ, ਦੋਹਾਂ ਲਈ ਸੀ । ਮੇਰੇ ਬਾਰੇ ਭਾਰਤੀ ਹੋਣ ਦਾ ਉਸ ਨੂੰ ਸ਼ੱਕ ਹੀ ਨਹੀਂ ਸੀ । ਕਿਉਂਕਿ ਸਿੱਖ ਤਾਂ ਭਾਰਤ ਮਾਂ ਦੀ ਕੁੱਖ ਦੀ ਹੀ ਸੰਤਾਨ ਹਨ ।

ਥੈਂਕਿਊ, ਸੌਰੀ, ਓ. ਕੇ., ਯੂਜ਼ ਟੂ, ਫੈੱਡ ਅੱਪ, ਬੌਦਰ, ਕੁਝ ਅਜਿਹੇ ਲਫ਼ਜ਼ ਹਨ ਜੋ ਭਾਰਤੀਆਂ ਦੀ ਬੋਲੀ ਨੂੰ ਇੰਗਲੈਂਡ ਵਿਚ ਮਿੱਸੀ ਕਰਦੇ ਹਨ । ਜਿਹੜੇ ਲੋਕੀ ਭਾਰਤ ਵਿਚੋਂ ਹਲ ਛਡ ਕੇ ਗਏ ਹਨ, ਇੰਗਲੈਂਡ ਵਿਚ ਉਹ "ਆਲ ਰਾਈਟ" ਨੂੰ "ਔਰੈਟ" ਹੀ ਕਹਿੰਦੇ ਹਨ । ਅਸੀਂ "ਮੁਆਫ਼ੀ" ਮੰਗਦੇ ਹਾਂ, ਇੰਗਲੈਂਡ ਵਿਚ "ਸੌਰੀ" ਮੰਗਦੇ ਹਨ । "ਯਾਰ ਮੈਥੋਂ ਆ ਨਹੀਂ ਹੋਇਆ, ਮੇਰੀ ਉਸ ਤੋਂ ਸੌਰੀ ਮੰਗ ਲਈਂ ।"

ਤੀਵੀਆਂ ਜੇ ਲੜਨਗੀਆਂ ਤਾਂ ਇਕ ਦੂਜੀ ਨੂੰ ਕਹਿਣਗੀਆਂ :

"ਮੈਂ ਨ੍ਹੀਂ ਬੌਦਰ ਕਰਦੀ ਹੁੰਦੀ !"

"ਤੂੰ ਨ੍ਹੀਂ ਬੌਦਰ ਕਰਦੀ ਹੁੰਦੀ ਤਾਂ ਮੈਂ ਵੀ ਨ੍ਹੀਂ ਬੌਦਰ ਕਰਦੀ ਹੁੰਦੀ !"

"ਚੰਗਾ ਫੇਰ, ਓ. ਕੇ. ਐ !"

"ਓ. ਕੇ. ਐ ਤਾਂ ਓ. ਕੇ. ਸਹੀ ।"

ਅਜਿਹੇ ਸਮੇਂ ਉਹ ਇਕ ਦੂਜੀ ਨੂੰ "ਇੰਡੀਅਨ ਮੈਨਣਾਂ" ਕਹਿੰਦੀਆਂ ਹਨ । "ਇਹਨਾਂ ਇੰਡੀਅਨ ਮੈਨਣਾਂ ਨੂੰ ਤਾਂ ਡੱਕੇ ਦੀ ਵੀ ਅਕਲ ਨਹੀਂ ।"

ਇਸੇ ਤਰ੍ਹਾਂ ਹੀ "ਔਰੈਟ" ਦੀ ਵਰਤੋਂ ਕੀਤੀ ਜਾਂਦੀ ਹੈ । ਸੰਡੇ ਨੂੰ ਵੀ ਬਹੁਤ ਕਰ ਕੇ "ਸੰਡਾ" ਆਖਿਆ ਜਾਂਦਾ ਹੈ । "ਕਿਉਂ ਬਈ, ਫਲਾਣਾ ਅੱਜ ਸੰਡਾ ਲਾਉਣ ਗਿਆ ਹੋਇਐ ?"

ਅਸੀਂ ਕਈਆਂ ਪੱਬਾਂ ਨੂੰ ਵੀ ਆਪਣੇ ਨਾਂ ਦੇ ਦਿਤੇ ਹਨ । ਜਿਵੇਂ ਇਕ ਪੱਬ ਦਾ ਨਾਂ "ਲੀਸ਼ਮ ਆਰਮਜ਼" (Lewisham Arms) ਪੱਬ ਹੈ, ਪਰ ਅਸੀਂ ਉਸ ਨੂੰ "ਲੂਸਣ ਵਾਲਾ ਪੱਬ" ਹੀ ਬਹੁਤਾ ਕਹਿੰਦੇ ਹਾਂ । ਇਸੇ ਤਰ੍ਹਾਂ ਹੀ ਕੋਈ ਪੱਬ "ਲੁਹਾਰੀ ਵਾਲਾ" ਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ ਤੇ ਕੋਈ ਪੱਬ "ਚਮਾਰੀ ਵਾਲਾ"। ਹਾਲਾਂਕਿ ਇਹਨਾਂ ਦੇ ਅਸਲੀ ਨਾਂ ਅੰਗਰੇਜ਼ੀ ਵਿਚ ਕੁਝ ਹੋਰ ਹੀ ਹਨ।

ਆਮ ਕਰ ਕੇ ਪੱਬ ਵਿਚ ਅਸੀਂ ਬੀਅਰ ਪੀਣ ਨਹੀਂ ਜਾਂਦੇ, "ਗਲਾਸ ਮਾਰਨ" ਜਾਂਦੇ ਹਾਂ। ਘਰ ਆ ਕੇ ਵਿਸਕੀ ਜਾਂ ਬਰਾਂਡੀ ਨਹੀਂ ਪੀ ਦੇ, "ਗਲਾਸੀ ਮਾਰਨ" ਬਹਿੰਦੇ ਹਾਂ। ਅਸੀਂ ਆਪਣੀ ਮਿਹਨਤ ਨਾਲ ਸਿਰਫ਼ ਪੌਂਡ ਹੀ ਨਹੀਂ ਘੜਦੇ, ਜੀਵਨ ਦੀ ਟਕਸਾਲ ਵਿਚ ਨਵੇਂ ਸ਼ਬਦ ਵੀ ਘੜਦੇ ਰਹਿੰਦੇ ਹਾਂ।

ਜਿਥੇ ਸਾਨੂੰ ਕਈ ਅੰਗਰੇਜ਼ "ਬਲੈਕ ਬਾਸਟਰਡ" ਕਹਿੰਦੇ ਹਨ ਤੇ ਉੱਤਰ ਵਜੋਂ ਅਸੀਂ ਉਹਨਾਂ ਨੂੰ "ਵ੍ਹਾਈਟ ਮੌਂਕੀ" ਕਹਿੰਦੇ ਹਾਂ, ਉਥੇ ਬਾਕੀ ਏਸ਼ੀਅਨ, ਅਫ਼ਰੀਕਨ ਅਤੇ ਜਮੀਕਨ ਸਾਡੇ ਬਹੁਤਾ ਨੇੜੇ ਹੁੰਦੇ ਹਨ। ਕਿਉਂਕਿ ਅਸੀਂ ਰੰਗ ਕਰਕੇ ਇਕੋ ਘਟ ਗਿਣਤੀ ਹਾਂ, ਇਸ ਲਈ ਅਸੀਂ ਆਪਣੇ ਆਪ ਨੂੰ ਇਕ ਹੀ ਗਿਣਨਾ ਚਾਹੁੰਦੇ ਹਾਂ। ਇਸੇ ਤਰ੍ਹਾਂ ਹੀ ਆਇਰਸ਼ ਹਨ। ਉਹ ਵੀ ਸਾਨੂੰ, ਭਾਰਤੀਆਂ ਨੂੰ, ਆਪਣੇ ਨੇੜੇ ਗਿਣਦੇ ਹਨ। ਹਾਲਾਂਕਿ ਉਹਨਾਂ ਦਾ ਰੰਗ ਤੇ ਨਸਲ ਸਭ ਅੰਗਰੇਜ਼ਾਂ ਵਰਗਾ ਹੈ। ਸਿਰਫ਼ ਰੰਗ ਕੁਝ ਲਾਲ ਹੈ। ਅਸਲ ਵਿਚ ਅੰਗਰੇਜ਼ ਉਹਨਾਂ ਨਾਲ ਧੱਕਾ ਕਰਦੇ ਆਉਂਦੇ ਹਨ ਤੇ ਉਹ ਅੰਗਰੇਜ਼ ਦੇ ਧੱਕੇ ਜਾਂ ਸਰਦਾਰੀ ਵਿਰੁੱਧ ਲੜ ਰਹੇ ਹਨ। ਪਾੜੋ ਅਤੇ ਰਾਜ ਕਰੋ ਦੀ ਨੀਤੀ ਵਿਰੁੱਧ ਵੀ ਲੜਦੇ ਹਨ।

ਮੈਨੂੰ ਸ਼ੁਰੂ ਸ਼ੁਰੂ ਵਿਚ ਅੰਗਰੇਜ਼ ਅਤੇ ਆਇਰਸ਼ ਵਿਚ ਕੋਈ ਫ਼ਰਕ ਨਹੀਂ ਲਗ ਰਿਹਾ ਸੀ। ਮੈਨੂੰ ਇਕ ਦੁਕਾਨ ਵਿਚ ਇਕ ਆਇਰਸ਼ ਸੇਲਸਮੈਨ ਨਾਲ ਗੱਲ ਕਰਨ ਦੀ ਲੋੜ ਪਈ। ਸ਼ੁਰੂ ਵਿਚ ਮੈਂ ਆਖਿਆ ਕਿ ਮੇਰੀ ਅੰਗਰੇਜ਼ੀ ਹੀਣੀ ਹੈ, ਇਸ ਲਈ ਥੋੜਾ ਸਹਿਜ ਨਾਲ ਉਹ ਗੱਲ ਕਰਨ ਦੀ ਕਿਰਪਾ ਕਰੇ। ਉਸਨੇ ਮੈਨੂੰ ਇਕ ਪਾਸੇ ਵਲ ਅੱਡਰਾ ਜਿਹਾ ਕੀਤਾ ਤੇ ਮੇਰੇ ਕੰਨ ਵਿਚ ਆਖਿਆ: "ਮੈਂ ਅੰਗਰੇਜ਼ ਨਹੀਂ ਹਾਂ, ਮੈਂ ਆਇਰਸ਼ ਹਾਂ, ਠੀਕ ਹੈ?" ਉਸ ਦਾ ਮਤਲਬ ਇਹ ਸੀ ਕਿ ਆਪਾਂ ਦੋਵੇਂ ਇਕੋ ਹਾਂ।

ਇਕ ਵਾਰ ਇਕ ਜਮੀਕਨ ਨੇ ਮੇਰੇ ਕੋਲੋਂ ਲੰਘਦੇ ਹੋਏ ਬੜੇ ਪਿਆਰ ਨਾਲ ਕਿਹਾ ਸੀ: "ਹਾਊ ਆਰ ਯੂ ਬਰਦਰ? (ਕੀ ਹਾਲ ਐ ਵੀਰਾ?)" ਅਤੇ ਇਹ ਕਹਿਣ ਲਈ ਪਹਿਲਾਂ ਵਾਕਫ਼ੀ ਹੋਣ ਦੀ ਲੋੜ ਹੀ ਨਹੀਂ ਸੀ।

ਅੰਗਰੇਜ਼ ਕੌਮ ਸਾਡੇ ਬਾਰੇ ਕਿਵੇਂ ਸੋਚਦੀ ਰਹਿੰਦੀ ਹੈ? ਕੁਝ ਮਿਸਾਲਾਂ ਹਾਜ਼ਰ ਹਨ:

ਇਕ ਦਿਨ ਮੈਂ ਇਕ ਟਾਊਨ ਦੀ ਪਟੜੀ ਉਤੇ ਜਾ ਰਿਹਾ ਸਾਂ। ਮੇਰੇ ਨਾਲ ਇਕ ਪੰਦਰਾਂ-ਸੋਲਾਂ ਵਰ੍ਹੇ ਦੀ ਸਾਡੀ ਲੜਕੀ ਸੀ ਜਿਸਦੇ ਵਾਲ ਕੱਟੇ ਅਤੇ ਸਲਵਾਰ ਪਹਿਨੀ ਹੋਈ ਸੀ। ਇਕ ਘਰ ਦੇ ਬੂਹੇ ਵਿਚ ਅੰਗਰੇਜ਼ ਬੱਚੇ ਖੜੇ ਸਨ ਜੋ ਸਾਨੂੰ ਦੇਖ ਕੇ ਥੋੜਾ ਅੱਗੇ ਪਟੜੀ ਕੋਲ ਆ ਗਏ ਸਨ। ਅਸੀਂ ਕੋਲੋਂ ਲੰਘੇ ਤਾਂ ਬੱਚੇ ਜਿਵੇਂ ਘਿਰਣਾ ਨਾਲ ਬੁੜਬੁੜਾ ਕੇ ਆਖਣ ਲਗੇ: "ਪਾਕਿਸਤਾਨੀ! ਪਾਕਿਸਤਾਨੀ!" ਮਤਲਬ ਸਾਨੂੰ ਛੇੜਨਾ ਜਾਂ ਸਾਡੇ ਬਾਰੇ ਆਪਣੇ ਮਨ ਦੀ ਘਿਰਣਾ ਪਰਗਟ ਕਰਨਾ ਸੀ। ਬੱਚੇ ਏਨੇ ਛੋਟੇ ਸਨ ਕਿ ਹਿੰਦੋਸਤਾਨੀ ਤੇ ਪਾਕਿਸਤਾਨੀ ਦੇ ਫ਼ਰਕ ਦਾ ਪਤਾ ਵੀ ਨਹੀਂ ਸੀ। ਇਸੇ ਤਰ੍ਹਾਂ ਉਹ ਪਾਕਿਸਤਾਨੀ ਨੂੰ ਹਿੰਦੋਸਤਾਨੀ ਕਹਿ ਸਕਦੇ ਸਨ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇ[illegible] ਲਿਆ ਸੀ । ਗੁਆਂਢ ਵਿਚ ਅੰਗਰੇਜ਼ ਸਨ । ਬਾਰਾਂ-ਤੇਰਾਂ ਵਰ੍ਹਿਆਂ ਦਾ ਇਕ ਅੰਗਰੇਜ਼ ਲੜਕਾ ਏਧਰ ਖੇਡਣ ਲਈ ਆ ਜਾਂਦਾ ਸੀ । ਇਕ ਦਿਨ, ਕੁਝ ਸਾਮਾਨ, ਸਾਡੇ ਬੱਚੇ ਇਕ ਕਮਰੇ ਵਿਚੋਂ ਦੂਜੇ ਵਿਚ ਰਖ ਰਹੇ ਸਨ । ਅੰਗਰੇਜ਼ ਲੜਕਾ ਆਇਆ ਤੇ ਉਹ ਵੀ ਨਾਲ ਹੀ ਲਾਇਆ ਗਿਆ । ਲੜਕਾ ਖ਼ੁਸ਼ ਤਬੀਅਤ ਸੀ । ਸਾਮਾਨ ਦੂਜੇ ਕਮਰੇ ਵਿਚ ਰਖਦੇ ਹੋਏ ਬੋਲਿਆ : "ਦੇਖ ਲਓ, ਜ਼ਮਾਨਾ ਹੈ, ਕਦੇ ਤੁਸੀਂ ਸਾਡਾ ਹੁਕਮ ਮੰਨਣ ਲਈ ਮਜਬੂਰ ਸਉ, ਅੱਜ ਅਸੀਂ ਤੁਹਾਡਾ ਹੁਕਮ ਮੰਨਣ ਲਈ ਮਜਬੂਰ ਹਾਂ । ਕਦੇ ਹਾਕਮ ਅਸੀਂ ਸਾਂ, ਅੱਜ ਹਾਕਮ ਤੁਸੀਂ ਹੋ !"

ਇਹ ਗੱਲਾਂ ਆਪਣੇ ਆਪ ਹੀ ਬੱਚਿਆਂ ਵਿਚ ਨਹੀਂ ਆਉਂਦੀਆਂ, ਕਿਸੇ ਨਾ ਕਿਸੇ ਸੋਚਣੀ ਨੇ ਸੰਚਾਰ ਕੀਤੀਆਂ ਹੁੰਦੀਆਂ ਹਨ ।

ਕਈ ਅੰਗਰੇਜ਼ ਇਹੋ ਜਿਹੇ ਵੀ ਮੈਨੂੰ ਮਿਲਦੇ ਰਹੇ ਹਨ ਜੋ ਮੇਰੀ ਅਤੇ ਮੇਰੇ ਦੇਸ਼ ਦੀ ਬੜੀ ਹੀ ਇੱਜ਼ਤ ਕਰਦੇ ਸਨ । ਕਾਵੈਂਟਰੀ ਵਿਚ ਇਕ ਅੰਗਰੇਜ਼ ਨੇ ਮੈਨੂੰ ਦੂਰੋਂ ਹੱਥ ਜੋੜ ਕੇ "ਸਤਿ ਸ੍ਰੀ ਅਕਾਲ" ਆਖੀ । ਲੰਡਨ ਵਿਚ ਇਕ ਅੰਗਰੇਜ਼ ਨੇ ਮੈਨੂੰ "ਨਮਸਤੇ" ਆਖੀ ਸੀ । "ਨਮਸਤੇ" ਆਖਣ ਵੇਲੇ ਉਸਨੇ ਹੱਥ ਵੀ ਮੈਨੂੰ ਜੋੜੇ ਸਨ ।

ਇਹ ਅੰਗਰੇਜ਼ ਮੈਨੂੰ ਬਹੁਤ ਹੀ ਸੁੰਦਰ ਦਿਲ ਪਰਤੀਤ ਹੋਏ । ਇਹ ਇਕੱਲੇ ਨਹੀਂ ਸਨ, ਨਿਰਸੰਦੇਹ, ਇਹ ਵੀ ਇਕ ਜਮਾਤ ਦੇ ਨੁਮਾਇੰਦੇ ਸਨ । ਹਾਂ, ਇਹਨਾਂ ਅੰਗਰੇਜ਼ਾਂ ਦੀ ਉਮਰ ਕਦਰੇ ਵੱਡੀ ਹੁੰਦੀ ਸੀ । ਉਂਜ ਵੀ ਇਹ ਦੇਖਣ ਵਿਚ ਕੁਝ ਬੋਧਕ ਦਿਸਦੇ ਹੁੰਦੇ ਸਨ ।

ਇੰਗਲੈਂਡ ਵਿਚ, ਸਾਡੇ ਲੋਕਾਂ ਨੂੰ, ਲਗ ਪਗ ਹਰ ਇਕ ਚੀਜ਼ ਹੀ ਸਾਡੇ ਦੇਸ ਦੀ ਮਿਲ ਜਾਂਦੀ ਹੈ । ਇਥੋਂ ਤਕ ਕਿ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਵੀ ਆਮ ਪੰਜਾਬੀ ਘਰਾਂ ਵਿਚ ਬਣਦਾ ਰਹਿੰਦਾ ਹੈ (ਸਾਗ ਭਾਵੇਂ ਸਰ੍ਹੋਂ ਦਾ ਨਹੀਂ, ਹੋਰਾਂ ਚੀਜ਼ਾਂ ਦਾ ਹੁੰਦਾ ਹੈ, ਪਰ ਲਗ ਪਗ ਠੀਕ ਹੀ ਹੁੰਦਾ ਹੈ) । ਹਾਂ, ਜੇ ਕੋਈ ਘਾਟ ਹੈ ਤਾਂ ਛੱਜੂ ਦੇ ਚੁਬਾਰੇ ਦੇ ਵਸੇਬੇ ਦੀ ਹੀ ਘਾਟ ਹੈ । ਇਸ ਘਾਟ ਨੂੰ ਸਾਡੀ ਉਥੋਂ ਦੀ ਕਵਿਤਾ ਅਤੇ ਗੀਤ ਸੰਗੀਤ ਵਰਣਨ ਕਰਦੇ ਰਹਿੰਦੇ ਹਨ ।

ਮੇਰਾ ਇਕ ਪਰਮ ਮਿੱਤਰ ਤੂੰਬੀ ਉਤੇ, ਕਦੇ ਕਦੇ, ਇਕ ਗੀਤ ਗਾਉਂਦਾ ਹੁੰਦਾ ਸੀ : "ਅਸੀਂ ਮੁੜ ਵਤਨਾਂ ਵਲ ਜਾਣਾ—ਏਥੇ ਸਾਡਾ ਜੀਅ ਨਾ ਲਗੇ ।" ਇਸ ਗੀਤ ਵਿਚ ਉਸਦਾ ਨਹੀਂ, ਇੰਗਲੈਂਡ ਵਿਚ ਜਿੰਨੇ ਵੀ ਅੱਜ ਭਾਰਤ ਦੇ ਪਰਵਾਸੀ ਹਨ, ਉਹਨਾਂ ਵਿਚੋਂ ਬਹੁਤਿਆਂ ਦੇ ਦਿਲ ਦਾ ਦਰਦ ਅੰਕਿਤ ਹੈ । ਇਸ ਦਰਦ ਨੂੰ ਪਰਗਟ ਕਰਦੇ, ਨਿਰਸੰਦੇਹ, ਉਹ ਸੁਫਨੇ ਵਿਚ ਵੀ ਬੁੜਬੁੜਾਉਣ ਲਗ ਜਾਂਦੇ ਹਨ :

ਅਸੀਂ ਮੁੜ ਵਤਨਾਂ ਵਲ ਜਾਣਾ
ਏਥੇ ਸਾਡਾ ਜੀਅ ਨਾ ਲਗੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਵਿਚ ਹਰੀਜਨ ਵੀਰ

ਇੰਗਲੈਂਡ ਵਿਚ ਹਰੀਜਨ ਵੀਰ ਵੀ ਕਾਫ਼ੀ ਗਿਣਤੀ ਵਿਚ ਰਹਿੰਦੇ ਹਨ ।

ਜੇ ਹਰੀਜਨ ਲਫ਼ਜ਼ ਦਾ ਮਤਲਬ "ਹਰੀ ਦਾ ਜਨ" ਹੀ ਹੁੰਦਾ ਹੈ ਤਾਂ ਇਸ ਸੰਸਾਰ ਦੇ ਸਭ ਇਨਸਾਨ ਹੀ ਹਰੀ ਦੇ ਜਨ ਜਾਂ ਹਰੀਜਨ ਹਨ। ਪਰ ਭਾਰਤ ਵਿਚ ਇਸ ਲਫ਼ਜ਼ ਦੇ ਅੱਜ ਕੁਝ ਵੱਖਰੇ ਅਰਥ ਹਨ। ਅੱਜ ਇਹ ਲਫ਼ਜ਼ ਸਾਡੇ ਉਹਨਾਂ ਵੀਰਾਂ ਲਈ ਹੀ ਖ਼ਾਸ ਹੈ ਜਿਨ੍ਹਾਂ ਨੂੰ ਅਸੀਂ ਸਦੀਆਂ ਤੋਂ ਪਛਾੜ ਕੇ ਰਖਿਆ ਹੋਇਆ ਹੈ। ਇਕ ਕੁਲੀਨ ਆਪਣੇ ਆਪ ਨੂੰ "ਹਰੀ ਦਾ ਜਨ" ਤਾਂ ਸਮਝੇਗਾ, ਪਰ "ਹਰੀਜਨ" ਨਹੀਂ ਆਖੇਗਾ। ਇਸ ਨਾਲ ਉਸਦੇ ਚਿੱਤਰ ਵਿਚ ਕੁਝ ਵੱਖਰੇ ਰੰਗ ਆ ਜਾਂਦੇ ਹਨ।

ਭਾਰਤ ਵਿਚ ਜੇ ਹਰੀਜਨਾਂ ਨੂੰ ਆਰਥਕ ਅਤੇ ਸਮਾਜਕ ਪਖੋਂ ਨੀਵਾਂ ਰਖਿਆ ਹੋਇਆ ਹੈ ਤਾਂ ਇਹ ਇਕ ਵੱਡਾ ਮਸਲਾ ਹੈ ਜੋ ਹੱਲ ਵੀ ਵੱਡੇ ਮੰਗਦਾ ਹੈ। ਇੰਗਲੈਂਡ ਵਿਚ ਪਰ ਹਰੀਜਨਾਂ ਦਾ ਵੱਖਰਾ ਕੋਈ ਵੀ ਮਸਲਾ ਨਹੀਂ। ਉਥੇ ਜੇ ਕੋਈ ਮਸਲਾ ਹੈ, ਹਿੰਦੋਸਤਾਨੀ ਹੋਣ ਦੇ ਨਾਤੇ, ਸਭ ਦਾ ਸਾਂਝਾ ਮਸਲਾ ਹੈ। ਇੰਗਲੈਂਡ ਲਈ ਕੁਲੀਨ ਦਾ ਜਾਂ ਹਰੀਜਨ ਦਾ ਕੋਈ ਅਰਥ ਹੀ ਨਹੀਂ।

ਤਾਂ ਵੀ, ਅਸੀਂ, ਇੰਗਲੈਂਡ ਵਿਚ ਵੀ, ਜ਼ਾਤਾਂ ਪਾਤਾਂ ਦੇ ਨਾਵਾਂ ਨਾਲ ਵੀ ਜਥੇਬੰਦ ਹੋ ਜਾਂਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਭਾਰਤ ਦੀ ਜੋ ਹਾਲਤ ਹੈ, ਉਸਦੀ ਝਲਕ ਇੰਗਲੈਂਡ ਦੇ ਹਿੰਦੋਸਤਾਨੀਆਂ ਉਤੇ ਵੀ ਪੈਂਦੀ ਹੈ। ਸਗੋਂ, ਉਥੇ, ਇਸ ਦਾ ਅਸਰ ਕਦਰੇ ਵੱਧ ਹੀ ਹੁੰਦਾ ਹੈ।

ਇੰਗਲੈਂਡ ਵਿਚ ਇਕ ਗੱਲ ਮੈਂ ਖ਼ਾਸ ਮਹਿਸੂਸ ਕੀਤੀ ਹੈ। ਭਾਰਤ ਵਿਚ, ਹਰੀਜਨ ਵੀਰ, ਨਹਿਰੂ ਅਤੇ ਗਾਂਧੀ ਜੀ ਦੀ ਕਾਂਗਰਸ ਦੇ ਹਾਮੀ ਹਨ। ਪਰ, ਇੰਗਲੈਂਡ ਵਿਚ, ਹਰੀਜਨ ਵੀਰ, ਬਹੁਤ ਵੱਡੀ ਗਿਣਤੀ ਵਿਚ, ਕਾਂਗਰਸ ਦੇ ਵਿਰੁੱਧ ਹਨ। ਕਈ ਵਾਰ ਉਹ ਇਹੋ ਜਿਹੀਆਂ ਗੱਲਾਂ ਵੀ ਕਹਿ ਜਾਂਦੇ ਹਨ ਜਿਹੋ ਜਿਹੀਆਂ, ਭਾਰਤ ਵਿਚ, ਸਜ-ਪਿਛਾਖੜੀ ਕਹਿੰਦੇ ਹਨ। ਕਈ ਵਾਰ ਉਹ ਕਹਿੰਦੇ ਹਨ ਕਿ ਭਾਰਤ ਵਿਚ ਬ੍ਰਹਮਣ ਲੈਂਡ ਲਾਰਡਾਂ ਦਾ ਰਾਜ ਹੈ। ਹਾਲਾਂ ਕਿ ਇਹ ਗ਼ਲਤ ਹੈ। ਲੈਂਡ ਲਾਰਡ ਕਿਸੇ ਇਕ ਜਾਤੀ ਨਾਲ ਸੰਬੰਧਤ ਨਹੀਂ, ਸਭਨਾਂ ਨਾਲ ਹੀ ਹੁੰਦੇ ਹਨ। ਕਾਫ਼ੀ ਲੈਂਡ ਲਾਰਡ ਹਰੀਜਨਾਂ ਨਾਲ ਸੰਬੰਧਤ ਹਨ।

ਭਾਰਤ ਵਿਚ, ਹਰੀਜਨ ਬਹੁਤਾ ਖੇਤਾਂ ਦੇ ਮਜ਼ਦੂਰ ਹਨ। ਖੇਤਾਂ ਦੇ ਮਜ਼ਦੂਰਾਂ ਦਾ,


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਿਰਸੰਦੇਹ, ਜ਼ਮੀਨ-ਮਾਲਕਾਂ ਨਾਲ ਹੀ ਵਾਸਤਾ ਪੈਂਦਾ ਹੈ। ਜ਼ਮੀਨ-ਮਾਲਕ, ਮਾਲਕੀ ਕਰਕੇ, ਲਹੂ ਚੂਸਣ ਵਾਲਾ ਹੈ ਤੇ ਉਸਦਾ ਰੂਪ ਜਾਬਰ ਹੈ। ਉਹ ਚਾਹੁੰਦਾ ਹੈ ਕਿ ਖੇਤ ਮਜ਼ਦੂਰ ਵੱਧ ਤੋਂ ਵੱਧ ਕੰਮ ਕਰੇ ਤੇ ਘਟ ਤੋਂ ਘਟ ਉਜਰਤ ਲਵੇ। ਖੇਤ ਮਜ਼ਦੂਰ, ਨਿਰਸੰਦੇਹ, ਇਸ ਤੋਂ ਉਲਟ ਚਾਹੁੰਦਾ ਹੈ ਤੇ ਇਸ ਲਈ ਦੋਹਾਂ ਵਿਚ ਟੱਕਰ ਹੈ। ਇਹ ਟੱਕਰ, ਕਈ ਵਾਰ, ਵੱਡੇ ਵੱਡੇ ਹਾਦਸਿਆਂ ਵਿਚ ਰੂਪਮਾਨ ਹੋ ਜਾਂਦੀ ਹੈ।

ਆਂਧਰਾ ਵਿਚ ਇਕ ਘਟਨਾ ਬੜੀ ਹੀ ਭੈੜੀ ਵਾਪਰੀ। ਇਕ ਬ੍ਰਹਮਣ ਲੈਂਡ ਲਾਰਡ ਨੇ ਇਕ ਹਰੀਜਨ ਖੇਤ ਮਜ਼ਦੂਰ ਦੀਆਂ ਅੱਖਾਂ ਕੱਢ ਦਿਤੀਆਂ ਸਨ। ਇਹ ਘਟਨਾ ਬੜੀ ਹੀ ਅਣਮਨੁਖੀ ਅਤੇ ਵਹਿਸ਼ੀ ਸੀ। ਇਸ ਦੇ ਵਿਰੁੱਧ ਭਾਰਤ ਵਿਚ ਵੀ ਕਾਫ਼ੀ ਰੋਸ ਕੀਤਾ ਗਿਆ।

ਇੰਗਲੈਂਡ ਵਿਚ ੨੬ ਜਨਵਰੀ, ੧੯੭੫, ਨੂੰ ਇੰਗਲੈਂਡ ਦੇ ਹਰੀਜਨ ਵੀਰਾਂ ਵਲੋਂ, ਇਕ ਮੁਜ਼ਾਹਰਾ ਕੀਤਾ ਗਿਆ। ਇਹ ਮੁਜ਼ਾਹਰਾ ਪ੍ਰਾਈਮ ਮਨਿਸਟਰ ਵਿਲਸਨ ਕੋਲ ਵੀ ਗਿਆ ਸੀ ਤੇ ਉਸ ਤੋਂ ਮਗਰੋਂ ਭਾਰਤੀ ਹਾਈ ਕਮਿਸ਼ਨਰ ਕੋਲ ਵੀ ਗਿਆ ਸੀ। ਪਰ ਨਾਅਰੇ ਇਸਦੇ ਇਹ ਸਨ: "ਬ੍ਰਹਮਣਾਂ ਵਲੋਂ ਹਜ਼ਾਰਾਂ ਅਛੂਤ ਕਤਲ ਕੀਤੇ ਗਏ ਹਨ" (Thousauds of untouchables have been murdered by the Brahmins), "ਇਹ ਬ੍ਰਹਮਣ ਲੈਂਡ ਲਾਰਡ ਹੀ ਹਨ ਜਿਨ੍ਹਾਂ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦੀ ਪਰਾਪਤ ਹੋਈ ਹੈ" (The only people who have attaind freedom from the British rule are the Brahmin Landlords)। ਇਹ ਨਾਅਰੇ ਇਕ ਇਸ਼ਤਿਹਾਰ ਵਿਚ ਲਿਖੇ ਹੋਏ ਸਨ।

ਸਾਨੂੰ, ਬੜੇ ਠਰ੍ਹੰਮੇ ਨਾਲ, ਇਹ ਸਮਝ ਲੈਣਾ ਚਾਹੀਦਾ ਹੈ ਕਿ ਆਂਧਰਾ ਵਿਚ ਅੱਖਾਂ ਕੱਢਣ ਦੀ ਅਣਮਨੁੱਖੀ ਕਾਰਵਾਈ "ਬ੍ਰਹਮਣ" ਲੈਂਡ ਲਾਰਡ ਨੇ ਨਹੀਂ, ਲੈਂਡ ਲਾਰਡ ਨੇ ਕੀਤੀ ਹੈ। ਸਬੱਬ ਨਾਲ, ਜੇ ਖੇਤ ਮਜ਼ਦੂਰ ਬ੍ਰਹਮਣ ਕੁਲ ਦਾ ਜੰਮ ਪਲ ਹੁੰਦਾ, ਲੈਂਡ ਲਾਰਡ ਨੇ ਉਸਦੀਆਂ ਅੱਖਾਂ ਫੇਰ ਵੀ ਕੱਢ ਹੀ ਦੇਣੀਆਂ ਸਨ। ਕਿਉਂਕਿ ਉਸ ਨੇ "ਹਰੀਜਨ" ਨਹੀਂ, ਟੱਕਰ ਲੈਂਦੇ ਖੇਤ ਮਜ਼ਦੂਰ ਦੀਆਂ ਅੱਖਾਂ ਕੱਢਣੀਆਂ ਚਾਹੀਆਂ ਹਨ। ਲੈਂਡ ਲਾਰਡ ਤੇ ਖੇਤ ਮਜ਼ਦੂਰ ਦਾ ਬ੍ਰਹਮਣ ਅਤੇ ਹਰੀਜਨ ਹੋਣਾ ਨਿਰੀ ਸਬੱਬੀ ਗੱਲ ਹੀ ਹੈ।

ਸੰਨ ੧੯੭੦ ਵਿਚ, ਜ਼ਮੀਨੀ ਘੋਲ ਦੇ ਦਿਨਾਂ ਵਿਚ, ਜ਼ਿਲਾ ਲੁਧਿਆਣਾ ਵਿਚ, ਇਕ ਹਰੀਜਨ ਲੈਂਡ ਲਾਰਡ ਨੇ, ਇਕ ਹਰੀਜਨ ਖੇਤ ਮਜ਼ਦੂਰ ਨੂੰ, ਆਪ, ਆਪਣੇ ਹੱਥਾਂ ਨਾਲ, ਪਸਤੌਲ ਨਾਲ ਗੋਲੀ ਮਾਰੀ ਸੀ। ਭਾਰਤ ਵਿਚ ਖੇਤ ਮਜ਼ਦੂਰ ਹਰੀਜਨ ਹੀ ਨਹੀਂ ਹਨ, ਉਹ ਗ਼ਰੀਬ ਕਿਸਾਨ ਵੀ ਹਨ ਜੋ ਘਟ ਜ਼ਮੀਨ ਦੇ ਮਾਲਿਕ ਹਨ ਜਾਂ ਘਟ ਜ਼ੀਮਨ ਦੇ ਮਾਲਿਕ ਸਨ, ਪਰ ਸਾਡੇ ਪੂੰਜੀਵਾਦੀ ਢੰਗ ਨੇ ਉਹਨਾਂ ਦੀ ਭੂਮੀ ਖੋਹਕੇ ਉਹਨਾਂ ਨੂੰ ਭੂਮੀ ਹੀਣ ਕਰ ਦਿਤਾ ਹੈ ਤੇ ਉਹਨਾਂ ਦੀ ਥਾਵੇਂ ਧਨੀ ਕਿਸਾਨਾਂ ਨੂੰ ਹੋਰ ਭੂਮੀ ਦੇ ਦਿਤੀ ਹੈ। ਸਵਾਲ ਏਥੇ ਜ਼ਾਤਾਂ ਦਾ ਨਹੀਂ, ਆਰਥਕ ਜਮਾਤਾਂ ਦਾ ਹੈ। ਅੱਜ ਸਾਡੇ ਭਾਰਤ ਉਤੇ, ਠੀਕ ਹੈ, ਕਿ ਪੂੰਜੀਪਤੀ ਵਰਗ ਰਾਜ ਕਰ ਰਿਹਾ ਹੈ, ਪਰ ਇਹ ਸਭ ਬ੍ਰਹਮਣ ਨਹੀਂ। ਇਹ ਵਰਗ ਸਭੇ ਜ਼ਾਤਾਂ ਪਾਤਾਂ ਉਤੇ ਆਧਾਰਤ ਹੈ। ਜੇ ਇਹ ਗੱਲ ਨਹਿਰੂ ਅਤੇ ਇੰਦਰਾ ਨਾਲ ਹੀ ਜੋੜਨੀ ਹੈ, ਫੇਰ ਇਹ ਗੱਲ ਵੱਖਰੀ ਹੈ। ਪਰ ਇਹ ਗੱਲ ਅਤਿ ਦਰਜੇ ਦੀ ਹਾਨੀਕਾਰਕ ਹੋਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਸੇ ਲੈਂਡ ਲਾਰਡ ਵਲੋਂ ਕਿਸੇ ਖੇਤ ਮਜ਼ਦੂਰ ਉਤੇ ਜੇ ਕੋਈ ਹਮਲਾ ਹੁੰਦਾ ਹੈ ਤਾਂ ਇਹ ਸਵਾਲ ਦੇਸ਼ ਦੀ ਸਾਰੀ ਜਨਤਾ ਦਾ ਬਣ ਜਾਂਦਾ ਹੈ, ਜਾਂ ਇਹ ਬਣਨਾ ਚਾਹੀਦਾ ਹੈ। ਇਹ ਜਮਾਤੀ ਜੰਗ ਹੈ। ਇਸ ਸਵਾਲ ਨੂੰ ਲੈਂਡ ਲਾਰਡ ਜਾਂ ਖੇਤ ਮਜ਼ਦੂਰ ਦੀ ਜ਼ਾਤ ਪਾਤ ਨਾਲ ਜੋੜਨਾ ਉੱਕਾ ਗ਼ਲਤ ਹੈ ਜੋ ਕਿ ਨਿਰੀ ਅਖੋਤੀ ਵੀ ਹੈ। ਇਸ ਦਾ ਮਤਲਬ ਇਹ ਹੈ ਕਿ ਮਿਹਨਤਕਸ਼ ਬ੍ਰਹਮਣ, ਬ੍ਰਹਮਣ ਲੈਂਡ ਲਾਰਡ ਵਲ ਧੱਕੇ ਜਾਣ। ਉਹ ਤਾਂ ਧੱਕ ਹੋ ਜਾਣਗੇ, ਪਰ ਲੈਂਡ ਲਾਰਡ ਹਰੀਜਨ—ਇਹ ਸਮਝ ਲੈਣਾ ਚਾਹੀਦਾ ਹੈ—ਖੇਤ ਮਜ਼ਦੂਰ ਹਰੀਜਨਾਂ ਨਾਲ ਕਦੇ ਵੀ ਨਹੀਂ ਆਵੇਗਾ। ਉਹ ਬ੍ਰਹਮਣ ਲੈਂਡ ਲਾਰਡ ਦੇ ਨਾਲ ਹੀ ਜੋਟੀ ਬੰਨ੍ਹੇਗਾ। ਕਿਉਂਕਿ ਇਹ ਜਮਾਤ ਏਨੀ ਸਿੱਧੀ ਸਾਦੀ ਨਹੀਂ ਹੁੰਦੀ ਜਿੰਨੇ ਅਸੀਂ ਹੁੰਦੇ ਹਾਂ।

ਜਦੋਂ ਅਸੀਂ ਲੰਡਨ ਵਿਚ ਇੰਗਲੈਂਡ ਦੇ ਸਾਮਰਾਜੀਆਂ ਨੂੰ ਇਹ ਸੂਚਨਾ ਦੇਣ ਲਈ ਜਾਂਦੇ ਹਾਂ ਕਿ ਭਾਰਤ ਵਿਚ ਬ੍ਰਹਮਣ ਲੈਂਡ ਲਾਰਡਾਂ ਦਾ ਰਾਜ ਹੈ ਤਾਂ ਗੱਲ ਬੜੀ ਅਜੀਬ ਅਤੇ ਹਾਸੋਹੀਣੀ ਹੋ ਜਾਂਦੀ ਹੈ। ਕਿਉਂਕਿ ਅਸੀਂ ਇਹ "ਹਕੀਕਤ" ਜਿਨ੍ਹਾਂ ਨੂੰ ਦੱਸਣਾ ਚਾਹੁੰਦੇ ਹਾਂ, ਉਹਨਾਂ ਨੂੰ ਪਹਿਲਾਂ ਹੀ ਪਤਾ ਹੈ ਕਿ ਭਾਰਤ ਵਿਚ ਆਜ਼ਾਦੀ ਉਹਨਾਂ ਨੇ ਆਪ ਕਿਸਨੂੰ ਦਿਤੀ ਹੈ। ਇਕ ਗੱਲ ਜ਼ਰੂਰ ਹੈ, ਉਹਨਾਂ ਨੂੰ ਸਾਡੇ "ਬ੍ਰਹਮਣ" ਅਤੇ "ਹਰੀਜਨ" ਦੇ ਨਾਅਰਿਆਂ ਨਾਲ ਖ਼ੁਸ਼ੀ ਜ਼ਰੂਰ ਹੋ ਸਕਦੀ ਹੈ। ਅਸੀਂ ਪਹਿਲਾਂ ਹਿੰਦੂ ਅਤੇ ਮੁਸਲਮਾਨ ਬਣਕੇ ਲੜੇ। ਹੁਣ ਜੇ ਅਸੀਂ ਬ੍ਰਹਮਣ ਅਤੇ ਹਰੀਜਨ ਬਣਕੇ ਲੜਦੇ ਹਾਂ ਤਾਂ ਉਹਨਾਂ ਨੂੰ ਹੋਰ ਕੀ ਚਾਹੀਦਾ ਹੈ? ਅੰਗਰੇਜ਼ ਨੂੰ, ਇਹ ਯਾਦ ਰਖੋ, ਭਾਰਤ ਦੀ ਆਜ਼ਾਦੀ ਅੱਜ ਵੀ ਬਹੁਤ ਤਕਲੀਫ਼ ਦੇ ਰਹੀ ਹੈ। ਕਿਸੇ ਮਹਾਨ ਤਬਦੀਲੀ ਨਾਲ ਹੀ ਇਸ ਤਕਲੀਫ਼ ਨੇ ਹਟਣਾ ਹੈ।

ਅੱਜ ਹਿੰਦੋਸਤਾਨ ਨੂੰ ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਲੋਹੇ ਜਾਂ ਅਸਪਾਤ ਵਰਗੀ ਏਕਤਾ ਦੀ ਲੋੜ ਹੈ। ਹਿੰਦੋਸਤਾਨ ਅਜੇ ਤਕ ਇਕ ਕੌਮ ਜਾਂ ਰਾਸ਼ਟਰ ਨਹੀਂ ਬਣਿਆ। ਅਜੇ ਤਕ ਵੀ ਜ਼ਾਤ ਪਾਤ ਜਾਂ ਧਰਮ ਅਤੇ ਮਜ਼ਹਬ ਹਨ ਜੋ ਸਾਨੂੰ ਖਿੱਚਾਂ ਪਾਉਂਦੇ ਹਨ। ਅਸੀਂ ਹਿੰਦੂ, ਮੁਸਲਮਾਨ ਜਾਂ ਸਿੱਖ ਤਾਂ ਬਣਨਾ ਚਾਹੁੰਦੇ ਹਾਂ, ਪਰ ਹਿੰਦੋਸਤਾਨੀ ਬਣਨ ਵਿਚ ਕੁਝ ਝਿਜਕ ਮਹਿਸੂਸ ਕਰਦੇ ਹਾਂ। ਜੱਟ ਅਤੇ ਗ਼ੈਰ-ਜੱਟ ਵੀ ਬਹੁਤ ਸੌਖਾ ਬਣ ਜਾਂਦੇ ਹਾਂ ਤੇ ਬ੍ਰਹਮਣ ਅਤੇ ਹਰੀਜਨ ਵੀ। ਪਰ, ਹਕੀਕਤ ਇਹ ਹੈ ਕਿ ਇਉਂ ਅਸਾਡੀ ਸ਼ਕਤੀ ਦਾ ਵਿਨਾਸ਼ ਹੀ ਹੋ ਰਿਹਾ ਹੈ।

ਇੰਗਲੈਂਡ ਵਿਚ, ਹਰੀਜਨ ਵੀਰ, ਕਈ ਤਰ੍ਹਾਂ ਦੀਆਂ ਵਖੋ ਵਖ ਸਭਾਵਾਂ ਵਿਚ ਇਕੱਤਰ ਹਨ। ਸ੍ਰੀ ਗੁਰੂ ਰਵਿਦਾਸ ਸਭਾ; ਸ੍ਰੀ ਗੁਰੂ ਬਾਲਮੀਕ ਸਭਾ; ਡਾ: ਅੰਬੇਦਕਰ ਬੁੱਧਿਸ਼ਟ ਸੋਸਾਇਟੀ; ਡਾ: ਅੰਬੇਦਕਰ ਮੈਮੋਰੀਅਲ ਕਮੇਟੀ; ਡਾ: ਅੰਬੇਦਕਰ ਮੈਮੋਰੀਅਲ ਟਰਸਟ; ਇੰਡੀਅਨ ਬੁੱਧਿਸ਼ਟ ਸੋਸਾਇਟੀ; ਅਤੇ ਭਾਰਤੀਆ ਸਮਾਜ ਸੁਧਾਰ ਸਭਾ, ਆਦਿ, ਵਿਚ। ਇਹਨਾਂ ਸਭ ਸਭਾਵਾਂ ਵਿਚ ਵਿਚਾਰਧਾਰਕ ਮਤਭੇਦ ਜਾਂ ਝਗੜੇ ਆਦਿ ਵੀ ਰਹਿੰਦੇ ਹਨ। ਮਤਲਬ ਹੈ ਕਿ ਅਸੀਂ ਜਦੋਂ ਹਰੀਜਨ ਵੀ ਹੁੰਦੇ ਹਾਂ ਤਾਂ ਉਸ ਤੋਂ ਅੱਗੇ ਹੋਰ ਵੀ ਅਸੀਂ ਬਹੁਤ ਕੁਝ ਬਣਨਾ ਚਾਹੁੰਦੇ ਹਾਂ। ਕੇਵਲ ਹਰੀਜਨ ਹੋਣ ਨਾਲ ਵੀ ਅਸੀਂ ਸੰਤੁਸ਼ਟ ਨਹੀਂ ਹੁੰਦੇ। ਇਸੇ ਤਰ੍ਹਾਂ ਹੀ ਬਾਕੀ ਹੋਰਾਂ ਜ਼ਾਤਾਂ ਪਾਤਾਂ ਦਾ ਹਾਲ ਵੀ ਹੈ। ਹਿੰਦੁਸਤਾਨ ਦਾ


CC-0. In Public Domain. Gurukul Kangri Collection, Haridwar

ਸੁੰਦਰ ਚੋਲਾ [illegible] Digitized by Arya Samaj Foundation Chennai and eGangotri ਇਹ ਹਾਲਤ, ਨਿਰਸੰਦੇਹ, ਬੜੀ ਹੀ ਚਿੰਤਾ ਵਾਲੀ ਹੈ ।

ਇੰਗਲੈਂਡ ਵਿਚ, ਹਰੀਜਨ ਵੀਰ, ਚੰਗਾ ਖਾਂਦੇ ਪੀਂਦੇ ਅਤੇ ਚੰਗੇ ਘਰਾਂ ਵਿਚ ਰਹਿੰਦੇ ਹਨ । ਉਹਨਾਂ ਨੂੰ ਗਿਲਾ ਇਹ ਹੈ ਕਿ ਜਦ ਉਹ ਭਾਰਤ ਆਉਂਦੇ ਹਨ ਤਾਂ ਇਕ ਕੁਲੀਨ, ਜੋ ਉਹਨਾਂ ਨਾਲੋਂ ਮੈਲਾ ਕੁਚੈਲਾ ਵੀ ਹੁੰਦਾ ਹੈ, ਉਹਨਾਂ ਨੂੰ ਕੇਵਲ ਇਸ ਗਲੋਂ ਹੀ ਘਿਰਣਾ ਜਿਹੀ ਨਾਲ ਤੱਕਦਾ ਹੈ ਕਿ ਉਹ ਹਰੀਜਨ ਹੁੰਦੇ ਹਨ । ਹਾਲਾਂਕਿ ਉਹਨਾਂ ਦੀ ਮਾਲੀ ਹਾਲਤ ਵੀ ਉਸ ਤੋਂ ਚੰਗੀ ਹੁੰਦੀ ਹੈ । ਗਿਲਾ ਬੜਾ ਹੀ ਵਾਜਬ ਹੈ । ਪਰ ਇਸਦਾ ਕਾਰਨ ਇਹ ਹੈ ਕਿ ਸਾਡੀ ਜ਼ਾਤ ਪਾਤ ਦੀ ਸੰਸਥਾ ਅਜੇ ਵੀ ਬਹੁਤ ਤਕੜੀ ਹੈ ਤੇ ਇਸਦੀ ਪਕੜ ਮਜ਼ਹਬ ਨਾਲੋਂ ਵੀ ਬਹੁਤੀ ਪੀਡੀ ਹੁੰਦੀ ਹੈ । ਦੂਜੇ, ਘੋਰ ਜਹਾਲਤ ਨੂੰ ਵੀ ਇਸ ਵਿਚ ਕਾਫ਼ੀ ਦਖ਼ਲ ਹੈ । ਕਈ ਲੋਕ ਅਜਿਹੇ ਹਨ ਜੋ ਰਹਿਣ ਸਹਿਣ ਜਾਂ ਮਾਲੀ ਪਖੋਂ ਉਂਜ ਤਾਂ ਪਛੜੇ ਹੁੰਦੇ ਹਨ, ਪਰ ਫੋਕੇ ਜਾਤਿ-ਅਭਿਮਾਨ ਦੇ ਸਦਕਾ ਆਪਣੇ ਆਪ ਨੂੰ "ਉਚ" ਹੋਣ ਦਾ ਧੋਖਾ ਦਿੰਦੇ ਰਹਿੰਦੇ ਹਨ । ਉੱਚਾ ਉਹ ਹੀ ਹੁੰਦਾ ਹੈ ਜਿਸਦੀ ਮਾਲੀ ਹਾਲਤ ਅਤੇ ਸੋਚ ਵਿਚਾਰ ਸਭ ਚੰਗੇ ਹੋਣ ।

ਅਸੀਂ, ਹਿੰਦੋਸਤਾਨ ਵਾਲੇ, ਖੇਤੀਬਾੜੀ ਦਾ ਮੁਲਕ ਹਾਂ । ਜਿਵੇਂ ਜਿਵੇਂ ਵੀ ਅਸੀਂ ਸਨਅਤ ਦਾ ਮੁਲਕ ਬਣਦੇ ਜਾਵਾਂਗੇ, ਜ਼ਾਤ ਪਾਤ ਦੀ ਸੰਸਥਾ ਉਤੇ ਸੱਟਾਂ ਮਾਰਦੇ ਜਾਵਾਂਗੇ । ਮਸ਼ੀਨ ਅਜਿਹੀ ਚੀਜ਼ ਹੈ ਜੋ ਜ਼ਾਤ ਪਾਤ ਨੂੰ ਆਪਣੇ ਤੇਜ਼ ਜਬਾੜਿਆਂ ਨਾਲ ਚੱਬ ਜਾਂਦੀ ਹੈ । ਖੂਹ ਦੀ ਜ਼ਾਤ ਹੁੰਦੀ ਹੈ, ਪਰ ਨਲਕੇ ਦੀ ਕੋਈ ਜ਼ਾਤ ਨਹੀਂ ਹੁੰਦੀ । ਹਾਲਾਂਕਿ ਜਿਸ ਮਸ਼ੀਨ ਦਾ ਏਥੇ ਜ਼ਿਕਰ ਕੀਤਾ ਜਾ ਰਿਹਾ ਹੈ, ਨਲਕਾ, ਉਸ ਮਸ਼ੀਨ ਦੇ ਅੱਗੇ ਬੜੀ ਹੀ ਤੁੱਛ ਜਿਹੀ ਚੀਜ਼ ਹੈ ।

ਜ਼ਾਤ ਪਾਤ ਕੋਈ ਅੱਜ ਦੀ ਨਹੀਂ, ਹਜ਼ਾਰਾਂ ਵਰ੍ਹੇ ਪੁਰਾਣੀ ਹੈ । ਸਾਡੇ ਸਭੋ ਮਹਾਂ ਪੁਰਸ਼ ਜ਼ਾਤ ਪਾਤ ਦੀ ਲਾਅਣਤ ਵਿਰੁੱਧ ਸੰਗਰਾਮ ਕਰਦੇ ਰਹੇ ਹਨ; ਪਰ ਇਹ ਫੇਰ ਵੀ ਕਾਇਮ ਹੈ । ਇਸ ਦਾ ਕਾਰਨ ਇਹ ਹੈ ਕਿ ਅਜੇ ਨਿਜ਼ਾਮ ਪੁਰਾਣਾ ਹੈ । ਇਸ ਦਾ ਫ਼ਸਤਾ ਨਵੇਂ ਨਿਜ਼ਾਮ ਦੇ ਹਥੋਂ ਹੀ ਵੱਢ ਹੋਵੇਗਾ ।

ਜ਼ਾਤ ਪਾਤ ਜਾਗੀਰਦਾਰੀ ਯੁੱਗ ਦੀ ਵੱਡੀ ਲਾਅਣਤ ਹੈ । ਅਜੇ ਅਸੀਂ ਜਾਗੀਰਦਾਰੀ ਦੀਆਂ ਜੜ੍ਹਾਂ ਉਖਾੜੀਆਂ ਨਹੀਂ ਹਨ । ਲਗ ਪਗ ਹਰ ਇਕ ਖੇਤਰ ਵਿਚ ਹੀ ਇਸ ਦੀ ਰਹਿੰਦ ਖੂੰਹਦ ਹੈ । ਜਦੋਂ ਅਸੀਂ ਜਾਗੀਰਦਾਰੀ, ਤੇ ਫੇਰ ਸਰਮਾਇਆਦਾਰੀ ਦੀ ਵੀ, ਹਰ ਇਕ ਮਾਰੂ ਰਹਿੰਦ ਖੂੰਹਦ ਨੂੰ ਜੜ੍ਹੋਂ ਉਖਾੜ ਸੁੱਟਾਂਗੇ, ਉਦੋਂ ਹੀ ਸਾਡੇ ਦੇਸ਼ ਤੇ ਕੌਮ ਨੂੰ ਨਵਾਂ ਜੀਵਨ ਮਿਲ ਸਕੇਗਾ ਜੋ ਇਸ ਕਿਸਮ ਦੀ ਹਰ ਇਕ ਲਾਅਣਤ ਤੋਂ ਪਾਕ ਤੇ ਸੁਥਰਾ ਹੋਵੇਗਾ । ਸਾਨੂੰ ਉਸ ਨਿਜ਼ਾਮ ਲਈ ਆਪਣੇ ਯਤਨ ਕਰਨੇ ਚਾਹੀਦੇ ਹਨ ।

ਮਾਲਕੀ ਦੀ ਸੰਸਥਾ ਵੀ ਕਿਸੇ ਨੂੰ ਊਚ ਤੇ ਨੀਚ ਕਰਨ ਵਿਚ ਆਪਣਾ ਹਿੱਸਾ ਪਾਉਂਦੀ ਹੈ । ਅਸਲ ਵਿਚ ਤਾਂ ਇਸ ਲਾਅਣਤ ਦਾ ਮੁਖ ਆਧਾਰ ਹੈ ਹੀ ਇਹ । ਸਭ ਲਾਅਣਤਾਂ ਇਸੇ ਲਾਅਣਤ ਦੀਆਂ ਛੋਟੀਆਂ ਵੱਡੀਆਂ ਧੀਆਂ ਹਨ ।

ਜਿਸ ਕਿਸੇ ਦਾ ਪੈਦਾਵਾਰ ਦੇ ਸਾਧਨਾਂ ਉਤੇ ਕਬਜ਼ਾ ਹੈ, ਉਸ ਦਾ ਦਰਜਾ ਆਪਣੇ ਆਪ ਹੀ ਉੱਚਾ ਜਿਹਾ ਹੋ ਜਾਂਦਾ ਹੈ । ਭਾਰਤ ਵਿਚ, ਜ਼ਮੀਨ, ਪੈਦਾਵਾਰ ਦਾ ਵੱਡਾ ਸਾਧਨ

CC-0. In Public Domain. Gurukul Kangri Collection, Haridwar 

Digitized by Arya Samaj Foundation Chennai and eGangotri

ਹੈ। ਇਸੇ ਲਈ, ਭਾਰਤ ਵਿਚ, ਜ਼ਮੀਨ-ਮਾਲਿਕ ਵੱਡਾ ਅਤੇ ਬੇਜ਼ਮੀਨਾ ਛੋਟਾ ਹੈ। ਜੇ ਜ਼ਮੀਨ ਦਾ ਮਾਲਿਕ, ਕਿਤੇ, ਅਖੌਤੀ ਛੋਟੀ ਜ਼ਾਤ ਦਾ ਹੈ ਤਾਂ ਉਸ ਜ਼ਮੀਨ ਨੂੰ ਵਾਹੁਣ ਵਾਲਾ, ਭਾਵੇਂ ਵੱਡੀ ਜ਼ਾਤ ਦਾ ਹੋਵੇ, ਮਾਲਿਕ ਅੱਗੇ ਛੋਟਾ ਹੈ ਤੇ ਉਸ ਨੂੰ ਸੀਸ ਨਿਵਾਉਂਦਾ ਹੈ। ਭਾਵੇਂ ਆਪਣੇ ਜ਼ਾਤ-ਅਭਿਮਾਨ ਦਾ ਕਦੇ ਕਦੇ ਉਹ ਆਪਣੇ ਆਪ ਵਿਚ ਨਸ਼ਾ ਵੀ ਲੈਂਦਾ ਰਹਿੰਦਾ ਹੈ। ਪਰ ਇਹ ਨਸ਼ਾ ਨਾਲ ਦੀ ਨਾਲ ਹੀ ਉਤਰਦਾ ਵੀ ਰਹਿੰਦਾ ਹੈ।

ਇਕ ਮਿਸਾਲ ਹੋਰ ਦੇ ਦੇਣੀ ਏਥੇ ਯੋਗ ਹੀ ਹੋਵੇਗੀ। ਇਕ ਹਰੀਜਨ ਕਿਸੇ ਸ਼ਹਿਰ ਜਾਂ ਛੋਟੇ ਮੋਟੇ ਕਸਬੇ ਵਿਚ ਕੋਈ ਫ਼ੈਕਟਰੀ ਲਾ ਲੈਂਦਾ ਹੈ। ਕੋਈ ਗਰੀਬ ਕਿਸਾਨ ਜਾਂ ਬ੍ਰਹਮਣ ਉਸ ਵਿਚ ਫ਼ਿਟਰ ਜਾ ਲਗਦਾ ਹੈ। ਉਥੇ ਇਹ ਕਿਸਾਨ ਜਾਂ ਬ੍ਰਹਮਣ ਹਰੀਜਨ ਨਾਲੋਂ ਛੋਟੇ ਹਨ। ਕਾਰਨ ਇਸ ਦਾ ਇਹ ਹੈ ਕਿ ਉਸ ਅਖੌਤੀ ਹਰੀਜਨ ਦਾ ਫ਼ੈਕਟਰੀ ਉਤੇ ਕਬਜ਼ਾ ਹੈ ਜੋ ਪੈਦਾਵਾਰ ਦਾ ਸਾਧਨ ਹੈ। ਹਰੀਜਨ ਸਰਦਾਰ ਸਾਹਿਬ, ਸੇਠ ਜੀ ਜਾਂ ਬਾਬੂ ਜੀ ਹੈ; ਕਿਸਾਨ ਜਾਂ ਬ੍ਰਹਮਣ ਉਸ ਦੇ ਨੌਕਰ ਜਾਂ ਮੁਲਾਜ਼ਮ ਹਨ। ਕਰਦੇ ਰਹਿਣ ਆਪਣੇ ਆਪ ਵਿਚ ਜ਼ਾਤਾਂ ਦਾ ਅਭਿਮਾਨ ਵੀ ਉਹ। ਉਸ ਦੇ ਅਰਥ ਹੀ ਨਹੀਂ ਹਨ।

ਜਿਹੜੀਆਂ ਜ਼ਾਤਾਂ ਆਦਿ ਕਾਲ ਤੋਂ ਉੱਚੀਆਂ ਮੰਨੀਆਂ ਜਾਂਦੀਆਂ ਹਨ, ਪੈਦਾਵਾਰ ਦੇ ਸਾਧਨਾਂ ਉਤੇ ਉਹਨਾਂ ਦੇ ਕਬਜ਼ੇ ਹੁੰਦੇ ਸਨ। ਨਹੀਂ ਤਾਂ ਊਚ ਜਾਂ ਨੀਚ ਹੋਣ ਦਾ ਮਤਲਬ ਹੀ ਕੀ ਹੁੰਦਾ ਹੈ? ਮਹਾਂ ਪੁਰਸ਼ ਤਾਂ ਕਹਿੰਦੇ ਹਨ ਕਿ ਅਸੀਂ ਸਾਰੇ ਇਕੋ ਨੂਰ ਤੋਂ ਪੈਦਾ ਹੋਏ ਹੋਏ ਹਾਂ ਤੇ ਇਕੋ ਪਿਤਾ ਦੇ ਬਾਰਿਕ ਹਾਂ। ਸੋ, ਇਹ ਸਭ ਖ਼ਰਾਬੀ ਕਾਣੀ ਵੰਡ ਨੇ ਕੀਤੀ ਹੋਈ ਹੈ। ਕੋਈ ਪੈਦਾਵਾਰ ਦੇ ਵਸੀਲਿਆਂ ਦਾ ਮਾਲਿਕ ਹੈ, ਕੋਈ ਉਹਨਾਂ ਤੋਂ ਸੱਖਣਾ ਹੈ। ਇਹੋ ਊਚ ਤੇ ਨੀਚ ਹੈ।

ਕੱਪੜੇ ਵਾਂਗ, ਜੁੱਤੀ ਵੀ ਇਨਸਾਨ ਦੀ ਮੁਢਲੀ ਲੋੜ ਹੈ। ਜਦ ਇਹ ਜੁੱਤੀ, ਨਿੱਜੀ ਰੂਪ ਵਿਚ, ਪੱਥਰੀ ਉਤੇ ਬਣਦੀ ਹੈ ਤਾਂ ਉਸ ਕਾਮੇ ਦੀ ਜ਼ਾਤ ਬੜੀ ਹੀ ਨੀਵੀਂ ਆਖੀ ਜਾਂਦੀ ਹੈ। ਪਰ ਜਦੋਂ ਕਦੇ ਇਸ ਕਾਰੋਬਾਰ ਦੀ ਫ਼ੈਕਟਰੀ ਲਗ ਜਾਂਦੀ ਹੈ, ਤੇ ਉਹੀਓ ਕਾਮਾ ਫ਼ੈਕਟਰੀ ਵਿਚ ਕੰਮ ਕਰਨ ਲਗ ਜਾਂਦਾ ਹੈ, ਤਾਂ ਉਸ ਦੀ ਜ਼ਾਤ ਵੀ ਆਪਣੇ ਆਪ ਹੀ ਉੱਚੀ ਹੋਣ ਲਗ ਪੈਂਦੀ ਹੈ। ਨਿੱਜੀ ਰੂਪ ਵਿਚ, ਪੱਥਰੀ ਉਤੇ ਬੈਠਾ, ਉਹ "ਚਮਾਰ" ਹੈ, ਪਰ ਫ਼ੈਕਟਰੀ ਵਿਚ "ਵਰਕਰ" ਹੈ। ਮਤਲਬ ਹੈ, ਸਮੂਹਕ ਕੰਮ ਵੀ, ਜ਼ਾਤ ਪਾਤ ਦਾ ਫ਼ਰਕ ਮਿਟਾਉਣ ਵਿਚ, ਆਪਣਾ ਹਿੱਸਾ ਪਾਉਂਦੇ ਹਨ। ਸਾਡੇ ਸਾਹਮਣੇ ਬੂਟ ਬਣਾਉਣ ਦੀਆਂ ਫ਼ੈਕਟਰੀਆਂ ਉਦਾਹਰਣ ਹਨ। ਉਥੇ ਕਈ ਕੁਲੀਨ ਲੋਕ ਵੀ ਨੌਕਰੀ ਕਰਦੇ ਹੁੰਦੇ ਹਨ। ਕਈ ਕੁਲੀਨ, ਨਿਰਸੰਦੇਹ, ਚੰਮ ਦਾ ਕੰਮ ਵੀ ਕਰਦੇ ਹਨ। ਇਸ ਲਈ ਮਤਲਬ ਇਹ ਹੈ ਕਿ ਇਸ ਦਾ ਨਿਰਭਰ ਕਈ ਤਰ੍ਹਾਂ ਦੀਆਂ ਹੋਰਾਂ ਤਬਦੀਲੀਆਂ ਉਤੇ ਵੀ ਹੈ। ਇਹ ਤਬਦੀਲੀਆਂ, ਹਿੰਦੋਸਤਾਨ ਵਿਚ, ਵਾਪਰ ਵੀ ਅੱਜ ਰਹੀਆਂ ਹਨ। ਉਦਯੋਗੀਕਰਨ, ਸਮੂਹੀਕਰਨ, ਮਾਲਕੀ ਦੀ ਸੰਸਥਾ ਨੂੰ ਭੰਨਣਾ ਅਤੇ ਪਰੇ ਵਗਾਹੁਣਾ, ਹਿੰਦੋਸਤਾਨ ਦਾ ਲਕਸ਼ ਹੈ।

ਭਾਵੇਂ ਅਸੀਂ ਜ਼ਾਤ ਪਾਤ ਨੂੰ ਭਾਰਤ ਵਿਚ ਵਿਧਾਨ ਦੇ ਵਿਰੁੱਧ ਕਰਾਰ ਦੇ ਦਿਤਾ ਹੋਇਆ ਹੈ, ਪਰ ਜ਼ਾਤ ਪਾਤ ਨੂੰ ਸਾਡੇ ਜੀਵਨ ਵਿਚ ਅਜੇ ਵੀ ਡੂੰਘਾ ਦਖ਼ਲ ਹੈ। ਖ਼ਾਸ ਕਰ ਕੇ ਹਰੀਜਨਾਂ ਨੂੰ ਅਜੇ ਵੀ ਅਸੀਂ ਦੂਜੇ ਦਰਜੇ ਦੇ ਸ਼ਹਿਰੀਆਂ ਵਾਂਗ ਹੀ ਗਿਣਦੇ ਹਾਂ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਠੀਕ, ਵੋਟ ਦਾ ਹੱਕ ਹੈ, ਜੋ ਹੋਰ ਵੀ [illegible] ਹਨ, ਪਰ ਇਹ ਬਹੁਤ ਹੀ ਘਟ ਹੈ। ਵੱਡੀ ਗੱਲ ਤਾਂ ਇਹ ਹੈ ਕਿ ਸਾਡੇ ਨਿੱਤ ਦੇ ਜੀਵਨ ਵਿਚ ਵੀ ਸਭ ਦੇ ਹੱਕ ਬਰਾਬਰ ਹੋਣ। ਹਰੀਜਨ ਨੀਵੇਂ ਹੁੰਦੇ ਹਨ ਜਾਂ ਉਹਨਾਂ ਦਾ ਦਰਜਾ ਦੂਜਾ ਹੈ, ਇਸ ਕਿਸਮ ਦੇ ਮੰਦ-ਵਿਚਾਰ ਕਿਸੇ ਦੇ ਮਨ ਵਿਚ ਆਉਣ ਹੀ ਕਿਉਂ ? ਪਰ ਇਹ ਤਦ ਹੀ ਹੋਵੇਗਾ ਜੇ ਇਸ ਨਿਜ਼ਾਮ ਨੂੰ ਨੀਹਾਂ ਵਿਚੋਂ ਮੁੜ ਉਸਾਰਿਆ ਜਾਵੇਗਾ।

ਇਹ ਵਿਚਾਰ ਇੰਗਲੈਂਡ ਵਿਚ ਵੀ ਸਾਡੇ ਨਾਲ ਹੀ ਹੁੰਦੇ ਹਨ। ਇਸ ਲਈ ਇੰਗਲੈਂਡ ਵਿਚ ਵੀ ਅਸੀਂ ਆਪਣੀ ਇਸ ਸੋਚ ਨੂੰ ਪਰਗਟ ਕਰਦੇ ਰਹਿੰਦੇ ਹਾਂ। ਪਰ ਉਥੇ ਸਾਨੂੰ ਇਕ ਜਵਾਬ ਬੜਾ ਹੀ ਚੰਗਾ ਮਿਲਦਾ ਹੈ ਕਿ ਭਾਵੇਂ ਅਸੀਂ ਆਪਣੇ ਆਪ ਨੂੰ ਕੁਝ ਵੀ ਸਮਝਦੇ ਰਹਿੰਦੇ ਹਾਂ, ਪਰ ਨਸਲਵਾਦੀ ਅੰਗਰੇਜ਼ਾਂ ਲਈ ਤਾਂ ਅਸੀਂ ਸਾਰੇ ਹੀ ਹਰੀਜਨ ਹਾਂ—ਜੇ ਹਰੀਜਨ ਹੋਣ ਦਾ ਮਤਲਬ ਦੂਜੇ ਦਰਜੇ ਦੇ ਸ਼ਹਿਰੀ ਹੈ। ਅਸੀਂ ਹਿੰਦੋਸਤਾਨੀ ਜਾਂ ਰੰਗਦਾਰ ਆਵਾਸੀ ਹਾਂ।

ਆਓ, ਕੋਸ਼ਿਸ਼ ਕਰੀਏ ਕਿ ਅਸੀਂ ਹਿੰਦੋਸਤਾਨ ਵਿਚ ਵੀ, ਸਾਰੇ, ਹਿੰਦੋਸਤਾਨੀ ਹੋਈਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦਾ ਮੁਸ਼ਾਇਰਾ

ਜਿਵੇਂ ਅਸੀਂ, ਇੰਗਲੈਂਡ ਵਿਚ, ਆਈ. ਡਬਲਿਊ. ਏ. ਜਾਂ ਕਈ ਤਰ੍ਹਾਂ ਦੀਆਂ ਜਥੇਬੰਦੀਆਂ ਹੋਰ ਬਣਾਈਆਂ ਹੋਈਆਂ ਹਨ, ਇਸੇ ਤਰ੍ਹਾਂ, ਇੰਗਲੈਂਡ ਵਿਚ, ਪਾਕਿਸਤਾਨੀ ਲੋਕਾਂ ਦੀਆਂ ਵੀ ਕਈ ਇਕ ਜਥੇਬੰਦੀਆਂ ਹਨ । ਇਹਨਾਂ ਵਿਚੋਂ ਇਕ ਦਾ ਨਾਂ "ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਆਫ਼ ਗਰੇਟ ਬ੍ਰਿਟਿਨ" ਹੈ । ਇਸ ਦੀ ਅਦਬੀ ਮਜਲਿਸ ਵਲੋਂ ੨੫ ਜਨਵਰੀ, ੧੯੭੫ ਨੂੰ ਮੁਸ਼ਾਇਰਾ ਸੀ । ਮੁਸ਼ਾਇਰਾ ਭਾਵੇਂ ਉਰਦੂ ਸੀ, ਪਰ ਮੈਨੂੰ ਇਸ ਮੁਸ਼ਾਇਰੇ ਲਈ ਉਚੇਚਾ ਸੱਦਿਆ ਗਿਆ ਸੀ ।

ਇਹ ਮੁਸ਼ਾਇਰਾ, ਲੰਡਨ ਵਿਚ, ਵਲਾਇਥ ਹਾਲ ਵਿਚ ਹੋਣਾ ਸੀ । ਵਲਾਇਥ ਹਾਲ, ਲੰਡਨ ਵਿਚ, ਵਲਾਇਥ ਰੋਡ ਉਤੇ ਸੀ । ਵਲਾਇਥ ਰੋਡ ਲੰਡਨ W-14 ਵਿਚ ਸਥਿਤ ਸੀ । ਲੰਡਨ W ਕਿਥੇ ਸੀ ? ਤੇ ਫੇਰ ਲੰਡਨ W-14 ? ਮੈਨੂੰ ਪਤਾ ਨਹੀਂ ਸੀ। ਲੰਡਨ ਬਹੁਤ ਵੱਡਾ ਹੈ । ਲੰਡਨ ਦੇ ਵਸਨੀਕਾਂ ਨੂੰ ਵੀ ਸਾਰੇ ਲੰਡਨ ਦਾ ਪਤਾ ਨਹੀਂ ।

ਮੈਨੂੰ ਇਸ ਮੁਸ਼ਾਇਰੇ ਲਈ ਕਾਵੈਂਟਰੀ ਸੱਦਾ ਆਇਆ ਸੀ । ਲੰਡਨ ਤੋਂ ਕਾਵੈਂਟਰੀ ਕੋਈ ਸੌ ਸਵਾ ਸੌ ਮੀਲ ਹੈ । ੨੪ ਨੂੰ ਮੈਂ ਸ਼ਾਮ ਤੀਕਰ ਸਾਊਥਾਲ ਪੁੱਜ ਗਿਆ ਸਾਂ । ਸਾਊਥਾਲ ਤੋਂ ਅਗਲੇ ਦਿਨ ਮੈਂ ਕਿਸੇ ਕਵੀ ਦੋਸਤ ਨਾਲ ਵਲਾਇਥ ਹਾਲ ਪੁੱਜ ਜਾਣਾ ਸੀ ।

ਮੁਸ਼ਾਇਰਾ ਸ਼ਾਮੀ ਛੇ ਵਜੇ ਤੋਂ ਗਿਆਰਾਂ ਰਾਤ ਤੀਕਰ ਸੀ । ਕਵੀ ਅਤੇ ਕਹਾਣੀਕਾਰ ਤਰਸੇਮ ਸਿੰਘ (ਨੀਲਗਿਰੀ) ਦੀ ਕਾਰ ਵਿਚ ਅਸੀਂ ਪੰਜ ਕਿ ਸਾਢੇ ਪੰਜ ਵਲਾਇਥ ਹਾਲ ਲਈ ਚੱਲ ਪਏ । ਖ਼ਿਆਲ ਸੀ, ਵਲਾਇਥ ਹਾਲ ਕੋਈ ਬਹੁਤੀ ਦੂਰ ਨਹੀਂ ਹੋਵੇਗਾ, ਸਾਊਥਾਲ ਤੋਂ ਪੰਦਰਾਂ-ਵੀਹਾਂ ਮੀਲਾਂ ਉਤੇ ਹੀ ਹੋਵੇਗਾ । ਪਰ ਸਫ਼ਰ ਕੁਝ ਵਧੇਰੇ ਸੀ ਤੇ ਸਾਨੂੰ ਪੰਝੀ-ਤੀਹ ਮੀਲ ਦੇ ਨੇੜੇ ਤੇੜੇ ਲਗ ਰਿਹਾ ਸੀ । ਅਸੀਂ ਛੇ ਸਵਾ ਛੇ ਦੇ ਲਾਗੇ ਚਾਗੇ ਪਹੁੰਚ ਗਏ । ਵਲਾਇਥ ਹਾਲ ਪੁੱਛਣ ਲਈ ਵੀ ਥੋੜੀ ਦੇਰ ਲਗ ਗਈ ਸੀ । ਵਲਾਇਥ ਰੋਡ ਵੀ ਸਾਨੂੰ ਥੋੜਾ ਮੁਸ਼ਕਿਲ ਨਾਲ ਹੀ ਲੱਭਾ ਸੀ ।

ਅਜੇ ਤਕ ਪ੍ਰਬੰਧਕ ਵੀ ਵਲਾਇਥ ਹਾਲ ਨਹੀਂ ਆਏ ਸਨ । ਉਹ ਥੋੜਾ ਲੇਟ ਹੋ ਗਏ ਸਨ । ਅਸੀਂ ਕਾਰ ਵਿਚ ਬੈਠੇ ਰਹੇ ।

ਲੰਡਨ ਦਾ ਇਹ ਹਿੱਸਾ ਬਹੁਤਾ ਜਗਮਗ ਕਰਦਾ ਨਹੀਂ ਸੀ, ਬੁਝਿਆ ਬੁਝਿਆ ਜਿਹਾ ਸੀ । ਜਿਵੇਂ ਅਸੀਂ ਦਿੱਲੀ ਜਾਂ ਕਲਕੱਤੇ ਦੇ ਬਾਜ਼ਾਰਾਂ ਦੀ ਥਾਂ ਰੋਪੜ ਜਾਂ ਸਰਹੰਦ ਦੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੋਟੇ ਕਸਬੇ ਵਿਚ ਆ ਗਏ ਹੋਈਏ। ਸ਼ਾਮ ਪਹਿਲਾਂ ਉਂਜ ਹੀ ਸੀ ਤੇ ਬੜੀ ਹੀ ਛੇਤੀ ਕਾਲੇ ਜਿਹੇ ਹਨੇਰੇ ਵਿਚ ਵਟ ਗਈ ਸੀ। ਤਰਸੇਮ ਜਦੋਂ ਦੀਆ ਸਲਾਈ ਨਾਲ ਸਿਗਰਟ ਬਾਲਣ ਲਗਦਾ ਤਾਂ ਇਕ ਪਲ ਲਈ ਸੂਹਾ ਚਾਨਣ ਦੂਰ ਦੂਰ ਤਕ ਫੈਲਣ ਲਗਦਾ।

ਓੜਕ ਕੁਝ ਪ੍ਰਬੰਧਕ ਆਏ। ਹੌਲੀ ਹੌਲੀ ਦਰਸ਼ਕ ਵੀ ਵਲਾਇਥ ਹਾਲ ਆ ਰਹੇ ਸਨ। ਮੇਰਾ ਬੜੇ ਖ਼ਲੂਸ ਨਾਲ ਸਵਾਗਤ ਕੀਤਾ ਗਿਆ ਸੀ।

ਸ਼ਾਇਰ ਅਤੇ ਸੁਣਨ ਵਾਲੇ ਲਗ ਪਗ ਪਹੁੰਚ ਚੁੱਕੇ ਸਨ। ਸੌ, ਸਵਾ ਸੌ, ਹੱਦ ਡੇਢ ਸੌ, ਮਰਦ ਅਤੇ ਔਰਤਾਂ ਸਨ। ਹਾਲ ਵੱਡਾ ਨਹੀਂ ਸੀ, ਲਗ ਪਗ ਲੋੜ ਅਨੁਸਾਰ ਹੀ ਸੀ। ਸੀ ਪਰ ਬੜਾ ਸੁਹਣਾ ਜਿਹਾ, ਚੌਰਸ ਅਤੇ ਡੱਬੇ ਵਰਗਾ। ਜਿਵੇਂ ਕਿਧਰੇ ਵੱਖ ਬਣਾ ਕੇ ਏਥੇ ਚੁੱਕ ਕੇ ਰਖਿਆ ਹੋਵੇ।

ਕਈ ਔਰਤਾਂ ਕਾਲੇ ਰੰਗ ਦੇ ਬੁਰਕਿਆਂ ਵਿਚ ਵੀ ਆਈਆਂ ਸਨ। ਚਾਨਣ ਵਿਚ, ਗੋਰੇ ਰੰਗ, ਕਾਲੇ ਰੰਗ ਦੇ ਬੁਰਕਿਆਂ ਵਿਚੋਂ ਚਮਕਾਂ ਮਾਰ ਰਹੇ ਸਨ।

ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਆਫ਼ ਗਰੇਟ ਬ੍ਰਿਟਿਨ, ਜਿਵੇਂ ਇਸ ਦੇ "ਸੋਸ਼ਲਿਸਟ" ਨਾਂ ਤੋਂ ਹੀ ਦਿਸ ਰਿਹਾ ਹੈ, ਅਗਾਂਹ ਵਧੂ ਵਿਚਾਰਾਂ ਨੂੰ ਪਰਨਾਈ ਜਥੇਬੰਦੀ ਹੈ ਜੋ ਪਾਕਿਸਤਾਨ ਵਿਚ ਸੋਸ਼ਲਿਜ਼ਮ ਜਾਂ ਕਮਿਊਨਿਜ਼ਮ ਦੀ ਇੱਛਕ ਹੈ। ਪਰ ਸੋਸ਼ਲਿਸਟ ਜਾਂ ਕਮਿਊਨਿਸਟ ਜੋ ਆਪਣੇ ਆਪਣੇ ਮੁਲਕਾਂ ਤੇ ਓੜਕ ਸਾਰੀ ਦੁਨੀਆਂ ਵਿਚ ਹੀ ਸੋਸ਼ਲਿਜ਼ਮ ਦੇ ਇੱਛਕ ਹਨ, ਕਦੇ ਕਦੇ ਅਜਿਹੀ ਮੁਸ਼ਕਿਲ ਹਾਲਤ ਵਿਚ ਫਸ ਜਾਂਦੇ ਹਨ ਕਿ ਉਹਨਾਂ ਨੂੰ ਉਹ ਉਹ ਕੰਮ ਕਾਰ ਵੀ ਕਰਨੇ ਹੀ ਪੈ ਜਾਂਦੇ ਹਨ ਜਿਹੜੇ ਅਸਲ ਵਿਚ ਉਹਨਾਂ ਦੇ ਵਿਸ਼ਵਾਸ ਦਾ ਹਿੱਸਾ ਨਹੀਂ ਹੁੰਦੇ। ਨਿਰਸੰਦੇਹ, ਇਹ ਨਿਰਾ ਦਿਖਾਵੇ ਵਜੋਂ ਹੀ ਕੀਤੇ ਜਾਂਦੇ ਹਨ। ਪਰ ਕਿਉਂਕਿ ਜਿਨ੍ਹਾਂ ਲੋਕਾਂ ਲਈ ਉਹ ਇਨਕਲਾਬ ਜਾਂ ਨਵੇਂ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਹਨ, ਤੇ ਜਿਨ੍ਹਾਂ ਦੀ ਸਭ ਦੀ ਤਾਕਤ ਨਾਲ ਹੀ ਇਹ ਕੁਝ ਹੋਣਾ ਸੰਭਵ ਹੈ, ਉਹਨਾਂ ਨੂੰ ਸਭ ਨੂੰ ਨਾਲ ਲੈਣ ਲਈ ਇਹ ਕੁਝ ਕਰਨਾ ਪੈਂਦਾ ਹੈ। ਭਾਵੇਂ ਇਹ ਇਕ ਖੇਖਣ ਹੈ, ਪਰ ਕਈ ਵਾਰ ਇਹ ਖੇਖਣ ਕਰਨਾ ਅਕਲਮੰਦੀ ਵੀ ਹੁੰਦਾ ਹੈ। ਕਿਉਂਕਿ ਸਾਡੇ ਬਹੁਤੇ ਲੋਕ ਬਹੁਤ ਹੀ ਭੋਲੇ ਭਾਲੇ ਹਨ। ਫ਼ਿਰਕੂ ਅਤੇ ਸੱਜ-ਪਿਛਾਖੜੀ ਇਹਨਾਂ ਨੂੰ ਗੁਮਰਾਹ ਕਰਨ ਲਈ ਤਾਕ ਵਿਚ ਲਗੇ ਰਹਿੰਦੇ ਹਨ। ਇਹਨਾਂ ਘਿਨਾਉਣੀਆਂ ਤਾਕਤਾਂ ਕੋਲੋਂ ਇਹਨਾਂ ਨੂੰ ਸਾਂਭ ਕੇ ਰੱਖਣ ਲਈ ਜੇ ਆਪਣੇ ਆਪ ਨੂੰ ਥੋੜਾ ਬਹੁਤਾ ਨਰਮ ਵੀ ਕਰਨਾ ਪੈਂਦਾ ਹੈ ਤਾਂ ਇਸ ਦਾ ਬਹੁਤਾ ਹਰਜ ਨਹੀਂ। ਅਸੀਂ ਤਾਂ ਸਮਝ ਵਾਲੇ ਹਾਂ, ਪਰ ਜੇ ਫ਼ਿਰਕਾ ਪ੍ਰਸਤ ਲੋਕੀ, ਲੋਕਾਂ ਨੂੰ, ਬੇ ਸਮਝੀ ਕਾਰਨ, ਵਰਤਣ ਤੋਂ ਮਜਬੂਰ ਰਹਿ ਸਕਣ, ਇਸ ਦਾ ਫ਼ਾਇਦਾ ਹੀ ਹੁੰਦਾ ਹੈ। ਇਹ ਕੇਵਲ ਦਾਓ ਪੇਚ ਹੀ ਹੈ, ਰਸਤੇ ਨੂੰ ਛੱਡ ਜਾਣਾ ਨਹੀਂ। ਕਿਉਂਕਿ ਸੱਚੇ ਇਨਕਲਾਬੀ, ਸੋਸ਼ਲਿਸਟ ਜਾਂ ਕਮਿਊਨਿਸਟ, ਆਪਣਾ ਰਸਤਾ ਛੱਡਦੇ ਨਹੀਂ, ਕਦਮ ਕਦਮ ਤੁਰਦੇ ਤੇ ਸੱਜੇ ਖੱਬੇ ਮੋੜ ਕੱਟਦੇ, ਅੱਗੇ ਵਧਦੇ ਜਾਂਦੇ ਹਨ।

ਦੂਜੇ, ਸਾਡਾ ਹਿਰਦਾ ਕੁਝ ਵਿਸ਼ਾਲ ਵੀ ਹੋਣਾ ਚਾਹੀਦਾ ਹੈ। ਖ਼ਾਸ ਕਰ ਕੇ ਜਿਥੇ ਸਾਡਾ ਧਰਮਾਂ ਅਤੇ ਮਜ਼ਹਬਾਂ ਦੇ ਵਿਸ਼ਵਾਸੀਆਂ ਨਾਲ ਵਾਹ ਪੈਂਦਾ ਹੋਵੇ। ਧਰਮਾਂ ਅਤੇ ਮਜ਼ਹਬਾਂ ਨੂੰ ਕੋਈ ਆਪਣੀ ਥਾਵੇਂ ਮੰਨਦਾ ਰਹੇ। ਇਹ ਉਦੋਂ ਹੀ ਹਾਨੀਕਾਰਕ ਹਨ ਜਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਰਾਜਨੀਤੀ ਵਿਚ ਆਪਣਾ ਕੋਝਾ ਦਖ਼ਲ ਦਿੰਦੇ ਹਨ । ਠੀਕ ਹੈ, ਇਹ ਲੁੱਟਣ ਵਾਲੇ ਲੋਕਾਂ ਦਾ ਹਥਿਆਰ ਵੀ ਹਨ, ਪਰ ਇਸ ਗੱਲ ਦਾ ਸਾਨੂੰ ਕੁਝ ਕੁ ਲੋਕਾਂ ਨੂੰ ਹੀ ਪਤਾ ਹੈ, ਵਿਸ਼ਾਲ ਜਨ-ਸਮੂਹ ਨੂੰ ਨਹੀਂ । ਲੋੜ ਹੈ, ਇਹ ਸਾਰੀ ਗੱਲ, ਨਿਰਸੰਦੇਹ, ਵਿਸ਼ਾਲ ਜਨ-ਸਮੂਹ ਦੀ ਸੋਚ ਦਾ ਹਿੱਸਾ ਬਣੇ । ਜਿੰਨਾ ਚਿਰ ਇਹ ਹੁੰਦਾ ਨਹੀਂ, ਸਾਨੂੰ ਆਪਣੇ ਹਿਰਦੇ ਨੂੰ ਵਿਸ਼ਾਲ ਹੀ ਕਰਨਾ ਪੈਣਾ ਹੈ ।

ਅੱਜ ਕਲ੍ਹ ਮੁਹੱਰਮ ਸਨ । ਇਹਨੀਂ ਦਿਨੀਂ ਮੁਸਲਮਾਨਾਂ ਲਈ ਸ਼ਗ਼ਲ ਜਾਂ ਅੱਯਾਸ਼ੀ ਆਦਿ ਦੀਆਂ ਗੱਲਾਂ ਕਰਨਾ ਮਨ੍ਹਾ ਹੈ । ਇਹਨੀਂ ਦਿਨੀਂ ਹਸਨ ਹੁਸੈਨ ਸ਼ਹੀਦ ਕੀਤੇ ਗਏ ਸਨ । ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੇ ਪ੍ਰਬੰਧਕਾਂ ਨੂੰ ਇਸ ਦਾ ਚੇਤਾ ਨਹੀਂ ਸੀ ਰਿਹਾ । ਕੱਟੜ ਪੰਥੀ ਮਜ਼ਹਬੀ ਲੋਕ ਮੁੱਲਾਂ ਜਾਂ ਮੁਲਾਣਿਆਂ ਲਈ ਇਹ ਗੱਲ ਬਹੁਤ ਵੱਡੀ ਸੀ । ਸ਼ੇਅਰੋ-ਸ਼ਾਇਰੀ ਜਾਂ ਮੁਸ਼ਾਇਰਾ ਹੁਸਨ ਇਸ਼ਕ ਦੀਆਂ ਗੱਲਾਂ ਹਨ ਜੋ ਮਹਿਜ਼ ਇਕ ਅੱਯਾਸ਼ੀ ਜਾਂ ਨਿਰਾ ਜੀ-ਬਹਿਲਾਵਾ ਹਨ ਤੇ ਸ਼ਰ੍ਹਾ ਵਿਚ ਮਮਨੂਅ ਹਨ । ਉਰਦੂ ਦੇ ਮੁਸ਼ਾਇਰੇ ਵਿਚ ਗ਼ਜ਼ਲ ਪੜ੍ਹੀ ਹੀ ਜਾਂਦੀ ਹੈ । ਗ਼ਜ਼ਲ ਹੈ ਹੀ ਔਰਤ ਨਾਲ ਹੁਸਨ ਇਸ਼ਕ ਦੀਆਂ ਗੱਲਾਂ ਕਰਨਾ ।

ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੇ ਪ੍ਰਬੰਧਕਾਂ ਨੇ ਇਸ ਦੀ ਸੂਰਤ ਸੋਚ ਲਈ । ਸਭ ਤੋਂ ਪਹਿਲਾਂ ਸਭਨਾਂ ਨੂੰ ਦੁਆ ਪੜ੍ਹਨ ਲਈ ਕਿਹਾ ਗਿਆ ।

ਅਸੀਂ ਸਾਰੇ ਉੱਠੇ ਤੇ ਹੱਥ ਅੱਡ ਕੇ ਖੜੇ ਹੋਏ । ਇਕ ਮੌਲਵੀ ਸਾਹਿਬ ਸਨ । ਉਹਨਾਂ ਨੇ ਦੁਆ ਪੜ੍ਹੀ । ਸਮਝੋ ਹੁਣ ਮੁਸ਼ਾਇਰੇ ਲਈ ਮਨਜ਼ੂਰੀ ਲੈ ਲਈ ਗਈ ਸੀ ਤੇ ਮੁੱਲਾਂ ਅਤੇ ਮੁਲਾਣਿਆਂ ਨੂੰ ਖ਼ੁਸ਼ ਕੀਤਾ ਜਾ ਚੁੱਕਾ ਸੀ । ਇਸ ਤੋਂ ਮਗ਼ਰੋਂ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋਣਾ ਸੀ । ਮੁਸ਼ਾਇਰਾ ਜੇ ਅੱਯਾਸ਼ੀ ਹੈ ਤਾਂ ਅੱਲਾ ਦੀ ਦਰਗਾਹ ਵਿਚ ਦੁਆ ਵੀ ਪੜ੍ਹੀ ਜਾ ਚੁੱਕੀ ਹੈ । ਇਸ ਦਾ ਮਤਲਬ ਇਹ ਸੀ ਕਿ ਸਾਡੇ ਵਿਚ ਵੀ ਮਜ਼ਹਬ ਲਈ ਕੋਈ ਘਟ ਅਕੀਦਤ ਨਹੀਂ ਸੀ । ਸਿਰਫ਼ ਭੁੱਲਣ ਕਰ ਕੇ ਸਾਥੋਂ ਗ਼ਲਤੀ ਜਿਹੀ ਹੋ ਗਈ ਸੀ । ਤੇ ਬੰਦਾ ਭੁਲਣਹਾਰ ਹੈ ।

ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੇ ਪ੍ਰਬੰਧਕਾਂ ਨੇ ਬੜੀ ਸਿਆਣਪ ਵਰਤੀ ਸੀ । ਹੁਣ ਮੁਸ਼ਾਇਰਾ ਜਾਇਜ਼ ਸੀ । ਕਿਸੇ ਵੀ ਸੰਭਵ ਖ਼ਤਰੇ ਵਲੋਂ ਪੇਸ਼ਬੰਦੀ ਹੋ ਚੁੱਕੀ ਸੀ ।

ਮੁਸਲਮਾਨੀ ਮਜ਼ਹਬ ਵਿਚ, ਯਕੀਨ ਜਾਣੋ, ਮੈਨੂੰ ਬੜੀ ਹੀ ਖ਼ੂਬਸੂਰਤੀ ਨਜ਼ਰ ਆਈ । ਮੈਨੂੰ ਆਪਣੇ ਅੱਡੇ ਹੋਏ ਹੱਥ ਬੜੇ ਹੀ ਸੁਹਣੇ ਲਗੇ ਸਨ : "ਲਾਇੱਲਾ-ਇਲਲਿੱਲਾ-ਮੁਹੰਮਦ-ਰਸੂਲਿੱਲਾ..." ਦੱਸੋ, ਕੀ ਘਟ ਗਿਆ ਸੀ ? ਔਰਤਾਂ ਦੇ ਅੱਡੇ ਹੋਏ ਹੱਥ ਬੜੇ ਹੀ ਸੁਹਣੇ ਲਗਦੇ ਸਨ ।

ਖ਼ੈਰ, ਮੁਸ਼ਾਇਰਾ ਸ਼ੁਰੂ ਹੋਇਆ । ਸਟੇਜ ਉਤੇ ਵਾਰੋ ਵਾਰੀ ਸ਼ਾਇਰ ਆਉਣ ਲਗ ਪਏ ਸਨ ।

ਹਿੰਦੋਸਤਾਨ ਤੇ ਪਾਕਿਸਤਾਨ ਦਾ ਰਿਸ਼ਤਾ ਬੜਾ ਹੀ ਨਾਜ਼ੁਕ ਹੈ । ਸਾਡੀ ਵੰਡ ਧਰਮਾਂ ਅਤੇ ਮਜ਼ਹਬਾਂ ਕਰ ਕੇ ਹੋਈ ਹੈ । ਜਿਹੜੇ ਲੋਕੀ ਧਰਮਾਂ ਅਤੇ ਮਜ਼ਹਬਾਂ ਵਿਚ ਗ੍ਰਸਤ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ, ਉਹ ਬੜੇ ਹੀ ਨਾਜ਼ੁਕ ਹੁੰਦੇ ਹਨ। ਉਹਨਾਂ ਨੂੰ ਕਿਸੇ ਗ਼ਲਤ ਗੱਲ ਦਾ ਦੁੱਖ ਤਾਂ ਭਲਾ ਹੋਣਾ ਹੀ ਹੈ, ਕਈ ਵਾਰ ਉਹ ਸਹੀ ਗੱਲ ਵੀ ਸੁਣਨ ਜੋਗੇ ਨਹੀਂ ਹੁੰਦੇ। ਇਸ ਦਾ ਕਾਰਨ, ਬਹੁਤ ਹੱਦ ਤਕ, ਗ਼ੈਰ-ਸਾਇੰਸੀ ਸੋਚ ਹੈ। ਧਰਮਾਂ ਅਤੇ ਮਜ਼ਹਬਾਂ ਬਾਰੇ, ਦੁਨੀਆਂ ਨੂੰ ਹੀ ਪਤਾ ਹੈ, ਕਿ, ਇਹ ਵਿਗਿਆਨ ਦੇ ਵੈਰੀ ਹਨ। ਅੰਨ੍ਹੇ ਅਤੇ ਬੋਲੇ ਲੋਕ ਹੀ ਇਹਨਾਂ ਦੀ ਤਾਕਤ ਹੁੰਦੇ ਹਨ।

ਇਕ ਘਟਨਾ ਵਾਪਰੀ। ਕੁਝ ਕੁ ਉਰਦੂ ਸ਼ਾਇਰਾਂ ਮਗਰੋਂ ਮੈਨੂੰ ਕਵਿਤਾ ਪੜ੍ਹਨ ਲਈ ਸਟੇਜ ਉਤੇ ਸੱਦਿਆ ਗਿਆ। ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੇ ਮੁਸ਼ਾਇਰੇ ਲਈ ਮੈਂ ਬੜੇ ਹੀ ਚਾਅ ਨਾਲ ਆਇਆ ਸਾਂ। ਇਕ ਤਾਂ ਲਫ਼ਜ਼ "ਪਾਕਿਸਤਾਨ" ਹੀ ਮੇਰੇ ਲਈ ਵਡਮੁੱਲਾ ਸੀ। ਦੂਜੇ, ਲਫ਼ਜ਼ "ਸੋਸ਼ਲਿਸਟ" ਦੇ ਹੋਰ ਵੀ ਉੱਚੇ ਅਰਥ ਸਨ। ਫੇਰ "ਮੁਸ਼ਾਇਰਾ" ਹੋਣਾ ਸੀ। "ਪਾਕਿਸਤਾਨ", "ਸੋਸ਼ਲਿਸਟ", "ਮੁਸ਼ਾਇਰਾ" ਵੱਡੀਆਂ ਗੱਲਾਂ ਸਨ। ਪਾਕਿਸਤਾਨ ਮੇਰੇ ਲਈ ਕੋਈ ਓਪਰਾ ਮੁਲਕ ਨਹੀਂ ਸੀ, ਮੇਰਾ ਆਪਣਾ ਮੁਲਕ ਸੀ ਜੋ ਸਾਡੇ ਵੈਰੀ ਸਾਮਰਾਜ ਨੇ ਵੱਖਰਾ ਕੀਤਾ ਹੋਇਆ ਸੀ। ਮੇਰੇ ਲਈ ਨਾਨਕ ਅਤੇ ਫ਼ਰੀਦ ਇਕੋ ਰੂਪ ਸਨ। ਸਤਿਲੁਜ, ਬਿਆਸ, ਰਾਵੀ, ਚਨਾਬ, ਸਭ ਵਿਚ ਇਕੋ ਛੱਲਾਂ ਸਨ। ਸੋਸ਼ਲਿਜ਼ਮ ਸਾਡੀ ਦੁਨੀਆਂ ਕਿੰਨੀ ਵੱਡੀ ਕਰ ਦਿੰਦਾ ਹੈ! ਹਿੰਦੋਸਤਾਨ, ਪਾਕਿਸਤਾਨ, ਜਿਵੇਂ ਕਿਸੇ ਪਿੰਡ ਜਾਂ ਸ਼ਹਿਰ ਦੇ ਗਲੀਆਂ ਅਤੇ ਮੁਹੱਲੇ ਹੋਣ। ਕੀ "ਮੁਸ਼ਾਇਰਾ" (ਸ਼ਾਇਰੀ ਜਾਂ ਕਵਿਤਾ) ਇਕ ਕਣੀ ਨੂੰ ਸਾਗਰ ਵਿਚ ਨਹੀਂ ਬਦਲਦਾ? "ਮੁਸ਼ਾਇਰਾ" ਕੋਈ ਸਸਤਾ ਜਿਹਾ ਸ਼ਗਲ ਜਾਂ ਅੱਯਾਸ਼ੀ ਨਹੀਂ, ਅੱਗ ਨੂੰ ਪੈਦਾ ਕਰਨਾ ਅਤੇ ਧਰਤੀ ਨੂੰ ਰੁਸ਼ਨਾਉਣਾ ਹੈ।

ਨਿਰਸੰਦੇਹ, ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੀ ਸਟੇਜ ਬੜੀ ਹੀ ਉੱਚੀ ਸੀ। ਮੈਂ ਵੀ ਇਸ ਸਟੇਜ ਉਤੇ ਉੱਚੀ ਗੱਲ ਹੀ ਕਹਿਣੀ ਸੀ। ਕਵਿਤਾ ਪੜ੍ਹਨ ਤੋਂ ਪਹਿਲਾਂ ਮੈਂ ਕੁਝ ਕੁ ਲਫ਼ਜ਼ ਕਹਿਣੇ ਚਾਹੇ: "ਸਾਨੂੰ ਅੱਜ ਹਿੰਦੋਸਤਾਨੀ ਤੇ ਪਾਕਿਸਤਾਨੀ ਕਹਿੰਦੇ ਹਨ। ਪਰ ਹਕੀਕਤ ਇਹ ਹੈ ਕਿ ਅਸੀਂ ਇਕੋ ਕੌਮ ਹਾਂ। ਇਹ ਅੰਗਰੇਜ਼ੀ ਸਾਮਰਾਜ ਦੀ ਸਾਜ਼ਿਸ . " ਅੱਗੇ ਮੈਂ ਇਹ ਕਹਿਣਾ ਸੀ ਕਿ ਇਹ ਅੰਗਰੇਜ਼ੀ ਸਾਮਰਾਜ ਦੀ ਸਾਜ਼ਿਸ਼ ਦਾ ਨਤੀਜਾ ਹੈ ਕਿ ਅਸੀਂ ਹਿੰਦੋਸਤਾਨ ਅਤੇ ਪਾਕਿਸਤਾਨ ਵਿਚ ਵੰਡੇ ਗਏ ਕਿ ਸਾਹਮਣੇ, ਸਰੋਤਿਆਂ ਵਿਚੋਂ, ਇਕ ਸਾਹਿਬ ਉੱਠੇ ਤੇ ਮੈਨੂੰ ਟੋਕ ਕੇ ਆਖਣ ਲਗੇ: "ਇਹ ਸਿਆਸੀ ਗੱਲਾਂ ਹਨ। ਸਿਰਫ਼ ਨਜ਼ਮ ਪੜ੍ਹੀ ਜਾਵੇ! ਇਹ ਸਿਆਸੀ ਜਲਸਾ ਨਹੀਂ!" ਉਹਨਾਂ ਦੀ ਆਵਾਜ਼ ਵਿਚ ਕੁਝ ਗ਼ੁੱਸਾ ਅਤੇ ਤੇਜ਼ੀ ਵੀ ਸੀ।

ਹਿੰਦੋਸਤਾਨੀ ਹੋਣ ਦੇ ਨਾਤੇ, ਇਹ ਕਹਿਣ ਦੀ ਲੋੜ ਨਹੀਂ ਕਿ ਮੈਂ ਇਸ ਮੁਸ਼ਾਇਰੇ ਵਿਚ ਸਤਿਕਾਰ ਯੋਗ ਮਹਿਮਾਨ ਸਾਂ। ਫੇਰ ਮੈਂ ਲੋਕਲ ਨਹੀਂ ਸਾਂ, ਸੈਰ ਲਈ, ਮੈਂ ਭਾਰਤ ਤੋਂ ਉਚੇਚਾ ਆਇਆ ਹੋਇਆ ਸਾਂ ਤੇ ਹੋਰ ਵੀ ਸੱਗਾ ਰੱਤਾ ਸਾਂ। ਜੇ ਕੋਈ ਗੱਲ ਮੇਰੇ ਕੋਲੋਂ ਗ਼ਲਤ ਆਖ ਹੋ ਜਾਂਦੀ ਹੈ ਤਾਂ ਉਹ ਵੀ ਬਹੁਤ ਬੁਰੀ ਹੈ, ਤੇ ਜੇ ਕੋਈ ਮੈਨੂੰ ਕਹਿੰਦਾ ਹੈ ਤਾਂ ਉਹ ਵੀ ਚੰਗੀ ਨਹੀਂ ਹੈ। ਪਰ, ਗੱਲ ਸੀ ਕਿ ਇਕ ਪਲ ਲਈ ਸਾਰੀ ਗ਼ਲਤ ਹੋ ਗਈ ਸੀ ਤੇ ਧਰਤੀ ਮੇਰੇ ਪੈਰਾਂ ਹੇਠੋਂ ਪਾਸੇ ਹੀ ਹੋ ਗਈ ਸੀ।

ਇਕ ਗੱਲ ਜ਼ਰੂਰ ਸੀ। ਮੇਰੇ ਵਲ ਸੱਚਾਈ ਸੀ। ਜਿਹੜੀ ਗੱਲ ਮੈਂ ਆਖੀ ਸੀ, ਇਤਿਹਾਸ ਇਸ ਦਾ ਸਾਖੀ ਸੀ। ਉੱਖੜਿਆ ਮੈਂ ਬਹੁਤ ਸਾਂ, ਪਰ ਓੜਕ ਸੰਭਲ ਗਿਆ ਸਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਟੇਜ ਉਤੇ ਜੋ ਵੀ ਬੰਦੇ ਕੁਰਸੀਆਂ ਉਤੇ ਬੈਠੇ ਸਨ, ਬੜੇ ਹੀ ਸੋਝੀਵਾਨ ਸਨ। ਕਿਸੇ ਤਰ੍ਹਾਂ ਦੀ ਕੋਈ ਉਤੇਜਨਾ ਉਹਨਾਂ ਦੇ ਮਨ ਵਿਚ ਨਹੀਂ ਸੀ ਆਈ। ਸਗੋਂ ਬੜੀ ਹੀ ਹੌਲ਼ੀ ਹੌਲ਼ੀ ਉਹ ਮੈਨੂੰ ਆਖਦੇ ਜਾਂਦੇ ਸਨ : "ਬੋਲੋ, ਬੋਲੋ, ਤੁਸੀਂ ਕੋਈ ਖ਼ਿਆਲ ਨਾ ਕਰੋ।"

ਮੇਰੇ ਮਨ ਵਿਚ ਬੱਦਲ ਵਾਂਗੂ ਭਾਵਨਾਵਾਂ ਉਮਡ ਆਈਆਂ। ਪਾਕਿਸਤਾਨੀ ਵੀਰਾਂ ਨਾਲ ਮੈਂ ਲੜਨ ਨਹੀਂ ਆਇਆ ਸਾਂ, ਪਿਆਰ ਵਧਾਉਣ ਲਈ ਆਇਆ ਸਾਂ। ਮੈਂ ਤਾਂ ਪਾਕਿਸਤਾਨ ਨੂੰ ਤੇ ਪਾਕਿਸਤਾਨੀ ਵੀਰਾਂ ਭੈਣਾਂ ਨੂੰ ਜ਼ਿੰਦਾਬਾਦ ਤੇ ਪਾਇੰਦਾਬਾਦ ਆਖਣ ਵਾਲਿਆਂ ਵਿਚੋਂ ਸਾਂ।

ਖ਼ੈਰ, ਮੈਂ "ਸਿਆਸਤ" ਛੱਡੀ। ਕਵਿਤਾ ਪੜ੍ਹਨੀ ਸ਼ੁਰੂ ਕੀਤੀ। ਕਵਿਤਾ ਮੇਰੀ ਉਹੀਓ ਸੀ—"ਹੇ ਮੇਰੇ ਪੰਜਾਬ" ਵਾਲੀ। ਕਵਿਤਾ, ਸਭ ਨੇ, ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਸੁਣੀ।

ਸਰੋਤਿਆਂ ਵਿਚ ਬਹੁਤੇ ਲੋਕ ਪੰਜਾਬੀ ਨਜ਼ਰ ਆਉਂਦੇ ਸਨ। ਜੇ ਉਹ ਬਹੁਤੇ ਨਹੀਂ ਵੀ ਸਨ ਤਾਂ ਉਹਨਾਂ ਦੀ ਗਿਣਤੀ ਭਾਰੂ ਸੀ। ਜਿਨ੍ਹਾਂ ਨੇ ਮੈਨੂੰ ਟੋਕਿਆ ਸੀ, ਉਹਨਾਂ ਦੀ ਬੋਲੀ ਉਰਦੂ ਸੀ। ਸਰੋਤਿਆਂ ਵਿਚੋਂ ਹੋਰ ਕਿਸੇ ਨੇ ਉਹਨਾਂ ਦਾ ਸਾਥ ਨਹੀਂ ਦਿਤਾ ਸੀ। ਉਹਨਾਂ ਤੋਂ ਬਿਨਾਂ ਹਾਲ ਵਿਚ ਕੋਈ ਹੋਰ ਬੋਲਿਆ ਸੀ ਹੀ ਨਹੀਂ।

ਨੌਂ ਕੁ ਵਜੇ ਰੀਸੈਸ ਹੋਈ। ਚਾਹ ਪੀਣ ਦਾ ਵਕਫ਼ਾ ਸੀ। ਚਾਹ ਪੀਣ ਲਈ ਸੀਟਾਂ ਉਤੋਂ ਸਾਰੇ ਉਠ ਖਲੋਏ ਸਨ।

ਜਿਨ੍ਹਾਂ ਨੇ ਮੈਨੂੰ ਟੋਕਿਆ ਸੀ, ਉਹ ਸਾਹਿਬ ਇਕ ਪਾਸੇ ਜਿਹੇ, ਕੰਧ ਦੇ ਲਾਗੇ ਖੜੇ ਸਨ। ਉਮਡੇ ਜਿਹੇ ਦਿਲ ਨਾਲ ਮੈਂ ਉਹਨਾਂ ਦੇ ਲਾਗੇ ਪੁੱਜਾ ਤੇ ਨਹਿਰੂ ਅਤੇ ਗਾਂਧੀ ਵਾਂਗੂ ਹੱਥ ਜੋੜ ਕੇ ਆਖਿਆ : "ਭ੍ਰਾਈ ਸਾਹਿਬ, ਮੁਆਫ਼ ਕਰਨਾ, ਮੇਰਾ ਮਤਲਬ ਯੇਹ ਨਹੀਂ ਥਾ ਜੋ ਕੁਛ ਆਪ ਨੇ ਸਮਝਾ ਥਾ, ਮੇਰਾ ਮਤਲਬ ਔਰ ਥਾ।" ਮੇਰੇ ਹੱਥ ਨਹਿਰੂ ਅਤੇ ਗਾਂਧੀ ਵਾਂਗ ਹੀ ਨਹੀਂ ਸਨ ਜੁੜੇ, ਸਗੋਂ ਕਿਸੇ ਮੰਦਰ ਵਿਚ, ਰੁੱਸੇ ਹੋਏ ਦੇਵਤਾ ਅੱਗੇ, ਜਿਵੇਂ ਕਿਸੇ ਅਰਜੋਈਆਂ ਕਰਦੇ ਦੀਨ ਦੁਖੀ ਦੇ ਜੁੜਦੇ ਹਨ, ਉਵੇਂ ਹੀ ਜੁੜੇ ਹੋਏ ਸਨ। ਦੇਵਤਾ ਪਾਕਿਸਤਾਨ ਸੀ। ਮੈਂ, ਜੁੜੇ ਹੋਏ ਹੱਥਾਂ ਵਾਲਾ, ਦੁਖੀਆ ਹਿੰਦੋਸਤਾਨ ਸਾਂ। ਮੇਰੇ ਹੱਥ ਭਾਰਤੀ ਸੰਸਕ੍ਰਿਤੀ ਦੇ ਪ੍ਰਤੀਕ ਸਨ। ਭਾਰਤੀ ਸੰਸਕ੍ਰਿਤੀ ਪਾਕਿਸਤਾਨ ਨੂੰ ਆਖ ਰਹੀ ਸੀ : "ਪਾਕਿਸਤਾਨ ! ਰੁੱਸ ਨਾ।"

ਉਸ ਸਾਹਿਬ ਦੇ ਨੇੜੇ ਹੀ ਕੁਝ ਹੋਰ ਲੋਕ ਵੀ ਖੜੇ ਸਨ ਜੋ ਉਸ ਨੂੰ ਕੁਝ ਕਹਿ ਰਹੇ ਸਨ, ਅਤੇ ਉਹ ਚੁੱਪ ਸੁਣ ਰਿਹਾ ਸੀ। ਉਹਨਾਂ ਵਿਚ ਹੀ ਉਸ ਦੇ ਨੇੜੇ ਇਕ ਦੋ ਔਰਤਾਂ ਖੜੀਆਂ ਸਨ। ਅਸਲ ਵਿਚ ਉਹ ਸਾਰੇ ਉਸ ਨੂੰ ਇਹ ਗੱਲ ਆਖ ਰਹੇ ਸਨ ਕਿ ਉਸ ਦਾ ਟੋਕਣਾ ਗ਼ਲਤ ਸੀ। ਇਕ ਦੋ ਉਸ ਦੀ ਸੋਚ ਨੂੰ ਫ਼ਿਰਕੂ ਸੋਚ ਵੀ ਆਖ ਰਹੇ ਸਨ।

ਉਸ ਨੇ ਮੈਨੂੰ ਆਪਣੇ ਨੇੜੇ ਅਜੇ ਤਕ ਦੇਖਿਆ ਨਹੀਂ ਸੀ। ਉਸ ਦਾ ਸਿਰ ਕੁਝ ਨੀਵਾਂ ਸੀ। ਜਿਵੇਂ ਉਸ ਨੂੰ ਆਪ ਤੋਂ ਗ਼ਲਤੀ ਹੋਣ ਦਾ ਕੁਝ ਪਛਤਾਵਾ ਹੋਵੇ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਗੁੱਸੇ ਹੋਏ [illegible] ਵੇਖ ਕੇ ਇਕ ਔਰਤ ਨੇ ਆਖਿਆ : "ਇਨ ਕੀ ਤਰਫ਼ ਦੇਖੀਏ, ਕੈਸੇ ਹਾਥ ਜੋੜ ਰਹੇ ਹੈਂ ! ਆਪ ਇਨ ਸੇ ਲੜਤੇ ਥੇ !"

ਉਹ ਵਿਚਾਰਾ ਬਹੁਤ ਹੀ ਸ਼ਰਮਿੰਦਾ ਹੋਇਆ ਹੋਇਆ ਸੀ। ਮੈਂ ਨੇੜੇ ਹੋ ਕੇ ਆਖਿਆ : "ਭ੍ਰਾਈ ਸਾਹਿਬ, ਮੈਂ ਤੋ ਆਪ ਕਾ ਦੋਸਤ ਔਰ ਸਾਥੀ ਹੂੰ..." ਉਸ ਨੇ ਹੌਲੀ ਆਖਿਆ : "ਮੈਂ ਬ੍ਹੀ ਆਪ ਕਾ ਸਾਥੀ ਹੂੰ।" ਅਸੀਂ ਦੋਹਾਂ ਹੱਥਾਂ ਨਾਲ ਇਕ ਦੂਜੇ ਨਾਲ ਹੱਥ ਮਿਲਾਏ।

ਸਰੋਤੇ ਕਾਫ਼ੀ ਚੰਗੇ ਸਨ। ਇਸ ਤੋਂ ਬਿਨਾਂ ਘਰੋਗੀ ਜਿਹਾ ਮਾਹੌਲ ਵੀ ਪੈਦਾ ਹੋ ਗਿਆ ਸੀ। ਤਰਸੇਮ ਸਿੰਘ ਨੇ ਦੋ ਵਾਰ ਵਿਚ ਦੋ ਕਵਿਤਾਵਾਂ ਪੜ੍ਹੀਆਂ ਸਨ। ਉਸ ਨੇ ਆਪਣੀ ਕਵਿਤਾ ਵਿਚ ਭਾਰਤ ਦੀ ਸਰਕਾਰ ਉਤੇ ਤਨਜ਼ ਕੀਤੀ ਹੋਈ ਸੀ। ਲਗ ਪਗ ਦੋਹਾਂ ਨਜ਼ਮਾਂ ਵਿਚ ਹੀ ਤਕੜੀ ਨੁਕਤਾਚੀਨੀ ਸੀ। ਭਾਰਤ ਦੀ ਸਰਕਾਰ ਦਾ ਪ੍ਰਤੀਕ ਇੰਦਰਾ ਗਾਂਧੀ ਸੀ। ਕਵਿਤਾ ਵਿਚ ਇਕ ਦੋ ਵਾਰ ਉਸ ਦਾ ਨਾਂਅ ਵੀ ਆਇਆ ਸੀ। ਜਦ ਤਰਸੇਮ ਨੇ ਦੂਜੀ ਵਾਰ ਵੀ ਉਸੇ ਤਰ੍ਹਾਂ ਦੀ ਕਵਿਤਾ ਪੜ੍ਹੀ ਤਾਂ ਇਕ ਖ਼ਾਤੂਨ ਨੇ ਹਸ ਕੇ ਕਿਹਾ : "ਭ੍ਰਾਈ ਸਾਹਿਬ, ਆਪ ਤੋ ਇੰਦਰਾ ਗਾਂਧੀ ਕੇ ਪੀਛੇ ਹੀ ਪੜ ਗਏ—ਵਿਚਾਰੀ ਕੇ !" ਅਤੇ ਹਾਲ ਵਿਚ ਹਲਕੀ ਜਿਹੀ ਹਾਸੀ ਖਿੱਲਰ ਗਈ ਸੀ।

ਪ੍ਰਬੰਧਕ ਬਹੁਤ ਸਿਆਣੇ ਸਨ। ਮੇਰੇ ਬਾਰੇ, ਜਾਪਦਾ ਹੈ, ਉਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਮੇਰੀ ਸੋਚਣੀ ਕਿਵੇਂ ਹੈ। ਮੇਰੇ ਕੁਝ ਕੁ ਲਫ਼ਜ਼ਾਂ ਨਾਲ ਵੀ ਉਹਨਾਂ ਨੇ ਜਾਣ ਲਿਆ ਹੋਵੇਗਾ। ਜਿਸ ਸਮੇਂ ਮੈਂ ਟੋਕਣ ਕਰ ਕੇ ਥੋੜਾ ਉੱਖੜ ਗਿਆ ਸਾਂ ਅਤੇ ਉਹ ਮੈਨੂੰ, ਹੌਲੀ ਹੌਲੀ, ਬੋਲਣ ਲਈ ਕਹਿ ਰਹੇ ਸਨ ਤਾਂ ਉਹਨਾਂ ਨੇ ਇਹ ਵੀ ਕਿਹਾ ਸੀ ਕਿ ਮੈਨੂੰ ਇਉਂ ਟੋਕੇ ਜਾਣ ਦੀ ਫ਼ਿਕਰ ਨਹੀਂ ਕਰਨੀ ਚਾਹੀਦੀ। ਉਹ ਆਪ ਉਸ ਟੋਕਣ ਵਾਲੇ ਸੱਜਣ ਵਾਂਗ ਨਹੀਂ ਸੋਚਦੇ, ਮੇਰੇ ਵਾਂਗ ਹੀ ਸੋਚਦੇ ਹਨ। ਇਸ ਹਾਲ ਵਿਚ ਬਹੁਤੇ ਲੋਕੀ ਮੇਰੇ ਵਾਂਗ ਸੋਚਣ ਵਾਲੇ ਹਨ। ਪ੍ਰਬੰਧਕਾਂ ਨੇ ਮਗਰੋਂ ਮੈਨੂੰ ਇਹ ਲਫ਼ਜ਼ ਵੀ ਆਖੇ ਸਨ : "ਹਮ ਸਬ ਸ਼ਰਮਿੰਦਾ ਹੈਂ। ਹਮ ਸਬ ਉਨ ਕੀ ਤਰਫ਼ ਸੇ ਆਪ ਸੇ ਮੁਆਫ਼ੀ ਮਾਂਗਤੇ ਹੈਂ।"

ਟੋਕਣ ਕਰ ਕੇ, ਨਿਰਸੰਦੇਹ, ਮੈਂ ਉੱਖੜ ਭਾਵੇਂ ਗਿਆ ਸਾਂ, ਪਰ ਮੈਂ ਟੋਕੇ ਜਾਣ ਦਾ ਕੋਈ ਮੰਦਾ ਨਹੀਂ ਮਨਾਇਆ ਸੀ। ਕਿਉਂਕਿ ਉਹ ਇਕੱਲਾ ਨਹੀਂ, ਬਹੁਤ ਅਜਿਹੇ ਲੋਕੀ ਹਨ ਜੋ ਉਵੇਂ ਹੀ ਸੋਚਣ ਵਾਲੇ ਹਨ।

ਅਸਲ ਵਿਚ ਸਿੱਧੇ ਸਾਦੇ ਕਈਆਂ ਪਾਕਿਸਤਾਨੀਆਂ ਨੂੰ ਇਹ ਗੱਲ ਜਚੀ ਹੋਈ ਹੈ ਕਿ ਹਿੰਦੋਸਤਾਨ ਪਾਕਿਸਤਾਨ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਉਹਨਾਂ ਦੀ ਸੋਚ ਦੀ ਤਹਿ ਦੇ ਥੱਲੇ ਮਜ਼ਹਬ ਦੀ ਬੁਨਿਆਦ ਉਤੇ ਕੌਮਾਂ ਦਾ ਸਿਧਾਂਤ ਹੈ। ਉਹਨਾਂ ਲਈ ਹਿੰਦੂ ਅਤੇ ਮੁਸਲਮਾਨ ਕੌਮਾਂ ਹਨ। ਹਿੰਦੋਸਤਾਨ ਵਿਚ ਹਿੰਦੂ ਸਨ, ਮੁਸਲਮਾਨਾਂ ਨੇ ਆਪਣਾ ਮੁਲਕ ਪਾਕਿਸਤਾਨ ਲੈ ਲਿਆ ਹੈ। ਜਦੋਂ ਕੋਈ ਹਿੰਦੋਸਤਾਨੀ ਕਦੇ ਇਹ ਗੱਲ ਕਹਿੰਦਾ ਹੈ ਕਿ ਹਿੰਦੋਸਤਾਨ ਦੀ ਵੰਡ ਦਾ ਕਾਰਨ ਸਾਮਰਾਜ ਦੀ ਸਾਜ਼ਿਸ਼ ਹੈ ਤਾਂ ਸਿੱਧਾ ਸਾਦਾ ਪਾਕਿਸਤਾਨੀ ਇਸ ਨੂੰ ਸੁਣਨਾ ਚਾਹੁੰਦਾ ਨਹੀਂ। ਕਿਉਂਕਿ ਇਸ ਦਾ ਮਤਲਬ ਹੈ ਕਿ ਪਾਕਿਸਤਾਨ ਸਾਮਰਾਜ ਦੀ ਸਾਜ਼ਿਸ਼ ਕਰ ਕੇ ਬਣਿਆ ਹੈ, ਨਹੀਂ ਤਾਂ ਪਾਕਿਸਤਾਨ ਦਾ ਬਣਨਾ ਬਿਲਕੁਲ ਗ਼ੈਰ-ਕੁਦਰਤੀ ਹੈ। ਅਤੇ ਜੇ ਇਹ ਹਿੰਦੋਸਤਾਨੀ ਸਿੱਖ ਜਾਂ ਹਿੰਦੂ ਹੁੰਦਾ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਾਂ ਸ਼ੱਕ ਹੋਰ ਵਧ ਜਾਂਦਾ ਹੈ। ਸਿੱਧਾ ਸਾਦਾ ਪਾਕਿਸਤਾਨੀ ਇਹ ਗੱਲ ਤਾਂ ਹਿੰਦੋਸਤਾਨ ਦੇ ਕਿਸੇ ਮੁਸਲਮਾਨ ਦੇ ਵੀ ਮੂੰਹੋਂ ਸੁਣਨਾ ਚਾਹੁੰਦਾ ਨਹੀਂ। ਉਹ ਅਜਿਹੇ ਮੁਸਲਮਾਨ ਨੂੰ ਕਾਫ਼ਰ ਜਾਂ ਗ਼ੱਦਾਰ ਹੋਣ ਦਾ ਲਕਬ ਦੇਣਾ ਚਾਹੇਗਾ। ਇਸ ਗੱਲ ਨੂੰ ਮੰਨਣ ਜਾਂ ਤਸਲੀਮ ਕਰਨ ਲਈ ਬੜੀ ਹੀ ਉੱਚੀ ਦਾਨਿਸ਼ ਦੀ ਜ਼ਰੂਰਤ ਹੈ।

ਮੁਸ਼ਾਇਰੇ ਦੀ ਸਦਾਰਤ ਪਹਿਲਾਂ ਮੇਰੇ ਕੋਲੋਂ ਕਰਵਾਉਣ ਬਾਰੇ ਫ਼ੈਸਲਾ ਕੀਤਾ ਗਿਆ ਸੀ। ਪਰ ਫੇਰ ਇਹ ਫ਼ੈਸਲਾ ਜਾਣ ਬੁੱਝ ਕੇ ਬਦਲ ਦਿਤਾ ਗਿਆ ਸੀ। ਮੁਸ਼ਾਇਰਾ ਹੋਵੇ ਪਾਕਿਸਤਾਨ ਦੇ ਲੋਕਾਂ ਦੀ ਜਥੇਬੰਦੀ ਦਾ, ਸਦਾਰਤ ਕਰੇ ਹਿੰਦੋਸਤਾਨ! ਪਾਕਿਸਤਾਨ ਸੋਸ਼ਲਿਸਟ ਸੋਸ਼ਾਇਟੀ ਦੇ ਕਿਰਦਾਰ ਉਤੇ ਹਿੰਦੋਸਤਾਨ ਦੀ ਤਰਫ਼ਦਾਰ ਤੇ ਪਾਕਿਸਤਾਨ ਦੀ ਦੁਸ਼ਮਨ ਹੋਣ ਦਾ ਫ਼ਤਵਾ ਵੀ ਲਗ ਸਕਦਾ ਸੀ। ਕਿਉਂਕਿ ਸਾਡੇ ਦੋਵੇਂ ਦੇਸ਼—ਹਿੰਦੋਸਤਾਨ ਤੇ ਪਾਕਿਸਤਾਨ—ਅਜਿਹੀਆਂ ਪਿਛੇ ਖਿਚੂ ਅਤੇ ਫ਼ਿਰਕਾ ਪ੍ਰਸਤ ਤਾਕਤਾਂ ਤੋਂ ਪਾਕ ਤੇ ਸਾਫ਼ ਨਹੀਂ ਹਨ। ਦੋਵੇਂ ਪਾਸੇ ਇਹਨਾਂ ਦੀਆਂ ਜੜ੍ਹਾਂ ਅਜੇ ਵੀ ਬਹੁਤ ਡੂੰਘੀਆਂ ਹਨ।

ਇਕ ਬੜਾ ਹੀ ਖ਼ੂਬਸੂਰਤ ਪਾਕਿਸਤਾਨੀ ਨੌਜਵਾਨ ਅਹਿਮਦ ਸ਼ੁਜਾਅ ਮੁਸ਼ਾਇਰੇ ਦੇ ਪ੍ਰਬੰਧਕਾਂ ਵਿਚ ਸ਼ਾਮਿਲ ਸੀ। ਪੈਂਤੀ ਚਾਲੀ ਵਰ੍ਹੇ ਦੇ ਨੇੜੇ ਉਸ ਦੀ ਉਮਰ ਹੋਵੇਗੀ। ਗੋਰਾ ਰੰਗ, ਮੋਟੀਆਂ ਅੱਖਾਂ; ਲੰਮੇ, ਪਤਲੇ, ਨਾਜ਼ੁਕ ਹੱਥ। ਜਿਵੇਂ ਕਿਸੇ ਕਲਾਕਾਰ ਨੇ ਚਿੱਟੇ ਸੰਗਮਰਮਰ ਵਿਚੋਂ ਉਸ ਦਾ ਬੁੱਤ ਤਰਾਸ਼ਿਆ ਹੋਵੇ। ਦਿਲ ਬੜਾ ਹੀ ਕੋਮਲ ਭਾਵੀ। ਚਾਹ ਪੀਣ ਦੇ ਵਕਫ਼ੇ ਵਿਚ ਉਹ ਮੇਰੇ ਨੇੜੇ ਆਇਆ ਤੇ ਭਾਵਾਂ ਅਤੇ ਜਜ਼ਬਿਆਂ ਨਾਲ ਉਸ ਦੀਆਂ ਅੱਖਾਂ ਆਪ ਮੁਹਾਰੀਆਂ ਪਾਣੀ ਨਾਲ ਭਰ ਆਈਆਂ ਸਨ।

ਅਹਿਮਦ ਸ਼ੁਜਾਅ ਸਾਡੇ ਵਲ ਫ਼ੀਰੋਜ਼ਪੁਰ ਦਾ ਵਾਸੀ ਸੀ। ਉਧਰ ਪਾਕਿਸਤਾਨ ਵਿਚ ਉਸ ਦਾ ਸ਼ਹਿਰ ਕਸੂਰ ਸੀ। ਮੈਨੂੰ ਟੋਕੇ ਜਾਣ ਕਰ ਕੇ ਉਸ ਨੂੰ ਦੁੱਖ ਮਹਿਸੂਸ ਹੋਇਆ। ਪਾਕਿਸਤਾਨ ਬਣਨ ਵੇਲੇ ਉਸ ਦੀ ਉਮਰ ਅੱਠਾਂ-ਦਸਾਂ ਵਰ੍ਹਿਆਂ ਦੇ ਨਜ਼ਦੀਕ ਸੀ। ਉਹਨਾਂ ਨੂੰ ਆਖਿਆ ਗਿਆ ਸੀ, ਉਹ ਪਾਕਿਸਤਾਨ ਨੂੰ ਚਲੇ ਜਾਣ। ਅਗੋਂ ਲਈ ਉਹਨਾਂ ਦਾ ਵਤਨ ਪਾਕਿਸਤਾਨ ਹੋ ਗਿਆ ਹੈ।

ਫ਼ੀਰੋਜ਼ਪੁਰ ਦੇ ਰੇਲਵੇ ਸਟੇਸ਼ਨ ਦਾ ਪਲੇਟ ਫ਼ਾਰਮ ਉਸ ਨੂੰ ਚੇਤੇ ਆਉਂਦਾ ਸੀ। ਉਹ ਉਥੇ ਖੇਡਦਾ ਹੁੰਦਾ ਸੀ। ਪਾਕਿਸਤਾਨ ਬਣਨ ਮਗਰੋਂ ਉਸ ਨੂੰ ਹਿੰਦੋਸਤਾਨ ਜਾਣ ਦਾ ਮੌਕਾ ਨਹੀਂ ਮਿਲ ਸਕਿਆ ਸੀ।

ਉਹ ਕਸੂਰ ਆ ਗਏ ਸਨ। ਫੇਰ ਜਵਾਨ ਹੁੰਦੀ ਸਾਰ ਉਹ ਇੰਗਲੈਂਡ ਆ ਗਿਆ ਸੀ।

ਅਹਿਮਦ ਸ਼ੁਜਾਅ ਨੇ ਮੈਨੂੰ ਆਪਣੇ ਘਰ ਚੱਲਣ ਲਈ ਆਖਿਆ। ਉਸ ਦੇ ਘਰ ਇਕ ਦੋ ਹੋਰ ਮਹਿਮਾਨ ਵੀ ਬੈਠੇ ਹੋਏ ਸਨ। ਚਾਹ ਦੇ ਵਕਫ਼ੇ ਵਿਚੋਂ ਹੀ ਮੁਸ਼ਾਇਰੇ ਦੇ ਪ੍ਰਬੰਧਕਾਂ ਕੋਲੋਂ ਮੈਂ ਵਿਦਾਇਗੀ ਲੈਣੀ ਅਤੇ ਵਾਪਸ ਜਾਣਾ ਚਾਹੁੰਦਾ ਸਾਂ। ਅਹਿਮਦ ਸ਼ੁਜਾਅ ਮੁਸ਼ਾਇਰੇ ਵਿਚੋਂ ਆਪ ਵੀ ਉੱਠ ਆਇਆ ਸੀ। ਅਸੀਂ ਕਾਰ ਵਿਚ ਬੈਠੇ ਤੇ ਉਸ ਦੇ ਘਰ ਵਲ ਚੱਲ ਪਏ।

ਨਿਰਸੰਦੇਹ, ਜਿੰਨਾ ਸੁਹਣਾ ਅਹਿਮਦ ਸ਼ੁਜਾਅ ਆਪ ਸੀ, ਉਸ ਤੋਂ ਵੀ ਸਵਾਈ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਹਣੀ ਉਸ ਦੀ ਸਪੇਨਿਸ਼ ਬੀਵੀ ਸੀ ਜਿਸ ਦਾ ਨਾਂ ਲਾਲੀ (Laly) ਸੀ। ਲਾਲੀ ਇਕ ਕੰਧ ਦੇ ਨਾਲ ਪੀਹੜੇ ਉਤੇ ਬੈਠੀ ਸੀ ਤੇ ਉਸ ਦੇ ਨੇੜੇ ਕੁਰਸੀਆਂ ਉਤੇ ਹੋਰ ਮਹਿਮਾਨ ਬੈਠੇ ਸਨ। ਉੱਚ ਕੋਟੀ ਦੇ ਦਾਨਿਸ਼ਵਰ। ਸਭੋ ਮਾਰਕਸਵਾਦੀ ਸਨ। ਉਹਨਾਂ ਵਿਚੋਂ ਇਕ ਜਨਾਬ ਨਜੀਮ ਬੇਗ ਚੁਗਤਾਈ ਸਨ—ਉਰਦੂ ਦੀ ਅਫ਼ਸਾਨਾ ਨਿਗਾਰ ਇਸਮਤ ਚੁਗ਼ਤਾਈ ਦੇ ਰਿਸ਼ਤੇਦਾਰ। ਲਾਲੀ ਅਤੇ ਇਹ ਸਾਹਿਬਾਨ ਮੁਸ਼ਾਇਰੇ ਵਿਚੋਂ ਹੀ ਆਏ ਸਨ ਤੇ ਹੁਣੇ ਹੀ ਆ ਕੇ ਬੈਠੇ ਸਨ।

ਅਹਿਮਦ ਸ਼ੁਜਾਅ ਮਕਾਨ ਦੀ ਉਪਰਲੀ ਮੰਜ਼ਲ ਉਤੇ ਰਹਿੰਦਾ ਸੀ। ਅਸੀਂ ਮਕਾਨ ਦੇ ਪਿਛੋਂ ਜਿਵੇਂ ਛੋਟੀ ਜਿਹੀ ਇਕ ਪੌੜੀ ਚੜ੍ਹੇ। ਅੱਗੇ ਇਕ ਵਰਾਂਡਾ ਅਤੇ ਨਿੱਕਾ ਜਿਹਾ ਇਕ ਸਿਹਨ ਸੀ। ਅਸੀਂ ਸਿਹਨ ਲੰਘੇ ਤੇ ਅੱਗੇ ਇਕ ਸੁਹਣੇ ਜਿਹੇ ਡਰਾਇੰਗ ਰੂਮ ਵਿਚ ਦਾਖ਼ਿਲ ਹੋਏ। ਬੂਹੇ ਨੇੜੇ ਹੀ, ਕੰਧ ਨਾਲ, ਇਕ ਰੰਗਲੇ ਜਿਹੇ ਪੀਹੜੇ ਉਤੇ, ਸ਼ੁਜਾਅ ਦੀ ਬੜੀ ਹੀ ਖ਼ੂਬਸੂਰਤ ਸਪੇਨਿਸ਼ ਬੀਵੀ ਬੈਠੀ ਸੀ। ਉਸ ਨੇ ਮੈਨੂੰ ਦੇਖਿਆ ਤੇ ਬੜਾ ਹੀ ਸੁਹਣਾ ਮੁਸਕ੍ਰਾਈ। ਅਚਾਨਕ ਹੀ ਸ਼ੁਜਾਅ ਦੇ ਘਰ ਇਕ ਯੂਰਪੀਨ ਔਰਤ ਦੇਖ ਕੇ ਮੈਂ ਹੈਰਾਨ ਹੋ ਗਿਆ ਸਾਂ। ਪਰ ਮੈਂ ਆਪਣੀ ਇਸ ਹੈਰਾਨੀ ਨੂੰ ਜ਼ਾਹਰ ਨਹੀਂ ਸੀ ਹੋਣ ਦਿਤਾ।

ਸ਼ੁਜਾਅ ਅਤੇ ਲਾਲੀ ਦਾ ਇਕ ਛੇ ਕੁ ਵਰ੍ਹੇ ਦਾ ਪੁੱਤਰ ਸੀ ਜੋ ਬੜਾ ਹੀ ਖ਼ੂਬਸੂਰਤ ਸੀ। ਮੈਨੂੰ ਦੇਖਦੀ ਸਾਰ ਹੀ ਉਸ ਨੇ ਟੈਲੀਵੀਜ਼ਨ ਵਲ ਉਂਗਲੀ ਕਰ ਕੇ ਮੈਨੂੰ ਮੁਸਕ੍ਰਾ ਕੇ ਕਿਹਾ ਕਿ ਤੁਸੀਂ ਉਸ ਦਿਨ ਏਥੇ ਸਉ। ਬੜਾ ਜ਼ਹੀਨ ਬੱਚਾ ਸੀ। ਟੈਲੀ ਉਤੇ ਉਸ ਨੇ ਮੇਰੀ ਇੰਟਰਵਿਊ ਦੇਖੀ ਹੋਵੇਗੀ। ਉਸ ਨੇ ਮੈਨੂੰ ਦੇਖਦੀ ਸਾਰ ਝਟ ਪਛਾਣ ਕੇ ਕਿਹਾ ਸੀ: "ਅੰਕਲ ਵਾਜ਼ ਹੀਅਰ!" ਹਾਲਾਂਕਿ ਮੇਰੀ ਇੰਟਰਵਿਊ ਆਈ ਨੂੰ ਤਿੰਨ ਮਹੀਨੇ ਹੋ ਚੁੱਕੇ ਸਨ।

ਮੈਂ ਅਤੇ ਤਰਸੇਮ ਸਿੰਘ ਉਹਨਾਂ ਦੇ ਵਿਚਕਾਰ ਹੀ ਡਰਾਇੰਗ ਰੂਮ ਵਿਚ ਬੈਠ ਗਏ। ਬੜੀ ਹੀ ਵਧੀਆ ਵਾਈਨ ਸਾਨੂੰ ਪੀਣ ਲਈ ਦਿਤੀ ਗਈ ਸੀ।

ਗੱਲਾਂ ਬੜੀਆਂ ਚੰਗੀਆਂ ਹੋਈਆਂ। ਲੋਕਾਂ ਦੀ ਬੇਸਮਝੀ ਅਤੇ ਫ਼ਿਰਕਾ ਪ੍ਰਸਤੀ ਵਿਸ਼ੇ ਸਨ। ਲਾਲੀ ਨੇ ਹੈਰਾਨ ਹੋ ਕੇ ਮੈਨੂੰ ਜਿਵੇਂ ਪੁਛਿਆ ਸੀ: "ਉਥੇ ਕੀ ਹੋ ਗਿਆ ਸੀ?" ਜੋ ਕੁਝ ਉਥੇ ਹੋਇਆ ਸੀ, ਹਲਕਾ ਹਲਕਾ ਮੁਸਕ੍ਰਾਂਦੇ ਸਭ ਨੇ ਉਸ ਨੂੰ ਦੱਸਿਆ ਸੀ। ਭਾਵੇਂ ਲਾਲੀ ਨੂੰ ਸਾਡੇ ਦੱਸਣ ਤੋਂ ਪਹਿਲਾਂ ਆਪ ਵੀ ਪਤਾ ਹੀ ਸੀ। ਮੁਸ਼ਾਇਰੇ ਵਿਚ ਉਹ ਅੱਧ ਪਚੱਧ ਤਾਂ ਗੱਲਾਂ ਸਮਝ ਹੀ ਰਹੀ ਸੀ।

ਸਾਢੇ ਦਸ ਅਸੀਂ ਸ਼ੁਜਾਅ ਤੋਂ ਜਾਣ ਲਈ ਰੁਖ਼ਸਤ ਮੰਗੀ ਸੀ। ਸ਼ੁਜਾਅ ਦੀਆਂ ਅੱਖਾਂ ਬੜੇ ਪਵਿੱਤਰ ਪਾਣੀ ਨਾਲ ਭਰ ਆਈਆਂ ਸਨ।

ਸ਼ੁਜਾਅ ਅਤੇ ਲਾਲੀ ਦੋਵੇਂ ਤਰੱਕੀ ਪਸੰਦ ਖ਼ਿਆਲਾਂ ਦੇ ਤੇ ਰੂਸ ਦੇ ਪ੍ਰਸੰਸਕ ਸਨ। ਉਹਨਾਂ ਨੇ ਆਪਣੇ ਪੁੱਤਰ ਦਾ ਨਾਂਅ—ਜੋ ਇਕਲੌਤਾ ਪੁੱਤਰ ਸੀ—ਅਲੈਕਸੀ ਈਵਾਨ ਰੱਖਿਆ ਸੀ ਜੋ ਕਿ ਰੂਸੀ ਨਾਂਅ ਹੀ ਸੀ। ਇਹ ਵੀ ਵੱਡੀ ਗੱਲ ਨਹੀਂ, ਉਹ ਸਾਰੇ ਕਮਿਊਨਿਸਟ ਹੀ ਹੋਣ। ਪਾਕਿਸਤਾਨ ਸੋਸ਼ਲਿਸਟ ਸੋਸਾਇਟੀ ਦੇ ਪ੍ਰਬੰਧਕ ਮੈਨੂੰ ਕਮਿਊਨਿਸਟ ਹੀ ਜਾਪੇ ਸਨ; ਫ਼ਰਨਾਡੇਜ਼, ਲਿਮਏ ਜਾਂ ਜੈ ਪ੍ਰਕਾਸ਼ ਨਾਰਾਇਣ ਵਰਗੇ "ਸੋਸ਼ਲਿਸਟ" ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਪੇ ਸਨ। ਏਥੇ ਲਫ਼ਜ਼ 'ਸੋਸ਼ਲਿਸਟ' ਉਹਨਾਂ ਅਰਥਾਂ ਵਿਚ ਹੀ ਸੀ ਜਿਵੇਂ ਅਸੀਂ ਸੋਸ਼ਲਿਸਟ ਜਾਂ ਕਮਿਊਨਿਸਟ ਵਿਚਾਰਧਾਰਾ ਨੂੰ ਇਕੋ ਗੱਲ ਕਹਿ ਦਿੰਦੇ ਹਾਂ।

ਸ਼ਾਇਰ ਕਾਫ਼ੀ ਚੰਗੇ ਸਨ। ਦਿੱਲੀ ਜਾਂ ਲਖਨਊ ਵਾਂਗ ਤਾਂ ਠੱਠ ਨਹੀਂ ਬੱਝ ਸਕਦਾ ਸੀ, ਪਰ ਫੇਰ ਵੀ ਬਹੁਤ ਠੀਕ ਸੀ। ਨਜ਼ਮਾਂ ਅਤੇ ਗ਼ਜ਼ਲਾਂ ਵਿਚ ਤਰੱਕੀ ਪਸੰਦ ਮਵਾਦ ਸੀ। ਸ਼ਾਇਰ ਦੋਵੇਂ ਤਰ੍ਹਾਂ ਹੀ, ਤਰੰਨਮ ਨਾਲ ਤੇ ਤਹਿਤ-ਉਲ-ਲਫ਼ਜ਼, ਨਜ਼ਮਾਂ ਪੇਸ਼ ਕਰ ਰਹੇ ਸਨ। ਸਟੇਜ ਸਕੱਤਰ ਦੇ ਨਾਜ਼ੁਕ ਫ਼ਰਜ਼ ਬਖ਼ਸ਼ ਲਾਇਲਪੁਰੀ ਸਾਹਿਬ ਨੇ ਸਰ-ਅੰਜਾਮ ਦਿਤੇ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਅਤੇ ਭਾਰਤ

ਇੰਗਲੈਂਡ ਅਤੇ ਭਾਰਤ ਵਿਚ ਕਿਤੇ ਕੋਈ ਸਮਾਨਤਾ ਹੈ, ਤੇ ਕਿਤੇ ਕੋਈ ਵੱਡੀ ਵਿੱਥ। ਆਓ, ਦੋਹਾਂ ਦੇਸ਼ਾਂ ਉਤੇ ਉਡਦੀ ਝਾਤੀ ਮਾਰੀਏ।

ਇੰਗਲੈਂਡ, ਸਭ ਨੂੰ ਪਤਾ ਹੈ, ਭਾਰਤ ਉਤੇ ਲੰਮਾ ਸਮਾਂ ਰਾਜ ਕਰਦਾ ਰਿਹਾ ਹੈ। ਭਾਰਤ ਨੇ ਇੰਗਲੈਂਡ ਵਿਰੁੱਧ ਲੰਮਾ ਘੋਲ ਕੀਤਾ ਤੇ ਓੜਕ ਬੰਧਨ-ਮੁਕਤ ਹੋਇਆ। ਅੱਜ ਭਾਰਤ ਆਪਣੇ ਨਵ-ਨਿਰਮਾਣ ਵਿਚ ਲੱਗਾ ਹੋਇਆ ਹੈ।

ਇੰਗਲੈਂਡ ਕੀ ਕਰ ਰਿਹਾ ਹੈ ? ਇੰਗਲੈਂਡ ਉਤੇ ਇਹ ਸਚਾਈ ਰੌਸ਼ਨ ਹੁੰਦੀ ਜਾਂਦੀ ਹੈ ਕਿ ਉਸਦੇ ਸਾਮਰਾਜ ਦਾ ਸੂਰਜ—ਜਿਹੜਾ ਡੁੱਬਦਾ ਨਹੀਂ ਸੀ ਹੁੰਦਾ—ਦਿਨੋ ਦਿਨ ਡੁੱਬ ਰਿਹਾ ਹੈ ਤੇ ਦੁਨੀਆਂ ਉਤੇ ਜਾਗ੍ਰਤੀ ਦਾ ਨਵਾਂ ਸੂਰਜ ਚੜ੍ਹ ਰਿਹਾ ਹੈ। ਸੰਗਲ ਟੁੱਟ ਰਹੇ ਹਨ। ਗ਼ੁਲਾਮ ਹੁਣ ਗੁਲਾਮੀ ਵਾਲੀਆਂ ਛੱਟਾਂ ਨੂੰ ਲਾਹ ਰਹੇ ਹਨ। ਹੁਣ ਤਾਂ ਜੁੱਗ ਕਿਰਤੀ ਅਤੇ ਕਿਸਾਨ ਦਾ ਆ ਰਿਹਾ ਹੈ।

ਇੰਗਲੈਂਡ ਵਿਕਸਿਤ ਦੇਸ਼ ਹੈ; ਭਾਰਤ ਇਕ ਵਿਕਾਸਸ਼ੀਲ ਤੇ ਨਵਾਂ ਆਜ਼ਾਦ ਹੋਇਆ ਦੇਸ਼। ਇੰਗਲੈਂਡ ਜਿਥੇ ਅੱਜ ਹੈ, ਕਈ ਲੋਕ ਕਹਿ ਦਿੰਦੇ ਹਨ, ਭਾਰਤ ਅਜੇ ਦੋ ਸੌ ਸਾਲ ਵੀ ਉਥੇ ਨਹੀਂ ਪੁੱਜ ਸਕੇਗਾ। ਭਾਵੇਂ ਇਸ ਵਿਚ ਕਾਫ਼ੀ ਹੱਦ ਤਕ ਅਤਿਕਥਨੀ ਦਾ ਅੰਸ਼ ਹੈ, ਪਰ ਇਹ ਗੱਲ ਕੁਝ ਠੀਕ ਵੀ ਹੈ। ਇੰਗਲੈਂਡ ਸਨਅਤੀ ਦੇਸ਼ ਹੈ, ਭਾਰਤ ਅੱਜ ਵੀ ਖੇਤੀ ਬਾੜੀ ਦਾ ਮੁਲਕ ਹੀ ਆਖਿਆ ਜਾਂਦਾ ਹੈ।

ਭਾਰਤ ਦੇ ਮੁਕਾਬਲੇ ਵਿਚ ਇੰਗਲੈਂਡ ਬਹੁਤ ਛੋਟਾ ਹੈ। ਜਨ-ਸੰਖਿਆ ਪਖੋਂ ਵੀ ਤੇ ਖੇਤਰ ਫਲ ਦੇ ਪਖੋਂ ਵੀ। ਜਨ-ਸੰਖਿਆ ਭਾਰਤ ਦੀ ਗਿਆਰਾਂ ਗੁਣਾ ਤੋਂ ਉਤੇ ਹੈ ਤੇ ਭੂਮੀ ਬਾਰਾਂ ਗੁਣਾ ਹੈ। ਫੇਰ ਵੀ, ਸੰਸਾਰ ਵਿਚ, ਤਪ ਤੇਜ ਇੰਗਲੈਂਡ ਦਾ ਹੀ ਬਹੁਤਾ ਮੰਨਿਆ ਜਾਂਦਾ ਹੈ ਤੇ ਉਹ ਇਕ ਵੱਡੀ ਤਾਕਤ ਹੈ। ਇਸ ਦਾ ਕਾਰਨ ਕੀ ਹੈ ? ਆਓ, ਇਸ ਦੇ ਕਾਰਨ ਦੀ ਵੀ ਕੁਝ ਨਾ ਕੁਝ ਪੜਤਾਲ ਕਰੀਏ।

ਜਿਥੋਂ ਤੀਕਰ ਮਾੜੀ ਮੋਟੀ ਮੈਨੂੰ ਸਮਝ ਪੈ ਸਕੀ ਹੈ, ਇਸ ਦਾ ਕਾਰਨ ਖ਼ਾਸ ਕਰ ਇੰਗਲੈਂਡ ਦੀ ਸਰਮਾਇਆਦਾਰੀ ਦਾ ਅਤੀ ਉੱਨਤ ਹੋਣਾ ਤੇ ਸਾਮਰਾਜ ਦਾ ਰੂਪ ਧਾਰ ਕੇ ਬਾਹਰ ਵਲ ਨੂੰ ਜਾਣਾ ਹੈ। ਇਸ ਤੋਂ ਬਿਨਾਂ ਕੁਝ ਨਾ ਕੁਝ ਅੰਗਰੇਜ਼ ਕੌਮ ਦਾ ਗੁਣ ਵੀ ਹੈ। ਅੰਗਰੇਜ਼ ਬਹੁਤ ਚੁਸਤ ਹੈ। ਅੰਗਰੇਜ਼ ਦੀ ਸਿਆਣਪ ਵੀ ਸੰਸਾਰ ਨੇ ਮੰਨੀ ਹੋਈ ਹੈ। ਲਗਨ ਅਤੇ ਦ੍ਰਿੜ੍ਹਤਾ ਵੀ। ਅੰਗਰੇਜ਼, ਇਹ ਹਕੀਕਤ ਹੈ, ਜਿਹੜਾ ਕੰਮ ਵੀ ਕਰਦਾ ਹੈ, ਉਸ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਆਪ ਨੂੰ ਸਮਿਲਤ ਹੀ ਕਰ ਦਿੰਦਾ ਹੈ। ਇਸ ਹਿਸਾਬ ਅਸੀਂ, ਹਿੰਦੋਸਤਾਨੀ, ਕਾਫ਼ੀ ਪਿੱਛੇ ਹਾਂ। ਅਸੀਂ ਸੁਸਤ ਹੀ ਨਹੀਂ ਹਾਂ, ਸਿਆਣਪ ਵਿਚ ਵੀ ਊਣੇ ਹਾਂ। ਸਾਡੇ ਵਿਚ, ਨਿਰਸੰਦੇਹ, ਸ੍ਵੈਵਿਸ਼ਵਾਸ ਦੀ ਘਾਟ ਹੈ। ਅੰਗਰੇਜ਼ ਵਿਚ ਸ੍ਵੈਵਿਸ਼ਵਾਸ ਸਾਥੋਂ ਕਿਤੇ ਵਧੇਰੇ ਹੈ।

ਪਤਾ ਨਹੀਂ ਕੀ ਕਾਰਨ ਹੈ, ਡਰ ਤੇ ਭੈਅ ਦਾ ਸਾਡੇ ਵਿਚ ਕੁਝ ਲੋੜ ਤੋਂ ਵੱਧ ਹੀ ਵਾਸਾ ਹੈ। ਅੰਗਰੇਜ਼ ਸਾਥੋਂ ਕਿਤੇ ਵੱਧ ਇਸ ਡਰ ਤੇ ਭੈਅ ਤੋਂ ਮੁਕਤ ਹੈ। ਉਸ ਦੇ ਦਿਲ ਵਿਚ ਸਾਹਸ ਹੈ, ਵਡੱਪਣ ਹੈ, ਪਕਿਆਈ ਹੈ। ਅਸੀਂ ਆਪਣੇ ਆਪ ਨੂੰ ਕੁਝ ਨਿਰਬਲ ਅਤੇ ਨਿਤਾਣੇ ਜਿਹੇ ਹੀ ਅਨੁਭਵ ਕਰਦੇ ਰਹਿੰਦੇ ਹਾਂ।

ਸਾਨੂੰ, ਭਾਰਤ ਵਾਸੀਆਂ ਨੂੰ, ਆਮ ਕਰ ਕੇ ਸਿੱਖਿਆ ਵੀ ਕੁਝ ਇੰਝ ਹੀ ਦਿਤੀ ਜਾਂਦੀ ਹੈ। ਏਥੋਂ ਡਰੋ, ਉਥੋਂ ਡਰੋ, ਇਹ ਨਾ ਕਰੋ, ਉਹ ਨਾ ਕਰੋ। ਠੀਕ ਹੈ, ਕਿਤੇ ਕਿਤੇ ਇਹ ਬਹੁਤ ਠੀਕ ਵੀ ਹੁੰਦੀ ਹੈ, ਪਰ ਇਸ ਦਾ ਸਾਰੇ ਜੀਵਨ ਦਾ ਹੀ ਇਕੋ ਇਕ ਆਧਾਰ ਬਣ ਜਾਣਾ ਅਤਿ ਦਾ ਹਾਨੀਕਾਰਕ ਹੈ। ਇਸ ਗਲੋਂ ਅੰਗਰੇਜ ਕੌਮ ਸਾਥੋਂ ਬਿਲਕੁਲ ਉਲਟ ਹੈ। ਜਿਹੜੀ ਸਿੱਖਿਆ ਮੁੱਢ ਵਿਚ ਹੀ ਉਹਨਾਂ ਨੂੰ ਦਿਤੀ ਜਾਂਦੀ ਹੈ, ਡਰ ਜਾਂ ਭੈਅ ਉਸ ਸਿੱਖਿਆ ਦੇ ਨੇੜੇ ਤੇੜੇ ਵੀ ਨਹੀਂ ਹੁੰਦਾ। ਉਹ ਆਪਣੇ ਬੱਚਿਆਂ ਨੂੰ ਮੁਢੋਂ ਹੀ ਦਲੇਰ ਬਣਨ ਦੀ ਸਿੱਖਿਆ ਦਿੰਦੇ ਰਹਿੰਦੇ ਹਨ।

ਵਿਗਿਆਨ ਅਤੇ ਤਕਨਾਲੋਜੀ ਵੀ ਨਿਰਸੰਦੇਹ ਇੰਗਲੈਂਡ ਨੂੰ ਏਨਾ ਅੱਗੇ ਕਰਨ ਵਾਲੇ ਹਨ। ਤਾਂ ਵੀ, ਇਸ ਦਾ ਸਿਹਰਾ ਵੀ ਇੰਗਲੈਂਡ ਦੀ ਕੌਮ ਨੂੰ ਜਾਂਦਾ ਹੈ। ਇਹ ਇੰਗਲੈਂਡ ਦੀ ਪ੍ਰਤਿਭਾ ਤੇ ਮੌਲਿਕਤਾ ਦੇ ਕ੍ਰਿਸ਼ਮੇ ਹਨ।

ਇੰਗਲੈਂਡ ਜਦੋਂ ਸੂਰਜ ਵਾਂਗੂੰ ਉੱਚਾ ਹੁੰਦਾ ਜਾਂਦਾ ਸੀ, ਅਸੀਂ ਉਦੋਂ ਕਿਸ ਹਨੇਰੀ ਰਾਤ ਵਿਚ ਰਹਿ ਰਹੇ ਸਾਂ? ਕੀ ਅਸੀਂ ਪ੍ਰਤਿਭਾ ਜਾਂ ਮੌਲਿਕਤਾ ਤੋਂ ਵਿਰਵੇ ਸਾਂ? ਅਸੀਂ ਪ੍ਰਤਿਭਾਸ਼ਾਲੀ ਸਾਂ। ਮੌਲਿਕਤਾ ਵੀ ਬੜੀ ਸੀ। ਸਾਨੂੰ ਆਪਣੀ ਮੌਲਿਕਤਾ ਤੇ ਪ੍ਰਤਿਭਾ ਭੁੱਲੀ ਹੋਈ ਸੀ। ਅਸੀਂ ਉਦੋਂ ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਹੀ ਜਕੜੇ ਚਲੇ ਆਉਂਦੇ ਸਾਂ। ਇਕ ਜ਼ੰਜੀਰ ਲੱਥੀ ਤੇ ਦੂਜੀ ਪਹਿਨੀ ਗਈ ਸੀ। ਅਸੀਂ ਆਪਣੇ ਆਪ ਨੂੰ ਪਛਾਣਿਆ ਹੋਇਆ ਨਹੀਂ ਸੀ।

ਇੰਗਲੈਂਡ ਦੀ ਵਿਊਂਤ ਤੇ ਮਰਿਆਦਾ ਵੀ ਕਮਾਲ ਦੀ ਹੈ। ਸਾਡੀ ਸਰ-ਜ਼ਮੀਨ ਨੇ ਰਾਮਾਇਣ ਦੀ ਰਚਨਾ ਕੀਤੀ ਹੈ। ਅਸੀਂ ਰਾਮਾਇਣ ਦੇ ਨਾਇਕ ਨੂੰ "ਮਰਿਆਦਾ ਪੁਰਸ਼ੋਤਮ" ਵੀ ਕਹਿੰਦੇ ਹਾਂ। ਸਾਨੂੰ ਇਸ ਕ੍ਰਿਤੀ ਨਾਲ ਰਾਮਾਇਣ ਦਾ ਕਵੀ ਮਰਿਆਦਾ ਦਾ ਸੰਦੇਸ਼ ਵੀ ਦੇਣਾ ਚਾਹੁੰਦਾ ਹੈ। ਪਰ, ਜਾਪਦਾ ਹੈ, ਇਹ ਸੰਦੇਸ਼ ਇੰਗਲੈਂਡ ਨੇ ਬਹੁਤਾ ਸੁਣਿਆ ਹੈ। ਇੰਗਲੈਂਡ ਨੂੰ ਮਰਿਆਦਾ ਨੇ ਵੀ ਏਨੀ ਤਾਕਤ ਦਿਤੀ ਹੈ।

ਵਿਊਂਤ ਵੀ ਇੰਗਲੈਂਡ ਦੀ ਹੈਰਾਨ ਕਰਨ ਤਕ ਜਾਂਦੀ ਹੈ। ਮਿਸਾਲ ਵਜੋਂ: ਪੁਲ ਹਨ। ਇਉਂ ਉਸਾਰੇ ਗਏ ਹਨ ਕਿ ਦੇਖ ਕੇ ਹੈਰਤ ਹੁੰਦੀ ਹੈ। ਬ੍ਰਿਮਿੰਘਮ ਵਿਚ ਇਕ ਪੁਲ ਹੈ। ਹੂ ਬ ਹੂ ਇਹ ਸੇਵੀਆਂ ਦੇ ਗੁੱਛੇ ਵਾਂਗੂੰ ਬਣਿਆ ਹੈ। ਇਕ ਸੜਕ ਹੇਠਾਂ ਹੈ, ਦੂਜੀ ਉਸਦੇ ਉਤੇ ਹੈ, ਤੀਜੀ ਕਿਸੇ ਹੋਰ ਪਾਸਿਓਂ ਏਧਰ ਵਲ ਆ ਜਾਂਦੀ ਹੈ, ਚੌਥੀ ਕਿਸੇ ਹੋਰ ਪਾਸਿਓਂ ਉਧਰ ਵਲ ਜਾ ਰਹਿੰਦੀ ਹੈ। ਇਕ ਸੜਕ ਹੇਠਾਂ ਹੈ, ਦੂਜੀ ਉਸ ਦੇ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਤੇ ਹੈ, ਤੀਜੀ [illegible] ਵੀ ਕੁਝ ਸਮਝ ਵਿਚ ਆ ਜਾਂਦਾ ਹੈ । ਪਰ ਇਹ ਪੁਲ—ਕਮਾਲ ਹੈ !

ਜਿਥੋਂ ਤੀਕਰ ਮਾੜੀ ਮੋਟੀ ਮੈਨੂੰ ਸਮਝ ਪੈ ਸਕੀ ਹੈ, ਸਾਡੇ ਹਿੰਦੁਸਤਾਨ ਨੂੰ ਅੰਗਰੇਜ਼ ਦੀ ਮਰਿਆਦਾ ਨੇ ਵੀ ਸਰ ਜਾਂ ਫ਼ਤਹਿ ਕੀਤਾ ਸੀ । ਅੰਗਰੇਜ਼ ਜਦੋਂ ਲੈਫ਼ਟ-ਰਾਈਟ ਕਰਦਾ ਹੋਇਆ ਆਇਆ ਸੀ, ਅਸੀਂ ਭਾਵੇਂ ਲੜੇ ਸਾਂ, ਪਰ ਬਹੁਤਾ ਅਸੀਂ ਬੇਤਰਤੀਬੇ ਵੱਗ ਜਿਹੇ ਦੀ ਭੀੜ ਹੀ ਸਾਂ । ਅਸੀਂ ਕਿਸੇ ਸੂਤਰ ਵਿਚ ਪਰੋਤੇ ਹੋਏ ਨਹੀਂ ਸਾਂ, ਬਿਖਰੇ ਬਿਖਰੇ ਜਿਹੇ ਸਾਂ । ਸਭ ਤੋਂ ਵੱਧ, ਅਸੀਂ ਉਦੋਂ ਹਿੰਦੋਸਤਾਨੀ ਨਹੀਂ ਸਾਂ; ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਇਸੇ ਤਰ੍ਹਾਂ ਕੁਝ ਹੋਰ ਹੀ ਸਾਂ । ਅਸੀਂ ਅੱਜ ਵੀ ਆਪਣੇ ਆਪ ਨੂੰ ਹਿੰਦੋਸਤਾਨੀ ਨਹੀਂ ਆਖਦੇ; ਹਿੰਦੂ, ਮੁਸਲਿਮ, ਸਿੱਖ, ਈਸਾਈ ਜਾਂ ਹੋਰ ਕੁਝ ਹੀ ਕਹਿੰਦੇ ਹਾਂ । ਅਸੀਂ, ਹਿੰਦੋਸਤਾਨੀ, ਅਜੇ ਇਕ ਕੌਮ ਨਹੀਂ ਬਣ ਸਕੇ । ਅੰਗਰੇਜ਼ ਇਕ ਕੌਮ ਹੈ । ਅਸੀਂ, ਹਿੰਦੋਸਤਾਨੀ, ਜਦੋਂ ਇਕ ਕੌਮ ਬਣ ਜਾਵਾਂਗੇ; ਮਰਿਆਦਾ ਧਾਰਨ ਕਰਾਂਗੇ; ਕਿਸੇ ਇਕੋ ਸੂਤਰ ਵਿਚ ਪਰੋਤੇ ਹੋਏ ਹੋਵਾਂਗੇ; ਉਦੋਂ ਅਸੀਂ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਹੋਵਾਂਗੇ, ਹਿੰਦੋਸਤਾਨੀ ਹੋਵਾਂਗੇ । ਹਿੰਦੋਸਤਾਨੀ ਹੋਣ ਵਿਚ ਹੀ ਮਾਣ ਮਹਿਸੂਸ ਕਰਾਂਗੇ । ਉਦੋਂ ਅਸੀਂ ਆਪਣਾ ਆਪ ਪਛਾਨਣ ਵਲ ਤੁਰ ਪਵਾਂਗੇ । ਅਜੇ ਅਸੀਂ ਆਪਣਾ ਆਪ ਪਛਾਣਿਆ ਹੋਇਆ ਨਹੀਂ ਹੈ । ਸਾਨੂੰ ਆਪਣਾ ਮੁੱਢ ਜਾਂ ਮੂਲ ਉੱਕਾ ਭੁੱਲਿਆ ਹੋਇਆ ਹੈ ।

ਮੁੱਢ ਜਾਂ ਮੂਲ, ਉਂਜ ਤਾਂ ਅਜੇ ਹੋਰ ਵੀ ਬਹੁਤ ਲੋਕ ਹਨ ਜਿਨ੍ਹਾਂ ਨੂੰ ਭੁੱਲਿਆ ਹੋਇਆ ਹੈ; ਪਰ ਏਥੇ ਅਜੇ ਭਾਰਤ ਤੇ ਇੰਗਲੈਂਡ ਦੀ ਗੱਲ ਹੋ ਰਹੀ ਹੈ । ਇੰਗਲੈਂਡ ਨੇ ਵੀ ਆਪਣੇ ਆਪ ਨੂੰ ਪੂਰਾ ਨਹੀਂ ਪਛਾਣਿਆ । ਹਾਂ, ਉਹ ਸਾਥੋਂ ਅੱਗੇ ਹੈ । ਇੰਗਲੈਂਡ ਨਾਲੋਂ, ਨਿਰਸੰਦੇਹ, ਸਾਡਾ ਸਫ਼ਰ ਲੰਮਾ ਹੈ ।

ਕੀ ਇਹ ਜ਼ਰੂਰੀ ਹੈ ਕਿ ਜੇ ਇੰਗਲੈਂਡ ਅੱਗੇ ਹੈ ਤਾਂ ਅੱਗੇ ਹੀ ਉਹ ਰਹੇਗਾ ? ਨਹੀਂ, ਇਹ ਜ਼ਰੂਰੀ ਨਹੀਂ । ਇੰਗਲੈਂਡ ਨਾਲੋਂ ਜ਼ਾਰ ਦਾ ਰੂਸ ਕਿੰਨਾ ਪਿਛੇ ਪਿਆ ਸੀ ! ਅੱਜ ਰੂਸ, ਨਿਰਸੰਦੇਹ, ਇੰਗਲੈਂਡ ਤੋਂ ਕਿਤੇ ਅੱਗੇ ਹੈ । ਸਗੋਂ, ਕਈਆਂ ਖੇਤਰਾਂ ਵਿਚ, ਅਮਰੀਕਾ ਤੋਂ ਵੀ ਅੱਗੇ ਹੈ । ਇਸ ਦਾ ਕਾਰਨ ਕੀ ਹੈ ? ਰੂਸ ਦੀ ਪਵਿੱਤਰ ਭੂਮੀ 'ਸਭੋ ਸਾਂਝੀਵਾਲਤਾ'' ਦੇ ਲਕਸ਼ ਵਲ ਵਧ ਰਹੀ ਹੈ । ਰੂਸ ਵਿਚ ਵੀ ਮਜ਼ਹਬ ਹਨ । ਪਰ ਰੂਸੀ ਕੇਵਲ ਰੂਸੀ ਹਨ । ਜਾਂ ਉਹ ਮਿਹਨਤ ਕਰਨ ਵਾਲੇ ਮਿਹਨਤਕਸ਼ ਇਨਸਾਨ ਹਨ । ਉਹਨਾਂ ਦਾ ਹੀ ਰਾਜ ਹੈ—ਮਿਹਨਤਕਸ਼ ਇਨਸਾਨਾਂ ਦਾ । ਮਤਲਬ ਹੈ, ਰੂਸ ਨੇ ਆਪਣਾ ਮੂਲ ਪਛਾਣਿਆ ਹੋਇਆ ਹੈ ।

ਇੰਗਲੈਂਡ ਅਤੇ ਭਾਰਤ ਵਿਚ ਇਕ ਗੱਲੋਂ ਮਿਲਦੀ ਜੁਲਦੀ ਹਾਲਤ ਵੀ ਕਹਿ ਸਕਦੇ ਹਾਂ । ਦੋਹਾਂ ਦਾ ਹੀ ਅਰਥਚਾਰਾ ਪੂੰਜੀਵਾਦੀ ਢੰਗ ਦਾ ਹੈ । ਇੰਗਲੈਂਡ ਉੱਨਤ ਦੇਸ਼ ਹੈ, ਹਿੰਦੋਸਤਾਨ ਉੱਨਤੀਸ਼ੀਲ । ਦੋਹਾਂ ਵਿਚ ਕੁਝ ਫ਼ਰਕ ਵੀ ਹੈ । ਹਿੰਦੋਸਤਾਨ ਸੋਸ਼ਲਿਜ਼ਮ ਵਲ ਜਾਣ ਲਈ ਕਹਿ ਰਿਹਾ ਹੈ, ਇੰਗਲੈਂਡ ਅਜੇ ਇਹ ਕਹਿੰਦਾ ਨਹੀਂ । ਠੀਕ ਹੈ, ਇੰਗਲੈਂਡ ਨੇ ਵੀ ਓੜਕ ਇਕ ਦਿਨ ਸੋਸ਼ਲਿਜ਼ਮ ਦੇ ਰਸਤੇ ਉਤੇ ਹੀ ਪੈਣਾ ਹੈ । ਪਰ ਅਜੇ ਉਹ ਖ਼ਾਮੋਸ਼ ਹੈ । ਹਿੰਦੋਸਤਾਨ ਵਿਚ ਸੋਸ਼ਲਿਜ਼ਮ ਕੌਮ ਦਾ ਨਾਅਰਾ ਬਣ ਚੁੱਕਾ ਹੈ । ਇੰਗਲੈਂਡ ਵਿਚ ਇਹ ਹਾਲਤ ਨਹੀਂ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਦੇ, ਹਿੰਦੋਸਤਾਨ ਵਿਚ, ਸੋਸ਼ਲਿਜ਼ਮ ਕੇਵਲ ਕਮਿਊਨਿਸਟ ਪਾਰਟੀ ਦਾ ਨਾਅਰਾ ਸੀ। ਅੱਜ ਪੂੰਜੀਵਾਦੀ ਹੁਕਮਰਾਨ ਵੀ ਕਹਿ ਰਹੇ ਹਨ ਕਿ ਸੋਸ਼ਲਿਜ਼ਮ ਦੀ ਲੋੜ ਹੈ। ਸਗੋਂ ਅੱਜ ਭਾਰਤ ਦੇ ਵਿਧਾਨ ਵਿਚ ਵੀ ਸੋਸ਼ਲਿਜ਼ਮ ਦਾ ਅੱਖਰ ਪਾਇਆ ਗਿਆ ਹੈ। ਇਸ ਦਾ ਕਾਰਨ ਕੀ ਹੈ? ਭਾਰਤ ਦੀ ਗ਼ਰੀਬ ਜਨਤਾ ਸੋਸ਼ਲਿਜ਼ਮ ਦੀ ਇੱਛਕ ਹੈ। ਭਾਰਤ ਜਿਥੇ ਖੜਾ ਹੈ, ਉਸ ਤੋਂ ਅੱਗੇ ਸੋਸ਼ਲਿਜ਼ਮ ਹੀ ਉਸ ਦੀ ਮੰਜ਼ਿਲ ਬਣਦਾ ਹੈ।

ਜਾਣਾ ਭਾਵੇਂ ਇੰਗਲੈਂਡ ਨੂੰ ਵੀ ਸੋਸ਼ਲਿਜ਼ਮ ਵਲ ਪੈਣਾ ਹੈ, ਪਰ ਅਜੇ ਇੰਗਲੈਂਡ ਨੇ ਭਾਰਤ ਵਾਂਗੂੰ ਇਸ ਦੀ ਲੋੜ ਮਹਿਸੂਸ ਨਹੀਂ ਕੀਤੀ। ਭਾਰਤ ਵੱਧ ਬੇਚੈਨ ਹੈ। ਇੰਗਲੈਂਡ ਵਿਚ ਬੇਚੈਨੀ ਅਜੇ ਸ਼ੁਰੂ ਹੋਣ ਹੀ ਲਗੀ ਹੈ।

ਭਾਰਤ ਵਿਚ ਮਹਿੰਗਾਈ ਹੈ। ਇੰਗਲੈਂਡ ਵਿਚ ਵੀ ਦਿਨੋ ਦਿਨ ਮਹਿੰਗਾਈ ਵਧਦੀ ਜਾਂਦੀ ਹੈ। ਠੀਕ ਹੈ, ਭਾਰਤ ਨਾਲੋਂ ਉਥੇ ਵੇਜਾਂ (Wages) ਬਹੁਤੀਆਂ ਹਨ, ਤੇ ਉਥੇ ਲੋਕੀ ਇਸ ਮਹਿੰਗਾਈ ਦਾ ਥੋੜਾ ਬਹੁਤਾ ਟਾਕਰਾ ਕਰ ਸਕਣ ਦੇ ਅਜੇ ਯੋਗ ਹਨ, ਪਰ ਇਹ "ਯੋਗਤਾ" ਦਿਨੋ ਦਿਨ ਹੁਣ ਘੱਟ ਹੁੰਦੀ ਜਾ ਰਹੀ ਹੈ। ਮਿਸਾਲ ਵਜੋਂ, ਕੀਮਤਾਂ ਜੇ ਦਸ ਫ਼ੀ ਸਦੀ ਵਧਦੀਆਂ ਹਨ ਤਾਂ ਵੇਜਾਂ ਇਕ ਜਾਂ ਦੋ ਫ਼ੀ ਸਦੀ, ਜਾਂ ਤਿੰਨ ਜਾਂ ਸਾਢੇ ਤਿੰਨ ਫ਼ੀ ਸਦੀ। ਅਤੇ, ਇਹ ਕੀ ਫ਼ੀ ਸਦੀ ਹੈ? ਮਹਿੰਗਾਈ ਦੇ ਸੂਚਕ ਅੰਕ ਨਾਲ ਹੀ ਜੇਕਰ ਵੇਜਾਂ ਵਧਦੀਆਂ ਜਾਣ ਤਾਂ ਹੀ ਅਸੀਂ ਕਹਿ ਸਕਦੇ ਹਾਂ ਕਿ ਸਾਵਾਂਪਣ ਹੋ ਸਕਦਾ ਹੈ। ਪਰ ਇਹ ਗੱਲਾਂ ਪੂੰਜੀਵਾਦੀ ਸਿਸਟਮ ਵਿਚ ਅਸੰਭਵ ਹਨ। ਸੂਚਕ ਅੰਕ ਲਾਗੂ ਹੈ, ਪਰ ਇਹ ਬੜੀ ਚਾਲਾਕੀ ਨਾਲ ਤਿਆਰ ਕੀਤਾ ਗਿਆ ਹੁੰਦਾ ਹੈ। ਬਾਜ਼ਾਰ ਵਿਚ ਚੀਜ਼ਾਂ ਦੀਆਂ ਕੀਮਤਾਂ ਘਟਦੀਆਂ ਵਧਦੀਆਂ ਰਹਿੰਦੀਆਂ ਹਨ। ਸੂਚਕ ਅੰਕ ਵਧੀਆਂ ਹੋਈਆਂ ਕੀਮਤਾਂ ਵਲ ਨਹੀਂ ਦੇਖਦਾ, ਘਟੀਆਂ ਵਲ ਤੱਕ ਲੈਂਦਾ ਹੈ, ਇਸ ਲਈ ਇਹ ਸੂਚਕ ਅੰਕ ਨਿਰਾ ਬਨਾਉਟੀ ਹੁੰਦਾ ਹੈ। ਅਸਲੀ ਸੂਚਕ ਅੰਕ ਨਾਲ ਹੀ ਮਸਲਾ ਹੱਲ ਹੋ ਸਕਦਾ ਹੈ। ਭਾਰਤ ਵਿਚ ਮੁਲਾਜ਼ਮ ਤਬਕਾ ਇਹੋ ਮੰਗ ਕਰ ਰਿਹਾ ਹੈ ਜੋ ਚਿਰਾਂ ਤੋਂ ਚਲੀ ਆ ਰਹੀ ਹੈ, ਪਰ ਅਜੇ ਤਕ ਮੰਨੀ ਨਹੀਂ ਗਈ। ਇਹੋ ਮੰਗ ਇੰਗਲੈਂਡ ਦਾ ਮੁਲਾਜ਼ਮ ਵੀ ਕਰ ਰਿਹਾ ਹੈ। ਪਰ ਇਹ ਮੰਗ ਮੰਨਣ ਤੋਂ ਇੰਗਲੈਂਡ ਦੀ ਸਰਮਾਇਆਦਾਰੀ ਵੀ ਹਿਚਕਚਾ ਹੀ ਰਹੀ ਹੈ।

ਭਾਰਤ ਇਕ ਗ਼ਰੀਬ ਦੇਸ਼ ਕਰ ਕੇ ਜਾਣਿਆ ਜਾਂਦਾ ਹੈ, ਇੰਗਲੈਂਡ ਇਕ ਅਮੀਰ ਦੇਸ਼। ਜਿਥੋਂ ਤਕ ਕਿਸੇ ਦੇਸ਼ ਨੂੰ ਕੁਦਰਤ ਵਲੋਂ ਦਿਤੀਆਂ ਗਈਆਂ ਦਾਤਾਂ ਦਾ ਸੰਬੰਧ ਹੈ, ਭਾਰਤ, ਇਹ ਗੱਲ ਸਹੀ ਹੈ, ਇਕ ਅਮੀਰ ਦੇਸ਼ ਹੈ। ਗ਼ਰੀਬ ਭਾਰਤ ਇਸ ਲਈ ਹੈ ਕਿ ਇਸ ਨੂੰ ਆਪਣੇ ਧਨ ਦੌਲਤ ਦੀ ਸਾਂਭ ਸੰਭਾਲ ਦਾ ਪਤਾ ਨਹੀਂ। ਧਰਤੀ, ਪਹਾੜ, ਦਰਿਆ, ਕਾਨਾਂ, ਭਾਰਤ ਕੋਲ ਕੀ ਕੁਝ ਨਹੀਂ? ਜਿਹੜੇ ਲੋਕੀ ਕਦੇ ਭਾਰਤ ਨੂੰ ਸੋਨੇ ਦੀ ਚਿੜੀ ਕਹਿੰਦੇ ਸਨ, ਉਹ ਸੌ ਫ਼ੀ ਸਦੀ ਠੀਕ ਸਨ। ਇੰਗਲੈਂਡ, ਇਸ ਹਿਸਾਬ ਨਾਲ, ਇਕ ਗ਼ਰੀਬ ਦੇਸ਼ ਹੈ। ਘਟੋ ਘਟ ਭਾਰਤ ਦੇ ਮੁਕਾਬਲੇ ਵਿਚ ਗ਼ਰੀਬ ਹੈ।

ਧਰਤੀ ਸਾਰੇ ਮੁਲਕਾਂ ਦੀ ਹੀ ਨਮਸਕਾਰ ਦਾ ਯੋਗ ਹੈ, ਪਰ ਜਿਹੋ ਜਿਹੀ ਉਪਜਾਊ ਧਰਤੀ ਭਾਰਤ ਨੂੰ ਪ੍ਰਾਪਤ ਹੈ, ਉਹੋ ਜਿਹੀ ਇੰਗਲੈਂਡ ਨੂੰ ਨਹੀਂ। ਇੰਗਲੈਂਡ ਆਪਣਾ ਕੌਮੀ ਫਲ ਸੇਬ ਹੀ ਆਖ ਸਕਦਾ ਹੈ। ਪਰ ਜਿੰਨਾ ਸੁਹਣਾ ਤੇ ਮਿੱਠਾ ਸੇਬ ਕੁੱਲੂ ਜਾਂ ਕਸ਼ਮੀਰ ਦਾ ਹੈ, ਏਨਾ ਸੁਹਣਾ ਇੰਗਲੈਂਡ ਦਾ ਨਹੀਂ। ਹਾਲਾਂਕਿ ਅਸੀਂ ਸੇਬ ਨੂੰ ਆਪਣਾ ਕੌਮੀ ਫਲ ਨਹੀਂ ਆਖਦੇ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਗਲੈਂਡ ਵਿਚ ਸੇਬ ਵੀ ਕਦੇ ਪੈਦਾ ਨਹੀਂ ਹੁੰਦਾ ਸੀ । ਸੇਬ ਅਤੇ ਨਾਸ਼ਪਾਤੀ ਇੰਗਲੈਂਡ ਵਿਚ ਰੋਮਨ ਆਪਣੇ ਨਾਲ ਲੈ ਕੇ ਆਏ ਸਨ । ਉਹਨਾਂ ਨੇ ਹੀ, ਪਹਿਲੀ ਵਾਰ, ਇੰਗਲੈਂਡ ਦੇ ਜਜ਼ੀਰੇ ਨਾਲ ਇਹਨਾਂ ਦੀ ਜਾਣ ਪਛਾਣ ਕਰਵਾਈ ।

ਇੰਗਲੈਂਡ ਦੀ ਨਾਸ਼ਪਾਤੀ ਵਿਚ ਵੀ ਸਾਡੀ ਨਾਸ਼ਪਾਤੀ ਦਾ ਮੁਕਾਬਲਾ ਕਰਨ ਦੀ ਪੁੱਜਤ ਨਹੀਂ । ਸਾਡੀ ਨਾਸ਼ਪਾਤੀ, ਨਾਖ ਅਤੇ ਬੱਗੂ ਗੋਸ਼ਾ ਆਪਣੇ ਵਰਗੇ ਆਪ ਹੀ ਹਨ ।

ਅਮਰੂਦ ਆਮ ਜਿਹਾ ਫਲ ਹੈ, ਪਰ ਜਿੰਨੀ ਮਹਿਕ ਇਸ ਵਿਚ ਹੈ, ਕਿਸੇ ਹੀ ਫਲ ਵਿਚ ਹੁੰਦੀ ਹੈ । ਮਹਿਕਾਂ ਸਭ ਵਿਚ ਹੁੰਦੀਆਂ ਹਨ ਤੇ ਸਭੇ ਸੁਹਣੀਆਂ ਹੁੰਦੀਆਂ ਹਨ, ਪਰ ਇਸ ਦੀ ਤਿੱਖੀ ਤੇ ਮਿੱਠੀ ਮਹਿਕ ਬਾਕੀ ਸਭਨਾਂ ਫਲਾਂ ਦੀ ਮਿੱਠੀ ਮਹਿਕ ਉਤੇ ਛਾ ਜਾਂਦੀ ਹੈ ।

ਅੰਬ, ਸਾਡਾ ਕੌਮੀ ਫ਼ਲ, ਜਾਪਦਾ ਹੈ, ਸਾਡੀ ਭਾਰਤ-ਭੂਮੀ ਦੀ ਹੀ ਉਪਜ ਹੈ । ਰਸ, ਰੰਗ, ਗੰਧ, ਮਿਠਾਸ, ਸਾਡੀ ਧਰਤੀ ਕਿੰਨਾ ਕੁਝ ਇਸ ਅੰਬ ਵਿਚ ਭਰ ਦਿੰਦੀ ਹੈ ।

ਪਹਾੜ ਜਿੰਨੇ ਉੱਚੇ ਅਤੇ ਸ਼ਾਨਾਂ ਮੱਤੇ ਸਾਡੇ ਹਨ, ਇੰਗਲੈਂਡ ਦੇ ਉੱਕਾ ਨਹੀਂ ਹਨ । ਇੰਗਲੈਂਡ ਕੋਲ ਸਮੁੰਦਰ ਹੈ, ਪਰ ਉਹ ਸਾਡੇ ਕੋਲ ਵੀ ਹੈ । ਧਰਤੀ, ਪਹਾੜ, ਦਰਿਆ ਅਤੇ ਹੋਰ ਸੋਮੇ ਸਾਡੇ ਕੋਲ ਵਧੇਰੇ ਹਨ । ਇਸ ਲਈ ਅਸੀਂ ਇੰਗਲੈਂਡ ਨਾਲੋਂ ਇਕ ਅਮੀਰ ਮੁਲਕ ਹਾਂ । ਗ਼ਰੀਬ ਕੇਵਲ ਇਸ ਲਈ ਹਾਂ ਕਿ ਸਾਡਾ ਸਿਸਟਮ ਠੀਕ ਨਹੀਂ । ਜਦੋਂ ਸਿਸਟਮ ਠੀਕ ਹੋਇਆ, ਭਾਰਤ ਇਕ ਅਮੀਰ ਅਤੇ ਖ਼ੁਸ਼ਹਾਲ ਦੇਸ਼ ਬਣ ਜਾਵੇਗਾ ।

ਇੰਗਲੈਂਡ ਵਿਚ ਮੇਰੀ ਅੱਖ ਆਮ ਅੰਗਰੇਜ਼ ਨੂੰ ਦੇਖਣ ਸਮਝਣ ਵਲ ਵੀ ਲੱਗੀ ਰਹੀ ਹੈ । ਆਮ ਅੰਗਰੇਜ਼ ਸਾਡੇ ਵਾਂਗੂ ਮਿਹਨਤਕਸ਼ ਇਨਸਾਨ ਹੀ ਹੈ । ਉਹੀਓ ਉਸਦੇ ਜਜ਼ਬੇ ਤੇ ਉਹੀਓ ਹੀ ਉਦਗਾਰਾਂ ਹਨ । ਜੇ ਕੋਈ ਕਿਧਰੇ ਫ਼ਰਕ ਹੈ ਤਾਂ ਇਸਦਾ ਕਾਰਨ ਕਿਸੇ ਕੌਮ ਦਾ ਆਪਣਾ ਖ਼ਾਸ ਸੁਭਾਓ ਜਾਂ ਰਹਿਣ ਸਹਿਣ ਦਾ ਢੰਗ ਹੀ ਹੈ । ਨਹੀਂ ਤਾਂ ਲਗ ਪਗ ਮੁਢਲੇ ਜਜ਼ਬੇ ਹਰ ਇਨਸਾਨ ਦੇ ਇਕੋ ਹਨ ।

ਭਾਰਤ ਵਿਚ ਜਦ ਵੀ ਕਦੇ ਦੋ ਅੰਗਰੇਜ਼ ਤੁਰਦੇ ਸਨ, ਕਦਮ ਮਿਲਾ ਕੇ ਤੁਰਦੇ ਸਨ । ਅੰਗਰੇਜ਼ ਮਰਦ ਤੇ ਔਰਤ ਵੀ ਤੇ ਦੋ ਅੰਗਰੇਜ਼ ਔਰਤਾਂ ਵੀ । ਏਥੋਂ ਤਕ ਕਿ ਚਾਰ ਅੰਗਰੇਜ਼ ਵੀ ਕਦਮ ਮਿਲਾ ਕੇ ਤੁਰਦੇ ਸਨ । ਪਰ ਇੰਗਲੈਂਡ ਵਿਚ ਆਮ ਅੰਗਰੇਜ਼ ਉਸੇ ਤਰ੍ਹਾਂ ਹੀ ਤੁਰਦਾ ਹੈ, ਜਿਵੇਂ ਅਸੀਂ ਭਾਰਤ ਵਿਚ । ਸ਼ਾਇਦ ਕਾਰਨ ਇਹ ਸੀ ਕਿ ਜੋ ਅੰਗਰੇਜ਼ ਭਾਰਤ ਉਤੇ ਰਾਜ ਕਰਨ ਲਈ ਆਇਆ ਸੀ, ਉਸ ਲਈ ਇਹ ਜ਼ਰੂਰੀ ਸੀ । ਇਹ ਫ਼ੌਜੀ ਤੌਰ ਤਰੀਕਾ ਸੀ । ਉਸ ਨੇ ਆਪਣੀ ਤਾਕਤ ਦਾ ਵਿਖਾਵਾ ਕਰਨਾ ਹੁੰਦਾ ਸੀ ਤੇ ਇਹ ਵਿਖਾਵਾ ਬੱਝੀ ਹੋਈ ਮਰਿਆਦਾ ਨਾਲ ਹੀ ਸੰਭਵ ਸੀ । ਇੰਗਲੈਂਡ ਵਿਚ, ਅੰਗਰੇਜ਼ ਨੂੰ, ਸਪਸ਼ਟ ਹੈ, ਅਜਿਹੇ ਕਿਸੇ ਵਿਖਾਵੇ ਦੀ ਲੋੜ ਹੀ ਨਹੀਂ ਸੀ । ਭਾਰਤ ਉਤੇ ਹੁਕਮਰਾਨੀ ਦੇ ਰੋਅਬ ਦੀ ਜ਼ਰੂਰਤ ਸੀ ।

ਅਸੀਂ, ਭਾਰਤੀ, ਬਹੁਤ ਵਾਰ, ਬੱਸਾਂ ਅਤੇ ਰੇਲ ਗੱਡੀਆਂ ਨੱਸ ਨੱਸ ਕੇ ਫੜਦੇ ਹਾਂ । ਇੰਗਲੈਂਡ ਵਿਚ ਵੀ ਆਮ ਅੰਗਰੇਜ਼ ਇਸੇ ਤਰ੍ਹਾਂ ਹੀ ਕਰਦਾ ਹੈ । ਨੌਜਵਾਨ ਮੁੰਡੇ ਕੁੜੀਆਂ ਦੂਰੋਂ ਨੱਸੇ ਆਉਂਦੇ ਤੇ ਬੱਸ ਨੂੰ ਹੱਥ ਵੀ ਦਿੰਦੇ ਹਨ । ਭਾਰਤ ਵਿਚ ਜੋ ਕੁਝ ਵੀ ਅੰਗਰੇਜ਼ ਕਰਦੇ ਨਹੀਂ ਸਨ ਹੁੰਦੇ, ਉਹ ਇੰਗਲੈਂਡ ਵਿਚ ਕਰਦੇ ਹਨ । ਅਸਲ ਵਿਚ ਜੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅੰਗਰੇਜ਼ ਸਾਡਾ ਹਾਕਮ ਹੁੰਦਾ ਸੀ, ਉਹ ਅੰਗਰੇਜ਼ ਹੋਰ ਸੀ। ਉਹ ਸ਼ਾਹੀ ਖ਼ਾਨਦਾਨਾਂ ਦੇ ਡਿਊਕ ਅਤੇ ਪ੍ਰਿੰਸ ਸਨ ਤੇ ਵੱਡੇ ਵੱਡੇ ਲਾਰਡ ਸਨ। ਇਹ ਅੰਗਰੇਜ਼ ਆਪਣੇ ਮੁਲਕ ਇੰਗਲੈਂਡ ਦੀ ਆਮ ਜਨਤਾ ਹੈ।

ਇੰਗਲੈਂਡ ਦੀ ਸਫ਼ਾਈ ਬਾਰੇ ਮੈਂ ਬਹੁਤ ਕੁਝ ਪੜ੍ਹਦਾ ਹੁੰਦਾ ਸਾਂ। ਇੰਗਲੈਂਡ ਬਹੁਤ ਸਾਫ਼ ਹੈ, ਪਰ ਇਹ ਨਹੀਂ ਕਿ ਕਿਤੇ ਕੋਈ ਚੀਜ਼ ਉੱਕਾ ਖਿੱਲਰੀ ਹੋਈ ਹੀ ਨਹੀਂ। ਕਈ ਥਾਈਂ ਮੈਂ ਸਾਡੇ ਵਾਂਗ ਹੀ ਕਾਗਜ਼ ਖਿੱਲਰੇ ਤੱਕੇ ਹਨ। ਹਾਂ, ਇੰਗਲੈਂਡ ਭਾਰਤ ਦੇ ਮੁਕਾਬਲੇ ਵਿਚ ਸਾਫ਼ ਹੈ ਤੇ ਬਹੁਤ ਹੱਦ ਤਕ ਸਾਫ਼ ਹੈ। ਉਂਜ ਜਿਹੜੀਆਂ ਥਾਵਾਂ ਇੰਗਲੈਂਡ ਵਿਚ ਵੀ ਗੰਦੀਆਂ ਹਨ, ਉਹ ਕਾਫ਼ੀ ਗੰਦੀਆਂ ਹੁੰਦੀਆਂ ਹਨ। ਜਿਵੇਂ ਉਹਨਾਂ ਨੂੰ ਜਾਣ ਬੁੱਝ ਕੇ ਉਵੇਂ ਹੀ ਰਖਿਆ ਹੁੰਦਾ ਹੈ।

ਅਸੀਂ ਲੋਕ ਥੁੱਕਣ ਵੇਲੇ ਥਾਂ ਕੁਥਾਂ ਨਹੀਂ ਦੇਖਦੇ। ਗਲੀਆਂ, ਬਾਜ਼ਾਰਾਂ, ਤੇ ਹੋਰ ਸਰਬਜਨਕ ਥਾਵਾਂ, ਜਿਥੇ ਵੀ ਦਿਲ ਚਾਹੁੰਦਾ ਹੈ, ਥੁੱਕਦੇ ਚਲੇ ਜਾਂਦੇ ਹਾਂ। ਅੰਗਰੇਜ਼ ਦੀ ਇਹ ਆਦਤ ਨਹੀਂ। ਤਾਂ ਵੀ, ਇਹ ਵੀ ਗੱਲ ਨਹੀਂ ਕਿ ਸਹੁੰ ਖਾਧੀ ਜਾ ਸਕਦੀ ਹੋਵੇ। ਦੋ ਕਿ ਤਿੰਨ ਅੰਗਰੇਜ਼ਾਂ ਨੂੰ ਮੈਂ ਸਰਬਜਨਕ ਥਾਵਾਂ ਉਤੇ ਥੁੱਕਦੇ ਦੇਖ ਸਕਿਆ ਹਾਂ। ਇਹ ਨਹੀਂ ਕਿ ਚੋਰੀ ਜਿਹੇ ਕਿਸੇ ਵਾੜ ਜਾਂ ਝਾੜੀ ਵਿਚ, ਗਲੀਆਂ ਅਤੇ ਬਾਜ਼ਾਰਾਂ ਵਿਚ। ਇਕ ਬੁੱਢੀ ਮੇਮ ਸੀ ਜੋ ਆਪਣੇ ਘਰੋਂ ਬਾਹਰ ਜਿਵੇਂ ਥੁੱਕਣ ਲਈ ਹੀ ਆਈ ਸੀ। ਇਹ ਗੱਲ ਇਕ ਟਾਊਨ ਸਟੋਕ-ਆਨ-ਟਰੈਂਟ ਦੀ ਹੈ। ਅਸੀਂ ਪੰਜ ਕਿ ਸੱਤ ਜਣੇ ਸਵੇਰੇ ਦਸ ਕੁ ਵਜੇ ਇਕ ਸਟਰੀਟ ਵਿਚ ਖਲੋਤੇ ਸਾਂ ਤੇ ਫ਼ੋਟੋਆਂ ਆਦਿ ਲੈ ਰਹੇ ਸਾਂ। ਇਕ ਬੁੱਢੀ ਮੇਮ ਸਾਡੇ ਸਾਹਮਣੇ ਵਾਲੀ ਪਾਲ ਵਿਚੋਂ ਘਰੋਂ ਬਾਹਰ ਆਈ ਤੇ ਪਟੜੀ ਉਤੋਂ ਮਲਕੜੇ ਜਿਹੇ ਸੜਕ ਵਿਚ ਨੂੰ ਥੁੱਕ ਗਈ। ਜਿਵੇਂ ਉਸਨੂੰ ਇਹ ਗੱਲ ਕੋਈ ਬਹੁਤੀ ਬੁਰੀ ਨਾ ਜਾਪੀ ਹੋਵੇ। ਇਸੇ ਤਰ੍ਹਾਂ ਮੈਂ ਦੋ ਅੰਗਰੇਜ਼ ਕਾਵੈਂਟਰੀ ਥੁੱਕਦੇ ਦੇਖੇ ਸਨ। ਇਹ ਅਧਖੜ ਉਮਰਾਂ ਵਾਲੇ ਸਨ।

ਅੰਗਰੇਜ਼ ਬੜੀ ਬਾ-ਸ਼ਊਰ ਤੇ ਸੋਝੀ ਵਾਲੀ ਕੌਮ ਹੈ। ਪਰ ਜਿਥੋਂ ਤੀਕਰ ਰਾਜਨੀਤਕ ਸੋਝੀ ਦਾ ਸਵਾਲ ਹੈ. ਆਮ ਅੰਗਰੇਜ਼ ਸਾਡੇ ਆਮ ਭਾਰਤੀ ਨਾਲੋਂ ਪਿਛੇ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਸੌ ਜਾਂ ਦੋ ਸੌ ਸਾਲ ਅੰਗਰੇਜ਼ੀ ਸਾਮਰਾਜ ਨਾਲ ਸੰਗਰਾਮ ਕਰਦੇ ਰਹੇ ਹਾਂ ਤੇ ਘੋਲਾਂ ਦੀ ਇਸ ਅਗਨੀ ਵਿਚੋਂ ਤਪ ਕੇ ਕੁੰਦਨ ਬਣੇ ਹਾਂ। ਭਾਰਤ ਵਿਚ ਕਮਿਊਨਿਸਟ ਪਾਰਟੀ ਕਾਫ਼ੀ ਤਕੜੀ ਹੈ ਜੋ ਗਿਣਤੀ ਵਿਚ ਆ ਰਹੀ ਹੈ। ਇੰਗਲੈਂਡ ਵਿਚ ਪਰ ਕਮਿਊਨਿਸਟ ਪਾਰਟੀ ਬਹੁਤ ਕਮਜ਼ੋਰ ਹੈ। ਇਹ ਵੀ ਇਕ ਪੈਮਾਨਾ ਹੈ ਜੋ ਕਿਸੇ ਦੇਸ਼ ਦੀ ਰਾਜਨੀਤਕ ਸੂਝ ਦਾ ਮਾਪ ਦੇ ਸਕਦਾ ਹੈ।

ਸਵਾਲ ਪੈਦਾ ਹੋਇਆ ਕਿ ਕੀ ਇੰਗਲੈਂਡ ਸਾਂਝੀ ਮੰਡੀ ਵਿਚ ਸ਼ਾਮਿਲ ਹੋਵੇ ਜਾਂ ਬਾਹਰ ਰਹੇ? ਆਮ ਅੰਗਰੇਜ਼ ਨੇ ਸਾਂਝੀ ਮੰਡੀ ਵਿਚ ਸ਼ਾਮਿਲ ਹੋਣ ਲਈ ਆਖਿਆ। ਇਗਲੈਂਡ ਦੀ ਕਮਿਊਨਿਸਟ ਪਾਰਟੀ ਨੇ "ਨਾਂਹ" ਲਈ ਆਪਣੀ ਰਾਏ ਦਿਤੀ। ਹਾਕਮ ਲੇਬਰ ਪਾਰਟੀ ਵਿਚ ਵੀ ਦੋ ਰਾਵਾਂ ਹੋ ਗਈਆਂ ਸਨ। ਤਾਂ ਵੀ ਜਿੱਤ "ਹਾਂ" ਦੀ ਹੋਈ। ਇੰਗਲੈਂਡ ਯੂਰਪ ਨਹੀਂ ਹੈ, ਪਰ ਆਮ ਅੰਗਰੇਜ਼ ਆਪਣੇ ਆਪ ਨੂੰ ਯੂਰਪੀਨ ਜਾਂ ਯੂਰਪ ਦੇ ਹੀ ਬਹੁਤਾ ਨੇੜੇ ਗਿਣਦਾ ਹੈ। ਕਿਉਂਕਿ ਕਲਚਰ ਇਕੋ ਹੈ। ਇਹ ਜਜ਼ਬਾਤੀ ਪਹੁੰਚ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਲਾਂਕਿ ਇੰਗਲੈਂਡ ਦਾ ਭਲਾ ਸਾਂਝੀ ਮੰਡੀ ਦੀ ਲੁੱਟ ਖਸੁੱਟ ਤੋਂ ਬਾਹਰ ਰਹਿਣ ਵਿਚ ਬਹੁਤਾ ਹੈ ।

ਇੰਗਲੈਂਡ ਵਿਚ ਹਰ ਟਾਊਨ ਦਾ ਆਪਣਾ ਪਰਚਾ ਹੁੰਦਾ ਹੈ ਜਿਸ ਦੀ ਗਿਣਤੀ ਅੱਸੀ ਹਜ਼ਾਰ ਜਾਂ ਨੱਵੇ ਹਜ਼ਾਰ ਤਕ ਹੁੰਦੀ ਹੈ ਤੇ ਕਿਸੇ ਕਿਸੇ ਦੀ ਲੱਖ ਦੀ ਵੀ । ਇਹ ਅਖ਼ਬਾਰ ਕੇਵਲ ਆਪਣੇ ਸ਼ਹਿਰ ਲਈ ਹੀ ਹੁੰਦੇ ਹਨ । ਪਰ "ਮਾਰਨਿੰਗ ਸਟਾਰ" ਜੋ ਕਮਿਊਨਿਸਟ ਪਾਰਟੀ ਦਾ ਕੌਮੀ ਪੱਧਰ ਦਾ ਪਰਚਾ ਹੈ, ਬੜਾ ਹੀ ਥੋੜਾ ਛਪਦਾ ਹੈ ਤੇ ਕੋਈ ਕੋਈ ਹੀ ਸੂਝ ਵਾਲਾ ਇਸਦਾ ਪਾਠਕ ਹੁੰਦਾ ਹੈ । ਪਾਰਟੀ ਕੋਟੇ ਲਾਉਂਦੀ ਹੈ, ਪਰ ਆਮ ਅੰਗਰੇਜ਼ ਫ਼ੌਰਨ ਉਸ ਨੂੰ "ਕੂੜਾ" (Rubbish) ਆਖ ਦਿੰਦਾ ਤੇ ਲੈਣ ਤੋਂ ਨਾਂਹ ਕਰ ਦਿੰਦਾ ਹੈ । ਇਹ ਅਖ਼ਬਾਰ ਉਸ ਨੂੰ ਬਿਲਕੁਲ ਰੁੱਖਾ ਨਜ਼ਰ ਆਉਂਦਾ ਹੈ । ਹਾਲਾਂਕਿ ਉਹ ਆਮ ਅੰਗਰੇਜ਼ ਲਈ ਰੋਜ਼ ਸੰਗਰਾਮ ਕਰਦਾ ਹੈ ।

ਅਜੇ, ਇਹ ਸਚਾਈ ਹੈ, ਆਮ ਅੰਗਰੇਜ਼ ਟੋਰੀਆਂ, ਲੇਬਰਾਂ, ਲਿਬਰਲਾਂ ਜਾਂ ਨਸਲਵਾਦੀ ਪਾਵਲਾਂ ਦੀ ਗੱਲ ਹੀ ਬਹੁਤੀ ਸੁਣਦਾ ਹੈ । ਕਮਿਊਨਿਸਟ ਪਾਰਟੀ ਦੀ ਅਜੇ ਗੱਲ ਨਹੀਂ ਸੁਣੀ ਜਾਂਦੀ । ਹਾਂ, ਸੁਣਨੀ ਪਵੇਗੀ । ਇੰਗਲੈਂਡ ਵਿਚ ਜਿਉਂ ਜਿਉਂ ਆਰਥਕ ਸੰਕਟ ਗਹਿਰਾ ਹੋਵੇਗਾ, ਤਿਉਂ ਤਿਉਂ ਕਮਿਊਨਿਸਟ ਪਾਰਟੀ ਦੀ ਗੱਲ ਵੀ ਸੁਣਨੀ ਪਵੇਗੀ । ਸੰਕਟ ਗਹਿਰਾ ਹੋ ਰਿਹਾ ਹੈ । ਦਿਨੋ ਦਿਨ ਖ਼ੁਰਾਕ ਅਤੇ ਨਿੱਤ-ਜੀਵਨ ਦੀਆਂ ਹੋਰਾਂ ਚੀਜ਼ਾਂ ਦੀਆਂ ਕੀਮਤਾਂ ਵੱਧ ਰਹੀਆਂ ਹਨ ਤੇ ਪੌਂਡ ਡਿਗਦਾ ਜਾਂਦਾ ਹੈ । ਇੰਗਲੈਂਡ, ਜਿਹੜਾ ਆਪਣੇ ਆਪ ਨੂੰ ਬਹੁਤ ਸਿਆਣਾ ਗਿਣਦਾ ਹੈ, ਚੁਫ਼ਾਲ ਡਿੱਗਣ ਵਾਲਾ ਹੈ ।ਆਖ਼ਿਰ ਕਿਹੜਾ ਰਾਵਣ ਹੈ ਜੋ ਸਦਾ ਸਦਾ ਲਈ ਕਾਲ ਨੂੰ ਆਪਣੇ ਪਾਵੇ ਨਾਲ ਬੰਨ੍ਹ ਸਕਿਆ ਹੈ ? ਸਮਾਂ ਬੜਾ ਬਲਵਾਨ ਹੈ ।

ਉਂਜ ਇੰਗਲੈਂਡ ਦੀ ਕਮਿਊਨਿਸਟ ਪਾਰਟੀ ਬੜੀ ਸਿਆਣੀ ਹੈ । ਉਸ ਦੇ ਰਾਜਨੀਤਕ ਨਿਰਣੇ ਸਹੀ ਤੇ ਰੌਸ਼ਨ ਹੁੰਦੇ ਹਨ । ਸੇਧ ਵੀ ਸਹੀ ਹੁੰਦੀ ਹੈ । ਜੇ ਅਜੇ ਕਮਜ਼ੋਰ ਹੈ ਤਾਂ ਇਸਦੇ ਕਾਰਨ ਹੋਰ ਹਨ ।

ਇੰਗਲੈਂਡ ਦੀ ਸਰਮਾਇਆਦਾਰੀ ਕਾਫ਼ੀ ਚੁਸਤ ਚਾਲਾਕ ਹੈ । ਇਹ ਉਹ ਸਰਮਾਇਆਦਾਰੀ ਹੈ ਜਿਸ ਨੇ ਅੱਧੀ ਦੁਨੀਆਂ ਉਤੇ ਰਾਜ ਕਮਾਇਆ ਹੋਇਆ ਹੈ । ਰਾਜ ਵੀ ਅਜਿਹਾ ਸੀ ਜਿਸਦਾ ਸੂਰਜ, ਕਹਿੰਦੇ ਸਨ, ਕਦੇ ਗ਼ਰੂਬ ਹੋਣਾ ਹੀ ਨਹੀਂ । ਇਹ ਸਰਮਾਇਆ-ਦਾਰੀ ਓੜਕ ਸਾਮਰਾਜ ਬਣ ਚੁੱਕੀ ਸੀ ਤੇ ਇਸਦੇ ਸਾਮਰਾਜ ਦੇ ਜਲਵੇ ਕੁਲ ਸੰਸਾਰ ਨੇ ਦੇਖੇ ਹਨ । ਇਸ ਲਈ, ਇਹ ਇਸ ਯੋਗ ਸੀ ਕਿ ਆਪਣੇ ਲੋਕਾਂ ਨੂੰ ਕਾਫ਼ੀ ਚਿਰ ਤਕ ਟਾਲ ਟਾਲ ਕੇ ਰਖ ਸਕੇ ਤੇ ਉਹਨਾਂ ਦਾ ਮਤਲਬ ਸਾਰਦੀ ਰਹੇ ਤੇ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਪੈਦਾ ਹੋਣ ਦਾ ਮੌਕਾ ਨਾ ਦੇਵੇ । ਪਰ ਇਹ ਕਦ ਤਕ ਹੋਵੇਗਾ ?

ਮੇਰੇ ਉਥੇ ਹੁੰਦਿਆਂ ਹੀ ਇੰਗਲੈਂਡ ਵਿਚ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਗਈਆਂ ਸਨ ਤੇ ਅਜੇ ਹੋਰ ਵਧ ਰਹੀਆਂ ਹਨ । ਜੋ ਕੀਮਤਾਂ ੧੬ ਜੂਨ ੭੪ ਨੂੰ ਇੰਗਲੈਂਡ ਵਿਚ ਸਨ, ੧੫ ਜੂਨ, ੭੫ ਨੂੰ ਉਹ ਕਿਤੇ ਵੱਧ ਹੋ ਗਈਆਂ ਸਨ । ਖ਼ਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਬਹੁਤ ਵਧ ਰਹੀਆਂ ਹਨ । ਖੰਡ, ਮੱਖਣ, ਦੁੱਧ, ਅੰਡੇ, ਸਬਜ਼ੀਆਂ, ਗੋਸ਼ਤ, ਬੀਅਰ, ਸ਼ਰਾਬ, ਸਭ ਕੁਝ ਵਧਦਾ ਜਾਂਦਾ ਹੈ । ਔਰਤਾਂ ਜਦੋਂ ਸ਼ਾਪਿੰਗ ਕਰਕੇ ਵਾਪਸ ਘਰ ਵਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਂਦੀਆਂ ਹਨ ਤਾਂ ਖਿਝੀਆਂ ਹੋਈਆਂ ਹੁੰਦੀਆਂ ਹਨ। ਦਾਲਾਂ ਬਹੁਤ ਮਹਿੰਗੀਆਂ ਹਨ। ਫਲ ਵੀ ਬਹੁਤ ਮਹਿੰਗੇ ਹਨ। ਗੱਲ ਕੀ, ਸਭ ਕੁਝ ਮਹਿੰਗਾ ਹੈ। ਹੋਰ ਤਾਂ ਹੋਰ, ਡਾਕ-ਟਿਕਟ ਵੀ ਬਹੁਤ ਮਹਿੰਗੇ ਹੋ ਗਏ ਹਨ। ਜਿਸ ਏਅਰ ਲੈਟਰ ਦੀ ਕੀਮਤ ਪਹਿਲਾਂ ਛੇ ਪੈਨਸ ਹੀ ਸੀ, ਹੁਣ ਉਹ ਸਾਢੇ ਦਸ ਦਾ ਹੈ। ਕਦੇ ਪੰਜ ਪੈਨਸ ਵੀ ਸੀ। ਸ਼ਾਇਦ ਕਦੇ ਪੰਜ ਪੈਨਸ ਤੋਂ ਘਟ ਵੀ ਹੁੰਦੀ ਹੋਵੇਗੀ।

ਇਸੇ ਤਰ੍ਹਾਂ ਹੀ ਬੀਅਰ ਹੈ। ਕਹਿੰਦੇ ਹਨ, ਜਦੋਂ ਪੌਂਡ ਵਿਚ ੨੪੦ ਪੈਨਸ ਸਨ, ਉਦੋਂ ਬੀਅਰ ਦਾ ਇਕ ਗਲਾਸ (Pint) ਪੰਜ ਪੈਨਸ ਨੂੰ ਮਿਲਦਾ ਸੀ। ਅੱਜ ੨੪੦ ਦੀ ਥਾਂ ਪੌਂਡ ਵਿਚ ਸੌ ਪੈਨਸ ਹਨ ਤੇ ਬੀਅਰ ਦੇ ਗਲਾਸ ਦੀ ਕੀਮਤ ਪੰਦਰਾਂ, ਅਠਾਰਾਂ, ਪੱਚੀ ਜਾਂ ਤੀਹ ਪੈਨਸ, ਤੇ ਸਗੋਂ ਇਸ ਤੋਂ ਵੱਧ ਵੀ ਹੈ—ਜਿਹੋ ਜਿਹੀ ਕੋਈ ਬੀਅਰ ਜਾਂ ਪੱਬ ਦਾ ਵਾਯੂ ਮੰਡਲ ਹੋਵੇ। ਕੀ ਇੰਗਲੈਂਡ ਦੇ ਪੈਰਾਂ ਹੇਠਾਂ ਕੋਈ ਠੋਸ ਬੁਨਿਆਦ ਹੈ? ਹਿਸਾਬ ਲਾਓ ਇੰਗਲੈਂਡ ਦੀ ਕਮਾਈ ਅਤੇ ਖ਼ਰਚ ਦਾ! ਅਤੇ ਇੰਗਲੈਂਡ ਤੋਂ ਮੇਰਾ ਮਤਲਬ ਮਿਹਨਤਕਸ਼ ਇੰਗਲੈਂਡ ਹੈ, ਇੰਗਲੈਂਡ ਦੇ "ਟਾਟੇ ਬਿਰਲੇ" ਨਹੀਂ।

ਇੰਗਲੈਂਡ ਵਿਚ ਕਈ ਇਕ ਗੱਲਾਂ ਨਿਰਸੰਦੇਹ ਚੰਗੀਆਂ ਹਨ। ਜਿਵੇਂ ਬੇਰੁਜ਼ਗਾਰਾਂ ਨੂੰ ਇੰਗਲੈਂਡ ਵਿਚ ਬੇਰੁਜ਼ਗਾਰੀ ਦਾ ਭੱਤਾ ਦਿਤਾ ਜਾਂਦਾ ਹੈ; ਬੁੱਢੇ ਮਰਦਾਂ ਔਰਤਾਂ ਨੂੰ ਪੈਨਸ਼ਨ ਦਿਤੀ ਜਾਂਦੀ ਹੈ; ਛੋਟੀ ਉਮਰ ਦੇ ਬੱਚਿਆਂ ਨੂੰ ਵੀ ਕੁਝ ਮੁਆਵਜ਼ਾ ਮਿਲਦਾ ਹੈ; ਭਾਵੇਂ ਹੁੰਦਾ ਘੱਟ ਹੀ ਹੈ, ਪਰ ਫੇਰ ਵੀ ਕਾਫ਼ੀ ਮਦਦ ਹੈ। ਪਰ ਇੰਗਲੈਂਡ ਇਹ ਸਹੂਲਤਾਂ ਕਦ ਤਕ ਦਿੰਦਾ ਰਹੇਗਾ? ਅਤੇ ਇਹ ਸਹੂਲਤਾਂ ਵੀ ਦਿੰਦਾ ਆਖ਼ਿਰ ਕਿਥੋਂ ਹੈ? ਇੰਗਲੈਂਡ ਦੇ ਖ਼ਜ਼ਾਨਿਆਂ ਵਿਚ ਜਿੰਨੀ ਦੌਲਤ ਪਈ ਹੈ ਉਹ ਸਾਰੀ ਸਾਡੇ ਹਿੰਦੋਸਤਾਨ ਜਾਂ ਸਾਡੇ ਵਰਗੇ ਹੋਰਾਂ ਦੇਸ਼ਾਂ ਦੀ ਲੁੱਟ ਨਾਲ ਜਮ੍ਹਾ ਹੋਈ ਹੈ। ਲਗ ਪਗ ਅੱਧੀ ਦੁਨੀਆਂ ਨੂੰ ਇੰਗਲੈਂਡ ਲੁੱਟਦਾ ਰਿਹਾ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਉਹ ਅਜੇ ਵੀ ਲੁੱਟ ਕਰ ਰਿਹਾ ਹੈ। ਪਰ ਦਿਨੋ ਦਿਨ ਹੁਣ ਇਸ ਲੁੱਟ ਦਾ ਖ਼ਾਤਮਾ ਹੁੰਦਾ ਜਾਂਦਾ ਹੈ ਤੇ ਹੁਣ ਉਹ ਮਾਂ ਮਰ ਰਹੀ ਹੈ ਜੋ ਦਹੀਂ ਨਾਲ ਟੁੱਕਰ ਦਿੰਦੀ ਸੀ। ਇਸ ਮਾਂ ਦਾ ਆਖ਼ਰੀ ਸੁਆਸ ਜਦ ਵੀ ਪੂਰਾ ਹੁੰਦਾ ਹੈ, ਉਦੋਂ ਹੀ ਇੰਗਲੈਂਡ ਨੂੰ ਹੱਥਾਂ ਪੈਰਾਂ ਦੀ ਪੈ ਜਾਣੀ ਹੈ—ਸਾਮਰਾਜੀ ਇੰਗਲੈਂਡ ਨੂੰ। ਅਜੇ ਵੀ ਇੰਗਲੈਂਡ ਨੂੰ ਦੁਨੀਆਂ ਕੱਚਾ ਮਾਲ ਦੇ ਰਹੀ ਹੈ ਤੇ ਪੱਕਾ ਉਸ ਤੋਂ ਲੈਂਦੀ ਹੈ ਤੇ ਇਸ ਲੈਣ ਤੇ ਦੇਣ ਵਿਚ ਬਰਾਬਰਤਾ ਦੀ ਪੱਧਰ ਨਹੀਂ, ਊਚ ਨੀਚ ਤੇ ਲੁੱਟ ਖਸੁੱਟ ਦੀ ਬੜੀ ਕੁਸਾਵੀਂ ਪੱਧਰ ਹੈ। ਜਦੋਂ ਸਾਡੇ ਵਰਗੇ ਦੇਸ਼—ਜਿਨ੍ਹਾਂ ਨੂੰ ਇੰਗਲੈਂਡ ਲੰਮੇ ਸਮੇਂ ਤੋਂ ਲੁੱਟਦਾ ਰਿਹਾ ਹੈ ਤੇ ਹੁਣ ਵੀ ਲੁੱਟ ਕਰ ਰਿਹਾ ਹੈ—ਸਮਾਜਵਾਦੀ ਦੇਸ਼ਾਂ ਦੀ ਸਹਾਇਤਾ ਅਤੇ ਮਿਲਵਰਤਣ ਨਾਲ, ਆਪਣੀ ਭਾਰੀ ਸਨਅਤ ਲਾ ਕੇ, ਆਪਣੀ ਸਾਰੀ ਖੇਤੀ ਬਾੜੀ ਨੂੰ ਨਵੀਆਂ ਲੀਹਾਂ ਉਤੇ ਪਾ ਕੇ, ਆਪਣੀ ਸਨਅਤ ਵਿਕਸਿਤ ਕਰ ਕੇ, ਖ਼ੁਦ-ਕਫ਼ੈਲ ਹੋ ਜਾਂਦੇ ਹਨ ਜਾਂ ਕਦੇ ਨਾ ਕਦੇ ਸਮਾਜਵਾਦ ਵਲ ਆਪਣਾ ਰੁਖ਼ ਕਰ ਲੈਂਦੇ ਹਨ ਤਾਂ ਕੀ ਇੰਗਲੈਂਡ ਫੇਰ ਵੀ ਸਾਥੋਂ ਕੱਚਾ ਮਾਲ ਲੈ ਸਕੇਗਾ, ਜਿਵੇਂ ਅੱਜ ਲੈ ਰਿਹਾ ਹੈ ਜਾਂ ਪਹਿਲਾਂ ਲੈਂਦਾ ਰਿਹਾ ਹੈ? ਨਹੀਂ, ਇਹ ਸੰਭਵ ਨਹੀਂ। ਦੁਨੀਆਂ ਬਦਲ ਰਹੀ ਹੈ। ਹੁਣ ਬਸਤੀਵਾਦ ਦਾ ਯੁੱਗ ਨਹੀਂ, ਤੇ ਨਵ-ਬਸਤੀਵਾਦ ਨੂੰ ਵੀ ਰੱਦ ਕੀਤਾ ਜਾ ਰਿਹਾ ਹੈ। ਇੰਗਲੈਂਡ ਨੂੰ ਸਹੀ ਅਰਥਾਂ ਵਿਚ ਇੰਗਲੈਂਡ ਬਣਨਾ ਪਵੇਗਾ।

CC-0. In Public Domain. Gurukul Kangri Collection, Haridwar

ਹੁਣ ਇੰਗਲੈਂਡ ਇੰਗਲੈਂਡ ਨਹੀਂ, ਸਾਮਰਾਜੀ ਇੰਗਲੈਂਡ ਹੈ। ਅਤੇ ਲਫ਼ਜ਼ "ਸਾਮਰਾਜੀ"
Digitized by Arya Samaj Foundation Chennai and eGangotri
ਇੰਗਲੈਂਡ ਦੇ ਗੋਰੇ ਮੱਥੇ ਉਤੇ ਕਲੰਕ ਦਾ ਕਾਲਾ ਟਿੱਕਾ ਹੈ। ਇੰਗਲੈਂਡ ਨੂੰ ਆਪਣਾ ਸਾਮਰਾਜੀ ਖ਼ੱਸਾ ਛੱਡਣਾ ਪਵੇਗਾ। ਆਜ਼ਾਦ ਹੋਏ ਦੇਸਾਂ ਨਾਲ, ਜੋ ਵਿਕਾਸ ਕਰ ਰਹੇ ਹਨ ਤੇ ਉੱਚਾ ਉੱਠਣਾ ਚਾਹੁੰਦੇ ਹਨ, ਬਰਾਬਰਤਾ ਦੀ ਪੱਧਰ ਉਤੇ ਹੱਥ ਮਿਲਾਉਣਾ ਪਵੇਗਾ। ਫੇਰ ਹੀ ਇੰਗਲੈਂਡ ਆਪਣੀ ਹੋਂਦ ਕਾਇਮ ਰਖ ਸਕੇਗਾ। ਸਾਮਰਾਜੀ ਇੰਗਲੈਂਡ ਨਹੀਂ, ਕਿਰਤ ਕਰਨ ਵਾਲਾ ਇੰਗਲੈਂਡ। ਇਹ ਇੰਗਲੈਂਡ ਧਰਤੀ ਉਤੇ ਸਦਾ ਹੀ ਜੀਵਤ ਰਹੇਗਾ। ਹਾਂ, ਸਾਮਰਾਜੀ ਇੰਗਲੈਂਡ ਇਕ ਦਿਨ ਨਸ਼ਟ ਹੋ ਜਾਵੇਗਾ।

ਇੰਗਲੈਂਡ ਇਕ ਨਹੀਂ, ਦੋ ਹਨ। ਇਸੇ ਤਰ੍ਹਾਂ ਹੀ ਹਿੰਦੋਸਤਾਨ ਵੀ ਇਕ ਨਹੀਂ ਹੈ, ਦੋ ਹਨ। ਇਕ ਟਾਟੇ ਬਿਰਲੇ ਦਾ ਜੋ ਸੌ ਵਿਚੋਂ ਦੋ ਹਨ ਤੇ ਇਕ ਮਿਹਨਤਕਸ਼ਾਂ ਦਾ ਜੋ ਸੌ ਵਿਚੋਂ ਅਠਾਨਵੇਂ ਹਨ। ਹਰ ਇਕ ਪੂੰਜੀਵਾਦੀ ਮੁਲਕ ਇਕ ਨਹੀਂ, ਦੋ ਹੁੰਦਾ ਹੈ। ਸਿਰਫ਼ ਸਮਾਜਵਾਦੀ ਮੁਲਕ ਹੀ ਇਕ ਇਕਾਈ ਹੁੰਦਾ ਹੈ।

ਇੰਗਲੈਂਡ ਇਕ ਜਜ਼ੀਰਾ ਹੈ। ਇਸ ਦੇ ਚਾਰ ਚੁਫੇਰੇ ਸਾਗਰ ਠਾਠਾਂ ਮਾਰ ਰਹੇ ਹਨ। ਹੁਣ ਇਹ ਸਾਗਰ ਪਾਣੀ ਦੇ ਹਨ। ਕਦੇ ਇਹ ਸਾਗਰ ਇਨਕਲਾਬ ਦੀ ਅੱਗ ਵਿਚ ਬਦਲ ਜਾਣੇ ਹਨ। ਫੇਰ ਇੰਗਲੈਂਡ ਕੀ ਕਰੇਗਾ? ਇਕ ਇੰਗਲੈਂਡ, ਤਾਜਾਂ ਵਾਲਾ, ਦੁਨੀਆਂ ਭਰ ਨੂੰ ਲੁੱਟਣ ਵਾਲਾ, ਸੜਕੇ ਭਸਮ ਹੋ ਜਾਵੇਗਾ। ਦੂਜਾ, ਸੁੱਚਾ ਸੋਨਾ ਇੰਗਲੈਂਡ, ਇਨਕਲਾਬ ਦੀਆਂ ਲਾਟਾਂ ਵਿਚੋਂ ਤਪ ਕੇ ਕੁੰਦਨ ਬਣ ਜਾਵੇਗਾ। ਇਹ ਲਾਲ ਇੰਗਲੈਂਡ ਹੋਵੇਗਾ।

ਅੰਗਰੇਜ਼ ਕੌਮ ਦੀਆਂ ਕੁਝ ਇਕ ਗੱਲਾਂ ਸਿਫ਼ਤ ਕਰਨ ਦੇ ਯੋਗ ਹਨ। ਇਕ ਤਾਂ ਹੌਲੀ ਬੋਲਣਾ ਤੇ ਦੂਜਾ ਮੁਸਕਰਾ ਕੇ ਮਿਲਣਾ ਕਾਫ਼ੀ ਚੰਗੀਆਂ ਸਿਫ਼ਤਾਂ ਹਨ। ਪਰ ਸਭ ਤੋਂ ਚੰਗੀ ਸਿਫ਼ਤ ਹੈ ਕੰਮ ਦੀ ਵਡਿਆਈ ਜਾਂ ਉਤੱਮਤਾ ਤੇ ਗੌਰਵ ਦੀ। ਅੰਗਰੇਜ਼ਾਂ ਲਈ ਕੋਈ ਵੀ ਕੰਮ ਛੋਟਾ ਜਾਂ ਨਿਗੂਣਾ ਨਹੀਂ। ਕੂੜਾ ਢੋਣ ਵਾਲੇ, ਟੱਟੀਆਂ ਸਾਫ਼ ਕਰਨ ਵਾਲੇ, ਸਬਜ਼ੀ ਭਾਜੀ ਵੇਚਣ ਵਾਲੇ, ਚੌਕੀਦਾਰ, ਸਿਪਾਹੀ, ਅਖ਼ਬਾਰਾਂ ਵੇਚਣ ਵਾਲੇ, ਆਦਿ, ਸਭ ਦਾ ਕੰਮ ਉੱਤਮ ਹੈ। ਅਸੀਂ ਅਜਿਹੇ ਬਹੁਤੇ ਕੰਮਾਂ ਨੂੰ ਛੋਟਾ ਕੰਮ ਕਹਿ ਦਿੰਦੇ ਹਾਂ। ਇੰਗਲੈਂਡ ਵਿਚ ਇਹ ਉੱਕਾ ਨਹੀਂ। ਉਥੇ ਇਕ ਭੰਗੀ ਵੀ ਸਮਾਜ ਦੀਆਂ ਨਜ਼ਰਾਂ ਵਿਚ ਸਤਿਕਾਰ ਦਾ ਉਨਾ ਹੀ ਪਾਤਰ ਹੈ ਜਿੰਨਾ ਇਕ ਅਧਿਆਪਕ ਜਾਂ ਹੋਰ ਕੋਈ ਕਿੱਤਾ ਕਰਨ ਵਾਲਾ। ਉਥੇ ਧਨ ਦੇ ਪੱਖੋਂ ਤਾਂ ਛੁਟਿਆਈ ਜਾਂ ਵਡਿਆਈ ਹੈ, ਕੰਮ ਦੇ ਪਖੋਂ ਨਹੀਂ ਹੈ। ਜਾਂ ਫੇਰ ਕਿਸੇ ਦੀ ਦਾਨਿਸ਼ ਜਾਂ ਸੂਝ ਬੂਝ ਦੇ ਪਖੋਂ ਵੀ ਕੋਈ ਵੱਡਾ ਜਾਂ ਛੋਟਾ ਹੋ ਸਕਦਾ ਹੈ। ਕੰਮ ਸਭ ਦਾ ਉੱਚਾ ਹੈ। ਸਗੋਂ ਜਿਹੜੇ ਕੰਮ ਸਾਡੀ ਸੋਚ ਅਨੁਸਾਰ "ਨੀਵੇਂ" ਹਨ, ਉਹਨਾਂ ਵਿਚੋਂ ਕਈਆਂ ਦੇ ਪੈਸੇ ਵੱਧ ਹੀ ਦਿਤੇ ਜਾਂਦੇ ਹਨ।

ਅੰਗਰੇਜ਼ ਆਪਣੇ ਘਰ ਦਾ ਕੰਮ ਵੀ ਆਪਣੇ ਹੱਥੀਂ ਕਰਦੇ ਹਨ। ਸਾਮਾਨ ਆਪ ਚੁੱਕਦੇ ਹਨ। ਇੰਗਲੈਂਡ ਵਿਚ ਕਿਤੇ ਵੀ ਕੋਈ ਕੁਲੀ ਨਜ਼ਰ ਨਹੀਂ ਆਵੇਗਾ। "ਕੁਲੀ" ਆਖ ਕੇ ਕਿਸੇ ਨੂੰ ਹਾਕ ਮਾਰਨ ਦਾ ਸਵਾਲ ਹੀ ਨਹੀਂ। ਕਿਉਂਕਿ ਕਿਸੇ ਨੇ ਆਉਣਾ ਹੀ ਨਹੀਂ।

ਅਸੀਂ ਉੱਚੀ ਹੀ ਨਹੀਂ ਬੋਲਦੇ, ਸਾਡੇ, ਆਮ ਜੀਵਨ ਵਿਚ ਵੀ ਸ਼ੋਰ ਸ਼ਰਾਬਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਹੈ । ਸਾਡੇ ਹਿੰਦੋਸਤਾਨ ਵਿਚ, ਕਿਸੇ ਨੂੰ ਵੀ, ਕਿਸੇ ਵੇਲੇ ਵੀ, ਸ਼ੋਰ ਪਾ ਦੇਣ ਦਾ ਹੱਕ ਹੈ । ਜਦੋਂ ਵੀ ਕੋਈ ਚਾਹੁੰਦਾ ਹੈ, ਗਲੀ ਜਾਂ ਬਾਜ਼ਾਰ ਵਿਚ, ਡੁਗਡੁਗੀ ਖੜਕਾਉਂਦਾ ਤੇ ਸ਼ੋਰ ਪਾਉਣ ਲਗ ਜਾਂਦਾ ਹੈ । ਮੰਦਰਾਂ ਗੁਰਦੁਆਰਿਆਂ ਵਿਚ ਲਾਊਡ ਸਪੀਕਰ ਖੜਕਦੇ ਤੇ ਬੇ-ਆਰਾਮ ਕਰਦੇ ਹਨ । ਸਾਡੇ ਚੋਣਾਂ ਹੁੰਦੀਆਂ ਹਨ, ਜਿਵੇਂ ਸਾਰੇ ਮੁਲਕ ਵਿਚ ਹੀ ਇਕ ਕੁਹਰਾਮ ਮਚ ਜਾਂਦਾ ਹੈ । ਇਹ ਮੇਰਾ ਲਾਊਡ ਸਪੀਕਰ ਹੈ, ਇਹ ਉਸਦਾ ਲਾਊਡ ਸਪੀਕਰ ਹੈ, ਜਿਵੇਂ ਸਾਰੇ ਮੁਲਕ ਨੂੰ ਹੀ ਉੱਚਾ ਸੁਣਨ ਲਗ ਜਾਂਦਾ ਹੈ । ਇੰਗਲੈਂਡ ਵਿਚ ਇਹ ਉੱਕਾ ਨਹੀਂ । ਉਥੇ ਵਾਯੂ-ਮੰਡਲ ਉਵੇਂ ਹੀ ਸ਼ਾਂਤ ਬਣਿਆ ਰਹਿੰਦਾ ਹੈ। ਪਰਚਾਰ-ਮੁਹਿੰਮਾਂ ਉਥੇ ਵੀ ਉਮੀਦਵਾਰਾਂ ਦੀਆਂ ਹੁੰਦੀਆਂ ਹਨ, ਪਰ ਸਾਡੇ ਵਾਂਗੂ ਊਧਮ ਜਾਂ ਖਰੂਦ ਜਾਂ ਘੜਮੱਸ ਨਹੀਂ ਹੁੰਦਾ । ਅਸੀਂ ਤਾਂ "ਫੜ ਲਓ—ਮਾਰ ਲਓ" ਤੋਂ ਹੇਠਾਂ ਕਦੇ ਆਉਂਦੇ ਹੀ ਨਹੀਂ ।

ਅੰਗਰੇਜ਼ ਗੱਲਾਂ ਵੀ ਕਰਦੇ ਹਨ, ਪਰ ਉਹ ਗੱਲਾਂ ਇਕ ਦੂਜੇ ਤੋਂ ਤੀਜੇ ਨੂੰ ਨਹੀਂ ਸੁਣਦੀਆਂ । ਅਸੀਂ ਬੱਸ ਜਾਂ ਰੇਲ ਵਿਚ ਜਦੋਂ ਗੱਲਾਂ ਕਰਦੇ ਹਾਂ ਤਾਂ ਸਾਡੀ ਗੱਲ ਨੂੰ ਬੱਸ ਜਾਂ ਰੇਲ ਦਾ ਸਾਰਾ ਡੱਬਾ ਸੁਣ ਸਕਦਾ ਹੈ । ਇਸ ਗਲੋਂ ਅੰਗਰੇਜ਼ ਦੀ ਆਦਤ ਬੜੇ ਹੀ ਉੱਚੇ ਪਾਏ ਦੀ ਹੈ ।

ਇਸੇ ਤਰ੍ਹਾਂ ਅੰਗਰੇਜ਼ ਕੌਮ ਦੀ ਮੁਸਕਰਾਉਣ ਦੀ ਆਦਤ ਹੈ । ਕਹਿੰਦੇ ਹਨ, ਇਹ ਮੁਸਕਰਾਹਟ ਦਿਲੋਂ ਉੱਠੀ ਹੋਈ ਨਹੀਂ ਹੁੰਦੀ । ਪਰ ਇਹ ਆਦਤ ਮਾੜੀ ਨਹੀਂ । ਜੇ ਇਨਸਾਨ ਇਕ ਦੂਜੇ ਨੂੰ ਮੁਸਕਰਾ ਕੇ ਮਿਲਦਾ ਹੈ ਤਾਂ ਇਹ ਚੰਗੀ ਗੱਲ ਹੀ ਹੈ ।

ਅੰਗਰੇਜ਼ਾਂ ਵਿਚ ਨਿਗੂਣੀਆਂ ਭਾਵਨਾਵਾਂ ਦੀ ਵੀ ਘਾਟ ਨਹੀਂ । ਚੋਰੀ, ਉਧਾਲਾ, ਕਤਲ, ਜੂਆ, ਤੋੜ ਫੋੜ, ਹੁੱਲੜ, ਸਾੜਾ, ਕੀਨਾ, ਜਹਾਲਤ, ਪਸ਼ੂਪਣ, ਸਭੋ ਕਮੀਆਂ ਘਾਟਾਂ ਹਨ । ਪਰ ਇਹਨਾਂ ਦੀ ਪਰਦਰਸ਼ਨੀ ਕੁਝ ਸਾਥੋਂ ਥੋੜੀ ਹੁੰਦੀ ਹੈ । ਪਰ ਜਿਥੇ ਕਿਧਰੇ ਹੁੰਦੀ ਹੈ, ਹੁੰਦੀ ਹੈ ਇਹ ਸਿਰੇ ਦੀ ਹੀ । ਇਥੋਂ ਤਕ ਕਿ ਕਈ ਗੱਲਾਂ ਹੈਰਾਨ ਹੀ ਕਰ ਦਿੰਦੀਆਂ ਹਨ । ਜਿਵੇਂ :

ਨੌਟਿੰਘਮ ਦੀ ਇਕ ਘਟਨਾ ਹੈ । ਇਕ ਦਿਨ, ਇਕ ਗੋਰਾ, ਇਕ ਏਸ਼ੀਆਈ ਘਰ ਵਿਚ ਚੋਰੀ ਕਰਨ ਆਇਆ ਤੇ ਫੋਲਾ ਫਾਲੀ ਕਰਨ ਲਗਾ । ਜਦੋਂ ਕੋਈ ਖ਼ਾਸ ਚੀਜ਼ ਉਸ ਦੇ ਹੱਥ ਨਾ ਲਗੀ ਤਾਂ ਜਾਂਦਾ ਹੋਇਆ, ਕਿਚਨ ਵਿਚ, ਸਿੰਕ ਵਿਚ ਟੱਟੀ ਫਿਰ ਗਿਆ । ਅਸੀਂ ਜਾਂਦੇ ਚੋਰ ਦੀ ਲੰਗੋਟੀ ਆਖਦੇ ਹੁੰਦੇ ਹਾਂ । ਉਸ ਨੇ ਇਹੋ ਹਰਕਤ ਕਰਨੀ ਆਪਣੇ ਆਪ ਵਿਚ ਠੀਕ ਸਮਝੀ ।

ਅੰਗਰੇਜ਼ ਮੁਹੱਜ਼ਬ ਕੌਮ ਹੈ । ਪਰ ਜੇ ਇਸ ਅੰਗਰੇਜ਼ ਨਾਲ ਮੁਕਾਬਲਾ ਕਰ ਕੇ ਦੇਖੀਏ ਤਾਂ ਕੀ ਹਿਸਾਬ ਲਾ ਸਕਾਂਗੇ ?

ਇਸੇ ਤਰ੍ਹਾਂ ਮਾਨਸਿਕ ਉਲਾਰ ਦੀ ਵੀ ਕਮੀ ਨਹੀਂ । ਸਾਡੇ ਹਿੰਦੋਸਤਾਨ ਵਿਚ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਮ ਮਾਰਿਆ ਜਾਂਦਾ ਹੈ ਅਤੇ ਇਹ ਭੈੜੀ ਵਾਦੀ ਹੈ । ਕਿਸੇ ਸਿਆਣੀ ਕੌਮ ਲਈ ਇਹ ਸ਼ੋਭਾ ਵਾਲੀ ਗੱਲ ਨਹੀਂ । ਕਿਉਂਕਿ ਇਸ ਵਿਚ ਬਹੁਤ ਹੱਦ ਤਕ ਪਸ਼ੂਆਂ ਵਾਲੀ ਬਿਰਤੀ ਦਾ ਹੀ ਦਖ਼ਲ ਕਿਹਾ ਜਾ ਸਕਦਾ ਹੈ । ਚਲੋ, ਸਾਡਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇਸ਼, ਹਿੰਦੋਸਤਾਨ ਤਾਂ ਪਛੜਿਆ ਹੋਇਆ ਹੈ, ਇੰਗਲੈਂਡ ਤਾਂ ਪਿਛੇ ਨਹੀਂ ਹੈ ? ਇਕ ਦਿਨ ਅਖ਼ਬਾਰ ਵਿਚ ਇਕ ਬੜੀ ਭਿਆਨਕ ਖ਼ਬਰ ਆਈ। ਇਕ ਅੰਗਰੇਜ਼ ਟੀਚਰ ਇਕ ਵਿਦਿਆਰਥੀ ਨੂੰ ਕੁੱਟਣ ਲਗੀ। ਉਸ ਨੂੰ ਏਨਾ ਮਾਰਿਆ ਕਿ ੨੧੦ ਟਾਂਕੇ ਉਸ ਦੇ ਜਿਸਮ ਉਤੇ ਲੱਗੇ ਸਨ। ਅਜੇ ਇਹ ਮਰਦ ਨਹੀਂ ਸੀ, ਔਰਤ ਸੀ, ਕੋਮਲ-ਚਿੱਤ। ਇਸ ਔਰਤ ਨੂੰ ਸੱਤ ਸਾਲ ਦੀ ਕੈਦ ਦੀ ਸਜ਼ਾ ਹੋਈ ਸੀ।

ਇਹ ਮਾਮਲਾ ਛੋਟਾ ਨਹੀਂ। ਇਹ ਵਿਅਕਤੀਗਤ ਵੀ ਨਹੀਂ। ਇਸ ਦਾ ਕਾਰਨ ਕਿਸੇ ਸਮਾਜ ਦੀਆਂ ਨੀਹਾਂ ਵਿਚ ਹੀ ਹੁੰਦਾ ਹੈ।

ਆਮ ਅੰਗਰੇਜ਼ ਸਾਡੇ ਵਾਂਗ ਹੀ ਸਿੱਧਾ ਸਾਦਾ ਤੇ ਭੋਲਾ ਹੈ। ਨਿੱਕੇ ਨਿੱਕੇ ਚਾਅ ਹਨ ਤੇ ਨਿੱਕੇ ਨਿੱਕੇ ਮਨ-ਪਰਚਾਵੇ। ਜਿਵੇਂ ਸਾਡੇ ਕਈਆਂ ਲੋਕਾਂ ਨੇ ਦਿੱਲੀ ਨਹੀਂ ਦੇਖੀ ਹੁੰਦੀ, ਕਈ ਅੰਗਰੇਜ਼ ਅਜਿਹੇ ਹਨ ਜਿਨ੍ਹਾਂ ਨੇ ਲੰਡਨ ਨਹੀਂ ਦੇਖਿਆ। ਸਾਡੇ ਵਾਂਗੂੰ ਉਹਨਾਂ ਲਈ ਵੀ ਆਪਣਾ ਪਿੰਡ ਤੇ ਆਲਾ ਦੁਆਲਾ ਹੀ ਉਹਨਾਂ ਦੀ ਦੁਨੀਆਂ ਹੁੰਦਾ ਹੈ।

ਖ਼ਾਸ ਕਰ ਕੇ ਪਿੰਡਾਂ ਦੇ ਅੰਗਰੇਜ਼ ਬਹੁਤ ਹੀ ਭੋਲੇ ਹਨ। ਇੰਗਲੈਂਡ ਵਿਚ ਵੀ ਪੇਂਡੂਆਂ ਅਤੇ ਸ਼ਹਿਰੀਆਂ ਵਿਚ ਕੁਝ ਫ਼ਰਕ ਹੈ। ਪੇਂਡੂ ਸਿੱਧੇ ਸਾਦੇ ਅਤੇ ਨਿਰਛਲ ਮੰਨੇ ਜਾਂਦੇ ਹਨ ਤੇ ਸ਼ਹਿਰੀ ਕਦਰੇ ਚੁਸਤ ਚਾਲਾਕ। ਇਲਾਕਿਆਂ ਵਿਚ ਵੀ ਫ਼ਰਕ ਹੈ। ਲੰਡਨ ਦੇ ਅੰਗਰੇਜ਼ ਨਾਲੋਂ ਮਿਡਲੈਂਡ ਦੇ ਵਾਸੀ ਨੂੰ ਕੁਝ ਨਿਰਛਲ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਸਕਾਟਲੈਂਡ ਦਾ ਵਾਸੀ ਵੀ ਕੁਝ ਭੋਲਾ ਹੈ।

ਅਸਲ ਵਿਚ ਗ਼ਰੀਬ ਲੋਕ ਸਭ ਥਾਂ ਭੋਲੇ ਹੁੰਦੇ ਹਨ।

ਆਮ ਅੰਗਰੇਜ਼ ਦੀਆਂ ਕੁਝ ਇਕ ਗੱਲਾਂ ਬੜੀਆਂ ਹੀ ਦਿਲਚਸਪ ਹਨ ਜੋ ਸਾਡੇ ਹਿੰਦੋਸਤਾਨੀਆਂ ਨਾਲ ਵੀ ਕਾਫ਼ੀ ਹੱਦ ਤਕ ਮਿਲਦੀਆਂ ਹਨ। ਜਿਵੇਂ ਇੰਗਲੈਂਡ ਲਈ ਕ੍ਰਿਸਮਿਸ ਦਾ ਤਿਉਹਾਰ ਬਹੁਤ ਹੀ ਵੱਡਾ ਹੈ। ਇਸ ਤਿਉਹਾਰ ਦੀ ਖ਼ੁਸ਼ੀ ਵਿਚ ਕੂੜਾ ਚੁੱਕਣ ਵਾਲੇ ਅੰਗਰੇਜ਼, ਮਾਲਿਕ ਪਾਸੋਂ, ਕੁਝ ਨਾ ਕੁਝ ਇਨਾਮ ਦੀ ਇੱਛਾ ਕਰਦੇ ਹਨ ਤੇ ਇਹ ਇਨਾਮ ਆਪਣੇ ਆਪ ਹੀ ਮਾਲਿਕ ਦਿੰਦੇ ਰਹਿੰਦੇ ਹਨ। ਪਰ ਜੇ ਕਦੇ ਇਸ ਇਨਾਮ ਨੂੰ ਕੁਝ ਦਿਨ ਗੁਜ਼ਰ ਜਾਂਦੇ ਹਨ ਤਾਂ ਇਹ ਮਜ਼ਦੂਰ, ਚੇਤਾਵਨੀ ਵਜੋਂ, ਕੂੜੇ ਦੇ ਖ਼ਾਲੀ ਢੋਲਾਂ ਨੂੰ ਇਉਂ ਜ਼ੋਰ ਜ਼ੋਰ ਨਾਲ ਸੁੱਟਦੇ ਹਨ ਜਿਵੇਂ ਇਹ ਭੰਨ ਹੀ ਦੇਣੇ ਹੋਣ। ਮਾਲਿਕ ਸਮਝ ਜਾਂਦੇ ਹਨ। ਜਦੋਂ ਇਨਾਮ ਮਿਲ ਜਾਂਦਾ ਹੈ, ਫੇਰ ਕੂੜੇ ਦੇ ਢੋਲਾਂ ਉਤੇ ਕੋਈ ਵੀ ਗ਼ੁੱਸਾ ਰਹਿੰਦਾ ਨਹੀਂ। ਨਹੀਂ ਤਾਂ ਕੂੜੇ ਦੇ ਢੋਲਾਂ ਦੀ ਹੀ ਸ਼ਾਮਤ ਆਈ ਰਹਿੰਦੀ ਹੈ।

ਇਕ ਤਿਉਹਾਰ ਬਿਲਕੁਲ ਸਾਡੇ ਲੋਹੜੀ ਵਰਗਾ ਹੁੰਦਾ ਹੈ। ਗਲੀਆਂ ਅਤੇ ਬਾਜ਼ਾਰਾਂ ਵਿਚ ਬੱਚੇ, ਸਾਡੇ ਬੱਚਿਆਂ ਵਾਂਗ ਹੀ, ਉਸ ਲਈ ਪੈਸੇ ਮੰਗਦੇ ਹਨ। ਕੋਈ ਵੀ ਸਿੱਕਾ ਲੈ ਕੇ ਉਹਨਾਂ ਨੂੰ ਬੜੀ ਹੀ ਖ਼ੁਸ਼ੀ ਹੁੰਦੀ ਹੈ। ਅਕਤੂਬਰ ਜਾਂ ਨਵੰਬਰ ਵਿਚ ਇਹ ਤਿਉਹਾਰ ਆਉਂਦਾ ਹੈ। ਲੀਰਾਂ ਦਾ ਇਕ ਗੁੱਡਾ ਜਿਹਾ ਵੀ ਉਹਨਾਂ ਕੋਲ ਫੜਿਆ ਹੁੰਦਾ ਹੈ ਜੋ ਕਾਫ਼ੀ ਵੱਡਾ ਹੁੰਦਾ ਹੈ। ਕਈ ਵਾਰ ਇਹ ਪਟੜੀ ਉਤੇ ਹੀ ਰਖਿਆ ਹੋਇਆ ਹੁੰਦਾ ਹੈ ਤੇ ਆਉਂਦੇ ਜਾਂਦੇ ਲੋਕੀ ਉਸ ਨੂੰ ਦੇਖ ਕੇ ਹਸਦੇ ਰਹਿੰਦੇ ਹਨ। ਕ੍ਰਿਸਮਿਸ ਸਾਡੇ ਭਾਰਤ ਦੀ ਦੀਵਾਲੀ ਵਰਗਾ ਹੁੰਦਾ ਹੈ। ਅਸੀਂ ਮਠਿਆਈਆਂ ਖਾਂਦੇ ਹਾਂ, ਉਹ ਸ਼ਰਾਬਾਂ ਪੀਂਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਜਿਹੜਾ ਕਦੇ ਸ਼ਰਾਬ ਨਹੀਂ ਪੀਂਦਾ, ਕ੍ਰਿਸਮਿਸ ਵਾਲੀ ਸ਼ਾਮ ਨੂੰ ਉਹ ਵੀ ਮੂੰਹ ਕੌੜਾ ਕਰ ਲੈਂਦਾ ਹੈ। ਜਿਵੇਂ ਦੀਵਾਲੀ ਨੂੰ ਭਾਰਤ ਵਿਚ ਜਿਸ ਨੇ ਕਦੇ ਮਠਿਆਈ ਨਹੀਂ ਖਾਧੀ, ਉਹ ਵੀ ਜਿਵੇਂ ਬਹਾਨੇ ਨਾਲ ਹੀ ਮੂੰਹ ਮਿੱਠਾ ਕਰ ਲੈਂਦਾ ਹੈ।

ਕਹਿੰਦੇ ਹਨ, ਕ੍ਰਿਸਮਿਸ ਨੂੰ, ਸ਼ਰਾਬ ਵਾਂਗ, ਟਰਕੀ ਦਾ ਮਾਸ ਵੀ ਗੋਰੇ ਜ਼ਰੂਰ ਹੀ ਖਾਂਦੇ ਹਨ। ਜਿਵੇਂ ਇਹ ਸ਼ਗਨ ਹੀ ਹੁੰਦਾ ਹੈ। ਬਰਫ਼ਬਾਰੀ ਵੀ ਇਹਨਾਂ ਦਿਨਾਂ ਵਿਚ ਚੰਗੀ ਸਮਝੀ ਜਾਂਦੀ ਹੈ।

ਅੰਗਰੇਜ਼ ਬਹੁਤ ਗ਼ਰੀਬ ਵੀ ਹੈ। ਬਹੁਤ ਅੰਗਰੇਜ਼ ਅਜਿਹੇ ਹਨ ਜਿਨ੍ਹਾਂ ਕੋਲ ਆਪਣੇ ਘਰ ਨਹੀਂ ਹੁੰਦੇ, ਕੌਂਸਲ ਦੇ ਮਕਾਨਾਂ ਵਿਚ ਹੀ ਰਹਿੰਦੇ ਤੁਰੇ ਜਾਂਦੇ ਹਨ। ਇਸ ਦਾ ਕਾਰਨ ਇਹ ਵੀ ਹੈ ਕਿ ਉਹ ਭਵਿੱਖ ਲਈ ਨਹੀਂ ਸੋਚਦੇ, ਗੁਜ਼ਰ ਹੁੰਦੀ ਰਹਿੰਦੀ ਹੈ ਤੇ ਇਹੋ ਹੀ ਉਹ ਚਾਹੁੰਦੇ ਹਨ। ਅਸੀਂ ਪੈਸੇ ਜੋੜਨ ਵਿਚ ਵਿਸ਼ਵਾਸ ਰੱਖਣ ਵਾਲੇ ਹਾਂ। ਉਹ, ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ। ਪਰ ਭਵਿੱਖ ਵਿਚ ਉਹਨਾਂ ਨੂੰ ਇਹ ਸੋਚ ਤਿਆਗਣੀ ਪਵੇਗੀ। ਕਿਉਂਕਿ ਇਸ ਨਿਜ਼ਾਮ ਵਿਚ ਗਾਰੰਟੀ ਤਾਂ ਕੋਈ ਹੈ ਹੀ ਨਹੀਂ।

ਇਹ ਵੀ ਬਹੁਤ ਠੀਕ ਹੈ ਕਿ ਕਈਆਂ ਕੋਲ ਪੈਸੇ ਸਮੇਂ ਤੋਂ ਪਹਿਲਾਂ ਹੀ ਮੁਕ ਜਾਂਦੇ ਹਨ ਤੇ ਫੇਰ ਉਧਾਰ ਵੀ ਮੰਗਦੇ ਹਨ। ਉਧਾਰ ਵੇਲੇ, ਕਈ ਵਾਰ, ਉਹਨਾਂ ਦੇ ਏਸ਼ੀਆਈ ਵੀਰ ਵੀ ਉਹਨਾਂ ਦੇ ਕੰਮ ਆਉਂਦੇ ਹਨ ਤੇ ਸਗੋਂ ਬਹੁਤਾ ਏਸ਼ੀਆਈ ਵੀਰ ਹੀ ਕੰਮ ਆਉਂਦੇ ਹਨ। ਕਿਉਂਕਿ ਉਹਨਾਂ ਦੇ ਗੋਰੇ ਵੀਰ ਤਾਂ ਉਹਨਾਂ ਵਾਂਗ ਹੀ ਸਮੇਂ ਤੋਂ ਪਹਿਲਾਂ ਨੰਗ ਮਲੰਗ ਹੋ ਜਾਂਦੇ ਹਨ। ਏਸ਼ੀਆਈ ਸੰਜਮ ਨਾਲ ਖ਼ਰਚ ਕਰਨ ਦੇ ਆਦੀ ਹਨ।

ਅੰਗਰੇਜ਼ ਸਾਰੇ ਪੜ੍ਹੇ ਲਿਖੇ ਜਾਂ ਬੁੱਧੀਮਾਨ ਨਹੀਂ ਹੁੰਦੇ, ਕਈ ਸਾਧਾਰਨ ਪੱਧਰ ਤੋਂ ਵੀ ਬਹੁਤ ਨੀਵੇਂ ਹੁੰਦੇ ਹਨ। ਅੱਖਰ ਭਾਵੇਂ ਜਾਣਦੇ ਹਨ, ਪਰ ਕਈ ਵਾਰ ਉਹ ਮਨੀ ਆਰਡਰ ਵੀ ਆਪ ਭਰਨ ਦੇ ਯੋਗ ਨਹੀਂ ਹੁੰਦੇ। ਕਈ ਵਾਰ ਉਹ ਮਨੀ ਆਰਡਰ ਆਪਣੇ ਏਸ਼ੀਆਈ ਸਾਥੀ ਵਰਕਰਾਂ ਪਾਸੋਂ ਭਰਵਾਉਂਦੇ ਹਨ। ਅਖ਼ਬਾਰ ਵੀ ਘਟ ਹੀ ਪੜ੍ਹਦੇ ਹਨ। ਖ਼ਰੀਦਦੇ ਜ਼ਰੂਰ ਹਨ, ਪਰ ਉਹਨਾਂ ਦੀ ਦਿਲਚਸਪੀ ਬਹੁਤਾ ਆਮ ਅਤੇ ਸਥਾਨਕ ਜਿਹੀਆਂ ਖ਼ਬਰਾਂ ਨਾਲ ਹੀ ਹੁੰਦੀ ਹੈ, ਜਾਂ ਖੇਡਾਂ ਅਤੇ ਮੈਚਾਂ ਆਦਿ ਦੇ ਕ੍ਰਾਲਮ ਬਹੁਤਾ ਪੜ੍ਹਦੇ ਹਨ। ਬਹੁਤ ਕਰਕੇ ਔਰਤਾਂ ਦੀਆਂ ਨੰਗੀਆਂ ਤਸਵੀਰਾਂ ਲਈ ਵੀ ਉਹ ਅਖ਼ਬਾਰ ਖ਼ਰੀਦਦੇ ਹਨ। ਮਤਲਬ ਹੈ, ਉਹਨਾਂ ਦੀ ਪੱਧਰ ਬੜੀ ਹੀ ਆਮ ਜਿਹੀ ਹੁੰਦੀ ਹੈ।

ਮੰਗਤੇ ਵੀ, ਇੰਗਲੈਂਡ ਵਿਚ, ਨਿਰਸੰਦੇਹ ਬਥੇਰੇ ਹਨ; ਪਰ ਭਾਰਤ ਨਾਲੋਂ ਥੋੜੇ ਹਨ। ਇਹ ਮੰਗਤੇ, ਸਾਡੇ ਵਾਂਗੂ, ਘਰੋ ਘਰੀ ਨਹੀਂ ਮੰਗਣ ਆਉਂਦੇ, ਸਾਂਝੀਆਂ ਜਨਤਕ ਥਾਵਾਂ ਉਤੇ ਬੈਠੇ ਸਾਜ਼ ਵਜਾਉਂਦੇ ਤੇ ਗੀਤ ਜਿਹੇ ਗਾਉਂਦੇ ਰਹਿੰਦੇ ਹਨ। ਲੋਕੀ ਆਪਣੀ ਮਰਜ਼ੀ ਨਾਲ ਹੀ ਸਿੱਕੇ ਸੁੱਟਦੇ ਜਾਂਦੇ ਹਨ। ਜਿਵੇਂ ਉਹ ਉਸ ਦੇ ਗੀਤ ਦੇ ਬਦਲੇ ਇਹ ਕੁਝ ਅਰਪਣ ਕਰਦੇ ਹੋਣ। ਕਿਤੇ ਕਿਤੇ ਕੋਈ ਹੱਥ ਪਸਾਰ ਕੇ ਮੰਗਦਾ ਵੀ ਦਿਸ ਪੈਂਦਾ ਹੈ। ਮੈਨੂੰ ਇਕ ਅਜਿਹਾ ਮੰਗਤਾ ਲੰਡਨ ਦੇ ਇਕ ਅੰਡਰ ਗਰਾਊਂਡ ਰੇਲ ਦੇ ਸਟੇਸ਼ਨ ਉਤੇ

CC-0. In Public Domain. Gurukul Kangri Collection, Haridwar

ਮੰਗਦਾ ਨਜ਼ਰ ਆਇਆ ਸੀ ਜੋ ਹਰ ਕਿਸੇ ਨੂੰ ਹੱਥ ਪਸਾਰ ਕੇ "ਗਿਵ ਮੀ—ਗਿਵ ਮੀ"
Digitized by Arya Samaj Foundation Chennai and eGangotri
ਕਹਿੰਦਾ ਸੀ । ਉਸ ਨੇ ਮੇਰੇ ਅੱਗੇ ਵੀ ਆਪਣਾ ਹੱਥ ਪਸਾਰ ਕੇ ਕਿਹਾ ਸੀ : "ਗਿਵ ਮੀ—ਗਿਵ ਮੀ" । ਉਸ ਦੇ ਮੂੰਹੋਂ ਸ਼ਰਾਬ ਦੀ ਬੂ ਵੀ ਮੇਰੇ ਵਲ ਉਡ ਆਈ ਸੀ । ਉਹ ਢਲਦੀ ਉਮਰ ਦਾ ਕਰੜਬਰੜੇ ਵਾਲਾਂ ਵਾਲਾ ਅੰਗਰੇਜ਼ ਸੀ । ਪਰ ਇਕ ਗੱਲ ਜ਼ਰੂਰ ਸੀ, ਉਹ ਖਹਿੜੇ ਜਿਹਾ ਨਹੀਂ ਪੈਂਦਾ ਸੀ । "ਗਿਵ ਮੀ—ਗਿਵ ਮੀ" ਆਖਦਾ ਹੀ ਉਹ ਝੱਟ ਅੱਗੇ ਤੁਰ ਪੈਂਦਾ ਸੀ । ਸ਼ਾਇਦ ਸ਼ਰਾਬ ਦਾ ਨਸ਼ਾ ਹੀ ਉਸ ਨੂੰ ਅੱਗੇ ਵਲ ਲਈ ਜਾਂਦਾ ਹੋਵੇ ।

ਸਾਜ਼ ਵਜਾਉਣ ਵਾਲਿਆਂ ਵਿਚੋਂ ਕਈ ਮੰਗਤੇ ਅੰਗਹੀਣ ਜਾਂ ਬਹੁਤਾ ਅੰਨ੍ਹੇ ਹੁੰਦੇ ਹਨ ।

ਇੰਗਲੈਂਡ ਦੀ ਔਰਤ ਜਾਤੀ ਬਾਰੇ ਅਸੀਂ, ਭਾਰਤੀ, ਬੜੇ ਅਜੀਬ ਜਿਹੇ ਲੱਖਣ ਲਾਉਂਦੇ ਰਹਿੰਦੇ ਹਾਂ । ਪਰ ਇਹ ਲੱਖਣ ਗ਼ਲਤ ਹਨ । ਇੰਗਲੈਂਡ ਦੀ ਔਰਤ ਉਸੇ ਤਰ੍ਹਾਂ ਹੀ ਸੁੱਘੜ ਅਤੇ ਸੁਸ਼ੀਲ ਹੈ ਜਿਵੇਂ ਭਾਰਤੀ ਨਾਰੀ ਹੈ । ਉਸੇ ਤਰ੍ਹਾਂ ਇੰਗਲੈਂਡ ਦੀ ਔਰਤ ਬੱਚੇ ਪੈਦਾ ਕਰਦੀ ਤੇ ਉਹਨਾਂ ਦੀ ਪਾਲਣਾ ਕਰਦੀ ਹੈ । ਉਹ ਬੜੀ ਹੀ ਚੰਗੀ ਮਾਂ ਵੀ ਹੈ ਤੇ ਬੜੀ ਹੀ ਚੰਗੀ ਪਤਨੀ ਵੀ । ਉਹ ਧੀ ਵੀ ਹੈ ਤੇ ਭੈਣ ਵੀ । ਫ਼ਰਕ ਕੇਵਲ ਭਾਰਤ ਅਤੇ ਇੰਗਲੈਂਡ ਦੀ ਰਹਿਣੀ ਬਹਿਣੀ ਦਾ ਹੈ । ਅਸੀਂ ਅਜੇ ਸਭਿਆਚਾਰਕ ਪੱਖ ਤੋਂ ਕਾਫ਼ੀ ਨੀਵੇਂ ਹਾਂ, ਇੰਗਲੈਂਡ ਦਾ ਸਤਰ ਉੱਚਾ ਹੈ । ਇੰਗਲੈਂਡ ਦੀ ਔਰਤ, ਨਿਰਸੰਦੇਹ, ਨਰੋਏ ਆਚਰਣ ਦੀ ਮਾਲਿਕ ਹੈ ।

ਲੋਕੀ ਹਸ ਕੇ ਕਹਿੰਦੇ ਹਨ, ਇੰਗਲੈਂਡ ਵਿਚ ਤਿੰਨ ਡਬਲਿਊ (W) ਬੜੇ ਹੀ ਬੇਇਤਬਾਰੇ ਹਨ । Weather (ਮੌਸਮ), Work (ਕੰਮ), Woman (ਔਰਤ) । ਜਿਥੋਂ ਤਕ ਪਹਿਲੇ ਡਬਲਿਊ ਮੌਸਮ ਦਾ ਸੰਬੰਧ ਹੈ, ਇਹ ਗੱਲ ਬਿਲਕੁਲ ਸਹੀ ਹੈ । ਹੁਣੇ ਮੌਸਮ ਖ਼ੁਸ਼ਕ ਹੈ ਤੇ ਹੁਣੇ ਮੀਂਹ ਵਰ੍ਹ ਰਿਹਾ ਹੈ । ਦੂਜੇ ਡਬਲਿਊ ਬਾਰੇ ਵੀ ਇਹ ਨਿਰਣਾ ਕਾਫ਼ੀ ਠੀਕ ਹੈ । ਕੰਮ ਦਾ ਇੰਗਲੈਂਡ ਵਿਚ ਵੀ, ਨਿਰਸੰਦੇਹ, ਭਰੋਸਾ ਨਹੀਂ । ਅੱਜ ਹੈ ਤੇ ਕਲ੍ਹ ਨਹੀਂ । ਇੰਗਲੈਂਡ ਵਿਚ ਮਹਿੰਗਾਈ ਹੀ ਨਹੀਂ, ਬੇਰੁਜ਼ਗਾਰੀ ਵੀ ਬੜੀ ਹੈ । ਆਖ਼ਿਰ ਅਰਥਚਾਰੇ ਦੀ ਬੁਨਿਆਦ ਤਾਂ ਪੂੰਜੀਵਾਦੀ ਹੀ ਹੈ । ਕੰਮ ਦੀ ਗਾਰੰਟੀ ਤਾਂ ਸਮਾਜਵਾਦ ਹੀ ਦਿੰਦਾ ਹੈ । ਪਰ ਜਿਥੋਂ ਤੀਕਰ ਤੀਜੇ ਡਬਲਿਊ, ਔਰਤ, ਦਾ ਸੰਬੰਧ ਹੈ, ਇਹ ਗੱਲ ਸਹੀ ਨਹੀਂ ਹੈ । ਮੈਨੂੰ ਇਸ ਅਖਾਣ ਦੇ ਪਿਛੇ ਔਰਤ ਦੇ ਵਿਰੋਧ ਦਾ ਜਗੀਰੂ ਅਤੇ ਪਿਛਾਂਹ-ਖਿਚੂ ਸਿਧਾਂਤ ਹੀ ਨਜ਼ਰ ਆਉਂਦਾ ਹੈ ।

ਸਾਡੇ ਆਪਣੇ ਦੇਸ਼ ਵਿਚ ਵੀ ਔਰਤ ਨੂੰ ਛੁਟਿਆਇਆ ਅਤੇ ਨਿੰਦਿਆ ਭੰਡਿਆ ਜਾਂਦਾ ਹੈ ਤੇ ਇਹ ਵੀ ਆਖਿਆ ਜਾਂਦਾ ਹੈ ਕਿ ਔਰਤ ਦਾ ਇਤਬਾਰ ਨਹੀਂ । ਔਰਤ ਵਿਸ ਦੀ ਗੰਦਲ ਹੈ, ਕੇਕਈ ਹੈ ਜਾਂ ਲੂਣਾ ਹੈ । ਹਾਲਾਂਕਿ ਅਸੀਂ ਸੀਤਾਵਾਂ ਅਤੇ ਸਾਵਿੱਤਰੀਆਂ ਦਾ ਦੇਸ਼ ਵੀ ਹਾਂ ।

ਸ਼ਾਇਦ ਇਸ ਅਖਾਣ ਦੀ ਰਚਨਾ ਸਾਡੇ ਭਾਰਤੀ ਵੀਰਾਂ ਦੀ ਹੀ ਕਲਾ ਦੇ ਕੌਸ਼ਲ ਦਾ ਸਦਕਾ ਹੋਵੇ । ਜੇ ਅੰਗਰੇਜ਼ ਵੀ ਇਸ ਅਖਾਣ ਦੀ ਰਚਨਾ ਕਰਨ ਵਾਲੇ ਹਨ



CC-0. In Public Domain. Gurukul Kangri Collection, Haridwar

ਤਦ ਵੀ ਕੋਈ ਹੈਰਾਨੀ ਨਹੀਂ । ਆਖ਼ਿਰ ਨੂੰ ਇੰਗਲੈਂਡ ਵਿਚ ਵੀ ਮਰਦ-ਪ੍ਰਧਾਨ ਸਮਾਜ ਹੀ ਹੈ । ਦੂਜੇ, ਪੂੰਜੀਵਾਦ ਵੀ ਹੈ । ਸਹੀ ਸਤਿਕਾਰ ਤਾਂ ਔਰਤ ਨੂੰ ਸਮਾਜਵਾਦ ਹੀ ਦਿੰਦਾ ਹੈ । ਬਾਕੀ ਸਭ ਸਮਾਜ ਔਰਤ ਨੂੰ ਨਿੰਦਣ ਭੰਡਣ ਵਾਲੇ ਹੀ ਹਨ ।

Digitized by Arya Samaj Foundation Chennai and eGangotri

ਇੰਗਲੈਂਡ ਬਹੁਤ ਸੁਹਣਾ ਹੈ, ਪਰ ਮੈਨੂੰ ਤਾਂ ਜੇ ਸੱਚ ਪੁਛੋ ਤਾਂ ਭਾਰਤ ਸੁਹਣਾ ਲੱਗਾ ਹੈ । ਮੈਂ ਇੰਗਲੈਂਡ ਨੂੰ ਨਿੰਦਦਾ ਨਹੀਂ, ਪਰ ਭਾਰਤ ਨੂੰ ਮੈਂ ਬਿਨਾਂ ਵਜ੍ਹਾ ਛੁਟਿਆਉਣਾ ਵੀ ਨਹੀਂ ਚਾਹਾਂਗਾ । ਇਹ ਇਨਸਾਫ਼ ਨਹੀਂ ਹੈ । ਇੰਗਲੈਂਡ ਵਿਚ ਜੋ ਚੰਗਾ ਹੈ, ਮੈਂ ਉਸ ਦਾ ਵਰਣਨ ਕੀਤਾ ਹੈ । ਸਾਨੂੰ ਆਪਣੇ ਗੁਣ ਵੀ ਨਜ਼ਰ-ਅੰਦਾਜ਼ ਨਹੀਂ ਕਰਨੇ ਚਾਹੀਦੇ ।

ਪਹਿਲੀ ਗੱਲ ਤਾਂ ਇਹ ਹੈ ਕਿ ਜਿੰਨਾ ਸੁਹਣਾ ਤੇ ਵੱਡਾ ਸੂਰਜ ਭਾਰਤ ਨੂੰ ਪਰਾਪਤ ਹੈ, ਉਹੋ ਜਿਹਾ ਇੰਗਲੈਂਡ ਨੂੰ ਨਹੀਂ । ਸਾਡੀਆਂ ਸਵੇਰਾਂ ਅਤੇ ਸ਼ਾਮਾਂ ਬਹੁਤ ਹੀ ਸੁੰਦਰ ਹਨ । ਇੰਗਲੈਂਡ ਦੀ ਸ਼ਾਮ ਪ੍ਰਸਿੱਧ ਹੈ, ਪਰ ਜਿਵੇਂ ਚੜ੍ਹਦਾ ਤੇ ਡੁੱਬਦਾ ਸੂਰਜ ਸਾਨੂੰ ਦੇਖਣ ਨੂੰ ਮਿਲਦਾ ਹੈ, ਇੰਗਲੈਂਡ ਨੂੰ ਨਸੀਬ ਨਹੀਂ । ਇੰਗਲੈਂਡ ਦੇ ਆਕਾਸ਼ ਉਤੇ ਬੱਦਲ ਉਡਦੇ ਰਹਿੰਦੇ ਹਨ, ਪਰ ਇਹ ਬੱਦਲ ਭਾਰਤ ਵਰਗੇ ਘਣੇ ਜਾਂ ਮੋਟੇ ਨਹੀਂ ਹੁੰਦੇ, ਪਤਲੇ ਪਤਲੇ ਹੁੰਦੇ ਹਨ ਤੇ ਇਹਨਾਂ ਦਾ ਰੰਗ ਆਮ ਕਰ ਕੇ ਬਹੁਤਾ ਚਿੱਟਾ ਹੀ ਹੁੰਦਾ ਹੈ । ਠੀਕ ਹੈ, ਕਦੇ ਕੋਈ ਬੱਦਲ ਨੀਲਾ ਜਾਂ ਭੂਰਾ ਵੀ ਹੁੰਦਾ ਹੈ, ਪਰ ਭਾਰਤ ਵਰਗਾ ਫੇਰ ਵੀ ਨਹੀਂ । ਜਿਸ ਕਿਸਮ ਦੀਆਂ ਘੋਰ ਘਟਾਵਾਂ ਸਾਡੇ ਚੜ੍ਹ ਚੜ੍ਹ ਆਉਂਦੀਆਂ ਹਨ—"ਘਿਰ ਘਿਰ ਆਈ ਬਦਰੀਆ ਕਾਰੀ"—ਇਗਲੈਂਡ ਵਿਚ ਉਹ ਉੱਕਾ ਨਹੀਂ । ਸਮੁੰਦਰ ਵਿਚੋਂ ਕੱਚੇ ਪੱਕੇ ਜਿਹੇ ਜੋ ਵੀ ਬੱਦਲ ਉਠਦੇ ਹਨ, ਇੰਗਲੈਂਡ ਉਤੇ ਆ ਜਾਂਦੇ ਹਨ । ਸਾਡੇ ਬੱਦਲ ਪੱਕ ਪੱਕ, ਹੌਲੀ ਹੌਲੀ ਉਠ ਉਠ ਕੇ, ਆਪੋ ਵਿਚੀਂ ਘੁਲ ਮਿਲ ਕੇ, ਫੇਰ ਹੀ ਕਿਤੇ ਆਉਂਦੇ ਹਨ ਤੇ ਉਹ ਵੀ ਬੜਾ ਸੋਚ ਸਮਝ ਕੇ ਵਰ੍ਹਨਾ ਸ਼ੁਰੂ ਕਰਦੇ ਹਨ । ਸਾਡੇ ਬੱਦਲ ਡੂੰਘੇ ਅਤੇ ਗਹਿਰ ਗੰਭੀਰ ਜਿਹੇ ਹੁੰਦੇ ਹਨ ।

ਇੰਗਲੈਂਡ ਨਾਲੋਂ ਸਾਡਾ ਮੀਂਹ ਵੀ ਬਹੁਤ ਸੁਹਣਾ ਹੁੰਦਾ ਹੈ । ਕਦੇ ਜ਼ੋਰ ਨਾਲ ਵਰ੍ਹਦਾ ਹੈ, ਕਦੇ ਹੌਲੀ ਤੇ ਇਕੋਤਾਰ । ਸਾਡੀ ਕਣੀ ਮੋਟੀ ਅਤੇ ਚਾਂਦੀ ਰੰਗੀ ਹੁੰਦੀ ਹੈ । ਇੰਗਲੈਂਡ ਦੀ ਕਣੀ ਆਮ ਕਰ ਕੇ ਮੱਖੀ ਅਤੇ ਮੱਛਰ ਦੇ ਵਿਚਕਾਰ ਹੀ ਬਹੁਤੀ ਹੁੰਦੀ ਹੈ ।

ਨਿਰਸੰਦੇਹ, ਇੰਗਲੈਂਡ ਦੇ ਧਰਤ-ਦ੍ਰਿਸ਼ ਬਹੁਤ ਹੀ ਸੁਹਣੇ ਹਨ, ਪਰ ਸਾਡੇ ਧਰਤ-ਦ੍ਰਿਸ਼ ਵੀ ਕੋਈ ਥੋੜੇ ਸੁਹਣੇ ਨਹੀਂ ਹਨ । ਸਾਡੇ ਕੋਹ ਹਿਮਾਲਾ ਹੈ, ਦੱਖਣ ਹੈ, ਪੰਜਾਬ ਹੈ । ਕਸ਼ਮੀਰ, ਜਿਸ ਨੂੰ ਸਾਰੀ ਦੁਨੀਆਂ ਜੰਨਤ ਆਖ ਰਹੀ ਹੈ, ਹਿੰਦੋਸਤਾਨ ਦਾ ਗਹਿਣਾ ਹੈ । ਕੀ ਇੰਗਲੈਂਡ ਦੇ ਧਰਤ-ਦ੍ਰਿਸ਼ ਕਸ਼ਮੀਰ ਤੋਂ ਬਹੁਤੇ ਸੁਹਣੇ ਹਨ ? ਪੰਜਾਬ ਨੂੰ ਕੋਈ ਵੀ ਕਲਾਕਾਰ ਉੱਚਾ ਉੱਠ ਕੇ ਦੇਖੇ ਸਹੀ, ਚਾਂਦੀ ਵਰਗੇ ਪੰਜ ਦਰਿਆ ਪੰਜਾਬ ਦੀ ਸੁੰਦਰ ਧਰਤੀ ਉਤੇ ਕੋਲੋ ਕੋਲ ਦਿਸ ਪੈਂਦੇ ਹਨ । ਇਹ ਦਰਿਆ ਉਂਜ ਵੀ ਬੜੇ ਪਵਿੱਤਰ ਅਤੇ ਨੂਰੀ ਹਨ ।

ਗੰਗਾ ਅਤੇ ਜਮਨਾ ਦਾ ਮੁਕਾਬਲਾ ਕੀ ਹੋ ਸਕਦਾ ਹੈ ? ਇੰਗਲੈਂਡ ਕੋਲ ਇਕ ਥੇਮਜ਼ ਹੈ, ਪਰ ਗੰਗਾ ਅਤੇ ਜਮਨਾ ਦੇ ਮੁਕਾਬਲੇ ਵਿਚ ਉਹ ਕੁਝ ਵੀ ਨਹੀਂ ।

ਹਿਮਾਲਾ ਵਲ ਹੀ ਦੇਖੋ, ਕੀ ਕਿਸੇ ਹੋਰ ਪਹਾੜ ਦੀ ਏਨੀ ਉੱਚੀ ਸ਼ਾਨ ਹੈ ?



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਸਾਰ ਦੇ ਮਹਾਂ ਪੁਰਸ਼ਾਂ ਨੂੰ ਹਿਮਾਲਾ ਦੀਆਂ ਚੋਟੀਆਂ ਨੇ ਸਦਾ ਹੀ ਧੂਹਾਂ ਪਾਈਆਂ ਹਨ। ਹਿਮਾਲਾ ਦੀਆਂ ਪੌਣਾਂ ਅਤੇ ਠੰਡਾਂ ਬਹੁਤ ਸੁੱਛ ਹਨ। ਬਰਫ਼ਾਂ ਬਹੁਤ ਉੱਜਲ ਹਨ। ਕੀ ਹਿਮਾਲਾ ਕੁਦਰਤ ਵਲੋਂ ਭਾਰਤ ਨੂੰ ਇਕ ਤੁਹਫ਼ਾ ਨਹੀਂ ? ਭਾਰਤ ਨੂੰ ਹਿਮਾਲਾ ਉਤੇ ਸਦਾ ਹੀ ਗਰਬ ਰਹੇਗਾ।

ਕਸ਼ਮੀਰ, ਕਿਹੜਾ ਕਵੀ ਹੈ ਜਿਸ ਨੂੰ ਟੁੰਬਦਾ ਨਹੀਂ ਹੈ ? ਦੱਖਣ ਦੀ ਹਰਿਆਲੀ ਅਤੇ ਧਰਤ-ਦ੍ਰਿਸ਼ ਮੋਂਹਦੇ ਹਨ। ਰਿਸ਼ੀਕੇਸ਼, ਹਰਿਦੁਆਰ, ਕੰਨਿਆ ਕੁਮਾਰੀ, ਇਥੋਂ ਤਕ ਕਿ ਸਾਡੇ ਰੇਗਸਤਾਨ ਵੀ ਖ਼ੂਬਸੂਰਤ ਹਨ। ਇਹਨਾਂ ਖ਼ੂਬਸੂਰਤੀਆਂ ਨੂੰ ਜਾਣ ਸਕਣ ਦੀ ਲੋੜ ਹੈ।

ਸਾਡਾ, ਕਾਲੀ ਰਾਤ ਵਿਚ, ਤਾਰਿਆਂ ਨਾਲ ਜੜਿਆ ਹੋਇਆ ਆਕਾਸ਼ ਵੀ ਥੋੜਾ ਸੁਹਣਾ ਨਹੀਂ। ਭਾਰਤ ਖ਼ੁਸ਼-ਨਸੀਬ ਹੈ ਜੋ ਗਰਮੀਆਂ ਦੀ ਰੁੱਤ ਵਿਚ ਤਾਰਿਆਂ ਨਾਲ ਭਰੇ ਹੋਏ ਆਕਾਸ਼ ਦੇ ਹੇਠਾਂ ਸੌਂਦਾ ਹੈ। ਸਾਡੀ ਚੰਨ ਦੀ ਚਾਨਣੀ ਵੀ ਬਹੁਤ ਹੀ ਸੁਹਣੀ ਹੁੰਦੀ ਹੈ।

ਸਾਡੇ ਕਈ ਮੌਸਮ ਹਨ। ਇੰਗਲੈਂਡ ਵਿਚ ਵੀ ਮੌਸਮਾਂ ਦੀ, ਠੀਕ, ਵੰਨ ਸੁਵੰਨਤਾ ਹੈ; ਪਰ ਸਾਡੇ ਲਗ ਪਗ ਹਰ ਮਹੀਨਾ ਆਪਣੇ ਵਰਗਾ ਆਪ ਹੈ, ਤੇ ਇਹ ਇਕ ਰੁੱਤ ਹੀ ਹੁੰਦਾ ਹੈ। ਇਥੋਂ ਤਕ ਕਿ ਪੋਹ ਅਤੇ ਮਾਘ ਦਾ ਵੀ ਫ਼ਰਕ ਹੈ ਤੇ ਫੱਗਣ ਅਤੇ ਚੇਤ ਦਾ ਵੀ। ਸਾਉਣ-ਭਾਦੋਂ ਵੀ ਵੱਖਰੇ ਹਨ ਤੇ ਅੱਸੂ ਅਤੇ ਕੱਤਕ ਵੀ। ਗਰਮੀ ਅਤੇ ਸਰਦੀ ਨੇ ਤਾਂ ਵਖੋ ਵੱਖ ਹੋਣਾ ਹੀ ਹੈ।

ਇੰਗਲੈਂਡ ਨਾਲੋਂ ਸਾਡੀ ਧੁੱਪ ਦਾ ਰੰਗ ਵੀ ਸੁਹਣਾ ਹੁੰਦਾ ਹੈ। ਸਾਡੀ ਧੁੱਪ ਸੋਨਾ ਹੈ। ਇੰਗਲੈਂਡ ਦੀ ਧੁੱਪ ਪਿੱਤਲ ਜਾਂ ਵਸਾਰ ਵਰਗੀ ਹੁੰਦੀ ਹੈ। ਖ਼ਾਸ ਕਰ ਕੇ ਸਰਦੀਆਂ ਵਿਚ ਇਸ ਧੁੱਪ ਦੇ ਰੰਗ ਵਿਚ ਕੁਝ ਓਪਰਾਪਣ ਆ ਜਾਂਦਾ ਹੈ। ਕਦੇ ਕਦੇ ਇਹ ਸਾਡੇ ਵਰਗੀ ਝਲਕ ਵੀ ਦੇ ਜਾਂਦੀ ਹੈ। ਜਨਵਰੀ ਜਾਂ ਫ਼ਰਵਰੀ ਵਿਚ ਕਦੇ ਕਦੇ ਬਸੰਤ ਰੁੱਤ ਦਾ ਝਾਉਲਾ ਵੀ ਪੈ ਜਾਂਦਾ ਹੈ ਤੇ ਕੁਝ ਦਿਨਾਂ ਲਈ ਫੱਗਣ ਵਰਗੀ ਰੁੱਤ ਵੀ ਬਣ ਜਾਂਦੀ ਹੈ। ਪੰਜਾਬ ਵਿਚ ਫੱਗਣ ਦੇ ਮਹੀਨੇ ਘੁੱਗੀ ਬੋਲਦੀ ਹੈ। ਸਿਆਲੇ ਦੇ ਅਖ਼ੀਰ ਵਿਚ ਇਕ ਦਿਨ ਮੈਂ ਸਾਊਥਾਲ ਵਿਚ ਘੁੱਗੀ ਦੀ ਆਵਾਜ਼ ਵੀ ਸੁਣੀ।

ਅਸਲ ਵਿਚ ਭਾਰਤ ਉਤੇ ਸੂਰਜ ਵਲੋਂ ਵੀ ਕਾਫ਼ੀ ਕਿਰਪਾ-ਦ੍ਰਿਸ਼ਟੀ ਕੀਤੀ ਹੋਈ ਹੈ। ਇੰਗਲੈਂਡ ਦੇ ਫੁੱਲ ਪ੍ਰਸਿੱਧ ਹਨ, ਪਰ ਜਿਵੇਂ ਸਾਡੇ ਹਰ ਫੁੱਲ ਵਿਚ ਆਪਣੀ ਮਹਿਕ ਹੁੰਦੀ ਹੈ, ਇੰਗਲੈਂਡ ਵਿਚ ਇਹ ਉੱਕਾ ਨਹੀਂ। ਰੰਗ ਬਹੁਤ ਹੀ ਸੁਹਣੇ ਹਨ, ਇਕ ਤੋਂ ਇਕ ਸੁਹਣੇ ਹਨ, ਪਰ ਫੁੱਲਾਂ ਵਿਚ ਮਹਿਕ ਵੀ ਅਵੱਸ਼ ਹੀ ਹੋਣੀ ਚਾਹੀਦੀ ਹੈ। ਫਲਾਂ ਵਿਚ ਵੀ ਸੂਰਜ ਹੀ ਮਿਠਾਸ ਪੈਦਾ ਕਰਦਾ ਹੈ। ਇਸੇ ਲਈ ਸਾਡੇ ਫਲ ਮਿੱਠੇ ਅਤੇ ਰਸੀਲੇ ਹਨ।

ਸਾਡੀ ਕਣੀ ਜੇ ਸੁਹਣੀ ਹੈ ਤਾਂ ਇਹ ਵੀ ਸਾਡੇ ਸੂਰਜ ਦੀ ਹੀ ਦਯਾ-ਦ੍ਰਿਸ਼ਟੀ ਕਰ ਕੇ ਹੈ। ਸਾਡੀ ਕਣੀ ਨੂੰ ਮੋਟੀ ਅਤੇ ਚਾਂਦੀ ਵਰਗੀ ਕਰ ਦੇਣ ਵਿਚ ਸੂਰਜ ਦਾ ਹੀ ਹਿੱਸਾ ਹੈ।

ਲੰਡਨ ਅਤੇ ਦਿੱਲੀ ਦਾ ਕੁਝ ਜ਼ਿਕਰ ਕਰਨਾ ਚਾਹੁੰਦਾ ਹਾਂ। ਲੰਡਨ ਕੇਵਲ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਗਲੈਂਡ ਦੀ ਹੀ ਰਾਜਧਾਨੀ ਨਹੀਂ ਹੈ, ਸਾਡੀ ਹਿੰਦੋਸਤਾਨ ਦੀ ਵੀ ਰਾਜਧਾਨੀ ਰਿਹਾ ਹੈ। ਭਾਵੇਂ ਸਾਡੀ ਅੰਗਰੇਜ਼ਾਂ ਵੇਲੇ ਵੀ ਰਾਜਧਾਨੀ ਦਿੱਲੀ ਹੀ ਸੀ, ਪਰ ਅਸਲੀ ਰਾਜਧਾਨੀ ਸਾਡੀ ਉਦੋਂ ਲੰਡਨ ਹੀ ਹੁੰਦੀ ਸੀ। ਜਿਥੇ ਜਿਥੇ ਵੀ ਦੁਨੀਆਂ ਵਿਚ ਅੰਗਰੇਜ਼ ਦਾ ਰਾਜ ਹੁੰਦਾ ਸੀ, ਰਾਜਧਾਨੀ ਲੰਡਨ ਸੀ। ਕਿਉਂਕਿ ਸਾਡੇ ਸਭ ਦੇ ਫ਼ੈਸਲੇ ਲੰਡਨ ਵਿਚ ਹੀ ਹੁੰਦੇ ਸਨ। ਪਰ ਜਿਥੋਂ ਤੀਕਰ ਲੰਡਨ ਦੇ ਸੁਹੱਪਣ ਦਾ ਸੰਬੰਧ ਹੈ, ਦਿੱਲੀ ਮੈਨੂੰ ਲੰਡਨ ਨਾਲੋਂ ਵੱਧ ਹੁਸੀਨ ਜਾਪੀ ਹੈ। ਦਿੱਲੀ ਦਾ ਕਨਾਟ ਪਲੇਸ ਬਹੁਤ ਹੀ ਖ਼ੂਬਸੂਰਤ ਹੈ। ਬੁਕਿੰਘਮ ਪੈਲੇਸ ਸੁਹਣਾ ਹੈ, ਪਰ ਸਾਡਾ ਰਾਸ਼ਟਰਪਤੀ ਭਵਨ ਉਸ ਤੋਂ ਬਹੁਤਾ ਸੁਹਣਾ ਹੈ। ਨਵੀਂ ਦਿੱਲੀ ਦੀ ਸਾਰੀ ਬਣਤਰ ਬੜੀ ਹੀ ਖ਼ੂਬਸੂਰਤ ਹੈ।

ਹਾਈਡ ਪਾਰਕ ਲੰਡਨ ਵਿਚ ਬੜੀ ਪ੍ਰਸਿੱਧ ਜਗ੍ਹਾ ਹੈ। ਪਰ ਇੰਡੀਆ ਗੇਟ ਦੇ ਸਬਜ਼ਾਜ਼ਾਰ ਉਸ ਤੋਂ ਵੱਧ ਸੁਹਣੇਰੇ ਹਨ। ਵਿਸ਼ਾਲ ਵੀ ਹਾਈਡ ਪਾਰਕ ਨਾਲੋਂ ਇੰਡੀਆ ਗੇਟ ਵਧੇਰੇ ਹੈ।

ਇੰਗਲੈਂਡ ਦੀ ਪਾਰਲੀਮੈਂਟ ਦੀ ਬਿਲਡਿੰਗ ਬਹੁਤ ਹੀ ਖ਼ੂਬਸੂਰਤ ਹੈ। ਪਰ ਸਾਡੀ ਪਾਰਲੀਮੈਂਟ ਦੀ ਬਿਲਡਿੰਗ ਉਸ ਤੋਂ ਵੱਧ ਸੁਹਣੇਰੀ ਹੈ। ਬਣਾਇਆ ਭਾਵੇਂ ਇਹ ਵੀ ਸਭ ਅੰਗਰੇਜ਼ਾਂ ਦਾ ਹੀ ਹੋਇਆ ਹੈ, ਪਰ ਸੁਹਣਾ ਉਹਨਾਂ ਤੋਂ ਵੱਧ ਹੈ। ਕਿਉਂਕਿ ਇਸ ਸੁਹੱਪਣ ਵਿਚ ਭਾਰਤ ਦੀ ਪ੍ਰਕਿਰਤਿਕ ਸੁੰਦਰਤਾਈ ਦਾ ਵੀ ਹਿੱਸਾ ਹੈ। ਜਿਵੇਂ ਸਾਡਾ ਲਾਲ ਪੱਥਰ ਸਾਡੀ ਆਪਣੀ ਚੀਜ਼ ਹੀ ਹੈ। ਸਭ ਤੋਂ ਵੱਡੀ ਚੀਜ਼ ਹੈ ਭਾਰਤ ਦੇ ਆਕਾਸ਼ਾਂ ਉਤੇ ਸੂਰਜ ਦਾ ਸੁਨਹਿਰੀ ਛਤਰ। ਇਸ ਛਤਰ ਦੀ ਛਬੀ ਹੇਠਾਂ ਸਾਡੇ ਰਾਸ਼ਟਰਪਤੀ ਭਵਨ ਤੇ ਇੰਡੀਆ ਗੇਟ ਦੇ ਦਰਸ਼ਨ ਕਰੋ!

ਲਾਲ ਕਿਲ੍ਹਾ, ਜਾਮਾ ਮਸਜਿਦ, ਖ਼ੂਬਸੂਰਤ ਕੁਤਬ ਮੀਨਾਰ ਸਾਡੀ ਦਿੱਲੀ ਦੀ ਸ਼ਾਨ ਹਨ। ਪਾਂਡਵਾਂ ਦੇ ਕਿਲ੍ਹੇ ਨੂੰ ਵੀ ਲੋਕੀ ਦੇਖਣ ਜਾਂਦੇ ਹਨ।

ਦਿੱਲੀ ਵਾਂਗੂ ਲੰਡਨ ਵਿਚ ਵੀ ਤੰਗ ਬਾਜ਼ਾਰ ਤੇ ਗਲੀਆਂ ਹਨ। ਜਿਵੇਂ ਸਾਡੇ ਪੁਰਾਣੀ ਦਿੱਲੀ ਵਿਚ ਚਾਂਦਨੀ ਚੌਕ, ਦਰੀਬਾ ਕਲਾਂ ਤੇ ਨਈ ਸੜਕ ਪ੍ਰਸਿੱਧ ਹਨ, ਲੰਡਨ ਵਿਚ ਉਸੇ ਤਰ੍ਹਾਂ ਟਰਾਫ਼ਾਲਗਰ ਸੁਕੇਅਰ ਅਤੇ ਚੈਰਿੰਗ ਕਰਾਸ, ਆਦਿ, ਹਨ। ਟਰਾਫ਼ਾਲਗਰ ਸੁਕੇਅਰ ਵਿਚ ਕਬੂਤਰ ਉਵੇਂ ਹੀ ਹੁੰਦੇ ਹਨ ਜਿਵੇਂ ਸਾਡੇ ਲਾਲ ਕਿਲ੍ਹੇ ਜਾਂ ਜਾਮਾ ਮਸਜਿਦ ਹੁੰਦੇ ਹਨ। ਉਵੇਂ ਹੀ ਅੰਗਰੇਜ਼ ਵੀ ਉਹਨਾਂ ਨੂੰ ਦਾਣੇ ਸੁੱਟਦੇ ਰਹਿੰਦੇ ਹਨ।

ਲੰਡਨ ਫੇਰ ਵੀ ਉੱਨਤ ਅਤੇ ਮਹੱਤਵਪੂਰਨ ਸ਼ਹਿਰ ਹੈ ਤੇ ਇਹ ਸੰਸਾਰ ਦੇ ਕੁਝ ਇਕ ਵੱਡੇ ਸ਼ਹਿਰਾਂ ਵਿਚੋਂ ਇਕ ਹੈ। ਭਾਵੇਂ ਅੱਜ ਸੰਸਾਰ ਦੀਆਂ ਅੱਖਾਂ ਮਾਸਕੋ ਅਤੇ ਵਾਸ਼ਿੰਗਟਨ ਵਲ ਹੀ ਬਹੁਤੀਆਂ ਲਗੀਆਂ ਹੋਈਆਂ ਹਨ, ਪਰ ਇਹ ਅੱਖਾਂ ਲੰਡਨ ਵਲ ਵੀ ਕਦੇ ਕਦੇ ਤੱਕ ਲੈਂਦੀਆਂ ਹਨ। ਲੰਡਨ ਪਿਛਲਾ ਕਾਫ਼ੀ ਸਮਾਂ ਸੰਸਾਰ ਦੀ ਰਾਜਨੀਤੀ ਅਤੇ ਵਿਉਪਾਰ ਦਾ ਕੇਂਦਰ ਰਿਹਾ ਹੈ।

ਜਿਵੇਂ ਸਾਡਾ ਹਿੰਦੋਸਤਾਨ ਇੰਗਲੈਂਡ ਤੋਂ ਬਹੁਤ ਪਿਛੇ ਹੈ, ਇਸੇ ਤਰ੍ਹਾਂ ਹੀ ਦਿੱਲੀ ਅਤੇ ਲੰਡਨ ਦਾ ਵੀ ਫ਼ਰਕ ਹੈ। ਲੰਡਨ ਇਕ ਸ਼ਹਿਰ ਹੈ। ਦਿੱਲੀ ਅਜੇ ਲੰਡਨ ਦੇ ਮੁਕਾਬਲੇ ਵਿਚ ਪਿੰਡ ਹੀ ਹੈ।

ਦਿੱਲੀ ਅਤੇ ਹਿੰਦੋਸਤਾਨ ਨੇ ਅਜੇ ਬਹੁਤ ਕੁਝ ਬਣਨਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਗਲੈਂਡ ਅਤੇ ਭਾਰਤ ਵਿਚ ਸਭ ਤੋਂ ਵੱਡਾ ਫ਼ਰਕ ਦੋਹਾਂ ਦੇ ਪਿੰਡਾਂ ਦੀ ਰਹਿਣੀ ਬਹਿਣੀ ਦਾ ਹੈ । ਸਾਡੇ ਪਿੰਡ ਤੇ ਸ਼ਹਿਰ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ । ਇੰਗਲੈਂਡ ਨੇ ਇਹ ਫ਼ਰਕ ਕਾਫ਼ੀ ਹੱਦ ਤਕ ਮੇਟਿਆ ਹੋਇਆ ਹੈ ।

ਇੰਗਲੈਂਡ ਦਾ ਪਿੰਡ ਉੱਨਤ ਹੈ, ਸਾਡਾ ਪਿੰਡ ਅੱਜ ਵੀ ਬਹੁਤਾ ਮੱਧ ਕਾਲ ਦੇ ਨੇੜੇ ਹੈ ।

ਠੀਕ ਹੈ, ਸਾਡਾ ਪਿੰਡ ਤਬਦੀਲ ਹੁੰਦਾ ਜਾ ਰਿਹਾ ਹੈ, ਪਰ ਚਾਲ ਬਹੁਤ ਹੀ ਮੱਠੀ ਹੈ । ਸਾਡਾ ਪਿੰਡ ਅਜੇ ਵੀ ਬਹੁਤਾ ਸ਼ਹਿਰ ਉਤੇ ਹੀ ਨਿਰਭਰ ਹੈ ।

ਇਕ ਗੱਲ ਇੰਗਲੈਂਡ ਦੀ ਮੈਨੂੰ ਬੜੀ ਹੀ ਚੰਗੀ ਲਗੀ ਹੈ । ਉਹ ਹੈ ਕਿਸੇ ਦੇ ਮਾਮਲਿਆਂ ਵਿਚ ਦਖ਼ਲ ਤੋਂ ਪਰਹੇਜ਼ ਕਰਨਾ । ਅਸੀਂ ਇਸ ਹਿਸਾਬ ਨਾਲ ਅਜੇ ਬਹੁਤ ਹੀ ਪਿਛੇ ਹਾਂ ਤੇ ਹਰ ਕਿਸੇ ਦੀਆਂ ਸੂਹਾਂ ਅਤੇ ਵਿੜਕਾਂ ਲੈਣ ਦੇ ਆਦੀ ਹਾਂ । ਇੰਗਲੈਂਡ ਵਿਚ ਇਹ ਉੱਕਾ ਨਹੀਂ । ਨੀਵੇਂ ਤੋਂ ਨੀਵੇਂ ਲੋਕ ਵੀ ਇੰਗਲੈਂਡ ਵਿਚ ਇਸ ਦਖ਼ਲ ਨੂੰ ਬਰਦਾਸ਼ਤ ਨਹੀਂ ਕਰਨਗੇ ।

ਗਰਮੀਆਂ ਦੇ ਦਿਨ ਸਨ । ਮੈਂ ਇਕ ਮਿੱਤਰ ਨਾਲ ਇਕ ਪਾਰਕ ਵਿਚ ਜਾ ਰਿਹਾ ਸਾਂ । ਇਕ ਪਾਸੇ ਘਾਹ ਉਤੇ ਕੁਝ ਸ਼ੁਹਦੇ ਜਿਹੇ ਬੈਠੇ ਸਨ ਜੋ ਨੀਮ ਮੰਗਤੇ ਜਿਹੇ ਸਨ । ਪਿੰਡੇ ਸਭ ਦੇ ਨੰਗੇ ਸਨ । ਸਲੇਟੀ ਰੰਗ ਦੀਆਂ ਮੈਲੀਆਂ ਜਿਹੀਆ ਪਤਲੂਨਾਂ ਪਹਿਨੀਆਂ ਹੋਈਆਂ ਸਨ । ਉਹਨਾਂ ਵਿਚੋਂ ਇਕ ਮੰਗਤਾ ਸੜਕ-ਕੰਢੇ ਖੜਾ ਸੀ ਤੇ ਕਿਸੇ ਲੰਘਣ ਵਾਲੇ ਨੂੰ ਕੁਝ ਹੌਲੀ ਹੌਲੀ ਕਹਿ ਰਿਹਾ ਸੀ । ਅਸਲ ਵਿਚ ਉਹ ਬੀਅਰ ਆਦਿ ਲਈ ਉਸ ਤੋਂ ਬੜੇ ਹੀ ਢੰਗ ਨਾਲ ਕੁਝ ਪੈਸੇ ਆਦਿ ਮੰਗ ਰਿਹਾ ਸੀ ਤੇ ਮੈਨੂੰ ਮੇਰੇ ਮਿੱਤਰ ਨੇ ਹੀ ਇਸ ਸੰਬੰਧੀ ਉਥੋਂ ਥੋੜਾ ਅੱਗੇ ਆ ਕੇ ਦੱਸਿਆ ਸੀ । ਤਦੇ ਅਸੀਂ ਤੁਰਦੇ ਤੁਰਦੇ ਪਿਛੇ ਵਲ ਇਕ ਝਾਤੀ ਮਾਰੀ । ਉਹੋ, ਉਸ ਅੰਗਰੇਜ਼ ਨੂੰ ਇਸ ਦਾ ਬੁਰਾ ਨਹੀਂ ਨਾ ਲੱਗਾ ਕੁਝ ! ਦੂਰੋਂ ਹੀ ਅੰਗਰੇਜ਼ੀ ਵਿਚ ਉਹ ਸਾਨੂੰ ਗਾਹਲਾਂ ਕੱਢਣ ਲਗਾ । ਮੇਰਾ ਮਿੱਤਰ ਤਕੜਾ ਸੀ । ਉਸ ਨੇ ਵੀ ਅੰਗਰੇਜ਼ੀ ਵਿਚ ਹੀ ਇਸ ਦਾ ਉੱਤਰ ਦਿਤਾ ਤੇ ਇਕ ਦੋ ਖ਼ੂਬ ਸੁਣਾਈਆਂ ਸਨ । ਪਰ ਮਤਲਬ ਹੈ ਕਿ ਉਸ ਨੂੰ ਸਾਡਾ ਏਨਾ ਦਖ਼ਲ ਵੀ ਬੁਰਾ ਲਗਾ । ਬਾਕੀ ਦੂਜੇ ਮੰਗਤੇ ਵੀ ਗ਼ੁੱਰਾ ਕੇ ਖੜੇ ਹੋ ਗਏ ਸਨ ਤੇ ਗਾਹਲਾਂ ਕੱਢਣ ਲਗੇ ਸਨ ।

ਇਕ ਗੱਲ ਭੈੜੀ ਹੈ । ਸਾਡੇ ਵਾਂਗ, ਅੰਗਰੇਜ਼, ਕਿਸੇ ਲੜਦੇ ਨੂੰ ਹਟਾਉਂਦੇ ਨਹੀਂ । ਦੋ ਅੰਗਰੇਜ਼ ਆਪੋ ਵਿਚੀਂ ਮਾਰ ਕੁੱਟ ਹੋ ਰਹੇ ਹਨ, ਬਾਕੀ ਉਹਨਾਂ ਦੇ ਆਲੇ ਦੁਆਲੇ ਦਰਸ਼ਕ ਬਣੇ ਖਲੋਤੇ ਹਨ । ਨਾ ਉਸ ਨੂੰ ਦੂਰ ਹਟਾਉਂਦੇ ਹਨ, ਨਾ ਉਸ ਨੂੰ ਪਿਛੇ ਕਰਦੇ ਹਨ । ਅਸਲ ਵਿਚ ਹਟਾਉਣ ਵੇਲੇ ਲੋਕੀ ਬਹੁਤਾ ਵੀ ਲੜਦੇ ਹਨ, ਤੇ ਕਈ ਵਾਰ ਹਟਾਉਣ ਵਾਲੇ ਆਪ ਹੀ ਮਾਰੇ ਜਾਂਦੇ ਹਨ । ਤਾਂ ਵੀ, ਜਿਥੋਂ ਤਕ ਹੋ ਸਕੇ, ਲੜਾਈ ਹਟਾਉਣੀ ਹੀ ਚਾਹੀਦੀ ਹੈ ।

ਇਕ ਗੱਲ ਜ਼ਰੂਰ ਹੈ, ਦੋਹਾਂ ਲੜਨ ਵਾਲਿਆਂ ਵਿਚੋਂ ਜਦੋਂ ਕੋਈ ਵੀ ਇਕ ਜਣਾ ਦੂਜੇ ਨੂੰ ''ਸੌਰੀ'' (ਮੈਨੂੰ ਇਹਦਾ ਅਫ਼ਸੋਸ ਹੈ ਜਾਂ ਮੈਂ ਮੁਆਫ਼ੀ ਮੰਗਦਾ ਹਾਂ) ਕਹਿ ਦਿੰਦਾ ਹੈ ਤਾਂ ਫੇਰ ਵੀ ਜੇ ਦੂਜਾ ਉਸ ਲਈ ਹਮਲਾਆਵਰ ਹੁੰਦਾ ਹੈ ਤਾਂ ਲੋਕੀ ਦਖ਼ਲ ਦਿੰਦੇ ਹਨ ਕਿ ਜਦੋਂ ਉਸ ਨੇ ''ਸੌਰੀ'' ਆਖ ਕੇ ਆਪਣੀ ਹਾਰ ਮੰਨ ਲਈ ਹੈ ਤਾਂ ਫੇਰ ਮਾਰਨ ਦਾ ਮਤਲਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ? ਚਲੋ, ਇਹ ਵੀ ਠੀਕ ਹੈ। ਇਥੇ ਵੀ ਜੇ ਚੁੱਪ ਰਹਿਣ ਤਾਂ ਬਹੁਤ ਬੁਰਾ ਹੋ ਸਕਦਾ ਹੈ।

ਅਸਲ ਵਿਚ ਇਹ ਆਪੋ ਆਪਣੇ ਮੁਲਕ ਦੀ ਰਹਿਣੀ ਬਹਿਣੀ ਹੈ। ਸ਼ਾਇਦ ਉਹ ਸੋਚ ਰਹੇ ਹੋਣ ਕਿ ਦੋਹਾਂ ਦਾ ਹੀ ਗੁਭ ਗੁਭਾਟ ਨਿਕਲ ਜਾਣਾ ਚਾਹੀਦਾ ਹੈ।

ਇੰਗਲੈਂਡ ਵਿਚ ਬਿਰਛ ਬਹੁਤ ਹਨ, ਪਰ ਪਿੱਪਲ ਵਰਗਾ ਸੁਹਣਾ ਮੈਨੂੰ ਕੋਈ ਵੀ ਬਿਰਛ ਦਿਸਿਆ ਨਹੀਂ। ਪਰਾਚੀਨ ਕਿਤਾਬਾਂ ਵਿਚ ਵੀ ਪਿੱਪਲ ਦਾ ਮਹੱਤਵ ਹੈ।

ਸਾਡਾ ਪੰਛੀ ਮੋਰ ਹੈ, ਅੰਬ ਸਾਡਾ ਕੌਮੀ ਫਲ, ਪਿੱਪਲ ਸਾਡਾ ਕੌਮੀ ਬਿਰਛ। ਇੰਗਲੈਂਡ ਦਾ ਬਿਰਛ ਓਕ (ਸ਼ਾਹ ਬਲੂਤ) ਹੈ। ਉੱਚਾ ਕਾਫ਼ੀ ਹੁੰਦਾ ਹੈ। ਪਰ .. ਪਿੱਪਲ...

ਬਹਾਰ ਵਿਚ ਇੰਗਲੈਂਡ ਦੇ ਬਿਰਛ ਫੁੱਲਾਂ ਨਾਲ ਭਰ ਜਾਂਦੇ ਹਨ। ਇਕ ਤੋਂ ਇਕ ਸੁੰਦਰ ਰੰਗ। ਇਹਨਾਂ ਵਿਚੋਂ ਇਕ ਬਿਰਛ ਤਾਂ ਕਾਫ਼ੀ ਸੁਹਣਾ ਹੁੰਦਾ ਹੈ। ਇਸ ਦੇ ਫੁੱਲ ਜ਼ੰਗਾਲੀ ਜਾਂ ਗੁਲਾਬੀ ਜਿਹੇ ਹੁੰਦੇ ਹਨ। ਗੁਲਾਬੀ ਹੁੰਦੇ ਹੋਏ ਵੀ ਗੁਲਾਬੀ ਪਰ ਇਹ ਨਹੀਂ ਹੁੰਦੇ। ਇਹਨਾਂ ਨੂੰ ਮੈਂ ਕੀ ਕਹਾਂ ? ਇਹਨਾਂ ਵਿਚ ਥੋੜਾ ਜਿਹਾ ਪਿਆਜ਼ ਦਾ ਰੰਗ ਹੁੰਦਾ ਹੈ ਤੇ ਥੋੜਾ ਜਿਹਾ ਗਾਜਰ ਦਾ, ਪਰ ਹੁੰਦਾ ਬਹੁਤ ਹੀ ਸੁਹਣਾ ਹੈ। ਇਸ ਬਿਰਛ ਨੂੰ ਡਬਲ ਚੈਰੀ ਜਾਂ ਬਲਾਸਮ ਚੈਰੀ ਕਹਿੰਦੇ ਹਨ।

ਸਾਡੇ ਫੁੱਲ ਜਾਂ ਬਿਰਛ ਬੂਟੇ ਮਹਿਕਾਂ ਦੀ ਹੱਟ ਲਾਉਂਦੇ ਹਨ, ਇੰਗਲੈਂਡ ਦੇ ਫੁੱਲ ਜਾਂ ਬਿਰਛ ਬੂਟੇ ਰੰਗਾਂ ਦੀ ਹੱਟ ਲਾਉਂਦੇ ਹਨ। ਕਈ ਫੁੱਲ ਜਾਂ ਬਿਰਛ ਤਾਂ ਗੜੂੰਦ ਹੀ ਕਰ ਦਿੰਦੇ ਹਨ।

ਸਾਡਾ ਫੁੱਲ ਗੁਲਾਬ ਹੈ। ਵਰਡਜ਼ਵਰਥ ਨੇ ਡੈਫ਼ੋਡਿਲ ਦੀ ਬੜੀ ਹੀ ਮਹਿਮਾ ਕੀਤੀ ਹੈ, ਫੁੱਲ ਸੁਹਣਾ ਵੀ ਬਹੁਤ ਹੈ, ਪਰ ਕਈ ਫੁੱਲ ਇੰਗਲੈਂਡ ਦੇ ਇਸ ਤੋਂ ਕਿਤੇ ਵਧੇਰੇ ਸੁਹਣੇ ਹਨ। ਅਸਲ ਵਿਚ ਇਹ ਕਵੀ ਦੀ ਅੱਖ ਨੂੰ ਜਚ ਜਾਣ ਦੀ ਗੱਲ ਵੀ ਹੈ। ਇੰਗਲੈਂਡ ਵਿਚ ਇਕ ਫੁੱਲ ਦੇ ਕਈ ਕਈ ਰੰਗ ਵੀ ਹੁੰਦੇ ਹਨ ਤੇ ਰੰਗਾਂ ਦਾ ਸ਼ੁਮਾਰ ਵੀ ਨਹੀਂ, ਪਰ ਡੈਫ਼ੋਡਿਲ ਨੇ ਵਰਡਜ਼ਵਰਥ ਨੂੰ ਫੇਰ ਵੀ ਧੂਹਾਂ ਪਾਈਆਂ ਹਨ। ਇਸ ਦੀ ਬਣਤਰ ਦੂਹਰੀ ਹੈ। ਹਲਕੇ ਪੀਲੇ ਰੰਗ ਦੀ ਇਕ ਬੜੀ ਹੀ ਸੁਹਣੀ ਕੌਲੀ ਜਾਂ ਗਲਾਸੀ ਬਣੀ ਹੋਈ ਹੈ ਤੇ ਉਸ ਵਿਚ ਇਕ ਛੋਟੀ ਜਿਹੀ ਕੌਲੀ ਹੋਰ ਬਣ ਗਈ ਹੈ ਜੋ ਗੂਹੜੇ ਪੀਲੇ ਰੰਗ ਦੀ ਹੈ। ਇਹ ਫੁੱਲ ਦੋ ਰੰਗ ਦੀਆਂ ਇਕ ਦੂਜੀ ਵਿਚ ਬੜੀਆਂ ਸੁਹਣੀਆਂ ਕੌਲੀਆਂ ਬਣੀਆਂ ਹੋਈਆਂ ਹਨ। ਫੁੱਲ ਬੜੀ ਹੀ ਸੁਹਣੀ ਅੱਖ ਨਾਲ ਸਾਡੇ ਵਲ ਤੱਕ ਰਿਹਾ ਹੈ। ਇਸ ਨੂੰ ਸਾਡੀ ਦੇਸੀ ਬੋਲੀ ਵਿਚ ਪੀਲਾ ਨਰਗਸ ਕਹਿੰਦੇ ਹਨ।

ਇਕ ਕੌਲੀ ਵਿਚ ਕੁਦਰਤ ਵਲੋਂ ਦੂਜੀ ਛੋਟੀ ਕੌਲੀ ਰੱਖਣੀ ਬੜੀ ਹੀ ਅਦਭੁਤ ਲੀਲਾ ਹੈ। ਦੋਹਾਂ ਸੁੰਦਰ ਕੌਲੀਆਂ ਦੇ ਰੰਗ ਵੀ ਵਖੋ ਵੱਖਰੇ ਹਨ। ਇਕ ਹਲਕਾ ਪੀਲਾ ਤੇ ਦੂਜਾ ਹਲਦੀ ਰੰਗਾ, ਗੂਹੜਾ।

ਇਸ ਫੁੱਲ ਦਾ ਕੱਦ ਬੁੱਤ ਕੋਈ ਬਹੁਤਾ ਵੱਡਾ ਨਹੀਂ ਹੈ, ਸਾਡੇ ਗੇਂਦੇ ਵਰਗਾ ਹੈ ਬਣਤਰ ਲਗ ਪਗ ਕਾਸਣੀ ਦੇ ਫੁੱਲ ਵਾਂਗ ਲੰਬੂਤਰੀ ਹੈ। ਕਾਸਣੀ ਦਾ ਫੁੱਲ—ਜੋ ਭਾਦੋਂ ਜਿਹੀ ਵਿਚ ਵਾੜਾਂ ਉਤੇ ਆਪੇ ਹੀ ਉੱਗ ਆਉਂਦਾ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਰਡਜ਼ਵਰਥ ਦੀ ਕਵਿਤਾ ... ਇਕ ਪਹਾੜੀ ਉਤੇ ਬੇਸ਼ੁਮਾਰ ਡੈਫ਼ੋਡਿਲਾਂ ਬਾਰੇ ਹੈ। ਪਰ ਮੈਂ ਇਸ ਫੁੱਲ ਨੂੰ ਕਿਊ ਗਾਰਡਨ ਵਿਚ ਤੱਕਿਆ ਸੀ। ਕਿਊ ਗਾਰਡਨ ਲੰਡਨ ਦਾ ਇਕ ਬਹੁਤ ਪ੍ਰਸਿੱਧ ਬਾਗ਼ ਹੈ ਜਿਸ ਦੇ ਪਿਛੇ ਜਾਣ ਬੁੱਝ ਕੇ ਜੰਗਲ ਛੱਡਿਆ ਹੋਇਆ ਹੈ। ਇਸ ਜੰਗਲ ਦੇ ਝੁੰਡਾਂ ਵਿਚ, ਡੈਫ਼ੋਡਿਲ, ਇਕ ਪਾਸੇ ਜਿਹੇ, ਇਕੱਲਾ ਹੀ ਖਲੋਤਾ ਸੀ ਤੇ ਅੱਜ ਵੀ ਵਰਡਜ਼ਵਰਥ ਵਰਗੀ ਅੱਖ ਨੂੰ ਤਾਂਘ ਰਿਹਾ ਸੀ। ਨਿਰਸੰਦੇਹ ਸੁਹੱਪਣ ਨੂੰ ਵੀ ਕਵੀ ਦੀ ਲੋੜ ਹੁੰਦੀ ਹੈ। ਕਵੀਆਂ ਬਿਨਾਂ ਸੁਹੱਪਣ ਦਾ ਪ੍ਰਗਟਾਵਾ ਕੌਣ ਕਰ ਸਕਦਾ ਹੈ?

ਇੰਗਲੈਂਡ ਵਿਚ ਖਾਣ ਪੀਣ ਦੀਆਂ ਚੀਜ਼ਾਂ ਵਿਚ ਮਿਲਾਵਟ ਨਹੀਂ। ਰਾਜ-ਪ੍ਰਬੰਧ ਚੰਗਾ ਹੈ। ਪੁਲੀਸ ਵੀ ਕਾਫ਼ੀ ਚੰਗੀ ਹੈ। ਸੜਕਾਂ ਬਹੁਤ ਹੀ ਚੰਗੀਆਂ ਹਨ। ਅਸੀਂ ਇਹਨਾਂ ਸਭਨਾਂ ਵਿਚ ਹੀ ਕਾਫ਼ੀ ਤੋਂ ਵੱਧ ਪਿਛੇ ਹਾਂ।

ਸਾਡੀ ਸਭ ਤੋਂ ਵੱਡੀ ਸੜਕ ਜੀ. ਟੀ. ਰੋਡ (Grand Trunk Road, ਸੜਕੇ-ਆਜ਼ਮ, ਜਰਨੈਲੀ ਸੜਕ) ਅਖਵਾਂਦੀ ਹੈ। ਪਰ ਇੰਗਲੈਂਡ ਦੀਆਂ ਸੜਕਾਂ ਅੱਗੇ ਸਾਡੀ ਸਭ ਤੋਂ ਵੱਡੀ ਸੜਕ, ਜੀ. ਟੀ. ਰੋਡ, ਕੁਝ ਵੀ ਨਹੀਂ। ਲੰਮੀ, ਠੀਕ, ਇਹ ਬਹੁਤੀ ਹੈ, ਪਰ ਨਾ ਇਹ ਉਨੀ ਖੁਲ੍ਹੀ ਹੈ, ਨਾ ਪੱਕੀ ਹੈ, ਨਾ ਸੁਹਣੀ ਹੈ। ਮੈਨੂੰ ਤਾਂ ਹੁਣ ਇਸ ਸੜਕ ਨੂੰ, ਸੱਚੀ ਗੱਲ ਹੈ, ਜੀ. ਟੀ. ਰੋਡ ਆਖਣੋ ਝਿਜਕ ਲਗਦੀ ਹੈ। ਕਿਉਂਕਿ ਇਸ ਨੂੰ ਵੱਡੀ ਜਾਂ ਮਹਾਨ ਜਾਂ ਸ਼ਾਹੀ ਸੜਕ ਹੋਣ ਲਈ ਜਿਸ ਚੀਜ਼ ਦੀ ਲੋੜ ਹੈ, ਉਹ ਇਸ ਤੋਂ ਕੋਹਾਂ ਦੂਰ ਹੈ। ਹਾਦਸਿਆਂ ਦੇ ਪਖੋਂ ਇਹ ਜ਼ਰੂਰ ਸ਼ਾਹੀ ਜਾਂ ਵੱਡੀ ਹੈ। ਅੰਮ੍ਰਿਤਸਰ ਤੋਂ ਦਿੱਲੀ ਤੀਕਰ ਇਕ ਦਿਨ ਵਿਚ ਪੰਜ ਕੁ ਹਾਦਸੇ ਨਜ਼ਰ ਆ ਜਾਣੇ ਬਹੁਤੇ ਨਹੀਂ। ਹਾਦਸੇ ਵੀ ਬਹੁਤ ਕਰ ਕੇ ਸਿੱਧੀ ਟੱਕਰ ਦੇ ਹੁੰਦੇ ਹਨ ਤੇ ਆਮ ਕਰ ਕੇ ਛੱਤਾਂ ਹੇਠ ਤੇ ਪਹੀਏ ਉੱਪਰ ਹੁੰਦੇ ਹਨ। ਇੰਗਲੈਂਡ ਵਿਚ ਹਾਦਸਿਆਂ ਦੀ ਗਿਣਤੀ ਬੜੀ ਹੀ ਥੋੜੀ ਹੈ। ਦੂਹਰੀਆਂ ਸੜਕਾਂ ਹੋਣ ਕਾਰਨ ਹਾਦਸਿਆਂ ਵਿਚ ਸਿੱਧੀ ਟੱਕਰ ਬਹੁਤ ਹੀ ਘੱਟ ਹੁੰਦੀ ਹੈ।

ਪੁਲਸ ਦਾ ਰਵੱਈਆ ਬਹੁਤ ਸੁਹਜ-ਭਰਿਆ ਹੁੰਦਾ ਹੈ। ਘਟੋ ਘਟ ਇਨਸਾਨ ਨੂੰ ਇਨਸਾਨ ਸਮਝਿਆ ਜਾਂਦਾ ਹੈ। ਸਾਡੀ ਪੁਲਸ ਹਊਆ ਹੈ। ਸਾਡੀ ਪੁਲੀਸ ਨੂੰ ਦੇਖਦਿਆਂ ਹੀ ਸਹਿਮ ਜਿਹਾ ਛਾ ਜਾਂਦਾ ਹੈ। ਇੰਗਲੈਂਡ ਦੀ ਪੁਲਸ ਕਾਫ਼ੀ ਹੱਦ ਤਕ ਸੇਵਾ-ਭਾਵਨਾ ਵਾਲੀ ਹੈ।

ਸਾਡੀ ਦਫ਼ਤਰਸ਼ਾਹੀ ਨਾਲੋਂ ਇੰਗਲੈਂਡ ਦੀ ਦਫ਼ਤਰਸ਼ਾਹੀ ਵਿਚ ਵੀ ਕਾਫ਼ੀ ਤੋਂ ਵੱਧ ਸਿਫ਼ਤਾਂ ਹਨ। ਸਾਡਾ ਕੰਮ ਕੁਝ ਹੱਦ ਤੋਂ ਵੱਧ ਹੀ ਪਤਨ ਨੂੰ ਪਹੁੰਚਿਆ ਹੋਇਆ ਹੈ।

ਲਾਲ ਫ਼ੀਤਾਸ਼ਾਹੀ, ਰਿਸ਼ਵਤ, ਭ੍ਰਿਸ਼ਟਾਚਾਰ ਸਾਡੇ ਹੱਦ ਤੋਂ ਵੱਧ ਹੈ। ਇੰਗਲੈਂਡ ਵਿਚ ਵੀ ਇਹਨਾਂ ਸਭ ਦਾ ਹੋਣਾ ਬੜਾ ਜ਼ਰੂਰੀ ਹੈ, ਕਿਉਂਕਿ ਆਖ਼ਿਰ ਢਾਂਚਾ ਤਾਂ ਇੰਗਲੈਂਡ ਦਾ ਪੂੰਜੀਵਾਦੀ ਹੈ, ਪਰ ਸਾਡੇ ਇਹਨਾਂ ਦੀ ਸ਼ਕਲ ਬੜੀ ਘਿਨਾਉਣੀ ਅਤੇ ਰੁੱਖੀ ਹੈ ਤੇ ਇਹਨਾਂ ਨੇ ਸਾਡੇ ਆਮ ਜੀਵਨ ਨੂੰ ਗੰਧਲਾ ਕੀਤਾ ਹੋਇਆ ਹੈ। ਕੀ ਕੋਈ ਉੱਚ ਅਧਿਕਾਰੀ ਤੇ ਕੀ ਕੋਈ ਛੋਟਾ ਕਰਮਚਾਰੀ, ਸਭਨਾਂ ਵਿਚ ਹੀ ਇਹਨਾਂ ਰੋਗਾਂ ਦੇ ਘੱਟ ਜਾਂ ਵੱਧ ਕੀਟਾਣੂ ਹਨ।

ਸਾਡੇ ਕਿਸੇ ਵੀ ਦਫ਼ਤਰ ਵਿਚ ਪਰਜਾ ਵਲ ਵਤੀਰਾ ਮਿੱਤਰ-ਭਾਵਨਾ ਵਾਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੈ, ਦ੍ਵੈਤ-[illegible], ਮੁਖ਼ਾਲਿਫ਼ ਹੋਈਏ। ਸਾਡਾ ਦਫ਼ਤਰ ਹਰ ਸ਼ਹਿਰੀ ਨੂੰ ਪੈਰੋਂ ਕੱਢਣਾ ਚਾਹੁੰਦਾ ਤੇ ਉਸ ਦੇ ਪੱਲੇ ਵੱਧ ਤੋਂ ਵੱਧ ਨਿਰਾਸਤਾ ਪਾਉਣੀ ਚਾਹੁੰਦਾ ਹੈ। ਇੰਗਲੈਂਡ ਦਾ ਦਫ਼ਤਰ ਇਸ ਗੱਲੋਂ ਪ੍ਰਸ਼ੰਸਾ ਦਾ ਹੱਕਦਾਰ ਹੈ।

ਏਥੇ ਇਕ ਮਿਸਾਲ ਨਾਲ ਮੈਂ ਟਾਕਰਾ ਕਰਨਾ ਚਾਹੁੰਦਾ ਹਾਂ। ਇਕ ਵਾਰ ਮੈਨੂੰ ਇਕ ਵਜ਼ੀਰ ਨਾਲ ਕੁਝ ਕੰਮ ਪਿਆ ਤੇ ਮੇਰਾ ਕੰਮ ਕੀਤਾ ਗਿਆ। ਦਸਖ਼ਤਾਂ ਦੇ ਹੇਠਾਂ ਵਜ਼ੀਰ ਦੀ ਮੋਹਰ ਲਗਣੀ ਸੀ ਜੋ ਦੂਜੇ ਕਮਰੇ ਵਿਚ ਸੀ। ਮੈਨੂੰ ਆਪ ਹੀ ਇਹ ਮੋਹਰ ਲਗਵਾ ਲੈਣ ਲਈ ਕਿਹਾ ਗਿਆ।

ਸਮਾਂ ਪੰਜ ਤੋਂ ਉਤੇ ਸੀ। ਕਲਰਕ ਸਭ ਜਾ ਚੁੱਕੇ ਸਨ, ਪਰ ਸੈਕਟਰੀ ਸਾਹਿਬ ਬੈਠੇ ਸਨ ਤੇ ਮੋਹਰਾਂ ਬਾਹਰ ਹੀ ਪਈਆਂ ਸਨ। ਪਰ ਸੈਕਟਰੀ ਸਾਹਿਬ ਨੇ ਆਖਿਆ ਕਿ ਮੋਹਰ ਨਹੀਂ ਲਗ ਸਕੇਗੀ, ਕਲਰਕ ਚਲਿਆ ਗਿਆ ਹੈ ਤੇ ਮੋਹਰ ਉਸ ਨੇ ਲਾਉਣੀ ਹੈ। ਮੈਂ ਆਖਿਆ, ਇਹ ਮੋਹਰ ਮੈਂ ਆਪਣੇ ਆਪ ਲਾ ਲੈਂਦਾ ਹਾਂ। ਨਹੀਂ, ਉਹਨਾਂ ਨੇ ਆਖਿਆ, ਇਹ ਤੁਸੀਂ ਨਹੀਂ ਲਾ ਸਕੋਗੇ, ਕਿਉਂਕਿ ਤੁਹਾਨੂੰ ਹੱਕ ਨਹੀਂ। ਮੈਂ ਆਖਿਆ, ਤਾਂ ਫੇਰ ਤੁਸੀਂ ਆਪਣੇ ਹੱਥ ਨਾਲ ਲਾ ਦਿਓ। ਨਹੀਂ, ਉਹਨਾਂ ਦਾ ਉੱਤਰ ਸੀ, ਇਹ ਕਲਰਕ ਦਾ ਕੰਮ ਹੈ, ਮੇਰੀ ਡਿਊਟੀ ਨਹੀਂ ਹੈ। ਖ਼ੈਰ, ਬੜੇ ਹੀ ਝਗੜੇ ਅਤੇ ਜਤਨ ਨਾਲ ਇਹ ਮੋਹਰ ਲਗੀ। ਵਜ਼ੀਰ ਦਾ ਪੀ. ਏ. ਆਇਆ ਤੇ ਉਸ ਨੇ ਆਪ ਇਹ ਮੋਹਰ ਲਾਈ। ਸੈਕਟਰੀ ਸਾਹਿਬ ਦੀ ਗਰਦਨ ਉਵੇਂ ਹੀ ਸਿੱਧੀ ਆਕੜੀ ਰਹੀ ਸੀ।

ਦੂਜੀ ਗੱਲ ਇੰਗਲੈਂਡ ਦੀ ਹੈ। ਵਾਪਸ ਆਉਣ ਵੇਲੇ ਮੈਂ ਟੀਕੇ ਆਦਿ ਲਗਵਾਏ ਸਨ ਤੇ ਇਹਨਾਂ ਦੇ ਸਰਟੀਫ਼ੀਕੇਟ ਉਤੇ ਕੌਂਸਲ ਦੀ ਮੋਹਰ ਲਗਣੀ ਸੀ। ਸ਼ਹਿਰ ਵਿਚ ਡਿਸਪੈਂਸਰੀ ਅਤੇ ਕੌਂਸਲ ਵਿਚ ਕੁਝ ਵਿੱਥ ਸੀ। ਪੰਜ ਵਜਣ ਹੀ ਵਾਲੇ ਸਨ। ਜਦ ਮੈਂ ਦਫ਼ਤਰ ਪੁੱਜਾ ਤਾਂ ਪੰਜ ਵਜ ਕੇ ਇਕ ਦੋ ਮਿੰਟ ਉਤੇ ਹੀ ਹੋ ਚੁੱਕੇ ਸਨ ਤੇ ਕਰਮਚਾਰੀ ਮੁੰਡੇ ਕੁੜੀਆਂ ਹੇਠਾਂ ਉਤਰ ਰਹੇ ਸਨ। ਖ਼ੈਰ, ਮੈਂ ਉੱਪਰ ਚਲਾ ਗਿਆ, ਇਹ ਸੋਚ ਕਿ ਸ਼ਾਇਦ ਕੋਈ ਬੰਦਾ ਅਜੇ ਵੀ ਉੱਪਰ ਮਿਲ ਸਕੇ। ਜਦ ਮੈਂ ਉੱਪਰ ਪੁੱਜਾ ਤਾਂ ਇਕ ਬੜੀ ਹੀ ਚੰਗੀ ਅਤੇ ਪ੍ਰਭਾਵਸ਼ਾਲੀ ਜਿਹੀ ਔਰਤ ਸੀ ਜੋ ਆਪਣੇ ਹੱਥ ਨਾਲ ਤਾਲਾ ਮਾਰ ਕੇ ਹੇਠਾਂ ਆਉਣ ਹੀ ਲਗੀ ਸੀ। ਉਸ ਨੇ ਮੈਨੂੰ ਦੇਖ ਕੇ ਕਿਹਾ : "ਓ—ਹੋ ! ਤੁਸੀਂ ਲੇਟ ਹੋ ਗਏ। ਹੁਣ ਤਾਂ ਸਭ ਜਾ ਚੁੱਕੇ ਹਨ। ਖ਼ੈਰ, ਮੈਂ ਕੋਸ਼ਿਸ਼ ਕਰਦੀ ਹਾਂ। ਮੋਹਰ ਹੋਈ ਤਾਂ ਲਾਵਾਂਗੀ।" ਉਸ ਨੇ ਤਾਲਾ ਖੋਹਲਿਆ, ਦਫ਼ਤਰ ਅੰਦਰ ਗਈ ਤੇ ਮੋਹਰ ਢੂੰਡਣ ਲਗ ਪਈ। ਪਰ ਮੋਹਰ ਉਸ ਨੂੰ ਮਿਲੀ ਨਹੀਂ। ਜਿਸ ਦੀ ਇਹ ਡਿਊਟੀ ਸੀ, ਉਸ ਨੇ ਮੋਹਰ ਤਾਲੇ ਅੰਦਰ ਕਿਧਰੇ ਰੱਖੀ ਹੋਈ ਸੀ ਤੇ ਚਾਬੀ ਉਸ ਦੇ ਕੋਲ ਹੀ ਸੀ। ਬੜੇ ਹੀ ਚੰਗੇ ਸ਼ਬਦਾਂ ਵਿਚ ਉਸ ਨੇ ਮੈਨੂੰ ਆਖਿਆ : "ਮੁਆਫ਼ ਕਰਨਾ, ਤੁਹਾਨੂੰ ਕਲ੍ਹ ਤਕਲੀਫ਼ ਕਰਨੀ ਪਵੇਗੀ। ਮੈਂ ਬਹੁਤ ਢੂੰਡ ਕੀਤੀ ਹੈ, ਪਰ ਮੋਹਰ ਕਿਤੇ ਮਿਲੀ ਹੀ ਨਹੀਂ। ਜਿਸ ਦੀ ਇਹ ਡਿਊਟੀ ਹੈ, ਸ਼ਾਇਦ ਉਸ ਨੇ ਮੋਹਰ ਕਿਧਰੇ ਤਾਲੇ ਵਿਚ ਰਖ ਦਿਤੀ ਹੈ। ਖ਼ੈਰ, ਤੁਸੀਂ ਕਲ੍ਹ ਸਵੇਰੇ ਆਉਣ ਦੀ ਤਕਲੀਫ਼ ਕਰਨੀ।"

ਦੇਖੋ, ਕਿੰਨਾ ਫ਼ਰਕ ਹੈ ਇੰਗਲੈਂਡ ਅਤੇ ਹਿੰਦੋਸਤਾਨ ਦੀਆਂ ਕੌਮਾਂ ਦੇ ਕਿਰਦਾਰਾਂ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ! ਕੀ ਇਹ ਫ਼ਰਕ ਥੋੜਾ ਹੈ ? ਮੇਰੀ ਜਾਚੇ ਧਰਤੀ ਅਤੇ ਆਕਾਸ਼ ਜਿੰਨਾ ਫ਼ਰਕ ਹੈ ਇਹ ।

ਨਿਰਸੰਦੇਹ, ਰਾਜ-ਪ੍ਰਬੰਧ ਕਿਸੇ ਕੌਮ ਦੀਆਂ ਸੋਚਾਂ ਅਤੇ ਵਿਚਾਰਾਂ ਦਾ ਸ਼ੀਸ਼ਾ ਹੁੰਦਾ ਹੈ, ਤੇ ਕਿਸੇ ਕੌਮ ਦਾ ਚਾਲ ਚਲਨ ਵੀ ਇਸ ਵਿਚ ਨਜ਼ਰ ਆ ਜਾਂਦਾ ਹੈ । "ਯਥਾ ਰਾਜਾ ਤਥਾ ਪਰਜਾ" ਜਿਵੇਂ ਇਹ ਗੱਲ ਸਹੀ ਹੈ, ਉਵੇਂ ਹੀ ਇਹ ਵੀ ਸਹੀ ਹੈ ਕਿ ਜਿਹੋ ਜਿਹੀ ਪਰਜਾ ਹੁੰਦੀ ਹੈ, ਉਹੋ ਜਿਹਾ ਹੀ ਉਸ ਪਰਜਾ ਦਾ ਰਾਜ-ਪ੍ਰਬੰਧ ਵੀ ਹੁੰਦਾ ਹੈ । ਪਰਜਾ ਨੂੰ ਵੀ ਆਪਣਾ ਆਪ ਕੁਝ ਉੱਚਾ ਚੁੱਕਣਾ ਚ ਹੀਦਾ ਹੈ ।

ਨਿਰਸੰਦੇਹ, ਅੰਗਰੇਜ਼ ਕੌਮ ਬੜੀ ਮੁਹੱਜ਼ਬ ਕੌਮ ਹੈ । ਸਾਰਾ ਦਿਨ ਹੀ "ਥੈਂਕਿਊ" ਅਤੇ "ਸੌਰੀ" ਹੁੰਦੀ ਰਹਿੰਦੀ ਹੈ । ਥੈਂਕਿਊ, ਸੌਰੀ, ਮੁਸਕਰਾ ਕੇ ਮਿਲਣਾ, ਅਤੇ ਹੌਲੀ ਬੋਲਣਾ, ਇਹ ਸਾਰਾ ਕੁਝ ਅੰਗਰੇਜ਼ ਕੌਮ ਦੀ ਗੁੜ੍ਹਤੀ ਵਿਚ ਹੀ ਸ਼ਾਮਿਲ ਹੈ ।

ਅੰਗਰੇਜ਼ਾਂ ਦੀ ਮੈਂ ਹੌਲੀ ਬੋਲਣ ਦੀ ਕਾਫ਼ੀ ਸਿਫ਼ਤ ਕੀਤੀ ਹੈ । ਪਰ ਕਦੇ ਕਦੇ ਅੰਗਰੇਜ਼ ਲੋਕ ਵੀ ਹੁੱਲੜਬਾਜ਼ੀ ਕਰਦੇ ਅਤੇ ਚੀਖ਼ ਚਿਹਾੜਾ ਪਾਉਂਦੇ ਹਨ । ਖ਼ਾਸ ਕਰ ਕੇ ਮੈਚਾਂ ਵੇਲੇ ਬਹੁਤ ਹੁੱਲੜ ਹੁੰਦਾ ਹੈ । ਮੈਚ ਹੋਏ, ਫ਼ਸਾਦ ਹੋਏ, ਅਜਿਹੇ ਸਮੇਂ ਅੰਗਰੇਜ਼ ਕੌਮ ਵੀ ਕਿਸੇ ਤੋਂ ਪਿਛੇ ਨਹੀਂ ਹੈ । ਕਿਤੇ ਮੈਚ ਹੁੰਦੇ ਹਨ ਤਾਂ ਨੇੜੇ ਤੇੜੇ ਦੀਆਂ ਸਭ ਸਟਰੀਟਾਂ ਪੁਲਸ ਨਾਲ ਭਰ ਜਾਂਦੀਆਂ ਹਨ । ਕਿਉਂਕਿ ਵਾਪਸ ਮੁੜਨ ਵੇਲੇ ਕਈ ਵਾਰ ਅੰਗਰੇਜ਼ ਮੁੰਡੇ ਹਰ ਕਿਸੇ ਦੇ ਘਰ ਦੇ ਸ਼ੀਸ਼ੇ ਭੰਨਣੇ ਸ਼ੁਰੂ ਕਰ ਦਿੰਦੇ ਹਨ । ਤਾਂ ਵੀ, ਹੌਲੀ ਬੋਲਣ ਦੀ ਸਿਫ਼ਤ ਅੰਗਰੇਜ਼ ਦੀ ਵੱਡੀ ਸਿਫ਼ਤ ਹੈ । ਇਹ ਤਾਂ ਪਸ਼ੂਪਣ ਹੈ ਜੋ ਕਦੇ ਕਦੇ ਕਿਸੇ ਵਿਚ ਵੀ ਆਪਣਾ ਸਿਰ ਚੁਕ ਸਕਦਾ ਹੈ । ਸਿਫ਼ਤ ਸਿਫ਼ਤ ਹੀ ਰਹਿੰਦੀ ਹੈ ।

ਨਿਰਸੰਦੇਹ, ਆਮ ਅੰਗਰੇਜ਼ ਬਹੁਤ ਹੀ ਭੋਲੇ ਭਾਲੇ ਹਨ । ਕੱਪੜੇ ਚੰਗੇ ਹੁੰਦੇ ਹਨ, ਪਰ ਸਿਲੇ ਹੋਏ ਚੰਗੇ ਨਹੀਂ ਹੁੰਦੇ । ਕਈ ਵਾਰ ਤਾਂ ਬਹੁਤੇ ਕੱਪੜੇ ਸਹੀ ਮੇਚ ਵੀ ਹੁੰਦੇ ਨਹੀਂ । ਕਮੀਜ਼ ਦਾ ਕਫ਼ ਕੋਟ ਤੋਂ ਇੰਚ ਕੁ ਬਾਹਰ ਹੋਣਾ ਚਾਹੀਦਾ ਹੈ, ਪਰ ਸਾਰਾ ਕਫ਼ ਵੀ ਬਾਹਰ ਹੋਵੇ ਤਾਂ ਉਹਨਾਂ ਲਈ ਇਹ ਠੀਕ ਹੀ ਹੈ । ਇਸ ਗੱਲੋਂ ਅੰਗਰੇਜ਼ ਕਾਫ਼ੀ ਆਲੇ ਮੌਲੇ ਜਿਹੇ ਵੀ ਹਨ । ਅਸਲ ਵਿਚ ਇਹ ਮਿਹਨਤਕਸ਼ ਤੇ ਸਿੱਧੇ ਸਾਦੇ ਅੰਗਰੇਜ਼ ਹਨ । ਰਾਜ, ਤਰਖਾਣ, ਮੋਚੀ, ਨਾਈ, ਗਧੇ ਹੱਕਣ ਵਾਲੇ ਤੇ ਘੋੜਾ ਗੱਡੀ ਜੋਹਣ ਵਾਲੇ, ਫ਼ੈਕਟਰੀਆਂ ਦੇ ਵਰਕਰ, ਮਛੇਰੇ, ਕਿਸਾਨ । ਅਜਿਹੇ ਲੋਕ ਸਿੱਧੇ ਸਾਦੇ ਤੇ ਆਲੇ ਮੌਲੇ ਹੀ ਹੁੰਦੇ ਹਨ ।

ਮੇਮਾਂ ਸਭੇ ਸੁਹਣੀਆਂ ਜਾਂ ਸਭੇ ਪਰੀਆਂ ਨਹੀਂ ਹੁੰਦੀਆਂ, ਬਸ ਜਿਵੇਂ ਦੁਨੀਆਂ ਵਿਚ ਹੀ ਆਮ ਔਰਤਾਂ ਹੁੰਦੀਆਂ ਹਨ, ਉਵੇਂ ਹੀ ਮੇਮਾਂ ਹੁੰਦੀਆਂ ਹਨ । ਮੇਮਾਂ ਨਾਲੋਂ ਆਮ ਪੰਜਾਬੀ ਔਰਤ ਬਹੁਤੀ ਸੁਹਣੀ ਹੈ । ਕਾਲੇ ਕੇਸ, ਕਾਲੀਆਂ ਅੱਖਾਂ, ਨੈਣ ਨਕਸ਼ ਤਿੱਖੇ ਤੇ ਸੁਹਣੇ । ਠੀਕ ਹੈ, ਮੇਮਾਂ ਦਾ ਰੰਗ ਗੋਰਾ ਜਾਂ ਚਿੱਟਾ ਹੁੰਦਾ ਹੈ, ਪਰ ਚਿੱਟਾ ਰੰਗ ਇਕੱਲਾ ਹੀ ਸੁਹੱਪਣ ਦੀ ਨਿਸ਼ਾਨੀ ਨਹੀਂ ।

ਅਸੀਂ ਹਿੰਦੋਸਤਾਨ ਵਿਚ ਅੰਗਰੇਜ਼ ਦੇ ਰਾਜ ਵੇਲੇ ਜਿਹੜੀਆਂ ਮੇਮਾਂ ਦੇਖੀਆਂ ਹੋਈਆਂ ਹਨ, ਉਹ ਬਹੁਤ ਸੁਹਣੀਆਂ ਹੁੰਦੀਆਂ ਸਨ । ਪਰ ਉਹ ਮੇਮਾਂ ਹੋਰ ਸਨ । ਉਹ ਸ਼ਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਖ਼ਾਨਦਾਨਾਂ ਦੀਆਂ ਰਾਣੀਆਂ ਮਲਿਕਾਵਾਂ ਸਨ । ਪਰ ਇਹ ਮੇਮਾਂ ਕਿਰਤਣਾਂ, ਘਰਿਸਤਣਾਂ, ਘਰ ਬਾਰਨਾਂ, ਬੱਚੇ ਪਾਲਣ ਵਾਲੀਆਂ ਤੇ ਬੱਚਿਆਂ ਸਣੇ ਭੱਜ ਭੱਜ ਕੇ ਬੱਸਾਂ ਫੜਨ ਵਾਲੀਆਂ ਹਨ । ਇਕ ਬੱਚਾ ਗੋਦੀ ਹੈ, ਇਕ ਉਂਗਲੀ ਲਗਾ ਹੈ, ਕੋਲ ਇਕ ਪਰਾਮ ਹੈ । ਪਰਾਮ ਅਤੇ ਬੱਚਿਆਂ ਸਣੇ ਪਹਿਲਾਂ ਬੱਸ ਵਿਚ ਚੜ੍ਹਨਾ ਤੇ ਫੇਰ ਅੱਗੇ ਲਹਿਣਾ ਹੈ । ਇਹ ਉਹ ਅੰਗਰੇਜ਼ ਹੈ ਜਿਸ ਨੂੰ ਅਸੀਂ ਆਪਣੇ ਮਿਹਨਤਕਸ਼ਾਂ ਦਾ ਸਾਥੀ ਕਹਿੰਦੇ ਹਾਂ ।

ਇੰਗਲੈਂਡ ਅਤੇ ਭਾਰਤ ਦੋ ਮਹਾਨ ਦੇਸ਼ ਜਾਂ ਕੌਮਾਂ ਹਨ । ਨਿਰਸੰਦੇਹ ਦੋਹਾਂ ਵਿਚ ਹੀ ਗੁਣ ਅਤੇ ਚੰਗਿਆਈਆਂ ਹਨ । ਸਾਨੂੰ, ਬੜੇ ਹੀ ਖੁਲ੍ਹੇ ਦਿਲ ਨਾਲ, ਇਕ ਦੂਜੇ ਦੀਆਂ ਚੰਗੀਆਂ ਗੱਲਾਂ ਗ੍ਰਹਿਣ ਕਰ ਲੈਣੀਆਂ ਚਾਹੀਦੀਆਂ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# "ਪਾਕਿਸਤਾਨੀ ਹਾਈ ਕਮਿਸ਼ਨਰ"

ਇੰਗਲੈਂਡ ਵਿਚ ਇਕ ਸੱਜਣ ਐਸ. ਐਸ. ਚੀਫ਼ ਜੀ ਹਨ। ਇਹ ਪੰਜਾਬੀ ਦੇ ਕਵੀ ਵੀ ਹਨ। ਪੰਜਾਬ ਵਿਚ ਉਹ ਬੜਾ ਪਿੰਡ, ਜਲੰਧਰ, ਦੇ ਰਹਿਣ ਵਾਲੇ ਹਨ। ਕਾਵੈਂਟਰੀ ਵਿਚ ਉਹਨਾਂ ਨੇ ਇਕ ਸਭਿਆਚਾਰਕ ਸੰਸਥਾ "ਪੰਜਾਬ ਨੌਜਵਾਨ ਸਭਾ (ਸਾਹਿਤ ਅਤੇ ਸੰਗੀਤ)" ਦੀ ਸਥਾਪਨਾ ਕੀਤੀ ਹੋਈ ਹੈ। ਇਕ ਦੋ ਸੱਜਣ ਹੋਰ ਵੀ ਹਨ ਜੋ ਉਹਨਾਂ ਦਾ ਸਾਥ ਦਿੰਦੇ ਹਨ। ਇਸ ਅਧੀਨ ਉਹ ਸਮੇਂ ਸਮੇਂ ਕੋਈ ਨਾ ਕੋਈ ਸਾਹਿਤਕ ਜਾਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਰਹਿੰਦੇ ਹਨ। ਇਹਨਾਂ ਵਿਚ ਗੀਤ ਸੰਗੀਤ, ਕਈ ਹਸਾਉਣੇ ਟੋਟਕੇ ਤੇ ਕਵੀ ਦਰਬਾਰ ਵੀ ਸ਼ਾਮਿਲ ਹਨ।

ਇਸੇ ਤਰ੍ਹਾਂ ਦਾ ਇਕ ਸਮਾਗਮ ਚੀਫ਼ ਸਾਹਿਬ ਨੇ ੪ ਜਨਵਰੀ, ੧੯੭੫ ਨੂੰ ਕਾਵੈਂਟਰੀ ਵਿਚ ਕੀਤਾ ਸੀ ਤੇ ਮੈਨੂੰ ਇਸ ਸਮਾਗਮ ਲਈ ਉਚੇਚਾ ਸੱਦਿਆ ਗਿਆ ਸੀ। ਇਸ ਸਮਾਗਮ ਦਾ ਕੇਂਦਰੀ ਧੁਰਾ ਇਕ ਹਸਾਉਣੀ ਝਾਕੀ ਸੀ।

੪ ਜਨਵਰੀ, ੧੯੭੫ ਦੀ ਸੁਹਣੇਰੀ ਸ਼ਾਮ, ਕਾਵੈਂਟਰੀ ਵਿਚ, ਇਹ ਸਮਾਗਮ, ਕੋਰਟ ਹਾਊਸ ਇਨ ਪੱਬ ਦੇ ਵੱਡੇ ਹਾਲ ਵਿਚ ਹੋਇਆ ਸੀ। ਇਹ ਸਮਾਗਮ ਅਸਲ ਵਿਚ ਇਕ ਆਪਸੀ ਜਿਹੀ ਦਾਅਵਤ ਸੀ। ਸੌ ਕੁ ਮਰਦ ਔਰਤਾਂ ਸਨ ਜੋ ਇਸ ਲਈ ਸੱਦੇ ਗਏ ਸਨ। ਖ਼ਰਚ ਆਪੋ ਆਪਣਾ ਸੀ। ਇਹ ਛੋਟੀ ਜਿਹੀ ਇਕ ਮਿਲਣੀ ਸੀ। ਗੀਤ ਸੰਗੀਤ ਦਾ ਪ੍ਰੋਗਰਾਮ ਉਚੇਚਾ ਰਖਿਆ ਗਿਆ ਸੀ।

ਮੈਨੂੰ ਆਖਿਆ ਗਿਆ ਸੀ ਕਿ ਮੈਂ ਇਸ ਸਮਾਗਮ ਵਿਚ ਮੁਖ ਮਹਿਮਾਨ ਹੋਵਾਂਗਾ। ਮੈਨੂੰ ਮੁਖ ਮਹਿਮਾਨ ਵਾਲੀ ਹੀ ਇੱਜ਼ਤ ਦਿਤੀ ਗਈ ਸੀ।

ਅੱਠ ਸਾਢੇ ਅੱਠ ਕੁ ਵਜੇ ਮੈਨੂੰ ਸੱਦਿਆ ਗਿਆ ਸੀ। ਜਿਸ ਸਮੇਂ ਮੈਂ ਪਹੁੰਚਿਆ ਤਾਂ ਮੈਨੂੰ ਬੜੇ ਸਲੀਕੇ ਨਾਲ ਪੱਬ ਵਿਚ ਲੈ ਜਾਇਆ ਗਿਆ। ਬਾਕੀ ਲੋਕੀ ਮੇਰੇ ਆਉਣ ਤੋਂ ਪਹਿਲਾਂ ਪਹੁੰਚੇ ਹੋਏ ਸਨ।

ਮੈਨੂੰ ਸਭ ਤੋਂ ਅੱਗੇ ਵਾਲੀ ਕੁਰਸੀ ਦਿਤੀ ਗਈ ਸੀ। ਸੱਜੇ ਪਾਸੇ ਦੋ ਕੁਰਸੀਆਂ ਖ਼ਾਲੀ ਰੱਖੀਆਂ ਗਈਆਂ ਸਨ। ਖੱਬੇ ਪਾਸੇ ਪੰਜਾਬੀ ਕਵੀ ਮਹਿੰਦਰ ਸਾਜਨ ਬੈਠੇ ਸਨ। ਇਹ ਚੀਫ਼ ਸਾਹਿਬ ਦੇ ਸਾਥੀ ਸਨ।

ਮੇਰੇ ਆਉਣ ਤੋਂ ਪਹਿਲਾਂ ਸਭੋ ਕੁਝ ਨਾ ਕੁਝ ਪੀ ਰਹੇ ਸਨ। ਮੇਰੇ ਅੱਗੇ ਵੀ ਬੀਅਰ ਦਾ ਗਲਾਸ ਰਖਿਆ ਗਿਆ ਸੀ। ਗੀਤ ਸੰਗੀਤ ਜਾਰੀ ਸੀ। ਕਲਾਕਾਰਾਂ ਦੀਆਂ ਦੋ ਕਿ ਤਿੰਨ ਟੋਲੀਆਂ ਸੱਦੀਆਂ ਹੋਈਆਂ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਦੋ ਗੀਤ ਹੋਏ ਤਾਂ ਚੀਫ਼ ਸਾਹਿਬ ਸਾਹਮਣੇ ਸਟੇਜ ਉਤੇ ਆਏ ਤੇ ਇਕ ਐਲਾਨ ਕਰਨ ਲਗੇ। ਉਹ ਐਲਾਨ ਇਹ ਸੀ ਕਿ ਉਹਨਾਂ ਦੀ ਇਸ ਮਹਿਫ਼ਲ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਹੁਣੇ ਹੀ ਆਉਣ ਵਾਲੇ ਹਨ। ਉਹਨਾਂ ਨੂੰ ਸੱਦਿਆ ਹੋਇਆ ਹੈ। ਉਹਨਾਂ ਨੇ ਬੜੀ ਹੀ ਖ਼ੁਸ਼ੀ ਨਾਲ ਉਹਨਾਂ ਦੇ ਦਾਅਵਤ ਨਾਮੇ ਦੀ ਪਰਵਾਨਗੀ ਦਿਤੀ ਹੋਈ ਹੈ।

ਮੈਨੂੰ ਇਸ ਐਲਾਨ ਨਾਲ ਬੜੀ ਹੀ ਖ਼ੁਸ਼ੀ ਹੋਈ ਸੀ। ਪਾਕਿਸਤਾਨ ਦਾ ਹਾਈ ਕਮਿਸ਼ਨਰ ਹੁਣੇ ਹੀ ਏਥੇ ਆਵੇਗਾ ਤੇ ਸਾਡੇ ਹਿੰਦੋਸਤਾਨੀਆਂ ਵਿਚ ਰਲ ਮਿਲ ਕੇ ਬੈਠੇਗਾ। ਯਕੀਨਨ ਸਾਡੀ ਮਹਿਫ਼ਲ ਦਾ ਮੱਯਾਰ ਉੱਚਾ ਹੋ ਜਾਵੇਗਾ। ਬਾਕੀ ਲੋਕ ਵੀ ਖ਼ੁਸ਼ ਸਨ। ਹਿੰਦੋਸਤਾਨ ਤੇ ਪਾਕਿਸਤਾਨ ਇਕੱਠੇ ਹੋ ਕੇ ਬਹਿੰਦੇ ਹਨ ਤਾਂ ਦੋਹਾਂ ਦੇਸਾਂ ਦੇ ਲੋਕਾਂ ਨੂੰ ਹੀ ਇਸ ਦੀ ਖ਼ੁਸ਼ੀ ਹੁੰਦੀ ਹੈ।

ਪਾਕਿਸਤਾਨੀ ਹਾਈ ਕਮਿਸ਼ਨਰ ਮੈਨੂੰ ਉਂਜ ਵੀ ਕਾਫ਼ੀ ਵੱਡੇ ਦਿਲ ਦਾ ਬੰਦਾ ਜਾਪਿਆ। ਇਹ ਛੋਟੀ ਜਿਹੀ ਇਕ ਮਹਿਫ਼ਲ ਸੀ, ਪਰ ਪਾਕਿਸਤਾਨੀ ਹਾਈ ਕਮਿਸ਼ਨਰ ਇਸ ਵਿਚ ਵੀ ਆ ਰਿਹਾ ਸੀ। ਇੰਗਲੈਂਡ ਵਿਚ, ਭਾਰਤੀ ਲੋਕ, ਭਾਰਤੀ ਹਾਈ ਕਮਿਸ਼ਨਰ ਬਾਰੇ ਆਮ ਆਖਦੇ ਰਹਿੰਦੇ ਹਨ ਕਿ ਉਹਨਾਂ ਨੂੰ ਆਪਣੇ ਹਾਈ ਕਮਿਸ਼ਨਰ ਦੇ ਘੱਟ ਹੀ ਦਰਸ਼ਨ ਹੁੰਦੇ ਹਨ। ਪਰ ਪਾਕਿਸਤਾਨੀ ਹਾਈ ਕਮਿਸ਼ਨਰ ਬੜੇ ਹੀ ਖੁਲ੍ਹੇ ਦਿਲ ਨਾਲ ਇਸ ਮਹਿਫ਼ਲ ਵਿਚ ਆ ਰਿਹਾ ਸੀ ਤੇ ਇਹ ਇਕ ਚੰਗੀ ਗੱਲ ਸੀ। ਨਿਰਸੰਦੇਹ ਇਹ ਉਸ ਦੀ ਆਪਣੀ ਜ਼ਾਤ ਦੀ ਉਚਿਆਈ ਵੀ ਸੀ।

ਤਦੇ ਥੋੜੀ ਦੇਰ ਸਗੋਂ ਚੀਫ਼ ਸਾਹਿਬ ਬਾਹਰ ਗਏ। ਪਾਕਿਸਤਾਨੀ ਹਾਈ ਕਮਿਸ਼ਨਰ ਬੂਹੇ ਉਤੇ ਪੁੱਜ ਗਏ ਸਨ।

ਪਾਕਿਸਤਾਨੀ ਹਾਈ ਕਮਿਸ਼ਨਰ ਹਾਲ ਵਿਚ ਪਧਾਰੇ ਤੇ ਸਾਰੇ ਲੋਕੀ ਖੜੇ ਹੋਏ। ਨਾਲ ਬੇਗਮ ਸਾਹਿਬਾ ਸਨ ਜੋ ਬੁਰਕੇ ਵਿਚ ਮਲਬੂਸ ਸਨ। ਮਾਹੌਲ ਬੜਾ ਸੰਜੀਦਾ ਅਤੇ ਪੁਰ-ਤਕੱਲੁਫ਼ ਹੋ ਗਿਆ ਸੀ।

ਹਾਈ ਕਮਿਸ਼ਨਰ ਸਾਹਿਬ ਅਤੇ ਉਹਨਾਂ ਦੀ ਬੇਗਮ ਸਾਹਿਬਾ, ਦੋਵੇਂ, ਮੇਰੇ ਸੱਜੇ ਹੱਥ ਦੀਆਂ ਦੋਹਾਂ ਕੁਰਸੀਆਂ ਉਤੇ ਬੈਠ ਗਏ। ਇਹ ਕੁਰਸੀਆਂ ਉਹਨਾਂ ਲਈ ਹੀ ਖ਼ਾਲੀ ਰੱਖੀਆਂ ਗਈਆਂ ਸਨ।

ਹਾਈ ਕਮਿਸ਼ਨਰ ਸਾਹਿਬ ਕੋਲ ਇਕ ਪ੍ਰਬੰਧਕ ਆਇਆ ਤੇ ਬੜੇ ਅਦਬ ਨਾਲ ਪੁੱਛਣ ਲਗਾ: "ਹਜ਼ੂਰ, ਆਪ ਕਿਆ ਪੀਏਂਗੇ?" ਹਾਈ ਕਮਿਸ਼ਨਰ ਸਾਹਿਬ ਬੋਲੇ: "ਐਨੀ ਥਿੰਗ।"

ਹਾਈ ਕਮਿਸ਼ਨਰ ਸਾਹਿਬ ਅੱਗੇ ਕੁਝ ਡਰਿੰਕਸ ਰੱਖੇ ਗਏ, ਅਤੇ ਉਹ ਨੋਸ਼ ਫ਼ਰਮਾਉਣ ਲਗੇ।

ਹਾਈ ਕਮਿਸ਼ਨਰ ਸਾਹਿਬ ਨਾਲ ਮੇਰੀ ਬੜੀ ਹੀ ਚੰਗੀ ਤਰ੍ਹਾਂ ਜਾਣ ਪਛਾਣ ਕਰਵਾਈ ਗਈ। ਅਸੀਂ ਹੱਥ ਮਿਲਾਏ ਤੇ ਇਕ ਦੂਜੇ ਨੂੰ ਆਖਿਆ: "ਮਿਲ ਕੇ ਬੜੀ ਖ਼ੁਸ਼ੀ ਹੋਈ ਹੈ।"

ਹਾਈ ਕਮਿਸ਼ਨਰ ਸਾਹਿਬ ਦੀ ਬੜੀ ਪੁਰ-ਵੱਕਾਰ ਸ਼ਖ਼ਸੀਅਤ ਸੀ। ਕਾਲੇ ਰੰਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਬੜਾ ਹੀ [illegible] ਦਾ ਸੂਟ ਸੀ ਤੇ ਵਾਲਾਂ ਵਾਲੀ ਕਿਸ਼ਤੀ ਟੋਪੀ ਸ਼ਾਨ ਨਾਲ ਪਹਿਨੀ ਹੋਈ ਸੀ। ਬੋਲੀ ਉਰਦੂ ਬੋਲਦੇ। ਰੁਅਬ ਦਾਬ ਵੀ ਬਹੁਤ ਸੀ। ਜਿਸਮ ਕਾਫ਼ੀ ਤਕੜਾ ਤੇ ਗਰਦਨ ਕਾਫ਼ੀ ਭਾਰੀ ਸੀ--ਜਿਵੇਂ ਕੋਈ ਨਵਾਬ ਜਾਂ ਜਾਗੀਰਦਾਰ ਸਰਦਾਰ ਹੋਵੇ। ਵਾਰ ਵਾਰ ਮੈਂ ਉਹਨਾਂ ਦੀ ਸ਼ਖ਼ਸੀਅਤ ਉਤੇ ਝਾਕਦਾ।

ਬੇਗਮ ਸਾਹਿਬਾ ਅਜੇ ਤਕ ਵੀ ਬੁਰਕੇ ਵਿਚ ਮਲਬੂਸ ਸਨ ਤੇ ਹੱਥ ਵੀ ਛੁਪੇ ਹੋਏ ਸਨ। ਥੋੜਾ ਜਿਹਾ ਸਿਰ ਵੀ ਉਹਨਾਂ ਦਾ ਸ਼ਰਮ ਨਾਲ ਝੁਕਿਆ ਹੋਇਆ ਸੀ।

ਇਕ ਦੋ ਗੀਤ ਉਚੇਚੇ ਹਾਈ ਕਮਿਸ਼ਨਰ ਸਾਹਿਬ ਲਈ ਗਾਏ ਗਏ। ਤਦੋਂ ਚੀਫ਼ ਸਾਹਿਬ ਨੇ ਸਟੇਜ ਉਤੇ ਆ ਕੇ ਕਿਹਾ: "ਤੁਹਾਨੂੰ ਸਭ ਨੂੰ ਇਹ ਜਾਣ ਕੇ ਬੜੀ ਹੀ ਖ਼ੁਸ਼ੀ ਹੋਵੇਗੀ ਕਿ ਬੇਗਮ ਸਾਹਿਬਾ ਸ਼ਾਇਰਾ ਹਨ (ਖ਼ੁਸ਼ੀ ਦੀਆਂ ਤਾੜੀਆਂ); ਅਤੇ ਉਹ ਤਰੰਨਮ ਨਾਲ ਆਪਣੀ ਗ਼ਜ਼ਲ ਕਹਿੰਦੇ ਹਨ (ਫੇਰ ਖ਼ੁਸ਼ੀ ਦੀਆਂ ਤਾੜੀਆਂ); ਹੁਣ ਮੈਂ ਬੜੇ ਹੀ ਅਦਬ ਨਾਲ ਉਹਨਾਂ ਨੂੰ ਬੇਨਤੀ ਕਰਦਾ ਹਾਂ, ਉਹ ਮਾਈਕ ਉਤੇ ਆਉਣ ਤੇ ਆਪਣੀ ਗ਼ਜ਼ਲ ਪੇਸ਼ ਕਰਨ; ਅਸੀਂ ਸਾਰੇ ਉਹਨਾਂ ਦੇ ਬੇਹੱਦ ਸ਼ੁਕਰ ਗੁਜ਼ਾਰ ਹੋਵਾਂਗੇ।" ਖ਼ੁਸ਼ੀ ਦੀਆਂ ਤਾੜੀਆਂ ਵਿਚ ਬੇਗਮ ਸਾਹਿਬਾ ਉੱਠੇ ਤੇ ਮਾਈਕ ਅੱਗੇ ਚਲੇ ਗਏ।

ਚੀਫ਼ ਸਾਹਿਬ ਨੇ ਆਖਿਆ: "ਮੈਂ ਬੜੇ ਹੀ ਅਦਬ ਨਾਲ ਬੇਗਮ ਸਾਹਿਬਾ ਮੁਹਤਰਿਮਾ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਿਹਰਬਾਨੀ ਕਰ ਕੇ ਉਹ ਬੁਰਕਾ ਲਾਹ ਕੇ ਗ਼ਜ਼ਲ ਕਹਿਣ। ਬਰੈਡਫ਼ੋਰਡ ਮੈਂ ਉਹਨਾਂ ਨੂੰ ਇਕ ਮੁਸ਼ਾਇਰੇ ਵਿਚ ਸੁਣਿਆ ਸੀ। ਉਥੇ ਉਹਨਾਂ ਨੇ ਬੁਰਕਾ ਲਾਹ ਕੇ ਆਪਣੀ ਗ਼ਜ਼ਲ ਆਖੀ ਸੀ। ਇਸ ਲਈ ਉਹ ਹੁਣ ਵੀ ਬੁਰਕਾ ਲਾਹ ਕੇ ਆਪਣੀ ਗ਼ਜ਼ਲ ਕਹਿਣ!"

ਬੇਗਮ ਸਾਹਿਬਾ ਝਿਜਕ ਗਏ। ਉਹ ਬੁਰਕਾ ਨਹੀਂ ਲਾਹ ਰਹੇ ਸਨ।

ਚੀਫ਼ ਸਾਹਿਬ ਨੇ ਹਾਈ ਕਮਿਸ਼ਨਰ ਸਾਹਿਬ ਨੂੰ ਗੁਜ਼ਾਰਿਸ਼ ਕੀਤੀ। ਹਾਈ ਕਮਿਸ਼ਨਰ ਸਾਹਿਬ ਬੋਲੇ: "ਅੱਛਾ ਬੇਗਮ, ਚੀਫ਼ ਸਾਹਿਬ ਗਰ ਅਸਰਾਰ ਕਰਤੇ ਹੈਂ ਤੋ ਬੁਰਕਾ ਕੋ ਉਤਾਰ ਦੋ!"

ਜਦੋਂ ਬੁਰਕਾ ਲੱਥਾ ਤਾਂ ਇਕ ਹੁਸੀਨ, ਮਹਿ ਜਬੀਨ, ਪਰੀ ਵਰਗੇ ਚਿਹਰੇ ਦੀ ਥਾਂ ਕਾਲ ਕਲੋਟੇ ਰੰਗ ਦਾ ਇਕ ਸੁੱਕੜ ਜਿਹਾ ਜਵਾਨ ਸੀ ਜੋ ਸਾਡੇ ਸਾਹਮਣੇ ਖੜਾ ਸੀ ਤੇ ਸਾਡਾ ਬੜਾ ਹੀ ਸੁੰਦਰ ਸੁਫ਼ਨਾ ਚੂਰ ਚੂਰ ਹੋ ਗਿਆ ਸੀ। ਆਮ ਕਰ ਕੇ ਪਰਦੇ ਪਿਛੇ ਸੁੰਦਰ ਚੀਜ਼ਾਂ ਹੁੰਦੀਆਂ ਹਨ। ਪਰ ਜਦੋਂ ਬੁਰਕਾ ਲੱਥਾ ਸੀ...

ਸਾਰੇ ਹਾਲ ਵਿਚ ਹਾਸੇ ਦੀ ਗੁੰਜਾਰ ਜਿਹੀ ਪੈ ਗਈ ਸੀ। ਉਹ ਨੌਜਵਾਨ ਵੀ ਹਸਦਾ ਸੀ।

ਇਕ ਗੱਲ ਬੜੀ ਅਜੀਬ। ਹਾਈ ਕਮਿਸ਼ਨਰ ਹੁਣ ਵੀ ਮੈਨੂੰ ਹਾਈ ਕਮਿਸ਼ਨਰ ਜਾਪਦੇ। ਮੇਰਾ ਲੱਖਣ ਇਹ ਸੀ ਕਿ ਹਾਈ ਕਮਿਸ਼ਨਰ ਸਾਹਿਬ ਆਪ ਤਾਂ ਸੱਚ ਮੁੱਚ ਹਾਈ ਕਮਿਸ਼ਨਰ ਹਨ, ਪਰ ਬੇਗਮ ਸਾਹਿਬਾ ਜਾਣ ਬੁੱਝ ਕੇ ਨਕਲੀ ਲੈ ਕੇ ਆਏ ਹਨ—ਮਹਿਫ਼ਲ ਨੂੰ ਹਸਾਉਣ ਲਈ। ਪਤਾ ਉਦੋਂ ਲਗਾ ਜਦੋਂ ਮੈਨੂੰ ਉਹਨਾਂ ਨੇ ਪੰਜਾਬੀ ਵਿਚ ਇਹ ਆਖਿਆ: "ਫਨ ਸੀ ਇਹ ਧੀਰ ਸਾਹਿਬ, ਇਹ ਤਾਂ ਅਸੀਂ ਮਹਿਫ਼ਲ ਲਈ ਜੋਕ ਤਿਆਰ ਕੀਤਾ ਸੀ—ਹਸਾਉਣ ਲਈ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਨੂੰ ਆਉਂਦੀ ਸਾਰ ਹੀ ਕੁਝ ਬੋਲਣ ਲਈ ਪੁੱਛਿਆ ਗਿਆ ਸੀ, ਪਰ ਮੈਂ ਨਾਂਹ ਕਰ ਦਿਤੀ ਸੀ। ਪਰ "ਹਾਈ ਕਮਿਸ਼ਨਰ ਸਾਹਿਬ" ਤੇ "ਬੇਗਮ ਸਾਹਿਬਾ" ਦੇ ਆਉਣ ਨਾਲ ਮੈਂ ਵੀ ਬੋਲਣ ਦਾ ਮਨ ਬਣਾਇਆ। ਆਖ਼ਿਰ ਅਸੀਂ ਪਾਕਿਸਤਾਨ ਤੇ ਹਿੰਦੋਸਤਾਨ ਵਾਲੇ ਸਾਂ। ਮੈਂ ਆਪਣੇ ਮਨ ਵਿਚ ਬੜੇ ਹੀ ਸੁਹਣੇ ਲਫ਼ਜ਼ ਸੋਚਣ ਲਗ ਪਿਆ ਸਾਂ।

ਹਾਈ ਕਮਿਸ਼ਨਰ ਸਾਹਿਬ ਅਤੇ ਉਹਨਾਂ ਦੀ ਬੇਗਮ ਸਾਹਿਬਾ ਨੂੰ ਵੀ ਮੈਂ ਸੰਬੋਧਨ ਕਰਨਾ ਸੀ ਤੇ ਆਪਣੀ ਕਵਿਤਾ "ਹੇ ਮੇਰੇ ਪੰਜਾਬ" ਵੀ ਸੁਣਾਉਣੀ ਸੀ। ਭਾਰਤੀ ਹਾਈ ਕਮਿਸ਼ਨਰ ਨੂੰ ਮੈਂ ਭਾਵੇਂ ਸਖ਼ਤ ਲਹਿਜੇ ਵਿਚ ਵੀ ਕਿਸੇ ਗੱਲੋਂ ਸੰਬੋਧਨ ਕਰਦਾ, ਪਰ ਪਾਕਿਸਤਾਨੀ ਹਾਈ ਕਮਿਸ਼ਨਰ ਸਾਡੇ ਘਰ ਵਿਚ ਆਇਆ ਬੜਾ ਹੀ ਇੱਜ਼ਤ ਯੋਗ ਮਹਿਮਾਨ ਸੀ ਤੇ ਉਸ ਅੱਗੇ ਮੈਂ ਸ਼ਹਿਦ-ਭਿੱਜੇ ਬੋਲ ਹੀ ਪੇਸ਼ ਕਰਨੇ ਸਨ। ਵੱਡੀ ਗੱਲ ਮੈਂ ਕਹਿਣੀ ਸੀ ਕਿ ਸ਼ਿਮਲੇ ਦੀ ਸੂਝ ਅਤੇ ਠੰਡੀ ਹਵਾ ਹੀ ਸਾਡੇ ਦੋਹਾਂ ਦੇ ਦਿਲ ਵਿਚ ਵਸਣੀ ਚਾਹੀਦੀ ਹੈ। ਇਸਲਾਮਾਬਾਦ ਤੇ ਦਿੱਲੀ ਦੀ ਮੈਂ ਜੈ ਜੈ ਕਾਰ ਵੀ ਕਹਿਣੀ ਸੀ।

ਪਰ ਮੈਂ ਫੇਰ ਵੀ ਬੋਲਿਆ। ਹੁਣ ਮੈਂ ਹਾਸੇ ਖੇਡੇ ਦੀਆਂ ਹੀ ਕੁਝ ਇਕ ਗੱਲਾਂ ਕੀਤੀਆਂ।

ਮੈਂ ਪਿਛਲੇ ਦਿਨਾਂ ਵਿਚ ਨੌਟਿੰਘਮ ਗਿਆ ਹੋਇਆ ਸਾਂ। ਚੀਫ਼ ਸਾਹਿਬ ਨੌਟਿੰਘਮ ਮੈਨੂੰ ਫ਼ੋਨ ਕਰਦੇ ਹੁੰਦੇ ਸਨ ਤੇ ਇਹ ਵੀ ਆਖਦੇ ਹੁੰਦੇ ਸਨ ਕਿ ਉਹ ਚਾਰ ਜਨਵਰੀ ਨੂੰ ਮੈਨੂੰ ਬਹੁਤ ਹਸਾਉਣਗੇ। ਪਿਛਲੇ ਪੰਦਰਾਂ ਸਾਲਾਂ ਵਿਚ ਮੈਂ ਬਹੁਤ ਹੀ ਥੋੜ੍ਹਾ ਹਸਿਆ ਸਾਂ। ਮੈਂ ਸੋਚਦਾ, ਚੀਫ਼ ਸਾਹਿਬ ਮੈਨੂੰ ਕਿਵੇਂ ਹਸਾਉਣਗੇ? ਪਰ ਉਹ ਠੀਕ ਕਹਿ ਰਹੇ ਸਨ। ਮੈਂ ਸੱਚ ਮੁੱਚ ਬਹੁਤ ਹਸਿਆ ਸਾਂ। ਚੀਫ਼ ਸਾਹਿਬ ਨੇ ਸੱਚ ਮੁੱਚ ਆਪਣਾ ਵਾਇਦਾ ਪੂਰਾ ਕਰ ਦਿਤਾ ਸੀ।

ਬੜੇ ਹੀ ਚੰਗੇ ਸੱਜਣ ਸ੍ਰੀ ਪਵਿੱਤਰ ਸਿੰਘ ਜੀ ਸਮਰਾ ਸਨ ਜੋ ਹਾਈ ਕਮਿਸ਼ਨਰ ਬਣੇ ਸਨ। ਹਰਬੰਸ ਸਿੰਘ ਜੀ ਨੰਦਨਪੁਰ (ਜਲੰਧਰ) ਉਹਨਾਂ ਦੀ ਬੇਗਮ ਸਾਹਿਬਾ ਸਨ।

ਜਦ ਉਹ ਦੋਵੇਂ ਆਏ ਸਨ ਤੇ ਮੇਰੇ ਨਾਲ ਬਹਿ ਚੁੱਕੇ ਸਨ ਤਾਂ ਮੈਂ ਇਹ ਵੀ ਸੋਚਦਾ ਕਿ ਬੇਗਮ ਸਾਹਿਬਾ ਅੱਜ ਕਲ੍ਹ ਵੀ ਬੁਰਕੇ ਵਿਚ ਕਿਉਂ ਲੁਪਤ ਹਨ? ਅਤੇ ਫੇਰ ਇੰਗਲੈਂਡ ਵਿਚ? ਬੁਰਕੇ ਜਾਂ ਰਸਮ ਰਿਵਾਜ ਆਮ ਲੋਕਾਂ ਲਈ ਹੀ ਹਨ, ਸ਼ਰਫ਼ਾ ਜਾਂ ਉੱਚ ਘਰਾਣੇ ਇਹਨਾ ਤੋਂ ਕਾਫ਼ੀ ਉੱਚੇ ਹਨ। ਪਰ ਮੈਂ ਇਹ ਵੀ ਸੋਚਦਾ ਕਿ ਸ਼ਾਇਦ ਬੇਗਮ ਸਾਹਿਬਾ ਆਪ ਹੀ ਬੁਰਕਾ ਪਹਿਨਣਾ ਚਾਹੁੰਦੇ ਹੋਣ। ਕਿਉਂਕਿ, ਇਹ ਵੀ ਸੱਚ ਹੈ, ਗ਼ੁਲਾਮਾਂ ਨੂੰ ਜ਼ੰਜੀਰਾਂ ਨਾਲ ਪਿਆਰ ਵੀ ਹੋ ਜਾਂਦਾ ਹੈ।

ਬਹਰਹਾਲ ਇਹ ਮਹਿਫ਼ਲ ਬੜੀ ਹੀ ਸੁਹਣੀ ਅਤੇ ਹਸਾਉਣੀ ਸੀ। ਮੈਨੂੰ ਇਸ ਦੇ ਰੰਗ ਤੇ ਹਾਸੇ ਸਦਾ ਹੀ ਯਾਦ ਰਹਿ ਸਕਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੁਝ ਅਜੀਬ ਵਤਨੀ ਭਾਈ

ਇੰਗਲੈਂਡ ਵਿਚ, ਨਿਰਸੰਦੇਹ, ਕੁਝ ਅਜੀਬ ਵਤਨੀ ਭਾਈ ਵੀ ਮੈਨੂੰ ਮਿਲਦੇ ਰਹੇ ਹਨ। ਉਹਨਾਂ ਦਾ ਵੀ ਕੁਝ ਨਾ ਕੁਝ ਜ਼ਿਕਰ ਹੋਣਾ ਚਾਹੀਦਾ ਹੈ।

੧

ਲਿਮਿੰਗਟਨ-ਸਪਾ ਦੀ ਗੱਲ ਹੈ। ਆਈ. ਡਬਲਿਊ. ਏ. ਵਲੋਂ ਆਜ਼ਾਦੀ ਦਿਵਸ ਦੇ ਜਲਸੇ ਵਿਚ ਮੈਂ ਤਕਰੀਰ ਕੀਤੀ ਸੀ ਜੋ ਕਾਫ਼ੀ ਚੰਗੀ ਰਹੀ ਸੀ। ਜਲਸੇ ਦੀ ਸਮਾਪਤੀ ਮਗਰੋਂ ਅਸੀਂ ਰੋਟੀ ਖਾਣ ਲਈ ਇਕ ਹੋਟਲ ਵਿਚ ਆ ਗਏ ਸਾਂ ਤੇ ਹੁਣ ਅਸੀਂ ਇਕ ਪਾਸੇ ਬੈਠੇ ਬੀਅਰ ਆਦਿ ਪੀ ਰਹੇ ਸਾਂ। ਇਹ ਆਮ ਕਮਰਾ ਨਹੀਂ ਸੀ, ਸਗੋਂ ਇੱਕਲਵਾਂਝਾ ਜਿਹਾ ਘਰੋਗੀ ਜਿਹਾ ਕਮਰਾ ਸੀ ਜਿਥੇ ਹੋਟਲ ਦੇ ਮਾਲਕ ਜਾਂ ਮੈਨੇਜਰ ਆਦਿ ਹੀ ਬਹਿੰਦੇ ਸਨ, ਤੇ ਜਾਪਦਾ ਵੀ ਇਵੇਂ ਸੀ ਜਿਵੇਂ ਇਸ ਦੇ ਮਾਲਕ ਸਾਡੇ ਦੇਸੀ ਵੀਰ ਹੀ ਹੁੰਦੇ ਹਨ। ਇਹ ਇਕੱਲ ਘਰ ਵਾਂਗ ਮਹਿਸੂਸ ਕੀਤੀ ਜਾ ਰਹੀ ਸੀ ਤੇ, ਨਿਰਸੰਦੇਹ, ਇਹ ਮੇਰੀ ਖ਼ਾਤਰਦਾਰੀ ਦਾ ਇਕ ਹਿੱਸਾ ਹੀ ਸੀ। ਮੈਨੂੰ ਉਹਨਾਂ ਆਮ ਨਹੀਂ, ਖ਼ਾਸ ਥਾਂ ਬਹਾਇਆ ਸੀ, ਜਿਵੇਂ ਕੋਈ ਹੋਟਲ ਵਾਲਾ ਆਪਣੇ ਕਿਸੇ ਖ਼ਾਸ ਮਹਿਮਾਨ ਨੂੰ ਹੋਟਲ ਦੀ ਥਾਂ ਆਪਣੇ ਘਰ ਦਾ ਬਣਿਆ ਖਾਣਾ ਖੁਆਣਾ ਚਾਹੇ। ਕਮਰਾ ਭਾਵੇਂ ਆਮ ਨਾਲੋਂ ਬਹੁਤਾ ਚੰਗਾ ਨਹੀਂ ਸੀ, ਪਰ ਇਹ ਇੱਕਲਵਾਂਝਾ ਸੀ। ਏਥੇ ਅਸੀਂ ਘਰ ਵਾਂਗ ਹੀ ਖੁਲ੍ਹ ਮਹਿਸੂਸ ਕਰ ਸਕਦੇ ਸਾਂ।

ਅਸੀਂ ਬੀਅਰ ਪੀਂਦੇ ਸਾਂ ਤੇ ਹਿੰਦੋਸਤਾਨ ਦੀ ਹਾਲਤ ਬਾਰੇ ਗੱਲਾਂ ਵਿਚ ਮਸਰੂਫ਼ ਸਾਂ। ਸਾਨੂੰ ਬਾਹਰੋਂ ਦੇਖ ਕੇ ਇਕ ਨੌਜਵਾਨ ਆਇਆ ਤੇ ਬੜੇ ਹੀ ਸਤਿਕਾਰ ਨਾਲ ਮੇਰੇ ਵਲ ਮੁਖ਼ਾਤਿਬ ਹੋਇਆ : "ਧੀਰ ਸਾਹਿਬ, ਤੁਹਾਡੇ ਨਾਲ ਮੈਂ ਇਕ ਗੱਲ ਕਰਨੀ ਐਂ ?"

"ਦੱਸੋ ਜੀ, ਹੁਕਮ ਕਰੋ !"

"ਐਥੇ ਨਹੀਂ ਜੀ, ਬਾਹਰ ਆਓ, ਵੱਖਰੀ ਗੱਲ ਕਰਨੀ ਐਂ।"

ਮੈਂ ਉਸ ਨਾਲ ਬਾਹਰ ਚਲਿਆ ਗਿਆ। ਦੋ ਕਿ ਤਿੰਨ ਨੌਜਵਾਨ ਉਥੇ ਹੋਰ ਖਲੋਤੇ ਸਨ। ਨੌਜਵਾਨ ਨੇ ਆਖਿਆ :

"ਧੀਰ ਸਾਹਿਬ, ਇਹ ਠੀਕ ਨਹੀਂ !"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
"ਕੀ ? ਦੱਸ ?"

"ਦੇਖ ਲਓ, ਇਹ ਠੀਕ ਨਹੀਂ !"

"ਕੀ ਗੱਲ ? ਦੱਸੋ ਵੀ ?"

"ਧੀਰ ਸਾਹਿਬ, ਦੇਖ ਲਓ, ਇਹ ਤੁਹਾਡੇ ਵਾਸਤੇ ਠੀਕ ਨਹੀਂ !"

"ਗੱਲ ਵੀ ਕੋਈ ਕਰੋਗੇ ਜਾਂ ਠੀਕ ਨਹੀਂ ਠੀਕ ਨਹੀਂ..."

ਨੌਜਵਾਨ ਸ਼ਰਾਬੀ ਸਨ। ਪਰ ਇਹ ਸਭ ਤੋਂ ਉਤੇ ਸੀ। ਘਟੋ ਘਟ ਅੱਧੀ ਬੋਤਲ ਇਸ ਨੇ ਪੀਤੀ ਹੋਵੇਗੀ। ਦੂਜੇ ਕਾਫ਼ੀ ਠੀਕ ਸਨ, ਪਰ ਇਸ ਦੀਆਂ ਅੱਖਾਂ ਹੱਦ ਤੋਂ ਵੀ ਕੁਝ ਵੱਧ ਹੀ ਚੜ੍ਹੀਆਂ ਹੋਈਆਂ ਸਨ। ਅਸਲ ਵਿਚ ਇਹ ਲੀਡਰ ਸੀ। ਦੂਜੇ, ਸ਼ਾਇਦ, ਪੈਰੋਕਾਰ। ਮੇਰੇ ਸਖ਼ਤ ਲਹਿਜੇ ਤੋਂ ਉਹ ਥੋੜਾ ਝਿਪ ਜਿਹਾ ਗਿਆ ਸੀ ਤੇ ਧੀਮਾ ਹੋ ਕੇ ਬੋਲਿਆ :

"ਨਹੀਂ ਨਹੀਂ, ਧੀਰ ਸਾਹਿਬ, ਤੁਸੀਂ ਸਾਡਾ ਭਾਵ ਸਮਝੋ।"

"ਹਾਂ, ਸਮਝਾਓ ਭਾਵ।"

"ਇਹ ਨਜ਼ਾਮ ਗ਼ਲਤ ਐ।"

"ਠੀਕ ਹੈ, ਗ਼ਲਤ ਐ, ਮੈਂ ਵੀ ਗ਼ਲਤ ਕਹਿੰਦਾ ਹਾਂ।"

"ਤੁਸੀਂ ਕੁਝ ਕਰਦੇ ਨਹੀਂ !"

"ਠੀਕ ਹੈ, ਨਹੀਂ ਕਰਦਾ।"

"ਤੁਸੀਂ ਕੁਝ ਕਰੋ ਫੇਰ !"

"ਨਹੀਂ ਵੀਰ, ਮੈਂ ਨਹੀਂ ਕਰਨਾ, ਮੇਰੇ ਵਿਚ ਨਹੀਂ ਤਾਕਤ ਇਹ।"

"ਧੀਰ ਸਾਹਿਬ, ਮੈਂ ਤੁਹਾਡੀ ਸਾਰੀ ਤਕਰੀਰ ਸੁਣੀ ਐਂ। ਜੋ ਕੁਝ ਤੁਸੀਂ ਕਿਹਾ ਹੈ, ਬਿਲਕੁਲ ਠੀਕ ਕਿਹਾ ਹੈ, ਮੈਂ ਪੂਰੀ ਤਰ੍ਹਾਂ ਸਹਿਮਤ ਹਾਂ। ਪਰ ਨਜ਼ਾਮ ਗ਼ਲਤ ਹੈ।"

"ਫੇਰ ਹੁਣ, ਮੈਂ ਕੀ ਕਰਾਂ ਜੇ ਨਿਜ਼ਾਮ ਗ਼ਲਤ ਐ ? ਮੈਂ ਤਾਂ ਨਹੀਂ ਕੀਤਾ ਗ਼ਲਤ ? ਲੜੋ ਇਸ ਨਿਜ਼ਾਮ ਦੇ ਨਾਲ !"

"ਧੀਰ ਸਾਹਿਬ, ਅਖ਼ਬਾਰਾਂ ਵਿਚ ਮੈਂ ਤੁਹਾਡੇ ਲੇਖ ਪੜ੍ਹੇ ਹਨ। ਦੇਖੋ ਤੁਹਾਨੂੰ ਕਿੰਨੀ ਮੁਸ਼ਕਿਲ ਪਾਸਪੋਰਟ ਮਿਲਿਆ ਹੈ। ਜੇ ਤੁਹਾਨੂੰ ਪਾਸਪੋਰਟ ਲਈ ਐਨਾ ਲੜਨਾ ਪਿਆ ਹੈ ਤਾਂ ਦੱਸੋ, ਬਾਕੀ ਲੋਕ ਕੀ ਕਰਨ ?"

"ਉਹ ਵੀ ਲੜਨ।"

"ਲੋਕ ਕਿਵੇਂ ਲੜ ਸਕਦੇ ਹਨ ?"

"ਜਿਵੇਂ ਲੜਦੇ ਹੁੰਦੇ ਹਨ।"

ਨੌਜਵਾਨ ਸੁਹਣਾ ਸੀ। ਤਕੜਾ ਵੀ ਉਹ ਬਹੁਤ ਸੀ ਤੇ ਚੜ੍ਹੀਆਂ ਹੋਈਆਂ ਅੱਖਾਂ ਨਾਲ ਉਹ ਮੇਰੇ ਵਲ ਤੱਕ ਰਿਹਾ ਸੀ। ਫੇਰ ਬੋਲਿਆ :

"ਧੀਰ ਸਾਹਿਬ, ਅਸੀਂ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ !"

"ਕਿਵੇਂ...?"

"ਤੁਸੀਂ ਇਕ ਬੈਂਕ ਖੋਲ੍ਹੋ। ਅਸੀਂ ਰੁਪਏ ਭੇਜਾਂਗੇ।"


CC-0. In Public Domain. Gurukul Kangri Collection, Haridwar

“ਇਹ ਕੰਮ ਮੇਰਾ ਨਹੀਂ।”

Digitized by Arya Samaj Foundation Chennai and eGangotri

“ਤੁਸੀਂ ਗੁਰਾਇਆ ਬੈਂਕ ਖੋਲ੍ਹੋ। ਉਥੇ ਸਾਡੇ ਬੰਦੇ ਹਨ। ਤੁਸੀਂ ਪ੍ਰਸਿੱਧ ਬੰਦੇ ਹੋ। ਅਸੀਂ ਰੁਪਏ ਭੇਜਾਂਗੇ।”

ਦਸ ਮਿੰਟ, ਵੀਹ ਮਿੰਟ, ਅੱਧਾ ਘੰਟਾ ਹੋ ਗਿਆ, ਪਰ ਇਸ ਨੌਜਵਾਨ ਦੀ ਗੱਲ ਖ਼ਤਮ ਨਹੀਂ ਹੋ ਰਹੀ ਸੀ। ਅੰਦਰੋਂ ਕਿਸੇ ਨੇ ਆਖਿਆ : “ਬਈ ਅੱਧਾ ਘੰਟਾ ਹੋ ਗਿਆ ਧੀਰ ਹੋਰਾਂ ਨੂੰ ਘਿਰਿਆਂ ਨੂੰ, ਉਹਨਾਂ ਨੂੰ ਛੁਡਾਉ ਤਾਂ ਸਹੀ। ਜਾਓ, ਉਹਨਾਂ ਨੂੰ ਲੈ ਕੇ ਆਓ।”

ਅੰਦਰੋਂ ਇਕ ਸੱਜਣ ਆਏ ਤੇ ਮੈਨੂੰ ਛੁੱਟੀ ਦਿਤੀ ਗਈ। ਛੁੱਟੀ ਮਿਲੀ ਮੁਸ਼ਕਿਲ ਸੀ।

ਅਸਲ ਵਿਚ, ਇਹ ਨੌਜਵਾਨ, ਜਿਥੋਂ ਤਕ ਮੈਂ ਸਮਝਿਆ ਹਾਂ, ਆਪਣੇ ਆਪ ਨੂੰ ਬਹੁਤਾ ਇਨਕਲਾਬੀ ਸਮਝਣ ਵਾਲਾ ਸੀ। ਮੈਂ ਉਸ ਦੀਆਂ ਨਜ਼ਰਾਂ ਵਿਚ ਇਨਕਲਾਬੀ ਨਹੀਂ ਸਾਂ, ਸ਼ਾਇਦ, ਸੋਧਵਾਦੀ ਸਾਂ। ਸੰਭਵ ਹੈ, ਉਸ ਨੂੰ ਇਹਨਾਂ ਲਫ਼ਜ਼ਾਂ ਦਾ ਵੀ ਪਤਾ ਨਾ ਹੋਵੇ—ਸੋਧਵਾਦੀ, ਸੱਜਾ, ਖੱਬਾ—ਹਾਂ, ਉਂਜ ਉਹ ਹਰ ਤਰ੍ਹਾਂ ਨਾਲ ਮੈਥੋਂ ਅੱਗੇ ਹੀ ਅੱਗੇ ਸੀ।

ਬੈਂਕ ਦੀ ਮੈਨੂੰ ਸਮਝ ਨਹੀਂ ਆਈ। ਇਕ ਸ਼ੱਕ ਜਿਹਾ ਪੈਂਦਾ ਹੈ। ਕੁਝ ਲੋਕ ਕਰੰਸੀ ਦੀ ਬਲੈਕ ਦਾ ਧੰਦਾ ਕਰਦੇ ਹਨ। ਏਥੇ ਪੌਂਡ ਲੈ ਲੈਂਦੇ ਹਨ ਤੇ ਭਾਰਤ ਵਿਚ ਬਲੈਕ ਵਿਚ ਰੁਪਏ ਅਦਾ ਕਰ ਦਿੰਦੇ ਹਨ। ਕਿਤੇ ਉਸ ਦਾ ਬੈਂਕ ਖੋਲ੍ਹਣ ਦਾ ਇਹੋ ਭਾਵ ਤਾਂ ਨਹੀਂ ਸੀ ?

ਚਲੋ, ਇਸ ਨਿਜ਼ਾਮ ਨੂੰ ਤਾਂ ਚੰਗਾ ਨਹੀਂ ਸੀ ਸਮਝਦਾ, ਬੁਰਾ ਹੀ ਆਖ ਰਿਹਾ ਸੀ। ਤੇ ਇਹ ਇਕ ਚੰਗੀ ਗੱਲ ਸੀ। ਦੂਜੇ ਨੌਜਵਾਨਾਂ ਵਿਚੋਂ ਕੋਈ ਨਹੀਂ ਸੀ ਬੋਲਿਆ। ਉਹ ਸਿਰਫ਼ ਸੁਣਦੇ ਰਹੇ ਸਨ।

## ੨

ਨੌਟਿੰਘਮ ਇਕ ਵਿਆਹ ਸੀ। ਵਿਆਹ ਦੀ ਰਸਮ ਨੌਟਿੰਘਮ ਗੁਰਦੁਆਰੇ ਵਿਚ ਹੋ ਚੁੱਕੀ ਸੀ ਤੇ ਹੁਣ ਬਰਾਤ ਨੂੰ ਖਾਣਾ ਸੀ। ਬਰਾਤ ਵੀ ਤੇ ਹੋਰ ਵੀ ਸਾਰੇ ਪੱਬ ਵਿਚ ਆ ਗਏ ਸਨ। ਬੀਅਰ ਅਤੇ ਸ਼ਰਾਬ ਮਗਰੋਂ ਫੇਰ ਹੀ ਖਾਣਾ ਖਾਣਾ ਸੀ।

ਅਸੀਂ ਪੱਬ ਵਿਚ ਬੈਠੇ ਸਾਂ। ਮੇਰੇ ਸੱਜੇ ਪਾਸੇ ਵਲ ਕੇਸਰ ਸਿੰਘ ਜੌਹਲ ਸਨ ਤੇ ਖੱਬੇ ਪਾਸੇ ਉਹਨਾਂ ਦੇ ਮਿੱਤਰ ਨਾਜ਼ਰ ਸਿੰਘ ਜੌਹਲ ਸਨ। ਨਾਜ਼ਰ ਸਿੰਘ ਜੌਹਲ ਵੀ ਜੰਡਿਆਲੇ ਦੇ ਰਹਿਣ ਵਾਲੇ ਹਨ ਤੇ ਏਥੇ ਬਿਜ਼ਨਸ ਕਰਦੇ ਹਨ। ਖਾੜਕੂ ਜਿਹੇ ਬੰਦੇ ਹਨ ਤੇ ਪੈਸ ਵਾਲੇ ਵੀ ਬਹੁਤ ਹਨ। ਗੱਲ ਬੜੀ ਹੀ ਚੰਗੀ ਅਤੇ ਜਚੀ ਤੁਲੀ ਕਰਦੇ ਹਨ। ਸਤਿਕਾਰ ਨਾਲ ਲੋਕੀ ਉਹਨਾਂ ਦਾ ਦਬਦਬਾ ਵੀ ਮੰਨਦੇ ਹਨ।

ਇਹਨੀਂ ਦਿਨੀਂ ਫਗਵਾੜੇ ਦੇ ਪ੍ਰਿੰਸੀਪਲ ਬਖ਼ਤਾਵਰ ਸਿੰਘ ਵੀ ਏਥੇ ਆਏ ਹੋਏ ਸਨ ਤੇ ਮੇਰੇ ਵਾਂਗੂ ਉਹ ਵੀ ਇਸ ਵਿਆਹ ਲਈ ਸੱਦੇ ਗਏ ਸਨ ਤੇ ਉਹ ਵੀ ਸਾਥੋਂ ਥੋੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੂਰ ਹੀ ਪੱਬ ਵਿਚ ਬੈਠੇ ਹੋਏ ਸਨ । ਇਕ ਅਜੀਬ ਘਟਨਾ ਹੋਈ । ਇਕ ਸੱਜਣ ਪ੍ਰਿੰਸੀਪਲ ਬਖ਼ਤਾਵਰ ਸਿੰਘ ਕੋਲ ਗਏ ਤੇ ਉਹਨਾਂ ਨੂੰ ਇਕ ਸਵਾਲ ਕੀਤਾ : "ਤੁਸੀਂ ਮੈਨੂੰ ਗੁਰੂ ਨਾਨਕ ਦੀ ਘਰ ਵਾਲੀ ਦਾ ਨਾਉਂ ਦੱਸੋ !"

ਪ੍ਰਿੰਸੀਪਲ ਬਖ਼ਤਾਵਰ ਸਿੰਘ ਬੜੇ ਹੀ ਚੰਗੇ ਸਿੱਖ ਸਨ । ਵਿਦਵਾਨ ਵੀ ਉਹ ਬਹੁਤ ਸਨ । ਪਰ ਗੁਰੂ ਨਾਨਕ ਦੀ ਪਤਨੀ ਜੀ (ਸਾਡੇ ਸਭ ਦੇ ਮਾਤਾ ਜੀ) ਦੇ ਨਾਉਂ ਦਾ ਚੇਤਾ ਨਹੀਂ ਸੀ । ਉਹਨਾਂ ਨੇ ਮਜਬੂਰੀ ਦੱਸੀ । ਉਸ ਸੱਜਣ ਨੇ ਪ੍ਰਿੰਸੀਪਲ ਬਖ਼ਤਾਵਰ ਸਿੰਘ ਨੂੰ ਛੱਡਿਆ ਤੇ ਮੇਰੇ ਵਲ ਨੂੰ ਆ ਗਿਆ ਤੇ ਮੈਨੂੰ ਵੀ ਉਸ ਉਵੇਂ ਹੀ ਪੁੱਛਿਆ : "ਤੁਸੀਂ ਮੈਨੂੰ ਗੁਰੂ ਨਾਨਕ ਦੀ ਘਰ ਵਾਲੀ ਦਾ ਨਾਉਂ ਦੱਸੋ !"

ਮੈਨੂੰ ਵੀ ਪਤਾ ਨਹੀਂ ਸੀ । ਮੈਂ ਥੋੜਾ ਸੋਚਣ ਲਗ ਪਿਆ ਤੇ ਫੇਰ ਆਖਿਆ : "ਪਤਾ ਨਹੀਂ ।"

"ਤੁਹਾਨੂੰ ਕਾਹਤੋਂ ਪਤਾ ਨਹੀਂ ?"

"ਨਹੀਂ ਪਤਾ । ਨਹੀਂ ਯਾਦ ।"

"ਤਾਂ ਫੇਰ ਤੁਸੀਂ ਗੁਰੂ ਨਾਨਕ ਦਾ ਨਾਉਂ ਕਿਉਂ ਲੈਨੇ ਹੁੰਨੇ ਓਂ—ਜਦ ਪਰਚਾਰ ਕਰਦੇ ਓਂ ?"

"ਕੀ...?"

"ਜੇ ਤੁਹਾਨੂੰ ਗੁਰੂ ਨਾਨਕ ਦੀ ਘਰ ਵਾਲੀ ਦਾ ਪਤਾ ਨਹੀਂ ਤਾਂ ਅਗੋਂ ਲਈ ਗੁਰੂ ਨਾਨਕ ਦਾ ਨਾਉਂ ਵੀ ਲੈਣਾ ਛੱਡ ਦਿਓ ! ਉਹਦਾ ਨਾਉਂ ਕਿਉਂ ਲੈਨੇ ਓਂ ? ਨਹੀਂ ਤਾਂ ਉਹਦਾ ਨਾਉਂ ਵੀ ਦੱਸੋ !"

ਬੜੀ ਅਜੀਬ ਗੱਲ ਸੀ ਇਹ । ਠੀਕ ਹੈ, ਇਤਿਹਾਸ ਦਾ ਸਾਨੂੰ ਪਤਾ ਹੋਣਾ ਚਾਹੀਦਾ ਹੈ, ਪਰ ਕਦੇ ਕਦੇ ਕਿਸੇ ਗੱਲ ਦਾ ਕਿਸੇ ਨੂੰ ਪਤਾ ਨਹੀਂ ਵੀ ਹੁੰਦਾ । ਮੈਂ ਸਨਿਮਰ ਆਖਿਆ : "ਤੁਸੀਂ ਦੱਸ ਦਿਓ ਉਹਨਾਂ ਦਾ ਨਾਂ ?"

"ਸਾਨੂੰ ਕਿਥੇ ਪਤਾ ਏ । ਅਸੀਂ ਤਾਂ ਥੋਤੋਂ ਪੁੱਛਣਾ ਏ ।"

"ਦੁਨੀਆਂ ਵਿਚ ਕੋਈ ਵੀ ਸ਼ਖ਼ਸ ਇਹੋ ਜਿਹਾ ਨਹੀਂ ਹੁੰਦਾ ਜਿਸ ਨੂੰ ਸਭ ਕੁਝ ਪਤਾ ਹੋਵੇ ।"

"ਤਾਂ ਫੇਰ ਤੁਸੀਂ ਅੱਗੇ ਵਾਸਤੇ ਗੁਰੂ ਨਾਨਕ ਦਾ ਨਾਉਂ ਨਾ ਲਓ !"

ਸਾਥੀ ਕੇਸਰ ਸਿੰਘ ਜੀ ਤੇ ਨਾਜ਼ਰ ਸਿੰਘ ਜੌਹਲ ਵੀ ਇਹ ਸਾਰਾ ਕੁਝ ਸੁਣ ਰਹੇ ਸਨ । ਨਾਜ਼ਰ ਸਿੰਘ ਜੌਹਲ ਹੋਰਾਂ ਉਸ ਸੱਜਣ ਨੂੰ ਗਲੋਂ ਲਾਹੁਣ ਲਈ ਦਖ਼ਲ ਦਿੰਦੇ ਆਖਿਆ : "ਗੱਲ ਸੁਣ ਓ ਭਾਈ, ਇਕ ਨ੍ਹੀਂ ਸੀ ਘਰ ਵਾਲੀ, ਨੌਂ ਘਰ ਵਾਲੀਆਂ ਸਨ, ਕਿਹੜੀ ਦਾ ਨਾਉਂ ਪੁੱਛਦੈਂ ਤੂੰ ?"

ਬੰਦਾ ਥੋੜਾ ਝਿਪ ਗਿਆ ਤੇ ਉਸ ਨੇ ਲੜਖੜਾ ਕੇ ਕਿਹਾ : "ਹੈਂ ਜੀ .."

"ਇਕ ਨ੍ਹੀਂ ਸੀ ਘਰ ਵਾਲੀ, ਨੌਂ ਘਰ ਵਾਲੀਆਂ ਸਨ, ਗੁਰੂ ਨਾਨਕ ਦੇਵ ਦੀਆਂ, ਕਿਹੜੀ ਦਾ ਨਾਉਂ ਚਾਹੀਦੈ ?"

ਉਸ ਸੱਜਣ ਨੇ ਇਕ ਵੀ ਲਫ਼ਜ਼ ਅਗੋਂ ਨਹੀਂ ਬੋਲਿਆ । ਬੀਅਰ ਦਾ ਗਲਾਸ ਲੈ ਕੇ ਪਰਲੇ ਪਾਸੇ ਚਲਾ ਗਿਆ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

੩

ਇਹ ਸੱਜਣ ਗਏ ਹੀ ਸਨ ਕਿ ਥੋੜੀ ਦੇਰ ਮਗਰੋਂ ਇਕ ਹੋਰ ਸੱਜਣ ਆਏ ਤੇ ਖੜੇ ਖੜੇ ਹੀ ਪੁੱਛਣ ਲਗੇ : "ਕਿਉਂ ਜੀ, ਇੰਡੀਆ ਵਿਚ ਤਿੰਨ ਪਾਰਟੀਆਂ ਕਾਹਤੋਂ ਬਣੀਐਂ ?"

ਇਹ ਸਵਾਲ, ਇੰਗਲੈਂਡ ਵਿਚ, ਮਾਰਕਸੀ ਅਤੇ ਨਕਸਲੀ ਹੀ ਬਹੁਤਾ ਮੈਨੂੰ ਪੁੱਛਦੇ ਸਨ। ਮੈਂ ਜਵਾਬ ਦਿੰਦਾ ਤਾਂ ਆਮ ਕਰ ਕੇ ਉਹਨਾਂ ਦੀ ਤਸੱਲੀ ਨਹੀਂ ਹੁੰਦੀ ਸੀ। ਦੋਵੇਂ ਮਾਓ-ਪੱਖੀ ਸਨ। ਇਹ ਜਵਾਬ ਉਹ ਮੇਰੇ ਕੋਲੋਂ ਸੁਣਨਾ ਨਹੀਂ ਚਾਹੁੰਦੇ ਸਨ ਕਿ ਇਸ ਫੁੱਟ ਦਾ ਕਾਰਨ ਕੇਵਲ ਇਕ ਆਦਮੀ, ਮਾਓ, ਹੈ। ਬਹਿਸਾਂ ਹੋਣ ਲਗਦੀਆਂ। ਕਈ ਵਾਰ ਇਹ ਬਹਿਸਾਂ ਕਾਫ਼ੀ ਤਲਖ਼ ਵੀ ਹੋ ਜਾਂਦੀਆਂ। ਹਾਸਿਲ ਕੁਝ ਨਹੀਂ ਹੁੰਦਾ ਸੀ, ਸਗੋਂ ਮਨ ਵਿਚ ਇਕ ਦੂਜੇ ਲਈ ਦੂਰੀ ਜਿਹੀ ਹੋ ਜਾਂਦੀ ਸੀ। ਇਹ ਵੀ ਸੱਜਣ ਮਾਰਕਸੀਆਂ ਜਾਂ ਨਕਸਲੀਆਂ ਦੇ ਨੇੜੇ ਸਨ। ਇਸ ਲਈ ਮੈਂ ਟਾਲਣ ਲਈ ਇਹਨਾਂ ਨੂੰ ਇਹੋ ਉੱਤਰ ਦਿਤਾ :

'ਲੰਮੀ ਗੱਲ ਹੈ, ਫੇਰ ਕਰਾਂਗੇ, ਪੱਬ ਵਿਚ ਕਰਨ ਵਾਲੀ ਨਹੀਂ।"

"ਛੋਟੀ ਕਰ ਕੇ ਦੱਸ ਦਿਓ!"

"ਨਹੀਂ, ਇਹ ਕਾਫ਼ੀ ਲੰਮੀ ਹੈ।"

"ਕਵੀ ਓਂ, ਕੁੱਜੇ ਵਿਚ ਸਮੁੰਦਰ ਬੰਦ ਕਰ ਦਿਓ!"

"ਇਹ ਸਮੁੰਦਰ ਵੱਡਾ ਹੈ। ਕੁੱਜੇ ਵਿਚ ਨਹੀਂ ਹੋਣਾ ਬੰਦ।"

"ਐਂ ਕਹੋ, ਬਈ ਪਤਾ ਹੀ ਨਹੀਂ।"

"ਹਾਂ, ਮੈਨੂੰ ਪਤਾ ਹੀ ਨਹੀਂ।"

"ਤਾਂ ਫੇਰ ਨਿਰੇ ਕਵੀ-ਓ-ਈ-ਓਂ ? ਹੋਰ ਨਹੀਂ ਕੁਛ ਆਉਂਦਾ ਜਾਂਦਾ!"

"ਮੈਂ ਕਵੀ ਵੀ ਨਹੀਂ ਹਾਂ।"

"ਨਹੀਂ, ਕਵੀ ਤਾਂ ਹੈਗੇ ਓਂ।"

"ਤੁਹਾਡੀ ਬੜੀ ਮਿਹਰਬਾਨੀ।"

ਅਤੇ ਉਹ ਮੇਰੇ ਮੂੰਹ ਵਲ ਤੱਕਦਾ ਥੋੜਾ ਪਰੇ ਵਲ ਜਾ ਖਲੋਇਆ।

ਕੇਸਰ ਸਿੰਘ ਤੇ ਨਾਜ਼ਰ ਸਿੰਘ ਇਹ ਸਭ ਕੁਝ ਤੱਕਦੇ ਰਹੇ ਸਨ। ਪਰ ਉਹ ਕੀ ਕਰ ਸਕਦੇ ਸਨ ?

"ਨਾ ਬਾਬਾ" ਨਾਜ਼ਰ ਸਿੰਘ ਨੇ ਹੱਥ ਬੰਨ੍ਹ ਕੇ ਆਖਿਆ, "ਆਦਮੀ ਮਸ਼ਹੂਰ ਬੰਦਿਆਂ ਕੋਲ ਨਾ ਬੈਠੇ ਕਦੇ ਵੀ, ਇਹਨਾਂ ਉਤੇ ਕੋਈ ਨਾ ਕੋਈ ਬਿੱਜ ਪੈਂਦੀ ਓ ਰਹਿੰਦੀ ਐ। ਦੋ ਤਾਂ ਬਿੱਜਾਂ ਹੁਣੇ ਪੈ ਲਈਆਂ—ਪੰਜਾਂ ਮਿੰਟਾਂ ਅੰਦਰ ਹੀ।"

"ਤੁਸੀਂ ਕੋਲ ਨਾ ਹੋਵੋ ਤਾਂ ਸਾਡਾ ਕੌਣ ਬਚਾਓ ਕਰੇ ?" ਮੈਂ ਉਹਨਾਂ ਨੂੰ ਹਸ ਕੇ ਆਖਿਆ। "ਇਹ ਨਾ ਕਹੋ ਕਿ ਸਾਡੇ ਲਾਗੇ ਬੈਠਣਾ ਨਹੀਂ ਚਾਹੀਦਾ। ਸਾਡੇ ਕੋਲ ਤਾਂ ਸਦਾ ਹੀ ਤੁਸੀਂ ਬੈਠੇ ਹੋਣੇ ਚਾਹੀਦੇ ਓਂ!"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

## ੪

ਨੌਟਿੰਘਮ ਦੀ ਹੀ ਗੱਲ ਹੈ। ਇਕ ਦਿਨ, ਸ਼ਾਮੀ ਜਿਹੇ, ਇਕ ਸੱਜਣ ਸਾਥੀ ਕੇਸਰ ਸਿੰਘ ਹੋਰਾਂ ਨੂੰ ਮਿਲਣ ਆਏ। ਬੜੇ ਹੀ ਖ਼ੂਬਸੂਰਤ ਸਨ। ਅੰਗਰੇਜ਼ਾਂ ਵਰਗੀ ਸ਼ਕਲ ਸੀ। ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ। ਜਿਵੇਂ ਕਾਫ਼ੀ ਪੜ੍ਹੇ ਲਿਖੇ ਤੇ ਉੱਚੀ ਸੋਚ ਦੇ ਮਾਲਿਕ ਹੋਣ। ਮਜ਼ਹਬ ਵਲੋਂ ਸਿੱਖ ਸਨ। ਉਂਜ ਕਲੀਨ ਸ਼ੇਵਡ ਸਨ। ਫਰੰਟ ਵਿਚ ਉਹ ਬੈਠੇ ਬੈਠੇ ਮੈਨੂੰ ਦੇਖਦੇ ਰਹੇ ਸਨ। ਉਹਨਾਂ ਨੂੰ ਮੈਨੂੰ ਜਾਨਣ ਦੀ ਜਾਂ ਵਾਕਿਫ਼ ਹੋਣ ਦੀ ਲੋੜ ਨਾ ਪਈ, ਤੇ ਨਾ ਹੀ ਕੇਸਰ ਸਿੰਘ ਹੋਰਾਂ ਨੇ ਇਸ ਦੀ ਲੋੜ ਮਹਿਸੂਸ ਕੀਤੀ। ਉਹਨਾਂ ਨੇ ਮੈਨੂੰ ਤੱਕ ਕੇ ਕਿਹਾ :

"ਤੁਸੀਂ ਕੱਚੇ ਸਿੱਖ ਓ ਜਾਂ ਪੱਕੇ ?"

ਬੜਾ ਅਜੀਬ ਸਵਾਲ ਸੀ। ਪਹਿਲੀ ਵਾਰ ਹੀ ਮੇਰੇ ਨਾਲ ਇਹ ਗੱਲ ਬਾਤ ਕਰ ਰਹੇ ਸਨ ਤੇ ਪਹਿਲੀ ਵਾਰ ਹੀ ਇਹ ਸਵਾਲ। ਮੈਨੂੰ ਕੁਝ ਹੈਰਾਨੀ ਹੋਈ। ਮੈਂ ਆਖਿਆ : "ਕੀ ਜਨਾਬ ?"

"ਤੁਸੀਂ ਕੱਚੇ ਸਿੱਖ ਓ ਜਾਂ ਪੱਕੇ ?"

"ਮੁਆਫ਼ ਕਰਨਾ, ਮੈਂ ਤੁਹਾਡਾ ਮਤਲਬ ਨਹੀਂ ਸਮਝਿਆ ?"

"ਆਂਡਾ, ਮੀਟ, ਸ਼ਰਾਬ ਸ਼ਰੂਬ ਵਰਤਦੇ ਓ ਜਾਂ ਨਹੀਂ ਤੁਸੀਂ ?"

"ਇਸ ਦਾ ਕੀ ਸੰਬੰਧ ਹੈ ਜੀ ਕੱਚੇ ਪੱਕੇ ਸਿੱਖ ਹੋਣ ਨਾਲ ? ਇਹ ਵੀ ਕੋਈ ਕਸਵੱਟੀ ਹੈ ? ਇਹ ਚੀਜ਼ਾਂ ਪੱਕੇ ਸਿੱਖ ਵੀ ਵਰਤਦੇ ਹਨ ਤੇ ਨਹੀਂ ਵੀ। ਇਸੇ ਤਰ੍ਹਾਂ ਹੀ ਕੱਚੇ ਸਿੱਖ। ਕੱਚ ਪੱਕ ਤਾਂ ਕਈਆਂ ਹੋਰਾਂ ਗੱਲਾਂ ਵਿਚ ਹੀ ਦਿਸਦੀ ਹੈ। ਇਹ ਤਾਂ ਨਿੱਕੀਆਂ ਗੱਲਾਂ ਹਨ।"

ਅਸਲ ਵਿਚ ਉਹ ਮੇਰੇ ਬਾਰੇ ਕੁਝ ਭੁਲੇਖੇ ਜਿਹੇ ਵਿਚ ਸਨ। ਉਹਨਾਂ ਨੂੰ ਪਤਾ ਨਹੀਂ ਸੀ ਕਿ ਮੈਂ ਇੰਗਲੈਂਡ ਘੁੰਮਣ ਫਿਰਨ ਲਈ ਹੀ ਆਇਆ ਹੋਇਆ ਹਾਂ। ਉਹਨਾਂ ਇਹੋ ਸਮਝਿਆ ਕਿ ਮੈਂ ਇੰਗਲੈਂਡ ਹੀ ਰਹਿੰਦਾ ਹਾਂ, ਤੇ ਜੇ ਇੰਗਲੈਂਡ ਰਹਿੰਦੇ ਹੋਏ ਮੈਂ ਦਾੜ੍ਹੀ ਕੇਸ ਰਖ ਛੱਡੇ ਹਨ ਤਾਂ ਇਹ ਜ਼ਰੂਰ ਕੋਈ ਗੱਲ ਹੀ ਹੈ। ਨਹੀਂ ਤਾਂ ਹੋਰਾਂ ਲੋਕਾਂ ਵਾਂਗ (ਜਾਂ ਉਹਨਾਂ ਦੇ ਆਪਣੇ ਵਾਂਗੂੰ ਵੀ) ਮੈਂ ਸਫ਼ਾ ਚੱਟ ਹੀ ਕਿਉਂ ਨਾ ਹੋਇਆ ?

ਰਾੜੇ ਵਾਲੇ ਸੰਤ ਵੀ (ਸੰਤ ਈਸ਼ਰ ਸਿੰਘ ਜੀ) ਇੰਗਲੈਂਡ ਆਏ ਹੋਏ ਸਨ ਤੇ ਵਖੋ ਵਖ ਸ਼ਹਿਰਾਂ ਵਿਚ ਦੀਵਾਨ ਲਾਉਂਦੇ ਹੁੰਦੇ ਸਨ ਤੇ ਅੱਜ ਕਲ੍ਹ ਕਾਵੈਂਟਰੀ ਸਨ। ਇਹ ਸੱਜਣ, ਕਹਿੰਦੇ ਸਨ, ਉਹਨਾਂ ਦਾ ਕਾਵੈਂਟਰੀ ਦੀਵਾਨ ਸੁਣ ਕੇ ਆਏ ਸਨ। ਕਹਿਣ ਲਗੇ :

"ਮੇਰੇ ਉਤੇ ਰਾੜੇ ਵਾਲੇ ਦਾ ਬਹੁਤ ਪਰਭਾਵ ਪਿਆ ਹੈ। ਤਿੰਨ ਦਿਨ ਹੋਏ, ਮੈਂ ਸਿਗਰਟਾਂ ਛਡ ਦਿਤੀਆਂ ਹਨ। ਪਹਿਲਾਂ ਬਹੁਤ ਪੀਂਦਾ ਸਾਂ। ਮੈਂ ਤਾਂ ਉਹਨਾਂ ਦਾ ਸਦਾ ਲਈ ਹੀ ਫਾਲੋਅਰ (ਪੈਰੋਕਾਰ) ਬਣ ਗਿਆ ਹਾਂ।"

ਮੈਂ ਥੋੜਾ ਰੁਕ ਕੇ ਆਖਿਆ :

"ਉਹ ਕਿਸ ਦੇ ਫਾਲੋਅਰ ਹਨ ?"


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
"ਉਹ ਸਫ਼ੇਦਾਂ ਵਾਲੇ ਹੈ।"

"ਕਲੇਰਾਂ ਵਾਲੇ ਕਿਸ ਦੇ ਹਨ ?"

"ਉਹ ਕਿਸੇ ਹੋਰ ਦੇ ਹੋਣਗੇ।"

"ਉਹ 'ਕਿਸਾ ਹੋਰ' ਕਿਸ ਦਾ ਹੈ ?"

"ਓ ਜੀ, ਇਹ ਸਭ ਗੁਰਬਾਣੀ ਦੀ ਸਿੱਖਿਆ ਦਿੰਦੇ ਹਨ। ਦਸਾਂ ਗੁਰੂਆਂ ਨੂੰ ਮੰਨਦੇ ਹਨ ਤੇ ਗੁਰੂ ਗਰੰਥ ਸਾਹਿਬ ਨੂੰ ਹੀ ਆਪਣਾ ਇਸ਼ਟ ਕਹਿੰਦੇ ਹਨ।"

"ਤੁਸੀਂ ਗੁਰੂ ਗਰੰਥ ਸਾਹਿਬ ਜਾਂ ਦਸਾਂ ਗੁਰੂਆਂ ਨੂੰ ਕਿਉਂ ਨਹੀਂ ਮੰਨਦੇ ? ਜਿਨ੍ਹਾਂ ਨੂੰ ਉਹ ਮੰਨਦੇ ਹਨ, ਉਹਨਾਂ ਨੂੰ ਹੀ ਤੁਸੀਂ ਮੰਨੋ। ਇਹ ਵਿਚੋਲੇ ਰਖੇ ਹਨ ਕਿ ਇਹਨਾਂ ਰਾਹੀਂ ਹੀ ਮਿਲਣਾ ਹੈ ? ਆਪਣੇ ਆਪ ਸਿੱਧੇ ਮਿਲੋ।"

ਖੁਲ੍ਹੀਆਂ, ਟੱਡੀਆਂ ਅੱਖਾਂ ਨਾਲ ਉਹ ਮੇਰੇ ਮੂੰਹ ਵਲ ਤੱਕਣ ਲਗੇ।

"ਸੰਤ ਗੁਰੂ ਨਾਨਕ ਸੀ, ਜਾਂ ਫੇਰ ਗੁਰੂ ਅਰਜਨ ਤੇ ਜਾਂ ਫੇਰ ਗੁਰੂ ਤੇਗ ਬਹਾਦੁਰ—ਜਿਨ੍ਹਾਂ ਨੇ ਆਪਣੇ ਸਮੇਂ ਦੇ ਜਾਬਰ ਹਾਕਮਾਂ ਨਾਲ ਘੋਲ ਕੀਤਾ। ਇਹ ਤਾਂ ਮਲਿਕ ਭਾਗੋਆਂ ਦੀ ਏਜੰਟੀ ਕਰਨ ਵਾਲੇ ਤੇ ਪੂੜੇ ਛਕਣ ਵਾਲੇ ਹਨ, ਸ੍ਰੀ ਮਾਨ ਸਰਦਾਰ ਜੀ ! ਇਹ ਬਨਾਰਸ ਦੇ ਠੱਗ ਹਨ। ਅੱਜ ਸੰਤ ਉਹ ਹਨ ਜੋ ਅੱਜ ਦੇ ਮਲਿਕ ਭਾਗੋਆਂ ਨੂੰ ਖ਼ਤਮ ਕਰਨਾ ਚਾਹੁੰਦੇ ਤੇ ਕਿਰਤੀਆਂ ਤੇ ਲਾਲੋਆਂ ਨੂੰ ਉੱਚਾ ਚੁੱਕਣਾ ਚਾਹੁੰਦੇ ਹਨ। ਇਹ ਤਾਂ ਝੂਠੇ ਸੰਤ ਹਨ—ਨਾਮ ਜਪੋ, ਨਾਮ ਜਪੋ—ਕਦੇ ਇਹਨਾਂ ਨੇ ਲੋਕਾਂ ਦੀਆਂ ਤਕਲੀਫ਼ਾਂ ਵਲ ਵੀ ਤੱਕਿਆ ਹੈ ?"

ਉਵੇਂ ਹੀ, ਟੱਡੀਆਂ ਅੱਖਾਂ ਨਾਲ, ਉਹ ਮੇਰੇ ਵਲ ਤੱਕ ਰਹੇ ਸਨ।

ਢਾਈ ਮਹੀਨੇ ਮਗਰੋਂ ਮੈਂ ਫੇਰ ਉਹਨਾਂ ਨੂੰ ਦੇਖਿਆ। ਨੌਟਿੰਘਮ ਕੋਈ ਦਾਅਵਤ ਸੀ। ਅਸੀਂ ਪੱਬ ਵਿਚ ਬੈਠੇ ਸਾਂ। ਉਹ ਸਾਥੋਂ ਕਾਫ਼ੀ ਦੂਰ ਸਨ। ਸੋਕਾਚ ਦੀਆਂ ਸੁਨਹਿਰੀ ਬੋਤਲਾਂ ਮੇਜ਼ਾਂ ਉਤੇ ਪਈਆਂ ਸਨ। ਜਾਮ ਭਰੇ ਜਾ ਰਹੇ ਸਨ।

ਹਾਂ, ਉਹੀਓ ਸੱਜਣ ਅੱਜ ਸਿਗਰਟਾਂ ਵੀ ਪੀ ਰਹੇ ਸਨ। ਸਿਗਰਟਾਂ ਉਤੇ ਸਿਗਰਟਾਂ। ਰਾੜੇ ਵਾਲੇ ਦੀ ਸਾਰੀ ਸਿੱਖੀ ਧੂੰਏਂ ਵਿਚ ਉਡ ਰਹੀ ਸੀ।

ਖ਼ੈਰ, ਉਹ "ਪੱਕੇ ਸਿੱਖ" ਸਨ। ਉਹਨਾਂ ਨੂੰ ਕੱਚਾ ਸਿੱਖ ਆਖਣਾ ਮੇਰੇ ਲਈ ਮੁਨਾਸਿਬ ਨਹੀਂ।

## ੫

ਲਿਸਟਰ ਦੀ ਇਕ ਘਟਨਾ ਹੈ। ੨੪ ਅਗਸਤ, ੭੪ ਨੂੰ ਨੈਸ਼ਨਲ ਫਰੰਟ ਵਿਰੁੱਧ ਜਦੋਂ ਮੁਜ਼ਾਹਰਾ ਹੋਇਆ ਸੀ ਤਾਂ ਸ਼ਾਮੀ ਮੈਂ ਮੁਜ਼ਾਹਰੇ ਮਗਰੋਂ ਹਡਰਸਫੀਲਡ ਜਾਣਾ ਸੀ ਜਿਸ ਲਈ ਮੈਂ ਹਡਰਸਫ਼ੀਲਡ ਤੋਂ ਆਈ ਇਕ ਅੰਗਰੇਜ਼ਾਂ ਦੀ ਹੀ ਵੈਨ ਵਿਚ ਬਹਿ ਗਿਆ ਸਾਂ ਤੇ ਸਾਰੇ ਗੋਰੇ ਗੋਰੀਆਂ ਵਿਚ ਮੈਂ ਹੀ ਹਿੰਦੋਸਤਾਨੀ ਸਾਂ ਤੇ ਉਹ ਵੀ ਸਗੋਂ ਸਿੱਖ ਸਾਂ। ਵੈਨ ਅਜੇ ਖਲੋਤੀ ਸੀ। ਮੈਨੂੰ, ਇਕ ਸਿੱਖ ਨੂੰ, ਦੇਖ ਕੇ ਦੋ ਪੰਜਾਬੀ, ਸ਼ਾਇਦ ਸਿੱਖ ਹੀ, ਜਿਹੜੇ ਉਂਜ ਤਾਂ ਮੋਨੇ ਸਨ, ਪਰ ਸਿਰਾਂ ਉਤੇ ਗੋਲ ਤੇ ਤਿੱਖੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ, ਪਟੜੀ ਉਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਰੇ ਜਾਂਦੇ ਵੈਨ ਕੋਲ ਖਲੋਏ ਤੇ ਮੇਰੀ ਪਿੱਠ ਵੱਲ ਦੇਖਣ ਲਗੇ। ਉਹਨਾਂ ਵਿਚੋਂ ਇਕ ਬੋਲਿਆ : "ਠਹਿਰੀਂ ਯਾਰਾ, ਜ਼ਰਾ ਇਸ ਸਰਦਾਰ ਦਾ ਮੂੰਹ ਤਾਂ ਦੇਖ ਲਈਏ !" ਜਦ ਮੈਂ ਪਿੱਠ ਮੋੜੀ ਤਾਂ ਦੋਵੇਂ ਮੈਨੂੰ ਦੇਖੇ ਬਿਨਾਂ ਹੀ ਹਸਦੇ ਹਸਦੇ ਚਲੇ ਗਏ ਤੇ ਇਕ ਮੋੜ ਜਿਹਾ ਮੁੜ ਗਏ। ਮੈਨੂੰ ਇਹ ਗੱਲ ਬੁਰੀ ਲੱਗੀ। ਉਹ ਪਿਆਰ ਨਾਲ ਕਹਿੰਦੇ ਸਨ ਜਾਂ ਨਫ਼ਰਤ ਅਤੇ ਨਿਰਾਦਰ ਨਾਲ ? ਮੈਨੂੰ ਇਸ ਦੀ ਸਮਝ ਨਹੀਂ ਆਈ।

ਜਾਪਦਾ ਹੈ, ਮੈਥੋਂ ਉਹਨਾਂ ਨੂੰ ਆਪਣੇ ਕਿਸੇ ਵਾਕਿਫ਼ ਦਾ ਭੁਲੇਖਾ ਜਿਹਾ ਲਗ ਗਿਆ ਸੀ। ਪਰ, ਉਹਨਾਂ ਦਾ ਇਹ ਆਖਣਾ "ਸਰਦਾਰ ਦਾ ਮੂੰਹ ਤਾਂ ਦੇਖ ਲਈਏ" ਬੜਾ ਹੀ ਚੁਭਵਾਂ ਫ਼ਿਕਰਾ ਸੀ। ਉਹ ਵੀ ਹਿੰਦੋਸਤਾਨੀ ਸਨ, ਸਿੱਖ ਸਨ, ਪੰਜਾਬੀ ਸਨ। ਉਹਨਾਂ ਲਈ ਮੈਂ ਖ਼ਾਸ ਕਿਸਮ ਦੀ ਅਜਨਬੀ ਚੀਜ਼ ਨਹੀਂ ਸਾਂ। ਨਾ ਮੈਂ ਮਰਿਆ ਹੋਇਆ ਸਾਂ ਕਿ ਉਹਨਾਂ ਨੇ ਮੇਰਾ ਜਾਂਦੀ ਵਾਰ ਦਾ ਮੂੰਹ ਦੇਖਣਾ ਚਾਹਿਆ ਸੀ। ਜਦ ਮੈਂ ਮੂੰਹ ਭੁਆਇਆ ਤਾਂ ਫੇਰ ਉਹ ਉਥੋਂ ਚਲੇ ਵੀ ਗਏ।

ਸੰਭਵ ਹੈ, ਉਹਨਾਂ ਨੇ ਮੈਨੂੰ ਪਿਆਰ ਨਾਲ ਹੀ ਆਖਿਆ ਹੋਵੇ। ਪਿਆਰ ਵਿਕਾਸ ਦੀ ਸ਼ਕਤੀ ਹੈ, ਪਰ ਪਿਆਰ ਵਿਨਾਸ਼ ਵੀ ਕਰਦਾ ਹੈ। ਕਈ ਲੋਕ ਪਿਆਰ ਨਾਲ ਜਦ ਕਿਸੇ ਨੂੰ ਜੱਫੀ ਪਾਉਂਦੇ ਹਨ ਤਾਂ ਪੱਸਲੀਆਂ ਤੋੜ ਦਿੰਦੇ ਹਨ।

## ੬

ਇਕ ਵਤਨੀ ਭਾਈ ਦੀ ਮੈਂ ਹੋਰ ਵੀ ਗੱਲ ਕਰਨੀ ਹੈ।

ਜੁਲਾਈ ਜਿਹੀ ਦੇ ਦਿਨ ਸਨ। ਜਿਥੇ ਠਾਹਰ ਹੁੰਦੀ ਸੀ ਉਥੇ ਮੈਨੂੰ ਮਿਲਣ ਲਈ ਵੀ ਲੋਕੀ ਆਉਂਦੇ ਰਹਿੰਦੇ ਸਨ। ਇਕ ਦਿਨ ਇਕ ਨੌਜਵਾਨ ਮੈਨੂੰ ਮਿਲਣ ਲਈ ਆਏ ਸਨ। ਨਾਲ ਇਕ ਅੰਗਰੇਜ਼ ਲੜਕੀ ਉਹਨਾਂ ਦੀ ਗਰਲ ਫ਼ਰੈਂਡ ਵੀ ਸੀ। ਮੈਨੂੰ ਬੜੀ ਹੀ ਖ਼ੁਸ਼ੀ ਹੋਈ।

ਨੌਜਵਾਨ ਕੁਝ ਨਕਸਲੀ ਖ਼ਿਆਲਾਂ ਤੋਂ ਪਰਭਾਵਤ ਸੀ। ਹਿੰਦੋਸਤਾਨ ਦੀ ਹਾਲਤ ਬਾਰੇ ਪੁਛ ਪੁਛਾਈ ਹੋਣ ਲਗੀ : "ਕੀ ਹਾਲ ਐ ਭਾਰਤ ਦਾ ? ਮਹਿੰਗਾਈ ਦਾ ਕਾਰਨ ਕੀ ਹੈ ? ਸੀ. ਪੀ. ਆਈ. ਕਾਂਗਰਸ ਦੇ ਨਾਲ ਕਿਉਂ ਮਿਲੀ ਹੋਈ ਐ ਜਿਸ ਮਹਿੰਗਾਈ ਕੀਤੀ ਐ ?" ਮੈਂ ਆਪਣੀ ਸਮਝ ਅਨੁਸਾਰ ਇਹਨਾਂ ਦੇ ਉੱਤਰ ਦਿੰਦਾ ਰਿਹਾ।

ਅਸੀਂ ਇਹ ਸਾਰੀ ਗੱਲ ਬਾਤ ਪੰਜਾਬੀ ਵਿਚ ਕਰ ਰਹੇ ਸਾਂ। ਉਸ ਦੀ ਗਰਲ ਫ਼ਰੈਂਡ ਇਸ ਵਿਚ ਹਿੱਸਾ ਨਹੀਂ ਲੈ ਰਹੀ ਸੀ। ਉਹ ਸਿਰਫ਼ ਸਾਡੀ ਦਰਸ਼ਕ ਸੀ। ਉਂਜ ਉਸ ਨੂੰ ਥੋੜੀ ਬਹੁਤੀ ਸਮਝ ਆਉਂਦੀ ਵੀ ਹੋਵੇਗੀ। ਕਿਉਂਕਿ ਅਸੀਂ ਅੰਗਰੇਜ਼ੀ ਦੇ ਵੀ ਲਫ਼ਜ਼ ਬੋਲ ਹੀ ਰਹੇ ਸਾਂ। ਇੰਡੀਆ, ਸੋਸ਼ਲਿਜ਼ਮ, ਕਾਂਗਰਸ, ਸੀ. ਪੀ. ਆਈ.। ਰੂਸ ਅਤੇ ਚੀਨ ਦੇ ਵੀ ਲਫ਼ਜ਼ ਬੋਲੇ ਜਾਂਦੇ ਸਨ।

'ਗੱਲਾਂ ਹੋ ਹੀ ਰਹੀਆਂ ਸਨ ਕਿ ਨੌਜਵਾਨ ਨੇ ਆਖਿਆ : "ਇੰਡੀਆ ਵਿਚ ਕੋਈ ਵੀ ਲੇਖਕ ਅਣਖ ਵਾਲਾ ਨਹੀਂ ਹੈ। ਤਿੰਨ ਹਜ਼ਾਰ ਰੁਪਏ ਦੇ ਕੇ ਭਾਵੇਂ ਕੋਈ ਖ਼ਰੀਦ ਲਵੇ। ਕੋਈ ਵੀ ਲੇਖਕ ਤਿੰਨ ਹਜ਼ਾਰ ਰੁਪਏ ਵਿਚ ਵਿਕ ਜਾਂਦਾ ਹੈ।"

ਮੈਨੂੰ ਇਹ ਗੱਲ ਬੁਰੀ ਲੱਗੀ। ਮੈਂ ਆਖਿਆ ਕਿ ਉਹ ਬਿਲਕੁਲ ਗ਼ਲਤ ਗੱਲ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿ ਰਿਹਾ ਹੈ। ਇਸ ਵਿਚ ਕੋਈ ਸਚਾਈ ਨਹੀਂ। ਲੇਖਕ ਵਿਕਦੇ ਹੋਣਗੇ, ਪਰ ਸਾਰੇ ਆਖਣਾ ਗ਼ਲਤ ਹੈ। ਤਿੰਨ ਹਜ਼ਾਰ ਤਾਂ ਪਾਸੇ ਰਿਹਾ, ਮੈਨੂੰ ਕੋਈ ਤਿੰਨ ਕਰੋੜ ਰੁਪਏ ਨਾਲ ਖ਼ਰੀਦ ਕੇ ਦੱਸੇ। ਪਰ ਉਹ ਮੰਨਦਾ ਨਹੀਂ ਸੀ। ਇਹੋ ਆਖਦਾ ਜਾਂਦਾ ਸੀ ਕਿ ਸਾਰੇ ਲੇਖਕ ਵਿਕਦੇ ਹਨ।

ਇਸ ਸਮੇਂ ਉਸ ਦੀ ਕੁਝ ਸ਼ਰਾਬ ਵੀ ਪੀਤੀ ਹੋਈ ਸੀ। ਜੋ ਉਹ ਗੱਲਾਂ ਕਰਦਾ ਸੀ, ਉਹਨਾਂ ਲਈ ਸੁਹਿਰਦਤਾ ਦੀ ਘਾਟ ਵੀ ਉਸ ਵਿਚ ਬਹੁਤ ਸੀ। ਜਿਵੇਂ ਉਹ ਅੱਯਾਸ਼ੀ ਲਈ ਹੀ ਗੱਲ ਬਾਤ ਕਰ ਰਿਹਾ ਹੋਵੇ। ਵਾਰ ਵਾਰ ਉਹ ਘੜੀ ਦੇਖਦਾ। ਜਿਵੇਂ ਉਸ ਨੂੰ ਕਾਹਲ ਵੀ ਹੋਵੇ।

ਮੈਨੂੰ ਉਸ ਦਾ ਢੰਗ ਤਰੀਕਾ ਬੜਾ ਹੀ ਭੈੜਾ ਲੱਗਾ ਸੀ। ਜੇ ਉਹ ਮਿਲਣ ਆਇਆ ਹੈ ਤਾਂ ਘਟੋ ਘਟ ਤਮੀਜ਼ ਨਾਲ ਤੇ ਅਕਲ ਨਾਲ ਤਾਂ ਗੱਲਾਂ ਕਰੇ—"ਸਾਰੇ ਲੇਖਕ ਵਿਕਦੇ ਹਨ। ਤਿੰਨ ਹਜ਼ਾਰ ਰੁਪਿਆ ਦੇ ਕੇ ਭਾਵੇਂ ਕੋਈ ਖ਼ਰੀਦ ਲਵੇ"—ਉਸ ਨੇ ਸਿਰਫ਼ ਮੇਰੀ ਨਹੀਂ, ਸਾਰੇ ਹਿੰਦੋਸਤਾਨ ਦੀ ਹੀ ਹੱਤਕ ਕਰਨੀ ਚਾਹੀ ਸੀ।

ਆਖ਼ਿਰ ਅਸੀਂ ਝਗੜ ਪਏ। ਮਾਹੌਲ ਖ਼ਰਾਬ ਹੋ ਗਿਆ ਸੀ। ਉਸ ਦੀ ਗਰਲ ਫ਼ਰੈਂਡ ਸਾਡੇ ਦੋਹਾਂ ਵਲ ਤੱਕ ਰਹੀ ਸੀ।

ਉਹ ਤੇ ਉਸ ਦੀ ਗਰਲ ਫ਼ਰੈਂਡ ਦੋਵੇਂ ਉਠ ਖਲੋਏ ਤੇ ਆਖ਼ਿਰ ਉਥੋਂ ਚਲੇ ਗਏ। ਮੈਨੂੰ ਇਕ ਪਛਤਾਵਾ ਸੀ : ਉਸ ਦੀ ਗਰਲ ਫ਼ਰੈਂਡ ਵਿਚਾਰੀ ਕੀ ਆਖਦੀ ਹੋਵੇਗੀ। ਅਸੀਂ ਏਨੇ ਹੀ ਜਾਹਿਲ ਹਾਂ ਜੋ ਉਂਝੇ ਝਗੜ ਪਏ ਹਾਂ? ਆਖ਼ਿਰ ਅਸੀਂ ਕੱਚੇ ਅਤੇ ਜਜ਼ਬਾਤੀ ਹਿੰਦੋਸਤਾਨੀ ਹੀ ਰਹੇ ?

ਉਂਜ ਉਸ ਦੇ ਜਾਣ ਦਾ ਮੈਨੂੰ ਕੋਈ ਪਛਤਾਵਾ ਨਹੀਂ ਸੀ, ਸਗੋਂ ਖ਼ੁਸ਼ੀ ਹੀ ਹੋਈ ਸੀ ਕਿ ਚੰਗਾ ਹੋਇਆ ਚਲਿਆ ਗਿਆ। ਗੱਲਾਂ ਗੱਲਾਂ ਨਾਲ ਹੀ ਉਸ ਨੇ ਮਨ ਖ਼ਰਾਬ ਕਰ ਦਿਤਾ ਸੀ। ਕਹਿੰਦਾ ਸੀ, ਉਹ ਮੇਰੇ ਕੋਲੋਂ ਸਿੱਖਣ ਲਈ ਕੁਝ ਆਇਆ ਹੈ। ਪਰ ਅਸਲ ਵਿਚ ਉਹ ਕਹਿੰਦਾ ਸੀ ਕਿ ਮੇਰੇ ਨਾਲੋਂ ਉਸ ਨੂੰ ਹਿੰਦੋਸਤਾਨ ਦਾ ਬਹੁਤਾ ਪਤਾ ਹੈ। ਭਾਵੇਂ ਉਸ ਨੂੰ ਉਥੋਂ ਆਇਆਂ ਅੱਠ ਵਰ੍ਹੇ ਹੋ ਚੁੱਕੇ ਹਨ।

ਇਹਨੀਂ ਦਿਨੀਂ ਕਾਵੈਂਟਰੀ ਮੈਂ ਭਜਨ ਸਿੰਘ ਨਾਹਲ ਦੇ ਘਰ, ਚੈਲਸਮੋਰ, ਵਿਲੀਅਮ ਬਰਿਸਟੋ ਰੋਡ ਉਤੇ ਰਹਿ ਰਿਹਾ ਸਾਂ। ਭਜਨ ਸਿੰਘ ਦੀ ਪਤਨੀ ਬੀਬੀ ਮਲਕੀਅਤ ਕੌਰ ਦੇ ਪਿਤਾ ਜੀ ਕਾਮਰੇਡ ਪਿਆਰਾ ਸਿੰਘ ਵੀ ਏਥੇ ਆਏ ਹੋਏ ਸਨ ਜੋ ਕਿਸੇ ਹੋਰ ਥਾਂ ਰਹਿੰਦੇ ਸਨ। ਉਹ ਵੀ ਘਰ ਮੌਜੂਦ ਸਨ। ਹਰਭਜਨ ਸਿੰਘ ਬਿਰਕ ਵੀ ਉਸ ਨੌਜਵਾਨ ਨਾਲ ਆਇਆ ਸੀ। ਅਸਲ ਵਿਚ ਉਹ ਬਿਰਕ ਨਾਲ ਹੀ ਮੈਨੂੰ ਮਿਲਣ ਲਈ ਆਇਆ ਤੇ ਬਿਰਕ ਦੀ ਹੀ ਗੱਡੀ ਵਿਚ ਉਹ ਤਿੰਨੇ ਜਣੇ ਆਏ ਸਨ। ਜਦੋਂ ਗੱਲਾਂ ਹੁੰਦੀਆਂ ਸਨ, ਉਦੋਂ ਹੀ ਗੁਰਦਿਆਲ ਸਿੰਘ ਗੁਰੂ ਵੀ ਆ ਗਏ ਸਨ। ਜੋ ਕੁਝ ਵੀ ਇਹ ਹੋਇਆ ਸੀ, ਸਭ ਦੇ ਸਾਹਮਣੇ ਹੋਇਆ ਸੀ ਤੇ ਸਭ ਨੂੰ ਹੀ ਅਫ਼ਸੋਸ ਸੀ। ਪਰ ਕੀਤਾ ਕੀ ਜਾ ਸਕਦਾ ਸੀ ?

ਥੋੜੀ ਦੂਰ ਹੀ ਪੱਬ ਸੀ। ਗੱਡੀ ਵਿਚ ਉਹ ਤਿੰਨੇ ਜਣੇ ਪੱਬ ਨੂੰ ਚਲੇ ਗਏ ਸਨ।

ਮੇਰਾ ਕਮਰਾ ਉਤੇ ਸੀ। ਥੋੜੀ ਦੇਰ ਮਗਰੋਂ ਮੈਂ ਵਾਪਸ ਉਤੇ ਆਇਆ ਤੇ ਲਿਖਣ ਪੜ੍ਹਨ ਲਗ ਪਿਆ। ਕਾਮਰੇਡ ਪਿਆਰਾ ਸਿੰਘ ਤੇ ਗੁਰੂ ਹੋਰੀਂ ਹੇਠਾਂ ਹੀ ਸਨ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥੋੜੀ ਦੇਰ ਮਗਰੋਂ ਠੇਠ ਬੂਹੇ ਉਤੇ ਖੱਲ ਹੋਈ । ਗੁਰੂ ਹੋਰਾਂ ਨੇ ਆਖਿਆ, ਉਹ ਫੇਰ ਵਾਪਸ ਆਏ ਹਨ ਤੇ ਕਹਿੰਦੇ ਹਨ ਕਿ ਧੀਰ ਹੋਰੀ ਸਾਡੇ ਨਾਲ ਪੱਬ ਚੱਲਣ । ਮੈਨੂੰ ਕੁਝ ਝਿਜਕ ਸੀ । ਪਰ ਇਹੋ ਫ਼ੈਸਲਾ ਹੋਇਆ ਕਿ ਪੱਬ ਜਾਣਾ ਚਾਹੀਦਾ ਹੈ । ਮੇਰੀ ਇੱਛਾ ਇਹ ਸੀ ਕਿ ਕਾਮਰੇਡ ਪਿਆਰਾ ਸਿੰਘ ਤੇ ਗੁਰੂ ਹੋਰੀਂ ਵੀ ਨਾਲ ਹੋਣ । ਆਖ਼ਿਰ ਇਹੋ ਕੀਤਾ ਗਿਆ ।

ਜਦੋਂ ਅਸੀਂ ਤਿੰਨੇ ਜਣੇ ਬੂਹਿਓਂ ਬਾਹਰ ਆਏ ਤਾਂ ਉਥੇ ਕੋਈ ਵੀ ਨਹੀਂ ਸੀ । ਉਹ ਪੱਬ ਨੂੰ ਪਰਤ ਚੁੱਕੇ ਸਨ । ਖਿਰਕ ਉਹਨਾਂ ਨੂੰ ਪੱਬ ਛੱਡ ਕੇ ਸਾਨੂੰ ਲੈਣ ਆ ਗਿਆ ਸੀ । ਅਸੀਂ ਬਿਰਕ ਦੀ ਗੱਡੀ ਵਿਚ ਪੱਬ ਵਲ ਰਵਾਨਾ ਹੋਏ ।

ਇੰਗਲੈਂਡ ਵਿਚ ਜੁਲਾਈ ਦਾ ਮਹੀਨਾ ਬਹੁਤ ਸੁੰਦਰ ਹੈ । ਪੱਬ ਵਿਜ ਉਹ ਬਾਹਰ ਭੁੰਜੇ ਘਾਹ ਉਤੇ ਹੀ ਬੈਠੇ ਸਨ । ਸਾਨੂੰ ਦੂਰੋਂ ਦੇਖ ਕੇ ਉਹ ਨੌਜਵਾਨ ਉਠਿਆ ਤੇ ਸਾਡੇ ਲਈ ਬੀਅਰ ਲੈਣ ਲਈ ਪੱਬ ਦੇ ਅੰਦਰ ਚਲਾ ਗਿਆ । ਉਸ ਦੀ ਗਰਲ ਫ਼ਰੈਂਡ ਗੋਰੀ ਬਾਹਰ ਹੀ ਬੈਠੀ ਹੋਈ ਸੀ ।

ਮੈਂ ਗੋਰੀ ਲਾਗੇ ਗਿਆ ਤੇ ਥੋੜੀ ਜਿਹੀ ਨਮੋਸ਼ੀ ਨਾਲ ਉਸ ਨੂੰ "ਸੋਰੀ" ਆਖਿਆ । ਮੇਰਾ ਮਤਲਬ ਇਹ ਸੀ ਕਿ ਮੈਨੂੰ ਬਹੁਤ ਅਫ਼ਸੋਸ ਹੈ ਕਿ ਅਸੀਂ ਤੇਰੇ ਹੁੰਦਿਆਂ ਬੜੀ ਹੀ ਕੋਝੀ ਹਰਕਤ ਕੀਤੀ ਹੈ । ਸਾਨੂੰ ਤੇਰਾ ਹਰ ਤਰ੍ਹਾਂ ਸਤਿਕਾਰ ਕਰਨਾ ਚਾਹੀਦਾ ਸੀ ।

ਮੇਰੇ "ਸੋਰੀ" ਆਖਣ ਨਾਲ ਉਸ ਨੇ ਬੜੀ ਮਹੀਨ ਜਿਹੀ ਆਵਾਜ਼ ਵਿਚ ਇਹ ਆਖਿਆ : "ਸਰਪਰਾਈਜ਼ਡ !" 'ਬੜੀ ਹੈਰਾਨੀ ਹੋਈ ਹੈ ! ਆਖ਼ਿਰ ਕੀ ਹੋ ਗਿਆ ਸੀ ਇਹ ?' ਮੈਂ ਆਖਿਆ, ਐਵੇਂ ਇਹ ਸਿਆਸੀ ਜਿਹੀ ਬਹਿਸ ਸੀ । ਇਹ ਵੀ ਹੋ ਹੀ ਜਾਂਦਾ ਹੈ ।

ਨੌਜਵਾਨ ਬੀਅਰ ਦੇ ਗਲਾਸ ਲੈ ਕੇ ਆ ਗਿਆ, ਤੇ ਅਸੀਂ ਬੀਅਰ ਪੀਣ ਲਗੇ ।

ਅਸਲ ਵਿਚ ਇਹ ਨੌਜਵਾਨ ਬੜੀ ਹੀ ਚੰਗੀ ਚੀਜ਼ ਸੀ । ਮੈਂ ਹੀ ਗ਼ਲਤੀ ਉਤੇ ਸਾਂ ਜੋ ਉਸ ਨਾਲ ਗੰਭੀਰ ਹੋ ਕੇ ਬਹਿਸ ਕਰਨ ਲਗ ਪਿਆ ਸਾਂ । ਉਹ ਤਾਂ ਸ਼ੁਗਲੀ ਬੰਦਾ ਸੀ ਤੇ ਉਹਦੇ ਲਈ ਇਹ ਸਾਰਾ ਕੁਝ ਹੀ ਹਾਸੀ ਖੇਡਾ ਤੇ ਸ਼ੁਗ਼ਲ ਹੀ ਸੀ । ਗੋਰੀ ਬਾਰੇ ਉਹ ਕਹਿੰਦਾ ਸੀ ਕਿ ਉਹ ਉਸ ਨੂੰ ਹਿੰਦੋਸਤਾਨੀ ਨਾਚ ਸਿਖਾਉਂਦਾ ਹੁੰਦਾ ਹੈ । ਆਪ ਉਹ ਕਿਸੇ ਸਭਿਆਚਾਰਕ ਟੋਲੀ ਨਾਲ ਸੰਬੰਧਤ ਸੀ ਜੋ ਭੰਗੜਾ ਪਾਉਂਦੀ ਹੁੰਦੀ ਸੀ ।

ਗੋਰੀ ਨੂੰ ਸਿਆਸਤ ਦੀ ਕੋਈ ਬਹੁਤੀ ਸਮਝ ਨਹੀਂ ਸੀ । ਉਹ ਇਕ ਆਮ ਜਿਹੀ ਗੋਰੀ ਸੀ ।

ਏਥੇ ਬੈਠੇ ਬੈਠੇ ਹੀ ਉਸ ਨੇ ਸਾਨੂੰ ਆਪਣੇ ਇਕ ਦੋ ਚੋਜਾਂ ਦਾ ਪਰਦਰਸ਼ਨ ਕੀਤਾ । ਬੀਅਰ ਦੇ ਸਰੂਰ ਵਿਚ ਉਹ ਅਤੇ ਉਸ ਦੀ ਗੋਰੀ ਉਚੇ ਜਿਹੇ ਹੋ ਗਏ ਸਨ । ਘਾਹ ਉਤੇ ਉਹ ਕੂਹਣੀ ਜਿਹੀ ਦੇ ਭਾਰ ਲੇਟਿਆ ਹੋਇਆ ਸੀ । ਉਸ ਦੀ ਗਰਲ ਫ਼ਰੈਂਡ ਗੋਰੀ ਉਸ ਦੇ ਉਤੇ ਉੱਲਰ ਗਈ । ਹੁਣ ਉਹ ਦੋਵੇਂ ਇਕ ਦੂਜੇ ਨੂੰ ਕਿੱਸ ਕਰਨ ਲਗ ਪਏ ਸਨ । ਗੋਰੀ, ਇਕ ਸਰਾਲ ਵਾਂਗੂੰ ਉਸ ਨਾਲ ਲੱਗੀ ਹੋਈ ਸੀ । ਉਹ ਵੀ ਉਸ ਨੂੰ ਸੀਨੇ ਨਾਲ ਲਗਾਉਂਦਾ ਅਤੇ ਸਹਿਲਾਉਂਦਾ ਸੀ । ਅਸੀਂ ਸਭ ਖ਼ਾਮੋਸ਼ ਅਤੇ ਚੁੱਪ ਚੁਪੀਤੇ ਬੈਠੇ ਸਾਂ । ਉਹਨਾਂ ਲਈ ਵੀ ਸਾਡੇ ਹੋਣ ਦਾ ਮਤਲਬ ਹੀ ਕੋਈ ਨਹੀਂ ਸੀ ।



CC-0. In Public Domain. Gurukul Kangri Collection, Haridwar

ਖ਼ੈਰ, ਗੋਰੀ ਤਾਂ ਠੀਕ ਸੀ, ਉਸ ਲਈ ਤਾਂ ਇਹ ਕੁਝ ਉਸ ਦੇ ਸਭਿਆਚਾਰ
Digitized by Arya Samaj Foundation Chennai and eGangotri
ਅਨੁਸਾਰ ਹੀ ਸੀ, ਪਰ ਇਹ ਸਾਡਾ ਭਾਰਤ ਵਾਸੀ.. ਅਤੇ ਫੇਰ ਪੰਜਾਬੀ ਗੱਭਰੂ ਚਲੋ, ਇਹ ਵੀ ਠੀਕ ਹੈ, ਸਾਡੇ ਸਭਿਆਚਾਰਾਂ ਨੂੰ ਆਦਾਨ ਪਰਦਾਨ ਦੀ ਲੋੜ ਵੀ ਹੈ, ਤਾਂ ਵੀ, ਸਾਨੂੰ, ਕੁਝ ਨਾ ਕੁਝ, ਇਨਸਾਨੀ ਕਦਰੋ-ਕੀਮਤ ਦਾ ਸਤਿਕਾਰ ਤਾਂ ਹੋਣਾ ਚਾਹੀਦਾ ਹੈ। ਮਿਸਾਲ ਵਜੋਂ, ਹੁਣੇ ਉਸ ਨੇ ਸਾਥੀ ਪਿਆਰਾ ਸਿੰਘ ਹੋਰਾਂ ਨੂੰ ਇਕ ਸਵਾਲ ਕੀਤਾ ਸੀ : "ਤੁਸੀਂ ਦੱਸੋ ਕਾਮਰੇਡ ਜੀ, ਤੁਸੀਂ ਮੈਨੂੰ ਦਿਓ ਜਵਾਬ, ਇਨਕਲਾਬ ਕਿਉਂ ਨਹੀਂ ਆਉਂਦਾ ?" ਉਹ ਜਵਾਬ ਦੇ ਰਹੇ ਸਨ ਕਿ ਆਪ ਉਹ ਆਪਣੀ ਗਰਲ ਫ਼ਰੈਂਡ ਨਾਲ ਚੁਹਲ ਕਰਨ ਲਗ ਪਿਆ ਸੀ। ਚੁਹਲ ਕਰੇ, ਕਿੱਸਾਂ ਕਰੇ, ਜੋ ਵੀ ਮਰਜ਼ੀ, ਪਿਆ ਕਰੇ। ਪਰ ਜੇ ਸਵਾਲ ਕੀਤਾ ਹੈ ਤਾਂ ਧਿਆਨ ਨਾਲ ਜਵਾਬ ਤਾਂ ਸੁਣੇ !

ਅੰਤਲੇ ਚੋਜ ਦੀ ਗੱਲ ਵੀ ਸੁਣੋ। ਹੁਣ ਉਹ ਸਮਝੋ ਆਪਣੇ ਆਪ ਦੇ ਸਿਖਰ ਉਤੇ ਪੁੱਜ ਗਿਆ ਸੀ :

"ਮੇਰਾ ਭਰਾ ਪੰਜਾਬ ਵਿਚ ਨਕਸਲਬਾੜੀ ਆਗੂ ਹੈ। ਪੰਜਾਬ ਵਿਚ ਇਕੱਲਾ ਹੀ ਉਹ ਇਨਕਲਾਬ ਕਰ ਰਿਹਾ ਹੈ। ਧੁੰਮਾਂ ਪਾਈਆਂ ਪਈਆਂ ਹਨ.." ਉਹ ਬੁੜਬੁੜਾਉਂਦਾ ਜਾਂਦਾ ਸੀ। "ਬਹੁਤ ਬਹਾਦਰ ਆਦਮੀ ਹੈ। ਪੱਚੀ ਪਿੰਡਾਂ ਦਾ ਪ੍ਰੈਜ਼ੀਡੈਂਟ (ਪੰਜਾਬ ਵਿਚ ਪੱਚੀ ਪਿੰਡਾਂ ਦਾ ਪ੍ਰੈਜ਼ੀਡੈਂਟ ਵੀ ਹੁੰਦਾ ਹੈ ?)। ਮੈਂ ਉਸ ਨੂੰ ਇਕ ਬੰਦੂਕ ਪਾਰਸਲ ਕਰ ਕੇ ਭੇਜਾਂਗਾ (ਹਾਂ, ਇਹ ਜ਼ਰੂਰੀ ਹੈ, ਕਿਉਂਕਿ ਇਨਕਲਾਬ ਕਰਨ ਲਈ ਸਿਰਫ਼ ਬੰਦੂਕ ਦੀ ਲੋੜ ਹੀ ਹੈ)। ਉਹ ਨਕਸਲੀ ਲੀਡਰ ਹੈ ਤੇ ਉਹ ਕੁਝ ਕਰਨਾ ਚਾਹੁੰਦਾ ਹੈ—ਕੋਈ ਮਾਅਰਕਾ ਮਾਰਨਾ—ਕੋਈ ਚਮਤਕਾਰ ਕਰਨਾ। ਉਹ ਜ਼ਰੂਰ ਕੋਈ ਨਾ ਕੋਈ ਚਮਤਕਾਰ ਕਰੇਗਾ..."

ਤਦੇ ਉਸ ਨੇ ਆਪਣੀਆਂ ਅੱਖਾਂ ਸੂਰਜ ਵਲ ਉਠਾਈਆਂ ਤੇ ਉਂਗਲ ਕਰ ਕੇ ਆਖਣ ਲਗਾ :

"ਔਹ ਵੇਖੋ ਆਕਾਸ਼ ਵਲ...ਅੱਜ ਜੋ ਸੂਰਜ ਚਮਕਦਾ ਹੈ, ਇਕ ਦਿਨ ਫੇਰ ਵੀ ਚਮਕੇਗਾ ! ਮੈਂ ਉਸ ਨੂੰ ਲਿਖਾਂਗਾ ਕਿ ਛੇਤੀ ਕਿਸੇ ਪੁਲਸੀਏ ਜਾਂ ਥਾਣੇਦਾਰ ਨੂੰ ਕਤਲ ਕਰ (ਦੜ੍ਹ ਜਾ ਬੱਚਾ ਸੂਲੀ...ਜਾਂ, ਮੈਂ ਮੰਤਰ ਪੜ੍ਹਦਾ ਹਾਂ, ਤੂੰ ਸੱਪ ਦੀ ਖੱਡ ਵਿਚ ਹੱਥ ਪਾ) ਤੇ ਇਕ ਸ਼ਹੀਦ ਦੀ ਮੌਤ ਮਰ (ਤਾਂ ਜੋ ਤੇਰੀ ਸਾਰੀ ਜ਼ਮੀਨ ਮਗਰੋਂ ਮੇਰੇ ਨਾਂ ਲਗ ਜਾਵੇ) !"

ਜੁਗੋ ਜੁਗ ਜੀਉਂਦੇ ਰਹਿਣ ਮੇਰੇ ਇਹ ਚੰਗੇ ਵਤਨੀ ਭਾਈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਦੀਆਂ ਕੁਝ ਵਿਕੋਲਿੱਤਰੀਆਂ ਯਾਦਾਂ

## ਵਾਲਸਾਲ ਦੀਆਂ ਦੋ ਸ਼ਾਮਾਂ

ਪੰਜਾਬੀ ਕਵੀ ਤੇ ਚਿੱਤਰਕਾਰ ਚੰਨਣ ਸਿੰਘ ਚੰਨ ਜੀ ਕਾਵੈਂਟਰੀ ਤੋਂ ਥੋੜੀ ਦੂਰ ਵਾਲਸਾਲ ਵਿਚ ਰਹਿੰਦੇ ਸਨ। ਦੋ ਸ਼ਾਮਾਂ ਉਹਨਾਂ ਕੋਲ ਮੈਂ ਵਾਲਸਾਲ ਗੁਜ਼ਾਰੀਆਂ। ਪਹਿਲੀ ਸ਼ਾਮ ੨੨ ਜੂਨ, ੭੪ ਨੂੰ ਗੁਜ਼ਾਰੀ ਸੀ ਤੇ ਦੂਜੀ ੬ ਜੁਲਾਈ ਨੂੰ। ਪਹਿਲੀ ਸ਼ਾਮ ਲਾਲ, ਪੀਲੇ ਤੇ ਹੋਰਾਂ ਗੂਹੜੇ ਰੰਗਾਂ ਦੀ ਸੀ ਤੇ ਦੂਜੀ ਸਾਵੇ ਰੰਗਾਂ ਦੀ। ਦੋਹਾਂ ਵਿਚ ਹੀ ਆਪਣੇ ਵੱਖਰੇ ਰੰਗ ਅੰਤੇ ਖ਼ੁਸ਼ਬੋਈਆਂ ਸਨ।

ਹਰਭਜਨ ਸਿੰਘ ਬਿਰਕ ਨਾਲ ਪਹਿਲੀ ਵਾਰ ਮੈਂ ਚੰਨ ਹੋਰਾਂ ਨੂੰ ਮਿਲਣ ਲਈ ਹੀ ਗਿਆ ਸਾਂ, ਦੂਜੀ ਵਾਰ ਚੰਨ ਹੋਰਾਂ ਨੇ ਵਾਲਸਾਲ ਵਿਚ ਮੇਰੇ ਲਈ ਇਕ ਸਵਾਗਤੀ ਸਭਾ ਬੁਲਾਈ ਸੀ। ਪਹਿਲੀ ਵਾਰ ਮੈਂ ਰਾਤ ਨੂੰ ਵੀ ਵਾਲਸਾਲ ਹੀ ਰਿਹਾ ਸਾਂ ਤੇ ਦੂਜੀ ਵਾਰ ਸਮਾਗਮ ਮਗਰੋਂ ਵਾਪਸ ਪਰਤ ਆਇਆ ਸਾਂ। ਦੋਹਾਂ ਸ਼ਾਮਾਂ ਦੀ ਸੁੰਦਰਤਾਈ ਮੈਨੂੰ ਭੁਲ ਹੀ ਨਹੀਂ ਰਹੀ।

ਪਹਿਲੀ ਵਾਰ ਚੰਨ ਹੋਰਾਂ ਦੇ ਘਰ ਵਿਚ ਮਹਿਫ਼ਲ ਜੁੜੀ ਸੀ, ਦੂਜੀ ਵਾਰੀ ਕਿਸੇ ਪੱਬ ਦੇ ਛੋਟੇ ਹਾਲ ਕਮਰੇ ਵਿਚ। ਪਹਿਲੀ ਵਾਰ ਬੀਅਰ ਅਤੇ ਵਿਸਕੀ ਦੀ ਰੰਗੀਨੀ ਤੋਂ ਬਿਨਾਂ ਚੰਨ ਹੋਰਾਂ ਦੇ ਸੁਹਣੇ ਘਰ ਵਿਚ ਉਹਨਾਂ ਦੇ ਸੁੰਦਰ ਚਿੱਤਰ ਸਨ ਜੋ ਲਾਲ, ਪੀਲੇ ਤੇ ਹੋਰਾਂ ਗੂਹੜੇ ਰੰਗਾਂ ਨਾਲ ਚਿੱਤਰੇ ਹੋਏ ਸਨ। ਦੂਜੀ ਵਾਰੀ ਵਾਲਸਾਲ ਦੇ ਰਸਤੇ ਦਾ ਇਕ ਜੰਗਲ ਸੀ ਜਿਸ ਦੀ ਰੰਗਤ ਵਾਲਸਾਲ ਦੀ ਸ਼ਾਮ ਵਿਚ ਘੁਲ ਗਈ ਸੀ। ਵਾਲਸਾਲ ਦੀ ਇਸ ਸ਼ਾਮ ਵਿਚ ਜੰਗਲ ਦੀ ਹਰਿਆਲੀ ਸੀ।

ਪਹਿਲੀ ਸ਼ਾਮ ਰਾਤ ਦੇ ਬਾਰਾਂ ਵਜੇ ਤਕ ਚਲਦੀ ਰਹੀ ਸੀ ਤੇ ਦੂਜੀ ਦਸ ਕੁ ਵਜੇ ਤਕ। ਕਵਿਤਾ ਅਤੇ ਗੀਤ ਸੰਗੀਤ ਦੋਹਾਂ ਸ਼ਾਮਾਂ ਵਿਚ ਹੀ ਸੀ।

ਪਹਿਲੀ ਸ਼ਾਮ, ਚੰਨ ਸਾਹਿਬ ਦਾ ਖਿੱਚਾਂ-ਭਰਿਆ ਵਿਅਕਤਿਤਵ। ਉਸੇ ਤਰ੍ਹਾਂ ਦਾ ਰੰਗਾਂ ਅਤੇ ਖਿੱਚਾਂ-ਭਰਿਆ ਉਹਨਾਂ ਦਾ ਘਰ। ਵਾਲਸਾਲ ਦੀ ਟਿਕੀ ਹੋਈ ਸ਼ਾਮ। ਕਿਸੇ ਪਹਾੜ ਦੀ ਕੁੰਦਰ ਵਰਗਾ ਚੁੱਪ ਚੁਪੀਤਾ ਵਾਤਾਵਰਣ। ਚੰਨ ਸਾਹਿਬ ਨੇ ਟੇਪ ਲਾਈ। ਛੋਟੇ ਗ਼ੁਲਾਮ ਅਲੀ ਖ਼ਾਨ ਇਕ ਗ਼ਜ਼ਲ ਗਾਉਣ ਲਗ ਪਏ ਸਨ :

ਮੇਰੇ ਸ਼ੌਕ ਦਾ ਨਹੀਂ ਜੇ ਏਤਬਾਰ ਤੈਨੂੰ
ਮੇਰੇ ਪਿਆਰ ਆ ਜਾ—ਦਿਲਦਾਰ ਆ ਜਾ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਹਨੂੰ ਲੜਨ ਬਹਾਨੜੇ ਲਭਨਾ ਏਂ
ਮੇਰੇ ਪਿਆਰ ਆ ਜਾ—ਦਿਲਦਾਰ ਆ ਜਾ ।

ਤੇ ਅਸੀਂ ਸਾਰੇ ਮੁਗਧ ਹੋਏ ਛੋਟੇ ਗ਼ੁਲਾਮ ਅਲੀ ਖ਼ਾਨ ਦੀ ਕਲਾ ਨੂੰ ਮਾਣ ਰਹੇ ਸਾਂ । "ਮੇਰੇ ਪਿਆਰ ਆ ਜਾ—ਦਿਲਦਾਰ ਆ ਜਾ । ਕਾਹਨੂੰ ਲੜਨ ਬਹਾਨੜੇ ਲਭਨਾ ਏਂ..."

ਕਹਿੰਦੇ ਹਨ, ਅਸਲ ਵਿਚ ਇਹ ਮਿਰਜ਼ਾ ਗ਼ਾਲਿਬ ਦੀ ਗ਼ਜ਼ਲ ਹੈ ਜੋ ਕਿਸੇ ਨੇ ਪੰਜਾਬੀ ਵਿਚ ਉਲੱਥਾ ਕੀਤੀ ਹੋਈ ਹੈ । ਖ਼ੈਰ, ਕਿਸੇ ਦੀ ਗ਼ਜ਼ਲ ਹੋਵੇ, ਛੋਟੇ ਗ਼ੁਲਾਮ ਅਲੀ ਖ਼ਾਨ ਨੇ ਗਾਈ ਬਹੁਤ ਖ਼ੂਬ ਹੈ । ਲਫ਼ਜ਼ ਹਨ ਕਿ ਚਾਂਦੀ ਦੀਆਂ ਡਲੀਆਂ ਹੀ ਬਣ ਜਾਂਦੇ ਹਨ ।

ਇਸੇ ਤਰ੍ਹਾਂ ਦੂਜੀ ਸ਼ਾਮ ਵੀ ਬਹੁਤ ਹੀ ਖ਼ੂਬਸੂਰਤ ਸੀ । ਛੋਟਾ ਜਿਹਾ ਹਾਲ ਸੀ । ਚਾਲੀ ਪੰਜਾਹ ਦੇ ਨੇੜੇ ਤੇੜੇ ਚੋਣਵੇਂ ਦਰਸ਼ਕ ਬੈਠੇ ਸਨ । ਪੰਜਾਬੀ ਦੇ ਪ੍ਰਸਿੱਧ ਕਵੀ ਨਿਰੰਜਣ ਸਿੰਘ ਨੂਰ ਇਸ ਸਭਾ ਦੇ ਪ੍ਰਧਾਨ ਸਨ ਤੇ ਚੰਨ ਜੀ ਸਕੱਤਰ ਸਨ । ਗੀਤ, ਕਵਿਤਾਵਾਂ ਤੇ ਨਿੱਕੇ ਨਿੱਕੇ ਭਾਸ਼ਨ ਵੀ, ਇਸ ਸ਼ਾਮ ਦਾ ਸੁਹੱਪਣ ਸਨ ।

ਇਕ ਯਾਦ ਇਸ ਸ਼ਾਮ ਦੀ ਬੜੀ ਹੀ ਸੁਹਣੀ ਹੋਰ ਵੀ ਹੈ । ਚੰਨ ਹੋਰਾਂ ਨੇ, ਗੇਟ ਦੇ ਬਾਹਰ, ਬੜੀ ਹੀ ਸੁਹਣੀ ਗੁਰਮੁਖੀ ਵਿਚ, ਕਾਲੇ ਰੰਗ ਦੇ ਕਾਗਜ਼ ਉਤੇ, ਚਿੱਟੀ ਰੂੰ ਦੇ ਫੰਬਿਆਂ ਨਾਲ "ਧੀਰ" ਲਿਖਿਆ ਹੋਇਆ ਸੀ । ਇਹ "ਧੀਰ" ਪੱਬ ਦੇ ਬਾਹਰ ਹਲਕੀ ਹਲਕੀ ਸ਼ਾਮ ਵਿਚ ਬੜਾ ਹੀ ਸੁਹਣਾ ਲਗਦਾ ਸੀ ।

ਨਿਰਸੰਦੇਹ ਚੰਨ ਹੋਰਾਂ ਨੇ ਮੇਰੀ ਬੜੀ ਹੀ ਕਦਰ ਕੀਤੀ ।

## ਇਕ ਭੰਗੀ ਤੇ ਇਕ ਸ਼ਰਾਬਣ

ਗਲਾਸਗੋ ਵਿਚ ਮਾਸਟਰ ਅਜਮੇਰ ਸਿੰਘ ਪਨੇਸਰ ਹਨ ਜੋ ਮੇਰੇ ਪਿੰਡ ਦੇ ਵਾਸੀ ਹਨ ਤੇ ਮੇਰੇ ਚੰਗੇ ਮਿੱਤਰ ਵੀ । ਇਕ ਹਫ਼ਤਾ ਉਹਨਾਂ ਕੋਲ ਗਲਾਸਗੋ ਆ ਕੇ ਠਹਿਰਿਆ । ਦੋ ਵਾਰ ਮੈਂ ਉਹਨਾਂ ਨਾਲ ਐਡਿਨਬਰਾ (Edinburgh) ਵੀ ਦੇਖਣ ਗਿਆ ।

ਗਲਾਸਗੋ ਤੇ ਐਡਿਨਬਰਾ ਦੋਵੇਂ ਸੁੰਦਰ ਸ਼ਹਿਰ ਹਨ, ਪਰ ਤਾਂ ਵੀ ਮੈਨੂੰ ਐਡਿਨਬਰਾ ਕੁਝ ਵੱਧ ਹੀ ਚੰਗਾ ਲਗਾ ਸੀ । ਕਾਰਨ ਸ਼ਾਇਦ ਪਹਾੜੀਆਂ ਜਾਂ ਕੁਝ ਇਤਿਹਾਸਕ ਥਾਵਾਂ ਸਨ । ਜਿਵੇਂ, ਪਹਾੜੀ ਉਤੇ ਬਣਿਆ ਕਿਲ੍ਹਾ ਐਡਿਨਬਰਾ ਕੈਸਲ ਤੇ ਪੈਲੇਸ ਆਫ਼ ਹੋਲੀਰੂਡਹਾਊਸ (Palace of Holyroodhouse) ਅਤੇ ਹੋਰ ਥਾਵਾਂ । ਹੋਲੀਰੂਡ ਮਹੱਲ ਵਿਚ ਇੰਗਲੈਂਡ ਦੀ ਮਲਿਕਾ ਦਸ ਕੁ ਦਿਨ ਲਈ ਛੁੱਟੀਆਂ ਕੱਟਣ ਵੀ ਆਉਂਦੀ ਹੈ ।

ਅਸਲ ਵਿਚ ਇਹ ਆਪਣੀ ਆਪਣੀ ਅੱਖ ਦੀ ਬਹੁਤੀ ਗੱਲ ਹੀ ਹੈ । ਪ੍ਰਿੰਸ ਸਟਰੀਟ ਐਡਿਨਬਰਾ ਦੀ ਸਭ ਤੋਂ ਚੰਗੀ ਸਟਰੀਟ ਹੈ ਤੇ ਰੌਣਕੀਲੀ ਵੀ ਬੜੀ ਹੈ, ਪਰ ਮੈਨੂੰ ਪ੍ਰਿੰਸ ਸਟਰੀਟ ਨਾਲੋਂ ਹਾਈ ਸਟਰੀਟ ਚੰਗੀ ਲਗੀ । ਸਲੇਟੀ ਰੰਗ ਦੇ ਪੱਥਰ ਨਾਲ ਇਸ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਟਰੀਟ ਦੀਆਂ ਬਿਲਡਿੰਗਾਂ ਤੇ ਸੁੰਦਰ ਸੜਕ ਬਣੀ ਸੀ । ਭੀੜ ਭੜੱਕਾ ਨਹੀਂ ਸੀ । ਸੜਕ ਬੜੀ ਹੀ ਸਾਫ਼ ਅਤੇ ਖੁੱਲ੍ਹੀ ਅਤੇ ਸ਼ਾਂਤ ਸੀ ।

ਕਿਲ੍ਹੇ ਉਤੋਂ ਪ੍ਰਿੰਸ ਸਟਰੀਟ ਰੰਗ ਬਰੰਗੇ ਕੱਪੜਿਆਂ ਵਾਲੇ ਲੋਕਾਂ ਨਾਲ ਭਰੀ ਦਿਸਦੀ ਸੀ, ਪਰ ਹਾਈ ਸਟਰੀਟ ਫੇਰ ਵੀ ਮੈਨੂੰ ਬੜੀ ਹੀ ਚੰਗੀ ਲਗੀ ਸੀ । ਇਹ ਉਚਾਈ ਉਤੇ ਸੀ । ਕਿਲ੍ਹੇ ਤੋਂ ਇਹ ਹੋਲੀਰੂਡ ਮਹੱਲ ਵਲ ਜਾ ਰਹੀ ਸੀ ।

ਗਲਾਸਗੋ ਤੇ ਐਡਿਨਬਰਾ ਸਕਾਟਲੈਂਡ ਦੇ ਸ਼ਹਿਰ ਹਨ ਤੇ ਦੋਵੇਂ ਬਹੁਤ ਪ੍ਰਸਿੱਧ ਹਨ । ਪਰ ਕਹਿੰਦੇ ਹਨ ਕਿ ਐਡਿਨਬਰਾ ਸਕਾਟਲੈਂਡ ਦਾ ਦਿਲ ਹੈ, ਅਤੇ ਇਹ ਗੱਲ ਸੱਚੀ ਹੈ । ਠੀਕ ਹੈ, ਗਲਾਸਗੋ ਅੱਜ ਕਾਫ਼ੀ ਵਧ ਫੁਲ ਰਿਹਾ ਹੈ ਤੇ ਉਸ ਦੀ ਆਪਣੀ ਥਾਂ ਵੀ ਹੈ, ਪਰ ਜਾਪਦਾ ਹੈ, ਐਡਿਨਬਰਾ ਕੁਝ ਵੱਧ ਪੁਰਾਣਾ ਸ਼ਹਿਰ ਹੈ ਤੇ ਉਸ ਦਾ ਮੁੱਲ ਕੁਝ ਹੋਰ ਹੀ ਹੈ । ਇਸ ਤੋਂ ਬਿਨਾਂ ਕੁਦਰਤ ਨੇ ਵੀ ਐਡਿਨਬਰਾ ਨੂੰ ਬੜੀ ਹੀ ਸੁੰਦਰਤਾਈ ਬਖ਼ਸ਼ੀ ਹੋਈ ਹੈ । ਕਿਲ੍ਹਾ ਪਹਾੜੀ ਉਤੇ ਹੈ, ਪਰ ਹੋਲੀਰੂਡ ਪਹਾੜ ਦੇ ਹੇਠਾਂ ਸਾਵੀ ਧਰਤੀ ਉਤੇ ਹੈ । ਸ਼ਿਵਾਲਕ ਦੀਆਂ ਪਹਾੜੀਆਂ ਵਾਂਗ ਇਸ ਮਹੱਲ ਦੇ ਪਿਛਲੇ ਪਾਸੇ ਨੀਲੀਆਂ ਕੰਧਾਂ ਖੜੀਆਂ ਹਨ ।

ਮੈਂ ਐਡਿਨਬਰਾ ਨੂੰ ਦੇਖਿਆ, ਸਲਾਹਿਆ ਅਤੇ ਮਾਣਿਆ । ਅਸਲ ਵਿਚ ਯਾਤਰੀ ਲਈ ਹਰ ਥਾਂ ਤੀਰਥ ਹੁੰਦੀ ਹੈ । ਉਸ ਦੀ ਅੱਖ ਨੂੰ ਹਰ ਥਾਂ ਹੀ ਕੁਝ ਨਵਾਂ ਨਵਾਂ ਦਿਸ ਪੈਂਦਾ ਹੈ । ਇਸ ਤੋਂ ਬਿਨਾਂ ਆਪਣੀ ਆਪਣੀ ਦ੍ਰਿਸ਼ਟੀ ਅਤੇ ਕੋਣਾਂ ਨੂੰ ਵੀ ਇਸ ਵਿਚ ਦਖ਼ਲ ਹੋ ਸਕਦਾ ਹੈ ।

ਹੋਲੀਰੂਡ ਮਹੱਲ ਨੂੰ ਮੈਂ ਰੱਜ ਰੱਜ ਕੇ ਦੇਖਿਆ । ਆਖ਼ਿਰ ਅਸੀਂ ਬਾਹਰ ਆਏ । ਬਾਹਰ, ਮਹੱਲ ਦੇ ਨੇੜੇ ਹੀ ਇਕ ਟਾਇਲਟ ਬਣੀ ਹੋਈ ਸੀ । ਅਸੀਂ ਟਾਇਲਟ ਚਲੇ ਗਏ । ਇਕ ਅੰਗਰੇਜ਼ ਭੰਗੀ ਦੀ ਇਸ ਟਾਇਲਟ ਵਿਚ ਡਿਊਟੀ ਸੀ । ਮੈਂ ਸੁਭਾਵਿਕ ਉਸ ਨੂੰ ਕਿਹਾ : "ਐਡਿਨਬਰਾ ਬਹੁਤ ਸੁਹਣਾ ਹੈ !"

"ਮੈਨੂੰ ਨਹੀਂ ਜੀ ਚੰਗਾ ਲਗਦਾ ।" ਉਸ ਨੇ ਦੋ-ਟੁੱਕ ਆਖਿਆ ।

"ਕਿਉਂ ..?"

"ਬੱਸ ਜੀ—ਨਹੀਂ ਲਗਦਾ । ਮੈਂ ਗਲਾਸਗੋ ਜੰਮਿਆ ਸਾਂ । ਤੀਹ ਵਰ੍ਹੇ ਤੋਂ ਇਸੇ ਟਾਇਲਟ ਵਿਚ ਕੰਮ ਕਰਦਾ ਆਉਂਦਾ ਹਾਂ ।"

"ਗਲਾਸਗੋ ਕੈਸਾ ਲਗਦਾ ਹੈ ?"

"ਠੀਕ ਹੈ—ਗਲਾਸਗੋ ਵੀ । ਮੈਂ ਗਲਾਸਗੋ ਨਹੀਂ ਗਿਆ । ਤੀਹ ਵਰ੍ਹੇ ਤੋਂ ਏਥੇ ਹੀ ਹਾਂ ।"

ਮੈਨੂੰ ਕੁਝ ਹੈਰਾਨੀ ਹੋਈ । ਐਡਿਨਬਰਾ ਸੁਹਣਾ ਨਹੀਂ, ਗਲਾਸਗੋ ਕਦੇ ਗਿਆ ਨਹੀਂ, ਇਸ ਦਾ ਕਾਰਨ ਕੀ ਸੀ ? ਗਲਾਸਗੋ ਅਤੇ ਐਡਿਨਬਰਾ ਕੋਈ ਬਹੁਤੀ ਦੂਰ ਵੀ ਨਹੀਂ ਸਨ । ਦੋਹਾਂ ਵਿਚ ਕੋਈ ਚਾਲੀ ਪਣਤਾਲੀ ਮੀਲਾਂ ਦੀ ਹੀ ਵਿੱਥ ਸੀ ।

ਸ਼ਾਇਦ ਇਸ ਦਾ ਕਾਰਨ ਇੰਗਲੈਂਡ ਦੇ ਨਿਜ਼ਾਮ ਦੀਆਂ ਬੁਨਿਆਦਾਂ ਵਿਚ ਹੀ ਪਿਆ ਹੋਵੇ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਇਕ ਘਟਨਾ ਹੋਰ ਹੈ । ਮੈਂ ਅਤੇ ਮਾਸਟਰ ਅਜ਼ਮੇਰ ਸਿੰਘ ਪਨੇਸਰ, ਇਕ ਸ਼ਾਮ, ਗਲਾਸਗੋ, ਬਾਜ਼ਾਰ ਵਿਚ ਜਾ ਰਹੇ ਸਾਂ । ਨੁੱਕਰ ਉਤੇ, ਥੋੜੀ ਦੂਰ, ਸ਼ਰਾਬ ਦੀ ਦੁਕਾਨ ਸੀ । ਤਦੋ ਉਹਨਾਂ ਵਿਸਕੀ ਦੀ ਇਕ ਬੋਤਲ ਲੈਣ ਲਈ ਆਖਿਆ । ਅਸੀਂ ਬੋਤਲ ਲੈਣ ਲਈ ਦੁਕਾਨ ਵਲ ਨੂੰ ਤੁਰ ਪਏ ।

ਤਦੇ, ਅਸੀਂ ਦੇਖਿਆ, ਸਾਹਮਣੇ, ਵੱਡੀ ਸੜਕ ਉਤੇ, ਇਕ ਮੇਮ, ਲੜਖੜਾਂਦੀ, ਏਧਰ ਵਲ ਆ ਰਹੀ ਹੈ । ਉਮਰ ਉਸ ਦੀ ਘਟੋ ਘਟ ਪੰਜਾਹ-ਪਚਵੰਜਾ ਵਰ੍ਹੇ ਦੀ ਸੀ । ਸੱਠ ਵਰ੍ਹੇ ਜਾਂ ਉਸ ਤੋਂ ਥੋੜੀ ਉਤੇ ਵੀ ਹੋ ਸਕਦੀ ਸੀ । ਸੁਹਣੀ ਉੱਕਾ ਨਹੀਂ ਸੀ । ਕੱਦ ਕਾਫ਼ੀ ਮਧਰਾ ਤੇ ਜਿਸਮ ਭਾਰਾ ਜਿਹਾ ਸੀ । ਉਹ ਏਨਾ ਲੜਖੜਾਂਦੀ ਸੀ ਕਿ ਹੁਣੇ ਕਿਸੇ ਕਾਰ ਵਿਚ ਉਹ ਵੱਜੀ ਕਿ ਵੱਜੀ ਦਿਸਦੀ ਸੀ । ਇਹ ਸ਼ਰਾਬਣ ਮੇਮ ਸੀ ।

ਇਹ ਮੇਮ ਸ਼ਰਾਬ ਨਾਲ ਏਨੀ ਧੱਤ ਹੋ ਚੁੱਕੀ ਸੀ ਕਿ ਉਸ ਨੂੰ ਆਪਣੀ ਮੌਤ ਦਾ ਵੀ ਉੱਕਾ ਸੰਸਾ ਨਹੀਂ ਸੀ । ਧਰਤੀ ਉਸ ਦੇ ਪੈਰਾਂ ਥੱਲੇ ਸਮਝੋ ਹੈ ਹੀ ਨਹੀਂ ਸੀ । ਕਈ ਵਾਰ ਉਹ ਸੜਕ ਵਿਚ ਵੀ ਡਿਗ ਜਾਣ ਤੋਂ ਬਚੀ ਸੀ । ਕਦੇ ਲੜਖੜਾਂਦੀ ਹੋਈ ਉਹ ਏਧਰ ਵਲ ਆ ਜਾਂਦੀ ਤੇ ਕਦੇ ਉਧਰ ਚਲੀ ਜਾਂਦੀ । ਲੋਕੀ ਆਪ ਹੀ, ਕਾਰਾਂ ਵਾਲੇ, ਉਸ ਤੋਂ ਬਚ ਬਚ ਲੰਘਦੇ ਸਨ । ਆਖ਼ਿਰ ਉਹ ਇਕ ਕਾਰ ਨਾਲ, ਜੋ ਸੜਕ ਵਿਚ ਸ਼ਰਾਬ ਦੀ ਦੁਕਾਨ ਦੇ ਲਾਗੇ ਖੜੀ ਸੀ, ਆਪਣੇ ਆਪ ਆ ਲਗੀ ਸੀ । ਫੇਰ ਉਸ ਝੂਟਾ ਖਾਧਾ ਤੇ ਕਾਰ ਦੇ ਅੱਗੇ ਡਿਗ ਪਈ । ਮਿੱਟੀ ਅਤੇ ਸੱਟਾਂ ਨਾਲ ਉਹ ਲਥ ਪਥ ਹੋ ਗਈ ਸੀ ।

ਕਾਰ ਅਗੋਂ ਉਸ ਮੇਮ ਨੂੰ ਕਿਸੇ ਨੇ ਉਠਾਇਆ ਤੇ ਸੜਕ ਉਤੇ ਖੜਾ ਕੀਤਾ । ਪਰ ਉਹ ਉੱਕਾ ਹੋਸ਼ਾਂ ਦੇ ਜਹਾਨ ਵਿਚ ਹੀ ਨਹੀਂ ਸੀ ।

ਜਿਸ ਸਮੇਂ ਉਹ ਸੜਕ ਦੇ ਵਿਚਕਾਰ ਝੂਲਦੀ ਆਉਂਦੀ ਸੀ, ਮੈਨੂੰ ਉਸ ਦੀ ਹਾਲਤ ਉਤੇ ਤਰਸ ਜਿਹਾ ਆ ਰਿਹਾ ਸੀ । ਵਿਚਾਰੀ ਔਰਤ ਜਾਤੀ ਹੈ ਤੇ ਉਮਰ ਵੀ ਵਡੇਰੀ ਹੈ । ਠੀਕ ਹੈ, ਸ਼ਰਾਬਣ ਹੈ, ਤਾਂ ਵੀ ਉਸ ਦੀ ਵੱਧ ਤੋਂ ਵੱਧ ਮਦਦ ਹੋਣੀ ਚਾਹੀਦੀ ਹੈ । ਜਦ ਉਹ ਕਾਰ ਦੇ ਅੱਗੇ ਆ ਕੇ ਸੜਕ ਵਿਚ ਡਿਗ ਪਈ ਸੀ ਤਾਂ ਇਕ ਵਾਰ ਤਾਂ ਮੇਰਾ ਜਿਵੇਂ ਤ੍ਰਾਹ ਹੀ ਨਿਕਲ ਗਿਆ ਸੀ । ਪਰ ਮਾਸਟਰ ਅਜਮੇਰ ਸਿੰਘ ਪਨੇਸਰ ਆਖ ਰਹੇ ਸਨ ਕਿ ਮੈਨੂੰ ਆਪਣੀ ਸੋਚ ਨੂੰ ਹੀ ਏਧਰ ਰਖਣਾ ਚਾਹੀਦਾ ਹੈ । ਕਿਉਂਕਿ ਇਹ ਇੰਗਲੈਂਡ ਹੈ । ਏਥੇ ਕਿਸੇ ਨੂੰ ਕਿਸੇ ਲਈ ਏਨਾ ਸੋਚਣ ਦਾ ਰਿਵਾਜ ਹੀ ਨਹੀਂ । ਸਾਨੂੰ ਸਭ ਨੂੰ ਆਪਣਾ ਆਪਣਾ ਕੰਮ ਹੀ ਕਰਨਾ ਚਾਹੀਦਾ ਹੈ ।

ਖ਼ੈਰ, ਅਸੀਂ ਸ਼ਰਾਬ ਦੀ ਦੁਕਾਨ ਵਿਚ ਪੁੱਜ ਗਏ ਸਾਂ । ਉਹ ਮੇਮ, ਲੜਖੜਾਂਦੀ, ਹੋਲੀ ਹੋਲੀ, ਦੁਕਾਨ ਦੇ ਬਾਹਰ, ਪਟੜੀ ਉਤੇ ਆ ਖਲੋਈ । ਫੇਰ ਉਹ ਉਵੇਂ, ਲੜਖੜਾਂਦੀ, ਉਂਝੇ ਅੰਦਰ ਚਲੀ ਆਈ । ਮੈਨੂੰ ਉਸ ਦੀ ਹਾਲਤ ਉਤੇ ਫੇਰ ਤਰਸ ਜਿਹਾ ਆਉਣ ਲਗਾ । ਅਸਲ ਵਿਚ ਇਹ ਤਰਸ ਮੇਰੇ ਹਿੰਦੋਸਤਾਨੀ ਮਨ ਦਾ ਸੀ । ਮੱਲੋ ਮੱਲੀ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੈਂ ਆਪਣੀ ਜ਼ੁੰਮੇਵਾਰੀ ਜਿਹੀ ਮਿਥ ਲਈ ਸੀ। ਮੈਂ ਚਾਹੁੰਦਾ ਸਾਂ ਕਿ ਉਸ ਔਰਤ ਨੂੰ ਕੋਈ ਸੁਰੱਖਿਆ ਮਿਲ ਸਕੇ ਜਾਂ ਉਸ ਨੂੰ ਘਰ ਪਹੁੰਚਾਇਆ ਜਾਵੇ।

ਤਦੇ, ਉਸ ਔਰਤ ਨੂੰ ਇਕ ਝੂਟਾ ਜਿਹਾ ਵੱਜਾ ਤੇ ਉਸ ਦੇ ਪੈਰ ਉੱਖੜ ਗਏ। ਜਿਥੇ ਉਹ ਖਲੋਤੀ ਸੀ, ਉਥੇ ਹੇਠਾਂ ਲੱਕੜ ਦੇ ਕੁਝ ਖ਼ਾਲੀ ਖੋਖੇ ਪਏ ਸਨ ਤੇ ਉਹਨਾਂ ਉਤੇ ਤਿੱਖੀਆਂ ਤਿੱਖੀਆਂ ਮੇਖਾਂ ਲਗੀਆਂ ਹੋਈਆਂ ਸਨ। ਜੇ ਉਹ ਡਿਗ ਪੈਂਦੀ ਤਾਂ ਬੁਰੀ ਤਰ੍ਹਾਂ ਨਾਲ ਮੇਖਾਂ ਉਸ ਦੇ ਜਿਸਮ ਵਿਚ ਖੁਭ ਜਾਣੀਆਂ ਸਨ। ਪਰ ਮੈਂ ਉਸ ਨੂੰ ਝੱਟ ਹੀ ਆਪਣੇ ਹੱਥਾਂ ਉਤੇ ਥੰਮ੍ਹ ਲਿਆ। ਮੇਰੇ ਮਨ ਨੇ ਫ਼ੌਰਨ ਮੈਨੂੰ ਆਪਣੇ ਹੱਥ ਫੈਲਾ ਲੈਣ ਲਈ ਹੁਕਮ ਜਿਹਾ ਦੇ ਦਿਤਾ ਸੀ। ਔਰਤ ਸੰਭਲ ਗਈ ਸੀ।

ਦੁਕਾਨ ਦਾ ਅੰਗਰੇਜ਼ ਮਾਲਿਕ ਵੀ ਇਹ ਸਭ ਤੱਕਦਾ ਰਿਹਾ ਸੀ, ਪਰ ਉਹ ਚੁੱਪ ਹੀ ਰਿਹਾ ਸੀ। ਜਿਵੇਂ ਉਸ ਨੂੰ ਉਸ ਨਾਲ ਕੋਈ ਸਰੋਕਾਰ ਹੀ ਨਹੀਂ ਸੀ।

ਮੈਂ ਦੁਕਾਨ ਦੇ ਮਾਲਿਕ ਨੂੰ ਉਸ ਔਰਤ ਬਾਰੇ ਆਖਿਆ ਕਿ ਉਸ ਦੀ ਕੁਝ ਸੁਰੱਖਿਆ ਜਾਂ ਸਹਾਇਤਾ ਹੋਣੀ ਚਾਹੀਦੀ ਹੈ। ਉਹ ਮੈਨੂੰ ਸਹਿਮਤ ਜਾਪਿਆ। ਪਰ ਅਗਲੇ ਪਲ ਹੀ ਔਰਤ ਨੂੰ ਉਸ ਸਖ਼ਤ ਹੋ ਕੇ ਆਖਿਆ : "ਬਾਹਰ ਚੱਲ—ਬਾਹਰ!" ਉਸ ਨੂੰ ਉਸ ਨਾਲ ਕਿਸੇ ਤਰ੍ਹਾਂ ਦੀ ਕੋਈ ਹਮਦਰਦੀ ਨਹੀਂ ਸੀ। ਨਾ ਲਿਹਾਜ਼।

ਔਰਤ, ਝਿੜਕ ਖਾਣ ਮਗਰੋਂ, ਬਾਹਰ ਵਲ ਨੂੰ ਤੁਰ ਪਈ। ਬਾਹਰ, ਦੁਕਾਨ ਦੇ ਬੂਹੇ ਅੱਗੇ, ਪੱਥਰ ਦੀ ਤਿਕੋਨੀ ਜਿਹੀ ਪਟੜੀ ਬਣੀ ਹੋਈ ਸੀ। ਔਰਤ ਲੜਖੜਾਈ ਤੇ ਪੱਥਰ ਦੀ ਤਿਕੋਨੀ ਜਿਹੀ ਸਖ਼ਤ ਪਟੜੀ ਉਤੇ ਧੜੱਮ ਕਰਦੀ ਡਿਗ ਪਈ। ਉਫ਼! ਇਸ ਔਰਤ ਨਾਲ ਇਹ ਹੋਣ ਕੀ ਲਗ ਪਿਆ ਹੈ? ਹੁਣ ਤਾਂ ਉਸ ਨੂੰ ਮਾਸਟਰ ਅਜਮੇਰ ਸਿੰਘ ਪਨੇਸਰ ਨੇ ਵੀ ਅੱਗੇ ਹੋ ਕੇ ਚੁੱਕਿਆ ਸੀ ਤੇ ਫੇਰ ਕਿਸੇ ਹੋਰ ਨੇ ਵੀ। ਜਿਸਮ ਉਤੇ ਇਕ ਦੋ ਥਾਵੀਂ ਲਹੂ ਵੀ ਸਿੰਮਿਆ ਹੋਇਆ ਸੀ। ਆਖ਼ਿਰ ਉਸ ਨੂੰ ਪਰਲੇ ਪਾਸੇ ਸੜਕ ਪਾਰ ਕਰਵਾਇਆ ਗਿਆ। ਹੁਣ ਉਹ ਸਾਹਮਣੀ ਸੜਕ ਉਤੇ ਲੜਖੜਾਂਦੀ ਜਾਂਦੀ ਸੀ।

ਅਸੀਂ ਦੁਕਾਨ ਤੋਂ ਬਾਹਰ ਆਏ ਤੇ ਆਪਣੇ ਘਰ ਵਲ ਜਾਣ ਲਗੇ। ਉਹੀਓ ਔਰਤ ਅੱਗੇ ਇਕ ਦੁਕਾਨ ਦੇ ਲਾਗੇ ਖੜੀ ਸੀ ਜੋ ਉਸੇ ਤਰ੍ਹਾਂ ਹੀ ਲੜਖੜਾਂਦੀ ਏਥੇ ਤਕ ਆ ਗਈ ਸੀ। ਇਕ ਬੜਾ ਹੀ ਦਾਨਾ ਅਤੇ ਸਾਊ ਜਿਹਾ ਅੰਗਰੇਜ਼ ਸੀ ਜਿਸ ਨੇ ਉਸ ਦੀ, ਜਾਪਦਾ ਸੀ, ਥੋੜੀ ਮਦਦ ਕੀਤੀ ਸੀ ਤੇ ਹੁਣ ਉਹ ਉਸ ਨੂੰ ਹੌਲੀ ਹੌਲੀ ਮਸ਼ਵਰਾ ਦੇ ਰਿਹਾ ਸੀ : "ਦੇਖੋ, ਸੰਭਲੋ, ਡਿਗੋ ਨਹੀਂ, ਘਰ ਜਾਓ।" ਔਰਤ ਉਸ ਅੰਗਰੇਜ਼ ਵਲ ਖੁਲ੍ਹੀਆਂ ਟੱਡੀਆਂ ਅੱਖਾਂ ਨਾਲ ਬਿੱਟ ਬਿੱਟ ਤੱਕ ਰਹੀ ਸੀ। ਉਸ ਦੀਆਂ ਅੱਖਾਂ ਮਣਾਂ-ਮੂੰਹੀਂ ਖ਼ੁਮਾਰ ਨਾਲ ਭਰੀਆਂ ਪਈਆਂ ਸਨ। ਜਾਪਦਾ ਸੀ, ਕੋਈ ਮਸ਼ਵਰਾ ਉਸ ਨੂੰ ਸੁਣ ਹੀ ਨਹੀਂ ਸੀ ਰਿਹਾ।

ਔਰਤ ਹੁਣ ਵੀ ਨਸ਼ੇ ਨਾਲ ਗ਼ਲਤਾਨ ਤੇ ਲੜਖੜਾਉਂਦੀ ਸੀ। ਆਖ਼ਿਰ ਉਹ ਅੰਗਰੇਜ਼ ਵੀ ਹੁਣ ਉਸ ਨੂੰ ਕੀ ਕਰ ਸਕਦਾ ਸੀ? ਸਹਾਰੇ ਲਈ, ਉਸ ਨੇ, ਉਸ ਨੂੰ, ਪਿਛੇ ਕੰਧ ਨਾਲ ਲਾਇਆ ਤੇ ਆਪ ਉਥੋਂ ਚਲਿਆ ਗਿਆ। ਹੁਣ ਸਹਾਰਾ ਕੰਧ ਹੀ ਸੀ।

ਆਖ਼ਿਰ ਅਸੀਂ ਵੀ ਉਸ ਨੂੰ ਉਥੇ ਉਵੇਂ ਹੀ ਛਡ ਕੇ ਚਲੇ ਆਏ।

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਇੰਗਲੈਂਡ ਦੀ ਕਮਿਊਨਿਸਟ ਪਾਰਟੀ ਦੀ ਇਕ ਜ਼ਿਲ੍ਹਾ ਕਾਂਗਰਸ ਵਿਚ

ਇੰਗਲੈਂਡ ਵਿਚ ਕਮਿਊਨਿਸਟ ਪਾਰਟੀ ਦੀ ਕਾਂਗਰਸ ਵੀ ਮੈਨੂੰ ਦੇਖਣ ਦਾ ਮੌਕਾ ਮਿਲਿਆ। ਇਹ ਵੈਸਟ ਮਿਡਲ ਸੈਕਸ ਦੀ ਤੇਰ੍ਹਵੀਂ ਜ਼ਿਲ੍ਹਾ ਕਾਂਗਰਸ ਸੀ ਜੋ ਦੋ ਤੇ ਤਿੰਨ ਨਵੰਬਰ ਸੰਨ ੧੯੭੪ ਨੂੰ ਈਲਿੰਗ W-5 ਦੇ ਈਲਿੰਗ ਟਾਊਨ ਹਾਲ ਦੇ ਕੁਈਨ ਹਾਲ ਵਿਚ ਹੋਈ ਸੀ। ਸਾਡੇ ਜ਼ਿਲ੍ਹਾ ਪੱਧਰ ਦੀ, ਤੇ ਸਗੋਂ ਸੂਬਾ ਪੱਧਰ ਦੀ ਵੀ, ਕਾਨਫਰੰਸ ਹੀ ਹੁੰਦੀ ਹੈ ਤੇ ਕੌਮੀ ਪੱਧਰ ਉਤੇ ਜਾ ਕੇ ਕਾਂਗਰਸ ਕਹਿਲਾਉਂਦੀ ਹੈ, ਪਰ ਏਥੇ ਜ਼ਿਲ੍ਹਾ ਪੱਧਰ ਦੀ ਵੀ ਕਾਂਗਰਸ ਹੀ ਹੁੰਦੀ ਹੈ। ਸਾਡੇ ਜ਼ਿਲ੍ਹਾ ਕਾਨਫਰੰਸ ਤੇ ਫੇਰ ਸੂਬਾ ਕਾਨਫਰੰਸ ਤੇ ਫੇਰ ਕਾਂਗਰਸ ਹੁੰਦੀ ਹੈ, ਪਰ ਏਥੇ ਕੇਵਲ ਜ਼ਿਲ੍ਹਾ ਕਾਂਗਰਸਾਂ ਹੀ ਹੋ ਰਹੀਆਂ ਸਨ। ਕੌਮੀ ਪੱਧਰ ਉਤੇ ਅਜੇ ਕਾਂਗਰਸ ਨਹੀਂ ਹੋਣੀ ਸੀ।

ਸਾਊਥਾਲ ਵੈਸਟ ਮਿਡਲ ਸੈਕਸ ਵਿਚ ਆ ਜਾਂਦਾ ਹੈ, ਇਸ ਲਈ ਪੰਡਤ ਵਿਸ਼ਨੂੰ ਦੱਤ ਇਸ ਜ਼ਿਲ੍ਹੇ ਦੇ ਡੈਲੀਗੇਟ ਸਨ ਤੇ ਮੈਨੂੰ ਉਹ ਇਕ ਦਰਸ਼ਕ ਵਜੋਂ ਆਪਣੇ ਨਾਲ ਲੈ ਗਏ ਸਨ।

ਇਸ ਜ਼ਿਲ੍ਹਾ ਕਾਂਗਰਸ ਵਿਚ ਇਹਨਾਂ ਇਲਾਕਾ ਪਾਰਟੀਆਂ ਦੇ ਡੈਲੀਗੇਟ ਸ਼ਾਮਿਲ ਸਨ: ਕਮਿਊਨਿਸਟ ਪਾਰਟੀ ਐਕਟਨ, ਕਮਿਊਨਿਸਟ ਪਾਰਟੀ ਸਲੋਅ, ਕਮਿਊਨਿਸਟ ਪਾਰਟੀ ਹੰਸਲੋ, ਕਮਿਊਨਿਸਟ ਪਾਰਟੀ ਹਿਲਿੰਗਡਨ, ਕਮਿਊਨਿਸਟ ਪਾਰਟੀ ਈਲਿੰਗ, ਕਮਿਊਨਿਸਟ ਪਾਰਟੀ ਹੇਜ਼, ਹੇਜ਼ ਯੰਗ ਕਮਿਊਨਿਸਟ ਲੀਗ ਅਤੇ ਕਮਿਊਨਿਸਟ ਪਾਰਟੀ ਵੈਸਟ ਮਿਡਲ ਸੈਕਸ (ਡਿਸਟਿਕ ਕਮੇਟੀ)।

ਇਸ ਜ਼ਿਲ੍ਹਾ ਕਾਂਗਰਸ ਨੇ ਇਹ ਨਾਅਰੇ ਦਿਤੇ ਹੋਏ ਸਨ ਜੋ ਮਾਟੋਆਂ ਦੀ ਸ਼ਕਲ ਵਿਚ ਕੰਧਾਂ ਉਤੇ ਲਗੇ ਸਨ:

੧. ਕਮਿਊਨਿਸਟ ਪਾਰਟੀ ਉਸਾਰੋ (Build the Communist Party), ੨. ਨੌਜਵਾਨ ਕਮਿਊਨਿਸਟ ਪਾਰਟੀ ਉਸਾਰੋ (Build the Young Communist Party), ੩. ਬਰਤਾਨੀਆ ਸੋਸ਼ਲਿਜ਼ਮ ਚਾਹੁੰਦਾ ਹੈ (Britain needs Socialism), ੪. "ਮਾਰਨਿੰਗ ਸਟਾਰ" ਕਹਿੰਦਾ ਹੈ: ਇਜਾਰੇਦਾਰੀਆਂ ਕੌਮੀ ਕਰੋ (Nationalise the Monopalies says the Morning Star"), ੫. ਕੀਮਤਾਂ ਨੂੰ ਨੱਥੋ, ਮੁਨਾਫ਼ਿਆਂ ਨੂੰ ਕੱਟੋ, ਉਜਰਤਾਂ ਵਧਾਓ (Freeze Prices, Cut Profits, Raise wages)।

ਇਸ ਜ਼ਿਲ੍ਹਾ ਕਾਂਗਰਸ ਵਿਚ ਜਿਹੜੀ ਰਾਜਨੀਤਕ ਰਿਪੋਰਟ ਪੇਸ਼ ਕੀਤੀ ਗਈ ਸੀ ਉਹ ਕਾਫ਼ੀ ਸ਼ਕਤੀਸ਼ਾਲੀ ਸੀ। ਇਸ ਦੇ ਸੋਲਾਂ ਸਫ਼ੇ ਸਨ ਤੇ ਇਹਨਾਂ ਸੋਲਾਂ ਸਫ਼ਿਆਂ ਵਿਚ ਸੋਲਾਂ ਨੁਕਤੇ ਪੇਸ਼ ਸਨ।

ਪਹਿਲੇ ਵਿਚ ਬਰਤਾਨੀਆ ਦੀ ਪ੍ਰੀਭਾਸ਼ਾ ਕੀਤੀ ਹੋਈ ਸੀ ਤੇ ਦੂਜੇ ਵਿਚ ਬਰਤਾਨੀਆ ਦੇ ਸੰਕਟ ਬਾਰੇ ਜ਼ਿਕਰ ਸੀ। ਤੀਜੇ ਵਿਚ ਹੱਦੋਂ ਵੱਧ ਅਧਿਕਾਰਾਂ ਉਤੇ ਹਮਲਾ ਸੀ ਤੇ ਚੌਥਾ ਉੱਤਰੀ ਆਇਰਲੈਂਡ ਦੇ ਮਸਲੇ ਨੂੰ ਛੁਹ ਰਿਹਾ ਸੀ। ਪੰਜਵਾਂ ਸਾਂਝੀ ਮੰਡੀ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੇਵਾਂ ਕੌਮੀਕਰਣ ਨੂੰ ਤੇ ਸੱਤਵੇਂ ਵਿਚ ਮਲਿਕਾ ਦੀ ਸਪੀਚ ਬਾਰੇ ਜ਼ਿਕਰ ਸੀ। ਅੱਠਵੇਂ ਵਿਚ ਏਕਤਾ ਉਤੇ ਜ਼ੋਰ ਦਿਤਾ ਗਿਆ ਸੀ ਤੇ ਨੌਵਾਂ ਨਸਲਵਾਦ ਨੂੰ ਗੰਭੀਰਤਾ ਨਾਲ ਲੈ ਰਿਹਾ ਸੀ। ਦਸਵੇਂ, ਗਿਆਰ੍ਹਵੇਂ, ਬਾਰ੍ਹਵੇਂ ਤੇ ਤੇਰ੍ਹਵੇਂ ਵਿਚ ਵੱਡੇ ਮਸਲੇ ਨਹੀਂ ਸਨ, ਜ਼ਿਲ੍ਹਾ ਪੱਧਰ ਦੇ ਛੋਟੇ ਮੋਟੇ ਜਥੇਬੰਦਕ ਮਸਲੇ ਸਨ ਜਿਹਨਾਂ ਵਿਚ ਵਿਦਿਆਰਥੀਆਂ ਤੇ ਨੌਜਵਾਨਾਂ ਦਾ ਜ਼ਿਕਰ ਸੀ। ਚੌਧਵਾਂ ਤੇ ਪੰਦਰ੍ਹਵਾਂ "ਮਾਰਨਿੰਗ ਸਟਾਰ" ਅਤੇ ਪਾਰਟੀ ਸਾਹਿਤ ਬਾਰੇ ਸਨ ਤੇ ਸੋਲ੍ਹਵਾਂ ਤੇ ਅੰਤਮ ਨੁਕਤਾ ਪਾਰਟੀ ਦੀ ਉੱਨਤੀ ਅਤੇ ਵਧਣ ਫੁੱਲਣ ਬਾਰੇ ਸੀ।

ਸਾਡੇ ਕਾਨਫਰੰਸਾਂ ਵਿਚ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ। ਅਸੀਂ ਵੀ ਪਹਿਲਾਂ ਪੂਰੀ ਮੁਲਕੀ ਹਾਲਤ ਨੂੰ ਹੀ ਲੈਂਦੇ ਹਾਂ ਤੇ ਫੇਰ ਆਪਣੇ ਜ਼ਿਲ੍ਹੇ ਜਾਂ ਬਲਾਕ ਵਿਚ ਆ ਜਾਂਦੇ ਹਾਂ। ਸਾਡੇ ਇਕ ਮੁਹਾਵਰਾ ਹੈ: "ਖੇੜੇ ਸੁੱਖ ਤਾਂ ਵਿਹੜੇ ਸੁੱਖ।" ਇਹ ਮੁਹਾਵਰਾ ਬੜੀ ਹੀ ਉੱਚੀ ਦਾਨਿਸ਼ ਨਾਲ ਭਰਪੂਰ ਹੈ। ਪਿੰਡ ਵਿਚ ਬੀਮਾਰੀ ਜਾਂ ਕੋਈ ਵਬਾ ਫੈਲੀ ਹੋਈ ਹੈ ਤਾਂ ਸਾਡਾ ਘਰ ਵੀ ਉਸ ਬੀਮਾਰੀ ਦੇ ਘੇਰੇ ਵਿਚ ਆ ਸਕਦਾ ਹੈ। ਇਸ ਲਈ ਸਾਡਾ ਫ਼ਰਜ਼ ਹੈ ਕਿ ਸਾਨੂੰ ਆਪਣੇ ਵਿਹੜੇ ਨਾਲੋਂ ਪੂਰੇ ਖੇੜੇ ਦੀ ਸੁੱਖ ਨੂੰ ਹੀ ਮਹੱਤਵ ਦੇਣਾ ਚਾਹੀਦਾ ਹੈ। ਅੱਜ ਤਾਂ ਸਗੋਂ ਦੁਨੀਆਂ ਹੋਰ ਵੀ ਖੁਲ੍ਹੀ ਅਤੇ ਵੱਡੀ ਹੈ। ਅੱਜ ਖੇੜਾ ਮੁਲਕ ਹੀ ਨਹੀਂ, ਸਗੋਂ ਪੂਰਾ ਸੰਸਾਰ ਹੈ। ਇਸੇ ਲਈ ਸੰਸਾਰ-ਅਮਨ ਲਈ ਜ਼ੋਰ ਦਿਤਾ ਜਾ ਰਿਹਾ ਹੈ।

ਬਰਤਾਨੀਆ ਦੀ ਪ੍ਰੀਭਾਸ਼ਾ ਵਾਲਾ ਪਹਿਲਾ ਨੁਕਤਾ ਇਹ ਹੈ: WHAT IS BRITAIN ? ਤੇ ਹੇਠਾਂ ਲਿਖਿਆ ਹੋਇਆ ਹੈ:

> Britain is people, working people. Britain is not the 5%. that owns half the total wealth. Britain is the whole of the people but more particularly the 95%. who own very little.

(ਬਰਤਾਨੀਆ ਮਾਅਨੇ ਲੋਕ ਹਨ, ਮਿਹਨਤਕਸ਼ ਤੇ ਕਿਰਤੀ ਲੋਕ। ਬਰਤਾਨੀਆ ਉਹਨਾਂ ਪੰਜ ਫ਼ੀ ਸਦੀ ਲੋਕਾਂ ਨੂੰ ਨਹੀਂ ਆਖਦੇ ਜਿਨ੍ਹਾਂ ਨੇ ਅੱਧੀ ਦੌਲਤ ਉਤੇ ਕਬਜ਼ਾ ਕੀਤਾ ਹੋਇਆ ਹੈ, ਬਰਤਾਨੀਆ ਸਗੋਂ ਸੌ ਵਿਚੋਂ ਉਹ ਪਚਾਨਵੇਂ ਲੋਕ ਹਨ ਜਿਹੜੇ ਬਹੁਤ ਗ਼ਰੀਬ ਹਨ ਤੇ ਜਿਨ੍ਹਾਂ ਦੇ ਹਿੱਸੇ ਬੜੀ ਹੀ ਥੋੜੀ ਪੂੰਜੀ ਆਈ ਹੋਈ ਹੈ।)

ਸਾਡੇ ਹਿੰਦੋਸਤਾਨ ਦੀ ਵੀ ਇਹੋ ਹੀ ਪ੍ਰੀਭਾਸ਼ਾ ਹੈ। ਹਿੰਦੋਸਤਾਨ ਵੀ ਸੌ ਵਿਚੋਂ ਪਚਾਨਵੇਂ ਜਾਂ ਅਠਾਨਵੇਂ ਹੈ, ਦੋ ਜਾਂ ਪੰਜ ਨਹੀਂ ਹੈ।

ਮਲਿਕਾ ਦੀ ਸਪੀਚ ਉਤੇ ਨੁਕਤਾਚੀਨੀ ਕਰਦੇ ਹੋਏ ਨਾਅਰਾ ਦਿਤਾ ਹੋਇਆ ਸੀ:

"ਸਾਂਝੀ ਮੰਡੀ ਤੋਂ ਬਾਹਰ ਆਓ; ਦੌਲਤ ਟੈਕਸ ਲਾਓ; ਹਥਿਆਰਾਂ ਦਾ ਖ਼ਰਚ ਘੱਟ ਕਰੋ; ਬਦੇਸ਼ਾਂ ਵਿਚ ਲਾਉਣ ਵਾਲੇ ਸਰਮਾਏ ਵਿਚ ਕਟੌਤੀ ਕਰੋ; ਬਦੇਸ਼ਾਂ ਵਿਚ ਫ਼ੌਜਾਂ ਉਤੇ ਖ਼ਰਚ ਕਰਨਾ ਬੰਦ ਕਰੋ; ਹੋਰ ਘਰ ਬਣਾਓ, ਹੋਰ ਸਕੂਲ ਬਣਾਓ, ਤੇ ਹੋਰ ਹਸਪਤਾਲ ਬਣਾਓ, ਆਦਿ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਪੋਰਟ ਵਿਚ [illegible] ਸਭੀ ਤੜਫਦਾ ਤੇ ਧੜਕਦਾ ਇੰਗਲੈਂਡ ਦਾ ਕਮਿਊਨਿਸਟ ਦਿਲ ਝਲਕਾਰੇ ਮਾਰ ਰਿਹਾ ਸੀ

ਦੋਵੇਂ ਦਿਨ ਬੰਦ ਦਰਵਾਜ਼ਾ ਸੈਸ਼ਨ ਵੀ ਕੁਝ ਹੋਏ ਸਨ। ਪਹਿਲੇ ਦਿਨ ੨-੩੦ ਤੋਂ ੨-੪੫ ਤੀਜੇ ਪਹਿਰ। ਦੂਜੇ ਦਿਨ ਸਵੇਰੇ ਵੀ ਤੇ ਫੇਰ ਬਾਅਦ ਦੁਪਹਿਰ ਵੀ। ਇਹਨਾਂ ਵਿਚ ਚੋਣ-ਤਿਆਰੀ-ਕਮੇਟੀ ਦੀਆਂ ਰਿਪੋਰਟਾਂ ਹੀ ਵਿਚਾਰੀਆਂ ਪੜ੍ਹੀਆਂ ਜਾਂਦੀਆਂ ਸਨ।

ਬੰਦ ਦਰਵਾਜ਼ਾ ਸੈਸ਼ਨਾਂ ਸਮੇਂ ਅਸੀਂ ਜਿਹੜੇ ਦਰਸ਼ਕ ਸਾਂ, ਹਾਲ ਤੋਂ ਬਾਹਰ ਆ ਜਾਂਦੇ ਸਾਂ ਤੇ ਆਪੋ ਵਿਚੀਂ ਇਕ ਦੂਜੇ ਨਾਲ ਗੱਲਾਂ ਵਿਚ ਲਗ ਜਾਂਦੇ ਸਾਂ। ਅਜਿਹੇ ਹੀ ਇਕ ਸੈਸ਼ਨ ਸਮੇਂ ਮੈਨੂੰ ਇਕ ਸਿਆਣੀ ਉਮਰ ਦੀ ਬੁੱਢੀ ਮੇਮ ਨੇ ਆਖਿਆ :

"ਕਾਮਰੇਡ, ਸਟਾਲਿਨ ਬਾਰੇ ਤੁਹਾਡਾ ਕੀ ਖ਼ਿਆਲ ਹੈ ?"

"ਠੀਕ ਹੈ, ਚੰਗਾ ਸੀ, ਉਸ ਨੇ ਆਪਣਾ ਵਿਅਕਤੀ-ਬੁੱਤ ਉਸਾਰਨਾ ਸ਼ੁਰੂ ਕਰ ਦਿਤਾ ਸੀ।"

"ਨਹੀਂ ਨਹੀਂ, ਇਹ ਗੱਲ ਨਹੀਂ, ਤੁਸੀਂ ਗ਼ਲਤ ਕਹਿ ਰਹੇ ਹੋ।"

"ਕਮਿਊਨਿਸਟ ਲਹਿਰ ਨੇ ਤਾਂ ਇਹੋ ਨਿਰਣਾ ਕੀਤਾ ਹੈ..."

"ਨਹੀਂ ਨਹੀਂ, ਇਹ ਠੀਕ ਨਹੀਂ, ਇਸ ਵਿਚ ਕੋਈ ਸਚਾਈ ਨਹੀਂ।" ਉਸ ਨੂੰ ਜਿਵੇਂ ਮੇਰੀ ਗੱਲ ਨੇ ਠੇਸ ਜਿਹੀ ਲਾ ਦਿਤੀ ਸੀ। ਉਸ ਨੇ ਮੈਨੂੰ ਹਲਕੀ ਜਿਹੀ ਨਸੀਹਤ ਕਰਦੇ ਆਖਿਆ : "ਦੇਖੋ, ਤੁਸੀਂ ਇੰਗਲੈਂਡ ਵਿਚ ਇਕ ਲੇਖਕ ਵਜੋਂ ਆਏ ਹੋ, ਤੇ ਤੁਹਾਨੂੰ ਲੇਖਕ ਵਜੋਂ ਹੀ ਇੰਗਲੈਂਡ ਵਿਚ ਰਹਿਣਾ ਚਾਹੀਦਾ ਹੈ। ਤੁਹਾਡਾ ਖੇਤਰ ਸਾਹਿਤ ਹੈ, ਰਾਜਨੀਤੀ ਨਹੀਂ ਹੈ, ਇਕ ਰਾਜਨੀਤੱਗ ਵਜੋਂ ਤੁਹਾਨੂੰ ਵਿਚਰਨਾ ਨਹੀਂ ਚਾਹੀਦਾ।"

ਇਹ ਸੁਣ ਮੈਂ ਹਲਕਾ ਹਲਕਾ ਮੁਸਕਰਾਣ ਲਗ ਪਿਆ ਸਾਂ।

ਦੂਜੇ ਦਿਨ, ਤਿੰਨ ਨਵੰਬਰ, ਹਾਲ ਵਿਚ ਹੀ ਬੈਠੇ ਬੈਠੇ ਮੈਂ ਇਕ ਕਵਿਤਾ ਲਿਖੀ ਸੀ—"ਘੋੜੇ ਉਤੇ ਬੈਠਿਆ।" ਜਨਵਰੀ, ੭੫ ਵਿਚ ਭਾਰਤ ਵਿਚ, ਵਿਜੈਵਾੜਾ, ਭਾਰਤੀ ਕਮਿਊਨਿਸਟ ਪਾਰਟੀ ਦੀ ਦਸਵੀਂ ਕਾਂਗਰਸ ਹੋਣੀ ਸੀ। ਇਹ ਕਵਿਤਾ ਆਪਣੇ ਆਪ ਉਸ ਕਾਂਗਰਸ ਵਲ ਜਾ ਪੁੱਜੀ ਸੀ। ਕਵਿਤਾ ਹੈ :

ਘੋੜੇ ਉਤੇ ਬੈਠਿਆ
ਘੋੜੇ ਦੀ ਲਗਾਮ ਫੜ
ਸੱਜੇ ਮੋੜ
ਖੱਬੇ ਮੋੜ
ਕਦੇ ਕਦੇ ਅੱਡੀ ਲਾ
ਕਦੇ ਕਦੇ ਵਾਗ ਖਿੱਚ।

ਘੋੜੇ ਉਤੇ ਬੈਠਿਆ
ਕਾਮਿਆ ਤੇ ਯੋਧਿਆ
ਤੇਰਾ ਘੋੜਾ ਅੱਗ ਹੈ
ਤੂਫ਼ਾਨ ਹੈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨੇਰੀ ਹੈ
ਚੰਮ ਦੀ ਲਗਾਮ ਨਹੀਂ
ਲੋਹੇ ਦੀ ਲਗਾਮ ਨਾਲ
ਸੱਜੇ ਮੁੜ
ਖੱਬੇ ਮੁੜ
ਹੌਲੀ ਹੌਲੀ ਅੱਗੇ ਵਧ
ਤੇਜ਼ ਤੇਜ਼ ਅੱਗੇ ਵਧ ।

ਘੋੜੇ ਉਤੇ ਬੈਠਿਆ
ਸਿਤਾਰਿਆਂ ਦੇ ਪਾਂਧੀਆ
ਥਲ ਗਾਹ
ਪਹਾੜ ਗਾਹ
ਸਾਗਰਾਂ ਦੀ ਹਾਥ ਲਾ
ਚੰਮ ਦੀ ਲਗਾਮ ਨਹੀਂ
ਲੋਹੇ ਦੀ ਲਗਾਮ ਨਾਲ
ਸੱਜੇ ਮੁੜ
ਖੱਬੇ ਮੁੜ
ਹੌਲੀ ਹੌਲੀ ਅੱਗੇ ਵਧ
ਤੇਜ਼ ਤੇਜ਼ ਅੱਗੇ ਵਧ ।

ਜਦ ਮੈਂ ਪੰਡਤ ਵਿਸ਼ਨੂੰ ਦੱਤ ਨੂੰ ਕਵਿਤਾ ਬਾਰੇ ਦੱਸਿਆ ਸੀ ਤਾਂ ਉਹਨਾਂ ਨੇ ਹਸ ਕੇ ਕਿਹਾ ਸੀ : "ਭਾਗਾਂ ਵਾਲੀ ਆਪ ਚੱਲ ਕੇ ਤੁਹਾਡੇ ਕੋਲ ਆ ਗਈ ਸੀ ਤੇ ਤੁਸੀਂ ਕਾਬੂ ਕਰ ਲਈ । ਚੰਗਾ ਕੀਤਾ, ਸਾਂਭ ਲਈ ।"

## ਕਾਵੈਂਟਰੀ ਦਾ ਚਰਚ ਅਤੇ ਲੇਡੀ ਗੋਡੀਵਾ ਦਾ ਨੰਗਾ ਬੁੱਤ

ਦੋ ਚੀਜ਼ਾਂ ਕਾਵੈਂਟਰੀ ਸਿਟੀ ਸੈਂਟਰ ਵਿਚ ਪ੍ਰਸਿੱਧ ਹਨ । ਇਕ ਹੋਲੀ ਟਰਿਨਿਟੀ ਚਰਚ (The Parish Church of Holy Trinity) ਤੇ ਦੂਜਾ ਲੇਡੀ ਗੋਡੀਵਾ ਦਾ ਘੋੜੇ ਉਤੇ ਬੈਠੀ ਦਾ ਬੁੱਤ । ਲੇਡੀ ਗੋਡੀਵਾ ਘੋੜੇ ਉਤੇ ਨਗਨ ਬੈਠੀ ਹੋਈ ਹੈ ।

ਕਹਿੰਦੇ ਹਨ, ਕਿਸੇ ਸਮੇਂ ਕਾਵੈਂਟਰੀ ਉਤੇ ਕੋਈ ਰਾਜਾ ਰਾਜ ਕਰਦਾ ਹੁੰਦਾ ਸੀ ਜੋ ਪਰਜਾ ਉਤੇ ਨਿੱਤ ਨਵੇਂ ਟੈਕਸ ਲਾਉਂਦਾ ਰਹਿੰਦਾ ਸੀ । ਪਰਜਾ ਬਹੁਤ ਦੁਖੀ ਸੀ । ਰਾਜੇ ਦੀ ਰਾਣੀ, ਲੇਡੀ ਗੋਡੀਵਾ, ਬਹੁਤ ਚੰਗੇ ਦਿਲ ਦੀ ਸੀ । ਪਰਜਾ ਨੇ ਇਕੱਤਰ ਹੋ ਕੇ ਰਾਣੀ ਕੋਲ ਫ਼ਰਿਆਦ ਕੀਤੀ । ਲੇਡੀ ਗੋਡੀਵਾ ਨੇ ਆਪਣੇ ਪਤੀ ਨੂੰ ਟੈਕਸ ਵਾਪਸ ਲੈਣ ਲਈ ਕਿਹਾ । ਰਾਜੇ ਨੇ ਇਕ ਸ਼ਰਤ ਲਾਈ । "ਟੈਕਸ ਵਾਪਸ ਹੋ ਸਕਦਾ ਹੈ, ਜੇ ਕੋਈ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਔਰਤ ਨੰਗੀ ਹੋ ਕੇ ਸਾਰੇ ਸ਼ਹਿਰ ਵਿਚੋਂ ਲੰਘੇ।" ਇਹ ਸੁਣ, ਰਾਣੀ ਗੋਡੀਵਾ ਆਪ ਨੰਗੀ ਹੋ ਕੇ ਸਾਰੇ ਸ਼ਹਿਰ ਵਿਚੋਂ ਲੰਘੀ ਸੀ ਤੇ ਟੈਕਸ ਮੁਆਫ਼ ਕਰਵਾਇਆ ਸੀ।

ਮੈਨੂੰ ਇਸ ਕਹਾਣੀ ਵਿਚ ਬੜੀ ਹੀ ਉੱਚੀ ਕਵਿਤਾ ਦਿੱਸੀ। ਕਿਵੇਂ ਲੇਡੀ ਗੋਡੀਵਾ ਨੇ, ਮਹਾਰਾਣੀ ਹੁੰਦੇ ਹੋਏ ਦੁਖੀਆਂ ਅਤੇ ਗ਼ਰੀਬਾਂ ਵਲ ਖਲੋਣ ਦਾ ਰਸਤਾ ਚੁਣਿਆ ਤੇ ਏਨੀ ਵੱਡੀ ਕੁਰਬਾਨੀ ਦਿਤੀ।

ਮੈਨੂੰ ਲੇਡੀ ਗੋਡੀਵਾ ਦੀ ਕੁਰਬਾਨੀ ਬੜੀ ਹੀ ਉੱਚੀ ਜਾਪੀ। ਇਸਤਰੀ ਲਈ ਨਗਨ ਹੋਣਾ ਕਿਵੇਂ ਵੀ ਤੱਤੀ ਤਵੀ ਉਤੇ ਬੈਠਣ ਨਾਲੋਂ ਘੱਟ ਨਹੀਂ।

ਮੈਂ ਲੇਡੀ ਗੋਡੀਵਾ ਬਾਰੇ ਕਵਿਤਾ ਲਿਖਣ ਲਈ ਸੋਚਣ ਲਗਾ। ਹੇ ਮਹਾਨ ਲੇਡੀ ਗੋਡੀਵਾ! ਮੇਰੀ ਕਲਮ ਨੂੰ ਤਾਕਤ ਦੇਹ। ਮੇਰੀ ਕਲਮ ਤੇਰੀ ਮਹਾਨ ਕੁਰਬਾਨੀ ਅੱਗੇ ਕੁਝ ਵੀ ਨਹੀਂ।

ਆਉਂਦੀ ਸਾਰ ਮੈਂ ਲੇਡੀ ਗੋਡੀਵਾ ਦੇ ਬੁੱਤ ਨੂੰ ਦੇਖਣ ਗਿਆ ਸਾਂ, ਪਰ ਕਵਿਤਾ ਲਗ ਪਗ ਅੱਠ ਮਹੀਨੇ ਮਗਰੋਂ ਹੀ ਲਿਖ ਸਕਿਆ ਸਾਂ। ਏਨਾ ਚਿਰ ਇਹ ਕਵਿਤਾ ਮੇਰੇ ਮਨ ਵਿਚ ਬਣਦੀ ਰਹੀ ਸੀ। ਇਸ ਦਾ ਨਾਂ "ਗੋਡੀਵਾ" ਹੈ। ਕਵਿਤਾ ਹੈ :

ਸਾਹਮਣੇ ਖ਼ੂਨ ਦੀ ਵਾਈਨ ਸੀ
ਇਨਸਾਨੀ ਮਿਹਨਤ ਦੇ ਸੈਂਡਵਿਚ
ਵਾਈਨ ਦਾ ਘੁੱਟ ਭਰ ਕੇ
ਕਾਵੈਂਟਰੀ ਦਾ ਰਾਜਾ ਬੋਲਿਆ :
ਮੇਰਾ ਤਖ਼ਤ ਨੀਵਾਂ ਹੈ
ਇਸ ਦੇ ਪਾਵੇ ਉੱਚੇ ਕਰੋ
ਹੋਰ ਉੱਚੇ—ਹੋਰ ਉੱਚੇ।

ਤਖ਼ਤ ਦੇ ਪਾਵੇ ਉੱਚੇ ਹੋਏ
ਪਰਜਾ ਉਤੇ ਟੈਕਸ ਲੱਗੇ
ਹੋਰ ਟੈਕਸ—ਹੋਰ ਟੈਕਸ।

ਰਾਜੇ ਦੇ ਟੈਕਸ :
ਕੋਹ ਸੁਲੇਮਾਨ, ਕੋਹ ਹਿਮਾਲਾ, ਕੋਹ ਹਿੰਦੂਕੁਸ਼
ਠੰਡੇ ਯਖ਼ ਐਲਪਸ।

ਰਈਅਤ ਦੇ ਹਉਕੇ :
ਨਵੰਬਰ-ਦਸੰਬਰ ਦੀਆਂ ਠੰਡੀਆਂ ਹਵਾਵਾਂ
ਰਈਅਤ ਦੇ ਹੰਝੂ :
ਇੰਗਲੈਂਡ ਦੀਆਂ ਬਾਰਿਸ਼ਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜੇ ਦੀ ਰਾਣੀ—ਲੇਡੀ ਗੋਡੀਵਾ
ਰਾਜੇ ਦਾ ਦਿਲ
ਇਕ ਪੱਥਰ ਦਾ ਟੁਕੜਾ
ਰਾਣੀ ਦਾ ਦਿਲ
ਗੁਲਾਬ ਦੀਆਂ ਪੱਤੀਆਂ ।

ਗੁਲਾਬ ਦੀਆਂ ਪੱਤੀਆਂ
ਅਪੀਲ ਵਾਂਗ ਬੋਲੀਆਂ
ਡਾਰਲਿੰਗ ! ਇਹ ਜਨਤਾ
ਕ੍ਰਿਸਮਿਸ ਦਾ ਕੇਕ ਨਹੀਂ
ਖ਼ੂਨ ਆਖ਼ਿਰ ਖ਼ੂਨ ਹੈ
ਨਿਊ ਈਅਰ ਦੀ ਵਾਈਨ ਨਹੀਂ
ਤੁਸੀਂ ਬਾਗ਼ ਦੇ ਮਾਲੀ ਹੋ
ਪਰ ਤੁਸੀਂ ਆਪਣੇ ਬੂਟਾਂ ਨਾਲ
ਫੁੱਲਾਂ ਨੂੰ ਕੁਚਲ ਰਹੇ ਹੋ
ਬਹਾਰ ਨੂੰ ਰੌਂਦ ਰਹੇ ਹੋ
ਡਾਰਲਿੰਗ ! ਇਹ ਜਬਰ ਹੈ
ਆਪਣਾ ਕਦਮ ਵਾਪਸ ਲਓ.।

ਪੱਥਰ ਦਾ ਟੁਕੜਾ ਬੋਲਿਆ :
ਕਦਮ ਵਾਪਸ ਹੋ ਸਕਦਾ ਹੈ
ਕੋਈ ਔਰਤ
ਨੰਗੀ ਹੋ ਕੇ
ਸਾਰੇ ਸ਼ਹਿਰ ਵਿਚੋਂ ਲੰਘੇ ।

ਗੁਲਾਬ ਦੀਆਂ ਪੱਤੀਆਂ
ਬੇਚੈਨ ਹੋ ਕੇ ਤੜਪੀਆਂ
ਬਾਗ਼ ਚਿੰਤਾਵਾਨ ਹੋਇਆ
ਏਡੀ ਬਲੀ ਕੌਣ ਦੇਵੇ ?
ਏਡੀ—ਚੰਨਾਂ ਸੂਰਜਾਂ ਤੋਂ ਉੱਚੀ ਔਰਤ
ਕਿਥੋਂ ਆਵੇ ?

ਆਖ਼ਿਰ ਰਾਣੀ ਆਪ ਉੱਠੀ
ਨਗਨ ਹੋ ਕੇ ਬਾਹਰ ਆਈ
ਘੋੜੇ ਉਤੇ ਬੈਠੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਸ਼ਹਿਰ ਦੀਆਂ ਗਲੀਆਂ ਵਿਚ
ਠੁਮਕ ਠੁਮਕ ਜਾਣ ਲੱਗੀ ।

ਸ਼ਹਿਰ ਦੀਆਂ ਗਲੀਆਂ ਵਿਚ
ਅੱਗ ਦੀ ਲਾਟ ਭੜਕੀ
ਦੁਨੀਆਂ ਚਕਾਚੌਂਦ ਹੋਈ ।

ਅੱਗ ਦੇ ਕੱਪੜੇ ਨਹੀਂ ਸਨ
ਰੋਸ਼ਨੀ ਬਿਲਕੁਲ ਨੰਗੀ ਸੀ
ਸਚਾਈ ਨੰਗੀ ਹੁੰਦੀ ਹੈ
ਮਿਆਨ ਵਿਚੋਂ ਬਾਹਰ ਆਈ ਤਲਵਾਰ
ਨੰਗੀ ਹੁੰਦੀ ਹੈ ।

ਉਹ ਅੱਗ ਸੀ
ਉਹ ਮਿਆਨ ਵਿਚੋਂ ਬਾਹਰ ਆਈ ਤਲਵਾਰ ਸੀ
ਉਹ ਕਿਰਨ ਸੀ
ਉਹ ਰਿਸ਼ਮ ਸੀ
ਉਹ ਮੀਂਹ ਦੀ ਸੁੱਚੀ ਕਣੀ ਸੀ ।

ਮੀਂਹ ਦੀ ਸੁੱਚੀ ਕਣੀ
ਤੱਤੀ ਤਵੀ ਉਤੇ ਬੈਠੀ
ਤੇ ਤੱਤੀ ਤਵੀ ਸ਼ਾਂਤ ਹੋਈ ।

ਚਰਚ ਦਾ ਇਤਿਹਾਸ ਵੀ ਹੈ । ਚਰਚ ਉਤੇ, ਜਰਮਨਾਂ ਨੇ, ਦੂਜੀ ਜੰਗ ਦੇ ਦਿਨਾਂ ਵਿਚ, ਬੇਤਹਾਸ਼ਾ ਬੰਬ ਸੁੱਟੇ । ਚਰਚ ਨੇ ਕਿਹਾ ਹੋਵੇਗਾ ਕਿ ਮੈਂ ਖ਼ੁਦਾ ਦਾ ਘਰ ਹਾਂ । ਪਰ ਇਸ ਗੱਲ ਨੂੰ ਕਿਸੇ ਨੇ ਵੀ ਸੁਣਿਆ ਨਹੀਂ ਹੋਵੇਗਾ ।

ਕਾਵੈਂਟਰੀ ਸਨਅਤੀ ਸ਼ਹਿਰ ਹੈ । ਅਸਲ ਵਿਚ ਇਹ ਬੰਬ ਕਾਵੈਂਟਰੀ ਉਤੇ ਸੁੱਟੇ ਸਨ—ਸਨਅਤ ਦੀ ਤਬਾਹੀ ਲਈ ।

ਇਸ ਚਰਚ ਨੂੰ ਆਮ ਲੋਕ ਕੈਥੀਡਰਲ (Cathedral) ਵੀ ਕਹਿੰਦੇ ਹਨ ।

ਇਹ ਬੰਬ ੧੪ ਨਵੰਬਰ, ੧੯੪੦ ਨੂੰ ਸੁੱਟੇ ਸਨ ।

## ਕਾਰਲ ਮਾਰਕਸ ਦੀ ਕਬਰ

ਸਾਥੀ ਕਾਰਲ ਮਾਰਕਸ ਦੀਆਂ ਇੰਗਲੈਂਡ ਨਾਲ ਬਹੁਤ ਛੁਹਾਂ ਹਨ । ਲੰਮਾ ਸਮਾਂ ਇਗਲੈਂਡ ਵਿਚ ਉਹ ਰਹਿੰਦੇ ਅਤੇ ਲਿਖਦੇ ਰਹੇ । ਅੰਤ ਮੌਤ ਵੀ ਉਥੇ ਹੋਈ । ਹਾਈ ਗੇਟ ਦੇ ਕਬਰਸਤਾਨ ਵਿਚ ਉਹਨਾਂ ਦੀ ਅੰਤਮ ਯਾਦ (ਕਬਰ) ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇੰਗਲੈਂਡ ਰਹਿੰਦੇ ਪੰਜਾਬੀ ਲੇਖਕ ਸਾਥੀ ਲੁਧਿਆਣਵੀ ਨਾਲ ਸਨਿਚਰਵਾਰ, ੭ ਸਤੰਬਰ, ੧੯੭੪ ਨੂੰ ਮੈਂ ਉਹਨਾਂ ਦੀ ਕਬਰ ਵੇਖਣ ਗਿਆ। ਸਮਾਂ ਦਿਨ ਦੇ ਤਿੰਨ ਦਾ ਸੀ। ਹਲਕੀ ਹਲਕੀ ਬੂੰਦਾ ਬਾਂਦੀ ਕਦੇ ਜਾਰੀ ਹੋ ਜਾਂਦੀ ਸੀ ਤੇ ਕਦੇ ਮੌਸਮ ਸਾਫ਼ ਹੋ ਜਾਂਦਾ।

ਹਾਈ ਗੇਟ ਅੱਜ ਖੁਲ੍ਹਾ ਸੀ। ਅਸੀਂ ਅੰਦਰ ਦਾਖ਼ਿਲ ਹੋਏ। ਥੋੜੀ ਦੂਰ, ਸੱਜੇ ਪਾਸੇ, ਰਾਹ ਤੋਂ ਥੋੜਾ ਹਟਵੀਂ ਜਿਹੀ, ਕਾਰਲ ਮਾਰਕਸ ਦੀ ਕਬਰ ਸੀ ਜੋ ਕੂਲੇ ਅਤੇ ਜਾਮਣ-ਰੰਗੇ ਪੱਥਰ ਦੀ ਬਣੀ ਹੋਈ ਸੀ। ਚੌਰਸ ਜਿਹਾ ਇਕ ਥੜਾ ਸੀ ਜੋ ਆਦਮ-ਕੱਦ ਤੋਂ ਉੱਚਾ ਸੀ। ਥੋੜਾ ਜਿਹਾ ਧੜ ਤੇ ਉਤੇ ਕੇਵਲ ਸਿਰ ਹੀ ਸੀ। ਥੜਾ ਜਿਵੇਂ ਮਾਰਕਸ ਦੇ ਸਿਰ ਤੋਂ ਹੇਠਲਾ ਜਿਸਮ ਹੋਵੇ।

ਸਿਰ ਅੱਜ ਕਲ੍ਹ ਨਹੀਂ ਸੀ, ਕੇਵਲ ਥੜਾ ਹੀ ਥੜਾ ਸੀ। ਥੜੇ ਉਤੇ ਸਿਰ ਜਾਂ ਧੜ ਦੀ ਰਹਿੰਦ ਖੂੰਹਦ ਜਿਹੀ ਬਾਕੀ ਸੀ। ਸਿਰ ਤੋੜਿਆ ਗਿਆ ਸੀ।

ਕਹਿੰਦੇ ਹਨ, ਇੰਗਲੈਂਡ ਦੀ ਜਮਹੂਰੀਅਤ ਬੜੀ ਚੰਗੀ ਹੈ ਜੋ ਡੂੰਘੀ ਅਤੇ ਵਿਸ਼ਾਲ ਹੈ। ਪਰ, ਜਾਪਦਾ ਹੈ, ਇਹ ਗੱਲ ਕੁਝ ਸੀਮਤ ਜਿਹੀ ਹੀ ਠੀਕ ਹੈ। ਪੂਰੀ ਠੀਕ ਹੁੰਦੀ ਤਾਂ ਮਾਰਕਸ ਦੇ ਬੁੱਤ ਉਤੇ ਹਮਲੇ ਕਰਨ ਦੀ ਲੋੜ ਨਾ ਪੈਂਦੀ।

ਕਬਰਸਤਾਨ ਚੁੱਪ ਸੀ, ਪਰ ਜਾਪਦਾ ਸੀ, ਕਾਰਲ ਮਾਰਕਸ ਇਹ ਆਵਾਜ਼ ਦੇ ਰਿਹਾ ਸੀ: "ਦੁਨੀਆਂ ਭਰ ਦੇ ਮਿਹਨਤਕਸ਼ੋ—ਇਕ ਹੋ ਜਾਓ!"

ਹੌਲੀ ਹੌਲੀ ਕਾਰਲ ਮਾਰਕਸ ਇਹ ਵੀ ਆਖ ਰਿਹਾ ਸੀ:

> "The philosophers have only interpreted the world in various ways. The point, however, is to change it."

(ਸੰਸਾਰ ਦੀ, ਫ਼ਿਲਾਸਫ਼ਰਾਂ ਨੇ, ਆਪੋ ਆਪਣੇ ਢੰਗਾਂ ਨਾਲ ਵਿਆਖਿਆ ਹੀ ਕੀਤੀ ਹੈ। ਲੋੜ ਇਸ ਗੱਲ ਦੀ ਹੈ ਕਿ ਇਸ ਨੂੰ ਬਦਲਿਆ ਕਿਵੇਂ ਜਾਵੇ।")

ਇਹ ਲਫ਼ਜ਼ ਥੜੇ ਉਤੇ ਅੰਕਿਤ ਕੀਤੇ ਹੋਏ ਸਨ।

ਹਾਈ ਗੇਟ ਦਾ ਕਬਰਸਤਾਨ ਕੋਈ ਬਹੁਤਾ ਵਧੀਆ ਨਹੀਂ ਸੀ, ਸਿੱਧਾ ਸਾਦਾ ਜਿਹਾ ਹੀ ਸੀ। ਜੰਗਲ ਸੀ, ਘਾਹ ਸੀ, ਤੇ ਛੋਟੀਆਂ ਛੋਟੀਆਂ ਕਬਰਾਂ ਸਨ। ਕਬਰਾਂ ਦੀ ਭਰਮਾਰ ਵੀ ਸੀ। ਮਹੱਤਤਾ ਕੇਵਲ ਇਹ ਸੀ ਕਿ ਇਸ ਕਬਰਸਤਾਨ ਵਿਚ ਨਵੇਂ ਜੁੱਗ ਦੇ ਜਨਮਦਾਤਾ ਕਾਰਲ ਮਾਰਕਸ਼ ਦੀ ਕਬਰ ਸੀ ਜਿਸ ਨੇ ਅੱਜ ਦੇ ਕੁਲ ਸੰਸਾਰ ਦੀਆਂ ਅੱਖਾਂ ਖੋਲ੍ਹੀਆਂ ਹੋਈਆਂ ਹਨ। ਇਸ ਅਦੁੱਤੀ ਕਬਰ ਸਦਕਾ ਹਾਈ ਗੇਟ ਦਾ ਕਬਰਸਤਾਨ ਅੱਜ ਤੀਰਥ ਬਣਿਆ ਹੋਇਆ ਹੈ। ਦੁਨੀਆਂ ਭਰ ਦਾ ਹਰ ਜਗਿਆਸੂ, ਜਿਸ ਦਾ ਮੱਥਾ ਰੌਸ਼ਨ ਹੈ, ਹਾਈ ਗੇਟ ਦੀ ਇਸ ਕਬਰ ਨੂੰ ਸਜਦਾ ਕਰਨ ਲਈ ਆਉਂਦਾ ਹੈ। ਹਾਈ ਗੇਟ ਦਾ ਕਬਰਸਤਾਨ, ਕਦੇ, ਇਸ ਸੰਸਾਰ ਦੀ ਇਕ ਸੁੰਦਰ ਚੀਜ਼ ਬਣ ਜਾਵੇਗਾ।

ਕਬਰ ਕਾਫ਼ੀ ਸੁਹਣੀ ਹੈ। ਅਸਲ ਵਿਚ ਇਹ ਸੰਗਮਰਮਰ ਦਾ ਜਾਮਣੀ ਰੰਗ ਦਾ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੱਤ ਹੀ ਹੈ ਜੋ ਸੁਹਣਾ ਬਣਿਆ ਹੋਇਆ ਹੈ। ਸਾਹਮਣੇ ਸੜਕ ਵਗਦੀ ਹੈ, ਏਧਰ ਉਧਰ ਉੱਚੀ, ਲੰਮੀ ਤੇ ਆਪ-ਮੁਹਾਰੀ ਘਾਹ ਹੈ ਤੇ ਪਿਛੇ ਸਾਵੇ ਬਿਰਛ ਹਨ। ਕਬਰ, ਬਾਕੀ ਕਬਰਾਂ ਵਿਚੋਂ ਵੱਖਰੀ ਵੀ ਦਿਸ ਰਹੀ ਹੈ। ਆਖਿਰ ਅੱਜ ਦੇ ਜੁੱਗ ਦੇ ਉਸ ਮਹਾਨ ਪੁਰਸ਼ ਦੀ ਕਬਰ ਹੈ ਜਿਸ ਨੇ ਸਾਰੀ ਦੁਨੀਆਂ ਨੂੰ ਹਲੂਣਾ ਦਿਤਾ ਹੋਇਆ ਹੈ। ਇਸ ਗੱਲ ਦੀ ਕੁਝ ਨਾ ਕੁਝ ਇੰਗਲੈਂਡ ਨੂੰ ਵੀ ਸੋਝੀ ਹੈ—ਸਾਮਰਾਜੀ ਇੰਗਲੈਂਡ ਨੂੰ।

ਹਾਈ ਗੇਟ ਦਾ ਕਬਰਸਤਾਨ ਅਸੀਂ ਸਾਰਾ ਨਹੀਂ ਸਾਂ ਘੁੰਮੇ। ਇਸ ਦੀ ਲੋੜ ਹੀ ਨਹੀਂ ਸੀ ਪਈ। ਕਿਉਂਕਿ ਗੇਟ ਤੋਂ ਥੋੜੀ ਦੂਰ ਹੀ ਕਾਰਲ ਮਾਰਕਸ ਦੀ ਕਬਰ ਸੀ।

ਅਸੀਂ ਬੜੀ ਹੀ ਸ਼ਰਧਾ ਨਾਲ ਆਪਣਾ ਸਿਰ ਝੁਕਾਇਆ ਤੇ ਗੇਟ ਤੋਂ ਬਾਹਰ ਆ ਗਏ। ਲਗ ਪਗ ਅੱਧਾ ਘੰਟਾ ਅਸੀਂ ਕਬਰਸਤਾਨ ਵਿਚ ਰਹੇ ਸਾਂ।

## ੨੬ ਜਨਵਰੀ ਬਾਰੇ ਜਲਸਾ

੨੬ ਜਨਵਰੀ ਬਾਰੇ ਵੀ ਇੰਗਲੈਂਡ ਵਿਚ ਜਲਸੇ ਜਾਂ ਸਮਾਗਮ ਕੀਤੇ ਜਾਂਦੇ ਹਨ। ਇਹਨਾਂ ਵਿਚ ਸੋਝੀਵਾਨ ਅੰਗਰੇਜ਼ ਵੀ ਸ਼ਾਮਿਲ ਹੁੰਦੇ ਹਨ। ਇਹ ਵੀ ਬਹੁਤਾ ਆਈ. ਡਬਲਿਊ. ਏ. ਵਲੋਂ ਹੀ ਹੁੰਦੇ ਹਨ। ਅਜਿਹੇ ਇਕ ਸਮਾਗਮ ਵਿਚ ਮੈਂ ਵੀ ਸ਼ਾਮਿਲ ਹੋਇਆ ਸਾਂ। ਇਹ ਕਾਵੈਂਟਰੀ ਹੋਇਆ ਸੀ। ਕਾਵੈਂਟਰੀ ਆਈ. ਡਬਲਿਊ. ਏ. ਵਿਚ ਕਾਂਗਰਸ ਅਤੇ ਸੀ. ਪੀ. ਆਈ. ਦੋਵੇਂ ਕੰਮ ਕਰ ਰਹੀਆਂ ਸਨ। ਇਹ ਸਮਾਗਮ ਇੰਡੀਅਨ ਐਂਡ ਕਾਮਨਵੈਲਥ ਕਲੱਬ, ਜਾਂ ਪੱਬ, ਦੇ ਖੁਲ੍ਹੇ ਹਾਲ ਵਿਚ ਹੋਇਆ ਸੀ। ਸਨਿਚਰਵਾਰ, ੮ ਫ਼ਰਵਰੀ, ੧੯੭੫ ਸੀ। ਨੀਲੇ ਰੰਗ ਦੀ ਸ਼ਾਮ ਸੀ।

ਅਸੀਂ ੨੬ ਜਨਵਰੀ ਨੂੰ, ੧੯੨੯ ਵਿਚ, ਰਾਵੀ ਦੇ ਕਿਨਾਰੇ ਉਤੇ ਪੂਰਨ ਲੋਕਰਾਜ ਜਾਂ ਸਵਰਾਜ ਲਈ ਕਸਮ ਖਾਧੀ ਸੀ। ੧੯੪੭ ਵਿਚ ਅਸੀਂ ਆਜ਼ਾਦ ਹੋਏ ਸਾਂ। ਸੰਵਿਧਾਨ ਬਣਾਇਆ ਗਿਆ। ੧੯੫੦ ਵਿਚ, ੨੬ ਜਨਵਰੀ ਵਾਲੇ ਦਿਨ, ਸੰਵਿਧਾਨ ਲਾਗੂ ਹੋਇਆ। ੧੯੫੨ ਵਿਚ, ਹਰ ਬਾਲਗ਼ ਦੀ ਵੋਟ ਨਾਲ, ਪਹਿਲੀ ਵੱਡੀ ਚੋਣ ਹੋਈ। ਹਿੰਦੋਸਤਾਨ ਇਕ ਬਹੁਤ ਵੱਡੀ ਰੀਪਬਲਿਕ ਬਣ ਕੇ ਸਾਹਮਣੇ ਆਇਆ। ਇਸ ਨੂੰ ਦੂਜੇ ਲਫ਼ਜ਼ਾਂ ਵਿਚ ਗਣ-ਰਾਜਯ ਵੀ ਕਹਿੰਦੇ ਹਨ। ੨੬ ਜਨਵਰੀ ਭਾਰਤ ਦਾ ਰੀਪਬਲਿਕ-ਡੇ ਅਖਵਾਉਂਦਾ ਹੈ। ਅਥਵਾ ਗਣ-ਰਾਜਯ ਦਿਵਸ। ਨਿਰਸੰਦੇਹ ਇਸ ਦਿਵਸ ਦੀ ਆਪਣੀ ਖ਼ਾਸ ਮਹੱਤਤਾ ਹੈ। ੧੫ ਅਗਸਤ ਭਾਰਤ ਦੀ ਸਵਤੰਤਰਤਾ ਦਾ ਦਿਵਸ ਹੈ ਤੇ ੨੬ ਜਨਵਰੀ ਭਾਰਤ ਦੀ ਜਮਹੂਰੀਅਤ ਦਾ ਚਿੰਨ੍ਹ ਹੈ। ਦੋਵੇਂ ਦਿਨ ਮਹਾਨ ਹਨ।

ਭਾਰਤ ਵਿਚ ਮਹਿੰਗਾਈ ਕਰ ਕੇ ਲੋਕਾਂ ਵਿਚ ਬੇਚੈਨੀ ਅਤੇ ਘਬਰਾਹਟ ਆਦਿ ਤਾਂ ਸੀ ਹੀ ਭਲਾ, ਇਕ ਦੋ ਗੱਲਾਂ ਹੋਰ ਵੀ ਸਨ ਜੋ ਬਹੁਤੀ ਚਿੰਤਾ ਵਾਲੀਆਂ ਸਨ। ਇਕ ਤਾਂ ਜੈ ਪ੍ਰਕਾਸ਼ ਨਾਰਾਇਣ ਦਾ ਲੋਕ ਰਾਜ ਨੂੰ ਮੁਢੋਂ ਸੁਢੋਂ ਖ਼ਤਮ ਕਰ ਦੇਣ ਦਾ ਨਾਅਰਾ ਸੀ ਜੋ ਪਾਰਲੀਮਾਨੀ ਸਿਸਟਮ ਨੂੰ ਹੀ ਤੋੜ ਦੇਣ ਲਈ ਕਹਿੰਦਾ ਸੀ। ਦੂਜਾ ਖ਼ਤਰਾ ਬਾਹਰੋਂ ਸੀ। ਉਹ ਸੀ ਡੀਅਗੋ ਗਾਰਸ਼ੀਆ ਵਿਚ ਉੱਸਰ ਰਿਹਾ ਅਮਰੀਕੀ ਅੱਡਾ। ਇਸ ਵਰ੍ਹੇ ਦੀ ੨੬ ਜਨਵਰੀ ਇਹਨਾਂ ਦੋਹਾਂ ਸੱਜ-ਪਿਛਾਖੜੀ ਖ਼ਤਰਿਆਂ ਵਿਚ ਗ੍ਰਸਤ ਸੀ। ਖ਼ਤਰੇ ਹੋਰ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਸਨ, ਪਰ [illegible] ਸਾਡੇ ਲਈ ਜ਼ਰੂਰੀ ਸੀ।

ਆਪਣੇ ਇਕ ਦੋ ਸਾਥੀਆਂ ਨਾਲ ਮੈਂ ਇੰਡੀਅਨ ਐਂਡ ਕਾਮਨਵੈਲਥ ਕਲੱਬ ਵਿਚ ਆ ਪੁੱਜਾ ਸਾਂ। ਰੌਣਕ ਅਜੇ ਥੋੜੀ ਸੀ। ਜਲਸੇ ਵਿਚ ਕੁਝ ਦੇਰੀ ਸੀ। ਇਕ ਪਾਸੇ ਇਕ ਦੋ ਸੱਜਣ ਮਤੇ ਤਿਆਰ ਕਰ ਰਹੇ ਸਨ। ਇਸ ਕੰਮ ਵਿਚ ਮੈਨੂੰ ਵੀ ਕੁਝ ਹੱਥ ਵਟਾਉਣ ਲਈ ਕਿਹਾ ਗਿਆ। ਮੈਨੂੰ ਇਹ ਵੀ ਪੁੱਛਿਆ ਗਿਆ ਕਿ ਮਤਾ ਕਿਸ ਕਿਸ ਮਸਲੇ ਬਾਰੇ ਲਿਖਿਆ ਜਾਣਾ ਚਾਹੀਦਾ ਹੈ। ਖਾਦ ਆਦਿ ਕਿਸਾਨੀ ਖਪਤ ਜਾਂ ਖੇਤੀ-ਲਾਗਤ ਦੀਆਂ ਚੀਜ਼ਾਂ ਬਾਰੇ ਉਹ ਮਤਾ ਲਿਖ ਹੀ ਚੁੱਕੇ ਸਨ ਕਿ ਇਹਨਾਂ ਚੀਜ਼ਾਂ ਦੀਆਂ ਕੀਮਤਾਂ ਕਾਫ਼ੀ ਘੱਟ ਹੋਣੀਆਂ ਚਾਹੀਦੀਆਂ ਹਨ। ਖ਼ੈਰ, ਇਹ ਮਤਾ ਠੀਕ ਸੀ। ਇਹਨਾਂ ਚੀਜ਼ਾਂ ਤੋਂ ਭਾਰਤ ਦੀ ਕਿਸਾਨੀ ਬਹੁਤ ਹੀ ਦੁਖੀ ਸੀ। ਬਿਜਲੀ ਅਤੇ ਡੀਜ਼ਲ ਆਦਿ ਵੀ ਇਸ ਮਤੇ ਵਿਚ ਸ਼ਾਮਿਲ ਸਨ। ਮੈਂ ਉਹਨਾਂ ਨੂੰ ਆਖਿਆ ਕਿ ਹਿੰਦ ਸਾਗਰ ਦੇ ਪਾਣੀਆਂ ਬਾਰੇ ਵੀ ਮਤਾ ਹੋ ਜਾਣਾ ਚਾਹੀਦਾ ਹੈ। ਅਮਰੀਕਾ ਡੀਅਗੋ ਗਾਰਸ਼ੀਆ ਵਿਚ ਅੱਡਾ ਕਾਇਮ ਕਰ ਰਿਹਾ ਹੈ ਜੋ ਸਾਗਰ-ਤਟ ਦੇ ਸਾਰੇ ਦੇਸ਼ਾਂ ਲਈ ਖ਼ਤਰਾ ਪੈਦਾ ਕਰਦਾ ਹੈ। ਭਾਰਤ ਕਿਉਂਕਿ ਸਾਮਰਾਜ ਨੂੰ ਅੱਜ ਕਲ੍ਹ ਬਹੁਤਾ ਚੁਭਦਾ ਹੈ, ਇਸ ਲਈ ਸਾਨੂੰ ਇਸ ਅੱਡੇ ਤੋਂ ਸਭ ਤੋਂ ਬਹੁਤਾ ਖ਼ਤਰਾ ਹੈ। ਇਹ ਵੀ ਬਿਲਕੁਲ ਠੀਕ ਹੈ ਕਿ ਅਸਲ ਵਿਚ ਇਹ ਸਾਰਾ ਕੁਝ ਹੀ ਭਾਰਤ ਦੇ ਹੀ ਵਿਰੁੱਧ ਹੈ।

ਪਰ, ਮੈਂ ਦੇਖ ਰਿਹਾ ਸਾਂ, ਮੇਰੀ ਗੱਲ ਦਾ ਉੱਕਾ ਹੀ ਹੁੰਗਾਰਾ ਨਹੀਂ ਆ ਰਿਹਾ ਸੀ। ਜਿਵੇਂ ਮੈਂ ਕੋਈ ਬਿਲਕੁਲ ਗ਼ੈਰ-ਜ਼ਰੂਰੀ ਗੱਲ ਕਰ ਰਿਹਾ ਹੋਵਾਂ। ਜਿਹੜੇ ਮੇਰੇ ਸਾਥੀ ਮੇਰੀ ਪਾਰਟੀ ਨਾਲ ਸੰਬੰਧਤ ਸਨ, ਉਹ ਤਾਂ ਇਸ ਨਾਲ ਸਹਿਮਤ ਸਨ, ਪਰ ਜਿਹੜੇ ਕਾਂਗਰਸ ਨਾਲ ਸਨ, ਉਹ ਬਿਲਕੁਲ ਚੁੱਪ ਖਲੋਤੇ ਸਨ। ਤਦੇ ਇਕ ਕਾਂਗਰਸੀ ਨੇ ਆਪਣੇ ਦੂਜੇ ਸਾਥੀ ਨੂੰ ਇਉਂ ਹੌਲੀ ਜਿਹੀ ਬੁੜਬੁੜਾਇਆ : "ਡੀਅਗੋ ਗਾਰਸ਼ੀਆ ਕੀ ਹੈ ?"

"ਜਜ਼ੀਰਾ ਹੈ ਇਕ ਛੋਟਾ ਜਿਹਾ। ਪਹਿਲਾਂ ਅੰਗਰੇਜ਼ਾਂ ਕੋਲ ਹੁੰਦਾ ਸੀ, ਹੁਣ ਅਮਰੀਕਾ ਨੇ ਲੈ ਲਿਆ..." ਉਸ ਦਾ ਸਾਥੀ ਬੋਲਿਆ।

ਮੈਨੂੰ ਕੁਝ ਮਾਯੂਸੀ ਹੋਈ। ਠੀਕ ਹੈ, ਜਿਸਮਾਨੀ ਪਖੋਂ ਇਹ ਜਜ਼ੀਰਾ ਛੋਟਾ ਹੈ। ਇਹ ਤੇਰਾਂ ਮੀਲ ਲੰਮਾ ਤੇ ਅੱਠ ਕੁ ਮੀਲ ਚੌੜਾ ਹੈ। ਵਸੋਂ ਇਕ ਹਜ਼ਾਰ ਸੀ। ਪਰ ਏਥੇ ਡੀਅਗੋ ਗਾਰਸੀਆ ਵਿਚ, ਜੋ ਕੁਝ ਉੱਸਰ ਰਿਹਾ ਸੀ, ਉਹ ਛੋਟੀ ਚੀਜ਼ ਨਹੀਂ ਸੀ, ਉਸ ਦੇ ਸਿੱਟੇ ਬੜੀ ਦੂਰ ਤਕ ਮਾਰਾਂ ਕਰਨ ਵਾਲੇ ਤੇ ਸਾਡੇ ਵਿਰੁੱਧ ਬਹੁਤ ਭਿਅੰਕਰ ਸਾਜ਼ਿਸ਼ਾਂ ਕਰਨ ਵਾਲੇ ਸਨ। ਪਰ ਏਥੇ ਬੜੀ ਹੀ ਨਿੱਕੀ ਕਰ ਕੇ ਗੱਲ ਦੱਸੀ ਜਾ ਰਹੀ ਸੀ, ਜਿਵੇਂ ਉਸ ਦਾ ਨੋਟਸ ਲੈਣ ਦੀ ਖ਼ਾਸ ਕੋਈ ਲੋੜ ਹੀ ਨਹੀਂ ਸੀ। ਇਹ ਬੜੀ ਹੀ ਛੋਟੀ ਸੋਚ ਸੀ। ਸਾਨੂੰ ਆਪਣੇ ਘਰਾਂ ਤੇ ਰਿਸ਼ਤੇਦਾਰਾਂ ਦੀ ਤਾਂ ਚਿੰਤਾ ਸੀ—ਜਿਨ੍ਹਾਂ ਲਈ ਅਸੀਂ ਖਾਦ ਤੇ ਬਿਜਲੀ ਸਸਤੀ ਕਰਨ ਲਈ ਕਹਿੰਦੇ ਸਾਂ—ਪਰ ਦੇਸ਼ ਦੀ ਚਿੰਤਾ ਨਹੀਂ ਸੀ : ਜਿਸ ਦੀ ਰੱਖਿਆ ਨਾਲ ਹੀ ਸਾਡੇ ਘਰਾਂ ਦੀ ਰੱਖਿਆ ਹੋਣੀ ਸੀ। ਕੀ ਡੀਅਗੋ ਗਾਰਸ਼ੀਆ ਦੇ ਫ਼ੌਜੀ ਅੱਡੇ ਦੇ ਬੰਬਾਂ ਸਾਹਮਣੇ ਮਹਿੰਗੀ ਅਤੇ ਸਸਤੀ ਖਾਦ ਦਾ ਕੋਈ ਮਹੱਤਵ ਹੁੰਦਾ ਹੈ ? ਜੇ ਬਾਗ ਹੀ ਪੱਤਝੜ ਦੀਆਂ ਲਪੇਟਾਂ ਵਿਚ ਆ ਜਾਂਦਾ ਹੈ ਤਾਂ ਸਾਡਾ ਆਪਣਾ ਫੁੱਲ ਜਾਂ ਆਪਣਾ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਛ ਕਿਵੇਂ ਬਚ ਸਕਦਾ ਹੈ? ਸਾਡੀ ਦ੍ਰਿਸ਼ਟੀ ਬੜੀ ਵਿਸ਼ਾਲ ਤੇ ਮੋਕਲੀ ਹੋਣੀ ਚਾਹੀਦੀ ਹੈ।

ਜਲਸੇ ਵਿਚ ਕਾਵੈਂਟਰੀ ਦੇ ਪਾਰਲੀਮੈਂਟ ਦੇ ਮੈਂਬਰ ਮਿਸਟਰ ਵਿਲਸਨ ਨੂੰ ਵੀ ਸੱਦਿਆ ਸੀ। ਉਹ ਬੜੇ ਹੀ ਸੋਝੀਵਾਨ ਸਨ। ਲਗ ਪਗ ਪੌਣਾ ਘੰਟਾ ਮਿਸਟਰ ਵਿਲਸਨ ਨੇ ਤਕਰੀਰ ਕੀਤੀ। ਮਿਸਟਰ ਵਿਲਸਨ ਇਕ ਗੱਲ ਉਤੇ ਖ਼ਾਸ ਜ਼ੋਰ ਦੇ ਰਹੇ ਸਨ: "ਮੈਂ ਹਿੰਦੋਸਤਾਨ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਉਸ ਨੇ ਆਪਣੀ ਮਹਾਨ ਜਮਹੂਰੀਅਤ ਅਜੇ ਤਕ ਸਾਂਭੀ ਹੋਈ ਹੈ।" ਮਿਸਟਰ ਵਿਲਸਨ "ਅਜੇ ਤਕ" ਉਤੇ ਖ਼ਾਸ ਜ਼ੋਰ ਦੇ ਰਹੇ ਸਨ।

ਮਿਸਟਰ ਵਿਲਸਨ ਇੰਗਲੈਂਡ ਦੀ ਲੇਬਰ ਪਾਰਟੀ ਨਾਲ ਸੰਬੰਧਤ ਸਨ। ਹਿੰਦੋਸਤਾਨ ਦੀ ਹਾਲਤ ਉਤੇ ਉਹ ਪੂਰੀ ਨਜ਼ਰ ਰਖ ਰਹੇ ਸਨ। ਜੇ. ਪੀ. ਸਾਹਿਬ ਦੀ ਇਹ ਆਵਾਜ਼ ਵੀ ਦੁਨੀਆਂ ਵਿਚ ਸੁਣ ਰਹੀ ਸੀ ਕਿ ਹਿੰਦੋਸਤਾਨ ਨੂੰ ਪਾਰਲੀਮਾਨੀ ਸਿਸਟਮ ਦੀ ਅੱਜ ਲੋੜ ਹੀ ਨਹੀਂ। ਉਹਨਾਂ ਦੀ ਛਾਤਰ ਸੰਮਤੀ ਵਾਲੇ ਧਿੰਙੋਜ਼ੋਰੀ ਅਸੰਬਲੀਆਂ ਤੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਅਸਤੀਫ਼ੇ ਦੇਣ ਲਈ ਕਹਿੰਦੇ ਸਨ।

ਜਲਸਾ ਭਾਵੇਂ ਛੋਟਾ ਸੀ, ਪਰ ਸਫ਼ਲ ਕਾਫ਼ੀ ਰਿਹਾ ਸੀ। ਮੈਂ ਵੀ ਆਪਣੀ ਇਕ ਤਕਰੀਰ ਨਾਲ ਇਸ ਵਿਚ ਹਿੱਸਾ ਪਾਇਆ ਸੀ। ਮੇਰਾ ਨੁਕਤਾ ਇਹ ਸੀ ਕਿ ਦਿੱਲੀ ਨੂੰ ਅਸੀਂ ਚਿੱਲੀ ਤੇ ਇੰਡੀਆ ਨੂੰ ਇੰਡੋਨੇਸ਼ੀਆ ਕਦੇ ਬਣਨ ਨਹੀਂ ਦਿਆਂਗੇ।

## ਜਾਹਨ ਪਿੱਕ ਦਾ ਵਿਆਹ

ਜਾਹਨ ਪਿੱਕ, ਨੌਟਿੰਘਮ ਵਿਚ, ਇੰਗਲੈਂਡ ਦੀ ਕਮਿਊਨਿਸਟ ਪਾਰਟੀ ਦਾ ਇਕ ਅੰਗਰੇਜ਼ ਮੈਂਬਰ ਸੀ ਜੋ ਸਾਥੀ ਕੇਸਰ ਸਿੰਘ ਹੋਰਾਂ ਦਾ ਮਿੱਤਰ ਅਤੇ ਸਾਥੀ ਸੀ। ਅਸੀਂ, ਉਸ ਦੇ ਵਿਆਹ ਵਿਚ, ਨੌਟਿੰਘਮ, ਸ਼ਾਮਿਲ ਹੋਏ ਸਾਂ।

ਜਾਹਨ ਪਿੱਕ ਇਸ ਸਮੇਂ ਪੰਜਾਹ ਵਰ੍ਹੇ ਦੇ ਨੇੜੇ ਸੀ। ਬੜਾ ਹੀ ਖ਼ੂਬਸੂਰਤ ਸੀ। ਜਿਸਮ ਵੀ ਬਹੁਤ ਸੁੰਦਰ ਸੀ! ਲੰਮਾ, ਤਗੜਾ, ਅਤੇ ਸਡੋਲ। ਛਾਤੀ ਬਹੁਤ ਚੌੜੀ ਤੇ ਬਾਹਵਾਂ ਲੋਹੇ ਵਰਗੀਆਂ। ਉਹ ਬੜਾ ਹੀ ਚੰਗਾ ਪਾਇਲਟ ਸੀ। ਪਰ ਪਾਇਲਟ ਦੀ ਥਾਂ ਫੇਰ ਉਹ ਚੰਗਾ ਕਮਿਊਨਿਸਟ ਬਣ ਗਿਆ ਸੀ। ਇਸ ਦੀ ਉਸ ਨੂੰ ਸਜ਼ਾ ਮਿਲੀ। ਕਮਿਊਨਿਸਟ ਹੋਣ ਕਰ ਕੇ, ਉਸ ਦੀ ਪਹਿਲੀ ਪਤਨੀ ਉਸ ਨੂੰ ਛੱਡ ਕੇ ਚਲੀ ਗਈ ਸੀ, ਅਤੇ ਹੁਣ ਜਾਹਨ ਪਿੱਕ ਦਾ ਇਹ ਦੂਜਾ ਵਿਆਹ ਹੋ ਰਿਹਾ ਸੀ। ਇਹ ਇਕ ਵਿਧਵਾ ਔਰਤ ਸੀ। ਇਸ ਦੇ ਦੋ ਬੱਚੇ ਸਨ। ਇਕ ਲੜਕਾ, ਇਕ ਲੜਕੀ। ਔਰਤ ਬਹੁਤ ਸ਼ਰੀਫ਼ ਸੀ। ਬੱਚੇ ਦੋਵੇਂ ਅੱਠ ਜਾਂ ਦਸ ਕੁ ਵਰ੍ਹੇ ਦੀ ਉਮਰ ਦੇ ਨੇੜੇ ਸਨ। ਉਹ ਵੀ ਬੜੇ ਮਾਸੂਮ ਸਨ। ਦੋਵੇਂ ਹੀ ਉਹ ਚੁੱਪ ਚਾਪ ਜਿਹੇ ਸਾਰਾ ਕੁਝ ਤੱਕ ਰਹੇ ਸਨ।

ਵਿਆਹ ਦੀ ਰਸਮ ਸਾਮੀ ਸੀ। ਅਸਲ ਵਿਚ ਉਹ ਵਿਆਹ ਤਾਂ ਆਪਣਾ ਪਹਿਲਾਂ ਹੀ ਕਰ ਚੁੱਕੇ ਸਨ, ਹੁਣ ਤਾਂ ਕੇਵਲ ਪਾਰਟੀ ਸੀ ਜਿਸ ਲਈ ਉਹਨਾਂ ਨੇ ਰਿਸ਼ਤੇਦਾਰ ਤੇ ਦੋਸਤ ਮਿੱਤਰ ਸੱਦੇ ਸਨ ਜੋ ਉਹਨਾਂ ਦੇ ਬਹੁਤਾ ਨੇੜੇ ਸਨ। ਵੱਡਾ ਡਾਨਸ ਨਹੀਂ ਸੀ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀਮਤ ਜਿਹਾ ਹੀ ਮੇਲ ਸੀ। ਮਿੱਤਰਾਂ ਅਤੇ ਸਹੇਲੀਆਂ ਨੇ ਕੁਝ ਪਹਿਲਾਂ ਰਲ ਕੇ ਪੀਣਾ ਤੇ ਫੇਰ ਖਾਣਾ ਖਾ ਲੈਣਾ ਸੀ। ਸਮਝੋ ਜਾਹਨ ਪਿੱਕ ਦੇ ਘਰ ਇਕ ਚੰਗੀ ਸ਼ਾਮ ਗੁਜ਼ਾਰਨੀ ਸੀ।

ਔਰਤਾਂ ਅਤੇ ਮਰਦ, ਦੋਵੇਂ, ਦਸ ਜਾਂ ਬਾਰਾਂ ਬੰਦੇ ਸਨ ਜੋ ਪਾਰਟੀ ਵਿਚ ਸ਼ਾਮਿਲ ਸਨ। ਹਿੰਦੋਸਤਾਨੀ ਹੋਰ ਵੀ ਸਨ ਜੋ ਉਸ ਦੇ ਗੂਹੜੇ ਮਿੱਤਰ ਜਾਂ ਉਸ ਦੇ ਪਾਰਟੀ-ਸਾਥੀ ਸਨ। ਇਕ ਦੋ ਰਿਸ਼ਤੇਦਾਰ ਵੀ ਸਨ।

ਜਾਹਨ ਪਿੱਕ ਨੇ ਅੱਗ-ਰੰਗੀ ਬੜੀ ਹੀ ਸੁਹਣੀ ਲਾਲ ਰੇਸ਼ਮੀ ਸ਼ਰਟ ਪਹਿਨੀ ਹੋਈ ਸੀ ਜੋ ਉਸ ਦੇ ਸੁੰਦਰ ਜਿਸਮ ਉਤੇ ਲੱਸ ਲੱਸ ਕਰ ਰਹੀ ਸੀ। ਪਤਲੂਨ ਬਿਲਕੁਲ ਚਿੱਟੀ ਸੀ ਜੋ ਚਮਕਾਂ ਮਾਰ ਰਹੀ ਸੀ। ਜਾਹਨ ਪਿੱਕ ਦੇ ਭੂਰੇ ਵਾਲ ਬੜੇ ਹੀ ਸੁਹਣੇ ਲਗਦੇ ਸਨ ਜੋ ਭੂਰੇ ਨਹੀਂ, ਸੁਨਹਿਰੀ ਸਨ। ਜਾਹਨ ਪਿੱਕ ਦੇ ਸਿਰ ਉਤੇ ਜੇ ਤਾਜ ਰਖਿਆ ਜਾਂਦਾ ਤਾਂ ਨਿਰਸੰਦੇਹ ਉਹ ਯੂਰਪ ਦਾ ਕੋਈ ਬਾਦਸ਼ਾਹ ਨਜ਼ਰ ਆ ਸਕਦਾ ਸੀ। ਏਨੀ ਸੁਹਣੀ ਸ਼ਖ਼ਸੀਅਤ ਸੀ ਕਿ ਦੇਖ ਕੇ ਭੁੱਖ ਲਹਿ ਰਹੀ ਸੀ।

ਜਾਹਨ ਪਿੱਕ ਦੀ ਲਾਲ ਕਮੀਜ਼ ਫਿੱਟ ਤੇ ਚੁਸਤ ਵੀ ਬਹੁਤ ਸੀ ਜੋ ਉਸ ਦੇ ਬੜੇ ਹੀ ਸੁੰਦਰ ਜਿਸਮ ਨਾਲ ਬਿਲਕੁਲ ਚਿਪਕੀ ਹੋਈ ਸੀ। ਪਤਲੂਨ ਬੜੀ ਹੀ ਤਿੱਖੀ ਸੀ। ਜਾਪਦਾ ਸੀ ਜਿਵੇਂ ਉਹ ਅਸਮਾਨਾਂ ਦਾ ਸ਼ਹਿਜ਼ਾਦਾ ਸੀ ਜੋ ਪਲ ਦੋ ਪਲ ਲਈ ਭੁੱਲ ਭੁਲੇਖੇ ਧਰਤੀ ਉਤੇ ਆ ਗਿਆ ਸੀ। ਫੇਰ ਜਿਸਮ ਵਿਚ ਤਾਕਤ ਸੀ। ਕੌਣ ਸੀ ਜੋ ਜਾਹਨ ਪਿੱਕ ਦੇ ਸਾਹਮਣੇ ਠਹਿਰ ਸਕਦਾ ਸੀ।

ਅਸੀਂ ਵਾਈਨ ਪੀਣ ਲਗੇ। ਕਈ ਤਰ੍ਹਾਂ ਦੀਆਂ ਵਾਈਨਾਂ ਸਨ। ਬੀਅਰ ਸੀ, ਵਿਸਕੀ ਸੀ, ਇਕ ਸੁਈਟ ਸਾਈਡਰ ਸੀ ਜੋ ਮਿੱਠੀ ਵਾਈਨ ਹੁੰਦੀ ਹੈ ਤੇ ਨਸ਼ਾ ਵੀ ਥੋੜਾ ਹੁੰਦਾ ਹੈ ਤੇ ਔਰਤਾਂ ਲਈ ਹੀ ਹੁੰਦੀ ਹੈ। ਔਰਤਾਂ ਸਾਈਡਰ ਪੀਂਦੀਆਂ।

ਅਸੀਂ ਖਾਣਾ ਖਾਣ ਲਗੇ। ਕਈ ਤਰ੍ਹਾਂ ਦੇ ਕੇਕ ਸਨ ਜੋ ਬੈਠੇ ਬੈਠੇ ਆ ਗਏ ਸਨ। ਸਾਡੇ ਵਾਂਗੂ ਦਹੀਂ ਚਾਉਲ ਜਾਂ ਮੀਟ ਸਬਜ਼ੀਆਂ ਨਹੀਂ ਸਨ। ਖ਼ੁਸ਼ਕ ਖ਼ੁਸ਼ਕ ਜਿਹਾ ਖਾਣਾ ਸੀ;

ਜਾਹਨ ਪਿੱਕ ਦੀ ਪਤਨੀ ਬਹੁਤਾ ਨੱਚਦੀ ਟੱਪਦੀ ਨਹੀਂ ਸੀ, ਚੁੱਪ ਅਤੇ ਗੰਭੀਰ ਹੀ ਸੀ। ਉਸ ਦੀ ਆਪਣੀ ਉਮਰ ਵੀ ਪੰਜਾਹ ਵਰ੍ਹੇ ਦੇ ਨੇੜੇ ਸੀ। ਉਂਜ ਉਦਾਸ ਵੀ ਨਹੀਂ ਸੀ। ਕਦੇ ਕਦੇ ਉਹ ਹਸਦੀ ਵੀ। ਹਸਣ ਵੇਲੇ ਹਲਕੀ ਜਿਹੀ ਇਕ ਝੁਰੜੀ ਵੀ ਦਿਸ ਪੈਂਦੀ ਸੀ।

ਬੱਚੇ ਦੋਵੇਂ ਚੁੱਪ ਸਨ ਜੋ ਸਭਨਾਂ ਵਲ ਤੱਕ ਰਹੇ ਸਨ। ਕਦੇ ਕਦੇ ਉਹ ਆਪਣੀ ਮਾਂ ਤੇ ਬਾਪ ਵਲ ਵੀ ਤੱਕਣ ਲਗਦੇ। ਕਦੇ ਕਦੇ ਉਹ ਹਸ ਵੀ ਪੈਂਦੇ।

ਜਾਹਨ ਬਹੁਤ ਖ਼ੁਸ਼ ਸੀ। ਉਹ ਸੱਚ ਮੁਚ ਇਕ ਲਾੜੇ ਵਾਂਗੂ ਫੁਦਕਦਾ ਫਿਰ ਰਿਹਾ ਸੀ। ਸੋਝੀਵਾਨ ਵੀ ਬੜਾ ਸੀ। ਪਰ ਬੱਚਾ ਵੀ ਬਣ ਜਾਂਦਾ ਸੀ। ਉਹ ਜੀਵਨ ਦੇ ਇਸ ਛਿਣ ਨੂੰ ਬਹੁਤ ਰੰਗੀਨ ਕਰ ਦੇਣਾ ਚਾਹੁੰਦਾ ਸੀ।

ਤਦੇ ਜਾਹਨ ਪਿੱਕ ਨੇ ਆਪਣੀ ਪਤਨੀ ਦਾ ਹੱਥ ਫੜਿਆ ਤੇ ਫੇਰ ਉਹ ਦੋਵੇਂ ਨੱਚਣ ਲਗੇ। ਕੱਦ ਦੋਹਾਂ ਦੇ ਲੰਮੇ ਤੇ ਇਕ ਦੂਜੇ ਦੇ ਹਾਣੀ ਸਨ। ਪੰਜ ਕੁ ਮਿੰਟ ਉਹ ਨੱਚੇ ਸਨ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਫੇਰ ਉਹ ਦੋਵੇਂ [illegible] ਸਾਡੇ ਵਿਚ ਆ ਗਏ ਸਨ। ਇਹ ਹਲਕਾ ਜਿਹਾ ਸੁਗ਼ਲ ਸੀ ਜੋ ਜਾਹਨ ਪਿੱਕ ਨੇ ਕੀਤਾ ਸੀ।

ਦੋ ਅੰਗਰੇਜ਼ ਔਰਤਾਂ ਸਾਡੇ ਸਾਹਮਣੇ ਬੈਠੀਆਂ ਹੋਈਆਂ ਸਨ ਜੋ ਉਮਰੋਂ ਕਾਫੀ ਵੱਡੀਆਂ ਸਨ ਤੇ ਦੋਵੇਂ ਲਗ ਪਗ ਸੱਤਰ ਵਰ੍ਹੇ ਦੇ ਨੇੜੇ ਤੇੜੇ ਦਿਸ ਰਹੀਆਂ ਸਨ। ਸਿਰਾਂ ਉਤੇ ਟੋਪੀਆਂ ਤੇ ਗਲਾਂ ਵਿਚ ਮਾਲਾਵਾਂ ਸਨ। ਉਹ ਸਾਨੂੰ, ਹਿੰਦੋਸਤਾਨੀਆਂ ਨੂੰ, ਇਉਂ ਇਕ-ਟੱਕ ਤੱਕ ਰਹੀਆਂ ਸਨ ਜਿਵੇਂ ਅਸੀਂ ਇਨਸਾਨ ਨਹੀਂ, ਕੁਝ ਹੋਰ ਹੀ ਚੀਜ਼ ਹੁੰਦੇ ਹਾਂ। ਉਹ ਨਾ ਤਾਂ ਮੁਸਕਰਾਉਂਦੀਆਂ ਤੇ ਨਾ ਹੀ ਆਪਣੇ ਮੱਥੇ ਵਿਚੋਂ ਵੱਟ ਹੀ ਪੱਧਰ ਕਰਦੀਆਂ। ਬੈਠੀਆਂ ਕੋਲੋ ਕੋਲ ਸਨ। ਕਦੇ ਕਦੇ ਉਹ ਬਹੁਤ ਮੁੱਲ ਦਾ ਆਪੋ ਵਿਚ ਹੀ ਹਸਦੀਆਂ ਤੇ ਫੇਰ ਚੁੱਪ ਹੋ ਜਾਂਦੀਆਂ। ਉਹਨਾਂ ਨੂੰ ਉਥੇ ਸਾਡੀ ਹੋਂਦ ਕੁਝ ਚੰਗੀ ਨਹੀਂ ਲਗ ਰਹੀ ਸੀ—ਕਾਲੇ ਏਸ਼ੀਆਈਆਂ ਦੀ।

ਪਰ, ਉਹ ਬਹੁਤ ਮਜਬੂਰ ਸਨ। ਕਿਉਂਕਿ ਉਹਨਾਂ ਦਾ ਜਾਹਨ ਪਿੱਕ ਇਕ ਸੱਚਾ ਕਮਿਊਨਿਸਟ ਸੀ ਜੋ ਕਾਲੇ ਗੋਰੇ ਦੇ ਵਿਤਕਰੇ ਤੋਂ ਉੱਚਾ ਉਠਿਆ ਹੋਇਆ ਸੀ। ਇਸ ਤੋਂ ਬਿਨਾਂ ਜ਼ਮਾਨਾ ਵੀ ਹੁਣ ਕਾਫ਼ੀ ਅੱਗੇ ਵਧ ਚੁੱਕਾ ਸੀ। ਹੁਣ ਤਾਂ ਉਹਨਾਂ ਨੂੰ ਸਾਰਾ ਕੁਝ ਇਹ ਸਹਿਣ ਹੀ ਕਰਨਾ ਪੈਣਾ ਸੀ।

ਜਾਹਨ ਪਿੱਕ ਪਾਰਟੀ ਵਿਚ ਕੁਲ-ਵਕਤੀ ਕੰਮ ਕਰ ਰਿਹਾ ਸੀ ਤੇ "ਮਾਰਨਿੰਗ ਸਟਾਰ" ਵੀ ਰੋਜ਼ਾਨਾ ਵੇਚਦਾ ਹੁੰਦਾ ਸੀ। ਬਹੁਤ ਹਿੰਮਤੀ ਸਾਥੀ ਸੀ। ਨੌਟਿੰਘਮ ਸਿਟੀ ਸੈਂਟਰ ਵਿਚ ਉਹ ਬਹੁਤ ਵਾਰ ਇਕੱਲਾ ਹੀ ਤਕਰੀਰਾਂ ਕਰਨ ਲਗ ਜਾਂਦਾ ਸੀ। ਬੁਲਾਰਾ ਬਹੁਤ ਚੰਗਾ ਸੀ। ਅਕਤੂਬਰ ਸੰਨ ੭੪ ਵਿਚ ਉਸ ਪਾਰਲੀਮੈਂਟ ਦੀ ਚੋਣ ਵੀ ਲੜੀ। ਪਰ ਉਹ ਹਾਰ ਗਿਆ ਸੀ।

## ਇਕ ਮੌਤ

ਇੰਗਲੈਂਡ ਵਿਚ ਪੰਜਾਬੀ ਕਵੀ ਬਸ਼ੰਭਰ ਸਿੰਘ ਸਾਕੀ ਸਨ ਜੋ ਬੜੇ ਹੀ ਚੰਗੇ ਬੰਦੇ ਸਨ। ਮੇਰੀ ਵਾਕਫ਼ੀ ਉਹਨਾਂ ਨਾਲ ਇੰਗਲੈਂਡ ਵਿਚ ਹੀ ਹੋਈ ਸੀ।

ਦੇਖਣ ਵਿਚ ਉਹਨਾਂ ਦੀ ਸਿਹਤ ਕਾਫ਼ੀ ਚੰਗੀ ਦਿਸਦੀ ਸੀ। ਪਰ ਕਹਿੰਦੇ ਸਨ ਕਿ ਉਹਨਾਂ ਦੀ ਸਿਹਤ ਵਿਚੋਂ ਬਹੁਤ ਥੋਥੀ ਸੀ।

ਇਕ ਦਿਨ ਖ਼ਬਰ ਆਈ ਕਿ ਉਹਨਾਂ ਦੀ ਮ੍ਰਿਤਯੂ ਹੋ ਗਈ। ਸਭ ਨੂੰ ਬਹੁਤ ਅਫ਼ਸੋਸ ਹੋਇਆ। ੨੮ ਅਪ੍ਰੈਲ, ੭੫ ਸੰਨ, ਉਹਨਾਂ ਦੇ ਦਾਗ਼ ਦਾ ਦਿਨ ਸੀ। ਉਹ ਹੰਸਲੋ ਵਿਚ ਰਹਿੰਦੇ ਸਨ। ਮੈਂ ਵੀ ਇਕ ਸੱਜਣ ਨਾਲ ਹੰਸਲੋ ਪੁੱਜ ਗਿਆ ਸਾਂ।

ਸਾਕੀ ਸਾਹਿਬ ਦੀ ਮ੍ਰਿਤਕ ਦੇਹੀ ਫਿਊਨਰਲ (Funeral) ਵਾਲਿਆਂ ਕੋਲ ਸੀ ਜੋ ਹੁਣੇ ਹੀ ਆਉਣ ਵਾਲੀ ਸੀ। ਤਦੇ, ਕੁਝ ਕੁ ਮਿੰਟਾਂ ਮਗਰੋਂ, ਮ੍ਰਿਤਕ ਦੇਹੀ ਆਈ ਤੇ ਅੰਦਰ ਵੱਡੇ ਕਮਰੇ ਵਿਚ ਇਕ ਮੇਜ਼ ਉਤੇ ਰੱਖ ਦਿਤੀ ਗਈ। ਦੇਹੀ ਬਕਸੇ ਵਿਚ ਸੀ ਜੋ ਬਹੁਤ ਹੀ ਖ਼ੂਬਸੂਰਤ ਸੀ। ਬਕਸਾ, ਬੜੇ ਸਤਿਕਾਰ ਨਾਲ, ਪੰਜ ਕਿ ਛੇ ਅੰਗਰੇਜ਼ ਚੁਕ ਕੇ ਅੰਦਰ ਲੈ ਕੇ ਗਏ ਸਨ ਜੋ ਕੰਪਨੀ ਨਾਲ ਸੰਬੰਧਤ ਸਨ। ਸਭਨਾਂ ਨੇ ਹੀ ਕਾਲੇ ਰੰਗ ਦੇ ਸੂਟ ਪਹਿਨੇ ਹੋਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਾਂ ਬਿਲਕੁਲ ਨਿਸ਼ਚਿਤ ਸੀ। ਏਥੇ ਲਗ ਪਗ ਅੱਧਾ ਘੰਟਾ ਦੇਹੀ ਰੱਖੀ ਜਾਣੀ ਸੀ ਤੇ ਫੇਰ ਸਭ ਨੇ ਦੇਹੀ ਨਾਲ ਸ਼ਮਸ਼ਾਨ ਭੂਮੀ ਚੱਲ ਪੈਣਾ ਸੀ। ਦੇਹੀ ਰਿਸ਼ਤੇਦਾਰਾਂ ਦੇ ਅੰਤਮ ਦਰਸ਼ਨ ਲਈ ਹੀ ਆਈ ਸੀ।

ਦੋਸਤ, ਮਿੱਤਰ ਤੇ ਰਿਸ਼ਤੇਦਾਰ ਸਾਕੀ ਸਾਹਿਬ ਦੇ ਅੰਤਮ ਦਰਸ਼ਨ ਕਰਨ ਵਿਚ ਲਗ ਗਏ ਸਨ। ਬੜੇ ਹੀ ਸੁੰਦਰ ਬਕਸੇ ਵਿਚ, ਸਾਕੀ ਸਾਹਿਬ, ਨਵੇਂ ਸੂਟ ਵਿਚ ਇਉਂ ਆਰਾਮ ਕਰ ਰਹੇ ਸਨ ਜਿਵੇਂ ਉਹ ਹੁਣੇ ਹੀ, ਥੋੜੀ ਦੇਰ ਤਕ, ਉਠ ਕੇ ਬੈਠਣ ਵਾਲੇ ਹਨ। ਤਿੰਨ-ਪੀਸ ਦਾ ਸੂਟ ਸੀ ਤੇ ਗਲ ਵਿਚ ਟਾਈ ਬੱਝੀ ਸੀ। ਦਾੜ੍ਹੀ, ਜਿਵੇਂ ਉਹ ਬੰਨ੍ਹਦੇ ਸਨ, ਉਵੇਂ ਹੀ ਬਧੀ ਹੋਈ ਸੀ। ਪੱਗ ਵੀ ਉਵੇਂ ਹੀ ਬੱਧੀ ਸੀ।

ਚਿਹਰਾ ਬੜਾ ਹੀ ਸੁਹਣਾ ਸੀ। ਗੱਲ੍ਹਾਂ ਉਤੇ ਲਾਲੀ ਸੀ। ਸਿਰਫ਼ ਥੋੜਾ ਹੋਠਾਂ ਉਤੇ ਪੀਲਕ ਆਈ ਹੋਈ ਸੀ। ਹੋਠ ਹੀ ਪਤਾ ਦਿੰਦੇ ਸਨ ਕਿ ਸਾਕੀ ਸਾਹਿਬ ਮ੍ਰਿਤਕ ਹਨ।

ਪੱਗ ਬੜੀ ਹੀ ਸੁਹਣੀ ਸੀ। ਜਿਹੋ ਜਿਹੀ ਸ਼ਾਕੀ ਸਾਹਿਬ ਆਪ ਬੰਨ੍ਹਦੇ ਹੁੰਦੇ ਸਨ, ਬਿਲਕੁਲ ਉਹੋ ਜਿਹੀ ਹੀ ਸੀ। ਉਹ ਸਿੱਧੇ ਲੇਟੇ ਹੋਏ ਸਨ। ਪੱਗ ਹੇਠਾਂ ਲੱਗਣ ਨਾਲ ਵੀ ਖੁੱਸੀ ਹੋਈ ਨਹੀਂ ਲਗਦੀ ਸੀ।

ਨੀਯਤ ਸਮੇਂ ਅਸੀਂ ਸਭ ਸ਼ਮਸ਼ਾਨ ਭੂਮੀ ਵਲ ਚੱਲ ਪਏ। ਨੜੋਇਆ ਅੱਗੇ ਅੱਗੇ ਸੀ।

ਗਿਆਰਾਂ ਵਜੇ ਦੇਹੀ ਨੂੰ ਸ਼ਮਸ਼ਾਨ ਭੂਮੀ ਲੈ ਜਾਇਆ ਗਿਆ। ਸਾਊਥਵੈਸਟ ਮਿਡਲਸੈਕਸ, ਹੰਸਲੋ ਰੋਡ, ਹੈਨਵਰਥ।

ਬੜਾ ਹੀ ਸੁੰਦਰ ਬਾਗ ਸੀ। ਮਖ਼ਮਲ ਵਰਗੀ ਸਾਵੀ ਘਾਹ। ਵੰਨ ਸੁਵੰਨੇ ਗੂਹੜੇ ਫੁੱਲ। ਛੋਟਾ ਜਿਹਾ ਇਕ ਹਾਲ ਸੀ। ਅਸੀਂ ਹਾਲ ਵਿਚ ਦਾਖ਼ਿਲ ਹੋਏ। ਸਾਹਮਣੇ, ਸਟੇਜ ਉਤੇ, ਛੋਟੇ ਜਿਹੇ ਇਕ ਮੇਜ਼ ਉਤੇ, ਬਕਸਾ ਰਖਿਆ ਹੋਇਆ ਸੀ।

ਹਿੰਦੂ, ਮੁਸਲਿਮ, ਸਿੱਖ, ਈਸਾਈ, ਜੋ ਵੀ ਕਿਸੇ ਦਾ ਮਜ਼ਹਬ ਹੈ, ਉਸ ਅਨੁਸਾਰ ਇਸ ਹਾਲ ਵਿਚ ਰਸਮ ਕੀਤੀ ਜਾਂਦੀ ਹੈ। ਕਿਸੇ ਨੇ ਕੀਰਤਨ ਸੋਹਿਲਾ ਪੜ੍ਹਿਆ। ਫੇਰ ਅਰਦਾਸ ਕੀਤੀ ਗਈ। ਫੇਰ ਬੜਾ ਹੀ ਮਧੁਰ ਮਧੁਰ ਸੰਗੀਤ ਵੱਜਣ ਲਗਾ ਤੇ ਨਾਲੇ ਪਰਦਾ ਹੌਲੀ ਹੌਲੀ ਪਾਸਿਆਂ ਵਲੋਂ ਆਉਣ ਲਗਾ। ਆਖ਼ਿਰ ਪਰਦਾ ਬੰਦ ਹੋਇਆ! ਹੁਣ ਸੰਗੀਤ ਵੀ ਬੰਦ ਸੀ। ਸਾਕੀ ਹੋਰੀ ਕਿਸੇ ਸਦੀਵੀ ਪਰਦੇ ਪਿਛੇ ਜਾ ਚੁੱਕੇ ਸਨ। ਦੇਹੀ ਨੇ ਹੁਣ ਆਪਣੇ ਆਪ ਹੀ ਭੱਠੀ ਵਲ ਜਾ ਰਹਿਣਾ ਸੀ ਤੇ ਬਟਣ ਦਬਾਇਆ ਜਾਣਾ ਸੀ।

ਅਸੀਂ ਹਾਲ ਤੋਂ ਬਾਹਰ ਆਏ। ਭੱਠੀ ਹਾਲ ਦੇ ਨਾਲ ਹੀ ਸੀ। ਉਤੇ ਵੱਡੀ ਚਿਮਨੀ ਸੀ।

ਆਖ਼ਿਰ ਬਟਣ ਦੱਬਿਆ ਗਿਆ। ਅਸੀਂ ਭੱਠੀ ਦੀ ਚਿਮਨੀ ਵਲ ਨੂੰ ਨਜ਼ਰਾਂ ਕੀਤੀਆਂ ਹੋਈਆਂ ਸਨ।

ਓੜਕ, ਵੱਡੀ ਚਿਮਨੀ ਵਿਚੋਂ, ਤਿੰਨ ਵਾਰ, ਰੁਕ ਰੁਕ ਕੇ, ਥੋੜਾ ਧੂੰਆਂ ਨਿਕਲਿਆ ਤੇ ਖੁਲ੍ਹੇ ਅਤੇ ਸ੍ਵਛ ਜਿਹੇ ਆਕਾਸ਼ ਵਿਚ ਨੂੰ ਗੁੰਮ ਗਿਆ। ਧੂੰਆਂ ਪਹਿਲਾਂ ਕਾਲਾ ਸੀ, ਫੇਰ ਥੋੜਾ ਭੂਰਾ ਤੇ ਫੇਰ ਬਿਲਕੁਲ ਚਿੱਟਾ ਸੀ। ਪਹਿਲਾਂ ਕੁਝ ਵਧੇਰੇ ਸੀ, ਫੇਰ ਉਸ ਤੋਂ ਘੱਟ ਸੀ, ਤੇ ਅੰਤਮ ਵਾਰ ਉਸ ਤੋਂ ਘੱਟ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] ਹੋਵੇ ।

## ਇਕ ਕਵਿਤਾ

ਏਥੇ ਇਕ ਕਵਿਤਾ ਦਾ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ । ਕਵਿਤਾ ਮੇਰੇ ਬਾਰੇ ਹੈ ਜੋ ਕੈਨ ਰਾਜਰਜ਼ ਨੇ ਲਿਖੀ ਹੈ । ਕੈਨ ਰਾਜਰਜ਼ ਦੀ ਸ਼ੁਰੂ ਵਿਚ ਮੈਂ ਜਾਣ ਪਛਾਣ ਕਰਵਾਈ ਹੈ । ਕੈਨ ਰਾਜਰਜ਼ ਅੰਗਰੇਜ਼ ਹੈ, ਪਰ ਕਵਿਤਾ ਉਸ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਵਿਚ ਲਿਖੀ ਹੈ । ਕਵਿਤਾ ਹੈ :

ਸੰਤੋਖ ਸਿੰਘ ਧੀਰ ਮੇਰੇ ਦੇਸ਼ ਵਿਚ ਆ ਕੇ
ਮੈਂ ਆਪਣੇ ਆਪ ਨੂੰ ਕਵਿਤਾ ਲਿਖਾ ਕਿ
ਇਹ ਲਿਖਣ ਵਾਲਾ ਸੰਤੋਖ ਸਿੰਘ ਧੀਰ
ਕੀ ਸੱਚੀ ਹੈ ਕਿ ਉਹ ਬਹੁਤ ਅਮੀਰ ?
ਉਸ ਦੇ ਕਿੰਨੇ ਪੈਸੇ ਹਨ ਮੈਨੂੰ ਪਤਾ ਨਹੀਂ
ਪਰ ਇਸ ਸਵਾਲ ਦਾ ਕੋਈ ਕਦਰ ਨਹੀਂ,
ਉਹ ਪੰਜਾਬੀ ਲਿਖਣ ਵਾਲਿਆਂ ਦਾ ਇਕ ਲੀਡਰ ਹੈ
ਇਸ ਲਈ ਉਸ ਦੀ ਅਮੀਰੀ ਇਨਸਾਨੀਅਤ ਨਾਲ ਹੈ
ਜੇ ਉਸ ਦੀ ਲਿਖਤ ਸਚੀ ਹੀ ਹੈ
ਤਾਂ ਉਸ ਦੀ ਅਮੀਰੀ ਬੱਚੇ ਵਰਗੀ ਹੁੰਦੀ ਹੈ
ਇਕ ਬੱਚੇ ਦਾ ਦਿਲ ਬਿਲਕੁਲ ਸਾਫ਼ ਹੁੰਦਾ ਹੈ
ਉਹ ਪਿਆਰ ਸਦਾ ਤਲਾਸ਼ ਕਰਦਾ ਹੈ
ਉਹ ਸਮਾਜ ਦੀ ਤਲਾਸ਼ ਵੀ ਕਰਦਾ ਹੈ
ਧੀਰ ਵੀ ਉਸੀ ਤਰ੍ਹਾਂ ਕੰਮ ਕਰਦਾ ਹੈ
ਪਰ ਬੱਚੇ ਨੂੰ ਲੁੱਟ ਦੀ ਕੋਈ ਸਮਝ ਨਹੀਂ ਆਉਂਦੀ
ਲਿਖਣ ਵਾਲਿਆਂ ਦੀ ਤਾਂਘ ਇਸ ਦੁਨੀਆਂ ਨੂੰ ਬਦਲਦੀ
ਉਹਨਾਂ ਦਾ ਕੰਮ ਲੋਕਾਂ ਨੂੰ ਦਿਲ ਵਧਾਉਣਾ ਹੈ
ਇਸ ਤਰ੍ਹਾਂ ਲੁੱਟ ਰੋਕਣ ਲਈ ਲੋਕਾਂ ਦੀ ਲੋੜ ਹੈ ।

ਕੈਨ ਰਾਜਰਜ਼
੨੩ ਜੂਨ, ੧੯੭੪

ਸ਼ਬਦ-ਜੋੜ ਮੈਂ ਕੈਨ ਵਾਲੇ ਹੀ ਅਸਲੀ ਰਖਣੇ ਚਾਹੇ ਹਨ । ਬੋਲੀ ਵਿਚ ਵੀ ਕਿਸੇ ਤਰ੍ਹਾਂ ਦੀ ਕੋਈ ਸੋਧ ਨਹੀਂ ਕੀਤੀ ਗਈ । ਜਿਵੇਂ ਉਸ ਨੇ ਲਿਖੀ ਹੈ, ਉਸੇ ਤਰ੍ਹਾਂ ਹੀ, ਹੂ ਬ ਹੂ, ਮੈਂ ਏਥੇ ਨਕਲ ਕਰ ਦਿਤੀ ਹੈ ।

ਕੀ, ਉਹ ਪੰਜਾਬੀ, ਜੋ ਆਮ ਹੀ ਕਹਿੰਦੇ ਰਹਿੰਦੇ ਹਨ ਕਿ ਉਹਨਾਂ ਨੂੰ ਪੰਜਾਬੀ ਜਾਂ ਗੁਰਮੁਖੀ ਲਿਪੀ ਆਉਂਦੀ ਨਹੀਂ, ਇਸ ਤੋਂ ਸਬਕ ਸਿੱਖਣਗੇ ? ਕਿਸੇ ਬੋਲੀ ਵਿਚ ਨਸਰ ਆਦਿ ਤਾਂ ਲਿਖਣੀ ਫੇਰ ਵੀ ਸੌਖੀ ਹੈ, ਪਰ ਕਵਿਤਾ ਲਿਖਣੀ ਔਖੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੈਨ ਰਾਜਰਜ਼ ਨੇ ਬੜੀ ਹੀ ਸੁਹਣੀ ਗੁਰਮੁਖੀ ਲਿਖੀ ਹੋਈ ਸੀ ।

ਉਰਦੂ ਵਿਚ ਵੀ ਕੈਨ ਰਾਜਰਜ਼ ਨੇ ਕਿਸੇ ਨੂੰ ਚਿੱਠੀ ਲਿਖੀ ਸੀ ਜਿਸ ਦੀ ਇਕ ਕਾਪੀ ਉਸ ਨੇ ਮੈਨੂੰ ਵੀ ਦੇ ਦਿਤੀ ਸੀ । ਬੜੀ ਹੀ ਸੁਹਣੀ ਉਰਦੂ ਸੀ ।

## ਕੁਝ ਹੋਰ ਯਾਦਾਂ

### ੧

ਭਾਰਤ ਵਾਂਗ, ਇੰਗਲੈਂਡ ਵਿਚ ਵੀ, ਟੱਟੀਆਂ ਵਿਚ ਬੜੇ ਹੀ ਨੰਗੇ ਚਿੱਤਰ ਵਾਹੇ ਹੁੰਦੇ ਹਨ । ਅਸਲ ਵਿਚ ਇਹ ਪੂੰਜੀਵਾਦੀ ਦੁਨੀਆਂ ਵਿਚ ਹੀ ਹੁੰਦਾ ਹੈ, ਸਮਾਜਵਾਦੀ ਦੁਨੀਆਂ ਵਿਚ ਇਹ ਲਾਅਣਤ ਮਰ ਮੁੱਕ ਜਾਂਦੀ ਹੈ । ਜਿਥੇ ਕਿਸੇ ਕੌਮ ਦੇ ਅੱਗੇ ਕੋਈ ਆਦਰਸ਼ ਹੁੰਦਾ ਨਹੀਂ, ਉਥੇ ਉਸ ਦੀਆਂ ਰੁਚੀਆਂ ਵਿਚ ਉਲਾਰ ਆ ਹੀ ਜਾਂਦਾ ਹੈ ।

ਪਰ, ਨਾ ਹੀ ਕਿਤੇ ਸਾਰਾ ਕੁਝ ਹੀ ਉੱਕਾ ਗਲਤ ਹੀ ਹੁੰਦਾ ਹੈ, ਨਾ ਹੀ ਕਿਤੇ ਉੱਕਾ ਠੀਕ । ਠੀਕ ਤੇ ਗ਼ਲਤ, ਦੋਹਾਂ ਵਿਚ, ਲੜਾਈ ਚਲਦੀ ਰਹਿੰਦੀ ਹੈ ।

ਇਸ ਠੀਕ ਤੇ ਗ਼ਲਤ ਦੀ, ਇੰਗਲੈਂਡ ਦੀ ਇਕ ਟਾਇਲਟ ਵਿਚ, ਮੈਂ ਨਿੱਕੀ ਜਿਹੀ ਲੜਾਈ ਦੇਖੀ ।

ਵਾਟਰਲੂ (Waterloo) ਸਟੇਸ਼ਨ ਸੀ । ਮੈਂ ਕਿਧਰੋਂ ਬਾਹਰੋਂ ਆਇਆ ਸਾਂ । ਟਾਇਲਟ ਜਾਣ ਦੀ ਲੋੜ ਪਈ । ਟਾਇਲਟ ਵਿਚ ਚਾਰੇ ਪਾਸੇ ਕੋਇਲੇ ਅਤੇ ਪੈਨਸਿਲ ਨਾਲ ਇਸਤਰੀ ਅਤੇ ਮਰਦ ਲਿੰਗ ਦੇ ਚਿੱਤਰ ਵਾਹੇ ਹੋਏ ਸਨ । ਟਾਇਲਟ ਭਰੀ ਪਈ ਸੀ । ਪਰ ਇਹਨਾਂ ਸਾਰੇ ਚਿੱਤਰਾਂ ਵਿਚ ਇਕ ਹੋਰ ਵੀ ਚਿੱਤਰ ਵਾਹਿਆ ਸੀ ਜੋ ਇਹਨਾਂ ਸਾਰੇ ਚਿੱਤਰਾਂ ਦੇ ਪਰਭਾਵ ਨੂੰ ਕੱਟਦਾ ਜਾਂਦਾ ਸੀ । ਉਹ ਸੀ, ਸਾਰੇ ਮਿਹਨਤਕਸ਼ਾਂ ਦੇ ਦਾਤੀ ਅਤੇ ਹਥੌੜੇ ਦਾ ਚਿੱਤਰ ।

ਬੜਾ ਹੀ ਚੰਗਾ ਦਿਲ ਸੀ ਉਸ ਦਾ ਜਿਸ ਨੇ ਏਥੇ ਦਾਤੀ ਅਤੇ ਹਥੌੜੇ ਦਾ ਚਿੱਤਰ ਵਾਹਿਆ ਸੀ ।

### ੨

ਐਡਿਨਬਰਾ ਦੇ ਦੌਰੇ ਸਮੇਂ, ਹੋਲੀਰੂਡ ਮਹੱਲ ਵਿਚ, ਇਕ ਬੜੀ ਹੀ ਅਦਭੁਤ ਚੀਜ਼ ਦੇਖੀ । ਇਹ ਸੀ ਇਕ ਕਾਲੀਨ ਉਤੇ ਇਕ ਸਟਰੀਟ ਦੀ ਉਣੀ ਤਸਵੀਰ । ਸਿਫ਼ਤ ਇਸ ਦੀ ਇਹ ਸੀ ਕਿ ਭਾਵੇਂ ਕਿਸੇ ਪਾਸਿਓਂ ਦੇਖੋ, ਸਟਰੀਟ ਸਾਹਮਣੇ ਰਹਿੰਦੀ ਸੀ । ਸੱਜੇ ਹੋਵੋ, ਖੱਬੇ ਹੋਵੋ, ਭਾਵੇਂ ਸਾਹਮਣੇ ਖੜੇ ਹੋਵੋ । ਹੈ ਵੀ ਬੜੀ ਪੁਰਾਣੀ ਚੀਜ਼ । ਹੋਲੀਰੂਡ ਮਹੱਲ ਵਿਚ, ਇਹ ਕਾਲੀਨ, ਇਕ ਪਾਸੇ ਦੀਵਾਰ ਨਾਲ ਟੰਗਿਆ ਹੋਇਆ ਸੀ ।

ਮਾਦਾ ਹਰਕਤ ਕਰਦਾ ਹੈ । ਇਸ ਹਿਸਾਬ ਇਹ ਕਾਲੀਨ ਕਦੇ ਖ਼ਤਮ ਹੋ ਜਾਵੇਗਾ । ਪਰ ਨਹੀਂ, ਇਹ ਕਲਾ ਦਾ ਟੁਕੜਾ ਸਦਾ ਹੀ ਰਹਿਣਾ ਚਾਹੀਦਾ ਹੈ ।

ਸ਼ੁਕਰ ਹੈ, ਸਾਡੇ ਕੋਲ ਜ਼ੁਬਾਨਾਂ ਅਤੇ ਅੱਖਰ ਹਨ । ਕੀ ਇਹ ਕਲਾ ਦਾ ਸੁੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟੁਕੜਾ ਹੁਣ ਵੀ ਖ਼ਤਮ ਹੋ ਜਾਵੇਗਾ ? [illegible] ਜਿਸ ਨੂੰ ਸਾਡੀ ਬੋਲੀ ਅਤੇ ਸਾਹਿਤ ਸਾਂਭ ਕੇ ਰੱਖਣਗੇ । ਇਸੇ ਲਈ ਮੈਂ ਨਿੱਕਾ ਜਿਹਾ ਇਹ ਯਤਨ ਕਰਨਾ ਚਾਹਿਆ ਹੈ ।

## ੩

ਅੰਗਰੇਜ਼ ਬੜੀ ਦਲੇਰ ਅਤੇ ਹੌਸਲੇ ਵਾਲੀ ਕੌਮ ਹੈ । ਇਹ ਦਲੇਰੀ ਉਹਨਾਂ ਦੇ ਸੁਭਾ ਵਿਚ ਰਚੀ ਹੋਈ ਹੈ ।

ਮੈਂ ਅਤੇ ਕੋਹਲੀ ਹੋਰੀ, ਡੋਰਚੈਸਟਰ, ਦੋ ਵਾਰ ਸਮੁੰਦਰ ਦੇਖਣ ਗਏ ਸਾਂ । ਪਹਿਲੀ ਵਾਰ ਪ੍ਰੈਸਟਨ ਬੀਚ ਤੇ ਦੂਜੀ ਵਾਰ ਵੇਮਥ ਬੀਚ ਤੋਂ ਅੱਗੇ, ਪੋਰਟ ਲੈਂਡ ਬਿਲ ਵਲ, ਜਿੱਧਰ ਚਾਨਣ ਮੁਨਾਰਾ ਹੈ । ਇਹ ਕਿਨਾਰਾ ਰੇਤਲਾ ਅਤੇ ਪੇਤਲਾ ਜਿਹਾ ਨਹੀਂ ਹੈ, ਡੂੰਘਾ ਅਤੇ ਚੱਟਾਨੀ ਹੈ ਤੇ ਇਸ ਪਾਸੇ ਸਮੁੰਦਰ ਵੀ ਡਰਾਉਣਾ ਅਤੇ ਭਿਆਨਕ ਹੈ ਜੋ ਦਿਨ ਤੇ ਰਾਤ ਗਰਜਦਾ ਤੇ ਬੋਹੜਾਂ ਮਾਰਦਾ ਰਹਿੰਦਾ ਹੈ । ਸ਼ਾਮ ਜਿਹੀ ਦਾ ਵਕਤ ਸੀ ਜਦੋਂ ਅਸੀਂ ਸਮੁੰਦਰ ਦੇ ਇਸ ਕੰਢੇ ਉਤੇ ਖਲੋਤੇ ਸਾਂ ਤੇ ਦੂਰਬੀਨ ਨਾਲ ਉਸ ਦੀਆਂ ਕਾਲੀਆਂ ਲਹਿਰਾਂ ਵਲ ਤੱਕ ਰਹੇ ਸਾਂ । ਹਲਕੀ ਜਿਹੀ ਧੁੱਪ ਦੀ ਫਾਂਟ ਚੱਟਾਨਾਂ ਉਤੇ ਪਈ ਸੀ ਜੋ ਛੇਤੀ ਹੀ ਫੇਰ ਜਾਣ ਲਗੇ ਸੂਰਜ ਨੇ ਚੁਕ ਲਈ ਸੀ ।

ਸਮੁੰਦਰ ਬਹੁਤ ਭਿਆਨਕ ਸੀ ਤੇ ਸ਼ਾਮ ਦੇ ਕਾਲੇ ਸਾਇਆਂ ਥੱਲੇ ਹੋਰ ਭਿਆਨਕ ਦਿਸਦਾ ਸੀ । ਤਦੇ, ਇਸ ਚੱਟਾਨ ਉਤੇ ਹੌਲੀ ਹੌਲੀ ਕਦਮ ਪੁੱਟਦਾ ਇਕ ਅੰਗਰੇਜ਼ ਨਜ਼ਰੀਂ ਆਇਆ । ਸੱਜੇ ਹੱਥ ਦੀ ਉਂਗਲੀ ਨਾਲ ਇਕ ਬੱਚਾ ਲਾਇਆ ਹੋਇਆ ਸੀ ਜਿਸ ਦੀ ਉਮਰ ਮੁਸ਼ਕਿਲ ਨਾਲ ਤਿੰਨ ਜਾਂ ਚਾਰ ਕੁ ਵਰ੍ਹੇ ਦੀ ਸੀ । ਅੰਗਰੇਜ਼, ਬੜੀ ਹੀ ਹੌਲੀ ਹੌਲੀ, ਉਸ ਨੂੰ ਆਖਦਾ ਜਾਂਦਾ ਸੀ : "ਕਰੇਜ—ਕਰੇਜ" (ਹੌਸਲਾ !—ਹੌਸਲਾ !) । ਬੱਚਾ ਡਰ ਵੀ ਰਿਹਾ ਸੀ, ਪਰ ਡਰਦਾ ਡਰਦਾ, ਹੌਲੀ ਹੌਲੀ, ਕਦਮ ਵੀ ਪੁੱਟ ਰਿਹਾ ਸੀ ।

ਅੰਗਰੇਜ਼ ਉਰਲੇ ਪਾਸੇ ਸੀ, ਪਰ ਬੱਚਾ ਬਿਲਕੁਲ ਦੰਦੀ ਜਾਂ ਕਿਨਾਰੇ ਉਤੇ ਤੁਰ ਰਿਹਾ ਸੀ । ਕੁਝ ਇੰਚ ਹੀ ਉਰਲੇ ਪਾਸੇ ਉਸ ਦੇ ਕਦਮ ਦਿਸਦੇ ਸਨ । ਹੇਠਾਂ ਮੌਤ ਦਾ ਸਾਗਰ ਸੀ ।

## ੪

ਮੇਰੇ ਇੰਗਲੈਂਡ ਹੁੰਦੇ ਹੁੰਦੇ ਕੁਝ ਪ੍ਰਸਿੱਧ ਵਿਅਕਤੀਆਂ ਦੀਆਂ ਮੌਤਾਂ ਵੀ ਹੋ ਗਈਆਂ ਸਨ । ਹੇਗ (ਹਾਲੈਂਡ) ਵਿਚ ਪਹਿਲਾਂ ਮਹਾਰਾਜਾ ਪਟਿਆਲਾ ਦੀ ਮੌਤ ਹੋਈ । ਫੇਰ ਕ੍ਰਿਸ਼ਨਾ ਮੈਨਿਨ ਇਸ ਸੰਸਾਰ ਨੂੰ ਛੱਡ ਕੇ ਚਲੇ ਗਏ ।

ਮਹਾਰਾਜਾ ਪਟਿਆਲਾ ਦਾ ਮੈਨੂੰ ਬਹੁਤ ਅਫ਼ਸੋਸ ਹੋਇਆ ਸੀ । ਉਹ ਬੜਾ ਹੀ ਸੁਹਣਾ, ਲੰਮਾ ਲੰਝਾ ਤੇ ਦਰਸ਼ਨੀ ਜਵਾਨ ਸੀ । ਸ਼ਖ਼ਸੀਅਤ ਕਾਫ਼ੀ ਸੁਹਣੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਖੋ, ਅਸੀਂ ਰਜਵਾੜਾਸ਼ਾਹੀ ਦੀ ਸੰਸਥਾ ਦੇ ਵਿਰੁੱਧ ਹਾਂ, ਕਿਸੇ ਦੇ ਨਿੱਜੀ ਵੈਰੀ ਨਹੀਂ। ਅਸੀਂ ਤਾਂ ਹਰ ਇਨਸਾਨ ਨੂੰ ਹੀ ਚੰਗਾ ਸਮਝਣ ਵਾਲੇ ਹਾਂ।

ਕ੍ਰਿਸ਼ਨਾ ਮੈਨਿਨ ਦੇ ਚਲੇ ਜਾਣ ਦਾ ਬੜਾ ਹੀ ਦੁੱਖ ਹੋਇਆ ਸੀ। ਉਹ ਭਾਰਤ ਦਾ ਸਪੂਤ ਸੀ।

## ੫

ਇਕ ਵਾਰ ਅਸੀਂ ਲੰਡਨ ਤੋਂ ਲਿਸਟਰ ਵਲ ਜਾ ਰਹੇ ਸਾਂ। ਰਸਤੇ ਵਿਚ ਸਾਡੀ ਕਾਰ ਹੈਰੋ ਹਿੱਲ (Harrow on the Hill) ਦੇ ਕੋਲੋਂ ਲੰਘੀ। ਏਥੇ ਹੈਰੋ ਸਕੂਲ ਸੀ। ਇਸ ਸਕੂਲ ਵਿਚ ਪੰਡਤ ਨਹਿਰੂ ਨੇ ਵਿਦਿਆ ਹਾਸਿਲ ਕੀਤੀ ਸੀ। ਪਿਛੋਂ ਕਿਸੇ ਨੇ ਆਖਿਆ : "ਧੀਰ ਜੀ, ਇਹ ਹੈਰੋ ਹਿੱਲ ਹੈ; ਏਥੇ ਹੈਰੋ ਸਕੂਲ ਹੈ; ਜਵਾਹਰ ਲਾਲ ਨਹਿਰੂ ਇਸੇ ਸਕੂਲ ਵਿਚ ਪੜ੍ਹਦਾ ਹੁੰਦਾ ਸੀ।"

ਸੁਣਦੇ ਸਾਰ ਮੇਰੇ ਮਨ ਵਿਚ ਇਸ ਸਕੂਲ ਲਈ ਆਪ ਮੁਹਾਰੀ ਇੱਜ਼ਤ ਪੈਦਾ ਹੋ ਗਈ ਸੀ। ਇੱਜ਼ਤ ਨਾਲ ਅਪਣੱਤ ਵੀ।

ਕਹਿੰਦੇ ਸਨ, ਪੰਡਤ ਨਹਿਰੂ ਜਦੋਂ ਇੰਗਲੈਂਡ ਵਿਚ ਪੜ੍ਹਦਾ ਸੀ ਤਾਂ ਉਸ ਦੇ ਕੱਪੜੇ ਪੈਰਿਸ ਵਿਚੋਂ ਧੁਲ ਕੇ ਆਉਂਦੇ ਹੁੰਦੇ ਸਨ। ਪੰਡਤ ਨਹਿਰੂ ਉਦੋਂ ਇਸੇ ਸਕੂਲ ਵਿਚ ਪੜ੍ਹਦਾ ਹੋਵੇਗਾ।

ਚਰਚਲ ਬਾਰੇ ਵੀ ਦੱਸਿਆ ਸੀ ਕਿ ਏਥੇ ਹੀ ਪੜ੍ਹਦਾ ਹੁੰਦਾ ਸੀ।

## ੬

ਹੀਥਰੋ ਦਾ ਏਅਰਪੋਰਟ ਦੁਨੀਆਂ ਵਿਚ ਪ੍ਰਸਿੱਧ ਹੈ ਤੇ ਰੁੱਝਾ ਹੋਇਆ ਵੀ ਬਹੁਤ ਹੈ। ਇਕ ਮਿੰਟ ਵਿਚ ਇਕ ਫ਼ਲਾਈਟ ਦੀ ਔਸਤ ਕੱਢੀ ਗਈ ਹੈ। ਇਕ ਜਹਾਜ਼ ਲਹਿੰਦਾ ਹੈ ਤੇ ਇਕ ਉਡਾਰੀ ਭਰਦਾ ਹੈ। ਹਰ ਮਹੀਨੇ ਪੱਚੀ ਲੱਖ ਮੁਸਾਫ਼ਰ ਲਹਿੰਦੇ ਤੇ ਉਡਦੇ ਹਨ। ਪਝੱਤਰ ਲੱਖ, ਸਨਬੰਧੀਆਂ ਨੂੰ ਲੈਣ ਤੇ ਛੱਡਣ ਆਉਂਦੇ ਹਨ। ਅਥਵਾ ਇਕ ਕਰੋੜ ਲੋਕੀ, ਹਰ ਮਹੀਨੇ, ਕਿਵੇਂ ਨਾ ਕਿਵੇਂ, ਏਅਰਪੋਰਟ ਨੂੰ ਵਰਤਦੇ ਹਨ। ਲੱਖਾਂ ਲੋਕੀ, ਹਰ ਮਹੀਨੇ, ਸਿਰਫ਼ ਉਡਾਣਾਂ ਦੇਖਣ ਲਈ ਹੀ ਏਅਰਪੋਰਟ ਆਉਂਦੇ ਹਨ। ਉਹ ਨਾ ਮੁਸਾਫ਼ਰ ਹੁੰਦੇ ਹਨ, ਨਾ ਲੈਣ ਜਾਂ ਛੱਡਣ ਆਏ ਸਨਬੰਧੀ। ਉਹ ਕੇਵਲ ਦਰਸ਼ਕ ਹੁੰਦੇ ਹਨ। ਇਸ ਹਿਸਾਬ ਪੂਰੀ ਗਿਣਤੀ ਇਕ ਕਰੋੜ ਤੋਂ ਵੱਧ ਹੀ ਹੈ।

ਹੀਥਰੋ ਤੋਂ, ਰੋਜ਼, ਅੱਠ ਸੌ ਪੰਜ ਉਡਾਣਾਂ ਹੁੰਦੀਆਂ ਹਨ—ਉੱਡਣਾ ਅਤੇ ਉੱਤਰਨਾ। ਇਸ ਹਿਸਾਬ ਡੇਢ ਕੁ ਮਿੰਟ ਫ਼ੀ ਉਡਾਣ ਦਾ ਬਣਦਾ ਹੈ। ਪਰ ਰਾਤੀਂ ਤਿੰਨ ਜਾਂ ਚਾਰ ਘੰਟੇ, ਤੜਕੇ ਤਿੰਨ ਜਾਂ ਚਾਰ ਵਜੇ ਤਕ, ਅੱਡਾ ਵਿਹਲਾ ਰਹਿੰਦਾ ਹੈ ਤੇ ਕੁਝ ਆਰਾਮ ਕਰ ਲੈਂਦਾ ਹੈ। ਇਸ ਹਿਸਾਬ ਇਕ ਮਿੰਟ ਦੀ ਇਕ ਉਡਾਣ ਹੀ ਸਹੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਟਰਮੀਨਲ (Terminal) ਤਿੰਨ ਹਨ। ਨੰਬਰ ਇਕ, ਦੋ ਤੇ ਤਿੰਨ। ਇਕ, ਲੋਕਲ ਉਡਾਣਾਂ ਲਈ; ਦੋ, ਕੇਵਲ ਯੂਰਪ ਲਈ; ਤਿੰਨ, ਅੰਤਰ-ਰਾਸ਼ਟਰੀ। ਕਾਰ ਪਾਰਕ ਤਿੰਨ ਹਨ ਤੇ ਤਿੰਨੇ ਪੰਜ ਪੰਜ ਮੰਜ਼ਲੇ ਹਨ। ਯਾਨੀ ਅੱਠਾਰਾਂ ਥਾਵਾਂ ਉਤੇ ਕਾਰਾਂ ਪਾਰਕ ਹੋ ਸਕਦੀਆਂ ਹਨ।

ਹੀਥਰੋ (Heathrow) ਇਕ ਪਿੰਡ ਹੈ—ਪਾਲਮ ਅਤੇ ਭਾਖੜੇ ਵਾਂਗ। ਦੇਖੋਂ, ਕਿਵੇਂ ਕਈ ਪਿੰਡ ਵੀ ਜਗਤ-ਪ੍ਰਸਿੱਧ ਹੋ ਜਾਂਦੇ ਹਨ। ਕੀ ਕਦੇ ਮੇਰਾ ਪਿੰਡ ਵੀ ਜਗਤ-ਪ੍ਰਸਿੱਧ ਹੋ ਜਾਵੇਗਾ—ਡਡਹੇੜੀ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੁਝ ਬੜੇ ਹੀ ਕੀਮਤੀ ਹੀਰੇ

ਇੰਗਲੈਂਡ ਵਿਚ ਮੈਂ ਜਿਨ੍ਹਾਂ ਲੋਕਾਂ ਨੂੰ ਮਿਲਦਾ ਗਿਲਦਾ ਰਿਹਾ ਹਾਂ ਉਹ ਸਾਰੇ ਬੜੇ ਹੀ ਚੰਗੇ ਸਨ, ਪਰ ਉਹਨਾਂ ਵਿਚੋਂ ਕੁਝ ਲੋਕ ਤਾਂ ਦਮਕਾਂ ਮਾਰਦੇ ਹੀਰੇ ਸਨ ।

ਗੁਰਦਿਆਲ ਸਿੰਘ ਗੁਰੂ, ਹਰਭਜਨ ਸਿੰਘ ਬਿਰਕ, ਦਿਲਬਾਗ ਸਿੰਘ ਗਿੱਲ, ਭਜਨ ਸਿੰਘ ਨਾਹਲ, ਭਜਨ ਸਿੰਘ ਅੱਟਾ, ਸੁੱਚਾ ਸਿੰਘ ਬੈਂਸ, ਕੇਸਰ ਸਿੰਘ ਨੌਟਿੰਘਮ, ਹਰਬੰਸ ਸਿੰਘ ਮੁਠੱਡਾ, ਰੂਪ ਨਾਰਾਇਣ ਰੂਪੀ, ਗੁਰਮੁਖ ਸਿੰਘ ਕੋਹਲੀ, ਵਿਸ਼ਨੂੰ ਦੱਤ ਸ਼ਰਮਾ, ਚੈਂਚਲ ਸਿੰਘ ਸਿੱਧੂ, ਗੁਰਦੀਪ ਸਿੰਘ ਹਡਰਸਫ਼ੀਲਡ, ਅਜਮੇਰ ਸਿੰਘ ਪਨੇਸਰ, ਸ਼ਿਵਰਾਜ ਸਿੰਘ ਮਾਨ, ਜਸਮੇਰ ਸਿੰਘ ਸਿੱਧੂ, ਬਾਬੂ ਸਿੰਘ ਮਾਂਗਟ, ਪ੍ਰੀਤਮ ਸਿੱਧੂ, ਸ਼ੇਰ ਜੰਗ ਜਾਂਗਲੀ, ਸਾਥੀ ਲੁਧਿਆਣਵੀ, ਨਿਰੰਜਣ ਸਿੰਘ ਨੂਰ, ਸ਼ਿਵਚਰਨ ਸਿੰਘ ਗਿੱਲ, ਤਰਸੇਮ ਨੀਲਗਿਰੀ, ਅਵਿਤਾਰ ਸਿੰਘ ਸਾਦਿਕ, ਚ. ਸ. ਚੰਨ, ਐਸ. ਐਸ. ਚੀਫ਼, ਸਰਵਣ ਸਿੰਘ ਅਮੋਲਕ, ਅਵਿਤਾਰ ਜੰਡਿਆਲਵੀ, ਦਰਸ਼ਨ ਸਿੰਘ ਗਿਆਨੀ, ਰਣਜੀਤ ਧੀਰ, ਸੰਤੋਖ ਸਿੰਘ ਸੰਤੋਖ, ਆਰ.ਐਸ. ਸ਼ਹਫ਼, ਸਾਧੂ ਸਿੰਘ ਫਲੋਰਾ, ਇਹ ਉਹ ਸਾਰੇ ਸੱਜਣ ਹਨ ਜਿਨ੍ਹਾਂ ਵਿਚੋਂ ਕਿਸੇ ਕੋਲ ਮੈਂ ਇਕ ਰਾਤ ਗੁਜ਼ਾਰੀ ਹੈ ਤੇ ਕਿਸੇ ਕੋਲ ਮੈਂ ਹਫ਼ਤੇ ਜਾਂ ਮਹੀਨੇ ਰਹਿੰਦਾ ਰਿਹਾ ਹਾਂ । ਇਹਨਾਂ ਨੇ ਮੈਨੂੰ ਕਿਸੇ ਤਰ੍ਹਾਂ ਦੀ ਕੋਈ ਤਕਲੀਫ਼ ਨਹੀਂ ਹੋਣ ਦਿਤੀ ।

੧

ਭਜਨ ਸਿੰਘ ਅੱਟਾ ਕੋਲ ਮੈਂ ਅੱਠ ਮਹੀਨੇ ਰਿਹਾ ਹਾਂ । ਠੀਕ ਹੈ, ਮੈਂ ਹੋਰੀਂ ਥਾਈਂ ਵੀ ਆਉਂਦਾ ਜਾਂਦਾ ਰਿਹਾ ਹਾਂ ਤੇ ਕਈ ਵਾਰ ਮੈਂ ਕਈ ਕਈ ਹਫ਼ਤੇ ਬਾਹਰ ਰਹਿੰਦਾ ਰਿਹਾ ਹਾਂ, ਪਰ ਮੈਨੂੰ ਜਿਸ ਕਮਰੇ ਵਿਚ ਉਤਾਰਾ ਦਿਤਾ ਗਿਆ ਸੀ, ਉਹ ਮੇਰੇ ਲਈ ਹੀ ਵਕਫ਼ ਸੀ ਤੇ ਮੇਰੀ ਹੀ ਉਡੀਕ ਵਿਚ ਉਹ ਖ਼ਾਲੀ ਪਿਆ ਰਹਿੰਦਾ ਸੀ । ਇਸ ਦਾ ਮਤਲਬ ਇਹ ਸੀ ਕਿ ਅਸਲ ਵਿਚ ਮੈਂ ਅੱਟਾ ਦੇ ਹੀ ਘਰ ਵਿਚ ਠਹਿਰਿਆ ਹੋਇਆ ਸਾਂ । ਇਸ ਤੋਂ ਬਿਨਾਂ ਖਾਣ ਪੀਣ ਦਾ ਖ਼ਰਚ ਵੀ ਬਹੁਤ ਹੁੰਦਾ ਸੀ । ਮਤਲਬ ਮੇਰਾ ਇਹ ਹੈ ਕਿ ਭਜਨ ਸਿੰਘ ਅੱਟਾ ਨੇ ਮੇਰੀ ਬੜੀ ਹੀ ਝਾਲ ਝੱਲੀ ਹੈ । ਨਿਰਸੰਦੇਹ ਏਨੀ ਝਾਲ ਝੱਲਣੀ ਬੜੀ ਹੀ ਮੁਸ਼ਕਿਲ ਹੈ ।

ਅੱਟਾ ਬਹੁਤ ਸ਼ਰੀਫ਼ ਅਤੇ ਬੁਲੰਦ ਪਾਇਆ ਇਨਸਾਨ ਹੈ । ਪੰਜਾਬ ਵਿਚ ਉਸਦਾ ਪਿੰਡ ਗੁਰਾਇਆ ਲਾਗੇ ਅੱਟਾ ਹੈ । ਅੱਟੇ ਵਿਚ, ਅੱਟੇ ਨੇ, ਗਰੀਬ ਘਰ ਵਿਚ ਜਨਮ ਲਿਆ । ਪੜ੍ਹਿਆ ਲਿਖਿਆ ਉੱਕਾ ਨਹੀਂ । ਗੁਰਮੁਖੀ ਵੀ ਮੁਸਕਿਲ ਨਾਲ ਹੀ ਟੁੱਟੀ ਫੁੱਟੀ ਜਿਹੀ


CC-0. In Public Domain. Gurukul Kangri Collection, Haridwar

ਆਉਂਦੀ ਹੈ । ਪਰ ਜਿਹੜੀ ਵਿੱਦਿਆ [illegible] ਹੈ, ਅੱਟੇ ਉਸ ਦੀ [illegible] ਨਾਲ ਭਰਪੂਰ ਤੇ ਮਾਲਾ ਮਾਲ ਹੈ । ਅੱਟੇ ਦੀ ਇਹ ਉੱਚੀ ਵਿੱਦਿਆ ਗੁਣ ਅਤੇ ਚੰਗਿਆਈਆਂ ਹਨ ।

Digitized by Arya Samaj Foundation Chennai and eGangotri

ਗੁਰਬਾਣੀ ਸਾਨੂੰ ਬੜਾ ਹੀ ਚੰਗਾ ਜੀਵਨ ਜੀਊਣ ਲਈ ਕਹਿੰਦੀ ਹੈ । ਭਜਨ ਸਿੰਘ ਅੱਟਾ ਨੂੰ ਗੁਰਬਾਣੀ ਦੀ ਬਹੁਤੀ ਸਮਝ ਨਹੀਂ, ਪਰ ਭਜਨ ਸਿੰਘ ਅੱਟਾ ਗੁਰਬਾਣੀ ਦੀ ਪੱਧਰ ਉਤੇ ਜੀਊਂਦਾ ਹੈ । ਉਸਦਾ ਦ੍ਰਿਸ਼ਟੀਕੋਣ ਬੜਾ ਹੀ ਉੱਚਾ ਅਤੇ ਸੁੱਚਾ ਹੈ ।

ਸ਼ਖ਼ਸੀਅਤ ਬਹੁਤ ਸੁਹਣੀ ਹੈ । ਨਿਮ੍ਰਤਾ ਤੇ ਸਹਿਣਸ਼ੀਲਤਾ ਉਸ ਵਿਚ ਅਤਿ ਨੂੰ ਛੁਹਿੰਦੀਆਂ ਹਨ ।

ਉਸ ਦਾ ਘਰ ਕਾਵੈਂਟਰੀ ਵਿਚ ੧੧-ਰੈਨ (Wren) ਸਟਰੀਟ ਹੈ ।

ਭਜਨ ਸਿੰਘ ਅੱਟਾ ਨੇ ਇਕ ਬੜੀ ਹੀ ਸੁੰਦਰ ਚੀਜ਼ ਮੈਨੂੰ ਤੁਹਫ਼ੇ ਵਜੋਂ ਦਿਤੀ ਸੀ । ਇਹ ਸੀ, ਬੜੇ ਹੀ ਵਧੀਆ ਚਮੜੇ ਦਾ ਇਕ ਕਾਲੇ ਰੰਗ ਦਾ ਸੁੰਦਰ ਬੈਗ । ਅੱਠ ਪੌਂਡ, ਤਿਰਤਾਲੀ ਪੈਂਸ, ਇਸ ਬੈਗ ਦੀ ਕੀਮਤ ਸੀ । ਭਾਰਤ ਵਿਚ ਇਸਦੀ ਕੀਮਤ ਹੋਰ ਵੀ ਵੱਧ ਹੋਵੇਗੀ ।

## ੨

ਕੇਸਰ ਸਿੰਘ ਨੌਟਿੰਘਮ ਮੈਨੂੰ ਬਹੁਤ ਯਾਦ ਆ ਰਹੇ ਹਨ । ਬੜੇ ਹੀ ਉੱਚੇ ਬੰਦੇ ਹਨ, ਬੜਾ ਹੀ ਉੱਚਾ ਚਲਨ ਹੈ, ਮਜ਼ਾਕ ਬੜਾ ਹੀ ਉੱਚਾ ਹੈ । ਫ਼ੈਜ਼ ਅਹਿਮਦ ਫ਼ੈਜ਼ ਉਹਨਾਂ ਕੋਲ ਏਥੇ ਠਹਿਰਦੇ ਰਹੇ ਹਨ । ਵੱਡੀ ਗੱਲ, ਉਹਨਾਂ ਵਿਚ ਜਿਸ ਇਨਸਾਨ ਦਾ ਵਾਸਾ ਹੈ, ਉਹ ਬੜਾ ਹੀ ਖ਼ੂਬਸੂਰਤ ਹੈ । ਬੋਲੀ ਬੜੀ ਹੀ ਮਿੱਠੀ ਹੈ । ਅਸਲ ਵਿਚ ਉਹ ਬੜੇ ਪੁਰਾਣੇ ਪਾਰਟੀ-ਵਰਕਰ ਹੁੰਦੇ ਸਨ । ਸਿਆਸੀ ਸੂਝ ਵੀ ਬੜੀ ਹੈ ।

ਸਾਥੀ ਕੇਸਰ ਸਿੰਘ ਜੀ ਮੇਰੀ ਬੜੀ ਹੀ ਇੱਜ਼ਤ ਕਰਦੇ ਸਨ । ਪਿਆਰ ਨਾਲ ਉਹਨਾਂ ਦਾ ਦਿਲ ਉਛਾਲੇ ਮਾਰਦਾ ਰਹਿੰਦਾ ਸੀ । ਪਹਿਲੀ ਵਾਰ ਹੀ ਜਦੋਂ ਮਿਲੇ, ਘੁੱਟ ਕੇ ਜੱਫੀ ਪਾ ਕੇ ਮਿਲੇ ।

ਨੌਟਿੰਘਮ, ਉਹਨਾਂ ਦਾ ਛੋਟਾ ਭਰਾ ਸਾਥੀ ਪ੍ਰਿਥੀਪਾਲ ਸਿੰਘ ਵੀ ਉਹਨਾਂ ਦੇ ਨਾਲ ਹੀ ਰਹਿੰਦਾ ਹੈ । ਦੋਹਾਂ ਦੇ ਘਰ ੨੪-੨੬ ਕਿੰਬੋਲਟਨ ਐਵਨਿਊ, ਲੈਂਟਨ-ਸੈਂਡਜ਼, ਵਿਚ ਹੀ ਹਨ ਜੋ ਦੋਵੇਂ ਨਾਲੋ ਨਾਲ ਹੀ ਹਨ । ਪਹਿਲੀ ਵਾਰ ਮੈਂ ਜਦੋਂ ਗਿਆ ਤਾਂ ਪਹਿਲੇ ਦਿਨ ਮੈਂ ਚੌਵੀ ਨੰਬਰ ਸਾਥੀ ਪ੍ਰਿਥੀਪਾਲ ਸਿੰਘ ਦੇ ਘਰ ਵਿਚ ਹੀ ਸੁੱਤਾ ਸਾਂ । ਅਗਲੇ ਦਿਨ ਮੇਰਾ ਬਿਸਤਰ ਛੱਬੀ ਨੰਬਰ ਸਿਖਰ ਦੇ ਇਕ ਕਮਰੇ ਵਿਚ ਲਾ ਦਿਤਾ ਗਿਆ । ਹੇਠਾਂ ਲੱਕੜ ਦਾ ਫ਼ਰਸ਼ ਸੀ, ਉਤੇ ਲਾਈਨੋ ਵਿਛੀ ਸੀ, ਉਤੇ ਦੋ ਰਜ਼ਾਈਆਂ ਤੇ ਉਤੇ ਚਿੱਟੀ ਚਾਦਰ ਸੀ । ਫੇਰ ਇਕ ਰਜ਼ਾਈ ਤੇ ਇਕ ਜਾਂ ਦੋ ਤਕੀਏ ਸਨ । ਇੰਗਲੈਂਡ ਵਿਚ ਮੈਂ ਮੋਟੇ ਮੋਟੇ ਗੱਦੇਦਾਰ ਸਪਰਿੰਗਾਂ ਵਾਲੇ ਪਲੰਘਾਂ ਉਤੇ ਸੁੱਤਾ ਹਾਂ, ਗੂਹੜੀਆਂ ਨੀਂਦਾਂ ਆਈਆਂ ਹਨ, ਪਰ ਜਿੰਨੀ ਸੁਹਣੀ ਨੀਂਦ ਮੈਨੂੰ ਸਾਥੀ ਕੇਸਰ ਸਿੰਘ ਹੋਰਾਂ ਦੇ ਘਰ ਦੇ ਸਿਖਰਲੇ ਕਮਰੇ ਵਿਚ ਭੁੰਜੇ ਸੌਂ ਕੇ ਆਈ ਹੈ, ਏਨੀ ਕਿਤੇ ਵੀ ਨਹੀਂ ਆਈ । ਸਾਥੀ ਕੇਸਰ ਸਿੰਘ ਹੋਰਾਂ ਨੇ ਆਪ, ਆਪਣੇ ਹੱਥਾਂ ਨਾਲ, ਮੇਰਾ ਬਿਸਤਰ ਲਾਇਆ ਸੀ । ਬਿਸਤਰ ਖ਼ੂਬਸੂਰਤ ਸੀ । ਕਮਰੇ ਦੇ ਇਕ ਕੋਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਦੂਰ ਦੂਰ ਤਕ ਚਿੱਟੀ ਅਤੇ ਉਜਲੀ ਚਾਦਰ ਵਿਛੀ ਸੀ। ਨਿਰਸੰਦੇਹ ਇਹ ਸਾਥੀ ਕੇਸਰ ਸਿੰਘ ਹੋਰਾਂ ਦਾ ਦਿਲ ਸੀ ਜੋ ਚਿੱਟਾ ਅਤੇ ਉਜਲਾ ਸੀ। ਪਿਆਰ ਅਤੇ ਮੁਹੱਬਤ ਹੀ ਤਾਂ ਕਿਸੇ ਦੇ ਦਿਲ ਨੂੰ ਚਿੱਟਾ ਅਤੇ ਉਜਲਾ ਕਰਨ ਵਾਲੇ ਹਨ।

ਇੰਗਲੈਂਡ ਵਿਚ ਮਾਰਕਸੀ, ਨਕਸਲੀ ਤੇ ਸੀ. ਪੀ. ਆਈ. ਸਭ ਤਰ੍ਹਾਂ ਦੇ ਸਾਥੀ ਹਨ, ਪਰ ਕੇਸਰ ਸਿੰਘ ਸੀ. ਪੀ. ਆਈ. ਦੀ ਆਗਿਆ ਪਾਲਣ ਵਾਲੇ ਹਨ। ਨਿਰਸੰਦੇਹ, ਇੰਗਲੈਂਡ ਵਿਚ ਉਹ ਸੀ. ਪੀ. ਜੀ. ਬੀ. (ਕਮਿਊਨਿਸਟ ਪਾਰਟੀ ਗਰੇਟ ਬ੍ਰਿਟਿਨ) ਦੇ ਮੈਂਬਰ ਹਨ, ਪਰ ਭਾਰਤ ਬਾਰੇ ਉਹ ਭਾਰਤੀ ਕਮਿਊਨਿਸਟ ਪਾਰਟੀ ਨਾਲ ਸੰਬੰਧਤ ਹਨ।

ਸਾਥੀ ਕੇਸਰ ਸਿੰਘ ਹੋਰਾਂ ਦਾ ਪਿੱਛਾ ਬੜਾ ਨਰੋਆ ਅਤੇ ਮੁਢੋਂ ਦੇਸ਼-ਭਗਤਕ ਹੈ। ਗ਼ਦਰੀ ਬਾਬਾ ਲਾਲ ਸਿੰਘ ਜੀ ਉਹਨਾਂ ਦੇ ਸਕੇ ਤਾਇਆ ਜੀ ਸਨ। ਉਹਨਾਂ ਦੀ ਛਤਰ ਛਾਇਆ ਹੇਠ ਹੀ ਇਹਨਾਂ ਦਾ ਪਾਲਣ ਪੋਸਣ ਹੋਇਆ। ਉਹਨਾਂ ਨੇ ਹੀ ਇਹਨਾਂ ਨੂੰ ਕਮਿਊਨਿਜ਼ਮ ਦੀ ਗੁੜ੍ਹਤੀ ਦਿਤੀ ਸੀ।

ਜੰਡਿਆਲਾ, ਜ਼ਿਲ੍ਹਾ ਜਲੰਧਰ, ਵਿਚ ਇਕ ਝੰਡੇ ਵਾਲਾ ਚੌਕ ਹੈ। ਉਸ ਚੌਕ ਵਿਚ ਦੋ ਝੰਡੇ, ਇਕ ਲਾਲ ਤੇ ਇਕ ਤਿਰੰਗਾ, ਨਾਲੋਂ ਨਾਲ ਝੂੱਲ ਰਹੇ ਹਨ। ਇਹ ਝੰਡੇ ਬਾਬਾ ਜੀ ਦੀ ਕਿਰਪਾ ਨਾਲ ਹੀ ਝੂੱਲੇ ਹਨ। ਬਾਬਾ ਲਾਲ ਸਿੰਘ ਜੀ ਨੇ ਹੀ ਸਭ ਤੋਂ ਪਹਿਲਾਂ ਇਸ ਇਲਾਕੇ ਵਿਚ ਜਾਗ੍ਰਤੀ ਦਾ ਛੱਟਾ ਦਿਤਾ।

ਸਾਥੀ ਕੇਸਰ ਸਿੰਘ ਹੋਰਾਂ ਨੇ ਕ੍ਰਿਸਮਿਸ ਦੇ ਬਹਾਨੇ ਨਾਲ ਇਕ ਬੜੀ ਹੀ ਸੁਹਣੀ ਸੁਨਹਿਰੀ ਘੜੀ ਮੇਰੇ ਹੱਥ ਨੂੰ ਬੱਧੀ ਸੀ। ਸਾਥੀ ਪ੍ਰਿਥੀਪਾਲ ਸਿੰਘ ਨੇ, ਸਰਦੀਆਂ ਦੀ ਆਮਦ ਦੇਖ, ਮੇਰੇ ਗਲ ਇਕ ਬੜਾ ਹੀ ਵਧੀਆ ਵੱਡਾ ਕੋਟ ਪਹਿਨਾਇਆ ਸੀ। ਇਹ ਥ੍ਰੀ-ਕੁਆਰਟਰ ਕੋਟ ਸੀ। ਗੋਡਿਆਂ ਤੋਂ ਥੋੜਾ ਨੀਵਾਂ। ਕਾਲਰ ਥੋੜਾ ਉੱਚਾ ਸੀ।

ਸਾਥੀ ਪ੍ਰਿਥੀਪਾਲ ਸਿੰਘ ਦਾ ਵੱਡਾ ਪੁੱਤਰ ਬਲਜੀਤ ਵੀ ਮੇਰੇ ਕਾਫ਼ੀ ਨੇੜੇ ਹੋ ਗਿਆ ਸੀ। ਉਹ ਬੜਾ ਹੀ ਚੰਗਾ, ਹੋਣਹਾਰ ਤੇ ਜਾਗਿਆ ਨੌਜਵਾਨ ਹੈ ਤੇ ਸਾਥੀ ਕੇਸਰ ਸਿੰਘ ਹੋਰਾਂ ਦੀ ਬੜੀ ਹੀ ਇੱਜ਼ਤ ਕਰਦਾ ਹੈ। ਉਸ ਨੇ ਮੈਨੂੰ, ਤੁਹਫੇ ਵਜੋਂ, ਇਕ ਬੜਾ ਹੀ ਕੀਮਤੀ ਪੈੱਨ ਦਿਤਾ। ਇਸ ਪੈੱਨ ਦਾ ਬਾਹਰਲਾ ਜੁੱਸਾ ਚਿੱਟੀ ਜ਼ਰੀ ਦੀ ਨਿਆਈਂ ਹੈ। ਇਸ ਪੈੱਨ ਦਾ ਅਗਲਾ ਹਿੱਸਾ, ਥੋੜਾ ਜਿਹਾ, ਕਾਲੇ ਰੰਗ ਦਾ ਹੈ। ਪਰ ਜਦੋਂ ਬੰਦ ਹੋ ਜਾਂਦਾ ਹੈ ਤਾਂ ਇਕ ਗਹਿਣਾ ਬਣ ਜਾਂਦਾ ਹੈ।

ਇਹ ਪਾਰਕਰ ਦਾ ਪੈੱਨ ਹੈ। ਇੰਗਲੈਂਡ ਦਾ ਬਣਿਆ ਹੋਇਆ ਹੈ। ਇਹ ਸਤਰਾਂ ਇਸ ਸਮੇਂ ਮੈਂ ਇਸੇ ਨਾਲ ਲਿਖ ਰਿਹਾ ਹਾਂ।

## ੩

ਹਰਬੰਸ ਸਿੰਘ ਮੁਠੱਡਾ ਸਾਥੀ ਲੱਖਾ ਸਿੰਘ ਜੀ ਜੌਹਰ ਦੇ ਪਿੰਡ ਮੁਠੱਡਾ ਦੇ ਰਹਿਣ ਵਾਲੇ ਹਨ ਜੋ ਬੜੇ ਹੀ ਚੰਗੇ ਬੰਦੇ ਹਨ। ਜੌਹਰ ਹੋਰੀ ਇਹਨਾਂ ਨੂੰ ਅਜ਼ੀਜ਼ਾਂ ਵਾਂਗੂ ਗਿਣਦੇ ਹਨ। ਏਥੇ ਉਹਨਾਂ ਦਾ ਕਾਫ਼ੀ ਚੰਗਾ ਤੇ ਤਕੜਾ ਕਾਰੋਬਾਰ ਹੈ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕੈਮੀਕਲ ਟੈਕਸਟਾਈਲ ਲਿਮਟਿਡ" ਉਹਨਾਂ ਦੀ ਫਰਮ ਦਾ ਨਾਂ ਹੈ ਜੋ ਵ੍ਹਾਈਟ ਚਾਪਲ ਹਾਈ ਸਟਰੀਟ ਲੰਡਨ ਵਿਚ ਸਥਿਤ ਹੈ। ਉਹ ਰਹਿੰਦੇ ਲਾਊਟਨ (Loughton Essex) ਵਿਖੇ ਹਨ। ਘਰ ਬਹੁਤ ਹੀ ਸੁੰਦਰ ਹੈ। ਉਹਨਾਂ ਨੇ ਆਪਣੇ ਘਰ ਦਾ ਨਾਂ "ਸ਼ਾਲੀਮਾਰ" ਰਖਿਆ ਹੈ।

ਜਦ ਮੈਂ ਏਥੇ ਆਇਆ ਸਾਂ, ਜੌਹਰ ਹੋਰਾਂ ਨੇ ਮੈਨੂੰ ਉਹਨਾਂ ਨੂੰ ਮਿਲਣ ਲਈ ਵੀ ਕਿਹਾ ਸੀ ਤੇ ਉਹਨਾਂ ਦਾ ਪਤਾ ਵੀ ਦਿਤਾ ਸੀ, ਪਰ ਮੌਕਾ ਨਹੀਂ ਬਣ ਸਕਿਆ ਸੀ, ਇਸ ਲਈ ਆਉਂਦੀ ਸਾਰ ਹੀ ਮੈਂ ਛੇਤੀ ਉਹਨਾਂ ਨੂੰ ਮਿਲ ਨਾ ਸਕਿਆ। ਚਿੱਠੀ ਪੱਤਰ ਹੁੰਦਾ ਰਿਹਾ। ਇਕ ਦਿਨ ਕਾਵੈਂਟਰੀ ਮੈਨੂੰ ਉਹਨਾਂ ਦਾ ਫ਼ੋਨ ਆਇਆ ਸੀ। ਉਹ ਮੈਨੂੰ ਸੱਦਣਾ ਚਾਹੁੰਦੇ ਸਨ। ਇਹ ਅਗਸਤ ਦੇ ਦਿਨ ਸਨ। ਪਰ ਮੈਂ ਵਿਹਲਾ ਨਹੀਂ ਸਾਂ, ਥਾਂ ਪਰ ਥਾਂ ਸਮਾਗਮਾਂ ਲਈ ਕਾਫ਼ੀ ਰੁੱਝਿਆ ਹੋਇਆ ਸਾਂ। ਸਤੰਬਰ ਵਿਚ ਮੈਂ ਉਨ੍ਹਾਂ ਦੇ ਨੇੜੇ ਸਾਊਥਾਲ ਵੀ ਹੋਣਾ ਸੀ ਤੇ ਨਾਲੇ ਵਿਹਲਾ ਵੀ ਹੋਣਾ ਸੀ। ਹੁਣ ਉਹਨਾਂ ਨੂੰ ਮੈਨੂੰ ਲੈਣ ਕਾਵੈਂਟਰੀ ਆਉਣਾ ਪੈਣਾ ਸੀ। ਭਾਵੇਂ ਉਹਨਾਂ ਲਈ ਇਹ ਕੁਝ ਕਰਨਾ ਉੱਕਾ ਮੁਸ਼ਕਿਲ ਨਹੀਂ ਸੀ।

ਦੋ ਸਤੰਬਰ ਮੈਨੂੰ ਉਹਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਇਕ ਜਾਂ ਦੋ ਦਿਨ ਪਹਿਲਾਂ ਮੈਂ ਸਾਊਥਾਲ ਪੁੱਜ ਗਿਆ ਸਾਂ।

ਸ਼ਾਮੀ, ਲਗ ਪਗ ਸੱਤ ਕੁ ਵਜੇ, ਮੇਰੇ ਲਈ ਗੱਡੀ ਭੇਜੀ ਗਈ। ਖਿਆਲ ਸੀ, ਉਹਨਾਂ ਦਾ ਘਰ ਦਸ ਕੁ ਮੀਲ ਹੀ ਹੋਵੇਗਾ, ਪਰ ਸਾਊਥਾਲ ਤੋਂ ਉਹਨਾਂ ਦਾ ਘਰ ਤੀਹ ਜਾਂ ਪੈਂਤੀ ਮੀਲ ਸੀ।

ਅੱਜ, ਜਿਵੇਂ ਸਵੇਰ ਤੋਂ ਹੀ, ਮੇਰੇ ਸਿਰ ਵਿਚ ਦਰਦ ਸੀ। ਖੱਬਾ ਪਾਸਾ ਚਸਕਦਾ। ਮੈਨੂੰ, ਸਿਰ ਦੇ ਦਰਦ ਕਰ ਕੇ, ਇਹ ਤੀਹ ਜਾਂ ਪੈਂਤੀ ਮੀਲ ਪੰਜਾਹਾਂ ਵਰਗੇ ਜਾਪੇ ਸਨ।

ਖ਼ੈਰ, ਅਸੀਂ ਅੱਠ ਕੁ ਵਜੇ ਮੁਠੱਡਾ ਜੀ ਦੀ ਸੁੰਦਰ ਕੋਠੀ "ਸ਼ਾਲੀਮਾਰ" ਪੁੱਜ ਗਏ ਸਾਂ। ਇਕ ਘੰਟਾ ਸਾਨੂੰ ਏਥੇ ਆਉਣ ਲਈ ਲਗ ਗਿਆ ਸੀ। ਬਹੁਤਾ ਸਮਾਂ ਲੰਡਨ ਦੇ ਟਰੈਫ਼ਿਕ ਨੇ ਲੈ ਲਿਆ ਸੀ। ਨਹੀਂ ਤਾਂ ਇੰਗਲੈਂਡ ਵਿਚ ਇਹ ਮੁਸ਼ਕਿਲ ਨਾਲ ਵੀਹਾਂ ਪੰਝੀਆਂ ਮਿੰਟਾਂ ਦਾ ਹੀ ਸਫ਼ਰ ਸੀ।

ਹਰਬੰਸ ਸਿੰਘ ਮੁਠੱਡਾ ਹੋਰੀ ਅਜੇ ਘਰ ਨਹੀਂ ਆਏ ਸਨ। ਸ੍ਰੀਮਤੀ ਬਖ਼ਸ਼ੀਸ਼ ਕੌਰ ਜੀ ਉਹਨਾਂ ਦੀ ਚੰਗੀ ਪਤਨੀ ਹਨ। ਉਹਨਾਂ ਨੇ ਮੈਨੂੰ ਗਰਮ ਜਾਂ ਠੰਡਾ ਕੁਝ ਪੀਣ ਲਈ ਪੁੱਛਿਆ ਸੀ, ਪਰ ਮੈਂ ਹਾਲੇ ਕੁਝ ਵੀ ਪੀਣ ਲਈ ਉਹਨਾਂ ਨੂੰ ਦੱਸ ਨਹੀਂ ਸਕਿਆ ਸੀ। ਅੱਧੇ ਸਿਰ ਦੀ ਪੀੜ ਨੇ ਮੈਨੂੰ ਆਲੂ ਮਾਲੂ ਕਰ ਦਿਤਾ ਸੀ। ਮੈਂ ਚਾਹੁੰਦਾ ਸਾਂ ਕਿ ਉਹ ਕੁਝ ਪੀਵਾਂ ਜਿਸ ਨਾਲ ਮੇਰਾ ਸਿਰ ਹਟ ਜਾਵੇ। ਅਜੇ ਮੈਂ ਸਿਰਫ਼ ਟਾਫ਼ਰਾਨਿਲ ਦੀਆਂ ਗੋਲੀਆਂ ਲੈਣਾ ਚਾਹੁੰਦਾ ਸਾਂ। ਸਾਦੇ ਪਾਣੀ ਦੀ ਲੋੜ ਸੀ। ਪਾਣੀ ਨਾਲ ਮੈਂ ਟਾਫ਼ਰਾਨਿਲ ਦੀ ਸ਼ਾਮ ਦੀ ਡੋਜ਼ ਲੈ ਲਈ ਸੀ।

ਮੁਠੱਡਾ ਹੋਰੀ ਲੰਡਨ ਸਨ। ਉਹਨਾਂ ਨੇ ਉਥੋਂ ਸਾਊਥਾਲ ਲਈ ਗੱਡੀ ਭੇਜ ਦਿਤੀ ਸੀ ਤੇ ਆਪ ਏਧਰੋਂ ਆਉਣਾ ਸੀ। ਉਹ ਪਹਿਲਾਂ ਆਉਣਾ ਚਾਹੁੰਦੇ ਸਨ, ਪਰ ਉਹ ਪੱਛੜ ਗਏ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਠੱਡਾ ਜੀ ਦੀ 'ਸ਼ਾਲੀਮਾਰ' ਬੜੀ ਹੀ ਸੁੰਦਰ ਕੋਠੀ ਹੈ। ਡਰਾਇੰਗ ਰੂਮ ਦੀ ਇਕ ਕੰਧ, ਜੋ ਬਾਹਰ ਵਾਲੇ ਪਾਸੇ ਹੈ, ਸ਼ੀਸ਼ੇ ਦੀ ਬਣੀ ਹੋਈ ਹੈ। ਕੋਠੀ ਹੈ ਵੀ ਬਣੀ ਹੋਈ ਥੋੜੀ ਜਿਹੀ ਉਚਾਈ ਉਤੇ। ਜਦੋਂ ਗੱਡੀ ਸੜਕ ਵਲੋਂ ਕੋਠੀ ਵਲ ਨੂੰ ਚੜ੍ਹਦੀ ਹੈ ਤਾਂ ਥੋੜਾ ਘੁੰਮ ਕੇ ਚੜ੍ਹਦੀ ਹੈ। ਅਸੀਂ ਬੜੇ ਹੀ ਖ਼ੂਬਸੂਰਤ ਡਰਾਇੰਗ ਰੂਮ ਵਿਚ ਬੈਠੇ ਸਾਂ। ਥੋੜੀ ਦੇਰ ਹੀ ਹੋਈ ਸੀ ਕਿ ਸ਼ੀਸ਼ੇ ਦੀ ਦੀਵਾਰ ਵਿਚੋਂ ਚੰਨ-ਚਾਨਣੀ ਵਰਗੀਆਂ ਲਾਈਟਾਂ ਸਾਡੇ ਉਤੇ ਆ ਪਈਆਂ ਸਨ। ਮੁਠੱਡਾ ਜੀ ਆ ਗਏ ਸਨ। ਉਹਨਾਂ ਦੀ ਗੱਡੀ ਘੁੰਮ ਕੇ ਪਰੇ ਗਰਾਜ ਵਲ ਹੋ ਗਈ ਸੀ।

ਮੁਠੱਡਾ ਹੋਰੀ ਅੰਦਰ ਆਏ। ਬੜੇ ਹੀ ਖ਼ੂਬਸੂਰਤ ਸਨ। ਮੇਰੇ ਜਿੰਨੀ ਹੀ ਉਮਰ ਸੀ। ਬੜੇ ਹੀ ਖ਼ੂਬਸੂਰਤ ਅਤੇ ਕਲੀਨ ਸ਼ੇਵਡ ਮੁਠੱਡਾ ਹੋਰੀ ਮੈਨੂੰ ਬੜੇ ਸਤਿਕਾਰ ਨਾਲ ਮਿਲੇ। ਉਹਨਾਂ ਦੇ ਸੋਨੇ ਦੇ ਦੰਦ ਸਨ। ਮੁਠੱਡਾ ਹੋਰਾਂ ਦੀ ਹਾਸੀ ਬੜੀ ਹੀ ਨਿਰਛਲ ਅਤੇ ਪਿਆਰੀ ਸੀ। ਹਸਣ ਵੇਲੇ ਸੋਨੇ ਦੇ ਦੰਦ ਬੜੇ ਹੀ ਸੁਹਣੇ ਲਗਦੇ ਸਨ।

ਉਹਨਾਂ ਵੀ ਕੁਝ ਤੱਤਾ-ਠੰਡਾ ਪੀਣ ਲਈ ਮੈਨੂੰ ਪੁੱਛਿਆ ਸੀ। ਮੈਂ ਆਖਿਆ, ਜਿਸ ਚੀਜ਼ ਨਾਲ ਮੇਰੇ ਸਿਰ ਦਾ ਦਰਦ ਹਟ ਜਾਵੇ, ਉਹ ਕੋਈ ਚੀਜ਼ ਦਿਤੀ ਜਾਵੇ। ਇਕ ਤ਼ਾਕ ਵਿਚ ਵੰਨ-ਸੁਵੰਨੀਆਂ ਵਾਈਨਾਂ ਵਿਸਕੀਆਂ ਪਈਆਂ ਸਨ। ਉਹਨਾਂ ਨੇ ਨੈਪੋਲੀਅਨ ਬਰਾਂਡੀ ਦਾ ਇਕ ਪੈੱਗ ਬਣਾਇਆ। ਮੈਂ ਆਖਿਆ, ਕਈ ਸ਼ਰਾਬਾਂ ਸਿਰ ਦੁਖਣ ਲਾ ਦਿੰਦੀਆਂ ਹਨ, ਕਿਤੇ ਇਹ ਨਾ ਹੋਵੇ ਕਿ ਹੁਣ ਤਾਂ ਅੱਧਾ ਦੁਖਦਾ ਹੈ, ਫੇਰ ਸਾਰਾ ਦੁਖਣ ਲਗ ਜਾਵੇ। ਉਹਨਾਂ ਆਖਿਆ, ਨਹੀਂ, ਨਹੀਂ, ਤੁਸੀਂ ਇਸ ਨੂੰ ਪੀ ਕੇ ਦੇਖੋ।

ਮੈਂ ਬਰਾਂਡੀ ਦਾ ਸੁੰਦਰ ਜਾਮ ਸਿੱਪ ਕਰਨ ਲਗ ਪਿਆ ਸਾਂ, ਮੁਠੱਡਾ ਜੀ ਨੇ ਆਪਣੇ ਲਈ ਕੋਈ ਹੋਰ ਸ਼ਰਾਬ ਪਾ ਲਈ ਸੀ। ਇਹ ਕੋਈ ਵਧੀਆ ਵਿਸਕੀ ਸੀ।

ਅੱਧਾ ਪੌਣਾ ਘੰਟਾ ਅਸੀਂ ਬੈਠੇ ਗੱਲਾਂ ਕਰਦੇ ਰਹੇ। ਪੀਤਾ ਇਕ ਇਕ ਪੈੱਗ ਹੀ ਸੀ।

ਖਾਣੇ ਦੀ ਮੇਜ਼ ਲਗ ਚੁੱਕੀ ਸੀ। ਅਸੀਂ ਖਾਣੇ ਲਈ ਚਲੇ ਗਏ। ਖਾਣੇ ਨਾਲ ਇਕ ਬੜੀ ਹੀ ਸੁੰਦਰ ਮੇਟੀਸ (Mateus) ਵਾਈਨ ਪੀਤੀ ਸੀ। ਇਹ ਹਲਕੀ ਫੁਲਕੀ ਵਾਈਨ ਸੀ। ਹਵਾ ਪਿਆਜ਼ੀ ਰੰਗ ਸੀ। ਇਸ ਵਾਈਨ ਦਾ ਇਕ ਗਲਾਸ ਸ੍ਰੀਮਤੀ ਮੁਠੱਡਾ ਹੋਰਾਂ ਵੀ ਖ਼ੁਸ਼ੀ ਨਾਲ ਪੀ ਲਿਆ ਸੀ। ਜਦੋਂ ਸਵੇਰੇ ਜਾਗਿਆ ਤਾਂ ਕੋਈ ਤਕਲੀਫ ਜਾਂ ਸਿਰ ਦੀ ਪੀੜ ਨੇੜੇ ਤੇੜੇ ਵੀ ਨਹੀਂ ਸੀ। ਇਹ ਸ਼ਰਾਬਾਂ ਅੰਮ੍ਰਿਤ ਹਨ।

ਇਕ ਮੁਟਿਆਰ ਲੜਕੀ ਵੀ ਮੁਠੱਡਾ ਜੀ ਦੇ ਘਰ ਵਿਚ ਸੀ। ਇਹ ਉਹਨਾਂ ਦੀ ਭਤੀਜੀ ਸੀ। ਉਸ ਦਾ ਨਾਂ ਪਾਲੀ ਸੀ। ਖਾਣੇ ਸਮੇਂ ਲੜਕੀ ਨੇ ਵੀ ਥੋੜੀ ਮੇਟੀਸ ਪੀਤੀ ਸੀ। ਜੋ ਸ਼ਰਾਬਾਂ ਅਸੀਂ ਮਰਦ ਚੰਗੀਆਂ ਸਮਝ ਕੇ ਪੀਂਦੇ ਹਾਂ, ਉਹ ਸਾਡੀਆਂ ਧੀਆਂ ਵੀ ਕਿਉਂ ਨਾ ਪੀਣ ? ਲੜਕੀ ਬੜੀ ਹੀ ਸੁੱਘੜ ਸੀ।

ਲਾਊਟਨ ਬੜਾ ਹੀ ਖ਼ੂਬਸੂਰਤ ਤੇ ਜੰਗਲੀਂ ਵਸਿਆ ਸ਼ਹਿਰ ਹੈ। ਪਹਾੜੀ ਜਿਹਾ ਇਲਾਕਾ ਹੈ। ਇਹ ਕੈਂਬਰਿਜ ਦੇ ਰਾਹ ਵਿਚ ਹੈ। ਉਥੋਂ ਅੱਗੇ ਚਾਲੀ ਕੁ ਮੀਲ ਹੀ ਕੈਂਬਰਿਜ ਰਹਿ ਜਾਂਦਾ ਹੈ।

ਸਾਊਥਾਲ ਤੋਂ ਲਾਊਟਨ ਜਾਣ ਦਾ ਰਾਹ ਵੀ ਬਹੁਤ ਸੁੰਦਰ ਹੈ। ਆਲੇ ਦੁਆਲੇ



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੰਗਲੀ ਬਿਰਛ [illegible] ਅਗਲੇ ਦਿਨ ਅਸੀਂ ਫ਼ਾਰੈਸਟ ਗੇਟ ਵਲ ਦੀ ਆਏ ਸਾਂ। ਇਹ ਇਕ ਟਾਊਨ ਦਾ ਨਾਂ ਹੈ। ਕਦੇ ਇਹ ਟਾਊਨ ਨਹੀਂ ਸੀ। ਇਸੇ ਲਈ ਇਸ ਥਾਂ ਦਾ ਨਾਂ ਫ਼ਾਰੈਸਟ ਗੇਟ ਰਖਿਆ ਗਿਆ— "ਜੰਗਲ ਦਾ ਦਰਵਾਜ਼ਾ।"

ਮੁਠੱਡਾ ਜੀ ਤੇ ਉਹਨਾਂ ਦੀ ਪਤਨੀ ਸ੍ਰੀਮਤੀ ਬਖ਼ਸ਼ੀਸ਼ ਕੌਰ ਬੜੇ ਹੀ ਚੰਗੇ, ਸੁਲਝੇ ਹੋਏ ਤੇ ਅਗਾਂਹ ਵਧੂ ਵਿਚਾਰਾਂ ਦੇ ਹਨ। ਬੱਚੇ ਇੰਡੀਆ ਪੜ੍ਹਦੇ ਹਨ। ਚੰਡੀਗੜ੍ਹ ਤੇ ਦੇਹਰਾਦੂਨ। ਪਿਤਾ ਜੀ ਚੰਡੀਗੜ੍ਹ ਰਹਿੰਦੇ ਹਨ। ਬੜੀ ਹੀ ਸਾਵੀਂ, ਪੱਧਰੀ ਅਤੇ ਸੁਲਝੀ ਹੋਈ ਸ਼ਖ਼ਸੀਅਤ ਹਨ। "ਪ੍ਰੀਤ ਲੜੀ" ਦੇ ਪਾਠਕ ਹਨ। ਬੜੀ ਹੀ ਉੱਚੀ ਜੀਵਨ-ਜਾਚ। ਕੋਠੀ ਏਨੀ ਸੁੰਦਰ ਹੈ ਜਿਵੇਂ ਬਹਿਸ਼ਤ ਦਾ ਟੁਕੜਾ ਹੋਵੇ।

ਬਿਲਕੁਲ, ਉਹਨਾਂ ਦੀ ਕੋਠੀ ਵਾਂਗ ਹੀ, ਉਹਨਾਂ ਦੇ ਦਿਲ ਵੀ ਸਾਫ਼, ਸ਼ਫ਼ਾਫ਼, ਸੁਹਣੇ ਅਤੇ ਉਜਲੇ ਹਨ।

ਇਕ ਰਾਤ ਹੀ ਰਹਿਣ ਨਾਲ ਤਮੰਨਾ ਪੂਰੀ ਨਹੀਂ ਸੀ ਹੋਈ। ਉਹ ਵੀ ਮੈਨੂੰ ਅੱਧਾ ਹਫ਼ਤਾ ਘਟੋ ਘਟ ਰਖਣਾ ਚਾਹੁੰਦੇ ਸਨ। ਪਰ ਮੈਨੂੰ ਮੁੜਨ ਦੀ ਕਾਹਲ ਸੀ। ਕਦੇ ਫੇਰ ਦੁਬਾਰਾ ਉਹਨਾਂ ਕੋਲ ਜਾਣ ਦਾ ਪ੍ਰੋਗਰਾਮ ਸੀ।

ਮੈਨੂੰ ਲੰਡਨ ਵ੍ਹਾਈਟ ਚਾਪਲ ਤੋਂ—ਉਹਨਾਂ ਦੀ ਫ਼ਰਮ ਦੇ ਦਫ਼ਤਰ ਆ ਕੇ—ਉਸੇ ਤਰ੍ਹਾਂ ਹੀ ਸਾਊਥਾਲ ਗੱਡੀ ਵਿਚ ਭਿਜਵਾਇਆ ਗਿਆ। ਆਉਣ ਲਗਿਆਂ ਦੋ ਕਮੀਜ਼ਾਂ, ਦੋ ਬਹੁਤ ਹੀ ਸੁੰਦਰ ਟਾਈਆਂ, ਉਹਨਾਂ ਨੇ ਮੈਨੂੰ ਤੁਹਫ਼ਾ ਦਿਤੀਆਂ।

ਕੀ ਤਾਰੀਫ਼ ਕਰਾਂ ਮੈਂ ਹਰਬੰਸ ਸਿੰਘ ਮੁਠੱਡਾ ਜੀ ਦੀ। ਟੇਸਟ ਬੜੇ ਹੀ ਉੱਚੇ ਸਨ। ਇਨਸਾਨੀਅਤ ਦੀ ਗੱਲ ਸੁਣੋ: ਮੇਰੀਆਂ ਜੁੱਤੀਆਂ, ਮੇਰੇ ਕੱਪੜੇ, ਆਪ, ਆਪਣੇ ਹੱਥਾਂ ਨਾਲ, ਏਧਰ ਉਧਰ ਰਖਦੇ ਰਹੇ। ਹਾਲਾਂਕਿ ਇਹ ਸਾਰਾ ਕੁਝ ਮੈਂ ਆਪ ਵੀ ਕਰ ਸਕਦਾ ਸਾਂ।

ਬੋਲੀ ਬੜੀ ਹੀ ਮਿੱਠੀ ਸੀ। ਨੀਵੀਂ ਅਤੇ ਸਲੀਕੇ ਭਰੀ। ਕੋਈ ਦਿਖਾਵਾ ਨਹੀਂ ਸੀ।

ਹਰਬੰਸ ਸਿੰਘ ਮੁਠੱਡਾ ਜੀ ਦਾ ਜੀਵਨ ਵਲ ਨਰੋਆ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਸੀ। ਮੈਨੂੰ ਉਹਨਾਂ ਦਾ ਦ੍ਰਿਸ਼ਟੀਕੋਣ ਬੜਾ ਹੀ ਚੰਗਾ ਲਗਾ ਸੀ।

## ੪

ਗੁਰਦਿਆਲ ਸਿੰਘ ਗੁਰੂ ਦੀ ਤਾਰੀਫ਼ ਕਰਨੀ ਮੇਰੀ ਕਲਮ ਦੇ ਵਸ ਦਾ ਰੋਗ ਨਹੀਂ ਹੈ। ਗੁਰਦਿਆਲ ਸਿੰਘ ਗੁਰੂ ਵਰਗਾ ਸੱਚਾ ਅਤੇ ਨੇਕ ਇਨਸਾਨ ਹੋਣਾ ਬਹੁਤ ਹੀ ਮੁਸ਼ਕਿਲ ਹੈ। ਸੋਨੇ ਵਿਚ ਤਾਂ ਕੁਝ ਨਾ ਕੁਝ ਖੋਟ ਹੋ ਸਕਣੀ ਸੰਭਵ ਹੈ, ਪਰ ਗੁਰੂ ਬਹੁਤ ਹੀ ਸ਼ੁੱਧ ਹੈ। ਇਹੋ ਜਿਹੇ ਇਨਸਾਨਾਂ ਨਾਲ ਹੀ ਦੁਨੀਆਂ ਨੂੰ ਚਰਿੱਤਰ ਦੀ ਬੁਲੰਦੀ ਹਾਸਿਲ ਹੁੰਦੀ ਹੈ।

ਬੰਗਿਆਂ ਲਾਗੇ ਦੁਸਾਂਝਾਂ ਛੋਟੀਆਂ ਗੁਰੂ ਜੀ ਦਾ ਪਿੰਡ ਹੈ। ਐਫ਼. ਏ. ਤਕ ਪੜ੍ਹਾਈ ਕੀਤੀ। ਫੇਰ ਅਫ਼ਰੀਕਾ ਚਲੇ ਗਏ। ਫੇਰ ਪਿੰਡ ਆ ਗਏ ਸਨ, ਤੇ ਫੇਰ ਇੰਗਲੈਂਡ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾ ਪੁੱਜੇ ਸਨ । ਇੰਗਲੈਂਡ ਪਹਿਲਾਂ ਲੰਡਨ ਲਾਗੇ ਕਿਸੇ ਹੋਰ ਥਾਂ ਰਹਿੰਦੇ ਸਨ । ਫੇਰ ਕਾਵੈਂਟਰੀ ਰਹਿਣ ਲਗੇ । ਹੁਣ ਉਹ ਕਾਫ਼ੀ ਵਰ੍ਹਿਆਂ ਤੋਂ ਕਾਵੈਂਟਰੀ ਹੀ ਰਹਿ ਰਹੇ ਹਨ । ਇੰਗਲੈਂਡ ਉਹਨਾਂ ਨੂੰ ਆਇਆਂ ਲਗ ਪਗ ਸੋਲਾਂ ਵਰ੍ਹੇ ਹੋ ਚੁੱਕੇ ਹਨ ।

ਗੁਰੂ ਜੀ ਫ਼ੈਕਟਰੀ ਵਰਕਰ ਹਨ । ਪਰ ਬੜੇ ਹੀ ਸੋਝੀਵਾਨ ਹਨ । ਕਾਵੈਂਟਰੀ ਦੀ ਕਮਿਊਨਿਸਟ ਪਾਰਟੀ (ਸੀ. ਪੀ. ਜੀ. ਬੀ.) ਦੇ ਸੈਕਟਰੀ ਹਨ ਤੇ ਜ਼ਿਲ੍ਹਾ ਪਾਰਟੀ (ਬ੍ਰਿਮ੍ਹਿੰਘਮ) ਵਿਚ ਵੀ ਹਨ । ਬੜੇ ਹੀ ਵਫ਼ਾਦਾਰ ਹਨ । ਲੋਕੀ ਆਪਣੇ ਦਿਲ ਵਿਚ ਉਹਨਾਂ ਦੀ ਬੜੀ ਹੀ ਇੱਜ਼ਤ ਕਰਦੇ ਹਨ ।

ਗੁਰੂ ਜੀ ਇੰਗਲੈਂਡ ਵਿਚ ਵੀ ਹਿੰਦੋਸਤਾਨ ਵਾਂਗ ਹੀ ਹਨ । ਮਤਲਬ ਹੈ ਕਿ ਮਾਲੀ ਹਾਲਤ ਉਹਨਾਂ ਦੀ ਬਹੁਤੀ ਚੰਗੀ ਨਹੀਂ । ਇਸ ਦਾ ਕਾਰਨ ਕੀ ਹੈ ? ਜਿਥੋਂ ਤਕ ਮੈਂ ਦੇਖਿਆ ਹੈ, ਇਸਦਾ ਕਾਰਨ ਉਹਨਾਂ ਦਾ ਬਹੁਤ ਹੀ ਚੰਗਾ ਬੰਦਾ ਹੋਣਾ ਹੈ । ਇਹ ਮੰਨੀ ਹੋਈ ਸਚਾਈ ਹੈ ਕਿ ਦੁਨੀਆਂ ਵਿਚ ਜਿੰਨੇ ਵੀ ਕੋਈ ਚੰਗੇ ਜਾਂ ਚੰਗੇਰੇ ਜਾਂ ਮਹਾਨ ਮਨੁੱਖ ਹੋਏ ਹਨ, ਮਾਲੀ ਹਾਲਤ ਕਿਸੇ ਦੀ ਵੀ ਬਹੁਤੀ ਚੰਗੀ ਨਹੀਂ ਸੀ ਹੁੰਦੀ । ਬਹੁਤਿਆਂ ਦੀ ਮਾਲੀ ਹਾਲਤ ਤਾਂ ਸਗੋਂ ਬਹੁਤ ਹੀ ਭੈੜੀ ਹੁੰਦੀ । ਕਾਰਨ ਇਹ ਵੀ ਹੁੰਦਾ ਹੈ ਕਿ ਇਹਨਾਂ ਵਿਚ ਸੰਸਾਰ ਦੇ ਅਨੁਸਾਰੀ ਹੋਣ ਦਾ ਗੁਣ ਨਹੀਂ ਹੁੰਦਾ ।

ਇਕ ਵਾਰ ਗੁਰੂ ਹੋਰਾਂ ਨੇ ਇਕ ਦੁਕਾਨ ਕੀਤੀ ਸੀ । ਖ਼ਿਆਲ ਸੀ ਕਿ ਇਸ ਤਰ੍ਹਾਂ ਉਹ ਕੁਝ ਅਮੀਰ ਹੋ ਸਕਦੇ ਹਨ । ਪਰ ਹੋਇਆ ਇਹ ਕਿ ਪਹਿਲੋਂ ਨਾਲੋਂ ਹੋਰ ਗ਼ਰੀਬ ਹੋ ਗਏ ਸਨ । ਕਾਰਨ ਇਸਦਾ ਇਹ ਸੀ ਕਿ ਉਹਨਾਂ ਨੂੰ ਦੁਕਾਨ ਕਰਨ ਦਾ ਢੰਗ ਹੀ ਨਹੀਂ ਆਉਂਦਾ ਸੀ । ਬਹੁਤ ਵਾਰ ਚੀਜ਼ਾਂ ਦੀ ਹੀ ਕੀਮਤ ਬਾਰੇ ਪਤਾ ਨਾ ਹੁੰਦਾ, ਅਤੇ ਉਹ ਡਰਦੇ ਰਹਿੰਦੇ ਕਿ ਕਿਤੇ ਉਹਨਾਂ ਤੋਂ ਗਾਹਕ ਕੋਲੋਂ ਪੈਸੇ ਵੱਧ ਨਾ ਲੈ ਹੋ ਜਾਣ । ਇਸ ਲਈ ਉਹ ਆਮ ਕਰਕੇ ਘੱਟ ਹੀ ਪੈਸੇ ਲੈਂਦੇ ਰਹੇ । ਓੜਕ ਘਾਟਾ ਪੈ ਗਿਆ ਤੇ ਉਹਨਾਂ ਨੂੰ ਕਾਫ਼ੀ ਔਕੜ ਹੋਈ । ਆਖ਼ਿਰ ਉਹਨਾਂ ਨੂੰ ਫ਼ੈਕਟਰੀ ਦੀ ਨੌਕਰੀ ਹੀ ਕਰਨੀ ਪਈ । ਹੋਰ ਕੋਈ ਬੰਦਾ ਹੁੰਦਾ ਤਾਂ ਇਸ ਦੁਕਾਨ ਦੇ ਦੂਣੇ ਚੌਣੇ ਨਫ਼ਿਆਂ ਨਾਲ ਅਮੀਰ ਬਣ ਜਾਂਦਾ । ਪਰ "ਤੇਰਾਂ ਤੇਰਾਂ" ਤੋਲਣ ਵਾਲੇ ਕਦ ਅਮੀਰ ਹੋ ਸਕਦੇ ਹਨ ? ਉਹ ਤਾਂ ਸਗੋਂ ਘਰ ਲੁਟਾ ਕੇ ਸਾਧਾਂ ਨਾਲ ਤੁਰ ਜਾਂਦੇ ਹਨ ।

ਗੁਰਦਿਆਲ ਸਿੰਘ ਗੁਰੂ ਹੋਰੀਂ ਵੀ ਸਾਧਾਂ ਵਿਚ ਹੀ ਸ਼ਾਮਿਲ ਹਨ । ਉਹ ਸੱਚੇ ਕਮਿਊਨਿਸਟ ਹਨ ਤੇ ਮਿਹਨਤਕਸ਼ ਜਨਤਾ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ ।

ਕਾਵੈਂਟਰੀ ਉਹ ੧੧-ਬਰਨਬੀ (Burnaby) ਰੋਡ ਉਤੇ ਰਹਿੰਦੇ ਹਨ । ਹੋਲਬਰੂਕਸ ਏਰੀਆ ਹੈ । ਪਹਿਲਾਂ ਚੈਲਸਮੋਰ ਸਨ ।

ਆਉਂਦੀ ਸਾਰ ਮੈਂ ਗੁਰੂ ਹੋਰਾਂ ਦੇ ਘਰ ਹੀ ਪਹਿਲਾਂ ਆਇਆ ਸਾਂ ਤੇ ਉਹਨਾਂ ਕੋਲ ਹੀ ਰਿਹਾ ਸਾਂ । ਉਹਨਾਂ ਕੋਲੋਂ ਹੀ ਕਿਸੇ ਹੋਰ ਥਾਂ ਰਹਿਣ ਲਈ ਜਾਂਦਾ ਹੁੰਦਾ ਸਾਂ ।

ਮੇਰੀ ਡਾਕ ਗੁਰੂ ਹੋਰਾਂ ਦੇ ਘਰ ਹੀ ਆਉਂਦੀ ਹੁੰਦੀ ਸੀ । ਪੱਕਾ ਪਤਾ ਉਹੀਓ ਸੀ ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri



ਹਰਭਜਨ ਸਿੰਘ ਬਿਰਕ ਬੜਾ ਹੀ ਚੰਗਾ ਨੌਜਵਾਨ ਹੈ। ਮੇਰੇ ਇੰਗਲੈਂਡ ਸੱਦੇ ਜਾਣ ਵਿਚ ਉਸਦਾ ਵੱਡਾ ਹਿੱਸਾ ਹੈ। ਸੌ ਪੌਂਡ ਉਸ ਇਕੱਲੇ ਨੇ ਮੇਰੇ ਟਿਕਟ ਲਈ ਦਿਤਾ ਸੀ। ਏਨੀ ਰਕਮ ਕਿਸੇ ਲਈ ਵੀ ਖ਼ਰਚ ਕਰਨੀ ਔਖੀ ਹੈ। ਖ਼ਾਸ ਕਰ ਇਕ ਮਿਹਨਤਕਸ਼ ਜਾਂ ਸੱਚੇ ਮੁੱਚੇ ਕਿਰਤੀ ਲਈ।

ਪਰ, ਮੇਰੇ ਅਤੇ ਬਿਰਕ ਵਿਚ ਕੁਝ ਇਹੋ ਜਿਹੀਆਂ ਗ਼ਲਤ ਗੱਲਾਂ ਉਤਪੰਨ ਹੋ ਗਈਆਂ ਸਨ ਜੋ ਕਿਵੇਂ ਵੀ ਚੰਗੀਆਂ ਸਨ, ਤੇ ਸਗੋਂ ਬਹੁਤ ਭੈੜੀਆਂ ਸਨ। ਅਜਿਹੀਆਂ ਗੱਲਾਂ ਦਾ ਪੈਦਾ ਹੋਣਾ ਵੱਡੀ ਬਦਕਿਸਮਤੀ ਸੀ।

ਜਿਥੋਂ ਤਕ ਮੈਂ ਸਮਝਦਾ ਹਾਂ, ਇਹਨਾਂ ਸਭਨਾਂ ਗੱਲਾਂ ਵਿਚ ਕਸੂਰ ਮੇਰਾ ਆਪਣਾ ਹੈ। ਬਿਰਕ ਕੋਲੋਂ ਜੇ ਛੋਟੀ ਮੋਟੀ ਕੋਈ ਗ਼ਲਤ ਗੱਲ ਹੋ ਜਾਂਦੀ ਸੀ ਤਾਂ ਇਸ ਦਾ ਅਰਥ ਹੀ ਕੀ ਸੀ ? ਮੈਨੂੰ ਆਪਣਾ ਦਿਲ ਬੜਾ ਵਿਸ਼ਾਲ ਕਰ ਲੈਣਾ ਚਾਹੀਦਾ ਸੀ। ਪਰ ਮੈਂ ਇਹ ਕੁਝ ਕਰ ਨਾ ਸਕਿਆ। ਸਗੋਂ ਆਪਣੀ ਪੱਧਰ ਉਤੋਂ ਬਹੁਤ ਹੀ ਥੱਲੇ ਉੱਤਰ ਆਇਆ। ਸਿੱਟੇ ਬੜੇ ਹੀ ਮਾੜੇ ਹੋਏ।

ਪਰ ਇਹ ਸਭ ਕੁਝ ਹੋਇਆ ਕਿਉਂ ? ਜਿਥੋਂ ਤਕ ਮੈਂ ਸਮਝਦਾ ਹਾਂ, ਇਸ ਵਿਚ ਮੇਰਾ ਮਨੋਰੋਗ ਵੀ ਇਕ ਕਾਰਨ ਹੋ ਸਕਦਾ ਹੈ, ਤੇ ਸਗੋਂ ਸਭ ਤੋਂ ਵੱਡਾ ਕਾਰਨ। ਪਰ ਮੈਂ ਇਹ ਕੁਝ ਕਹਾਂਗਾ ਨਹੀਂ। ਆਖ਼ਿਰ ਮੇਰੇ ਮਨੋਰੋਗ ਦੀ ਜ਼ੁੰਮੇਵਾਰੀ ਵੀ ਕਿਸ ਦੀ ਹੈ ? ਇਹ ਵੀ ਮੇਰੀ ਆਪਣੀ ਹੈ। ਮੈਂ ਮਨੋਰੋਗੀ ਹੋਇਆ ਕਿਉਂ ? ਮੈਨੂੰ ਆਪਣੇ ਆਪ ਨਾਲ ਸੰਘਰਸ਼ ਕਰਨਾ ਚਾਹੀਦਾ ਸੀ। ਇਸ ਸੰਘਰਸ਼ ਦੀ ਘਾਟ ਕਾਰਨ ਹੀ ਮੇਰਾ ਮਨ ਬੀਮਾਰ ਹੋਇਆ।

ਖ਼ੈਰ, ਇਹ ਇਵੇਂ ਹੀ ਹੋਣਾ ਸੀ। ਭਾਵੇਂ ਇਹ ਚਾਹੀਦਾ ਨਹੀਂ ਸੀ।

ਬਿਰਕ ਚੰਗਾ ਕਵੀ ਹੈ। ਕਵਿਤਾ ਗਾ ਕੇ ਪੜ੍ਹਦਾ ਹੈ। ਆਵਾਜ਼ ਬੜੀ ਹੀ ਚੰਗੀ ਹੈ। ਕਈ ਵਾਰ ਉਹ ਗੱਡੀ ਵਿਚ ਛੋਟੇ ਗ਼ੁਲਾਮ ਅਲੀ ਖ਼ਾਨ ਦੇ ਇਸ ਗੀਤ ਨੂੰ ਗਾਉਣ ਲਗ ਜਾਂਦਾ :

ਮੇਰੇ ਸ਼ੌਕ ਦਾ ਨਹੀਂ ਜੇ ਏਤਬਾਰ ਤੈਨੂੰ
ਮੇਰੇ ਪਿਆਰ ਆ ਜਾ—ਦਿਲਦਾਰ ਆ ਜਾ।

ਗੱਡੀ ਵਿਚ ਬਹੁਤ ਵਾਰ ਮੈਂ ਉਸ ਨਾਲ ਅੱਗੇ ਬੈਠਾ ਹੁੰਦਾ। ਕਦੇ ਕਦੇ ਉਹ ਹੱਥ ਛੱਡ ਕੇ ਉੱਚੀ ਉੱਚੀ ਗਾਉਣ ਲਗ ਜਾਂਦਾ।

ਬਿਰਕ ਲੰਮਾ ਲੰਝਾ ਅਤੇ ਚੰਗਾ ਨੌਜਵਾਨ ਹੈ। ਸ਼ਖ਼ਸੀਅਤ ਬੜੀ ਹੀ ਚੰਗੀ ਹੈ। ਪੱਗ ਬੜੀ ਹੀ ਸੁਹਣੀ ਅਤੇ ਤਿੱਖੀ ਨੋਕ ਦੀ ਬੰਨ੍ਹਦਾ ਹੈ। ਦਾੜ੍ਹੀ ਬੜੀ ਹੀ ਸੁਹਣੀ ਹੈ। ਕਦੇ ਕਦੇ, ਪਿਆਰ ਨਾਲ, ਅਸੀਂ ਉਸਨੂੰ ਆਖਦੇ ਕਿ ਉਹ ਤਾਂ ਕਿਸੇ ਰਾਜੇ ਦਾ ਸਪੁੱਤਰ ਹੋਣਾ ਚਾਹੀਦਾ ਸੀ—ਕਿਉਂਕਿ ਉਸਦੀਆਂ ਕਈ ਆਦਤਾਂ ਰਾਜਕੁਮਾਰਾਂ ਵਰਗੀਆਂ ਹਨ। ਖਿਰਕ, ਇਹ ਸੁਣ, ਖ਼ੁਸ਼ ਹੋ ਜਾਂਦਾ। ਇਕ ਵਾਰ ਤਾਂ ਉਸ ਨੇ ਮੈਨੂੰ ਬੜੀ ਹੀ ਸੁਹਣੀ ਜੱਫੀ ਪਾਈ—ਜਦ ਮੈਂ ਇਹ ਗੱਲ ਆਖੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਰਕ ਦੀ ਪਤਨੀ, ਬੀਬੀ ਜਸਬੀਰ, ਵੀ ਕਾਫ਼ੀ ਚੰਗੀ ਲੜਕੀ ਹੈ।

ਬਿਰਕ ਦਾ ਘਰ ੩੧-ਸੇਂਟ ਜਾਰਜ ਰੋਡ, ਕਾਵੈਂਟਰੀ, ਹੈ।

## ੬

ਇਕ ਬੜੇ ਹੀ ਚੰਗੇ ਸੱਜਣ ਸੁੱਚਾ ਸਿੰਘ ਬੈਂਸ ਹਨ। ਉਹਨਾਂ ਦਾ ਘਰ, ਕਾਵੈਂਟਰੀ, ੫੭-ਡੇਨ ਰੋਡ ਹੈ। ਸਟੋਕ ਉਹਨਾਂ ਦਾ ਏਰੀਆ ਹੈ।

ਸੁੱਚਾ ਸਿੰਘ ਜੀ ਗੁਰੂ ਹੋਰਾਂ ਦੇ ਸਾਥੀ ਜਾਂ ਸਨੇਹੀ ਹਨ। ਮੇਰੇ ਉਥੇ ਜਾਂਦੀ ਸਾਰ ਹੀ ਮੇਰੇ ਵਾਕਿਫ਼ ਬਣ ਗਏ ਸਨ।

ਥੋੜੇ ਦਿਨਾਂ ਮਗਰੋਂ ਹੀ ਮੈਂ ਉਥੇ ਆਪਣਾ ਸਫ਼ਰਨਾਮਾ ਲਿਖਣਾ ਸ਼ੁਰੂ ਕਰ ਦਿਤਾ ਸੀ ਤੇ ਮੈਨੂੰ ਆਪਣੇ ਸਫ਼ਰਨਾਮੇ ਦੀਆਂ ਤਿੰਨ ਤਿੰਨ ਤੇ ਚਾਰ ਚਾਰ ਵੀ ਨਕਲਾਂ ਦੀ ਜ਼ਰੂਰਤ ਸੀ। ਇਸ ਕੰਮ ਵਿਚ ਸੁੱਚਾ ਸਿੰਘ ਜੀ ਮੈਨੂੰ ਬੜੇ ਸਹਾਈ ਹੋਏ।

ਨਿਰਸੰਦੇਹ ਇਸ ਕੰਮ ਵਿਚ ਸੁੱਚਾ ਸਿੰਘ ਬੈਂਸ ਨੇ ਮੇਰੀ ਬੜੀ ਹੀ ਮਦਦ ਕੀਤੀ ਸੀ। ਬੜੇ ਹੀ ਵਧੀਆ ਕਾਗਜ਼ ਉਤੇ ਤਿੰਨ ਤਿੰਨ ਤੇ ਚਾਰ ਚਾਰ ਵੀ ਫੋਟੋ ਸਟੈਟ ਕਾਪੀਆਂ ਕਰਵਾ ਕੇ ਮੈਨੂੰ ਦਿੰਦੇ ਰਹੇ ਤੇ ਇਸ ਕੰਮ ਵਿਚ ਲਗਾਤਾਰ ਹੀ ਮੇਰੀ ਮਦਦ ਕਰਦੇ ਰਹੇ। ਲਗ ਪਗ ਤਿੰਨ ਸੌ ਚਾਲੀ ਸਫ਼ੇ ਉਹਨਾਂ ਨੇ ਮੈਨੂੰ ਛਾਪ ਕੇ ਦਿਤੇ। ਵੱਡੇ, ਫੂਲ ਸਕੇਪ ਦੇ ਸਫ਼ੇ। ਇੰਗਲੈਂਡ ਵਿਚ ਇਸ ਕੰਮ ਦਾ ਕਾਫ਼ੀ ਖ਼ਰਚ ਆ ਜਾਂਦਾ ਹੈ। ਪਰ ਉਹ ਕਰਦੇ ਰਹੇ ਸਨ। ਇਕ ਦਿਨ ਵੀ ਉਹਨਾਂ ਨੇ ਇਸਦੀ ਖੇਚਲ ਜਾਂ ਤਕਲੀਫ਼ ਨਹੀਂ ਮੰਨੀ।

ਸੁੱਚਾ ਸਿੰਘ ਬੈਂਸ ਦਾ ਮੈਂ ਬਹੁਤ ਹੀ ਧੰਨਵਾਦੀ ਹਾਂ।

## ੭

ਲਾਂਗ ਈਟਨ (Long Eaton) ਇਕ ਸੱਜਣ ਜਸਮੇਰ ਸਿੰਘ ਸਿੱਧੂ ਹਨ। ਮੈਨੂੰ ਅਜੇ ਇੰਗਲੈਂਡ ਆਇਆਂ ਥੋੜੇ ਦਿਨ ਹੀ ਹੋਏ ਸਨ। ਉਹ ਕਾਵੈਂਟਰੀ ਆਏ ਤੇ ਮਿਲੇ।

ਉਹ ਮੇਰੇ ਪਹਿਲਾਂ ਦੇ ਵਾਕਿਫ਼ ਸਨ, ਪਰ ਮੈਨੂੰ ਚੇਤਾ ਨਹੀਂ ਸੀ। ਸਾਡੇ ਨੇੜੇ, ਖੰਨੇ ਵਲ, ਇਕ ਪਿੰਡ ਅਲਾਉੜ ਹੈ। ਸਿੱਧੂ ਸਾਹਿਬ ਉਸ ਪਿੰਡ ਵਿਚ ਟੀਚਰ ਲਗ ਕੇ ਆਏ ਸਨ। ਉਦੋਂ ਉਹ ਮੈਨੂੰ ਮਿਲੇ ਸਨ। ਇਹ ਬੜੀ ਪੁਰਾਣੀ ਗੱਲ ਸੀ। ਮੈਨੂੰ ਉਹਨਾਂ ਦੇ ਦੱਸਣ ਨਾਲ ਹੀ ਇਸਦਾ ਚੇਤਾ ਆਇਆ ਸੀ।

ਸਿੱਧੂ ਸਾਹਿਬ ਨੇ ਕਦੇ ਕੋਈ ਮੇਰੀ ਲਿਖਤ ਪੜ੍ਹੀ ਹੋਵੇਗੀ। ਉਦੋਂ ਵੀ ਉਹ ਲੇਖਕ ਵਜੋਂ ਹੀ ਮੈਨੂੰ ਮਿਲਣ ਲਈ ਆਏ ਸਨ ਤੇ ਹੁਣ ਵੀ ਲੇਖਕ ਵਜੋਂ ਹੀ। ਜਾਂਦੇ ਹੋਏ ਤੀਹ ਪੌਂਡ ਦਾ ਚੈੱਕ ਕੱਟ ਕੇ ਦੇਣ ਲਗੇ। ਤੀਹ ਪੌਂਡ ਜ਼ਿਆਦਾ ਸਨ। ਸਾਡੇ ਬਹੁਤ ਹੀ ਆਖਣ ਨਾਲ ਉਹ ਵੀਹ ਪੌਂਡ ਤਕ ਆਏ ਸਨ। "ਤੁਸੀਂ ਸਾਡੇ ਲੇਖਕ ਹੋ, ਸਾਡਾ ਫ਼ਰਜ਼ ਬਣਦਾ ਹੈ ਕਿ ਆਪਣੇ ਲੇਖਕ ਦੀ ਕਦਰ ਕਰੀਏ।"

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਰਾਤ, ਲਾਂਗ ਈਟਨ, ਮੈਂ ਉਹਨਾਂ ਦੇ ਘਰ ਵੀ ਰਿਹਾ ਸਾਂ । ਬੜੀ ਹੀ ਸੇਵਾ ਕੀਤੀ ਸੀ ।

ਉਹਨਾਂ ਦਾ ਪਿੰਡ ਜਗਰਾਵਾਂ ਹੈ ।

## ੮

ਸ਼ੇਰ ਜੰਗ ਜਾਂਗਲੀ ਤੇ ਪ੍ਰੀਤਮ ਸਿੱਧੂ, ਸਾਊਥਾਲ, ਹੈਂਬਰੋ ਰੋਡ ਰਹਿੰਦੇ ਹਨ। ਦੋਹਾਂ ਕੋਲ ਮੈਂ ਵਾਰੋ ਵਾਰੀ ਕਈ ਕਈ ਹਫ਼ਤੇ ਰਿਹਾ ਹਾਂ । ਸਾਥੀ ਲੁਧਿਆਣਵੀ ਨਾਲ ਲੰਡਨ ਵਿਚ ਇਕ ਫ਼ਿਲਮ ਦੇਖੀ । ਸਾਥੀ ਹੋਰੀ ਲੰਡਨ ਹੀ ਨਾਈਟੇਂਗਲ ਰੋਡ ਰਹਿੰਦੇ ਹਨ। ਉਹ ਸਾਊਥਾਲ ਤੋਂ ਦੂਰ ਹਨ, ਕੁਝ ।

ਅਵਤਾਰ ਸਿੰਘ ਸਾਦਿਕ ਦੇ ਲਤੀਫ਼ੇ ਬੜੇ ਹੀ ਉੱਚੇ ਹਨ । ਰਣਜੀਤ ਧੀਰ ਮੈਨੂੰ ਬੜੇ ਪਿਆਰ ਨਾਲ ਮਿਲਦਾ ਰਿਹਾ ਹੈ । ਸਰਵਣ ਸਿੰਘ ਅਮੋਲਕ ਨਾਲ ਮੈਂ ਪਹਿਲੀ ਵਾਰ ਅੰਡਰ ਗਰਾਊਂਡ ਰੇਲ ਦਾ ਸਫ਼ਰ ਕੀਤਾ ਸੀ ।

ਸ਼ਿਵਚਰਨ ਸਿੰਘ ਗਿੱਲ ਨੇ ਮੇਰੀ ਬੜੀ ਹੀ ਸੇਵਾ ਕੀਤੀ ਹੈ । ਜਦੋਂ ਵੀ ਮੈਂ ਦੂਰੋਂ ਕਿਤੋਂ ਲੰਡਨ ਆਉਂਦਾ ਹੁੰਦਾ ਸਾਂ, ਉਹ ਮੈਨੂੰ ਆਪਣੀ ਕਾਰ ਵਿਚ ਵਿਕਟੋਰੀਆ ਜਾਂ ਵਾਟਰਲੂ ਤੋਂ ਲੈਣ ਲਈ ਆਉਂਦਾ ਹੁੰਦਾ ਸੀ । ਸਾਊਥਾਲ ਇਹਨਾਂ ਥਾਵਾਂ ਤੋਂ ਕਾਫ਼ੀ ਦੂਰੀ ਉਤੇ ਹੈ—ਤੀਹ, ਪੈਂਤੀ ਜਾਂ ਚਾਲੀ ਮੀਲ—ਪਰ ਉਹ ਬੜੀ ਹੀ ਖ਼ੁਸ਼ੀ ਨਾਲ ਮੈਨੂੰ ਲੈਣ ਲਈ ਆਉਂਦਾ ਹੁੰਦਾ ਸੀ । ਡਰਬੀ ਅਤੇ ਲਿਸਟਰ ਵੀ, ਆਜ਼ਾਦੀ ਦੇ ਸਮਾਗਮਾਂ ਵਿਚ, ਮੈਂ ਉਸੇ ਦੀ ਕਾਰ ਵਿਚ ਗਿਆ ਸਾਂ । ਉਹ ਵੀ ਸਾਊਥਾਲ ਹੀ ਹੈ ।

ਰੂਪ ਨਾਰਾਇਣ ਰੂਪੀ ਕੋਲ ਮੈਂ ਹਫ਼ਤਾ ਹਫਤਾ, ਦੋ ਦੋ ਹਫ਼ਤੇ, ਦੋ ਤਿੰਨ ਵਾਰੀ ਰਿਹਾ ਹਾਂ । ਸਾਥੀ ਵਿਸ਼ਨੂੰ ਦੱਤ ਹੋਰਾਂ ਨੇ ਦੋ ਤਿੰਨ ਵਾਰੀ ਮੇਰਾ ਵੀਜ਼ਾ ਐਕਸਟੈਂਡ ਕਰਵਾ ਕੇ ਦਿਤਾ ।

ਐਸ.ਐਸ. ਚੀਫ਼ ਨੇ ੧ ਮਾਰਚ, ੭੫ ਨੂੰ, ਕੈਥੀਡਰਲ, ਕਾਵੈਂਟਰੀ ਵਿਚ ਮੇਰਾ ਸਨਮਾਨ-ਸਮਾਗਮ ਕੀਤਾ । ਇਸ ਸਨਮਾਨ-ਸਮਾਗਮ ਦੀ ਖ਼ਬਰ ਬੀ.ਬੀ.ਸੀ. ਨੇ ਦਿਤੀ ਸੀ ਜੋ ਮੇਰੇ ਪਿੰਡ ਵੀ ਸੁਣੀ ਗਈ ।

''ਗੋਡੀਵਾ'' ਮੈਂ ਅਜਮੇਰ ਸਿੰਘ ਪਨੇਸਰ ਦੇ ਘਰ ਲਿਖੀ ਸੀ । ੨੪, ਵੈਸਟਐਂਡ ਪਾਰਕ ਸਟਰੀਟ, ਗਲਾਸਗੋ, ਸਕਾਟਲੈਂਡ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਕੁਝ ਬੱਚੇ

ਮੈਨੂੰ ਇੰਗਲੈਂਡ ਦੇ ਕੁਝ ਕੁ ਬੱਚੇ ਬਹੁਤ ਯਾਦ ਆ ਰਹੇ ਹਨ। ਬੱਚੇ ਹਿੰਦੋਸਤਾਨੀ ਹਨ।

ਗੁਰੂ ਹੋਰਾਂ ਦੇ ਪੰਜ ਬੱਚੇ—ਦੋ ਧੀਆਂ, ਤਿੰਨ ਪੁੱਤਰ। ਅੱਟਾ ਹੋਰਾਂ ਦੇ ਪੰਜ ਬੱਚੇ—ਤਿੰਨ ਧੀਆਂ, ਦੋ ਪੁੱਤਰ। ਇਹਨਾਂ ਵਿਚੋਂ ਗੁਰੂ ਹੋਰਾਂ ਦਾ ਸਭ ਤੋਂ ਛੋਟਾ ਪੁੱਤਰ, ਸੰਮੀ, ਮੇਰੇ ਬਹੁਤ ਹੀ ਨੇੜੇ ਹੁੰਦਾ। ਕੁਝ ਕੁ ਦਿਨਾਂ ਮਗਰੋਂ ਹੀ ਉਹ ਮੇਰਾ ਮਿੱਤਰ ਬਣ ਗਿਆ ਸੀ। ਉਸ਼ ਦੀ ਉਮਰ ਉਸ ਸਮੇਂ ਕੋਈ ਪੰਜ ਕੁ ਵਰ੍ਹੇ ਦੇ ਨੇੜੇ ਸੀ। ਉਸ ਤੋਂ ਵੱਡਾ ਪੀਪੀ ਸੀ, ਪਰ ਮੇਰੇ ਉਤੇ ਸੰਮੀ ਨੇ ਹੀ ਬਹੁਤੀ ਮੇਰ ਕਰ ਲਈ ਸੀ।

ਸੰਮੀ ਬਹੁਤ ਪਤਲਾ ਅਤੇ ਬਿਲਕੁਲ ਨਾਜ਼ਕਾ ਜਿਹਾ ਸੀ। ਕੱਪੜੇ, ਭਾਵੇਂ ਕੋਈ ਵੀ ਹੋਣ, ਉਸ ਨੂੰ ਢਿੱਲੇ ਹੀ ਹੁੰਦੇ ਸਨ। ਨੈਣ-ਨਕਸ਼ ਤਿੱਖੇ ਅਤੇ ਰੰਗ ਕਣਕਵੰਨਾ ਸੀ। ਅੱਖਾਂ ਬਹੁਤ ਨਿੱਕੀਆਂ ਸਨ। ਪਰ ਨੀਝ ਬੜੀ ਹੀ ਤਿੱਖੀ ਅਤੇ ਸੂਖਮ ਭਾਵੀ ਜਾਪਦੀ। ਬਹੁਤ ਵਾਰ, ਸੰਮੀ, ਪੀਪੀ ਨੂੰ, ਹੰਮੇ ਨਾਲ ਇਹ ਕਹਿੰਦਾ ਸੀ ਕਿ ਧੀਰ ਮੇਰਾ ਅੰਕਲ ਹੈ—ਸਿਰਫ਼ ਮੇਰਾ। ਮਤਲਬ ਉਸ ਦਾ ਇਹ ਸੀ ਕਿ ਧੀਰ ਤੇਰਾ ਅੰਕਲ ਨਹੀਂ। ਪੀਪੀ ਨੇ ਵੀ ਇਸ ਤੱਥ ਨੂੰ ਮੰਨ ਜਿਹਾ ਲਿਆ ਹੋਇਆ ਸੀ ਤੇ ਉਸ ਨੂੰ ਵੀ ਇਹ ਪਤਾ ਸੀ ਕਿ ਧੀਰ ਬਹੁਤਾ ਸੰਮੀ ਦਾ ਹੈ। ਭਾਵੇਂ ਪੀਪੀ ਮੇਰੇ ਲਈ ਕੋਈ ਘੱਟ ਪਿਆਰਾ ਨਹੀਂ ਸੀ, ਪਰ ਜਿਹੜਾ ਰਿਸ਼ਤਾ ਮੇਰਾ ਅਤੇ ਸੰਮੀ ਦਾ ਬਣ ਚੁੱਕਾ ਸੀ, ਉਹ ਫੇਰ ਵੀ ਥੋੜਾ ਵੱਖ ਹੀ ਸੀ। ਸਾਡੇ ਵਿਚ ਅਪੱਣਤ ਦੀ ਭਾਵਨਾ ਹੋਰਾਂ ਨਾਲੋਂ ਕੁਝ ਵੱਧ ਹੀ ਸੀ।

ਟੈਲੀਵੀਜ਼ਨ ਉਤੇ ਆਈ ਮੇਰੀ ਇੰਟਰਵਿਊ ਦੇਖਣ ਮਗਰੋਂ ਸੰਮੀ ਪੀਪੀ ਨੂੰ ਆਖਣ ਲਗਾ :

"ਟੈਲੀ ਉਤੇ ਅੱਜ ਅੰਕਲ ਸੀ।"

"ਕਿਹੜਾ.. ?"

"ਜਿਹੜਾ ਮੇਰਾ ਏ !" ਸੰਮੀ ਨੇ ਅਪੱਣਤ ਨਾਲ ਕਿਹਾ।

ਸੰਮੀ ਵਿਚ ਇਕ ਸਿਫ਼ਤ ਸੀ। ਉਸ ਦੇ ਦਿਲ ਵਿਚ, ਮੇਰੇ ਬਾਰੇ, ਜੋ ਵੀ ਮੋਹ ਮੁਹੱਬਤ ਸੀ, ਉਹ ਛੇਤੀ ਛੇਤੀ ਉਸ ਨੂੰ ਬਹੁਤਾ ਪਰਗਟ ਨਹੀਂ ਸੀ ਕਰਦਾ ਹੁੰਦਾ, ਸਗੋਂ ਉਸ ਨੂੰ ਆਪਣੇ ਦਿਲ ਵਿਚ ਬੜਾ ਹੀ ਸਾਂਭ ਕੇ ਰਖਦਾ ਹੁੰਦਾ। ਕਦੇ ਕਦੇ ਤਾਂ ਸੱਦਣ ਤੋਂ ਵੀ ਮੇਰੇ ਕੋਲ ਉਹ ਘੱਟ ਹੀ ਆਉਂਦਾ। ਪਰ ਜਦ ਥੋੜਾ ਉਸ ਦੇ ਦਿਲ ਨੂੰ ਕਦੇ ਮੈਂ ਟੁੰਬ ਜਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੰਦਾ ਸਾਂ ਤਾਂ ਸੰਮੀ ਝਟ ਚੁਕੰਨਾ ਹੋ ਕੇ ਮੇਰੇ ਕੋਲ ਆ ਜਾਂਦਾ ਸੀ। ਉਸ ਦਾ ਪਿਆਰ ਦਿਖਾਵੇ ਦਾ ਨਹੀਂ, ਸੱਚੀ ਭਾਵਨਾ ਵਾਲਾ ਸੀ।

ਮੇਰੇ ਵਾਪਸ ਆਉਣ ਵਿਚ ਹੁਣ ਥੋੜੇ ਦਿਨ ਹੀ ਰਹਿੰਦੇ ਸਨ। ਇਕ ਦਿਨ ਮੈਂ ਸੰਮੀ ਨੂੰ ਕਿਹਾ : "ਸੰਮੀ, ਮੇਰੇ ਕੋਲ ਆ !" ਸੰਮੀ ਸੁਣ ਤਾਂ ਰਿਹਾ ਸੀ, ਪਰ ਕੋਲ ਨਹੀਂ ਆ ਰਿਹਾ ਸੀ। ਮੈਂ ਆਖਿਆ, "ਸੰਮੀ, ਮੈਂ ਇੰਡੀਆ ਚਲੇ ਜਾਣੈ ਹੁਣ!" ਸੰਮੀ ਝੱਟ ਸੁਣਦੀ ਸਾਰ ਮੇਰੇ ਨਾਲ ਆ ਲੱਗਾ ਸੀ। ਉਸ ਨੂੰ ਮੇਰੇ ਇੰਡੀਆ ਜਾਣ ਦੀ ਗੱਲ ਨੇ ਟੁੰਬ ਜਿਹਾ ਦਿਤਾ ਸੀ। ਜਿਵੇਂ ਉਹ ਡਰ ਜਿਹਾ ਗਿਆ ਹੋਵੇ।

ਉਸ ਵਿਚ ਸੰਗ ਵੀ ਬੜੀ ਸੀ। ਮੈਨੂੰ ਦੇਖਣ ਤੋਂ ਬਿਨਾਂ ਹੀ ਉਹ ਮੈਨੂੰ ਦੇਖਦਾ ਹੁੰਦਾ ਸੀ। ਤਿਰਛੀਆਂ ਤਿਰਛੀਆਂ ਅੱਖਾਂ ਨਾਲ। ਝਿੰਮਣੀਆਂ ਦੀ ਜਾਲੀ ਵਿਚੋਂ।

ਘਰ ਵਿਚ ਇਕ ਵੱਡੀ ਸਾਰੀ ਮੱਘੇ ਜਿੱਡੀ ਗੇਂਦ ਸੀ। ਉਹ ਤੇ ਪੀਪੀ ਉਸ ਗੇਂਦ ਨਾਲ ਠੁੱਡੇ ਮਾਰਦੇ ਖੇਡਦੇ ਰਹਿੰਦੇ।

ਕਦੇ ਕਦੇ ਸੰਮੀ ਅਤੇ ਪੀਪੀ ਦੋਵੇਂ ਲੜਨ ਲਗਦੇ। ਹਾਸੇ ਹਾਸੇ ਵਿਚ ਹੀ, ਉਹ ਇਕ ਦੂਜੇ ਨੂੰ ਮਾਰਦੇ। ਸੰਮੀ ਟਾਰਜ਼ਨ ਹੁੰਦਾ ਤੇ ਪੀਪੀ ਰੈਡ ਇੰਡੀਅਨ। ਸੰਮੀ ਮੈਨੂੰ ਆਖਦਾ : "ਅੰਕਲ, ਮੈਂ ਟਾਰਜ਼ਨ ਆਂ, ਪੀਪੀ ਰੈਡ ਇੰਡੀਅਨ ਏ।" ਮੈਨੂੰ ਟਾਰਜ਼ਨ ਬਣਿਆ ਸੰਮੀ ਬੜਾ ਹੀ ਚੰਗਾ ਲਗਦਾ ਹੁੰਦਾ।

ਅਜਿਹੇ ਸਮੇਂ ਉਹਨਾਂ ਨੇ ਸਿਰਫ਼ ਕੱਛੇ ਪਹਿਨੇ ਹੁੰਦੇ ਸਨ। ਕਮੀਜ਼ਾਂ ਲਾਹੀਆਂ ਹੁੰਦੀਆਂ ਸਨ। ਅਸਲ ਵਿਚ ਉਹ ਟੈਲੀਵੀਜ਼ਨ ਦੀ ਨਕਲ ਕਰਦੇ ਹੁੰਦੇ ਸਨ। ਟੈਲੀ ਵਿਚ ਅਜਿਹੇ ਟਾਰਜ਼ਨ ਆਮ ਹੀ ਆਉਂਦੇ ਰਹਿੰਦੇ ਸਨ।

ਇਸ ਸਮੇਂ ਮੇਰੇ ਸਾਹਮਣੇ ਦੋ ਤਸਵੀਰਾਂ ਪਈਆਂ ਹਨ। ਇਕ ਵਿਚ ਇਕੱਲਾ ਸੰਮੀ ਕੱਪੜੇ ਪਹਿਨੀ ਖੜਾ ਹੈ ਤੇ ਦੂਜੀ ਵਿਚ ਸੰਮੀ ਤੇ ਪੀਪੀ ਦੋਵੇਂ ਨੰਗੇ ਪਿੰਡ ਹਨ ਤੇ ਦੋਵੇਂ ਲੇਟੇ ਹੋਏ ਹਨ ਤੇ ਦੋਵੇਂ ਹਸ ਵੀ ਰਹੇ ਹਨ। ਜਿਵੇਂ ਇਕ ਟਾਰਜ਼ਨ ਤੇ ਦੂਜਾ ਰੈਡ ਇੰਡੀਅਨ ਹੋਵੇ। ਅੰਗਰੇਜ਼ੀ ਕੱਟ ਦੇ ਬੜੇ ਹੀ ਸੁਹਣੇ ਕੂਲੇ ਕੂਲੇ ਪਟੇ ਹਨ। ਪਿੰਡੇ ਬੜੇ ਹੀ ਸੁਹਣੇ ਹਨ।

ਸੰਮੀ, ਤਿੱਖੇ ਨੱਕ ਵਾਲਾ, ਨਿੱਕੀਆਂ ਨਿੱਕੀਆਂ ਅੱਖਾਂ ਵਾਲਾ, ਬੜਾ ਸ਼ੈਤਾਨ ਲਗ ਰਿਹਾ ਹੈ। ਪਤਲੂਨ ਇਉਂ ਲਗ ਰਹੀ ਹੈ ਜਿਵੇਂ ਹੁਣੇ ਡਿੱਗੀ ਕਿ ਡਿੱਗੀ!

ਕਮੀਜ਼ ਵਿਚੋਂ ਥੋੜੀ ਜਿਹੀ ਤੁੰਨ ਵੀ ਨਜ਼ਰ ਆਉਂਦੀ ਹੈ। ਕਾਲਰ ਉੱਪਰ ਵਲ ਨੂੰ ਹਨ।

ਤਸਵੀਰਾਂ ਵਿਚ ਇੰਗਲੈਂਡ ਦੀ ਜੁਲਾਈ ਨਜ਼ਰ ਆ ਰਹੀ ਹੈ।

## ੨

ਸੁਰਿੰਦਰ ਅਤੇ ਪਰਮਿੰਦਰ, ਇਹ ਅੱਟਾ ਜੀ ਦੇ ਬੱਚੇ ਹਨ ਤੇ ਦੋਵੇਂ ਸਭ ਤੋਂ ਛੋਟੇ ਹਨ। ਇਕ ਮੁੰਡਾ, ਇਕ ਕੁੜੀ। ਦੋਵੇਂ ਬੜੇ ਸ਼ਰਾਰਤੀ। ਦੋਹਾਂ ਨੂੰ ਮੈਂ ਬਾਂਦਰ ਅਤੇ ਬਾਂਦਰੀ ਆਖਦਾ ਹੁੰਦਾ ਸਾਂ। ਸੁਰਿੰਦਰ, ਸਭ ਤੋਂ ਛੋਟਾ, ਬਾਂਦਰ। ਪਰਮਿੰਦਰ, ਉਸ ਤੋਂ ਵੱਡੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਂਦਰੀ। ਬਾਂਦਰ ਅਤੇ ਬਾਂਦਰੀ ਮੈਨੂੰ ਬਹੁਤ ਹੀ ਤੰਗ ਕਰਦੇ ਸਨ। ਓਏ ਰੱਬਾ! ਕਦੇ ਕਦੇ ਤਾਂ ਰੋਣਹਾਕਾ ਕਰ ਦਿੰਦੇ ਸਨ। ਜਿਵੇਂ ਮੈਂ ਉਹਨਾਂ ਲਈ ਬੰਦਾ ਨਹੀਂ, ਕੋਈ ਹੋਰ ਹੀ ਚੀਜ਼ ਹੋਵਾਂ। ਬਾਂਦਰ ਪੰਜ ਕੁ ਵਰ੍ਹੇ ਦਾ ਸੀ, ਬਾਂਦਰੀ ਉਸ ਤੋਂ ਥੋੜੀ ਵੱਡੀ। ਉਂਜ ਦੋਹਾਂ ਦੇ ਦਿਲਾਂ ਵਿਚ ਹੀ ਮੇਰੇ ਲਈ ਬਹੁਤ ਪਿਆਰ ਸੀ, ਪਰ ਪਿਆਰ ਨੂੰ ਪਰਗਟ ਕਰਨ ਦਾ ਤਰੀਕਾ ਬੜਾ ਸਖ਼ਤ ਸੀ। ਕਦੇ ਕਦੇ ਤਾਂ ਦੋਵੇਂ ਮੇਰੇ ਵਾਲ ਪੁੱਟਣ ਲਗ ਜਾਂਦੇ ਸਨ। ਉਹ ਇਕ ਦੂਜੇ ਨੂੰ ਆਖਦੇ : "ਓਏ, ਇਹਦੇ ਵਾਲ ਪੱਟੋ। ਆਓ, ਇਹਦੇ ਵਾਲ ਪੱਟੀਏ।" ਕਹਿੰਦੇ ਮੈਨੂੰ ਅਦਬ ਨਾਲ ਦੋਵੇਂ "ਧੀਰ ਅੰਕਲ" ਸਨ। "ਧੀਰ ਅੰਕਲ, ਰੋਟੀ ਖਾ ਲੈ। ਧੀਰ ਅੰਕਲ, ਦੁੱਧ ਪੀ ਲੈ।" ਅਸਲ ਵਿਚ ਉਹ ਮੇਰੇ ਨਾਲ ਕੁਝ ਬੇਤਕੱਲੁਫ਼ ਹੋ ਗਏ ਸਨ। ਉਹ ਮੇਰੇ ਦੋਸਤ ਬਣ ਗਏ ਸਨ।

ਕਦੇ ਕਦੇ ਬਾਂਦਰ ਮੈਨੂੰ ਅਜਬ ਜਿਹਾ ਮੂੰਹ ਬਣਾ ਕੇ ਟਿੱਚਰ ਜਿਹੀ ਵੀ ਕਰਦਾ ਹੁੰਦਾ। ਅਸਲ ਵਿਚ ਉਹ ਮੈਨੂੰ ਆਪਣੇ ਹਾਣ ਦਾ ਹੀ ਸਮਝਦੇ।

ਪਿਆਰ ਵੀ ਬਹੁਤ ਕਰਦੇ ਸਨ। ਜੇ ਕਦੇ ਮੈਂ ਇਕ ਦਿਨ ਲਈ ਗੁਰੂ ਹੋਰਾਂ ਵਲ ਚਲਿਆ ਜਾਂਦਾ, ਦੋਵੇਂ ਆਪਣੀ ਅੰਮੀ ਬੀਬੀ ਗਿਆਨ ਕੌਰ ਨੂੰ ਪੁੱਛਣ ਲਗਦੇ : "ਆਪਣਾ ਧੀਰ ਕਿਥੇ ਗਿਆ? ਸਾਡਾ ਧੀਰ ਹੋਰਾਂ ਲੋਕਾਂ ਦੇ ਘਰ ਕਿਉਂ ਚਲਿਆ ਜਾਂਦਾ ਏ?"

ਇਕ ਵਾਰ ਮੈਂ ਬਾਂਦਰੀ ਨੂੰ ਪਿਆਰ ਨਾਲ ਇਹ ਕਿਹਾ ਸੀ :

ਨਾ ਮੇਰਾ ਪੁੱਤ
ਨਾ ਮੇਰੀ ਧੀ
ਨਾ ਮੇਰਾ ਸ਼ੇਰ।

ਹੁਣ ਉਹ ਮੈਨੂੰ ਆਖਿਆ ਕਰੇ :

ਨਾ ਮੇਰਾ ਪੁੱਤ
ਨਾ ਮੇਰੀ ਧੀ
ਨਾ ਮੇਰਾ ਸ਼ੇਰ।

ਇਸੇ ਕਾਰਨ ਮੈਨੂੰ ਇਹ ਦੋਵੇਂ ਬਹੁਤ ਪਿਆਰੇ ਲਗਦੇ ਸਨ।

## ੩

ਭਜਨ ਸਿੰਘ ਨਾਹਲ ਅਤੇ ਬੀਬੀ ਮਲਕੀਅਤ ਦੇ ਬੜੇ ਹੀ ਸੁਹਣੇ ਪੁੱਤਰ ਦਾ ਨਾਂ ਦਿਲਜੀਤ ਹੈ। ਬੜਾ ਹੀ ਸੁਹਣਾ ਬੱਚਾ ਹੈ।

ਰੰਗ ਗੋਰਾ, ਵਾਲ ਭੂਰੇ, ਉਮਰ ਲਗ ਪਗ ਦਸ ਕੁ ਵਰ੍ਹੇ। ਗੋਲ ਚਿਹਰਾ, ਸ਼ਕਲ ਭੋਲੀ, ਬੜਾ ਹੀ ਸੁੰਦਰ ਬੱਚਾ ਸੀ। ਦੇਖ ਕੇ ਭੁੱਖ ਲਹਿ ਜਾਂਦੀ ਸੀ। ਏਨਾ ਸੁਹਣਾ ਤੇ ਨਿਰਛਲ ਬੱਚਾ ਕੁਦਰਤ ਦੀ ਇਕ ਦਾਤ ਹੀ ਹੈ।

ਅਸਲ ਵਿਚ ਮਾਤਾ ਪਿਤਾ ਵੀ ਉਸ ਦੇ ਬਹੁਤ ਸੁਹਣੇ ਸਨ। ਨਾਹਲ ਅਤੇ ਬੀਬੀ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਲਕੀਅਤ ਆਪ [illegible] । ਇਕ ਲੜਕਾ, ਇਕ ਲੜਕੀ, ਉਹਨਾਂ ਦੀ ਸੰਤਾਨ ਹਨ। ਲੜਕਾ ਇਹ ਦਿਲਜੀਤ ਹੈ। ਲੜਕੀ ਉਸ ਤੋਂ ਵੱਡੀ ਹੈ।

ਨਿਰਸੰਦੇਹ ਦਿਲਜੀਤ ਵੀ ਮੇਰੇ ਕਾਫ਼ੀ ਨੇੜੇ ਹੋ ਗਿਆ ਸੀ।

ਇਕ ਦਿਨ ਦਿਲਜੀਤ ਨੇ ਮੈਨੂੰ ਆਪਣੀ ਇਕ, ਨਿਸ਼ਾਨੀ ਵਜੋਂ, ਬੜੀ ਹੀ ਸੁਹਣੀ ਫ਼ੋਟੋ ਦਿਤੀ। ਫ਼ੋਟੋ ਵਿਚ ਦਿਲਜੀਤ ਦੀ ਗਰਦਨ ਥੋੜੀ ਜਿਹੀ ਟੇਢੀ ਹੈ ਤੇ ਬੁਲ੍ਹਾਂ ਉਤੇ ਮੁਸਕਰਾਹਟ। ਅੱਖਾਂ ਬਹੁਤ ਭੋਲੀਆਂ ਹਨ। ਚਿਹਰਾ ਖਿਲਿਆ ਹੋਇਆ ਹੈ ਤੇ ਮੱਥੇ ਉਤੇ ਹਲਕੇ ਜਿਹੇ ਚਾਨਣ ਦੀ ਕੁਝ ਆਭਾ ਹੈ। ਗੱਲ੍ਹਾਂ ਉਤੇ ਟੋਏ ਹਨ। ਹੋਠਾਂ ਵਿਚੋਂ ਹਲਕੇ ਜਿਹੇ ਦੰਦ ਨਜ਼ਰ ਆ ਰਹੇ ਹਨ। ਵਾਲ ਬੜੇ ਹੀ ਸੁਹਣੇ ਅਤੇ ਸੰਘਣੇ ਕੱਟੇ ਹੋਏ ਹਨ ਜੋ ਗਰਦਨ ਵਿਚ ਡਿਗ ਰਹੇ ਹਨ। ਚੀਰ ਖੱਬੇ ਵਲ ਨੂੰ ਹੈ। ਵਾਲਾਂ ਵਿਚੋਂ ਥੋੜਾ ਜਿਹਾ ਖੱਬਾ ਕੰਨ ਦਿਸ ਰਿਹਾ ਹੈ।

ਫ਼ੋਟੋ ਉਤੇ ਦਿਲਜੀਤ ਨੇ ਆਪਣੇ ਦਸਖ਼ਤ ਕੀਤੇ ਹੋਏ ਹਨ—ਦਿਲਜੀਤ ਸਿੰਘ ਨਾਹਲ। ਹੇਠਾਂ ਘਰ ਦਾ ਪਤਾ ਅਤੇ ਤਾਰੀਖ਼ ਵੀ ਲਿਖੀ ਹੋਈ ਹੈ। ਇਹ ਸਭ ਪਿਛਲੇ ਪਾਸੇ ਹੈ। ਅੰਗਰੇਜ਼ੀ ਵਿਚ।

੨੮ ਜੁਲਾਈ, ੭੪ ਨੂੰ ਦਿਲਜੀਤ ਨੇ ਮੈਨੂੰ, ਪਿਆਰ ਨਾਲ, ਇਹ ਫ਼ੋਟੋ ਭੇਂਟ ਕੀਤੀ ਸੀ।

## ੪

ਇਕ ਬੱਚਾ ਹੋਰ ਹੈ ਜੋ ਲਗ ਪਗ ਏਨਾ ਹੀ ਸੁਹਣਾ ਹੈ। ਉਸ ਦਾ ਨਾਂ "ਪਵਿੱਤਰ" ਹੈ। ਕਹਿੰਦੇ ਉਸ ਨੂੰ "ਪਿੱਤਾ" ਸਨ। ਇਹ ਬੱਚਾ ਸਾਥੀ ਕੇਸਰ ਸਿੰਘ ਹੋਰਾਂ ਦਾ ਦੋਹਤਾ ਹੈ।

ਪਿੱਤਾ ਡਰਬੀ ਰਹਿੰਦਾ ਸੀ। ਕਦੇ ਕਦੇ ਨੌਟਿੰਘਮ, ਆਪਣੇ ਨਾਨਕੀਂ, ਆਉਂਦਾ ਹੁੰਦਾ ਸੀ। ਉਸ ਸਮੇਂ ਉਸ ਦੀ ਉਮਰ ਅੱਠ ਕੁ ਵਰ੍ਹੇ ਦੇ ਨੇੜੇ ਸੀ।

ਪਿੱਤਾ, ਹਾਲਾਂਕਿ ਬੱਚਾ ਹੈ, ਪਰ ਸ੍ਵੈਵਿਸ਼ਵਾਸ਼ ਬਹੁਤ ਹੈ। ਸ਼ਖ਼ਸੀਅਤ ਕਾਫ਼ੀ ਚੰਗੀ ਹੈ। ਛੁਟਿੱਤਣ ਦਾ ਇਹਸਾਸ ਉਸ ਦੇ ਨੇੜੇ ਤੇੜੇ ਵੀ ਨਹੀਂ ਹੈ। ਆਪ ਤੋਂ ਵੱਡੇ ਨਾਲ ਵੀ ਬਰਾਬਰਤਾ ਦੀ ਪੱਧਰ ਉਤੇ ਹੀ ਗੱਲ ਕਰਨ ਦੀ ਆਦਤ ਹੈ। ਜਿਵੇਂ ਉਹ ਉਸ ਤੋਂ ਛੋਟਾ ਨਹੀਂ, ਸਗੋਂ ਉਸ ਦਾ ਹਾਣੀ ਹੋਵੇ।

ਕੁਲਦੀਪ ਸਿੰਘ ਸਾਥੀ ਕੇਸਰ ਸਿੰਘ ਹੋਰਾਂ ਦਾ ਲੜਕਾ ਹੈ ਜਿਸ ਦੀ ਉਮਰ ਉਸ ਸਮੇਂ ਕੋਈ ਪੱਚੀ ਛੱਬੀ ਵਰ੍ਹੇ ਦੀ ਸੀ। ਕੁਲਦੀਪ ਪਿੱਤੇ ਦਾ ਮਾਮਾ ਹੈ, ਪਰ ਪਿੱਤਾ ਉਸ ਨੂੰ ਮਾਮਾ ਜੀ ਜਾਂ ਮਾਮਾ ਨਹੀਂ ਸੀ ਆਖਦਾ, "ਕੁਲਦੀਪ" ਹੀ ਸਿੱਧਾ ਆਖਦਾ। "ਕੁਲਦੀਪ!" ਕੁਲਦੀਪ ਵੀ ਉਸ ਨੂੰ ਉਸੇ ਤਰ੍ਹਾਂ ਹੀ ਅਗੋਂ ਉੱਤਰ ਦਿੰਦਾ ਸੀ : "ਹਾਂ।" ਉਹਨੇ ਵੀ ਇਸ ਪੱਧਰ ਨੂੰ ਪਰਵਾਨ ਹੀ ਕੀਤਾ ਹੋਇਆ ਸੀ।

ਦੋਵੇਂ, ਏਕਨ ਗੱਲਾਂ ਕਰਦੇ, ਸੁਹਣੇ ਵੀ ਬਹੁਤ ਲਗਦੇ ਸਨ। ਕਿਉਂਕਿ ਇਸ ਵਿਚ ਕਿਸੇ ਤਰ੍ਹਾਂ ਦਾ ਕੋਈ ਦਿਖਾਵਾ ਨਹੀਂ ਹੀ, ਸਹਿਜ-ਭਾਵ ਜਾਂ ਕੁਦਰਤ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[illegible] । ਰੰਗ ਬੜਾ ਹੀ ਸੁਹਣਾ, ਗੋਰਾ।

ਪਹਿਲਾਂ ਉਹ ਮੈਥੋਂ ਥੋੜਾ ਥੋੜਾ ਦੂਰ ਦੂਰ ਜਿਹਾ ਰਹਿੰਦਾ ਸੀ। ਫੇਰ ਨੇੜੇ ਹੋ ਗਿਆ ਸੀ।

ਅਸਲ ਵਿਚ ਉਹ ਵਾਕਫ਼ੀ ਬਿਨਾਂ ਨੇੜੇ ਕਿਵੇਂ ਹੋ ਸਕਦਾ ਸੀ ? ਉਸ ਨੂੰ ਆਪਣੇ ਆਪੇ ਦੀ ਵਡਿਆਈ ਕਰਨੀ ਆਉਂਦੀ ਸੀ।

## ੫

ਪ੍ਰੀਤਮ ਸਿੱਧੂ ਦਾ ਪੁੱਤਰ, ਰਵੀ, ਵੀ ਮੈਨੂੰ ਯਾਦ ਆ ਰਿਹਾ ਹੈ। ਉਹ ਬੜਾ ਹੀ ਚੰਗਾ ਬੱਚਾ ਹੈ। ਉਸ ਦੀ ਉਮਰ, ਉਸ ਸਮੇਂ, ਕੋਈ ਅੱਠ ਜਾਂ ਦਸ ਵਰ੍ਹੇ ਦੀ ਸੀ।

ਬੜਾ ਸਿਆਣਾ ਬੱਚਾ ਹੈ। ਕਿਸੇ ਦੇ ਦਿਲ ਦੇ ਹਾਵਾਂ ਭਾਵਾਂ ਨੂੰ ਝੱਟ ਗ੍ਰਹਿਣ ਕਰ ਲੈਂਦਾ ਹੈ। ਸਮਝੋ ਜਿਵੇਂ ਐਕਟਰ ਹੈ।

ਮੈਨੂੰ ਅਜੇ ਇੰਗਲੈਂਡ ਆਏ ਨੂੰ ਥੋੜੇ ਦਿਨ ਹੀ ਹੋਏ ਸਨ। ਰਵੀ ਨੇ ਮੈਨੂੰ ਇਕ ਦੋ ਵਾਰ ਹੀ ਅਜੇ ਦੇਖਿਆ ਹੋਇਆ ਸੀ। ਮੈਨੂੰ, ਗੱਲਾਂ ਕਰਨ ਵੇਲੇ, ਥੋੜਾ ਥੋੜਾ, ਸੈਨਤਾਂ ਵਜੋਂ, ਹੱਥ ਜਿਹੇ ਮਾਰਨ ਦੀ ਆਦਤ ਹੈ। ਰਵੀ ਨੇ ਮੇਰੀ ਨਕਲ ਲਾਹੀ। ਸੱਚ ਜਾਣੋ, ਰਵੀ ਨੇ ਬੜੀ ਹੀ ਚੰਗੀ ਐਕਟਿੰਗ ਕੀਤੀ ਸੀ। ਸਾਨੂੰ ਬੜੀ ਹੀ ਹਾਸੀ ਆਈ।

ਅੱਖਾਂ ਬਹੁਤ ਸੁਹਣੀਆਂ ਹਨ; ਬੁਲ੍ਹ ਬੜੇ ਹੀ ਸੁਹਣੇ ਹਨ; ਬਾਂਕੀ ਅਤੇ ਦਿਲਕਸ਼ ਅਦਾ; ਭੋਲਾ ਵੀ, ਸੁਜਾਨ ਵੀ; ਰਵੀ ਵਿਚ ਕੁਝ ਇਹੋ ਜਿਹੀਆਂ ਸਿਫ਼ਤਾਂ ਛੁਪੀਆਂ ਹੋਈਆਂ ਹਨ, ਜਿਹੜੀਆਂ, ਜਦੋਂ ਉਜਾਗਰ ਹੋਈਆਂ, ਕਲਾ ਦੇ ਕਿਸੇ ਨਾ ਕਿਸੇ ਖੇਤਰ ਵਿਚ ਵੱਡਾ ਹਿੱਸਾ ਪਾ ਜਾਵੇਗਾ। ਜਿਥੋਂ ਤਕ ਮੈਂ ਦੇਖਿਆ ਹੈ, ਉਸ ਵਿਚ ਐਕਟਰ ਬਣਨ ਦੀਆਂ ਸੰਭਾਵਨਾਵਾਂ ਕੁਝ ਵੱਧ ਹੀ ਹਨ। ਜੇ ਉਹ ਐਕਟਰ ਬਣਿਆ ਤਾਂ ਬਣੇਗਾ ਵੀ ਚੰਗਾ ਐਕਟਰ।

ਨਿਰਸੰਦੇਹ, ਰਵੀ ਨੇ ਮੈਨੂੰ ਸਦਾ ਹੀ ਖਿੱਚਾਂ ਪਾਈਆਂ ਹਨ।

## ੬

ਗਿਆਨੀ ਦਰਸ਼ਨ ਸਿੰਘ ਦਾ ਦੋਹਤਾ ਤਿੰਨ ਜਾਂ ਚਾਰ ਕੁ ਵਰ੍ਹੇ ਦਾ ਸੀ। ਫ਼ਿਲਮੀ ਪਰੀ ਹੇਮਾ ਮਾਲਣੀ ਉਸ ਨੂੰ ਬੜੀ ਹੀ ਚੰਗੀ ਲਗਦੀ।

"ਬੇਟਾ, ਤੇਰੀ ਮਾਂ ਦਾ ਨਾਉਂ ਕੀ ਐ ?"

"ਹੇਮਾ ਮਾਲਣੀ।"

"ਵਿਆਹ ਕੀਹਦੇ ਨਾਲ ਕਰਵਾਇੰਗਾ ?"

"ਹੇਮਾ ਮਾਲਣੀ ਨਾਲ।"

 CC-0. In Public Domain. Gurukul Kangri Collection, Haridwar

ਗੁਰਦੁਆਰੇ ਕੜਾਹ ਪ੍ਰਸ਼ਾਦ ਲੈਣ ਤੋਂ ਮਗਰੋਂ ਆਖਦਾ ਹੁੰਦਾ :

'ਹੇ ਵਾਹਿਗੁਰੂ, ਹੇਮਾ ਮਾਲਣੀ ਨੂੰ ਰਾਜ਼ੀ ਰੱਖੀਂ ।'

Digitized by Arya Samaj Foundation Chennai and eGangotri

ਬੜੀ ਹੀ ਭਾਗਾਂ ਵਾਲੀ ਸੀ, ਫ਼ਿਲਮੀ ਪਰੀ, ਹੇਮਾ ਮਾਲਣੀ ।

ਬੱਚੇ ਦਾ ਨਾਂ ਹੈੱਪੀ ਸੀ ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

# ਵਾਪਸੀ

ਪੂਰਾ ਵਰ੍ਹਾ ਹੋ ਗਿਆ ਸੀ। ਹੁਣ ਮੈਂ ਵਾਪਸ ਜਾਣਾ ਸੀ।

ਮੇਰਾ ਜਾਣਾ ਤਾਂ ਚੰਗਾ ਸੀ, ਪਰ ਵਾਪਸੀ ਚੰਗੀ ਨਹੀਂ ਸੀ। ਬੜਾ ਹੀ ਸੁਹਣਾ ਦੁੱਧ ਸੀ, ਪਰ ਇਸ ਦੁੱਧ ਵਿਚ ਇਕ ਤਰ੍ਹਾਂ ਦੀ ਕਾਂਜੀ ਜਿਹੀ ਘੁਲ ਗਈ ਸੀ ਜੋ ਘੁਲਣੀ ਨਹੀਂ ਸੀ ਚਾਹੀਦੀ। ਇਸ ਕਾਂਜੀ ਨੇ ਬਹੁਤ ਹੀ ਬੇਸੁਆਦੀ ਪੈਦਾ ਕਰ ਦਿਤੀ ਸੀ।

ਅਸਲ ਵਿਚ ਮੈਂ ਆਪਣੇ ਆਪ ਨੂੰ ਠੀਕ ਨਹੀਂ ਰਖ ਸਕਿਆ ਸਾਂ, ਕਾਫ਼ੀ ਗ਼ਲਤ ਹੋ ਗਿਆ ਸਾਂ। ਵਾਧਾ ਇਸ ਵਿਚ ਇਹ ਸੀ ਕਿ ਮੈਨੂੰ ਆਪਣੀ ਗ਼ਲਤੀ ਦਾ ਇਹਸਾਸ ਹੀ ਨਹੀਂ ਹੁੰਦਾ ਸੀ, ਸਗੋਂ ਮੈਨੂੰ ਆਪਣੀ ਗ਼ਲਤੀ ਠੀਕ ਹੀ ਨਜ਼ਰ ਆਉਂਦੀ ਸੀ। ਆਖ਼ਿਰ ਐਕਸੀਡੈਂਟ ਹੋਇਆ। ਸਫ਼ਰਨਾਮਾ, ਜਿਹੜਾ ਮੈਂ ਇੰਗਲੈਂਡ ਵਿਚ ਲਿਖ ਰਿਹਾ ਸਾਂ, ਸਾਰਾ ਗ਼ਲਤ ਹੋ ਗਿਆ ਸੀ, ਕਿਉਂਕਿ ਉਸ ਵਿਚ ਬਹੁਤ ਕੁਝ ਮੈਂ ਇਹੋ ਜਿਹਾ ਲਿਖ ਦਿਤਾ ਸੀ ਜੋ ਉੱਕਾ ਵਾਜਬ ਨਹੀਂ ਸੀ। ਪਤਾ ਨਹੀਂ ਇਹ ਸਾਰਾ ਕੁਝ ਮੈਂ ਲਿਖ ਵੀ ਕਿਵੇਂ ਦਿਤਾ ਸੀ। ਬਹੁਤ ਕੁਝ ਬੇਲੋੜਾ ਸੀ, ਤੇ ਬਹੁਤ ਕੁਝ ਅਸ਼ਲੀਲ ਵੀ। ਅਸਲ ਵਿਚ ਪਰਸੰਗ ਤੋਂ ਬਾਹਰ ਜੋ ਕੁਝ ਲਿਖਿਆ ਜਾਂਦਾ ਹੈ, ਉਹ ਅਸ਼ਲੀਲ ਹੀ ਹੁੰਦਾ ਹੈ। ਸਿਰਫ਼ ਇਕ ਪਰਸੰਗ ਹੈ ਜੋ ਸਭ ਕੁਝ ਠੀਕ ਹੀ ਰਖਦਾ ਹੈ।

ਨਿਰਸੰਦੇਹ, ਮੈਨੂੰ ਬੜੇ ਹੀ ਭੈੜੇ ਸਿੱਟੇ ਭੋਗਣੇ ਪਏ। ਮੇਰੇ ਸਫ਼ਰਨਾਮੇ ਬਾਰੇ ਬੜੀ ਹੀ ਸਖ਼ਤ ਆਲੋਚਨਾ ਹੋਈ। ਇਕ ਅਖ਼ਬਾਰ ਨੇ ਮੇਰੇ ਵਿਰੁੱਧ ਮੁਹਿੰਮ ਹੀ ਸ਼ੁਰੂ ਕਰ ਦਿਤੀ ਸੀ। ਠੀਕ, ਇਸ ਨਾਲ ਮੇਰੇ ਮਾਣ-ਸਤਿਕਾਰ ਨੂੰ ਬੜੀ ਹੀ ਹਾਨੀ ਪੁੱਜੀ। ਗ਼ਲਤੀ ਇਸ ਵਿਚ ਕਿਸ ਦੀ ਸੀ? ਮੇਰੀ ਸੀ—ਸਿਰਫ ਮੇਰੀ। ਮੇਰੀ ਆਪਣੀ ਗ਼ਲਤੀ ਨਾਲ ਹੀ ਮੇਰੇ ਮਾਣ ਵਿਚ ਕਮੀ ਆਈ। ਜਿਨ੍ਹਾਂ ਲੋਕਾਂ ਨੇ ਮੇਰੇ ਉਤੇ ਨੁਕਤਾਚੀਨੀ ਕੀਤੀ ਸੀ, ਉਹ ਸੌ ਫ਼ੀ ਸਦੀ ਠੀਕ ਸਨ। ਭਾਵੇਂ ਢੰਗ ਉਸਾਰੂ ਦੀ ਥਾਂ ਬਹੁਤ ਹੱਦ ਤਕ ਢਾਹੂ ਸੀ।

ਮੇਰੇ ਇੰਗਲੈਂਡ ਦੇ ਅੰਤਲੇ ਦਿਨ ਮੇਰੇ ਮਨ ਦੀ ਦੁਨੀਆਂ ਲਈ ਇਕ ਵੱਡੀ ਹਲਚਲ ਵਾਲੇ ਸਨ। ਇਕ ਅਥਾਹ ਪੀੜਾ ਵਿਚੋਂ ਮੇਰਾ ਮਨ ਲੰਘ ਰਿਹਾ ਸੀ ਜਿਸ ਵਿਚ ਕੁਝ ਨਮੋਸ਼ੀ ਨੇ ਵੀ ਗਲਬਾ ਪਾਇਆ ਹੋਇਆ ਸੀ। ਅਸੀਂ ਬਹੁਤ ਕੁਝ ਚਾਹੁੰਦੇ ਹਾਂ, ਪਰ ਸਭ ਤੋਂ ਵੱਡੀ ਤੇ ਕੀਮਤੀ ਦੌਲਤ ਇਨਸਾਨ ਲਈ ਮਾਣ ਜਾਂ ਇੱਜ਼ਤ ਹੈ। ਸਾਰੀ ਦੁਨੀਆਂ ਇਸ ਦੌਲਤ ਦੇ ਸਾਹਮਣੇ ਤੁੱਛ ਜਾਂ ਹੇਚ ਹੈ। ਇਨਸਾਨ ਨੂੰ ਇਸੇ ਦੌਲਤ ਨੂੰ ਇਕੱਤਰ ਕਰਨਾ ਚਾਹੀਦਾ ਹੈ।



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੇਰੇ ਪਾਸ ਵੀ ਇਸ ਦੌਲਤ ਦੀ ਘਾਟ ਜਾਂ ਕਮੀ ਨਹੀਂ ਸੀ, ਸਗੋਂ ਮੈਂ ਇਹ ਕਾਫੀ ਤੋਂ ਵੱਧ ਇਕੱਤਰ ਕੀਤੀ ਹੋਈ ਸੀ। ਪਰ ਜਿਵੇਂ ਆਖਦੇ ਹੁੰਦੇ ਹਨ ਕਿ ਸਿਰਜਣਾ ਕਰਨੀ ਔਖੀ ਹੈ, ਵਿਨਾਸ਼ ਕਰ ਦੇਣਾ ਸੌਖਾ ਹੈ, ਇਸੇ ਤਰ੍ਹਾਂ ਇਨਸਾਨ ਦੀ ਬਣੀ ਹੋਈ ਇੱਜ਼ਤ ਬਾਰੇ ਵੀ ਠੀਕ ਹੀ ਹੈ। ਇਹ ਵੀ ਬਣਦੀ ਮੁਸ਼ਕਿਲ ਹੈ, ਪਰ ਉਡ ਪੁਡ ਉਂਜ ਹੀ ਜਾਂਦੀ ਹੈ। ਇਸ ਲਈ ਇਸ ਦੀ ਜਾਨ ਤੋਂ ਵੱਧ ਹਿਫ਼ਾਜ਼ਤ ਕਰਨੀ ਚਾਹੀਦੀ ਹੈ।

ਮੈਨੂੰ ਆਪਣੀ ਇੱਜ਼ਤ ਆਪਣੀ ਜਾਨ ਤੋਂ ਵੱਧ ਪਿਆਰੀ ਹੈ। ਪਰ ਜਿਵੇਂ ਜਾਨ ਵੀ ਸਾਡੀ ਕਈ ਵਾਰ ਖ਼ਤਰੇ ਵਿਚ ਪੈ ਜਾਂਦੀ ਹੈ, ਇਸੇ ਤਰ੍ਹਾਂ ਹੀ ਇੱਜ਼ਤ ਹੈ। ਦੂਜੇ, ਕੁਝ ਸਮਾਜ ਵੀ ਹੈ। ਜੇ ਕੋਈ ਕਿਧਰੇ ਭੁਲ ਭੁਲੇਖੇ ਚਿੱਕੜ ਵਿਚ ਡਿਗ ਪੈਂਦਾ ਹੈ ਤਾਂ ਅਸੀਂ ਦੇਖ ਕੇ ਹਸਦੇ ਹਾਂ। ਕਿਸੇ ਦਾ ਲਥ ਪਥ ਹੋਇਆ ਹੋਣਾ ਸਾਡੇ ਲਈ ਇਕ ਦ੍ਰਿਸ਼ ਹੀ ਹੈ। ਜਿਵੇਂ ਅਸੀਂ ਆਪ ਕਦੇ ਵੀ ਨਾ ਇਉਂ ਲਥ ਪਥ ਹੋਏ ਹਾਂ ਤੇ ਨਾ ਹੀ ਕਦੇ ਹੋ ਸਕਦੇ ਹਾਂ। ਇਹ ਬੜੀ ਹੀ ਘਟੀਆ ਦੇਖਣੀ ਹੈ। ਚੰਗੇ ਬੰਦੇ ਇਸ ਦ੍ਰਿਸ਼ ਨੂੰ ਦੇਖ ਕੇ ਕਦੇ ਵੀ ਹਸਦੇ ਨਹੀਂ।

ਮੇਰਾ ਪੈਰ ਫ਼ਿਸਲਿਆ, ਪਰ ਮੈਂ ਉਠ ਕੇ ਖੜਾ ਹੋਇਆ। ਆਖ਼ਿਰ ਗੱਲ ਹੀ ਕੀ ਹੈ ਇਹ? ਮੈਨੂੰ ਆਪਣੇ ਕੱਪੜੇ ਸਾਫ਼ ਸਫ਼ਾਫ਼ ਕਰ ਲੈਣੇ ਚਾਹੀਦੇ ਹਨ।

ਪਰ, ਇਹ ਅੱਜ ਦੀ ਹਾਲਤ ਹੈ। ਉਦੋਂ ਜੋ ਕੁਝ ਹਾਲਤ ਸੀ, ਉਹ ਮੈਂ ਵਰਣਨ ਕੀਤੀ ਹੈ। ਮੇਰੇ ਮਨ ਦੀ ਇਹੋ ਜਿਹੀ ਅੱਘੜ ਦੁੱਘੜ ਜਿਹੀ ਹਾਲਤ ਸੀ ਜਦ ਮੈਂ ਵਾਪਸ ਆਇਆ ਸਾਂ।

ਮੇਰੀ ਇੱਛਾ ਇਹ ਸੀ ਕਿ ਵਾਪਸੀ ਵਿਚ ਮੈਂ ਆਉਂਦਾ ਹੋਇਆ ਮਾਸਕੋ ਰਾਹੀਂ ਹੋ ਕੇ ਆਵਾਂ। ਰੂਸ ਦੇਖਿਆ ਨਹੀਂ ਸੀ। ਇਸ ਲਈ ਥੋੜੀ ਕੋਸ਼ਿਸ਼ ਕੀਤੀ। ਮੈਨੂੰ ਲੇਖਕ ਯੂਨੀਅਨ ਵਲੋਂ ਸੱਦਾ ਪੱਤਰ ਆ ਗਿਆ ਸੀ। ਪੰਜ ਕੁ ਦਿਨ ਮੈਂ ਰਹਿਣਾ ਸੀ।

੧੫ ਜੂਨ, ੭੫ ਨੂੰ ਮੈਂ ਲੰਡਨ ਤੋਂ ਉਡਾਰੀ ਮਾਰਕੇ ਮਾਸਕੋ ਵਿਚ ਜਾ ਲਹਿਣਾ ਸੀ। ਸੀਟ ਬੁੱਕ ਹੋ ਚੁੱਕੀ ਸੀ।

ਅੱਟਾ ਹੋਰਾਂ ਦਾ ਘਰ ਸੀ। ੧੨ ਜੂਨ, ੭੫ ਨੂੰ ਅਚਾਨਕ ਪਤਾ ਲਗਾ ਕਿ ਭਾਰਤ ਵਿਚ ਕੋਈ ਬਹੁਤ ਵੱਡੀ ਘਟਨਾ ਵਾਪਰ ਗਈ ਹੈ ਜਿਸਦੀ ਸਾਰੀ ਦੁਨੀਆਂ ਵਿਚ ਹੀ ਧੁੰਮ ਜਿਹੀ ਪੈ ਗਈ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਪਾਰਲੀਮੈਂਟ ਦੀ ਮੈਂਬਰੀ ਬਾਰੇ ਅਲਾਹਾਬਾਦ ਹਾਈਕੋਰਟ ਨੇ ਜਿਹੜਾ ਫ਼ੈਸਲਾ ਦਿਤਾ ਸੀ ਉਸਦੀ ਖ਼ਬਰ ਅੱਜ ਸਵੇਰੇ ਰੇਡੀਓ ਉਤੇ ਆ ਗਈ ਸੀ ਤੇ ਇਸ ਖ਼ਬਰ ਨੇ ਇਕ ਤਰ੍ਹਾਂ ਤਰਥੱਲੀ ਜਿਹੀ ਪਾ ਦਿਤੀ ਸੀ। ਪਰ ਮੈਂ ਅੱਜ ਕਲ੍ਹ ਕਾਫ਼ੀ ਹੱਦ ਤਕ ਅੰਤਰਮੁਖੀ ਹੋ ਗਿਆ ਸਾਂ ਤੇ ਆਪਣੇ ਮਨ ਦੀ ਕਿਸੇ ਹਨੇਰੀ ਨੁੱਕਰ ਵਿਚ ਬਹਿ ਚੁੱਕਾ ਸਾਂ। ਜੋ ਕੁਝ ਬਾਹਰ ਹੁੰਦਾ ਸੀ, ਉਸ ਦੇ ਬਹੁਤਾ ਨੇੜੇ ਹੋਣ ਨੂੰ ਦਿਲ ਨਹੀਂ ਕਰ ਰਿਹਾ ਸੀ। ਮੇਰੇ ਆਪਣੇ ਅੰਦਰ ਇਕ ਤੂਫ਼ਾਨ ਝੁੱਲਿਆ ਪਿਆ ਸੀ। ਤਾਂ ਵੀ, ਮੈਂ ਸੰਸਾਰ ਨਾਲ ਵੀ ਕੁਝ ਨਾ ਕੁਝ ਸਹਿਯੋਗ ਕਰਦਾ। ਮੈਨੂੰ ਇਸ ਲਈ ਬੜੀ ਹੀ ਜ਼ੋਰ-ਅਜ਼ਮਾਈ ਕਰਨੀ ਪੈਂਦੀ ਸੀ।

੧੩ ਜੂਨ, ਬਾਅਦ ਦੁਪਹਿਰ, ਬਾਬੂ ਸਿੰਘ ਜੀ ਮਾਂਗਟ ਹੋਰਾਂ ਮੈਨੂੰ ਪਾਰਟੀ ਦੇਣੀ ਸੀ। ਉਹਨਾਂ ਨੇ ਮੇਰੀ ਪਾਰਟੀ ਉਤੇ ਕਾਫ਼ੀ ਲੋਕ ਬੁਲਾਏ ਸਨ ਜਿਨ੍ਹਾਂ ਵਿਚੋਂ ਬਹੁਤੇ ਸਿੱਖ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਆਸਤ ਨਾਲ ਸੰਬੰਧਤ ਸਨ। ਪਾਰਟੀ ਬੜੀ ਹੀ ਚੰਗੀ ਸੀ। ਪਰ ਮੈਨੂੰ ਇਸ ਵਿਚ ਹਿੱਸਾ ਲੈਣ ਲਈ ਆਪਣੇ ਮਨ ਵਿਚ ਬਹੁਤ ਹੀ ਸੰਗਰਾਮ ਕਰਨਾ ਪਿਆ ਸੀ।

ਅੰਤ ਉਤੇ ਇੰਦਰਾ ਬਾਰੇ ਗੱਲਾਂ ਹੋਣ ਲਗ ਪਈਆਂ ਸਨ। ਇਕ ਸੱਜਣ ਨੇ ਆਖਿਆ: "ਦੇਖੋ ਜੀ, ਬੜਾ ਹੀ ਚੰਗਾ ਹੋਇਆ। ਇਹ ਤਾਂ ਹੋਈ ਨਾ ਗੱਲ ਕੋਈ। ਏਕਣ ਹੋਣਾ ਚਾਹੀਦੈ।"

ਇਕ ਸੱਜਣ ਨੇ ਆਖਿਆ, ਮੈਂ ਬਹੁਤ ਹੀ ਭਾਗਾਂ ਵਾਲਾ ਹਾਂ ਜੋ ਵਾਪਸ ਦੇਸ ਜਾ ਰਿਹਾ ਹਾਂ। ਆਪਣੇ ਦੇਸ ਦੀ ਧੂੜ ਤੇ ਮਿੱਟੀ।

ਬਾਬੂ ਸਿੰਘ ਮਾਂਗਟ ਹੋਰਾਂ ਮੈਨੂੰ ਇਕ ਬੜਾ ਹੀ ਸੁਹਣਾ ਕੀਮਤੀ ਤੁਹਫ਼ਾ ਦਿਤਾ ਸੀ। ਇਹ ਇਕ ਸੁਨਹਿਰੀ ਸੈੱਟ ਸੀ। ਇਕ ਪੈੱਨ, ਦੋ ਅਸ਼ਟੱਡ, ਇਕ ਟਾਈ ਦੀ ਪਿੰਨ ਜਾਂ ਸੂਈ। ਡੱਬੀ ਵਿਚ ਇਹ ਸਾਰੀਆਂ ਚੀਜ਼ਾਂ ਝੰਮ ਝੰਮ ਕਰ ਰਹੀਆਂ ਸਨ।

ਇੰਗਲੈਂਡ ਬੜਾ ਹੀ ਸੁੰਦਰ ਸੀ, ਗਰਮੀਆਂ ਦੀ ਮੌਸਮ ਵਿਚ ਇਹ ਹੋਰ ਸੁਹਣਾ ਹੋ ਗਿਆ ਸੀ, ਪਰ ਮੇਰਾ ਦਿਲ ਹੁਣ ਬੜੀ ਹੀ ਛੇਤੀ ਚਲੇ ਜਾਣ ਨੂੰ ਕਰਦਾ ਸੀ। ਅਸਲ ਵਿਚ ਮੈਂ ਰਿਹਾ ਵੀ ਇੰਗਲੈਂਡ ਵਿਚ ਬਹੁਤ ਸਮਾਂ ਸਾਂ। ਮੈਨੂੰ ਕੁਝ ਮਹੀਨਿਆਂ ਮਗਰੋਂ ਵਾਪਸ ਆ ਜਾਣਾ ਚਾਹੀਦਾ ਸੀ।

ਮੈਨੂੰ ਆਪਣੇ ਮਨੋਰੋਗ ਦਾ ਬਹੁਤ ਅਫ਼ਸੋਸ ਹੋ ਰਿਹਾ ਸੀ। ਜਦੋਂ ਇੰਗਲੈਂਡ ਆਇਆ ਸਾਂ, ਉਦੋਂ ਵੀ ਬੀਮਾਰ ਸਾਂ, ਜਦ ਹੁਣ ਜਾਣ ਲਗਾ ਸਾਂ, ਹੁਣ ਵੀ ਠੀਕ ਨਹੀਂ ਸਾਂ। ਇਹ ਮੇਰੇ ਲਈ ਦੁਖਾਂਤ ਸੀ। ਪਰ ਹੁਣ ਇਲਾਜ ਇਹੋ ਸੀ ਕਿ ਮੈਨੂੰ ਆਪਣੇ ਆਪ ਨਾਲ ਸੰਗਰਾਮ ਕਰਨ ਦੀ ਲੋੜ ਸੀ। ਲੰਮਾ ਅਤੇ ਦ੍ਰਿੜ੍ਹ ਸੰਗਰਾਮ। ਇਹ ਸੰਗਰਾਮ ਸਿਰਜਣਾਤਮਕ ਕਾਰਜ ਵਿਚ ਡੁੱਬ ਜਾਣਾ ਸੀ।

੧੫ ਜੂਨ, ੭੫ ਨੂੰ ਸਵੇਰੇ ਸੱਤ ਜਾਂ ਅੱਠ ਵਜੇ ਮੈਂ ਅੱਟਾ ਜੀ ਦੇ ਘਰ ਦੇ ਅਗੋਂ ਵੈਨ ਵਿਚ ਸਵਾਰ ਹੋਇਆ। ਅੱਟਾ ਹੋਰੀ, ਗੁਰੂ ਹੋਰੀ, ਤੇ ਕਈ ਇਕ ਹੋਰ ਵੀ ਸੱਜਣ ਸਨ ਜੋ ਮੇਰੇ ਨਾਲ ਜਾ ਰਹੇ ਸਨ। ਕਈ ਇਕ ਸੱਜਣ ਇਥੋਂ ਹੀ ਮੈਨੂੰ ਵਿਦਾਅ ਕਰਨ ਲਈ ਆਏ ਸਨ। ਤਸਵੀਰਾਂ ਖਿੱਚੀਆਂ ਗਈਆਂ ਸਨ। ਕੁਝ ਤਸਵੀਰਾਂ ਅੰਦਰ ਤੇ ਕੁਝ ਵੈਨ ਦੇ ਚੱਲਣ ਵੇਲੇ ਬਾਹਰ ਖਿੱਚੀਆਂ ਗਈਆਂ ਸਨ।

ਗੁਰੂ ਹੋਰਾਂ ਦੇ ਘਰ ਵਲ ਵੀ ਇਕ ਚੱਕਰ ਲਗ ਗਿਆ ਸੀ। ਕਲ੍ਹ ਸ਼ਾਮੀ ਵੀ ਗਿਆ ਸਾਂ, ਪਰ ਅੱਜ ਫੇਰ ਗੁਰੂ ਹੋਰਾਂ ਨੂੰ ਲੈਣ ਲਈ ਚਲੇ ਗਏ ਸਾਂ। ਸੰਮੀ ਨੂੰ ਪਿਆਰ ਦਿਤਾ। ਪੀਪੀ, ਅਤੇ ਗੁਰੂ ਹੋਰਾਂ ਦਾ ਪੀਪੀ ਤੋਂ ਵੱਡਾ ਪੁੱਤਰ, ਨਵਤੇਜ, ਸਾਡੇ ਨਾਲ ਹੀ ਚਲੇ ਆਏ। ਉਹ ਮੇਰੇ ਨਾਲ ਹੀਥਰੋ ਏਅਰਪੋਰਟ ਤਕ ਜਾਣਾ ਚਾਹੁੰਦੇ ਸਨ। ਸੰਮੀ ਬਹੁਤ ਛੋਟਾ ਕਰ ਕੇ ਨਾਲ ਨਹੀਂ ਆ ਸਕਿਆ ਸੀ। ਇਸੇ ਤਰ੍ਹਾਂ ਬਾਂਦਰ ਅਤੇ ਬਾਂਦਰੀ ਨਹੀਂ ਆ ਸਕੇ ਸਨ। ਉਹ ਅਜੇ ਸੁੱਤੇ ਹੀ ਪਏ ਸਨ। ਉਂਜ ਵੀ ਉਹਨਾਂ ਨੂੰ ਸੁੱਤੇ ਪਿਆਂ ਹੀ ਛਡ ਕੇ ਜਾਣਾ ਚੰਗਾ ਸੀ। ਵਿਗੋਚੇ ਖੂਣੋ।

ਮੇਰੀ ਵੈਨ ਕਾਵੈਂਟਰੀ ਤੋਂ ਲੰਡਨ ਵਲ ਜਾ ਰਹੀ ਸੀ। ਕਾਵੈਂਟਰੀ ਤੋਂ ਲੰਡਨ ਦੇ ਮੈਂ ਕਿੰਨੇ ਚੱਕਰ ਮਾਰੇ ਸਨ। ਪਰ ਅੱਜ ਇਹ ਅੰਤਲਾ ਚੱਕਰ ਸੀ। ਪਲੋ ਪਲ ਕਾਵੈਂਟਰੀ ਮੈਥੋਂ ਦੂਰ ਹੁੰਦੀ ਜਾ ਰਹੀ ਸੀ।



CC-0. In Public Domain. Gurukul Kangri Collection, Haridwar

ਕੈਨਬਰੀ ਦਾ ਟਾਉਨ ਆਇਆ। ਗੁਰੂ ਹੋਰਾਂ ਨੇ ਆਖਿਆ, ਇਹ ਕੋਨ ਰਾਜਰਜ
Digitized by Arya Samaj Foundation Chennai and eGangotri
ਦਾ ਪਿੰਡ ਹੈ। ਮੈਨੂੰ ਬੜੀ ਹੀ ਖ਼ੁਸ਼ੀ ਹੋਈ। ਕੋਨ ਅਜ ਪਟਿਆਲੇ ਹੀ ਸੀ। ਅਗਲੇ ਕੁਝ ਇਕ ਦਿਨਾਂ ਵਿਚ ਹੀ ਉਸ ਨੇ ਵਾਪਸ ਆਉਣਾ ਸੀ।

ਅਸੀਂ ਲੰਡਨ ਤੋਂ ਬਾਹਰ ਬਾਹਰ ਦੀ ਹੀਥਰੋ ਵਲ ਜਾ ਰਹੇ ਸਾਂ। ਸਾਊਥਾਲ ਨਹੀਂ ਜਾਣਾ ਸੀ। ਅਸੀਂ ਗਿਆਰਾਂ ਸਾਢੇ ਗਿਆਰਾਂ ਹੀਥਰੋ ਪਹੁੰਚ ਗਏ ਸਾਂ। ਇਥੇ ਕਈ ਇਕ ਹੋਰ ਵੀ ਸੱਜਣ ਮਿਲਣ ਲਈ ਆ ਗਏ ਸਨ। ਆਉਣ ਵੇਲੇ ਵੀ ਇਵੇਂ ਹੀ ਸੀ। ਮੇਰੇ ਨਾਲ ਕਾਵੇਂਟਰੀ ਬਹੁਤ ਹੀ ਥੋੜੇ ਲੋਕੀ ਗਏ ਸਨ। ਬਾਕੀ ਸਾਰੇ, ਜਾਂ ਬਹੁਤ ਸਾਰੇ, ਸਾਊਥਾਲ ਰਹਿ ਗਏ ਸਨ। ਉਹ ਹੋਰਾਂ ਥਾਵਾਂ ਤੋਂ ਆਏ ਸਨ।

ਕੁਝ ਗੱਲਾਂ ਮੱਲੋ ਮੱਲੀ ਵੀ ਗ਼ਲਤ ਹੁੰਦੀਆਂ ਰਹੀਆਂ ਹਨ। ਨਿਰਸੰਦੇਹ, ਮੈਂ ਉਹਨਾਂ ਗੱਲਾਂ ਵਿਚ ਉੱਕਾ ਹੀ ਨਿਰਦੋਸ਼ ਹੁੰਦਾ। ਜਿਵੇਂ :

ਗਲਾਸਗੋ ਗਿਆ ਹੋਇਆ ਸਾਂ। ਇਕ ਸੱਜਣ ਨੇ ਦਾਅਵਤ ਦਿਤੀ। ਭਾਰਤ ਵਿਚ ਉਹ ਮਾਰਕਸੀ ਕਮਿਊਨਿਸਟ ਪਾਰਟੀ ਦੇ ਹਮਦਰਦ ਸਨ। ਆਖਿਆ ਉਹਨਾਂ ਨਹੀਂ ਸੀ, ਪਰ ਮੈਨੂੰ ਇਹ ਮਹਿਸੂਸ ਹੋਇਆ। ਪੰਜਾਬ ਦੀ ਗੱਲ ਚੱਲ ਪਈ। ਪੰਜਾਬ ਦੀ ਅਸੈਂਬਲੀ ਵਿਚ ਸਾਡੇ ਕਿੰਨੇ ਬੰਦੇ ਹਨ ਤੇ ਮਾਰਕਸੀਆਂ ਦੇ ਕਿੰਨੇ ਹਨ। ਸਾਡੇ ਦਸ ਮੈਂਬਰ ਸਨ ਤੇ ਮਾਰਕਸੀਆਂ ਦਾ ਇਕ ਸੀ। ਉਨ੍ਹਾਂ ਨੇ ਮੈਨੂੰ ਮਾਰਕਸੀਆਂ ਦੇ ਮੈਂਬਰ ਬਾਰੇ ਪੁੱਛਿਆ ਕਿ ਉਸ ਦਾ ਨਾਂ ਕੀ ਹੈ ਤੇ ਕਿਸ ਸੀਟ ਤੋਂ ਆਇਆ ਹੈ। ਨਾਂ ਤਾਂ ਸ਼ਾਇਦ ਯਾਦ ਸੀ ਤੇ ਉਹ ਮੈਂ ਦੱਸ ਵੀ ਦਿਤਾ ਸੀ, ਪਰ ਸੀਟ ਯਾਦ ਨਹੀਂ ਸੀ। ਪਰ ਉਹ ਆਖਣ ਲਗੇ ਕਿ ਸੀਟ ਵੀ ਮੈਨੂੰ ਕਿਉਂ ਨਹੀਂ ਯਾਦ। ਮੈਨੂੰ ਉਸ ਦੀ ਸੀਟ ਦਾ ਵੀ ਪਤਾ ਹੋਣਾ ਚਾਹੀਦਾ ਹੈ। ਮੈਨੂੰ ਆਪਣੀਆਂ ਦਸ ਸੀਟਾਂ ਵੀ ਸਾਰੀਆਂ ਯਾਦ ਨਹੀਂ ਸਨ। ਪਰ ਉਹਨਾਂ ਦਾ ਕਹਿਣਾ ਇਹ ਸੀ ਕਿ ਆਪਣੀਆਂ ਯਾਦ ਹੋਣ, ਨਾ ਹੋਣ, ਉਹਨਾਂ ਦੀ ਯਾਦ ਚਾਹੀਦੀ ਸੀ, ਕਿਉਂਕਿ ਉਹ ਵਿਰੋਧੀ ਹਨ। ਵਿਰੋਧੀ ਬਾਰੇ ਸਾਨੂੰ ਸਭ ਕੁਝ ਪਤਾ ਹੋਣਾ ਚਾਹੀਦਾ ਹੈ।

ਬੜੀ ਹੀ ਸੁਹਣੀ ਬੀਅਰ ਅਤੇ ਵਿਸਕੀ ਅਸੀਂ ਪੀ ਰਹੇ ਸਾਂ। ਉਹ ਰੰਗ ਵਿਚ ਭੰਗ ਪਿਆ ਕਿ ਸਾਰੀ ਸ਼ਾਮ ਉੱਜੜ ਗਈ।

ਮੈਂ ਵੀ ਬਹੁਤ ਮੂਰਖ ਹਾਂ। ਮੈਨੂੰ ਬੜੇ ਠਰੰਮੇ ਨਾਲ ਇਹ ਉੱਤਰ ਦੇਣਾ ਚਾਹੀਦਾ ਸੀ ਕਿ ਹੁਣ ਤਾਂ ਮੈਨੂੰ ਯਾਦ ਨਹੀਂ, ਇਸ ਲਈ ਖਿਮਾਂ ਚਾਹੁੰਦਾ ਹਾਂ, ਪਤਾ ਹੋਣਾ ਚਾਹੀਦਾ ਹੈ, ਪਰ ਅਗੋਂ ਲਈ ਜਦ ਆਵਾਂਗਾ ਤਾਂ ਪਤਾ ਕਰ ਕੇ ਆਵਾਂਗਾ। ਮੇਰੇ ਏਨਾ ਆਖਣ ਨਾਲ ਸਾਰੀ ਗੱਲ ਮੁਕ ਜਾਣੀ ਸੀ। ਪਰ ਏਨੀ ਅਕਲ ਆਵੇ ਕਿਥੋਂ ?

ਮਾਰਕਸੀ ਉਹ ਕਿਵੇਂ ਸਨ ? ਮੈਂ ਉਹਨਾਂ ਨੂੰ ਪੁੱਛਿਆ ਕਿ ਕੀ ਤੁਸੀਂ ਮਾਰਕਸੀ ਹੋ ? ਉਹਨਾਂ ਦਾ ਉੱਤਰ ਇਹ ਸੀ : "ਸਾਨੂੰ ਤਾਂ ਜੀ ਪਤਾ ਨਹੀਂ, ਮਾਰਕਸੀ ਕੀ ਹੁੰਦੇ ਨੇ ਤੇ ਫ਼ਾਰਕਸੀ ਕੀ ਹੁੰਦੇ ਨੇ, ਅਸੀਂ ਤਾਂ ਸਿੱਧੇ ਸਾਦੇ ਬੰਦੇ ਆਂ।"

ਜਿਹੜੇ ਸੱਜਣ "ਮਾਰਕਸੀ" ਨੂੰ "ਫ਼ਾਰਕਸੀ" ਕਹਿ ਰਹੇ ਸਨ, ਉਹ ਸਿੱਧੇ ਸਾਦੇ ਨਹੀਂ ਸਨ, ਬੜੇ "ਸਿਆਣੇ" ਬੰਦੇ ਸਨ। ਕਿਉਂਕਿ ਸਿੱਧੇ ਸਾਦੇ ਬੰਦੇ, ਉਹਨਾਂ ਵਾਂਗੂੰ, ਅਸੈਂਬਲੀਆਂ ਦੇ ਵੇਰਵੇ ਨਹੀਂ ਪੁੱਛਦੇ ਹੁੰਦੇ।

ਉਂਜ ਵੀ, ਮੇਰਾ ਅਨੁਭਵ ਹੈ, ਬਹੁਤ ਘੱਟ ਮਾਰਕਸੀ ਜਾਂ ਨਕਸਲੀ ਅਜਿਹੇ ਹਨ


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਹਿੱਕ ਠੋਕ ਕੇ ਕਹਿੰਦੇ ਹਨ ਕਿ ਅਸੀਂ ਇਹ ਕੁਝ ਹੁੰਦੇ ਹਾਂ। ਨਹੀਂ ਤਾਂ ਐਵੇਂ ਆਲ਼ੂ ਪਤਾਲ਼ੂ ਹੀ ਗੱਲਾਂ ਕਰਦੇ ਰਹਿੰਦੇ ਹਨ।

ਤਾਂ ਵੀ, ਮੈਨੂੰ ਆਪ ਹੀ ਬੜੀ ਸਮਝਦਾਰੀ ਦੀ ਲੋੜ ਸੀ।

੧-੪੦ (ਇਕ-ਚਾਲੀ) ਮੇਰੇ ਜਹਾਜ਼ ਨੇ ਲੰਡਨ ਤੋਂ ਉੱਡ ਪੈਣਾ ਸੀ। ਦੋਸਤਾਂ ਤੋਂ ਵਿਦਾਅ ਲਈ। ਅੱਟਾ ਜੀ ਤੇ ਗੁਰੂ ਜੀ ਨਾਲ ਘੁੱਟ ਘੁੱਟ ਕੇ ਜੱਫੀਆਂ ਪਾਈਆਂ। ਪੀਪੀ ਨੂੰ ਪਿਆਰ ਦਿਤਾ। ਦੋਸਤਾਂ ਨਾਲ ਹੱਥ ਮਿਲਾਏ। ਸਭ ਨੂੰ ਸਿਰ ਝੁਕਾਇਆ ਤੇ ਲਾਉਂਜ ਵਲ ਨੂੰ ਤੁਰ ਪਿਆ। ਜਦੋਂ ਹੁਕਮ ਹੋਣਾ ਸੀ, ਜਹਾਜ਼ ਵਲ ਤੁਰ ਪੈਣਾ ਸੀ।

ਉਹ ਵੀ ਸਮਾਂ ਆ ਗਿਆ। ਜਹਾਜ਼ ਲੱਗਾ ਹੋਇਆ ਸੀ। ਅਸੀਂ ਜਹਾਜ਼ ਵਲ ਤੁਰ ਪਏ ਤੇ ਫੇਰ ਅੰਦਰ ਚਲੇ ਗਏ। ਇਹ ਰੂਸੀ ਏਅਰੋਫਲੋਤ ਸੀ ਜੋ ਮਾਸਕੋ ਤੋਂ ਹੋ ਕੇ ਅੱਗੇ ਟੋਕੀਉ ਵਲ ਜਾ ਰਿਹਾ ਸੀ।

ਪਤਾ ਨਹੀਂ ਕੀ ਕਾਰਨ ਸੀ. ਇਕ ਘੰਟਾ ਜਹਾਜ਼ ਦੀ ਉਡਾਣ ਲੇਟ ਹੋ ਗਈ ਸੀ। ਹੁਣ ਇਹ ਇਕ-ਚਾਲੀ ਦੀ ਥਾਂ ਦੋ-ਚਾਲੀ ਹੀ ਉੱਡਣਾ ਸੀ।

ਇਹ ਵੀ ਸਮਾਂ ਹੋ ਗਿਆ ਸੀ। ਏਅਰੋਫਲੋਤ ਰਨਵੇ ਉਤੇ ਚੱਕਰ ਕੱਢਣ ਲਗਾ ਤੇ ਫੇਰ ਖੰਭ ਫੜਕਾਉਂਦਾ ਹੋਇਆ ਉੱਪਰ ਵਲ ਨੂੰ ਉੱਡ ਪਿਆ। ਇੰਗਲੈਂਡ ਦੀ ਸੁੰਦਰ ਧਰਤੀ ਨੂੰ ਮੈਂ ਨਮਸਕਾਰ ਕੀਤਾ ਤੇ ਉੱਚਾ ਉੱਠਣ ਲਗ ਪਿਆ। ਇਕ ਵਰ੍ਹਾ ਮੈਂ ਇਸ ਧਰਤੀ ਦੀ ਗੋਦੀ ਵਿਚ ਗੁਜ਼ਾਰਿਆ। ਇਸ ਦੇ ਫੁੱਲ, ਇਸ ਦੇ ਬੂਟੇ, ਇਸ ਦੇ ਬਿਰਛ, ਇਸ ਦੇ ਜੰਗਲ। ਇਸ ਦੀ ਉੱਚੀ ਉੱਠੀ ਸਭਿਅਤਾ, ਰਹਿਣ ਸਹਿਣ ਤੇ ਸਭਿਆਚਾਰ। ਕਲਾ ਘਰ, ਅਜਾਇਬ ਘਰ, ਤੇ ਇਸ ਦੀ ਬੜੀ ਹੀ ਚੰਗੀ ਕੌਮ।

ਇਸ ਸਮੇਂ ਮੇਰਾ ਜਹਾਜ਼ ਯੂਰਪ ਉਤੋਂ ਉਡਦਾ ਹੋਇਆ ਮਾਸਕੋ ਵਲ ਜਾ ਰਿਹਾ ਸੀ। ਹੇਠਾਂ ਕੁਝ ਸਮੁੰਦਰ ਅਤੇ ਝੀਲਾਂ ਚਮਕ ਰਹੀਆਂ ਸਨ।

ਲੰਡਨ ਤੋਂ ਮਾਸਕੋ ਕੇਵਲ ਤਿੰਨ ਘੰਟੇ ਦਾ ਸਫ਼ਰ ਸੀ। ਹਵਾਈ ਜਹਾਜ਼ ਨੇ ਮੈਨੂੰ ਇਕ ਗੰਢੜੀ ਵਾਂਗ ਚੁੱਕਿਆ ਤੇ ਮਾਸਕੋ ਵਿਚ ਉਤਾਰ ਦਿਤਾ। ਲੰਡਨ ਅਤੇ ਮਾਸਕੋ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਦੋਵੇਂ ਦੋ ਦੁਨੀਆਵਾਂ ਹਨ। ਪਰ ਇਕ ਦੁਨੀਆਂ ਤੋਂ ਦੂਜੀ ਦੁਨੀਆਂ ਛੇਤੀ ਹੀ ਆ ਗਈ ਸੀ। ਇਸ ਨੂੰ. ਮੇਰੀ ਇੱਛਾ ਸੀ, ਕੁਝ ਸਮਾਂ ਲੱਗਣਾ ਚਾਹੀਦਾ ਸੀ। ਜਿਵੇਂ ਇਨਕਲਾਬ ਆਉਣ ਨੂੰ ਕੁਝ ਕੁ ਸਮਾਂ ਲਗਦਾ ਹੈ। ਕੀ, ਕਦੇ ਇਨਕਲਾਬ ਵੀ ਇਵੇਂ ਹੀ ਨਹੀਂ ਆ ਜਾਵੇਗਾ? ਕਦੇ ਕਦੇ ਕੱਖ ਉਹਲੇ ਹੀ ਲੱਖ ਪਿਆ ਮਿਲ ਜਾਂਦਾ ਹੈ।

ਜਿਸ ਸਮੇਂ ਮੈਂ ਮਾਸਕੋ ਦੀ ਧਰਤੀ ਉਤੇ ਲੱਥਾ ਸਾਂ, ਖ਼ੁਸ਼ ਨਹੀਂ, ਉਦਾਸ ਸਾਂ। ਚਾਹੀਦਾ ਤਾਂ ਉਲਟ ਸੀ, ਪਰ ਹੋਇਆ ਬਿਲਕੁਲ ਉਲਟ ਸੀ। ਸਮਝੋ ਜਿਵੇਂ ਰੂਸ ਵਿਚ ਮੈਂ ਉੱਕਾ ਆਇਆ ਹੀ ਨਹੀਂ ਸਾਂ। ਮੇਰੇ ਨਾਲ ਤਾਂ ਉਹੀਓ ਹੋਈ: ਅੰਬਾਂ ਦੀ ਬਹਾਰ ਆਈ ਤਾਂ ਤੋਤੇ ਦਾ ਗਲ ਹੀ ਪੱਕ ਗਿਆ। ਮਸੀਂ ਮਸੀਂ ਰੂਸ ਆਉਣ ਦਾ ਮੌਕਾ ਮੈਨੂੰ ਮਿਲਿਆ ਸੀ, ਪਰ ਭੰਗ ਦੇ ਭਾੜੇ ਚਲਿਆ ਗਿਆ। ਕਦੇ ਫੇਰ ਆਵਾਂਗਾ, ਜਦ ਮੈਂ ਬਿਲਕੁਲ ਠੀਕ ਹੋਇਆ। ਹੁਣ ਤਾਂ ਮੈਨੂੰ ਮੇਰੇ ਮਨ ਨੇ ਬਹੁਤ ਧੋਖਾ ਦੇ ਦਿਤਾ ਸੀ। ਰੂਸ ਨੂੰ ਨਰੋਏ ਮਨ ਨਾਲ ਦੇਖਣ ਦੀ ਹੀ ਲੋੜ ਹੈ, ਬੀਮਾਰ ਮਨ ਜਾਂ ਤਨ ਨਾਲ ਨਹੀਂ।


CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਦੇ ਪ੍ਰਸਿੱਧ ਵਿਦਵਾਨ ਸਾਥੀ ਸਰਬਰੀਆਕੋਵ ਤੇ ਡਾ: ਗੁਰਬਖ਼ਸ਼ ਸਿੰਘ ਤੇ ਇਕ ਦੁਭਾਸ਼ਣ ਲੜਕੀ ਮੈਨੂੰ ਲੈਣ ਲਈ ਆਏ ਹੋਏ ਸਨ। ਲੰਡਨ ਨਾਲੋਂ ਮਾਸਕੋ ਟਾਈਮ ਤਿੰਨ ਕੁ ਘੰਟੇ ਅੱਗੇ ਹੈ। ਮੇਰਾ ਜਹਾਜ਼ ਅੱਠ-ਚਾਲੀ, ਸ਼ਾਮ, ਮਾਸਕੋ ਪੁੱਜਾ ਸੀ। ਲਗ ਪਗ ਸਾਢੇ ਨੌਂ ਕੁ ਵਜੇ ਅਸੀਂ ਹੋਟਲ ਪਹੁੰਚ ਗਏ। ਮੈਨੂੰ ਪੀਕਿੰਗ ਹੋਟਲ ਵਿਚ ਰਿਹਾਇਸ਼ ਦਿਤੀ ਗਈ ਸੀ। ਕਮਰਾ ਨੰ: ੭੨੬।

ਪੰਜ ਦਿਨ ਮੈਂ ਮਾਸਕੋ ਰਿਹਾ। ਇਹਨਾਂ ਪੰਜਾਂ ਦਿਨਾਂ ਵਿਚ ਮੈਂ ਮਾਸਕੋ ਹੀ ਦੇਖਿਆ। ਉਹ ਵੀ ਸਮਝੋ ਪੂਰਾ ਨਹੀਂ, ਮੋਟੀਆਂ ਮੋਟੀਆਂ ਥਾਵਾਂ ਹੀ ! ਅਖ਼ਬਾਰ ਪੂਰਾ ਨਹੀਂ ਪੜ੍ਹਿਆ, ਸੁਰਖ਼ੀਆਂ ਹੀ ਦੇਖੀਆਂ। ਕਰੈਮਲਿਨ ਜਾਂ ਲਾਲ ਚੌਕ ਅਖਬਾਰ ਦੀ ਵੱਡੀ ਸੁਰਖ਼ੀ ਸੀ। ਮਾਸਕੋ ਪੂਰਾ ਅਖ਼ਬਾਰ ਸੀ।

ਮਹਾਨ ਲੈਨਿਨ ਦੀ ਦੇਹੀ ਦੇਖੀ। ਇਨਕਲਾਬ ਦੇ ਬਾਨੀ ਦੇ ਪਵਿੱਤਰ ਦਰਸ਼ਨ ਕੀਤੇ ਤੇ ਉਸ ਨੂੰ ਆਪਣਾ ਸਿਰ ਝੁਕਾਇਆ। ਲਾਲ ਚੌਕ ਦੇਖਿਆ। ਕਰੈਮਲਿਨ ਦੇ ਬਾਹਰਵਾਰ, ਸ਼ਹੀਦਾਂ ਦੀ ਯਾਦ ਵਿਚ, ਉਹ ਜੋਤ ਜਗਦੀ ਦੇਖੀ ਜੋ ਕਦੇ ਵੀ ਬੁਝ ਨਹੀਂ ਸਕੇਗੀ। ਮੀਂਹ, ਹਨੇਰੀ, ਝੱਖੜ, ਝਾਂਜੇ ਇਸ ਜੋਤ ਦੀ ਜੁਆਲਾ ਅੱਗੇ ਤੁੱਛ ਅਤੇ ਬੇਅਸਰ ਹਨ। ਇਸ ਜੋਤ ਦੀਆਂ ਸੂਹੀਆਂ ਲਾਟਾਂ ਸਦਾ ਹੀ ਜੀਵਤ ਰਹਿਣੀਆਂ ਹਨ।

ਮਹਾਨ ਲੇਖਕ ਚੈਖਵ ਅਤੇ ਗੋਰਕੀ ਦੇ ਘਰ ਦੇਖੇ। ਉਹਨਾਂ ਦੇ ਪੈੱਨ, ਪੈਨਸਿਲਾਂ, ਦਵਾਤਾਂ ਅਤੇ ਕਲਮਦਾਨ। ਇਨਕਲਾਬ ਦੀਆਂ ਯਾਦਾਂ ਦਾ ਅਜਾਇਬ ਘਰ ਵੀ ਦੇਖਿਆ। ਲੈਨਿਨ ਦੀ ਆਵਾਜ਼ ਸੁਣੀ। ਇਹ ਆਵਾਜ਼ ਕਿਸੇ ਟੇਪ-ਰੀਕਾਰਡ ਵਿਚ ਸਾਂਭੀ ਹੋਈ ਸੀ।

ਮਾਸਕੋ ਦਾ ਆਲਾ ਦੁਆਲਾ ਬਾਗ਼ਾਂ ਨਾਲ ਹਰਿਆਲਾ ਹੈ। ਇਕ ਦਿਨ ਉਹ ਵੀ ਦੇਖਿਆ। ਇਕ ਮਹੱਲ ਦੇਖਿਆ ਜੋ ਜੰਗਲ ਵਿਚ ਸਥਿਤ ਸੀ। ਏਥੇ ਜ਼ਾਰਾਂ ਦੇ ਸਮਿਆਂ ਵਿਚ ਕੋਈ ਰਾਜਾ ਰਹਿੰਦਾ ਹੁੰਦਾ ਸੀ। ਮਹੱਲ ਬਹੁਤ ਸੁੰਦਰ ਸੀ।

ਸੱਚ ਪੁਛੋ ਤਾਂ ਮਾਸਕੋ ਜਾਂ ਰੂਸ ਮੈਂ ਨਹੀਂ ਦੇਖਿਆ। ਐਵੇਂ ਝਾਤੀ ਮਾਰੀ ਹੈ। ਮਾਸਕੋ ਦੇ ਦਿਲ ਦੀਆਂ ਗਹਿਰਾਈਆਂ ਮੈਂ ਨਹੀਂ ਦੇਖੀਆਂ।

ਮਾਸਕੋ ਦੀਆਂ ਗਲੀਆਂ ਵਿਚ ਮੈਂ ਤੇ ਮੇਰੀ ਦੁਭਾਸ਼ਣ ਇਕ ਦਿਨ ਪੈਦਲ ਤੁਰਦੇ ਜਾਂਦੇ ਸਾਂ। ਤੁਰਦੇ ਤੁਰਦੇ ਉਸ ਨੇ ਕਿਹਾ : "ਇਹ ਪੁਰਾਣਾ ਮਾਸਕੋ ਹੈ।" ਮੈਂ ਪੁਰਾਣੇ ਮਾਸਕੋ ਨੂੰ ਬੜੇ ਹੀ ਗਹੁ ਨਾਲ ਦੇਖਣ ਲਗਾ। ਜਿਸ ਨੇ ਸਾਡੀ ਨਈ ਸੜਕ ਜਾਂ ਚਾਂਦਨੀ ਚੌਕ ਨਹੀਂ ਦੇਖਿਆ, ਉਸ ਨੇ ਦਿੱਲੀ ਕਾਹਦੀ ਦੇਖੀ ? ਦਿੱਲੀ ਕੁਤਬ ਮੀਨਾਰ ਹੈ ਜਾਂ ਪਾਂਡਵਾਂ ਦਾ ਕਿਲ੍ਹਾ ਹੈ। ਰਾਸ਼ਟਰਪਤੀ ਭਵਨ ਵੀ ਹੈ, ਪਰ ਇਹਨਾਂ ਬਿਨਾਂ ਉਹ ਕੁਝ ਵੀ ਨਹੀਂ।

ਮਸਕਵਾ ਦਰਿਆ ਵੀ ਮੈਂ ਦੂਰੋਂ ਦੂਰੋਂ ਹੀ ਦੇਖਿਆ। ਉਸ ਦੇ ਕੰਢੇ ਰੱਜ ਰੱਜ ਕੇ ਸੈਰ ਕਰਨੀ ਚਾਹੀਦੀ ਹੈ।

ਮਾਸਕੋ ਦੀ ਧਰਤੀ ਮੈਨੂੰ ਆਪਣੇ ਵਰਗੀ ਨਜ਼ਰ ਆਈ। ਏਅਰਪੋਰਟ ਤੋਂ ਜਦੋਂ ਅਸੀਂ ਟੈਕਸੀ ਵਿਚ ਆ ਰਹੇ ਸਾਂ ਤਾਂ ਬਾਹਰ ਮੈਨੂੰ ਸਾਰੀ ਧਰਤੀ ਚਿੱਟੀ ਚਿੱਟੀ ਦਿਸ ਰਹੀ ਸੀ—ਜਿਹੋ ਜਿਹੀ ਪੰਜਾਬ ਵਿਚ, ਭਾਦੋਂ ਦੇ ਮਹੀਨੇ ਵਿਚ, ਸਾਵੇ ਸਾਵੇ ਬੂਝਿਆਂ ਦੇ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਨੂੰ ਹੁੰਦੀ ਹੈ। ਇੰਗਲੈਂਡ ਦੀ ਧਰਤੀ ਕਾਲੀ ਹੈ। ਕਾਰਨ ਇਸ ਦਾ ਮੀਂਹ ਹੀ ਹੈ। ਮਾਸਕੋ ਬਹੁਤ ਠੰਡਾ ਹੈ, ਪਰ ਅੱਜ ਕਲ੍ਹ ਕਾਫ਼ੀ ਗਰਮੀ ਸੀ। ਸ਼ਾਇਦ ਇਸੇ ਕਰ ਕੇ ਧਰਤੀ ਚਿੱਟੀ ਚਿੱਟੀ ਲਗ ਰਹੀ ਸੀ। ਮੀਂਹ ਵਿਚ ਪੰਜਾਬ ਵਿਚ ਵੀ ਧਰਤੀ ਕਾਲੀ ਹੋ ਜਾਂਦੀ ਹੈ। ਨਹੀਂ ਤਾਂ ਉਸ ਦਾ ਅਸਲੀ ਰੰਗ ਕਿਤੇ ਸੁਨਹਿਰੀ ਹੁੰਦਾ ਹੈ, ਕਿਤੇ ਲਾਲ ਤੇ ਕਿਤੇ ਚਿੱਟਾ। ਇਸੇ ਤਰ੍ਹਾਂ ਇੰਗਲੈਂਡ ਵਿਚ ਵੀ ਕਿਤੇ ਕਿਤੇ ਮੈਂ ਚਿੱਟੇ ਰੰਗ ਦੀ ਧਰਤੀ ਵੀ ਤੱਕ ਸਕਿਆ ਹਾਂ। ਪਰ ਕਿਤੇ ਕਿਤੇ ਤੇ ਕਦੇ ਕਦੇ।

ਮਾਸਕੋ ਨੂੰ ਹਰ ਸਮੇਂ ਹੀ ਦੁਨੀਆਂ ਦੇਖਦੀ ਰਹਿੰਦੀ ਹੈ। ਪਰ, ਗਰਮੀਆਂ ਦੀ ਮੌਸਮ ਕਰ ਕੇ, ਅੱਜ ਕਲ੍ਹ ਯੂਰਪ ਬਹੁਤ ਜ਼ਿਆਦਾ ਮਾਸਕੋ ਆਇਆ ਹੋਇਆ ਸੀ। ਲੈਨਿਨ ਦਾ ਮਜ਼ਾਰ ਦੇਖਣ ਲਈ ਜਿਹੜੀ ਲਾਈਨ ਲਗੀ ਸੀ ਉਹ ਘਟੋ ਘਟ ਇਕ ਮੀਲ ਜਾਂ ਪੌਣਾ ਮੀਲ ਤਕ ਹੋਵੇਗੀ। ਦੁਨੀਆਂ ਬੜੇ ਸਲੀਕੇ ਨਾਲ ਮਹਾਨ ਲੈਨਿਨ ਦੀ ਦੇਹੀ ਦੇ ਪਵਿੱਤਰ ਦਰਸ਼ਨ ਕਰਦੀ ਤੇ ਆਪਣਾ ਸਿਰ ਝੁਕਾਉਂਦੀ ਸੀ। ਸਾਰੀ ਲਾਈਨ ਚੁੱਪ ਸੀ। ਗਰਮੀ ਕਰ ਕੇ ਜਿਨ੍ਹਾਂ ਲੋਕਾਂ ਨੇ ਕੋਟ ਖੋਲ੍ਹ ਲਏ ਹੋਏ ਸਨ, ਮਕਬਰੇ ਦੇ ਨੇੜੇ ਆ ਕੇ ਉਹਨਾਂ ਨੇ ਕੋਟ ਪਹਿਨ ਲਏ। ਮਕਬਰੇ ਦੇ ਅੰਦਰ ਤਾਂ ਕੋਈ ਸਾਹ ਵੀ ਨਹੀਂ ਲੈਂਦਾ ਸੀ। ਮਹਾਨ ਲੈਨਿਨ ਸੁੱਤੇ ਸਨ। ਪੱਤਾ ਤਾਂ ਇਕ ਪਾਸੇ ਰਿਹਾ, ਫੁੱਲ ਦੀ ਕੋਈ ਪੰਖੜੀ ਵੀ ਹਿੱਲਣੀ ਨਹੀਂ ਸੀ ਚਾਹੀਦੀ।

ਮਾਸਕੋ ਦੀ ਅੰਡਰਗਰਾਊਂਡ (ਮੀਟਰੋ) ਬੜੀ ਹੀ ਖ਼ੂਬਸੂਰਤ ਹੈ। ਇੰਗਲੈਂਡ ਦੀ ਅੰਡਰਗਰਾਊਂਡ ਰੇਲ ਉਸ ਦੇ ਅੱਗੇ ਕੁਝ ਵੀ ਨਹੀਂ। ਠੀਕ ਹੈ, ਇੰਗਲੈਂਡ ਦੀ ਰੇਲ ਉਸ ਤੋਂ ਪਹਿਲਾਂ ਦੀ ਬਣੀ ਹੈ, ਪਰ ਮੀਟਰੋ ਅਜੂਬਾ ਹੈ। ਸਟੇਸ਼ਨ ਏਨੇ ਸੁਹਣੇ ਹਨ ਕਿ ਸਮਝੋ ਕਲਾ ਦੇ ਭਵਨ ਹਨ। ਸਫ਼ਾਈ ਅੰਤ ਹਿਸਾਬ ਦੀ ਹੈ। ਮੈਨੂੰ ਝਾਉਲਾ ਜਿਹਾ ਪੈਂਦਾ ਹੈ। ਕਈ ਸਟੇਸ਼ਨ ਸੰਗ ਮਰਮਰ ਦੇ ਬਣੇ ਹੋਏ ਵੀ ਜਾਪੇ ਸਨ।

ਲੋਕੀ ਬਹੁਤ ਮੁਹੱਜ਼ਬ ਸਨ। ਇੰਗਲੈਂਡ ਨਾਲੋਂ, ਮਾਸਕੋ ਵਿਚ, ਸਿੱਖ ਕਰ ਕੇ, ਮੈਨੂੰ ਲੋਕੀ ਬਹੁਤੇ ਦੇਖਣ ਵਾਲੇ ਸਨ। ਅਜਨਬੀ ਤਾਂ ਸਾਂ ਹੀ ਮੈਂ, ਤਾਂ ਵੀ ਮੇਰੀ ਪੱਗ ਤੇ ਦਾੜ੍ਹੀ ਬਹੁਤਾ ਧਿਆਨ ਖਿੱਚਦੇ ਸਨ। ਕਿਉਂਕਿ ਸਿੱਖ ਸ਼ਕਲ ਨਾਲ ਇੰਗਲੈਂਡ ਤਾਂ ਕਾਫ਼ੀ ਵਾਕਿਫ਼ ਹੈ, ਪਰ ਯੂਰਪ ਅਤੇ ਮਾਸਕੋ ਲਈ ਇਹ ਬਿਲਕੁਲ ਅੱਡਰੀ ਚੀਜ਼ ਹੀ ਹੈ। ਉਂਜ ਲੋਕਾਂ ਦੀਆਂ ਅੱਖਾਂ ਵਿਚ ਸਤਿਕਾਰ ਬੜਾ ਹੀ ਹੁੰਦਾ ਸੀ। ਉਂਜ ਵੀ ਹਰ ਥਾਂ ਪਹਿਲ ਦਿੰਦੇ।

ਇਕ ਦਿਨ, ਮਾਸਕੋ ਵਿਚ, ਇਕ ਵੱਡੇ ਸਾਰੇ ਚੌਕ ਵਿਚ, ਮੈਂ ਬੜੇ ਹੀ ਤਰਬੂਜ਼ ਦੇਖੇ। ਜਿਵੇਂ ਹੁਣੇ ਹੀ ਗੱਡੇ ਵਿਚੋਂ ਸੜਕ-ਕੰਢੇ ਲਾਹੇ ਹੋਣ। ਉਂਜ ਟਰੱਕ ਵਿਚ ਆਏ ਸਨ। ਮੈਨੂੰ ਇਹਨਾਂ ਤਰਬੂਜ਼ਾਂ ਨਾਲ, ਮਾਸਕੋ, ਆਪਣੇ ਹਿੰਦੋਸਤਾਨ ਦਾ ਕੋਈ ਵੀ ਸ਼ਹਿਰ ਜਾਪਿਆ।

ਕਾਲੀ ਰੋਟੀ, ਜਿਹੜੀ ਰੂਸੀ ਨਾਵਲਾਂ ਵਿਚ ਆਉਂਦੀ ਹੈ, ਬੜੀ ਸੁਆਦੀ ਲੱਗੀ ਹੈ। ਰੂਸੀ ਕੇਕ, ਜਿਹੜੇ ਬਹੁਤਾ ਮੀਟ ਦੇ ਬਣੇ ਹੁੰਦੇ ਸਨ, ਬੜੇ ਹੀ ਜ਼ਾਇਕਾਦਾਰ ਸਨ। ਦਹੀਂ ਬਹੁਤ ਸੁਆਦੀ ਸੀ। ਵੋਦਕਾ ਬਹੁਤ ਸੁਆਦੀ ਸੀ।

ਮਾਸਕੋ ਦਾ ਪੁਤਲੀਆਂ ਦਾ ਥੀਏਟਰ ਬੜਾ ਹੀ ਗ਼ਜ਼ਬ ਦਾ ਹੈ। ਇਕ ਨਾਟਕ ਦੇਖਿਆ। ਯੂਰਪ ਦੀ ਸਮਾਜ ਉਤੇ, ਜਿਸ ਵਿਚ ਔਰਤ ਕੇਵਲ ਮਰਦ ਦਾ ਮਨ-ਪਰਚਾਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁੰਦੀ ਹੈ, ਬੜੀ ਹੀ ਸਖ਼ਤ ਚੋਟ ਸੀ। ਇਹ ਚੋਟ, ਅਸਲ ਵਿਚ, ਯੂਰਪ ਦੀ ਸਰਮਾਇਆਦਾਰ ਸਮਾਜ ਉਤੇ ਬਹੁਤੀ ਸੀ। ਪਾਤਰ ਯੂਰਪੀਨ ਹੀ ਸਨ।

ਇਕ ਦਿਨ ਸਾਥੀ ਸਰਬਰੀਆਕੋਵ ਦੇ ਘਰ ਹਾਜ਼ਰ ਹੋਇਆ। ਉਹਨਾਂ ਨੇ ਚਾਹ ਲਈ ਸੱਦਿਆ ਸੀ। ਇਕ ਦਿਨ ਡਾ: ਗੁਰਬਖ਼ਸ਼ ਸਿੰਘ ਦੇ ਖਾਣਾ ਖਾਧਾ। ਇਕ ਦਿਨ ਉਹਨਾਂ ਨੇ ਮੈਨੂੰ ਆਪਣੇ ਨਾਲ ਵੀ ਬਾਹਰ ਫਿਰਾਇਆ।

ਅੰਤਲੇ ਦਿਨ, ਦੁਪਹਿਰੇ ਜਿਹੇ, ਟੀ. ਵੀ. ਟਾਵਰ ਉਤੇ ਚੜ੍ਹੇ। ਟੀ. ਵੀ. ਟਾਵਰ ਸਾਡੇ ਕੁਤਬ ਮੀਨਾਰ ਵਾਂਗੂੰ ਉੱਚਾ ਹੈ। ਉਤੇ ਵਧੀਆ ਹੋਟਲ ਹੈ। ਮੈਂ ਤੇ ਮੇਰੀ ਦੁਭਾਸ਼ਣ, ਦੋਹਾਂ ਨੇ, ਇਕ ਇਕ ਕਾਕਟੇਲ ਪੀਤੀ। ਬੜੀ ਸੁਆਦੀ ਕਾਕਟੇਲ। ਹਲਕਾ ਹਲਕਾ ਨਸ਼ਾ ਹੋਇਆ। ਅਸੀਂ ਮਹਾਨ ਮਾਸਕੋ ਉਤੇ ਦੂਰ ਦੂਰ ਤਕ ਝਾਤੀ ਮਾਰੀ।

ਪੂਰਬੀ ਭਾਸ਼ਾਵਾਂ ਦੀ ਅਕਾਡਮੀ ਵਿਚ ਵੀ ਗਿਆ ਸਾਂ। ਚੈਲੀਸ਼ੇਵ ਮੁਖੀ ਸਨ। ਬੜੀ ਮਹਾਨ ਸੰਸਥਾ ਹੈ। ਅਰਬੀ, ਫ਼ਾਰਸੀ, ਸੰਸਕ੍ਰਿਤ, ਚੀਨੀ ਸਭਨਾਂ ਮੁਖ ਭਾਸ਼ਾਵਾਂ ਦੀ ਤਾਲੀਮ ਦਿਤੀ ਜਾ ਰਹੀ ਸੀ। ਵਿਦਿਆਰਥੀ ਬੜੇ ਹੀ ਚੇਤਨ ਸਨ। ਮੈਨੂੰ ਬੋਲਣ ਲਈ ਕਿਹਾ ਗਿਆ। ਪੰਜਾਬੀ ਸਾਹਿਤ ਬਾਰੇ ਮੈਥੋਂ ਕੁਝ ਸਵਾਲ ਵੀ ਪੁੱਛੇ ਗਏ। ਇਕ ਸੱਜਣ ਨੇ ਬੜਾ ਹੀ ਸੁਹਣਾ, ਜੋ ਕੁਝ ਵੀ ਮੈਂ ਬੋਲਿਆ, ਰੂਸੀ ਵਿਚ ਅਨੁਵਾਦ ਕੀਤਾ। ਉਸ ਨੂੰ ਹਿੰਦੀ ਆਉਂਦੀ ਸੀ। ਮੈਂ ਹਿੰਦੀ ਵਿਚ ਹੀ ਬੋਲਿਆ। ਸੌਖੀ ਹਿੰਦੋਸਤਾਨੀ ਵਿਚ।

੨੦ ਤ੍ਰੀਕ, ਰਾਤ ਨੂੰ, ਮੈਂ ਭਾਰਤ ਲਈ ਉੱਡ ਪੈਣਾ ਸੀ। ਸਾਢੇ ਦਸ ਉਡਾਰੀ ਸੀ। ਸੀਟ ਬੁਕ ਹੋ ਚੁੱਕੀ ਸੀ।

ਨੌਂ ਸਾਢੇ ਨੌਂ ਅਸੀਂ ਏਅਰਪੋਰਟ ਲਈ ਚੱਲ ਪਏ। ਸਾਥੀ ਸਰਬਰੀਆਕੋਵ ਜੀ, ਡਾ: ਗੁਰਬਖ਼ਸ਼ ਸਿੰਘ ਤੇ ਤੀਜੀ ਮੇਰੀ ਦੁਭਾਸ਼ਣ, ਐਨ (Anne), ਮੈਨੂੰ ਛੱਡਣ ਲਈ ਆਏ ਸਨ। ਐਨ ਬੜੀ ਹੀ ਚੰਗੀ ਅਤੇ ਬਾ-ਸ਼ਊਰ ਲੜਕੀ ਸੀ। ਬਾਈ ਕੁ ਵਰ੍ਹੇ ਦੀ ਉਮਰ ਸੀ। ਅੰਗਰੇਜ਼ੀ ਚੰਗੀ ਆਉਂਦੀ ਸੀ। ਉਚਾਰਣ ਥੋੜਾ ਭਿੰਨ ਸੀ। ਆਮ ਕਰ ਕੇ ਅੰਤਲਾ ਅੱਖਰ ਲੰਮਾ ਕਰ ਕੇ ਬੋਲਦੀ। ਸੋਹਣੀ ਵੀ ਉਹ ਕਾਫ਼ੀ ਸੀ। ਕੱਪੜੇ ਬੜੇ ਹੀ ਚੰਗੇ ਅਤੇ ਰੋਜ਼ ਹੀ ਬਦਲੇ ਹੁੰਦੇ ਸਨ। ਰਹਿਣ ਸਹਿਣ ਯੂਰਪੀ ਸਭਿਆਚਾਰ ਦੇ ਬਹੁਤਾ ਨੇੜੇ ਸੀ। ਅੱਖਾਂ ਕੁਝ ਕੁਝ ਨੀਲੀਆਂ ਤੇ ਵਾਲ ਸੁਨਹਿਰੀ ਰੰਗ ਦੇ ਸਨ।

ਸਾਢੇ ਦਸ ਏਅਰੋਫਲੋਤ ਭਾਰਤ ਲਈ ਰਵਾਨਾ ਹੋਇਆ। ਸਵੇਰੇ ਛੇ ਜਾਂ ਸੱਤ ਕੁ ਵਜੇ ਇਸ ਨੇ ਦਿੱਲੀ ਲਹਿਣਾ ਸੀ।

ਜਦੋਂ ਜਹਾਜ਼ ਉਡਿਆ ਤਾਂ ਬੜੀ ਹੀ ਸੁਹਣੀ ਸ਼ਾਮ ਸੀ। ਜਹਾਜ਼ ਵਿਚ ਮੈਂ ਖੱਬੇ ਪਾਸੇ ਬਾਰੀ ਨਾਲ ਹੀ ਬੈਠਾ ਸਾਂ ਤੇ ਹੇਠਾਂ ਕਾਲੀ ਰਾਤ ਵਿਚ ਵੀ ਧਰਤੀ ਵਲ ਤੱਕ ਰਿਹਾ ਸਾਂ। ਮੇਰੇ ਵਲ ਆਕਾਸ਼ ਦੀ ਨੁੱਕਰ ਇਕ ਸਿਰੇ ਤੋਂ ਦੂਜੇ ਸਿਰੇ ਤਕ ਲਾਲ ਸੂਹੀ ਹੋ ਗਈ ਸੀ ਅਤੇ ਇਹ ਸੂਹੀ ਨੁੱਕਰ ਸਾਡੇ ਨਾਲ ਨਾਲ ਜਾ ਰਹੀ ਸੀ। ਬੜੀ ਹੀ ਅਦਭੁਤ ਲੀਲਾ ਸੀ। ਹੇਠਾਂ ਸੂਹੀ ਫਾਂਕ ਸੀ, ਉਤੇ ਨੀਲਾ ਗਗਨ ਸੀ ਤੇ ਉਸ ਵਿਚ ਜਨਕ ਮੋਤੀ ਸਨ। ਅਜਿਹੇ ਸਮੇਂ ਕਦੇ ਕਦੇ ਹੀ ਦੇਖਣ ਵਿਚ ਆ ਸਕਦੇ ਹਨ।

ਰਾਤ ਕਾਲੀ ਹੋ ਚੁੱਕੀ ਸੀ। ਹੇਠਾਂ ਕੁਝ ਨਹੀਂ ਦਿਸਦਾ ਸੀ। ਕਿਤੇ ਕਿਤੇ ਰੌਸ਼ਨੀਆਂ ਦੇ ਮੋਤੀ ਨਜ਼ਰ ਆਉਂਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਚਾਨਕ ਇਕ ਥਾਂ ਚਾਰ ਚੁਫੇਰੇ ਬੜੀ ਹੀ ਜਗਮਗ ਨਜ਼ਰ ਆਈ। ਸਮਝੋ ਕਾਲੀ ਮਖ਼ਮਲ ਉਤੇ ਦੂਰ ਦੂਰ ਤਕ ਜਗਮਗ ਕਰਦੇ ਮੋਤੀ ਬਿਖਰੇ ਪਏ ਸਨ। ਮੁਸਾਫ਼ਰ ਬੜੇ ਹੈਰਾਨ ਸਨ। ਇਹ ਕਿਹੜਾ ਵੱਡਾ ਸ਼ਹਿਰ ਸੀ! ਕੋਈ ਇਸ ਨੂੰ ਤਾਸ਼ਕੰਦ ਜਾਂ ਹੋਰ ਕੋਈ ਸ਼ਹਿਰ ਕਹਿ ਰਿਹਾ ਸੀ। ਬਹਰਹਾਲ ਇਹ ਰੂਸ ਦਾ ਕੋਈ ਵੀ ਬੜਾ ਹੀ ਉੱਨਤ ਸ਼ਹਿਰ ਸੀ।

ਰੂਸ ਤੋਂ ਜਦੋਂ ਚੱਲੇ ਸਾਂ ਤਾਂ ਖੱਬੇ ਪਾਸੇ ਲਾਲੀ ਸੀ। ਪਰ ਇਹ ਲਾਲੀ ਸਾਰੀ ਰਾਤ ਹੀ ਜਿਵੇਂ ਕਾਇਮ ਹੀ ਰਹੀ ਸੀ। ਪਹਿਲਾਂ ਸੂਰਜ ਛਿਪਣ ਦੀ ਤੇ ਫੇਰ ਸੂਰਜ ਚੜ੍ਹਨ ਦੀ। ਉਹੀਓ ਖੱਬੀ ਨੁੱਕਰ ਸੀ ਤੇ ਉਹੀਓ ਉਸ ਵਿਚ ਸੂਹੀ ਫਾਕ। ਸ਼ਾਇਦ ਜਹਾਜ਼ ਨੇ ਉਡਦੇ ਉਡਦੇ ਕੋਈ ਮੋੜ ਕੱਟ ਲਿਆ ਹੋਵੇ। ਪਹਿਲਾਂ ਮੇਰੇ ਖੱਬੇ ਹੱਥ ਵਲ ਪੱਛਮ ਵਾਲੀ ਨੁੱਕਰ ਹੋਵੇ ਤੇ ਫੇਰ ਪੂਰਬ ਆ ਗਿਆ ਹੋਵੇ। ਪਰ ਇਹ ਹੋਇਆ ਕਦੋਂ ਸੀ? ਬੜੀ ਹੈਰਾਨੀ ਦੀ ਗੱਲ ਸੀ। ਮੈਂ ਤਾਂ ਸਾਰੀ ਰਾਤ ਹੀ ਇਸ ਨੁੱਕਰ ਵਲ ਹੀ ਤੱਕਦਾ ਅਤੇ ਜਾਗਦਾ ਚਲਾ ਆਇਆ ਸਾਂ।

ਇਹ ਸਵੇਰ ਦੀ ਲਾਲੀ ਸੀ। ਹੁਣ ਇਹ ਲਾਲੀ ਹੌਲੀ ਹੌਲੀ ਮੱਧਮ ਪੈਂਦੀ ਜਾਂਦੀ ਸੀ।

ਦਿੱਲੀ ਨੇੜੇ ਆ ਗਈ ਸੀ। ਹੋਸਟੈਸ ਨੇ ਆਖਿਆ: "ਹਿੰਦੋਸਤਾਨ ਆ ਗਿਆ ਹੈ।"

ਮੇਰੇ ਨਾਲ ਕੁਝ ਸੱਜਣ ਇੰਗਲੈਂਡ ਤੋਂ ਆਏ ਬੈਠੇ ਸਨ। ਉਹਨਾਂ ਵਿਚੋਂ ਇਕ ਕੋਈ ਸੱਤਾਂ ਸਾਲਾਂ ਮਗਰੋਂ ਆਇਆ ਸੀ ਤੇ ਇਕ ਕੋਈ ਦਸਾਂ ਸਾਲਾਂ ਮਗਰੋਂ। ਜਦੋਂ ਭਾਰਤ ਆਇਆ, ਉਹ ਆਪ-ਮੁਹਾਰੇ ਆਖਣ ਲਗੇ: "ਆ ਗਏ ਮਾਤਰੀ ਭੂਮੀ ਵਿਚ। ਮਾਤਰੀ ਭੂਮੀ! ਨਮਸਕਾਰ। ਮਾਤਰੀ ਭੂਮੀ! ਤੇਰੇ ਵਰਗੀ ਦੁਨੀਆਂ ਵਿਚ ਕੋਈ ਭੂਮੀ ਨਹੀਂ।"

ਮੈਨੂੰ ਦਿੱਲੀ ਦੀ ਧਰਤੀ ਡੱਬ-ਖੜੱਬੀ ਜਿਹੀ ਦਿਸਣ ਲਗੀ। ਜਿਵੇਂ ਟੈਲਾਂ ਲਗੀਆਂ ਹੋਣ। ਵੱਡੀਆਂ ਵੱਡੀਆਂ ਚੌਰਸ ਟੈਲਾਂ। ਇਹਨਾਂ ਦੇ ਰੰਗ ਬਹੁਤ ਕਰ ਕੇ ਕਾਲੇ, ਪੀਲੇ ਤੇ ਸਾਵੇ ਸਨ। ਮੇਰੇ ਮੂੰਹੋਂ ਨਿਕਲਿਆ: "ਹੈਂ, ਇਹ ਕੀ ਹੈ? ਇਹ ਫ਼ਰਸ਼ ਲੱਗੇ ਹੋਏ ਹਨ?" ਕਿਸੇ ਨੇ ਉੱਤਰ ਦਿਤਾ ਸੀ: "ਨਹੀਂ ਜੀ, ਇਹ ਫ਼ਰਸ਼ ਨਹੀਂ, ਇਹ ਤਾਂ ਆਮ ਹੀ ਧਰਤੀ ਹੈ।" ਪਰ ਮੈਂ ਮੰਨਿਆ ਨਹੀਂ ਸਾਂ: "ਨਹੀਂ ਜੀ, ਇਹ ਧਰਤੀ ਨਹੀਂ, ਇਹ ਤਾਂ ਫ਼ਰਸ਼ ਲੱਗੇ ਹਨ।" ਉਸ ਨੇ ਹਸ ਕੇ ਆਖਿਆ: "ਸਰਦਾਰ ਜੀ, ਵਿਹੜਾ ਤਾਂ ਸਾਥੋਂ ਆਪਣਾ ਪੱਕਾ ਹੁੰਦਾ ਨਹੀਂ, ਗ਼ਰੀਬ ਹਿੰਦੋਸਤਾਨੀਆਂ ਤੋਂ, ਫ਼ਰਸ਼ ਕਿਥੋਂ ਲਗ ਗਏ ਭਲਾ ਏਨੀ ਵੱਡੀ ਧਰਤੀ ਉਤੇ।" ਉਸ ਦੀ ਗੱਲ ਦਰੁਸਤ ਸੀ। ਇਹ ਵਾਹਣ ਸਨ, ਖੇਤ ਸਨ, ਕੱਲਰ ਅਤੇ ਬਾਗ਼ ਸਨ ਜੋ ਦੂਰੋਂ ਮੈਨੂੰ ਪੱਕੇ ਫ਼ਰਸ਼ ਦੀਆਂ ਟੈਲਾਂ ਵਾਂਗ ਲਗ ਰਹੇ ਸਨ। ਜਹਾਜ਼ ਨੀਵਾਂ ਹੋਇਆ ਤਾਂ ਟੈਲਾਂ ਗੁੰਮ ਹੋ ਗਈਆਂ ਸਨ।

ਅੰਤ ਜਹਾਜ਼ ਨੇ ਹਿੰਦੋਸਤਾਨ ਦੀ ਧਰਤੀ ਉਤੇ ਪੈਰ ਛੁਹੇ। ਬਾਹਰ, ਏਅਰਪੋਰਟ ਉਤੇ, ਬੂੰਦਾ ਬਾਂਦੀ ਹੋ ਰਹੀ ਸੀ। ਜਹਾਜ਼, ਕਿਸੇ ਕਬੂਤਰ ਵਾਂਗ, ਬੱਦਲਾਂ ਵਿਚੋਂ ਭਿੱਜਦਾ ਭਿੱਜਦਾ ਧਰਤੀ ਉਤੇ ਆ ਬੈਠਾ ਸੀ ਤੇ ਹੁਣ ਉਹ ਜਿਵੇਂ ਅੱਖਾਂ ਮੀਟ ਕੇ ਉੱਘਣ ਜਿਹਾ ਲਗ ਪਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹਾਜ਼ ਦਾ ਬੂਹਾ ਖੁਲ੍ਹਾ ਤੇ ਉਸ ਨਾਲ ਸੀੜ੍ਹੀ ਲਾਈ ਗਈ। ਅਸੀਂ ਜਹਾਜ਼ ਦੀ ਸੀੜ੍ਹੀ ਉਤੋਂ ਹੌਲੀ ਹੌਲੀ ਲਹਿਣ ਲਗੇ।

ਉਸੇ ਸਮੇਂ ਇਕ ਵੈਨ ਜਹਾਜ਼ ਦੇ ਲਾਗੇ ਆਈ ਤੇ ਸਾਡੇ ਵਿਚੋਂ ਕੁਝ ਸਵਾਰੀਆਂ ਲੈ ਕੇ ਵਾਪਸ ਚਲੀ ਗਈ। ਦੂਜੀ ਵਾਰ ਉਹ ਨਹੀਂ ਆਈ। ਉਸ ਨੂੰ ਦੇਰ ਹੋ ਰਹੀ ਸੀ। ਕਿਸੇ ਨੇ ਉਂਜ ਹੀ ਆਖਿਆ: "ਆਓ, ਪੈਦਲ ਚਲਦੇ ਹਾਂ। ਦੋ ਕਦਮ ਤਾਂ ਬਿਲਡਿੰਗ ਹੈ।" ਅਸੀਂ ਪੈਦਲ ਚੱਲਣ ਲਗੇ।

ਇਸ ਸਮੇਂ ਮੈਂ ਹਿੰਦੋਸਤਾਨ ਦੀ ਧਰਤੀ ਉਤੇ ਤੁਰ ਰਿਹਾ ਸਾਂ।

ਸਾਡੇ ਕਸਟਮ ਵਾਲਿਆਂ ਤੋਂ ਦੁਨੀਆਂ ਬੜੀ ਹੀ ਤੰਗ ਹੈ। ਇੰਗਲੈਂਡ ਦੇ ਸਾਰੇ ਹਿੰਦੋਸਤਾਨੀ ਇਹਨਾਂ ਤੋਂ ਬੜੇ ਹੀ ਦੁਖੀ ਹਨ। ਉਹ ਜਦੋਂ ਭਾਰਤ ਆਉਂਦੇ ਹਨ, ਸਾਡੇ ਕਸਟਮ ਵਾਲੇ ਉਨ੍ਹਾਂ ਨੂੰ ਬਹੁਤ ਹੀ ਜਿੱਚ ਕਰਦੇ ਹਨ। ਬਾਰਾਂ ਬਾਰਾਂ ਵਰ੍ਹਿਆਂ ਮਗਰੋਂ ਜਦ ਕੋਈ ਭਾਰਤ ਆਉਂਦਾ ਹੈ, ਪਿਛੇ ਰਹਿਣ ਵਾਲਿਆਂ ਲਈ ਉਹ ਕੁਝ ਨਾ ਕੁਝ ਨਿਸ਼ਾਨੀ ਵਜੋਂ ਵੀ ਲੈ ਕੇ ਆਉਣਾ ਚਾਹੁੰਦਾ ਹੈ। ਪਰ ਕਸਟਮ ਵਾਲੇ ਕਹਿੰਦੇ ਹਨ, ਉਹ ਬਹੁਤਾ ਮਾਲ ਲੈ ਆਇਆ ਹੈ, ਹਾਲਾਂਕਿ ਉਹ ਆਪਣੇ ਆਪ ਵਿਚ ਬਿਲਕੁਲ ਠੀਕ ਹੀ ਹੁੰਦਾ ਹੈ। ਇਸ ਤੋਂ ਬਿਨਾਂ ਬੋਲ ਚਾਲ ਵੀ ਬੜੀ ਹੀ ਰੁੱਖੀ ਹੁੰਦੀ ਹੈ। ਜਿਵੇਂ ਉਹ ਭਾਰਤ ਆਏ ਹਨ ਤਾਂ ਕੋਈ ਗੁਨਾਹ ਕਰ ਬੈਠੇ ਹਨ। ਉਹ ਭਾਰਤ ਮਾਂ ਦੇ ਪੁੱਤਰ ਹਨ। ਉਹਨਾਂ ਨੂੰ ਆਪਣੀ ਧਰਤੀ ਤੋਂ ਸਤਿਕਾਰ ਹੀ ਮਿਲਣਾ ਚਾਹੀਦਾ ਹੈ। ਪਰ ਅਸੀਂ ਇਸ ਸੰਬੰਧ ਵਿਚ ਵੀ ਅਜੇ ਬਹੁਤ ਹੀ ਪਿਛੇ ਹਾਂ। ਸਾਡੇ ਕੋਲ ਸਮਗਲਰਾਂ ਜਾਂ ਹੋਰਾਂ ਗ਼ਲਤ ਲੋਕਾਂ ਲਈ ਤਾਂ ਬੜੇ ਹੀ ਖੁਲ੍ਹੇ ਦਿਲ ਹਨ, ਪਰ ਇਸ ਤੋਂ ਉਲਟ, ਆਮ ਲੋਕਾਂ ਲਈ ਸਾਡੇ ਦਿਲ ਕੁਝ ਤੰਗ ਹੀ ਹਨ। ਇਹ ਬੜੀ ਹੀ ਭੈੜੀ ਹਾਲਤ ਹੈ। ਇਹ ਹਾਲਤ ਛੇਤੀ ਤੋਂ ਛੇਤੀ ਤਬਦੀਲ ਹੋ ਜਾਣੀ ਚਾਹੀਦੀ ਹੈ।

ਅਸਲ ਵਿਚ ਅਸੀਂ ਅਜੇ ਰਸਾਤਲ ਵਿਚ ਹੀ ਬੈਠੇ ਹਾਂ। ਸਾਡਾ ਚਲਨ ਹੈ ਹੀ ਨਹੀਂ।

ਇਕ ਕਰਮਚਾਰੀ ਮੇਰਾ ਪਾਸਪੋਰਟ ਦੇਖਣ ਲਗਾ। ਜਿਹੜਾ ਪੈੱਨ ਬਲਜੀਤ ਨੇ ਨੌਟਿੰਘਮ ਮੈਨੂੰ ਦਿਤਾ ਸੀ, ਬਾਹਰੋਂ ਚਿੱਟੀ ਜ਼ਰੀ ਵਰਗਾ, ਉਹ ਪੈੱਨ ਮੈਂ ਇਸ ਸਮੇਂ ਕਮੀਜ਼ ਨੂੰ ਲਾਇਆ ਹੋਇਆ ਸੀ। ਕਿਉਂਕਿ ਕਿਸੇ ਨੇ ਕਿਹਾ ਸੀ ਕਿ ਜੇ ਇਸ ਪੈੱਨ ਨੂੰ ਮੈਂ ਡੱਬੀ ਵਿਚ ਹੀ ਰੱਖਾਂਗਾ ਤਾਂ ਟੈਕਸ ਲਾਇਆ ਜਾਵੇਗਾ। ਭਾਵੇਂ ਤੁਹਫਾ ਮਿਲਿਆ ਹੈ, ਪਰ ਕਸਟਮ ਵਾਲੇ ਤੁਹਫ਼ਿਆਂ ਉਤੇ ਵੀ ਟੈਕਸ ਲਾ ਹੀ ਦਿੰਦੇ ਹਨ। ਉਹਨਾਂ ਨੂੰ ਕੀ ਸਬੂਤ ਹੈ ਕਿ ਕਿਸੇ ਨੇ ਤੁਹਫ਼ਾ ਦਿਤਾ ਹੈ ਜਾਂ ਆਪ ਖ਼ਰੀਦਿਆ ਹੋਇਆ ਹੈ? ਉਂਜ ਇਹ ਗੱਲ ਗ਼ਲਤ ਸੀ। ਅਜਿਹੀ ਇਕ ਅੱਧ ਚੀਜ਼ ਉਤੇ ਟੈਕਸ ਨਹੀਂ ਲਾਇਆ ਜਾਂਦਾ। ਟੈਕਸ ਬਹੁਤਾ ਬਿਜਲੀ ਦੇ ਸਾਮਾਨ ਉਤੇ ਹੀ ਲਗਦਾ ਹੈ। ਜਾਂ ਜੇ ਕਿਸੇ ਕੋਲ ਪੈੱਨ ਜਾਂ ਘੜੀਆਂ ਹੱਦ ਤੋਂ ਕਿਤੇ ਵਧੇਰੇ ਹੋਣ। ਪਰ ਅਸਲ ਗੱਲ ਤਾਂ ਇਹ ਹੈ ਕਿ ਅੰਨ੍ਹੀ ਨੂੰ ਬੋਲਾ ਧੂੰਹਦਾ ਹੈ, ਇਸ ਲਈ ਸਭ ਕੁਝ ਠੀਕ ਹੀ ਹੈ। ਟੈਕਸ ਲਾਉਣਾ ਹੋਵੇ ਤਾਂ ਭਾਵੇਂ ਮੈਲੇ ਕੱਪੜੇ ਹੋਣ, ਉਹ ਵੀ ਟੈਕਸ-ਯੋਗ ਹੀ ਹਨ। ਇਸ ਲਈ ਪੈੱਨ ਕਮੀਜ਼ ਨੂੰ ਹੀ ਲਾ ਲੈਣ ਲਈ ਆਖਿਆ ਗਿਆ।

ਕਰਮਚਾਰੀ ਨੇ ਇਕ ਦੋ ਵਾਰ ਮੇਰੇ ਪੈੱਨ ਵਲ ਦੇਖਿਆ ਤੇ ਫੇਰ ਰੁਕ ਕੇ



CC-0. In Public Domain. Gurukul Kangri Collection, Haridwar

ਆਖਿਆ : "ਪੈਨਸਿਲ ਤਾਂ ਕੋਈ ਦਿਓ ਸਾਨੂੰ !" ਮੈਨੂੰ ਇਹ ਗੱਲ ਬੁਰੀ ਲੱਗੀ। ਪਰ ਮੈਂ ਆਪਣੇ ਬੈਗ ਵਿਚੋਂ ਇਕ ਪੈਨਸਿਲ ਕੱਢੀ ਤੇ ਉਸ ਨੂੰ ਦਿੰਦੇ ਆਖਿਆ : "ਲਓ ਜੀ, ਤੁਸੀਂ ਪੈਨਸਿਲ ਲਓ।" ਪੈਨਸਿਲ ਬਹੁਤ ਮਾਮੂਲੀ ਸੀ। ਉਸ ਨੇ ਉਸ ਵਲ ਤੱਕਦੇ ਕਿਹਾ : 'ਹੋਰ ਨਹੀਂ ਕੋਈ ਚੰਗੀ ਜਿਹੀ ?"

Digitized by Arya Samaj Foundation Chennai and eGangotri

"ਨਹੀਂ, ਇਹੀਓ ਪੈਨਸਿਲ ਹੈ। ਇੰਗਲੈਂਡ ਮੈਂ ਉਂਜ ਨਹੀਂ ਗਿਆ ਸਾਂ, ਘੁੰਮਣ ਫਿਰਨ ਹੀ ਗਿਆ ਸਾਂ।"

ਉਸ ਨੇ ਪੈਨਸਿਲ ਰਖਦੇ ਕਿਹਾ : "ਸਾਲ ਭਰ ਰਹਿ ਕੇ ਆਏ ਹੋ, ਅਜੇ ਤੁਸੀਂ..."

ਅਸਲ ਵਿਚ ਮੈਂ ਇਸ ਸਮੇਂ ਜਲਾਲ ਜਿਹੇ ਵਿਚ ਨਹੀਂ ਸਾਂ, ਦਬਿਆ ਦਬਿਆ ਜਿਹਾ ਸਾਂ ਤੇ ਮੇਰੇ ਮਨ ਵਿਚ ਬਹੁਤ ਹੱਦ ਤਕ ਢਹਿੰਦੀ ਕਲਾ ਦੇ ਭਾਵ ਸਨ। ਨਹੀਂ ਤਾਂ ਮੈਂ ਇਸ ਕਰਮਚਾਰੀ ਨੂੰ ਪੈਨਸਿਲ ਵੀ ਨਹੀਂ ਦੇਣੀ ਸੀ। ਗੱਲ ਇਹ ਕੁਝ ਵੀ ਨਹੀਂ ਸੀ, ਪਰ ਇਹ ਵੱਡੀ ਵੀ ਬਹੁਤ ਸੀ। ਇਹ ਵੀ ਭ੍ਰਿਸ਼ਟਾਚਾਰ ਹੀ ਸੀ।

ਇਸ ਤੋਂ ਬਿਨਾਂ ਇਹ ਮੇਰੇ ਲਈ ਵੰਗਾਰ ਜਿਹੀ ਵੀ ਬਹੁਤ ਸੀ। ਉਹ ਮੈਨੂੰ ਸਮਝਦਾ ਕੀ ਸੀ ? ਪਰ ਮੈਂ ਉਸ ਨਾਲ ਲੜਿਆ ਨਹੀਂ।

ਕਸਟਮ ਵਾਲਾ ਚੰਗਾ ਸੀ। ਉਸ ਨੇ ਮੈਨੂੰ ਕੁਝ ਨਹੀਂ ਕਿਹਾ। ਉਂਜ ਉਹ ਸਖ਼ਤ ਕਾਫ਼ੀ ਸੀ, ਪਰ ਮੇਰੇ ਨਾਲ ਠੀਕ ਹੀ ਰਿਹਾ ਸੀ।

ਮੇਰੇ ਕੋਲ ਦੋ ਵਧੀਆ ਅਤੇ ਵੱਡੇ ਸੂਟਕੇਸ ਸਨ। ਇਕ ਹੱਥ ਦਾ ਬੈਗ ਸੀ ਜੋ ਅੱਟਾ ਜੀ ਨੇ ਦਿਤਾ ਸੀ। ਇਕ ਵੱਡਾ ਕੋਟ ਸੀ ਤੇ ਇਕ ਬਰਾਂਡੀ ਦੀ ਬੋਤਲ ਸੀ। ਇਕ ਬੈਗ ਹੋਰ ਸੀ ਜੋ ਫ਼ਾਇਲ ਵਰਗਾ ਛੋਟਾ ਸੀ ਤੇ ਇਸ ਵਿਚ ਮੇਰਾ ਪਾਸਪੋਰਟ ਤੇ ਦੂਜੇ ਕਾਗ਼ਜ਼ ਪੱਤਰ ਸਨ। ਇਕ ਪੁਰਾਣਾ ਕੈਮਰਾ ਸੀ ਜੋ ਸ਼ਰਫ਼ ਸਾਹਿਬ ਨੇ ਦਿਤਾ ਸੀ। ਚੰਨ ਸਾਹਿਬ ਨੇ ਵਾਲਸਾਲ ਜਦੋਂ ਮੇਰੀ ਆਮਦ ਵਿਚ ਸਵਾਗਤੀ ਸਭਾ ਬੁਲਾਈ ਸੀ ਤਾਂ ਉਦੋਂ ਮੈਨੂੰ ਕੁਝ ਪੌਂਡ ਤੇ ਇਕ ਕੈਮਰਾ ਦਿਤਾ ਸੀ ਜੋ ਆਟੋਮੈਟਿਕ ਜਿਹਾ ਸੀ ਤੇ ਮਿੰਟ ਡੇਢ ਮਿੰਟ ਮਗਰੋਂ ਆਪ ਹੀ ਤਸਵੀਰ ਧੁਲ ਕੇ ਉਸ ਤੋਂ ਬਾਹਰ ਆ ਜਾਂਦੀ ਸੀ। ਪਰ ਇੰਡੀਆ ਵਿਚ ਇਸ ਦੀ ਫ਼ਿਲਮ ਸ਼ਾਇਦ ਮਿਲਦੀ ਨਹੀਂ ਸੀ। ਸ਼ਰਫ਼ ਸਾਹਿਬ ਕਾਵੈਂਟਰੀ ਦੇ ਬੜੇ ਹੀ ਚੰਗੇ ਇਨਸਾਨ ਹਨ। ਮਲੌਦ ਦੇ ਰਹਿਣ ਵਾਲੇ ਹਨ। ਮੈਨੂੰ ਬੜੇ ਪਿਆਰ ਅਤੇ ਸਤਿਕਾਰ ਨਾਲ ਮਿਲਦੇ ਰਹੇ ਹਨ। ਇੰਗਲੈਂਡ ਵਿਚ ਉਹ ਕੋਹਲੀ ਹੋਰਾਂ ਦੇ ਬਹੁਤ ਨੇੜੇ ਹੋ ਗਏ ਸਨ। ਮੇਰੇ ਆਉਣ ਤੋਂ ਦੋ ਦਿਨ ਪਹਿਲਾਂ ਕੋਹਲੀ ਹੋਰੀ ਮੈਨੂੰ ਮਿਲਣ ਜਦੋਂ ਕਾਵੈਂਟਰੀ ਆਏ ਸਨ ਤਾਂ ਉਹਨਾਂ ਇਹ ਸੁਝਾਇਆ ਕਿ ਇਹ ਕੈਮਰਾ ਇਥੇ ਹੀ ਬਦਲਾ ਲਿਆ ਜਾਣਾ ਚਾਹੀਦਾ ਹੈ। ਕਿਸੇ ਦੁਕਾਨਦਾਰ ਨੂੰ ਇਹ ਕੈਮਰਾ ਦਿਤਾ ਜਾਵੇ ਤੇ ਉਸ ਤੋਂ ਹੋਰ ਲੈ ਲਿਆ ਜਾਵੇ ਤਾਂ ਜੋ ਕੰਮ ਤਾਂ ਆ ਸਕੇ। ਇਸ ਕੰਮ ਲਈ ਉਹਨਾਂ ਨੇ ਸ਼ਰਫ਼ ਸਾਹਿਬ ਦੀ ਡਿਊਟੀ ਲਾਈ। ਸ਼ਰਫ਼ ਸਾਹਿਬ, ਨਿਰਸੰਦੇਹ, ਹੱਦ ਤੋਂ ਵੱਧ ਚੰਗੇਰੇ ਹਨ। ਉਹਨਾਂ ਨੇ ਮੇਰਾ ਇਹ ਵੀ ਕੈਮਰਾ ਮੈਨੂੰ ਵਾਪਸ ਦੇ ਦਿਤਾ ਸੀ ਤੇ ਇਕ ਆਪਣੇ ਕੋਲੋਂ, ਆਪਣਾ, ਤੁਹਫ਼ੇ ਵਜੋਂ ਦੇ ਦਿਤਾ ਸੀ। ਮੈਨੂੰ ਬੜੀ ਹੀ ਸ਼ਰਮ ਆਈ। ਉਹਨਾਂ ਨੂੰ ਬਹੁਤ ਤਕਲੀਫ਼ ਹੋਈ। ਪਰ ਸ਼ਰਫ਼ ਸਾਹਿਬ ਇਸ ਗੱਲ



CC-0. In Public Domain. Gurukul Kangri Collection, Haridwar

ਨੂੰ ਸੁਣਨ ਵਾਲੇ ਹੀ ਨਹੀਂ ਸਨ। ਉਹ ਜਿਹੜੀ ਗੱਲ ਵੀ ਕਰਦੇ ਸਨ, ਸੱਚੇ ਦਿਲੋਂ ਕਰਦੇ ਸਨ।
Digitized by Arya Samaj Foundation Chennai and eGangotri

ਮੈਂ ਆਪਣਾ ਕੈਮਰਾ ਇੰਗਲੈਂਡ ਹੀ ਛੱਡ ਆਇਆ ਸਾਂ ਤੇ ਸ਼ਰਫ਼ ਸਾਹਿਬ ਦਾ ਕੈਮਰਾ ਮੈਂ ਆਪਣੇ ਨਾਲ ਲੈ ਆਇਆ ਸਾਂ। ਜਿਸਦੀ ਫ਼ਿਲਮ ਮਿਲਦੀ ਸੀ ਉਸੇ ਦੀ ਮੈਨੂੰ ਲੋੜ ਸੀ।

ਸ਼ਰਫ਼ ਸਾਹਿਬ ਦਾ ਕੈਮਰਾ ਉਂਜ ਤਾਂ ਬਿਲਕੁਲ ਨਵਾਂ ਦਿਸਦਾ ਸੀ, ਪਰ ਥੋੜੀ ਜਿਹੀ ਕੇਸ ਦੀ ਬੱਧਰੀ ਅੰਦਰੋਂ ਘਸੀ ਹੋਈ ਸੀ ਜੋ ਮੋਢੇ ਉਤੇ ਛੁਹੰਦੀ ਸੀ। ਇਸ ਘਾਸ ਨੇ ਕੈਮਰੇ ਉਤੇ ਟੈਕਸ ਨਹੀਂ ਸੀ ਲੱਗਣ ਦਿਤਾ।

ਮੈਂ ਆਪਣਾ ਸਭ ਸਾਮਾਨ ਕਾਊਂਟਰ ਉਤੇ ਰਖਿਆ ਤੇ ਦੋਵੇਂ ਬਕਸੇ ਖੋਲ੍ਹ ਦਿਤੇ। ਹੱਥ ਦੇ ਵੱਡੇ ਬੈਗ ਵਿਚ ਵੀ ਚਾਬੀ ਫੇਰ ਦਿਤੀ ਸੀ। "ਲਓ ਜਨਾਬ, ਦੇਖ ਲਓ।" ਮੇਰਾ ਮਨ ਉਦਾਸੀ ਨਾਲ ਨਿਢਾਲ ਜਿਹਾ ਹੋਇਆ ਹੋਇਆ ਸੀ ਤੇ ਮੇਰਾ ਚਿਹਰਾ ਮੋਹਰਾ ਵੀ ਵਿਚਾਰਿਆਂ ਵਾਂਗ ਲਗ ਰਿਹਾ ਸੀ। ਮੈਂ ਵਾਰ ਵਾਰ ਕਹਿ ਰਿਹਾ ਸਾਂ : "ਲਓ ਜਨਾਬ, ਦੇਖ ਲਓ—ਜਨਾਬ, ਮੈਨੂੰ ਫ਼ਾਰਿਗ਼ ਕਰੋ।" ਪਰ ਕਸਟਮ ਵਾਲਾ ਮੇਰੇ ਵਲ ਧਿਆਨ ਹੀ ਨਹੀਂ ਦਿੰਦਾ ਸੀ ਤੇ ਹੋਰਾਂ ਹੋਰਾਂ ਪਾਸਿਆਂ ਵਲ ਹੀ ਬਹੁਤਾ ਰੁੱਝਾ ਹੋਇਆ ਸੀ। ਆਖ਼ਿਰ ਉਸ ਨੇ ਆਖਿਆ : "ਹਾਂ ਜੀ, ਦਿਖਾਓ ਤੁਸੀਂ !"

ਉਸ ਨੇ ਦੋਹਾਂ ਬਕਸਿਆਂ ਵਿਚ ਡੂੰਘੇ ਡੂੰਘੇ ਹੱਥ ਮਾਰੇ, ਕੱਪੜੇ ਥੱਲ ਪਥੱਲ ਕੀਤੇ ਤੇ ਫੇਰ ਉਵੇਂ ਹੀ ਰਖ ਦਿਤੇ। ਦੋਵੇਂ ਬਕਸੇ ਠੀਕ ਸਨ। ਉਹਨਾਂ ਵਿਚ ਟੈਕਸ ਵਾਲੀ ਕੋਈ ਵੀ ਚੀਜ਼ ਨਹੀਂ ਸੀ।

ਵੱਡਾ ਗਰਮ ਕੋਟ ਮੇਰੀ ਖੱਬੀ ਬਾਂਹ ਦੇ ਉਤੇ ਸੀ। ਉਸ ਨੇ ਕੋਟ ਲਿਆ ਤੇ ਜੇਬਾਂ ਫੋਲਣ ਲਗ ਪਿਆ। ਕੋਟ ਰਾਜ਼ੀ ਬਾਜ਼ੀ ਸੀ।

ਬਰਾਂਡੀ ਦੀ ਛੋਟੀ ਬੋਤਲ ਮੈਂ ਜਹਾਜ਼ ਵਿਚ ਖ਼ਰੀਦੀ ਸੀ। ਖ਼ਿਆਲ ਸੀ, ਜਦੋਂ ਜਾਵਾਂਗਾ, ਵਿਸਕੀ ਦੀਆਂ ਦੋ ਵੱਡੀਆਂ ਬੋਤਲਾਂ ਲੈ ਕੇ ਜਾਵਾਂਗਾ। ਪਰ ਰੂਸੀ ਏਅਰੋਫ਼ਲੋਤ ਵਿਚੋਂ ਸਿਰਫ਼ ਵੋਦਕਾ ਮਿਲਦੀ ਸੀ, ਤੇ ਜਾਂ ਫੇਰ ਇਕ ਬਰਾਂਡੀ ਸੀ—ਨੈਪੋਲੀਅਨ ਕੋਨਾਕ (Cognac) ਬਰਾਂਡੀ। ਇਹ ਬਰਾਂਡੀ ਦੀ ਬੋਤਲ ਇਕ ਵਧੀਆ ਬੈਗ ਵਿਚ ਮਿਲੀ ਸੀ ਜਿਸਦੇ ਉਤੇ ਬੜੇ ਹੀ ਸੁੰਦਰ ਪੰਛੀ ਦੀ ਤਸਵੀਰ ਸੀ। ਇਹ ਬਰਾਂਡੀ ਦੀ ਬੋਤਲ ਵੀ ਉਸ ਬੈਗ ਵਿਚੋਂ ਕੱਢੀ ਸੀ ਤੇ ਫੇਰ ਦੇਖ ਕੇ ਛੇਤੀ ਹੀ ਉਸ ਬੈਗ ਵਿਚ ਪਾ ਦਿਤੀ ਸੀ।

ਕੈਮਰਾ ਦੇਖ ਕੇ ਆਖਿਆ : "ਇਹ...ਟੈਕਸ-ਯੋਗ ਹੈ।" ਉਂਜ ਜਿਵੇਂ ਉਹ ਕੈਮਰੇ ਉਤੇ ਟੈਕਸ ਲਾਉਣਾ ਚਾਹੁੰਦਾ ਨਾ ਹੋਵੇ।

ਮੈਂ ਬੜੀ ਹੀ ਨਿਮਰਤਾ ਤੇ ਧੀਮੇ ਸੁਰ ਨਾਲ ਆਖਿਆ : "ਜਨਾਬ, ਇਹ ਤਾਂ ਮੈਨੂੰ ਮੇਰੇ ਕਿਸੇ ਦੋਸਤ ਨੇ ਦਿਤਾ ਹੈ, ਤੇ ਹੈ ਵੀ ਇਹ ਪੁਰਾਣਾ ਹੀ। ਦੇਖੋ, ਬੱਧਰੀ ਘਸੀ ਹੋਈ ਹੈ। ਤੁਹਫ਼ੇ ਵਜੋਂ ਦਿਤਾ ਹੈ।"

ਉਸ ਨੇ ਘਸੀ ਹੋਈ ਬੱਧਰੀ ਦੇਖੀ।

"ਮੈਂ, ਜਨਾਬ, ਲੇਖਕ ਹਾਂ। ਘੁੰਮਣ ਫਿਰਨ ਲਈ ਗਿਆ ਸਾਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਠੀਕ ਹੈ ਸਰਦਾਰ ਜੀ, ਜਾਓ । ਠੀਕ ਹੈ ਸਭ ਕੁਝ, ਜਾਈਏ ਜੀ ।"

"ਬਹੁਤ ਮਿਹਰਬਾਨੀ ਜੀ ! ਬਹੁਤ ਬਹੁਤ ਸ਼ੁਕਰੀਆ !" ਬੜੀ ਹੀ ਤਸੱਲੀ ਨਾਲ ਮੈਂ ਬਕਸੇ ਬੰਦ ਕਰਨ ਲਗਾ ।

ਅਸਲ ਵਿਚ ਮੇਰੇ ਕੋਲ ਖ਼ਾਸ ਚੀਜ਼ ਕੋਈ ਸੀ ਵੀ ਨਹੀਂ । ਸਭ ਕੁਝ ਠੀਕ ਠਾਕ ਹੀ ਸੀ । ਤਾਂ ਵੀ, ਏਥੋਂ ਫ਼ਾਰਿਗ ਹੋਣ ਵਿਚ ਮੈਨੂੰ ਬੜੀ ਹੀ ਖ਼ੁਸ਼ੀ ਹੋਈ । ਕਿਉਂਕਿ ਦਹਿਸ਼ਤ ਬੜੀ ਸੀ । ਕਈ ਲੋਕ ਤਾਂ ਕਹਿੰਦੇ ਸਨ ਕਿ ਸ਼ਾਇਦ ਮੈਨੂੰ ਕਸਟਮ ਅੱਗੇ ਭੁੱਖ ਹੜਤਾਲ ਹੀ ਕਰਨੀ ਪਵੇ ।

ਰਿਪੁਦਮਨ, ਬਲਜੀਤ, ਗੁਰਬਚਨ ਸਿੰਘ ਭੁੱਲਰ ਆਦਿ ਜਿਵੇਂ ਮੈਨੂੰ ਹਵਾਈ ਜਹਾਜ਼ ਚੜ੍ਹਾਉਣ ਲਈ ਪਹਿਲਾਂ ਆਏ ਸਨ, ਉਵੇਂ ਹੀ ਹੁਣ ਲੈਣ ਲਈ ਵੀ ਅੱਗੇ ਆਏ ਹੋਏ ਸਨ । ਬਲਦੇਵ ਸਿੰਘ ਲੁਧਿਆਣਾ ਵੀ ਨਾਲ ਹੀ ਆਇਆ ਹੋਇਆ ਸੀ । ਨਵਰੀਤ ਨਹੀਂ ਆ ਸਕਿਆ ਸੀ । ਉਸ ਦੀ ਥਾਂ ਸਨੇਹਪਾਲ ਤੇ ਚੇਤਨਾ ਆਏ ਹੋਏ ਸਨ । ਇਹ ਦੋਵੇਂ ਭੁੱਲਰ ਦੇ ਬੱਚੇ ਹਨ । ਬੜੇ ਹੀ ਚੰਗੇ ਭੈਣ-ਭਰਾ ।

ਮੇਰਾ ਰੰਗ ਅੱਗੇ ਨਾਲੋਂ ਕੁਝ ਚੰਗਾ ਹੋਇਆ ਹੋਇਆ ਸੀ ਤੇ ਜਿਸਮ ਵੀ ਕੁਝ ਤਕੜਾ ਸੀ । ਮੇਰੇ ਪੈਰ ਬਹੁਤ ਸਫ਼ੈਦ ਤੇ ਹੱਥ ਚਿੱਟੇ ਹੋ ਗਏ ਸਨ ਤੇ ਚਿਹਰਾ ਵੀ ਕੁਝ ਲਾਲ ਸੀ । ਇਹ ਇੰਗਲੈਂਡ ਦੇ ਰਹਿਣ ਸਹਿਣ ਤੇ ਖਾਣ ਪੀਣ ਦੀ ਕਿਰਪਾ ਸੀ । ਇੰਗਲੈਂਡ ਦੀ ਆਬੋ-ਹਵਾ ਨੂੰ ਵੀ ਇਸ ਵਿਚ ਬਹੁਤ ਦਖ਼ਲ ਸੀ ।

100060

ਰਿਪੁਦਮਨ, ਬਲਜੀਤ, ਬਲਦੇਵ ਅਤੇ ਭੁੱਲਰ ਹੋਰੀ ਵੀ ਕੁਝ ਕੁਝ ਬਦਲੇ ਹੋਏ ਸਨ । ਸਨੇਹਪਾਲ ਤੇ ਚੇਤਨਾ ਵੀ ਵੱਡੇ ਵੱਡੇ ਹੋ ਗਏ ਸਨ । ਪਰ ਬਹੁਤਾ ਫ਼ਰਕ ਮੇਰੇ ਵਿਚ ਹੀ ਸਭ ਨੂੰ ਨਜ਼ਰ ਆ ਰਿਹਾ ਸੀ । ਅਤੇ ਇਹ ਗੱਲ ਸਹੀ ਸੀ ।

ਅਸੀਂ ਪਹਿਲਾਂ ਟੈਕਸੀ ਵਿਚ ਭੁੱਲਰ ਦੇ ਘਰ ਆਏ ਸਾਂ ਤੇ ਫੇਰ ਅਸੀਂ ਉਸੇ ਦਿਨ ਪੰਜਾਬ ਲਈ ਚੱਲ ਪਏ ਸਾਂ । ਜਿਹੜਾ ਸਫ਼ਰਨਾਮਾ ਮੈਂ ਇੰਗਲੈਂਡ ਵਿਚ ਸ਼ੁਰੂ ਕੀਤਾ ਸੀ, ਉਹ ਸਾਰਾ ਰੱਦ ਹੋ ਗਿਆ ਸੀ ਤੇ ਹੁਣ ਮੈਂ ਉਸਨੂੰ ਨਵੇਂ ਸਿਰੇ ਤੋਂ ਲਿਖਣ ਲਈ ਬਹਿ ਜਾਣਾ ਸੀ । ਜੇ ਮੈਂ ਗ਼ਲਤ ਹੋ ਗਿਆ ਸਾਂ ਤਾਂ ਆਪਣੇ ਆਪ ਨੂੰ ਠੀਕ ਵੀ ਮੈਂ ਆਪ ਹੀ ਕਰਨ ਵਾਲਾ ਸਾਂ । ਗ਼ਲਤੀ ਹੋਣੀ ਗ਼ਲਤ ਨਹੀਂ, ਗ਼ਲਤੀ ਦਾ ਇਹਸਾਸ ਨਾ ਕਰਨਾ ਵੱਡੀ ਗਲਤੀ ਹੁੰਦੀ ਹੈ । ਗ਼ਲਤੀ ਉਹੀਓ ਕਰਦਾ ਹੈ ਜੋ ਇਨਸਾਨ ਹੁੰਦਾ ਹੈ । ਇਹ ਵੀ ਬਿਲਕੁਲ ਠੀਕ ਹੈ ਕਿ ਗ਼ਲਤੀ ਦਾ ਇਹਸਾਸ ਵੀ ਇਨਸਾਨ ਨੂੰ ਹੀ ਹੁੰਦਾ ਹੈ ।

ਇਸ ਤੋਂ ਬਿਨਾਂ ਵੰਗਾਰਾਂ ਵੀ ਹੁਣ ਮੇਰੇ ਸਾਹਮਣੇ ਬਹੁਤ ਸਨ । ਹੁਣ ਮੈਂ ਉਹ ਨਹੀਂ ਰਹਿਣਾ ਸੀ ਜੋ ਕੁਝ ਕਿ ਮੈਂ ਪਹਿਲਾਂ ਸੀ । ਮੇਰੇ ਵਿਚ ਹੁਣ ਬਹੁਤ ਵੱਡੀ ਤਬਦੀਲੀ ਆਉਣ ਦੀ ਲੋੜ ਸੀ ।

---



CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

| | Signature | Date |
|---|---|---|
| Access on | | |
| Class on | | 2/2/95 |
| Cat on | | |
| Tag etc. | | |
| Filing | | |
| E.A.R. | | |
| Any other | | |
| Checked | | |

विजेन्द्र सिंह 8/2/95

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar